# ਸਮਾਜਿਕ ਸਿੱਖਿਆ

## ਭਾਗ-1

(ਭੂਗੋਲ ਅਤੇ ਅਰਥ-ਸ਼ਾਸਤਰ)

(ਦਸਵੀਂ ਸ਼੍ਰੇਣੀ ਲਈ)

P6W4S9

ਇਹ ਪੁਸਤਕ ਪੰਜਾਬ ਸਰਕਾਰ ਦੁਆਰਾ ਮੁਫ਼ਤ
ਦਿੱਤੀ ਜਾਣੀ ਹੈ ਅਤੇ ਵਿਕਾਊ ਨਹੀਂ ਹੈ।


## ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

**ਐਡੀਸ਼ਨ 2022-23 ................. 2,43,300 ਕਾਪੀਆਂ**

All rights, including those of translation, reproduction
and annotation etc., are reserved by the
Punjab Government.

## ਭੂਗੋਲ ਭਾਗ

| | | |
|---|---|---|
| ਲੇਖਕ | : | ਡਾ. ਸੂਰਜ ਕਾਂਤ<br>ਭੂਗੋਲ ਵਿਭਾਗ ਪੰ. ਯੂਨੀ., ਚੰਡੀਗੜ੍ਹ<br>ਡਾ. ਪ੍ਰੇਮ ਸਾਗਰ, ਲੈਕ ਭੂਗੋਲ |
| ਕੋਆਰਡੀਨੇਟਰ | : | ਸ੍ਰੀ ਰਮਿੰਦਰਜੀਤ ਸਿੰਘ ਵਾਸੂ<br>ਵਿਸ਼ਾ ਮਾਹਿਰ ਪੰਜਾਬ ਸਕੂਲ ਸਿੱਖਿਆ ਬੋਰਡ |
| ਨਕਸ਼ਾ ਕਾਰਜ | : | ਤਜਿੰਦਰ ਸਿੰਘ, ਲੈਕਚਰਾਰ (ਭੂਗੋਲ), ਤਰਨ ਤਾਰਨ |

## ਅਰਥ-ਸ਼ਾਸਤਰ ਭਾਗ

| | | |
|---|---|---|
| ਲੇਖਕ | : | ਟੀ. ਆਰ. ਜੈਨ, ਰਿਟਾ. ਪ੍ਰਿੰਸੀਪਲ |
| ਸੋਧਕ | : | ਓਮ ਪ੍ਰਕਾਸ਼ ਚੌਹਾਨ, ਰਿਟਾ. ਵਿਸ਼ਾ ਮਾਹਿਰ (ਅਰਥ-ਸ਼ਾਸਤਰ) ਪੰਜਾਬ ਸਕੂਲ ਸਿੱਖਿਆ ਬੋਰਡ |
| ਕੋਆਰਡੀਨੇਟਰ | : | ਪ੍ਰੀਤੀ ਪੁਰੀ, ਪ੍ਰੋਜੈਕਟ ਅਫ਼ਸਰ (ਅਰਥ-ਸ਼ਾਸਤਰ) ਪੰਜਾਬ ਸਕੂਲ ਸਿੱਖਿਆ ਬੋਰਡ |

### ਚੇਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ ਪਾਠ-ਪੁਸਤਕਾਂ ਤੇ ਜਿਲਦ-ਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਅਲੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂ ਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਣਾਲੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

## ਇਹ ਪੁਸਤਕ ਵਿਕਰੀ ਲਈ ਨਹੀਂ ਹੈ।

---

**ਸਕੱਤਰ**, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ. ਨੋਵਾ ਪਬਲੀਕੇਸ਼ਨਜ਼, ਸੀ-51, ਫੋਕਲ ਪੁਆਇੰਟ ਐਕਸਟੈਨਸ਼ਨ, ਜਲੰਧਰ ਦੁਆਰਾ ਛਾਪੀ ਗਈ।

# ਮੁੱਖ ਬੰਧ

ਪੰਜਾਬ ਸਕੂਲ ਸਿੱਖਿਆ ਬੋਰਡ ਨਵੀਨ-ਸਿੱਖਿਆ ਨੀਤੀ ਅਧੀਨ ਨਵੀਨਤਮ ਪਾਠਕ੍ਰਮ ਤਿਆਰ ਕਰਨ ਅਤੇ ਉਸ ਤੇ ਆਧਾਰਤ ਨਵੀਆਂ ਪਾਠ-ਪੁਸਤਕਾਂ ਤਿਆਰ ਕਰਨ ਲਈ ਯਤਨਸ਼ੀਲ ਰਿਹਾ ਹੈ। 1986 ਦੀ ਰਾਸ਼ਟਰੀ ਸਿੱਖਿਆ ਨੀਤੀ ਅਨੁਸਾਰ 10+2+3 ਦੀ ਨਵੀਂ ਸਿੱਖਿਆ ਨੀਤੀ ਲਾਗੂ ਕੀਤੀ ਗਈ ਸੀ। ਇਸ ਅਧੀਨ ਨੌਵੀਂ/ਦਸਵੀਂ ਸ਼੍ਰੇਣੀਆਂ ਦੇ ਪਾਠ-ਕ੍ਰਮਾਂ ਵਿੱਚ ਕਈ ਪਰਿਵਰਤਨ ਕੀਤੇ ਗਏ ਹਨ। ਨਵੀਂ ਨੀਤੀ ਅਧੀਨ ਸਮਾਜਿਕ ਸਿੱਖਿਆ ਦੇ ਪਾਠ ਕ੍ਰਮਾਂ ਨੂੰ ਵੀ ਰਾਸ਼ਟਰੀ ਪੱਧਰ ਸਮਾਨੰਤਰ ਲਿਆਉਣ ਦਾ ਯਤਨ ਕੀਤਾ ਗਿਆ ਹੈ, ਤਾਂ ਜੋ ਪੰਜਾਬ ਦੇ ਵਿਦਿਆਰਥੀ ਵੀ ਰਾਸ਼ਟਰੀ ਪੱਧਰ ਦੇ ਪਾਠਕ੍ਰਮ ਪੱਧਰ ਨਾਲ ਜੁੜੇ ਰਹਿਣ।

1997 ਤੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਨਵੀਂ ਨੀਤੀ ਅਧੀਨ ਸਮਾਜਿਕ ਸਿੱਖਿਆ ਵਿਸ਼ੇ ਦੇ ਪਾਠਕ੍ਰਮਾਂ ਨੂੰ ਆਧੁਨਿਕ ਆਰਥਿਕ-ਸਮਾਜਿਕ ਪਰਿਵਰਤਨਾਂ ਅਨੁਸਾਰ ਨਵੀਨ ਰੂਪ ਦਿੱਤਾ ਗਿਆ। ਇਸ ਅਨੁਸਾਰ ਸਮਾਜਿਕ ਸਿੱਖਿਆ ਦੇ ਰਸਮੀਂ ਵਿਸ਼ਿਆਂ ਇਤਿਹਾਸ, ਭੂਗੋਲ ਅਤੇ ਨਾਗਰਿਕ ਸ਼ਾਸਤਰ ਦੇ ਨਾਲ-ਨਾਲ ਅਰਥ ਸ਼ਾਸਤਰ ਦੇ ਉਪ-ਵਿਸ਼ੇ ਵੀ ਸ਼ਾਮਲ ਕੀਤਾ ਗਿਆ ਹੈ। ਪੁਸਤਕ ਦੇ ਆਕਾਰ ਨੂੰ ਸਾਹਮਣੇ ਰੱਖਦੇ ਹੋਏ ਇਸ ਨੂੰ ਦੋ ਭਾਗਾਂ ਵਿੱਚ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਪਹਿਲੇ ਭਾਗ ਵਿੱਚ ਭੂਗੋਲ ਅਤੇ ਅਰਥ ਸ਼ਾਸਤਰ ਉਪ-ਵਿਸ਼ੇ ਸ਼ਾਮਿਲ ਕੀਤੇ ਗਏ ਹਨ। ਦੂਸਰੇ ਭਾਗ ਵਿੱਚ ਇਤਿਹਾਸ ਅਤੇ ਨਾਗਰਿਕ ਸ਼ਾਸਤਰ ਦੇ ਉਪ ਵਿਸ਼ਿਆਂ ਨੂੰ ਸਥਾਨ ਦਿੱਤਾ ਗਿਆ ਹੈ।

ਆਸ ਹੈ ਕਿ ਇਹਨਾਂ ਪੁਸਤਕਾਂ ਦੇ ਅਧਿਐਨ ਨਾਲ ਵਿਦਿਆਰਥੀਆਂ ਵਿੱਚ ਨਵੀਨ ਸੋਚ ਅਤੇ ਵਿਚਾਰਧਾਰਾ ਜਨਮ ਲਵੇਗੀ ਅਤੇ ਉਹਨਾਂ ਦੇ ਮਾਨਸਿਕ ਖੇਤਰ ਦਾ ਵੀ ਵਿਕਾਸ ਹੋਵੇਗਾ। ਹਰ ਸੰਭਵ ਯਤਨ ਕੀਤਾ ਗਿਆ ਹੈ ਕਿ ਇਹ ਪੁਸਤਕ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਹਰ ਇਕ ਦ੍ਰਿਸ਼ਟੀ ਤੋਂ ਲਾਭਦਾਇਕ ਸਿੱਧ ਹੋਵੇ। ਇਸ ਪੁਸਤਕ ਨੂੰ ਹੋਰ ਚੰਗੇਰੀ ਬਣਾਉਣ ਲਈ ਆਏ ਸੁਝਾਅ ਬੋਰਡ ਵੱਲੋਂ ਧੰਨਵਾਦ ਸਹਿਤ ਸਵੀਕਾਰ ਕੀਤੇ ਜਾਣਗੇ।

**ਚੇਅਰਮੈਨ**
**ਪੰਜਾਬ ਸਕੂਲ ਸਿੱਖਿਆ ਬੋਰਡ**

**ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ**

# ਪਾਠ-ਸੂਚੀ

## ਭੂਗੋਲ-ਭਾਗ


| | ਪੰਨਾ ਨੰ. |
|---|---|
| 1. ਭਾਰਤ–ਇਕ ਜਾਣ–ਪਛਾਣ | 1 |
| 2. ਧਰਾਤਲ | 14 |
| 3. ਜਲਵਾਯੂ | 36 |
| 4. ਕੁਦਰਤੀ ਬਨਸਪਤੀ, ਜੀਵ–ਜੰਤੂ ਤੇ ਮਿੱਟੀਆਂ | 52 |
| 5. ਭੂਮੀ ਵਰਤੋਂ ਅਤੇ ਖੇਤੀਬਾੜੀ | 79 |
| 6. ਖਣਿਜ ਪਦਾਰਥ ਅਤੇ ਊਰਜਾ ਸਾਧਨ | 110 |
| 7. ਜਨਸੰਖਿਆ | 126 |


## ਅਰਥ-ਸ਼ਾਸਤਰ-ਭਾਗ


| | |
|---|---|
| 1. ਮੁੱਢਲੀਆਂ ਧਾਰਨਾਵਾਂ | 149 |
| 2. ਭਾਰਤੀ ਅਰਥਵਿਵਸਥਾ ਦੀ ਅਧਾਰਿਕ ਸੰਰਚਨਾ | 170 |
| 3. ਭਾਰਤ ਵਿੱਚ ਖੇਤੀਬਾੜੀ ਦਾ ਵਿਕਾਸ | 182 |
| 4. ਭਾਰਤ ਵਿੱਚ ਉਦਯੋਗਿਕ ਵਿਕਾਸ | 195 |

# ਪੁਸਤਕ ਦੇ ਭੂਗੋਲ ਭਾਗ ਬਾਰੇ

ਹੱਥਲੀ ਪੁਸਤਕ ਭਾਰਤ ਦੇ ਭੂਗੋਲਿਕ ਅਧਿਐਨ ਤੇ ਅਧਾਰਤ ਹੈ। ਇਸ ਅਧਿਐਨ ਨੂੰ ਸਰਲ, ਰੋਚਕ ਅਤੇ ਲਾਹੇਵੰਦ ਬਣਾਉਣ ਦੇ ਭਰਪੂਰ ਯਤਨ ਕੀਤੇ ਗਏ ਹਨ। ਸਰਲ ਤੋਂ ਸਰਲ ਭਾਸ਼ਾ ਅਤੇ ਵੱਧ ਤੋਂ ਵੱਧ ਰੱਖਾ ਚਿੱਤਰਾਂ ਅਤੇ ਮਾਨਚਿੱਤਰਾਂ ਦੀ ਉੱਚਿਤ ਵਰਤੋਂ ਕਰਕੇ ਅਤੇ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਨੂੰ ਧਿਆਨ ਵਿੱਚ ਰੱਖ ਕੇ ਹੀ ਹਥਲੀ ਪਾਠ ਸਮੱਗਰੀ ਤਿਆਰ ਕੀਤੀ ਗਈ ਹੈ। ਇਸ ਨਾਲ ਵਿਦਿਆਰਥੀ ਅਸਾਨੀ ਨਾਲ ਵਿਸ਼ਿਆਂ ਨੂੰ ਸਮਝ ਸਕਣ। ਨਵੀਨਤਮ ਅੰਕੜਿਆਂ ਨੂੰ ਸ਼ਾਮਲ ਕਰਨ ਦੇ ਨਾਲ-ਨਾਲ ਪੰਜਾਬ ਦੇ ਬਾਰੇ ਵੱਧ ਤੋਂ ਵੱਧ ਭੂਗੋਲਿਕ ਜਾਣਕਾਰੀ ਦੇਣ ਦਾ ਹਰ ਸੰਭਵ ਯਤਨ ਵੀ ਕੀਤਾ ਗਿਆ ਹੈ।

ਉਮੀਦ ਹੈ ਕਿ ਸਾਡਾ ਇਹ ਯਤਨ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਪਸੰਦ ਆਏਗਾ।

—ਕੋਆਰਡੀਨੇਟਰ (ਭੂਗੋਲ)

# ਪੁਸਤਕ ਦੇ ਅਰਥ-ਸ਼ਾਸਤਰ ਭਾਗ ਬਾਰੇ

ਹਥਲੀ ਪੁਸਤਕ ਦੇ ਖੰਡ-2 ਵਿਚ ਅਰਥ ਸ਼ਾਸਤਰ ਵਿਸ਼ੇ ਨੂੰ ਸ਼ਾਮਲ ਕੀਤਾ ਗਿਆ ਹੈ, ਜਿਹੜਾ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਦਸਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਸਮਾਜਿਕ ਸਿੱਖਿਆ ਵਿਸ਼ੇ ਅਧੀਨ ਦਾਖਲਾ ਸਾਲ 1998 ਤੋਂ ਨਿਰਧਾਰਿਤ ਕੀਤਾ ਗਿਆ ਹੈ। ਨੌਵੀਂ ਸ਼੍ਰੇਣੀ ਦੇ ਪਾਠਕ੍ਰਮ ਅਨੁਸਾਰ ਹੀ ਦਸਵੀਂ ਸ਼੍ਰੇਣੀ ਵਿੱਚ ਅਰਥ ਸ਼ਾਸਤਰ ਵਿਸ਼ੇ ਦਾ ਪਾਠਕ੍ਰਮ N.C.E.R.T ਨਵੀਂ ਦਿੱਲੀ ਦੁਆਰਾ ਨਿਰਧਾਰਿਤ ਪਾਠਕ੍ਰਮ ਦੇ ਅਨੁਰੂਪ ਹੀ ਰੱਖਿਆ ਗਿਆ ਹੈ, ਪਰੰਤੂ ਇਸ ਵਿਚ ਸਭ ਤੋਂ ਪਹਿਲਾ ਪਾਠ ਮੁੱਢਲੀਆਂ ਧਾਰਨਾਵਾਂ ਬਾਰੇ ਸ਼ਾਮਲ ਕੀਤਾ ਗਿਆ ਹੈ ਤਾਂ ਜੋ ਵਿਦਿਆਰਥੀਆਂ ਨੂੰ ਅਗਲੇ ਪਾਠਾਂ ਨੂੰ ਸਮਝਣ ਵਿਚ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਪੇਸ਼ ਨਾ ਆਵੇ।

ਪੁਸਤਕ ਦੇ ਇਸ ਭਾਗ ਨੂੰ ਛੇ ਪਾਠਾਂ ਵਿਚ ਵੰਡਿਆ ਗਿਆ ਹੈ ਅਤੇ ਇਸ ਵਿਚ ਭਾਰਤੀ ਅਰਥ ਵਿਵਸਥਾ ਦੇ ਭਿੰਨ-ਭਿੰਨ ਪਹਿਲੂਆਂ ਜਿਵੇਂ—ਭਾਰਤੀ ਅਰਥ ਵਿਵਸਥਾ ਦੀ ਆਧਾਰਿਕ ਸਰੰਚਨਾ, ਭਾਰਤ ਵਿਚ ਖੇਤੀ ਬਾੜੀ ਦਾ ਵਿਕਾਸ, ਉਦਯੋਗਾਂ ਦਾ ਵਿਕਾਸ, ਵਿਦੇਸ਼ ਵਪਾਰ ਅਤੇ ਆਰਥਿਕ ਨਿਯੋਜਨ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ ਗਈ ਹੈ। ਪੁਸਤਕ ਵਿਚ ਯਥਾਯੋਗ ਥਾਵਾਂ ਤੇ ਅੰਕੜਿਆਂ ਅਤੇ ਤਾਲਿਕਾਵਾਂ ਦੀ ਸਹਾਇਤਾ ਨਾਲ ਤੱਥਾਂ ਨੂੰ ਸਪੱਸ਼ਟ ਕੀਤਾ ਗਿਆ ਹੈ।

ਆਸ ਕੀਤੀ ਜਾਂਦੀ ਹੈ ਕਿ ਪੁਸਤਕ ਦਾ ਇਹ ਭਾਗ ਵਿਦਿਆਰਥੀਆਂ ਅਤੇ ਅਧਿਆਪਕਾਵਾਂ ਦੀਆਂ ਲੋੜਾਂ ਨੂੰ ਹਰ ਪੱਖੋਂ ਪੂਰਾ ਕਰੇਗਾ। ਫੇਰ ਵੀ ਖੇਤਰ ਤੋਂ ਪ੍ਰਾਪਤ ਹੋਣ ਵਾਲੇ ਹਰ ਤਰ੍ਹਾਂ ਦੇ ਸੁਝਾਵਾਂ ਨੂੰ ਆਉਣ ਵਾਲੇ ਸੰਸਕਰਣਾਂ ਵਿਚ ਯੋਗ ਥਾਂ ਦੇਣ ਦੀ ਕੋਸ਼ਿਸ਼ ਕੀਤੀ ਜਾਵੇਗੀ।

—ਕੋਆਰਡੀਨੇਟਰ (ਅਰਥ ਸ਼ਾਸਤਰ)

# ਭੂਗੋਲ-ਭਾਗ

## ਪਾਠ 1

# ਭਾਰਤ—ਇਕ ਜਾਣ-ਪਛਾਣ

ਗਲੋਬ ਨੂੰ ਧਿਆਨ ਨਾਲ ਦੇਖਣ ਤੇ ਹਿੰਦ ਮਹਾਂਸਾਗਰ ਵਿੱਚ ਜ਼ਮੀਨ ਦਾ ਇਕ ਤ੍ਰਿਭੁਜ ਆਕਾਰ ਦਾ ਵਿਸ਼ਾਲ ਟੁਕੜਾ ਦਿਖਾਈ ਦਿੰਦਾ ਹੈ। ਹਿੰਦ ਮਹਾਂਸਾਗਰ ਨੂੰ ਆਪਣਾ ਨਾਂ ਦੇਣ ਵਾਲਾ ਭੂ-ਭਾਗ ਸਾਡਾ ਆਪਣਾ ਦੇਸ਼ ਭਾਰਤ ਹੀ ਹੈ। ਤਿੰਨ ਪਾਸਿਆਂ ਤੋਂ ਹਿੰਦ ਮਹਾਂਸਾਗਰ ਨਾਲ ਘਿਰਿਆ ਹੋਇਆ ਅਤੇ ਉੱਤਰ ਵਿੱਚ ਹਿਮਾਲਿਆ ਦੀਆਂ ਚੋਟੀਆਂ ਵਾਲੀ ਭੂਮੀ ਜ਼ਰੀਏ ਏਸ਼ੀਆ ਮਹਾਂਦੀਪ ਦੇ ਉੱਤਰੀ ਤੇ ਪੂਰਬੀ ਭਾਗ ਨਾਲ ਬਹੁਤ ਜੁੜਿਆ ਹੋਇਆ ਇਹ ਹਿੱਸਾ ਬਹੁਤ ਵਿਸ਼ਾਲ ਤੇ ਅਥਾਹ ਸਮਰੱਥਾਵਾਂ ਵਾਲਾ ਦੇਸ਼ ਹੈ। ਜਨਸੰਖਿਆ ਦੇ ਆਧਾਰ 'ਤੇ ਸੰਸਾਰ ਵਿੱਚ ਚੀਨ ਤੋਂ ਬਾਅਦ ਦੂਸਰਾ ਅਤੇ ਖੇਤਰਫਲ ਪੱਖੋਂ ਸਤਵਾਂ ਸਥਾਨ ਰੱਖਦਾ ਹੈ।

ਦੱਖਣੀ ਏਸ਼ੀਆ ਦਾ ਇਹ ਵਿਸ਼ਾਲ ਭੂ-ਭਾਗ ਅਤੇ ਜਨਸੰਖਿਆ ਵਾਲਾ ਦੇਸ਼ ਆਪਣੀ ਵਿਰਾਸਤੀ ਪਰੰਪਰਾ ਨੂੰ ਦਿਲ ਨਾਲ ਲਗਾਏ ਹੌਲੀ ਹੌਲੀ ਪਰਿਵਰਤਨ ਯੁੱਗ ਵਿੱਚ ਦਾਖਲ ਹੋ ਗਿਆ ਹੈ। ਖੇਤਰਫਲ ਦੀ ਦ੍ਰਿਸ਼ਟੀ ਤੋਂ ਇੰਨਾ ਵਿਸ਼ਾਲ ਹੈ ਕਿ ਜਦੋਂ ਪੂਰਬ ਵਿੱਚ ਅਰੁਣਾਚਲ ਪ੍ਰਦੇਸ਼ ਵਿੱਚ ਸੂਰਜ ਨਿਕਲ ਰਿਹਾ ਹੁੰਦਾ ਹੈ ਤਾਂ ਪੱਛਮ ਵਿੱਚ ਗੁਜਰਾਤ ਦੇ ਸੌਰਾਸ਼ਟਰ ਖੇਤਰ ਵਿੱਚ ਅਜੇ ਰਾਤ ਹੀ ਹੁੰਦੀ ਹੈ। ਤਾਪਕ੍ਰਮ ਵਿੱਚ ਵੀ ਇੰਨੀ ਭਿੰਨਤਾ ਮਿਲਦੀ ਹੈ ਕਿ ਦੁਨੀਆਂ ਦੀ ਹਰ ਫਸਲ ਪੈਦਾ ਕੀਤੀ ਜਾ ਸਕਦੀ ਹੈ।

ਸੌ ਕਰੋੜ ਤੋਂ ਵੀ ਵੱਧ ਦੀ ਜਨਸੰਖਿਆ ਵਾਲੇ ਦੇਸ਼ ਵਿੱਚ ਇਹ ਆਬਾਦੀ ਲਗਪਗ 6 ਲੱਖ ਪਿੰਡਾਂ ਤੇ ਪੰਜ ਹਜ਼ਾਰ ਤੋਂ ਵੱਧ ਕਸਬੇ/ਸ਼ਹਿਰਾਂ ਵਿੱਚ ਵਸੀ ਹੋਈ ਹੈ। 28 ਪ੍ਰਾਂਤਾਂ ਤੇ 9 ਕੇਂਦਰ ਸ਼ਾਸਤ ਪ੍ਰਦੇਸ਼ਾਂ ਵਾਲੇ ਇਸ ਦੇਸ਼ ਵਿੱਚ 22 ਰਾਸ਼ਟਰੀ ਮਾਨਤਾ ਪ੍ਰਾਪਤ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਅਨੇਕਾਂ ਧਰਮਾਂ ਤੇ ਜਾਤਾਂ ਦੇ ਲੋਕ ਇਥੇ ਸਦੀਆਂ ਤੋਂ ਮਿਲ-ਜੁਲ ਕੇ ਰਹਿ ਰਹੇ ਹਨ ਜੋ ਕਿ ਅਨੇਕਾਂ ਧਰਮਾਂ ਦਾ ਪਾਲਣ ਕਰਦੇ ਹੋਏ ਕੁਲ ਮਿਲਾ ਕੇ ਭਾਰਤੀ ਸਭਿਆਚਾਰ ਦੇ ਵਿਸ਼ਾਲ ਢਾਂਚੇ ਨਾਲ ਜੁੜੇ ਹੋਏ ਹਨ।

ਆਜ਼ਾਦੀ ਤੋਂ ਬਾਅਦ ਭਾਰਤ ਨੇ ਲੋਕਤੰਤਰ, ਧਰਮ ਨਿਰਪੱਖਤਾ ਅਤੇ ਸਮਾਜਵਾਦ ਨੂੰ ਆਪਣੀ ਰਾਸ਼ਟਰੀ ਨੀਤੀ ਦਾ ਆਧਾਰ ਬਣਾ ਕੇ ਸੰਸਾਰ ਦੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਅੱਜ ਭਾਰਤ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਦੇਸ਼ ਹੈ। ਇਸ ਦੇਸ਼ ਨੇ ਪਿਛਲੀ ਸਦੀ ਦੇ ਛੇਵੇਂ ਦਹਾਕੇ ਦੇ ਸ਼ੁਰੂ ਵਿੱਚ 'ਹਰੀ ਕਰਾਂਤੀ' ਦੁਆਰਾ ਉਤਪਾਦਨ ਵਿੱਚ ਹੈਰਾਨੀ ਜਨਕ ਵਾਧਾ ਕਰਕੇ ਸਾਰੀ ਦੁਨੀਆਂ ਨੂੰ ਅਸਚਰਜ ਵਿੱਚ ਪਾ ਦਿੱਤਾ ਹੈ। ਅੱਜ ਸਾਡੇ ਦੇਸ਼ ਵਿੱਚ ਖੇਤੀ ਤੇ ਉਦਯੋਗਾਂ ਦਾ ਮਜ਼ਬੂਤ ਆਧਾਰ ਹੈ। ਵਿਦੇਸ਼ੀ ਪੂੰਜੀ ਨਿਵੇਸ਼ਕਾਰ ਅੱਜ ਭਾਰਤੀ ਆਰਥਿਕ ਪ੍ਰਣਾਲੀ ਵਿੱਚ ਪੂੰਜੀ ਲਗਾਉਣ ਲਈ ਵਧੇਰੇ ਉਤਸੁੱਕ ਹਨ। ਦੇਸ਼ ਨੇ ਪੁਲਾੜ ਤਕਨੀਕ (Space Technology) ਵਿੱਚ ਵੀ ਹੈਰਾਨੀਕੁੰਨ ਉੱਨਤੀ ਕੀਤੀ ਹੈ।

ਇਹਨਾਂ ਮਹੱਤਵਪੂਰਨ ਪ੍ਰਾਪਤੀਆਂ ਦੇ ਵਿੱਚ ਅਨੇਕਾਂ ਕਾਲੇ ਧੱਬੇ ਵੀ ਹਨ। ਭਾਰਤ ਵਿੱਚ ਦੁਨੀਆਂ ਦੇ ਸਭ ਤੋਂ ਵੱਧ ਅਨਪੜ੍ਹ ਲੋਕ ਰਹਿੰਦੇ ਹਨ। ਦੇਸ਼ ਦੇ ਇਕ ਤਿਹਾਈ ਤੋਂ ਵੱਧ ਲੋਕ ਅਜੇ ਵੀ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ। ਦੇਸ਼ ਵਿੱਚ ਸਮਾਜਿਕ, ਆਰਥਿਕ ਤੇ ਰਾਜਨੀਤਕ ਅਸਮਾਨਤਾਵਾਂ ਬਹੁਤ ਜ਼ਿਆਦਾ ਹਨ। ਜਿਥੇ ਕੇਰਲ ਵਿੱਚ 10 ਵਿੱਚੋਂ 9 ਇਸਤਰੀਆਂ ਪੜ੍ਹੀਆਂ-ਲਿਖੀਆਂ ਹਨ ਉੱਥੇ ਬਿਹਾਰ ਵਿੱਚ ਇਹ ਔਸਤ 10 ਵਿੱਚੋਂ ਕੇਵਲ 3 ਹੈ। ਆਰਥਿਕ ਭਿੰਨਤਾਵਾਂ ਦਾ ਹਾਲ ਇਹ ਹੈ ਕਿ ਦੇਸ਼ ਦੇ ਉੱਚ ਵਰਗਵਿੱਚ 20% ਲੋਕ ਰਾਸ਼ਟਰੀ ਆਮਦਨ ਦੇ 50% ਹਿੱਸੇ ਦੇ ਮਾਲਕ ਹਨ ਅਤੇ ਦੂਸਰੇ ਪਾਸੇ ਗਰੀਬ ਵਰਗ ਦੇ 70% ਲੋਕਾਂ ਦੇ ਕੋਲ ਕੇਵਲ 20% ਹਿੱਸਾ ਹੀ ਆਉਂਦਾ ਹੈ।

ਕੀ ਤੁਸੀ ਭਿੰਨਤਾਵਾਂ ਅਤੇ ਅਸਮਾਨਤਾਵਾਂ ਨਾਲ ਭਰਪੂਰ ਆਪਣੇ ਦੇਸ਼ ਦੇ ਬਾਰੇ ਵਿੱਚ ਹੋਰ ਜ਼ਿਆਦਾ ਨਹੀਂ ਜਾਣਨਾ ਚਾਹੋਗੇ। ਇਸ ਦੇਸ਼ ਦੇ ਲੋਕਾਂ ਨੇ ਕਿਹੜੇ ਤਰੀਕੇ ਨਾਲ ਆਪਣੀ ਜ਼ਮੀਨ ਜਲ ਤੇ ਹਵਾ ਦੇ ਸਾਧਨਾਂ ਦੀ ਵਰਤੋਂ ਤੇ ਕੁਵਰਤੋਂ ਕੀਤੀ ਹੈ ਅਤੇ ਇਸਦੇ ਕੀ ਖੇਤਰੀ ਰੂਪ ਸਾਹਮਣੇ ਆਏ ਹਨ। ਇਹ ਕੇਵਲ ਜਾਣ ਲੈਣਾ ਹੀ ਕਾਫ਼ੀ ਨਹੀਂ ਹੈ ਕਿ ਡੂੰਘਾਈ ਨਾਲ ਸੋਚਣ ਵਾਲੀ ਗੱਲ ਹੈ।

ਪਿਛਲੀ ਜਮਾਤ ਵਿੱਚ ਤੁਸੀਂ ਭੂਗੋਲ ਵਿਸ਼ੇ ਦੇ ਅਧੀਨ ਧਰਤੀ ਦੇ ਕੁਦਰਤੀ ਵਾਤਾਵਰਨ ਦੀ ਉੱਤਪਤੀ, ਇਸ ਦੀ ਬਣਤਰ ਅਤੇ ਕਿਸਮਾਂ ਅਤੇ ਇਸ ਤੇ ਪੈਣ ਵਾਲੇ ਪ੍ਰਭਾਵਾਂ ਦੀ ਜਾਣਕਾਰੀ ਪ੍ਰਾਪਤ ਕੀਤੀ ਹੈ। ਇਸ ਦੇ ਨਾਲ ਹੀ ਧਰਤ ਦੇ ਵਿਭਿੰਨ ਭਾਗਾਂ ਵਿੱਚ ਮਨੁੱਖ ਅਤੇ ਕੁਦਰਤੀ ਵਾਤਾਵਰਨ ਦੇ ਆਪਸੀ ਸੰਬੰਧਾਂ ਤੋਂ ਪੈਦਾ ਹੋਣ ਵਾਲੇ ਕੁਦਰਤੀ ਤੇ ਮਨੁੱਖੀ ਸਾਧਨਾਂ ਦੇ ਮਹੱਤਵ ਭੂਗੋਲਿਕ ਵੰਡ ਆਰਥਿਕ ਵਿਕਾਸ ਅਤੇ ਸਮੱਸਿਆਵਾਂ ਦੇ ਹੱਲ ਦੇ ਬਾਰੇ ਵਿੱਚ ਅਧਿਐਨ ਕੀਤਾ ਹੈ। ਦੂਸਰੇ, ਖੇਤਰੀ ਪੱਧਰ ਤੇ ਸੰਸਾਰ ਦੇ ਅਲੱਗ ਅਲੱਗ ਖੰਡਾਂ ਦੀ ਜਾਣਕਾਰੀ ਵੀ ਪ੍ਰਾਪਤ ਕੀਤੀ ਹੈ। ਇਸ ਜਮਾਤ ਵਿੱਚ ਅਸੀਂ ਆਪਣੇ ਦੇਸ਼ ਭਾਰਤ ਦੇ ਵਿਸ਼ਾਲ ਆਕਾਰ ਦਾ ਭੂਗੋਲਿਕ ਪੱਖੋਂ ਅਧਿਐਨ ਕਰਾਂਗੇ।

ਪੁਰਾਤਨ ਲਿਖਤਾਂ ਅਨੁਸਾਰ ਭਾਰਤ ਦੇਸ਼ ਦੇ ਨਾਂ ਦੀਆਂ ਬਹੁਤ ਸਾਰੀਆਂ ਧਾਰਣਾਵਾਂ ਮਿਲਦੀਆਂ ਹਨ। ਇਕ ਧਾਰਣਾ ਮੁਤਾਬਕ ਇਸ ਦਾ ਪਹਿਲਾ ਨਾਮ 'ਹਿਮਾਚਲ-ਸੇਤੂ-ਪ੍ਰਯੰਤਮ' ਸੀ ਜਿਸਦਾ ਅਰਥ ਉਸ ਭੂ-ਭਾਗ ਤੋਂ ਹੈ ਜੋ ਹਿਮਾਚਲ ਅਤੇ ਰਾਮੇਸ਼ਵਰਮ ਦੇ ਵਿਚਾਲੇ ਹੈ। ਦੂਸਰੇ, ਆਰੀਆ ਜਾਤੀ ਦੇ ਲੋਕਾਂ ਦੇ ਆ ਕੇ ਵੱਸ ਜਾਣ ਕਾਰਣ ਇਹ ਖੇਤਰ 'ਆਰੀਆ ਵ੍ਰਤ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਰਿਹਾ। ਤੀਸਰੀ ਧਾਰਣਾ ਰਿਗਵੇਦ ਵਿੱਚ ਵਰਨਣ ਕੀਤੇ ਗਏ ਇਕ ਤਾਕਤਵਰ 'ਭਰਤ' ਨਾਮੀ ਰਾਜੇ ਦੇ ਨਾਮ ਤੇ ਆਧਾਰਤ ਹੈ ਜੋ ਕਿ ਰਾਜਾ ਦੁਸ਼ਅੰਤ ਅਤੇ ਸ਼ਕੁੰਤਲਾ ਦਾ ਪੁੱਤਰ ਸੀ। ਚੌਥੀ ਅਤੇ ਅੰਤਲੀ ਧਾਰਣਾ ਇਸ ਦੇ ਆਧੁਨਿਕ ਨਾਮ 'ਇੰਡੀਆ' ਸ਼ਬਦ ਤੇ ਆਧਾਰਤ ਹੈ ਜੋ ਕਿ ਵੈਦਿਕ ਕਾਲ ਸਮੇਂ ਆਰੀਅਨ ਲੋਕਾਂ ਦੁਆਰਾ ਉੱਤਰ ਪੱਛਮ ਵਿੱਚ ਵਗਦੇ ਇਕ ਦਰਿਆ ਜਿਸ ਦਾ ਨਾਮ ਉਹਨਾਂ ਨੇ ਸਿੰਧੂ (Sindhu) ਰੱਖਿਆ ਸੀ, ਤੋਂ ਲਈ ਗਈ ਹੈ। ਇਸ ਸਿੰਧੂ ਸ਼ਬਦ ਨੂੰ ਗੁਆਂਢ ਦੇ ਈਰਾਨੀ ਦੇਸ਼ ਦੇ ਲੋਕਾਂ ਨੇ 'ਹਿੰਦੂ' (Hindu) ਕਹਿ ਕੇ ਅਤੇ ਦਰਿਆ ਦੇ ਆਸ ਪਾਸ ਰਹਿ ਰਹੇ ਲੋਕਾਂ ਨੇ ਹਿੰਦੁਸਤਾਨ ਦੇ ਵਾਸੀ ਮੰਨਿਆ। ਹਿੰਦੂ ਸ਼ਬਦ ਨੂੰ ਯੂਨਾਨੀ ਲੋਕਾਂ ਨੇ ਇੰਡੋਸ (Indos) ਵਿੱਚ ਬਦਲ ਦਿੱਤਾ ਅਤੇ ਰੋਮਨਾਂ ਨੇ ਇਸ ਸ਼ਬਦ ਨੂੰ ਸੁਧਾਰ ਕੇ 'ਇੰਡਸ' (Indus) ਦਾ ਨਾਮ ਦੇ ਦਿੱਤਾ। ਇਸ ਪ੍ਰਕਾਰ ਅੱਜ ਦੇ ਸਾਡੇ ਭਾਰਤ ਦੇ ਇਤਿਹਾਸ ਵਿੱਚ ਕਈ ਨਾਮ ਕ੍ਰਮਵਾਰ ਇੰਡੀਆ, ਹਿੰਦੁਸਤਾਨ ਅਤੇ ਭਾਰਤ ਜਿਹੇ ਨਾਮ ਚਲਦੇ ਆ ਰਹੇ ਹਨ।

## ਸਥਿਤੀ (Situation)

ਭਾਰਤ ਨੂੰ ਸੰਸਾਰ ਵਿੱਚ 'ਦੱਖਣੀ ਏਸ਼ੀਆ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ ਕਿਉਂਕਿ ਇਹ ਏਸ਼ੀਆ ਮਹਾਂਦੀਪ ਦੇ ਦੱਖਣ ਵੱਲ ਨੂੰ ਫੈਲਿਆ ਹੋਇਆ ਇਕ ਵਿਸ਼ਾਲ ਦੇਸ਼ ਹੈ ਜੋ ਕਿ ਪ੍ਰਿਥਵੀ ਤੇ ਉੱਤਰੀ ਗੋਲਾਅਰਧ ਵਿੱਚ ਸਥਿਤ ਹੈ। ਇਸ ਦੇ ਉੱਤਰੀ ਸਿਰੇ ਤੇ ਮਹਾਨ ਹਿਮਾਲਿਆ ਦੀ ਪਰਬਤੀ ਦੀਵਾਰ ਹੈ ਅਤੇ ਦੱਖਣ ਵੱਲ ਵਿਸ਼ਾਲ ਹਿੰਦ ਮਹਾਂਸਾਗਰ ਹੈ। ਦੱਖਣੀ ਹਿੱਸੇ ਵਿੱਚ ਪ੍ਰਾਇਦੀਪੀ ਪਠਾਰ ਹੋਣ ਕਾਰਣ ਤਿਕੋਣੀ ਸ਼ਕਲ ਬਣਦੀ ਹੈ ਜਿਸਦੇ ਇਕ ਪਾਸੇ ਅਰਬ ਸਾਗਰ ਹੈ ਅਤੇ ਦੂਸਰੇ ਪਾਸੇ ਬੰਗਾਲ ਦੀ ਖਾੜੀ ਹੈ। ਇਹ ਗਲੋਬ ਤੇ ਪੂਰਬੀ ਗੋਲਾਅਰਧ ਵਿੱਚ ਸਥਿਤ ਹੋਣ ਕਰਕੇ ਪੂਰਬੀ ਦੇਸ਼ਾਂ ਦੀ ਕਤਾਰ ਵਿੱਚ ਆ ਖੜ੍ਹੋਂਦਾ ਹੈ। ਹਿੰਦ ਮਹਾਂਸਾਗਰ ਵਿੱਚੋਂ ਲੰਘਣ ਵਾਲੇ ਕੌਮਾਂਤਰੀ ਸਾਗਰੀ ਰਸਤੇ ਭਾਰਤ ਦਾ ਸੰਪਰਕ ਇਕ ਪਾਸੇ ਪੱਛਮ ਦੇ ਵਿਕਸਿਤ ਦੇਸ਼ ਸਮੁੰਦਰੀ (ਯੂਰਪੀਨ ਅਤੇ ਅਮਰੀਕਨ) ਨਾਲ ਅਤੇ ਦੂਸਰੇ ਪਾਸੇ ਪੂਰਬ ਅਤੇ ਧੁਰ ਪੂਰਬ-ਵਿਚ ਸਥਿਤ ਚੀਨ, ਜਾਪਾਨ, ਇੰਡੋਨੇਸ਼ੀਆ ਤੇ ਆਸਟ੍ਰੇਲੀਆ ਨਾਲ ਬਣਾਉਂਦੇ ਹਨ। ਇਸ ਤੋਂ ਇਲਾਵਾ ਅਫਰੀਕਾ ਅਤੇ ਮੱਧ ਏਸ਼ੀਆ ਦੇ ਦੇਸ਼ ਵੀ ਸਮੁੰਦਰੀ ਮਾਰਗਾਂ ਰਾਹੀਂ

ਵਪਾਰਕ ਸੰਬੰਧ ਕਾਇਮ ਕਰਦੇ ਹਨ। ਸਵੇਜ਼ ਨਹਿਰ ਦੇ ਖੁਲ੍ਹ ਜਾਣ ਨਾਲ ਭਾਰਤ ਦੀ ਵਪਾਰਕ ਮਹੱਤਤਾ ਹੋਰ ਵੀ ਵੱਧ ਗਈ ਹੈ ਜਿਸ ਨਾਲ ਭਾਰਤ ਪੱਛਮੀ ਯੂਰਪ ਦੀ ਬੰਦਰਗਾਹਾਂ ਦੇ 4800 ਕਿਲੋਮੀਟਰ ਹੋਰ ਨੇੜੇ ਪਹੁੰਚ ਗਿਆ ਹੈ। ਇਸ ਪ੍ਰਕਾਰ ਭਾਰਤ ਨੂੰ ਹਿੰਦ ਮਹਾਂਸਾਗਰ ਵਿੱਚ ਕੇਂਦਰੀ ਸਥਿਤੀ ਹਾਸਲ ਹੈ। ਕੇਂਦਰੀ ਸਥਿਤੀ ਹੋਣ ਕਾਰਣ ਹੀ ਇਸਨੇ ਪਿਛਲੇ ਦਹਾਕੇ ਵਿੱਚ ਸ੍ਰੀ ਲੰਕਾ ਵਿੱਚ ਦਹਿਸ਼ਤਗਰਦੀ ਨੂੰ ਦਬਾਉਣ ਵਿੱਚ ਅਤੇ ਮਾਲਦੀਵ ਨੂੰ ਸਮੁੰਦਰੀ ਲੁਟੇਰਿਆਂ ਤੋਂ ਬਚਾਉਣ ਵਿੱਚ ਸ਼ਕਤੀਸ਼ਾਲੀ ਸਮੁੰਦਰੀ ਸੈਨਾ ਦੀ ਵਰਤੋਂ ਕਰਕੇ ਸ਼ਾਂਤੀ ਸਥਾਪਤ ਕਰਨ ਲਈ ਕਾਮਯਾਬੀ ਹਾਸਲ ਕੀਤੀ ਸੀ। ਭਾਰਤ ਨੂੰ 'ਸਾਰਕ' (South Asian Association for Regional Cooperation ; SAARC) ਦੇਸ਼ਾਂ ਦੇ ਗਰੁੱਪ ਵਿੱਚ ਇਕ ਮਹੱਤਵਪੂਰਣ ਸਥਾਨ ਹਾਸਲ ਹੈ। ਹੇਠਾਂ ਦਿੱਤੀ ਸਾਰਣੀ 1 ਵਿੱਚ ਸਾਰਕ ਦੇਸ਼ਾਂ ਦੇ ਕੁੱਝ ਮਹੱਤਵਪੂਰਣ ਅੰਕੜੇ ਦਿੱਤੇ ਗਏ ਹਨ ਜਿਹਨਾਂ ਦੇ ਖੇਤਰਫ਼ਲ ਤੇ ਜਨਸੰਖਿਆ ਦੇ ਮੁਕਾਬਲੇ ਤੋਂ ਭਾਰਤ ਦੀ ਮਹੱਤਤਾ ਦੀ ਸਪਸ਼ਟ ਝਲਕ ਮਿਲਦੀ ਹੈ।


**ਸਾਰਣੀ 1.1 : ਸਾਰਕ (SAARC) ਦੇਸ਼ਾਂ ਤੇ ਇਕ ਝਾਤ**

| ਲੜੀ ਨੰ. | ਦੇਸ਼ਾਂ ਦੇ ਨਾਮ | ਖੇਤਰਫਲ ਵਰਗ ਕਿਲੋਮੀਟਰ | ਜਨਸੰਖਿਆ ਲੱਖਾਂ ਵਿੱਚ (ਸਾਲ : 2018) | ਕਰੰਸੀ | ਪ੍ਰਤੀ ਵਿਅਕਤੀ ਕੁਲ ਘਰੇਲੂ ਉਤਪਾਦਨ (ਅਮਰੀਕੀ ਡਾਲਰ) | ਰਾਜਧਾਨੀ |
|---|---|---|---|---|---|---|
| 1. | ਭਾਰਤ | 32,87,263 | 1,35,26 | ਰੁਪਿਆ | 1,940 | ਨਵੀਂ ਦਿੱਲੀ |
| 2. | ਪਾਕਿਸਤਾਨ | 8,81,913 | 21,22 | ਰੁਪਿਆ (ਪਾਕਿਸਤਾਨੀ) | 1,548 | ਇਸਲਾਮਾਬਾਦ |
| 3. | ਨੇਪਾਲ | 1,47,181 | 2,80 | ਰੁਪਿਆ (ਨੇਪਾਲੀ) | 835 | ਕਾਠਮੰਡੂ |
| 4. | ਬੰਗਲਾ ਦੇਸ | 1,47,670 | 16,13 | ਟਕਾ | 1,517 | ਢਾਕਾ |
| 5. | ਭੂਟਾਨ | 38,394 | 7.5 | ਗਲਤਰਮ | 3,110 | ਥਿੰਪੂ |
| 6. | ਸ੍ਰੀ ਲੰਕਾ | 65,610 | 2,12 | ਰੁਪਿਆ (ਸ੍ਰੀ ਲੰਕਾ) | 4,065 | ਕੋਲੰਬੋ |
| 7. | ਮਾਲਦੀਵ | 298 | 5.1 | ਰੁਫੱਈਆ | 10,536 | ਮਾਲੇ |
| 8. | ਅਫ਼ਗਾਨਿਸਤਾਨ | 6,52,237 | 3,71 | ਅਫ਼ਗਾਨੀ | 586 | ਕਾਬੁਲ |

**ਭਾਰਤ ਦੀ ਜਨਸੰਖਿਆ ਮਾਰਚ 2011**

## ਸਥਾਨਕ ਵਿਸਤਾਰ (Locational Extent)

ਭਾਰਤ ਦਾ ਵਿਸਥਾਰ 8°4′ ਤੋਂ ਲੈ ਕੇ 37°17′ ਉੱਤਰੀ ਅਕਸ਼ਾਂਸ਼ਾਂ ਵਿਚਾਲੇ ਅਤੇ 68°7′ ਤੋਂ ਲੈ ਕੇ 97°24′ ਪੂਰਬੀ ਦੇਸ਼ਾਂਤਰਾਂ ਵਿਚਾਲੇ ਹੈ। ਕਰਕ ਰੇਖਾ (Tropic of Cancer) ਇਸ ਦੇ ਮੱਧ ਵਿੱਚੋਂ ਦੀ ਲੰਘਣ ਕਰਕੇ ਇਸ ਨੂੰ ਉੱਤਰੀ ਅਤੇ ਦੱਖਣੀ ਦੋ ਹਿੱਸਿਆਂ ਵਿੱਚ ਵੰਡਦੀ ਹੈ। ਉੱਤਰੀ ਭਾਰਤ, ਦੱਖਣੀ ਭਾਰਤ ਤੋਂ ਦੋ ਗੁਣਾ ਜ਼ਿਆਦਾ ਖੇਤਰ ਘੇਰਦਾ ਹੈ। ਜੇਕਰ ਭਾਰਤ ਦੇ ਉੱਤਰੀ ਸਿਰੇ ਕਸ਼ਮੀਰ ਤੋਂ ਧੁਰ ਦੱਖਣੀ ਸਿਰੇ ਕੰਨਿਆ ਕੁਮਾਰੀ ਤੱਕ ਇਕ ਸਿੱਧੀ ਰੇਖਾ ਖਿੱਚ ਦਿੱਤੀ ਜਾਵੇ ਤਾਂ ਉਸ ਦੀ ਲੰਬਾਈ 3214 ਕਿਲੋਮੀਟਰ ਹੋਵੇਗੀ। ਇਹ ਦੂਰੀ ਧਰਤੀ ਤੇ 29°2′ ਦੇ ਅਕਸ਼ਾਂਸ਼ੀ ਫ਼ਰਕ ਨੂੰ ਦਰਸਾਵੇਗੀ ਜੋ ਕਿ ਉੱਤਰੀ ਗੋਲਾਅਰਧ ਦਾ ਲਗਪਗ 1/3 ਹਿੱਸਾ ਹੋਵੇਗਾ। ਇਸੇ ਤਰ੍ਹਾਂ ਪੂਰਬੀ ਸਿਰੇ ਤੇ ਸਥਿਤ ਅਰੁਣਾਚਲ ਪ੍ਰਦੇਸ਼ ਤੋਂ ਲੈ ਕੇ ਧੁਰ ਪੱਛਮੀ ਸੀਮਾ ਬਿੰਦੂ ਰਣ ਆਫ ਕੱਛ ਲੈ ਕੇ ਧੁਰ ਪੱਛਮੀ




Based upon Survey of India map with the permission of the Surveyor General of India.
G Government of India Copyright 2001

THE ADMINISTRATIVE HEADQUARTERS OF CHANDIGARH, HARYANA AND PUNJAB ARE AT CHANDIGARH

ਇਹ ਨਕਸ਼ਾ ਭਾਰਤੀ ਸਰਵੇਅਰ ਜਨਰਲ ਦੀ ਪ੍ਰਵਾਨਗੀ ਨਾਲ ਭਾਰਤ ਦੇ ਸਰਵੇ ਦੇ ਨਕਸ਼ੇ ਤੇ ਆਧਾਰਿਤ ਹੈ।
ਭਾਰਤ ਸਰਕਾਰ ਵਲੋਂ ਸਭ ਹਕ ਰਾਖਵੇਂ ਹਨ। ਕਾਪੀ ਰਾਈਟ 2001

ਸੀਮਾ ਬਿੰਦੂ, ਰਣ ਆਫ਼ ਕੱਛ (Rann of Kutch), ਕੱਛ ਦੀ ਖਾੜੀ ਤੱਕ ਵੀ 29°12′ ਦਾ ਦੇਸ਼ਾਂਤਰੀ ਫਰਕ ਹੈ ਜਿਸ ਦੀ ਲੰਬਾਈ 2933 ਕਿਲੋਮੀਟਰ ਹੈ ਇੰਨੇ ਵੱਡੇ ਅੰਤਰ ਦੇ ਕਾਰਣ ਹੀ ਜਦੋਂ ਅਰੁਣਾਚਲ ਪ੍ਰਦੇਸ਼ ਵਿੱਚ ਅਜੇ ਦਿਨ ਨਿਕਲਿਆ ਹੀ ਹੁੰਦਾ ਹੈ ਅਤੇ ਦੂਸਰੇ ਪਾਸੇ (ਕੱਛ ਦੀ ਖਾੜੀ) ਗੁਜਰਾਤ ਵਿੱਚ ਦੋ ਘੰਟੇ ਤੱਕ ਰਾਤ ਹੀ ਚਲ ਰਹੀ ਹੁੰਦੀ ਹੈ।

ਇੰਨੀ ਜ਼ਿਆਦਾ ਵਿਸ਼ਾਲਤਾ ਦੇ ਕਾਰਣ ਹੀ ਭਾਰਤ ਨੂੰ ਇਕ ਉਪ-ਮਹਾਂਦੀਪ (Indian Sub-continent) ਦਾ ਦਰਜਾ ਵੀ ਦਿੱਤਾ ਹੋਇਆ ਹੈ। ਉਪ-ਮਹਾਂਦੀਪ ਇਕ ਉਹ ਵਿਸ਼ਾਲ ਤੇ ਸੁਤੰਤਰ ਇਲਾਕਾ ਹੁੰਦਾ ਹੈ ਜਿਸ ਦੇ ਭੂ-ਭਾਗ ਦੀਆਂ ਸੀਮਾਵਾਂ ਵੱਖੋ-ਵੱਖਰੀਆਂ ਸਥੱਲ-ਆਕ੍ਰਿਤੀਆਂ ਦੁਆਰਾ ਬਣਾਈਆਂ ਜਾਂਦੀਆਂ ਹਨ ਜੋ ਕਿ ਇਸ ਨੂੰ ਆਸ-ਪਾਸ ਦੇ ਖੇਤਰਾਂ ਤੋਂ ਵੱਖ ਕਰਦੀਆਂ ਹਨ। ਭਾਰਤ ਨੂੰ ਵੀ ਉੱਤਰ ਦਿਸ਼ਾ ਵਿੱਚ ਹਿਮਾਲਿਆ ਤੋਂ ਪਾਰ ਅਗੀਲ (Aghil), ਮੁਜ਼ਤਘ (Muztgh), ਕੁਨਲੁਨ (Kunlun), ਕਰਾਕੋਰਮ, ਹਿੰਦੂਕੁਸ਼ ਤੇ ਜਾਸਕਰ ਪਰਬਤ ਸ਼੍ਰੇਣੀਆਂ ਤਿੱਬਤ ਤੋਂ ਦੱਖਣੀ ਦਿਸ਼ਾ ਵੱਲ ਪਾਕ-ਜਲਡਮਰੂ ਤੇ ਮਨਾਰ ਦੀ ਖਾੜੀ ਸ਼੍ਰੀਲੰਕਾ ਤੋਂ; ਪੂਰਬੀ ਦਿਸ਼ਾ ਵਿੱਚ ਅਰਾਕਾਨ ਯੋਮਾ ਮਿਆਂਮਾਰ (ਬਰਮਾ) ਤੋਂ; ਅਤੇ ਪੱਛਮ ਵਿੱਚ ਵਿਸ਼ਾਲ ਥਾਰ ਮਾਰੂਥਲ ਪਾਕਿਸਤਾਨ ਤੋਂ ਵੱਖ ਕਰ ਦਿੰਦੇ ਹਨ। ਭਾਰਤ ਦੇ ਇੰਨੇ ਵਿਸ਼ਾਲ ਖੇਤਰ ਦੇ ਕਾਰਣ ਹੀ ਅਨੇਕਾਂ ਸਭਿਆਚਾਰਕ, ਆਰਥਿਕ ਤੇ ਸਮਾਜਿਕ ਭਿੰਨਤਾਵਾਂ ਮਿਲਦੀਆਂ ਹਨ ਪਰ ਇਸ ਦੇ ਬਾਵਜੂਦ ਵੀ ਦੇਸ਼ ਵਿੱਚ ਜਲਵਾਯੂ, ਸੰਸਕ੍ਰਿਤੀ ਆਦਿ ਵਿੱਚ ਏਕਤਾ ਮਿਲਦੀ ਹੈ।

### ਆਕਾਰ ਅਤੇ ਖੇਤਰਫ਼ਲ (Size and Area)

ਭਾਰਤ ਦੀ ਸ਼ਕਲ ਤਿਕੋਣ ਵਰਗੀ ਹੈ ਜਿਸ ਦਾ ਆਧਾਰ (Base) ਉੱਤਰ ਦਿਸ਼ਾ ਵੱਲ ਹੈ ਅਤੇ ਸਿਰਾ ਦੱਖਣ ਵੱਲ ਕੰਨਿਆ ਕੁਮਾਰੀ ਤੇ ਬਣਦਾ ਹੈ। ਖੇਤਰਫ਼ਲ ਦੀ ਦ੍ਰਿਸ਼ਟੀ ਤੋਂ ਨਾ ਤਾਂ ਇਹ ਦੈਂਤ ਹੈ ਅਤੇ ਨਾ ਹੀ ਬੌਣਾ ਹੈ। ਸਾਡੇ ਦੇਸ਼ ਦਾ ਕੁੱਲ ਖੇਤਰਫ਼ਲ ਲਗਪਗ 32,87,782 ਵਰਗ ਕਿਲੋਮੀਟਰ ਹੈ ਜੋ ਕਿ ਸਾਰੇ ਸੰਸਾਰ ਦਾ 2.2 ਪ੍ਰਤੀਸ਼ਤ ਬਣਦਾ ਹੈ। ਇਸ ਪ੍ਰਕਾਰ ਖੇਤਰਫ਼ਲ ਦੇ ਪੱਖੋਂ ਭਾਰਤ ਸੰਸਾਰ ਦਾ ਸੱਤਵਾਂ ਵੱਡਾ ਦੇਸ਼ ਹੈ। ਇਸ ਤੋਂ ਵੱਡੇ ਛੇ ਦੇਸ਼ ਕ੍ਰਮਵਾਰ ਰੂਸ, ਕੈਨੇਡਾ, ਚੀਨ, ਯੂ.ਐਸ.ਏ., ਬਰਾਜ਼ੀਲ ਅਤੇ ਆਸਟ੍ਰੇਲੀਆ ਹਨ। ਵੱਡੇ ਦੇਸ਼ਾਂ ਵਿੱਚ ਇਹ ਰੂਸ ਦੇ ਸੱਤਵੇਂ ਹਿੱਸੇ ਅਤੇ ਕੈਨੇਡਾ ਦੇ ਕੇਵਲ ਤੀਸਰੇ ਹਿੱਸੇ ਦੇ ਬਰਾਬਰ ਹੈ ਜਦ ਕਿ ਛੋਟੇ ਦੇਸ਼ਾਂ ਦੇ ਮੁਕਾਬਲੇ ਵਿੱਚ ਇਹ ਇੰਗਲੈਂਡ ਤੋਂ 12 ਗੁਣਾ ਅਤੇ ਜਾਪਾਨ ਤੋਂ 8 ਗੁਣਾ ਵੱਡਾ ਹੈ। ਭਾਰਤ ਦਾ ਉੱਤਰ-ਦੱਖਣ ਅਤੇ ਪੂਰਬ-ਪੱਛਮ ਵਿਸਤਾਰ ਧਰਤੀ ਦੇ ਕੁੱਲ ਘੇਰੇ ਦਾ ਲਗਪਗ 12ਵਾਂ ਹਿੱਸਾ ਹੀ ਬਣਦਾ ਹੈ।

### ਗੁਆਂਢੀ ਦੇਸ਼ (Neighbouring Countries)

ਭਾਰਤ ਦੀ ਥਲ ਵਰਤੀ ਸੀਮਾ ਨਾਲ ਕੁੱਲ ਸੱਤ ਦੇਸ਼ਾਂ ਦੀਆਂ ਸਰਹੱਦਾਂ ਛੂੰਹਦੀਆਂ ਹਨ। ਉੱਤਰ ਅਤੇ ਉੱਤਰ ਪੱਛਮੀ ਦਿਸ਼ਾ ਵਿੱਚ ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਚੀਨ ਗੁਆਂਢੀ ਦੇਸ਼ ਹਨ ਅਤੇ ਉੱਤਰ-ਪੂਰਬ ਅਤੇ ਪੂਰਬ ਵਿੱਚ ਨੇਪਾਲ, ਭੂਟਾਨ, ਮਿਆਂਮਾਰ (ਬਰਮਾ) ਤੇ ਬੰਗਲਾਦੇਸ਼ ਸੀਮਾ ਸਾਂਝੀ ਕਰਦੇ ਹਨ।

### ਰਾਜਨੀਤਕ ਪ੍ਰਬੰਧ (Political Set-up)

ਆਜ਼ਾਦੀ ਤੋਂ ਪਹਿਲਾਂ ਭਾਰਤ ਨੂੰ 562 ਰਾਜਵਾੜਾ ਸ਼ਾਹੀ ਰਿਆਸਤਾਂ (Princely States) ਅਤੇ 9 ਬਰਤਾਨਵੀ ਪ੍ਰਾਂਤਾਂ (British Presendencies) ਵਿੱਚ ਵੰਡਿਆ ਹੋਇਆ ਸੀ। 15 ਅਗਸਤ, 1947 ਨੂੰ ਆਜ਼ਾਦੀ ਪ੍ਰਾਪਤੀ ਕਰ ਅਜੋਕਾ ਭਾਰਤ ਹੋਂਦ ਵਿੱਚ ਆਇਆ ਜਿਸ ਵਿੱਚ ਬਹੁਤ ਵੱਡੇ ਪ੍ਰਾਂਤਾਂ ਨੂੰ ਛੋਟਾ ਕਰਨ ਲਈ, ਬਹੁਤ ਛੋਟਿਆਂ ਨੂੰ ਵੱਡਾ ਰੂਪ ਦੇਣ ਲਈ ਅਤੇ ਸੂਬਿਆਂ ਦੇ ਆਪਸੀ ਦੋਸਤਾਨਾ ਸੰਬੰਧ ਕਾਇਮ ਕਰਨ ਲਈ 1953 ਈ. ਵਿੱਚ ਜਸਟਿਸ ਫ਼ਜ਼ਲਅਲੀ ਦੀ ਰਹਿਨੁਮਾਈ ਅਧੀਨ 'ਰਾਜ ਪੁਨਰਗਠਨ ਕਮਿਸ਼ਨ' (State Roorganisation Com-

mission) ਦੀ ਸਥਾਪਨਾ ਕੀਤੀ ਗਈ ਜਿਸ ਨੇ ਸਾਰੇ ਦੇਸ਼ ਨੂੰ ਭਾਸ਼ਾਈ ਆਧਾਰ 'ਤੇ 14 ਰਾਜਾਂ ਅਤੇ 6 ਕੇਂਦਰੀ ਰਾਜਾਂ (Union Territories) ਵਿੱਚ ਵੰਡ ਦਿੱਤਾ। ਬਾਅਦ ਵਿੱਚ ਇਹਨਾਂ ਦੀ ਵੰਡ ਹੋ ਜਾਣ ਕਾਰਨ ਕਈ ਹੋਰ ਛੋਟੇ ਰਾਜ ਬਣ ਗਏ ਤੇ ਨਵੇਂ ਨਾਮ ਦਿੱਤੇ ਗਏ। ਕਈ ਕੇਂਦਰੀ ਸ਼ਾਸਤ ਖੇਤਰ ਅਜੋਕੇ ਸਮੇਂ ਦੌਰਾਨ ਰਾਜ ਦਾ ਦਰਜਾ ਗ੍ਰਹਿਣ ਕਰ ਗਏ। ਸਾਡਾ ਆਪਣਾ ਅੱਜ ਦਾ ਪੰਜਾਬ ਰਾਜ ਵੀ ਸ਼ਾਹ ਕਮਿਸ਼ਨ ਦੀ ਸਿਫ਼ਾਰਸ਼ਾਂ ਅਧੀਨ ਪੰਜਾਬੀ ਭਾਸ਼ਾਈ ਸੂਬਾ ਹੋਣ ਕਰਕੇ ਪਹਿਲੀ ਨਵੰਬਰ 1966 ਨੂੰ ਹੋਂਦ ਵਿੱਚ ਆ ਗਿਆ ਸੀ।

ਇਸ ਸਮੇਂ ਭਾਰਤ ਦੇ ਕੁੱਲ 28 ਪ੍ਰਾਂਤ ਹਨ ਅਤੇ 8 ਕੇਂਦਰੀ ਪ੍ਰਬੰਧ ਅਧੀਨ ਖੇਤਰ ਹਨ। ਦਿੱਲੀ ਨੂੰ ਨੈਸ਼ਨਲ ਕੈਪੀਟਲ ਟੈਰੀਟਰੀ (N.C.T.) ਦਾ ਰੁਤਬਾ ਦਿੱਤਾ ਗਿਆ ਹੈ। ਭਾਰਤ ਦੇ ਰਾਜਾਂ ਅਤੇ ਕੇਂਦਰੀ ਪ੍ਰਬੰਧ ਅਧੀਨ ਖੇਤਰਾਂ ਦੇ ਨਾਮ ਕ੍ਰਮਵਾਰ ਹੇਠਾਂ ਦਿੱਤੀ ਸਾਰਣੀ ਅਤੇ ਪਿਛਲੇ ਪੰਨੇ ਤੇ ਦਿੱਤੇ ਭਾਰਤ ਦੇ ਨਕਸ਼ੇ ਵਿੱਚ ਦਰਸਾਏ ਗਏ ਹਨ।

**ਸਾਰਣੀ 1.2 ਭਾਰਤ ਦੀ ਜਨਸੰਖਿਆ ਦੀ ਨੁਹਾਰ**

| ਲੜੀ | ਨਾਮ (ਭਾਰਤ/ਰਾਜ/ ਸੰਘੀ ਖੇਤਰ) | ਰਾਜਧਾਨੀ | ਖੇਤਰਫ਼ਲ (ਵਰਗ ਕਿਲੋਮੀਟਰ) | ਕੁਲ ਜਨਸੰਖਿਆ | ਘਣਤਾ (ਪ੍ਰਤੀ ਵਰਗ ਕਿਲੋਮੀਟਰ) | ਸਾਖਰਤਾ (ਪ੍ਰਤੀਸ਼ਤ) |
|---|---|---|---|---|---|---|
| | ਭਾਰਤ | ਨਵੀ ਦਿੱਲੀ | 32,87,240 | 1,21,01,93,422 | 382 | 74.04 |
| (ੳ) ਰਾਜ | | | | | | |
| 1. | ਆਂਧਰਾ ਪ੍ਰਦੇਸ | ਹੈਦਰਾਬਾਦ | 1,60,205 | 4,93,18,668 | – | – |
| 2. | ਅਰੁਨਾਚਲ ਪ੍ਰਦੇਸ਼ | ਈਟਾਨਗਰ | 83,743 | 13,82,611 | 17 | 66.95 |
| 3. | ਆਸਾਮ | ਦਿਸਪੁਰ | 78,438 | 31,169,272 | 397 | 73.18 |
| 4. | ਬਿਹਾਰ | ਪਟਨਾ | 94,163 | 103,804,637 | 1102 | 63.82 |
| 5. | ਛੱਤੀਸਗੜ੍ਹ | ਰਾਇਪੁਰ | 1,35,191 | 25,540,196 | 189 | 71.04 |
| 6. | ਗੋਆ | ਪਨਜੀ | 3,702 | 1,457,723 | 394 | 87.40 |
| 7. | ਗੁਜਰਾਤ | ਗਾਂਧੀਨਗਰ | 1,96,024 | 60,383,628 | 308 | 79.31 |
| 8. | ਹਰਿਆਣਾ | ਚੰਡੀਗੜ੍ਹ | 44,212 | 25,353,081 | 573 | 76.64 |
| 9. | ਹਿਮਾਚਲ ਪ੍ਰਦੇਸ | ਸਿਮਲਾ | 55,673 | 6,856,509 | 123 | 83.78 |
| 10. | ਝਾਰਖੰਡ | ਰਾਂਚੀ | 79,714 | 32,966,238 | 414 | 67.63 |
| 11. | ਕਰਨਾਟਕ | ਬੰਗਲੌਰ | 1,91,791 | 61,130,704 | 319 | 75.60 |
| 12. | ਕੇਰਲਾ | ਤ੍ਰਿਵੇਂਦਰਮ (ਤਿਰੁਵਨੰਤ-ਪੁਰਮ) | 38,863 | 33,387,677 | 859 | 93.91 |
| 13. | ਮੱਧ ਪ੍ਰਦੇਸ | ਭੋਪਾਲ | 3,08,245 | 72,597, 565 | 236 | 70.63 |
| 14. | ਮਹਾਰਾਸਟਰ | ਮੁੰਬਈ | 3,07,713 | 1,12,372,972 | 365 | 82.91 |

| | | | | | | |
|---|---|---|---|---|---|---|
| 15. | ਮਨੀਪੁਰ | ਇੰਫ਼ਾਲ | 22,327 | 2,721,756 | 122 | 79.85 |
| 16. | ਮੇਘਾਲਿਆ | ਸ਼ੀਲਾਂਗ | 22,492 | 2,96,4007 | 132 | 75.5 |
| 17. | ਮਿਜ਼ੋਰਮ | ਆਈਜੋਲ | 21,081 | 1,091,014 | 52 | 91.58 |
| 18. | ਨਾਗਾਲੈਂਡ | ਕੋਹੀਮਾ | 16,579 | 1,980,602 | 119 | 80.11 |
| 19. | ਉੜੀਸਾ (ਓਡੀਸ਼ਾ) | ਭੁਵਨੇਸਵਰ | 1,55,707 | 4,19,47,358 | 209 | 73.45 |
| 20. | ਪੰਜਾਬ | ਚੰਡੀਗੜ੍ਹ | 50,362 | 27,704,236 | 550 | 76.68 |
| 21. | ਰਾਜਸਥਾਨ | ਜੈਪੁਰ | 3,42,239 | 68,621,012 | 201 | 67.02 |
| 22. | ਸਿੱਕਿਮ | ਗਾਤੋਕ | 7096 | 607,688 | 86 | 82.20 |
| 23. | ਤਾਮਿਲਨਾਡੂ | ਚੇਨੱਈ | 1,30,058 | 72,138,958 | 555 | 80.33 |
| 24. | ਤੇਲੰਗਾਨਾ | ਹੈਦਰਾਬਾਦ | 1,14,840 | 3,53,46,865 | – | – |
| 25. | ਤ੍ਰਿਪੁਰਾ | ਅਗਰਤਲਾ | 10,486 | 3,671,032 | 350 | 87.75 |
| 26. | ਉਤਰਾਖੰਡ | ਦੇਹਰਾਦੂਨ | 53,483 | 10,116,752 | 189 | 79.63 |
| 27. | ਉੱਤਰ ਪ੍ਰਦੇਸ | ਲਖਨਊ | 2,40,928 | 199,581,477 | 828 | 69.72 |
| 28. | ਪੱਛਮੀ ਬੰਗਾਲ | ਕੋਲਕਾਤਾ (ਕਲਿਕਾਤਾ) | 88,752 | 9,13,47,736 | 947 | 77.08 |
| (ਅ) | **ਕੇਂਦਰੀ ਪ੍ਰਬੰਧ ਅਧੀਨ ਖੇਤਰ** | | | | | |
| 1. | ਅੰਡੇਮਾਨ ਤੇ ਨਿਕੋਬਾਰ ਦੀਪ | ਪੋਰਟ ਬਲੇਅਰ | 8,249 | 379,944 | 46 | 86.27 |
| 2. | ਚੰਡੀਗੜ੍ਹ | ਚੰਡੀਗੜ੍ਹ | 114 | 1,054,686 | 9252 | 86.43 |
| 3. | ਦਾਦਰਾ ਤੇ ਨਗਰ ਹਵੇਲੀ ਅਤੇ ਦਮਨ ਤੇ ਦਿਉ | ਦਮਨ | 603 | 5,85,764 | 972 | 82.36 |
| 4. | ਦਿੱਲੀ (ਨੈਸ਼ਨਲ ਕੈਪੀਟਲ ਟੈਰੀਟਰੀ) (N.C.T.) | ਦਿੱਲੀ | 1,483 | 16,753,235 | 9340 | 86.34 |
| 5. | ਲਕਸ਼ਦੀਪ | ਕਵਰਤਿ | 32 | 64,429 | 2013 | 92.28 |
| 6. | ਪੁਡੂਚੇਰੀ | ਪੁਡੂਚੇਰੀ | 479 | 1,244,414 | 2598 | 86.56 |
| 7. | ਜੰਮੂ ਤੇ ਕਸਮੀਰ | ਸ੍ਰੀਨਗਰ | 2,22,236 (ਸਾਂਝਾ) | 1,25,48,926 (ਸਾਂਝਾ) | 56 (ਸਾਂਝਾ) | 68.74 (ਸਾਂਝਾ) |
| 8. | ਲਦਾਖ | ਲੇਹ | | | | |

**ਮੁੱਢਲਾ ਸਰੋਤ**—ਸੈਨਸਜ਼ ਆਫ ਇੰਡੀਆ (2011): "ਪ੍ਰਾਵੀਜ਼ਨਲ ਪਾਪੂਲੇਸ਼ਨ ਸਟੈਟੇਸਟਿਕਸ", ਇੰਡੀਆ ਸੀਰੀਜ 1, ਪੇਪਰ ਆਫ਼ 2011, ਇੰਡੀਆ ਰਜਿਸਟਰਾਰ ਜਨਰਲ ਐਂਡ ਸੈਨਸਜ਼ ਕਮਿਸ਼ਨਰ ਭਾਰਤ, ਨਿਊ ਦਿੱਲੀ।

ਉਪਰੋਕਤ ਪ੍ਰਾਦੇਸ਼ਿਕ ਜਾਣਕਾਰੀ ਤੋਂ ਇਲਾਵਾ ਦੇਸ਼ ਵਿੱਚ ਸੰਸਾਰ ਦੀ ਸਭ ਤੋਂ ਵੱਡੀ ਲੋਕ ਰਾਜ ਗਣਤੰਤਰੀ ਪ੍ਰਣਾਲੀ (Democratic Republic System) ਵੀ 26 ਜਨਵਰੀ, 1950 ਤੋਂ ਹੋਂਦ ਵਿੱਚ ਆਈ ਹੋਈ ਹੈ ਜਿਸ ਵਿੱਚ ਰਾਸ਼ਟਰਪਤੀ ਦੇਸ਼ ਦਾ ਮੁਖੀ ਹੈ ਅਤੇ ਇਸ ਦੀ ਚੋਣ ਪੰਜ ਸਾਲਾਂ ਲਈ ਸੰਸਦ ਅਤੇ ਰਾਜਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੁਆਰਾ ਕੀਤੀ ਜਾਂਦੀ ਹੈ। ਭਾਰਤੀ ਸੰਸਦ ਉਪਰਲੇ ਅਤੇ ਹੇਠਲੇ ਦੋ ਸਦਨਾਂ ਵਿੱਚ ਵੰਡੀ ਹੋਈ ਹੈ। ਉਪਰਲਾ ਸਦਨ 'ਰਾਜ ਸਭਾ' ਅਖਵਾਉਂਦਾ ਹੈ। ਹੇਠਲੇ ਸਦਨ ਨੂੰ 'ਲੋਕ ਸਭਾ' ਕਿਹਾ ਜਾਂਦਾ ਹੈ।

**ਜਨਸੰਖਿਆ ਦਾ ਸਰੂਪ (Population Profile)**

ਵਸੋਂ ਅਨੁਸਾਰ ਭਾਰਤ ਚੀਨ ਤੋਂ ਬਾਅਦ ਸੰਸਾਰ ਦਾ ਦੂਸਰਾ ਵੱਡਾ ਦੇਸ਼ ਹੈ ਜੋ 2.2% ਖੇਤਰ ਵਿੱਚ ਕੁੱਲ ਦੁਨੀਆਂ ਦੀ ਆਬਾਦੀ ਦਾ 14.8% ਹਿੱਸਾ ਸੰਭਾਲਦਾ ਹੈ। 2011 ਦੀ ਮਰਦਮਸ਼ੁਮਾਰੀ ਮੁਤਾਬਕ ਭਾਰਤ ਦੀ ਕੁੱਲ ਜਨਸੰਖਿਆ 121 ਕਰੋੜ 01 ਲੱਖ 93 ਹਜ਼ਾਰ 422 ਸੀ ਜਿਸ ਵਿੱਚ 62.4 ਕਰੋੜ ਪੁਰਸ਼ ਅਤੇ 58.1 ਕਰੋੜ ਇਸਤਰੀਆਂ ਸਨ। ਇਸੇ ਤਰ੍ਹਾਂ 2011 ਦੀ ਜਨਗਣਨਾ ਮੁਤਾਬਕ ਭਾਰਤ ਦੀ ਜਨਸੰਖਿਆ ਦੀ ਘਣਤਾ 382 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਸੀ। ਪੜ੍ਹੇ-ਲਿਖਿਆਂ ਦੀ ਗਿਣਤੀ ਕੇਵਲ 65.38 ਪ੍ਰਤੀਸ਼ਤ ਸੀ ਅਤੇ ਲਿੰਗ ਅਨੁਪਾਤ ਵਿੱਚ 1000 ਮਰਦਾਂ ਦੇ ਮੁਕਾਬਲੇ ਵਿੱਚ ਕੇਵਲ 940 ਇਸਤਰੀਆਂ ਸਨ।

ਭਾਰਤ ਦੀ ਜਨਸੰਖਿਆ ਬਹੁਤ ਤੇਜ਼ੀ ਨਾਲ ਵੱਧ ਰਹੀ ਹੈ। ਇਕ ਅਨੁਮਾਨ ਅਨੁਸਾਰ ਭਾਰਤ ਵਿੱਚ ਲਗਪਗ 2 ਕਰੋੜ ਲੋਕ ਹਰੇਕ ਸਾਲ ਵੱਧ ਜਾਂਦੇ ਹਨ ਜੋ ਕਿ ਆਸਟ੍ਰੇਲੀਆ ਦੀ ਪੂਰੀ ਆਬਾਦੀ ਤੋਂ ਵੀ ਵੱਧ ਹਨ।

**ਖੇਤਰੀ ਭਿੰਨਤਾਵਾਂ (Regional Diversities)**

ਭਾਰਤ ਦਾ ਵਿਸ਼ਾਲ ਖੇਤਰ ਹੋਣ ਕਰਕੇ ਹੀ ਇਸ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਭਿੰਨਤਾਵਾਂ ਮਿਲਦੀਆਂ ਹਨ। ਇਸ ਕਰਕੇ ਇਸ ਨੂੰ ਕਈ ਵਾਰ ਅਨੇਕਤਾਵਾਂ ਦਾ ਦੇਸ਼ ਵੀ ਕਿਹਾ ਜਾਂਦਾ ਹੈ। ਇਹ ਅਨੇਕਤਾਵਾਂ ਮੁੱਖ ਤੌਰ ਤੇ ਇਨਾਂ ਤੱਥਾਂ ਦੁਆਰਾ ਪੈਦਾ ਕੀਤੀਆਂ ਜਾਂਦੀਆਂ ਹਨ—

1. **ਵਿਸ਼ਾਲ ਖੇਤਰ** : ਭਾਰਤ ਦਾ ਪੂਰਬ-ਪੱਛਮ ਅਤੇ ਉੱਤਰ-ਦੱਖਣ ਪਸਾਰ ਕਾਫ਼ੀ ਹੋਣ ਕਰਕੇ ਹੀ ਇਥੇ ਵੱਧ ਮਾਤਰਾ ਵਿੱਚ ਅਨੇਕਤਾਵਾਂ ਮਿਲਣੀਆਂ ਸੁਭਾਵਕ ਹਨ। ਵਿਸ਼ਾਲ ਭੂਗੋਲਿਕ ਖੇਤਰਫਲ ਹੋਣ ਕਰਕੇ ਹੀ ਇਸ ਨੂੰ ਉਪ-ਮਹਾਂਦੀਪ ਦਾ ਦਰਜਾ ਹਾਸਲ ਹੈ ਜਿਸ ਵਿੱਚ ਹਰੇਕ ਖੇਤਰ ਦੇ ਕੁਦਰਤੀ ਅਤੇ ਮਨੁੱਖੀ ਤੱਤਾਂ ਵਿੱਚ ਅੰਤਰ ਸਪੱਸ਼ਟ ਨਜ਼ਰ ਆਉਂਦਾ ਹੈ।

2. **ਧਰਾਤਲ (Relief)** : ਭਾਰਤ ਵਿੱਚ ਇਕ ਪਾਸੇ ਸੰਸਾਰ ਦੇ ਸਭ ਤੋਂ ਪੁਰਾਤਨ ਪਹਾੜਾਂ ਵਿੱਚੋਂ ਅਰਾਵਲੀ ਪਰਬਤ ਮੌਜੂਦ ਹਨ ਅਤੇ ਦੂਸਰੇ ਪਾਸੇ ਉੱਤਰ ਵਿੱਚ ਹਿਮਾਲਿਆ ਪਰਬਤ ਨਵੇਂ ਜਨਮੇ ਮੋੜਦਾਰ ਪਰਬਤ ਹਨ। ਇਸੇ ਤਰ੍ਹਾਂ ਦੱਖਣ ਵੱਲ ਸਖ਼ਤ ਅਤੇ ਪੁਰਾਤਨ ਚਟਾਨਾਂ ਦੀ ਬਣੀ ਹੋਈ ਪ੍ਰਾਇਦੀਪੀ ਪਠਾਰ ਹੈ ਜਿਸ ਨਾਲ ਹੀ ਹਿਮਾਲਿਆ ਪਰਬਤ ਸ਼੍ਰੇਣੀਆਂ ਵਿੱਚੋਂ ਨਿਕਲਣ ਵਾਲੀਆਂ ਨਦੀਆਂ ਦੁਆਰਾ ਲਿਆਂਦੀ ਮਿੱਟੀ ਦੇ ਵਿਛਾਅ ਨਾਲ ਸਤਲੁਜ-ਗੰਗਾ-ਬ੍ਰਹਮਪੁੱਤਰ ਦੇ ਵਿਸ਼ਾਲ ਤੇ ਉਪਜਾਊ ਮੈਦਾਨਾਂ ਦਾ ਨਿਰਮਾਣ ਵੀ ਮਿਲਦਾ ਹੈ।

3. **ਜਲਵਾਯੂ (Climate)** : (ੳ) ਭਾਰਤ ਦੇ ਮੱਧ ਵਿੱਚੋਂ ਦੀ ਕਰਕ ਰੇਖਾ (Tropic of Cancer) ਲੰਘ ਰਹੀ ਹੈ ਜਿਸ ਦੇ ਉੱਤਰੀ ਭਾਗਾਂ ਵਿੱਚ ਸ਼ੀਤ ਊਸ਼ਣ ਕਿਸਮ (Temperate Type) ਦੀ ਜਲਵਾਯੂ ਮਿਲਦੀ ਹੈ। ਇਸਦੇ ਕਈ ਖੇਤਰ ਸਮੁੰਦਰ ਤੋਂ ਜ਼ਿਆਦਾ ਦੂਰ ਹੋਣ ਕਰਕੇ ਕਈ ਵਾਰ ਮਹਾਂਦੀਪੀ ਜਲਵਾਯੂ ਦਾ ਅਸਰ ਗ੍ਰਹਿਣ ਕਰ ਜਾਂਦੇ ਹਨ ਜਦੋਂ ਕਿ ਕਰਕ ਰੇਖਾ ਦੇ ਦੱਖਣੀ ਭਾਗ ਭੂ-ਮੱਧ ਰੇਖਾ ਦੇ ਪਾਸ ਹੋਣ ਕਰਕੇ ਊਸ਼ਣ ਕਿਸਮ ਦੇ ਜਲਵਾਯੂ ਦੇ ਅੰਦਰ

ਹੇਠ ਰਹਿੰਦੇ ਹਨ। ਤਿੰਨੋਂ ਪਾਸੇ ਸਮੁੰਦਰ ਦੀ ਹੋਂਦ ਹੋਣ ਕਰਕੇ ਤਾਪਮਾਨ 40°C ਤੋਂ ਘੱਟ ਹੀ ਰਹਿੰਦਾ ਹੈ ਇਸ ਕਰਕੇ ਦੱਖਣ ਦੀ ਪਠਾਰ ਦਾ ਜਲਵਾਯੂ ਗਰਮ ਤੇ ਸੁਹਾਵਣਾ ਕਿਸਮ ਦਾ ਹੁੰਦਾ ਹੈ।

(ਅ) ਵਰਖਾ ਪੱਖੋਂ ਉੱਤਰ ਪੂਰਬ ਵਿੱਚ ਬਹੁਤ ਜ਼ਿਆਦਾ ਵਰਖਾ ਹੁੰਦੀ ਹੈ ਜਿਥੇ ਕਿ ਮਾਇਸਨਰਾਮ ਤੇ ਚਿਰਾਪੂੰਜੀ ਸੰਸਾਰ ਦੇ ਸਭ ਤੋਂ ਵੱਧ ਵਰਖਾ ਵਾਲੇ ਇਲਾਕਿਆਂ ਵਿੱਚ ਗਿਣੇ ਜਾਂਦੇ ਹਨ ਜਦ ਕਿ ਭਾਰਤ ਦੇ ਧੁਰ ਪੱਛਮ ਵਿੱਚ ਥਾਰ ਮਾਰੂਥਲ ਦੇ ਖੇਤਰ ਖੁਸ਼ਕ ਹੀ ਰਹਿੰਦੇ ਹਨ।

4. **ਪ੍ਰਵਾਸ (Migration) :** ਹਜ਼ਾਰਾਂ ਸਾਲਾਂ ਤੋਂ ਭਾਰਤ ਵਿੱਚ ਵੱਖ-ਵੱਖ ਕਬੀਲੇ, ਜਾਤੀਆਂ, ਧਰਮ ਪ੍ਰਚਾਰਕ, ਸੈਨਿਕ ਕਾਫ਼ਲੇ ਅਤੇ ਹੁਕਮਰਾਨ ਗੁਆਂਢੀ ਅਤੇ ਬਾਹਰ ਦੂਰ-ਦੂਰ ਦੇ ਦੇਸ਼ਾਂ ਤੋਂ ਵੱਖ-ਵੱਖ ਰਸਤਿਆਂ ਰਾਹੀਂ ਪ੍ਰਵੇਸ਼ ਕਰਦੇ ਰਹੇ ਅਤੇ ਵਸਦੇ ਰਹੇ ਹਨ। ਉੱਤਰ-ਪੂਰਬੀ ਖੇਤਰਾਂ ਵਿੱਚ ਮੱਧ ਏਸ਼ੀਆ ਤੋਂ ਚੀਨ ਰਾਹੀਂ ਆਈ ਮੰਗੋਲ ਜਾਤੀ; ਉੱਤਰ-ਪੱਛਮੀ ਹਿਮਾਲਿਆਈ ਖੇਤਰਾਂ ਵਿੱਚ ਤਿੱਬਤੀ ਲੋਕ; ਉੱਤਰ-ਪੱਛਮੀ ਮੈਦਾਨੀ ਭਾਗਾਂ ਵਿੱਚ ਪੱਛਮੀ ਏਸ਼ਿਆਈ ਖੇਤਰਾਂ ਤੋਂ ਖ਼ੈਬਰ ਅਤੇ ਬੋਲਾਨ ਦੱਰ੍ਹਿਆਂ (Passes) ਰਾਹੀਂ ਆਏ ਖਾਸ ਕਰਕੇ ਆਰੀਅਨ ਅਤੇ ਮੁਸਲਮ ਜਾਤੀਆਂ ਦੇ ਲੋਕ; ਦੱਖਣੀ ਭਾਰਤ ਦੇ ਪਹਾੜੀ ਭਾਗਾਂ ਵਿੱਚ ਗਏ ਦਰਾਵਿੜ ਜਾਤੀ ਦੇ ਕਬੀਲੇ ਅਤੇ ਤਾਮਿਲਨਾਡੂ ਵਿੱਚ ਸ੍ਰੀ ਲੰਕਾ ਤੋਂ ਆਏ ਤਾਮਿਲ ਜਾਤੀ ਦੇ ਲੋਕਾਂ ਦੇ ਵੱਡੇ-ਵੱਡੇ ਸਮੂਹ ਮਿਲਦੇ ਹਨ।

5. **ਸਭਿਆਚਾਰ (Culture) :** ਦੇਸ਼ ਦੇ ਵੱਖ-ਵੱਖ ਇਲਾਕਿਆਂ ਵਿੱਚ ਵੱਖੋ-ਵੱਖਰੀਆਂ ਜਾਤੀਆਂ ਅਤੇ ਧਾਰਮਿਕ ਲੋਕ ਮਿਲਣ ਕਰਕੇ ਲੋਕਾਂ ਦੀ ਬੋਲੀ, ਰਹਿਣ ਸਹਿਣ, ਪਹਿਰਾਵਾ, ਖੁਰਾਕ ਆਦਤਾਂ, ਘਰਾਂ ਦੀ ਬਣਤਰ, ਲੋਕ ਗੀਤ, ਲੋਕ ਨਾਚ, ਮੇਲੇ, ਤਿਉਹਾਰ ਅਤੇ ਰੀਤੀ-ਰਿਵਾਜ ਆਦਿ ਵਿੱਚ ਸਪੱਸ਼ਟ ਭਿੰਨਤਾ ਮਿਲਦੀ ਹੈ। ਦੇਸ਼ ਵਿੱਚ ਲਗਪਗ 187 ਭਾਸ਼ਾਵਾਂ ਵਰਤੀਆਂ ਜਾਂਦੀਆਂ ਹਨ ਜਿਹਨਾਂ ਵਿੱਚੋਂ ਕੇਵਲ 23 ਭਾਸ਼ਾਵਾਂ ਦੇਸ਼ ਦੇ 97% ਭਾਗ ਵਿੱਚ ਬੋਲੀਆਂ ਜਾਂਦੀਆਂ ਹਨ। ਭਾਰਤੀ ਸੰਵਿਧਾਨ ਨੇ 22 ਭਾਸ਼ਾਵਾਂ ਨੂੰ ਕੌਮੀ ਭਾਸ਼ਾਵਾਂ ਵਜੋਂ ਮਾਨਤਾ ਦਿੱਤੀ ਹੋਈ ਹੈ। ਲੋਕ ਨਾਚ ਪੱਖੋਂ, ਦੇਸ਼ ਅੰਦਰ ਭਾਰਤ ਨਾਟਿਯਮ, ਕੱਥਕਲੀ, ਕੱਥਕ, ਕੁਚੀਪੁੜੀ ਅਤੇ ਮਣੀਪੁਰੀ ਦਾ ਵਿਕਾਸ ਕ੍ਰਮਵਾਰ ਦੱਖਣ, ਉੱਤਰ ਅਤੇ ਪੂਰਬੀ ਭਾਗਾਂ ਵਿੱਚ ਹੋਇਆ ਹੈ। ਧਰਮ ਮੁਤਾਬਿਕ ਸੌਰਾਸ਼ਟਰ ਵਿੱਚ ਜੈਨੀ, ਹਿਮਾਲਿਅਨ ਖੇਤਰਾਂ ਵਿੱਚ ਬੋਧੀ, ਪੰਜਾਬ ਵਿੱਚ ਸਿੱਖ, ਕਸ਼ਮੀਰ ਅਤੇ ਤੇਲੰਗਗਾਨਾ ਵਿੱਚ ਮੁਸਲਿਮ ਅਤੇ ਉੱਤਰ ਪੂਰਬ ਵਿੱਚ ਈਸਾਈ ਧਰਮਾਂ ਦੇ ਪੈਰੋਕਾਰ ਵਧੇਰੇ ਗਿਣਤੀ ਵਿੱਚ ਮਿਲਦੇ ਹਨ।

ਖੇਤੀਬਾੜੀ ਬਾਰੇ ਜਲੋਢੀ ਮਿੱਟੀਆਂ ਵਾਲੇ ਵਿਸ਼ਾਲ ਮੈਦਾਨਾਂ ਦੇ ਉਪਜਾਊਪਣ, ਮਸ਼ੀਨੀਕਰਣ, ਸੁਚਾਰੂ ਜਲ ਪੂਰਤੀ ਵਿਵਸਥਾ ਅਤੇ ਵਿਕਸਤ ਆਵਾਜਾਈ ਆਦਿ ਦੀਆਂ ਸਹੂਲਤਾਂ ਨੇ ਸਥਾਈ ਖੇਤੀ ਦੀ ਵਿਵਸਥਾ ਨੂੰ ਆਧੁਨਿਕ ਲੀਹਾਂ ਤੇ ਚਲਾ ਦਿੱਤਾ ਹੈ। ਦੂਸਰੇ ਪਾਸੇ ਦੇਸ਼ ਦੇ ਖੁਸ਼ਕ ਰਾਜਸਥਾਨੀ ; ਮੱਧਵਰਤੀ ਵਿੰਧਿਆਚਲ ਤੇ ਮੈਕਾਲ ਪਰਬਤੀ ਪ੍ਰਦੇਸ਼, ਛੋਟੇ ਨਾਗਪੁਰ ਦੀ ਪਠਾਰ ; ਅਤੇ ਉੱਤਰ ਪੂਰਬੀ ਪਹਾੜੀ ਤੇ ਪਠਾਰੀ ਖੇਤਰਾਂ ਵਿੱਚ ਅਜੇ ਵੀ ਅਸਥਾਈ ਖੇਤੀ ਕੀਤੀ ਜਾਂਦੀ ਹੈ ਜਿੱਥੇ ਕਿ ਵੱਖ-ਵੱਖ ਸਭਿਆਚਾਰ ਤੇ ਸੰਸਕ੍ਰਿਤੀ ਵਾਲੇ ਆਦਿਵਾਸੀ ਲੋਕਾਂ ਦੇ (Tribal Population) ਦੇ ਵੱਖੋ-ਵੱਖਰੇ ਸਮੂਹ ਮਿਲਦੇ ਹਨ।

**ਅਨੇਕਤਾ ਵਿੱਚ ਏਕਤਾ (Unity in Diversity)**

ਉਪਰੋਕਤ ਤੱਥਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਭਾਰਤ ਅਨੇਕਤਾਵਾਂ ਦਾ ਦੇਸ਼ ਹੈ। ਇਸ ਦੇ ਕੁਦਰਤੀ, ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਤੱਤਾਂ ਵਿੱਚ ਭਿੰਨਤਾਵਾਂ ਮਿਲਦੀਆਂ ਹਨ। ਇੰਨੀਆਂ ਭਿੰਨਤਾਵਾਂ ਹੋਣ ਦੇ ਬਾਵਜੂਦ ਭਾਰਤੀ ਸਮਾਜ ਵਿੱਚ ਵਿਲੱਖਣ ਏਕਤਾ ਵੀ ਮਿਲਦੀ ਹੈ। ਮੋਟੇ ਤੌਰ ਤੇ ਦੇਸ਼ ਦੇ ਕੁਦਰਤੀ ਅਤੇ ਸਭਿਆਚਾਰਕ ਤੱਤਾਂ ਵਿੱਚ ਨਿਰੰਤਰ ਰੂਪ ਵਿੱਚ ਤਬਦੀਲੀ ਹੋਣ ਕਾਰਨ ਹੀ ਇਕਰੂਪਤਾ ਦੀ ਸਥਿਤੀ ਪੈਦਾ ਹੋਈ ਹੈ। ਦੇਸ਼ ਅੰਦਰ ਏਕਤਾ ਪ੍ਰਦਾਨ ਕਰਨ ਵਾਲੇ ਤੱਤ ਇਸ ਪ੍ਰਕਾਰ ਹਨ—

1. ਮੌਨਸੂਨੀ ਰੁੱਤ (Monsoon Season) : ਸਾਡਾ ਦੇਸ਼ ਊਸ਼ਣ-ਮੌਨਸੂਨੀ ਜਲਵਾਯੂ ਵਾਲਾ ਖੇਤੀ ਪ੍ਰਧਾਨ ਦੇਸ਼ ਹੈ ਜਿੱਥੇ ਰੁੱਤਾਂ ਦਾ ਕ੍ਰਮ ਲਗਪਗ ਇੱਕੋ ਜਿਹਾ ਹੀ ਮਿਲਦਾ ਹੈ। ਦੇਸ਼ ਦੀ ਜ਼ਿਆਦਾ ਵਰਖਾ ਗਰਮੀ ਦੀ ਰੁੱਤ ਵਿੱਚ ਹੁੰਦੀ ਹੈ। ਇਸ ਲਈ ਸਾਰੇ ਦੇਸ਼ ਦੀ ਖੇਤੀਬਾੜੀ ਅਤੇ ਆਰਥਿਕਤਾ ਮੌਨਸੂਨ ਪੌਣਾਂ ਦੀ ਆਮਦ ਤੇ ਨਿਰਭਰ ਕਰਦੀ ਹੈ। ਇਹ ਪੌਣਾਂ ਇਕ ਪਾਸੇ ਭਾਰਤ ਦੇ ਵਿਸ਼ਾਲ ਮੈਦਾਨਾਂ ਦੀ ਖੇਤੀ ਯੋਗ ਭੂਮੀ ਲਈ ਪਾਣੀ ਪ੍ਰਦਾਨ ਕਰਦੀਆਂ ਹਨ ਉੱਥੇ ਨਾਲ ਹੀ ਪਹਾੜੀ ਖੇਤਰਾਂ ਵਿੱਚ ਪਾਣੀ ਦੇ ਜਮ੍ਹਾਂ ਭੰਡਾਰਾਂ ਦੇ ਉੱਚੇ ਸੱਤਰ ਨਾਲ ਬਿਜਲੀ ਦੀ ਸਪਲਾਈ ਯਕੀਨੀ ਬਣਾ ਕੇ ਸ਼ਹਿਰੀ ਅਤੇ ਪੇਂਡੂ ਜਨਸੰਖਿਆ ਲਈ ਰੋਜ਼ੀ-ਰੋਟੀ ਮੁਹੱਈਆ ਕਰਨ ਵਿੱਚ ਮਦਦ ਕਰਦੀਆਂ ਹਨ। ਇਸ ਕਰਕੇ ਸਾਰੇ ਦੇਸ਼ ਵਿੱਚ ਲੋਕ ਮੌਨਸੂਨ ਪੌਣਾਂ ਦੀ ਆਮਦ ਦਾ ਬਹੁਤ ਬੇਸਬਰੀ ਨਾਲ ਇੰਤਜ਼ਾਰ ਕਰਦੇ ਰਹਿੰਦੇ ਹਨ।

2. ਧਾਰਮਿਕ ਸੰਸਕ੍ਰਿਤੀ (Religious Culture) :

(*i*) ਧਰਮ ਸਥਾਨ (Religious Places) : ਦੇਸ਼ ਵਿੱਚ ਅਨੇਕਾਂ ਧਰਮ ਪ੍ਰਚਲਤ ਹਨ ਅਤੇ ਇਹਨਾਂ ਨੂੰ ਮੰਨਣ ਵਾਲੇ ਸ਼ਰਧਾਲੂ ਵੀ ਦੇਸ਼ ਦੇ ਵੱਖ-ਵੱਖ ਖੇਤਰਾਂ ਵਿੱਚ ਫੈਲੇ ਹੋਏ ਹਨ ਪਰ ਇਹ ਧਾਰਮਿਕ ਸਥਾਨ ਰੂਹਾਨੀ ਖਿੱਚ ਦਾ ਕੇਂਦਰ ਹੋਣ ਕਰਕੇ ਅਲੱਗ-ਅਲੱਗ ਸਥਾਨਾਂ ਤੇ ਰਹਿਣ ਵਾਲੇ ਹਜ਼ਾਰਾਂ ਲੋਕਾਂ ਨੂੰ ਵੱਖ-ਵੱਖ ਸਮੇਂ ਤੇ ਇਕੱਠਾ ਕਰਕੇ ਧਾਰਮਿਕ ਇਕੱਠ ਰਾਹੀਂ ਇਕਾਗਰ ਭਾਵਨਾ ਜਾਗਰਤ ਕਰਨ ਵਿੱਚ ਮਦਦ ਕਰਦੇ ਹਨ। ਦੇਸ਼ ਦੇ ਤਿਰੂਪਤੀ, ਜਗਨਨਾਥ ਪੁਰੀ, ਬਨਾਰਸ, ਬਦਰੀਨਾਥ, ਅਮਰਨਾਥ ਜਿਹੇ ਪਵਿੱਤਰ ਸਥਾਨਾਂ ਦੀ ਪੂਜਾ ਕਰਨ ਲਈ ਦੇਸ਼ ਦੇ ਹਰ ਕੋਨੇ ਤੋਂ ਹਿੰਦੂ ਲੋਕ ਆਉਂਦੇ ਹਨ। ਇਸੇ ਤਰ੍ਹਾਂ ਅਜਮੇਰ ਦੀ ਚਿਸ਼ਤੀ ਦੀ ਦਰਗਾਹ, ਦਿੱਲੀ ਦੀ ਜਾਮਾ ਮਸਜਿਦ, ਬੀਬੀ ਦਾ ਮਕਬਰਾ ਆਦਿ ਥਾਵਾਂ ਤੇ ਸਾਰੇ ਦੇਸ਼ ਤੇ ਮੁਸਲਮਾਨ ਮੰਨਤਾਂ ਮੰਨਦੇ ਅਤੇ ਇਬਾਦਤ ਕਰਦੇ ਹਨ। ਸਿੱਖ ਧਰਮ ਨੂੰ ਮੰਨਣ ਵਾਲੇ ਹਰਿਮੰਦਰ ਸਾਹਿਬ (ਸ੍ਰੀ ਅੰਮ੍ਰਿਤਸਰ ਸਾਹਿਬ), ਪਟਨਾ ਸਾਹਿਬ, ਹੇਮਕੁੰਟ ਸਾਹਿਬ, ਹਜ਼ੂਰ ਸਾਹਿਬ (ਨਾਂਦੇੜ) ਜਿਹੇ ਸਥਾਨਾਂ ਤੇ ਸਾਰੇ ਭਾਰਤ ਦੇ ਵੱਖ-ਵੱਖ ਭਾਗਾਂ ਤੋਂ ਦਰਸ਼ਨ ਕਰਨ ਜਾਂਦੇ ਹਨ। ਦਿਲਚਸਪ ਗੱਲ ਇਹ ਹੈ ਕਿ ਚਾਹੇ ਹਿੰਦੂ ਦੇਵੀ ਦੇਵਤਿਆਂ ਦੇ ਮੰਦਰ ਹੋਣ, ਪੀਰਾਂ-ਫ਼ਕੀਰਾਂ ਦੀਆਂ ਦਰਗਾਹਾਂ ਹੋਣ ਜਾਂ ਫਿਰ ਗੁਰਦਵਾਰੇ ਹੋਣ, ਇਹਨਾਂ ਸਭ ਥਾਵਾਂ ਉੱਤੇ ਹਿੰਦੂ-ਮੁਸਲਿਮ-ਸਿੱਖ ਆਦਿ ਧਰਮਾਂ ਦੇ ਲੋਕ ਮਿਲਕੇ ਪੂਜਾ ਕਰਦੇ ਦੇਖੇ ਜਾਂਦੇ ਹਨ ਜੋ ਕਿ ਸਾਂਝ ਦੀ ਇਕ ਅਮਿਟ ਉਦਾਹਰਣ ਹੈ।

(*ii*) ਧਾਰਮਿਕ ਸੰਤ ਅਤੇ ਭਗਤ (Religious Saints) : ਧਾਰਮਿਕ ਸਥਾਨਾਂ ਤੋਂ ਇਲਾਵਾ ਧਾਰਮਿਕ ਗੁਰੂ ਪੀਰ, ਪੈਗੰਬਰ ਤੇ ਸੂਫ਼ੀ ਸੰਤ ਆਪਣੇ ਰੂਹਾਨੀ ਸਤਸੰਗ ਅਤੇ ਉਪਦੇਸ਼ਾਂ ਦੁਆਰਾ ਭਾਈਚਾਰਕ ਏਕਤਾ ਪੈਦਾ ਕਰਕੇ ਸਭਿਆਚਾਰਕ ਸੰਯੋਗ (Cultural Fusion) ਨੂੰ ਇਕ ਦ੍ਰਿੜ੍ਹ ਆਧਾਰ ਪ੍ਰਦਾਨ ਕਰਦੇ ਰਹੇ ਹਨ। ਭਗਤ ਕਬੀਰ, ਗੁਰੂ ਨਾਨਕ, ਤੁੱਕਾ ਰਾਮ, ਸੂਰਦਾਸ, ਚਿਸ਼ਤੀ ਅਤੇ ਰਾਮਾਨੁਜ ਜਿਹੇ ਸੰਤਾਂ ਨੇ ਦੇਸ਼ ਅੰਦਰ ਸਮੂਹਿਕ ਮਨੁੱਖ ਜਾਤੀ ਦੀ ਏਕਤਾ ਅਤੇ ਭਾਈਚਾਰੇ ਦਾ ਸੰਦੇਸ਼ ਦੇ ਕੇ ਸਭਿਆਚਾਰਕ ਏਕੀਕਰਨ ਦੀ ਲਹਿਰ ਨੂੰ ਮਜ਼ਬੂਤ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਅਲੱਗ-ਅਲੱਗ ਖੇਤਰਾਂ ਦੇ ਸੂਫ਼ੀ ਭਗਤਾਂ ਅਤੇ ਸੰਤਾਂ ਦੀ ਬਾਣੀ ਨੂੰ ਦਰਜ ਕਰਕੇ ਗੁਰੂ ਅਰਜਨ ਦੇਵ ਜੀ ਨੇ ਕਈ ਵਰ੍ਹਿਆਂ ਦੀ ਅਧਿਆਤਮਕ ਸੋਚ ਇਕ ਧਾਰਾ ਵਿੱਚ ਬੰਨਣ ਦੀ ਇਕ ਲਾਸਾਨੀ ਮਿਸਾਲ ਕਾਇਮ ਕੀਤੀ ਹੈ।

3. ਭਾਸ਼ਾ ਅਤੇ ਲੋਕ ਕਲਾ (Language and Art) : ਦੇਸ਼ ਦੇ ਵੱਖੋ-ਵੱਖਰੇ ਖੇਤਰਾਂ ਦੀ ਸੰਸਕ੍ਰਿਤੀ ਦੇ ਪ੍ਰਸਾਰ ਵਿੱਚ ਭਾਸ਼ਾ ਦਾ ਵੱਡਮੁਲਾ ਯੋਗਦਾਨ ਹੁੰਦਾ ਹੈ। ਪ੍ਰਾਚੀਨ ਸਮੇਂ ਦੌਰਾਨ ਵੈਦਿਕ ਕਾਲ ਸਮੇਂ ਵੇਦਾਂ ਦੇ ਮੰਤਰਾਂ ਦਾ ਉਚਾਰਣ ਕੇਵਲ ਇਕੋ ਸੰਸਕ੍ਰਿਤ ਭਾਸ਼ਾ ਦੁਆਰਾ ਹੀ ਕੀਤਾ ਜਾਂਦਾ ਹੈ। ਵੇਦ ਅਤੇ ਪੁਰਾਣਾਂ ਦਾ ਅਸਰ ਕਸ਼ਮੀਰ ਤੋਂ

ਲੈ ਕੇ ਸ੍ਰੀ ਲੰਕਾ ਤੱਕ ਰਾਜਸਥਾਨ ਤੋਂ ਮਨੀਪੁਰ ਤੱਕ ਮਿਲਣ ਦਾ ਮੁੱਖ ਕਾਰਣ ਕੇਵਲ ਇਕੋ ਇਕ ਭਾਸ਼ਾ ਸੰਸਕ੍ਰਿਤ ਹੈ। ਇਸ ਤੋਂ ਇਲਾਵਾ ਅੱਜ ਦੀਆਂ ਕਈ ਪ੍ਰਾਦੇਸ਼ਕ ਭਾਸ਼ਾਵਾਂ ਦਾ ਮੂਲ ਆਧਾਰ ਵੀ ਸੰਸਕ੍ਰਿਤ ਹੀ ਹੈ। ਮੱਧ ਕਾਲ ਸਮੇਂ ਦੌਰਾਨ ਭਾਰਤ ਦੇ ਵਿਸ਼ਾਲ ਖੇਤਰਾਂ ਵਿੱਚ ਫਾਰਸੀ (Persian) ਭਾਸ਼ਾ ਦਾ ਬੋਲ ਬਾਲਾ ਰਿਹਾ ਹੈ। ਫਾਰਸੀ ਅਤੇ ਸੰਸਕ੍ਰਿਤ ਦੇ ਸੁਮੇਲ ਰਾਹੀਂ ਨਵੀਂ ਜਨਮੀ ਭਾਸ਼ਾ ਉਰਦੂ (Urdu) ਨੂੰ ਦਿੱਲੀ ਦੇ ਹੁਕਮਰਾਨਾਂ ਨੇ ਮਾਨਤਾ ਪ੍ਰਦਾਨ ਕਰਕੇ ਦੇਸ਼ ਵਿੱਚ ਲਾਗੂ ਕਰ ਦਿੱਤਾ। ਅੱਜ ਵੀ ਇਸ ਭਾਸ਼ਾ ਨੂੰ ਹਿੰਦੋਸਤਾਨੀ ਭਾਸ਼ਾ ਕਿਹਾ ਜਾਂਦਾ ਹੈ। ਆਜ਼ਾਦੀ ਤੋਂ ਬਾਅਦ ਦੇਸ਼ ਦੇ ਹਰੇਕ ਹਿੱਸੇ ਵਿੱਚ ਅੰਗਰੇਜ਼ੀ ਅਤੇ ਹਿੰਦੀ ਪੜ੍ਹੀਆਂ ਅਤੇ ਲਿਖੀਆਂ ਜਾਂਦੀਆਂ ਹੋਣ ਕਰਕੇ ਦੇਸ਼ ਨੂੰ ਕੌਮੀ ਅਤੇ ਕੌਮਾਂਤਰੀ ਧਾਰਾ ਵਿੱਚ ਲਿਆਉਣ ਲਈ ਮਹੱਤਵਪੂਰਣ ਰੋਲ ਨਿਭਾ ਰਹੀਆਂ ਹਨ। ਦੇਸ਼ ਵਿੱਚ ਹਿੰਦੀ ਨੂੰ ਬੋਲਣ ਤੇ ਸਮਝਣ ਵਾਲਿਆਂ ਦੀ ਸੰਖਿਆ ਬਹੁਤ ਜ਼ਿਆਦਾ ਹੋਣ ਕਰਕੇ ਰਾਸ਼ਟਰੀ ਅਤੇ ਲਿੰਕ ਭਾਸ਼ਾ ਦਾ ਦਰਜਾ ਹਾਸਲ ਹੈ ਅਤੇ ਅੰਗਰੇਜ਼ੀ ਵੀ ਲਿੰਕ ਭਾਸ਼ਾ ਦਾ ਕੰਮ ਕਰਦੀ ਹੈ।

ਲੋਕ ਗਾਥਾਵਾਂ ਦੇ ਪੱਖੋਂ ਮੌਨਸੂਨ ਦੇ ਸੰਬੰਧ ਵਿੱਚ ਵੱਖ-ਵੱਖ ਸਥਾਨਾਂ ਤੇ ਗਾਏ ਜਾਣ ਵਾਲੇ ਲੋਕ ਗੀਤ ਵੀ ਇੱਕੋ ਜਿਹੇ ਹੀ ਹਨ ਜਿਵੇਂ ਪੰਜਾਬ ਦੀਆਂ ਤੀਆਂ, ਹਰਿਆਣੇ ਦਾ ਸਾਵਨ, ਭੋਜਪੁਰ ਦੀ ਕਜਰੀ ਤੇ ਬ੍ਰਜ ਦਾ ਮਲਹਾਰ ਆਦਿ। ਇਹਨਾਂ ਤੋਂ ਇਲਾਵਾ ਲਲਿਤ ਕਲਾਵਾਂ ਵਿੱਚ ਬੀਰ ਰਸ ਵਾਲੀਆਂ ਲੋਕ ਗਾਥਾਵਾਂ, ਲੋਕ ਨਾਚ, ਸੰਗੀਤ ਅਤੇ ਨਾਟਕਾਂ ਨੂੰ ਵੱਖੋ-ਵੱਖਰੇ ਮੇਲਿਆਂ, ਤਿਉਹਾਰਾਂ ਅਤੇ ਹੋਰ ਮੌਕਿਆਂ ਤੇ ਪੇਸ਼ ਕੀਤੇ ਜਾਣ ਕਰਕੇ ਆਪਸੀ ਆਦਾਨ-ਪ੍ਰਦਾਨ ਦੁਆਰਾ ਦੇਸ਼ ਵਿੱਚ ਇਕਸੁਰਤਾ ਦੀ ਧਾਰਾ ਪੈਦਾ ਕਰਦੇ ਰਹੇ ਹਨ। ਭਾਰਤੀ ਫਿਲਮਾਂ ਸਾਰੇ ਦੇਸ਼ ਦੇ ਅੰਦਰ ਹੀ ਨਹੀਂ ਸਗੋਂ ਆਸ-ਪਾਸ ਦੇ ਗੁਆਂਢੀ ਦੇਸ਼ਾਂ ਤੱਕ ਭਾਰਤ ਦੇ ਮਜ਼ਬੂਤ ਸਭਿਆਚਾਰ ਤੇ ਸੰਸਕ੍ਰਿਤੀ ਦਾ ਡੂੰਘਾ ਪ੍ਰਭਾਵ ਛੱਡਦੀਆਂ ਹਨ।

**4. ਆਵਾਜਾਈ ਅਤੇ ਸੰਚਾਰ ਦੇ ਸਾਧਨ (Means of Transport & Communication) :** ਦੇਸ਼ ਦੇ ਵੱਖ-ਵੱਖ ਭਾਗਾਂ ਵਿੱਚ ਇਹਨਾਂ ਸਾਧਨਾਂ ਦੇ ਵਿਕਾਸ ਨੇ ਏਕਤਾਮਈ ਪ੍ਰਭਾਵ ਲਿਆਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਰੇਲਾਂ ਅਤੇ ਸੜਕਾਂ ਨੇ ਪਿੰਡਾਂ ਨੂੰ ਸ਼ਹਿਰਾਂ ਨਾਲ ਅਤੇ ਦੁਰੇਡੇ ਪਹਾੜੀ ਖੇਤਰਾਂ ਨੂੰ ਵਿਕਸਿਤ ਇਲਾਕਿਆਂ ਨਾਲ ਜੋੜ ਕੇ ਬਾਜ਼ਾਰੀ ਵਸਤੂਆਂ ਦੇ ਆਦਾਨ ਪ੍ਰਦਾਨ ਨਾਲ ਖੇਤਰੀ ਰੁਕਾਵਟਾਂ ਨੂੰ ਤੋੜ ਦਿੱਤਾ ਹੈ। ਇਸ ਤਰ੍ਹਾਂ ਆਰਥਿਕ ਅਤੇ ਸਮਾਜਿਕ ਸੰਪਰਕ ਕਾਇਮ ਹੋਣ ਕਰਕੇ ਲੋਕ ਖੇਤਰੀ ਪ੍ਰਵਿਰਤੀਆਂ ਦੀ ਬਜਾਏ ਰਾਸ਼ਟਰੀ ਧਾਰਾ ਨਾਲ ਜੁੜ ਗਏ ਹਨ। ਦੂਰਦਰਸ਼ਨ, ਅਖ਼ਬਾਰ ਅਤੇ ਮੈਗਜ਼ੀਨਾਂ ਦੇ ਖੇਤਰ ਦਾ ਵਿਕਾਸ ਹੋਣ ਕਰਕੇ ਕੌਮੀ ਸੋਚ ਅਤੇ ਕੌਮੀ ਧਾਰਾ ਦਾ ਵਿਕਾਸ ਹੋਇਆ ਹੈ।

**5. ਸਥਾਨ ਬਦਲੀ (Migration) :** ਪਿੰਡਾਂ ਤੋਂ ਸ਼ਹਿਰਾਂ ਵਿੱਚ ਜਾ ਕੇ ਵੱਸਣ ਨਾਲ ਭਾਵੇਂ ਸ਼ਹਿਰੀ ਇਲਾਕਿਆਂ ਵਿੱਚ ਵੱਖ-ਵੱਖ ਸਥਾਨਾਂ ਤੇ ਵੱਖੋ-ਵੱਖਰੀਆਂ ਸ਼ਹਿਰੀ ਬਸਤੀਆਂ ਹੋਂਦ ਵਿੱਚ ਆਈਆਂ ਹਨ ਪਰ ਵੱਖ-ਵੱਖ ਧਾਰਮਿਕ ਤੇ ਸਮਾਜਿਕ ਸਮੂਹਾਂ ਦੇ ਇਕ ਸਥਾਨ ਤੇ ਇਕੱਠੇ ਰਹਿਣ-ਬਹਿਣ ਨੇ ਵੀ ਭਾਈਚਾਰਕ ਸਾਂਝ ਵਿੱਚ ਵਾਧਾ ਕੀਤਾ ਹੈ।

ਉਪਰੋਕਤ ਕਾਰਣਾਂ ਤੋਂ ਇਲਾਵਾ ਕੇਂਦਰ ਸਰਕਾਰ ਲੋਕ ਸੇਵਾਵਾਂ ਅਤੇ ਸੁਰੱਖਿਆ ਸੇਵਾਵਾਂ ਵਿੱਚ ਵੱਖ-ਵੱਖ ਭਾਗਾਂ ਦੇ ਲੋਕਾਂ ਨੂੰ ਨਿਯੁਕਤੀਆਂ ਪ੍ਰਧਾਨ ਕਰਦੀ ਹੈ, ਜਿਹਨਾਂ ਨੂੰ ਸੇਵਾ ਦੌਰਾਨ ਦੇਸ਼ ਦੇ ਵੱਖ-ਵੱਖ ਭਾਗਾਂ ਵਿੱਚ ਭੇਜਿਆ ਜਾਂਦਾ ਹੈ ਜਿਸ ਨਾਲ ਖੇਤਰੀ ਅਤੇ ਵਿਅਕਤੀਗਤ ਸੋਚ ਖ਼ਤਮ ਹੋ ਜਾਂਦੀ ਹੈ ਅਤੇ ਕੌਮੀ ਏਕੇ ਦੀ ਭਾਵਨਾ ਮਜ਼ਬੂਤ ਹੁੰਦੀ ਹੈ। ਇਸੇ ਤਰ੍ਹਾਂ ਦੇਸ਼ ਦੇ ਅੰਦਰ ਇਕ ਸੰਵਿਧਾਨ, ਸੁਰੱਖਿਆ ਬਲਾਂ ਦਾ ਇਕ ਮੁਖੀ, ਇਕ ਕਰੰਸੀ ਅਤੇ ਲੋਕਤੰਤਰ ਪ੍ਰਣਾਲੀ ਆਦਿ ਨੇ ਵੀ ਦੇਸ਼ ਅੰਦਰ ਏਕਤਾ ਦੀ ਲਹਿਰ ਨੂੰ ਮਜ਼ਬੂਤ ਕੀਤਾ ਹੈ।

ਵਿਦਿਆਰਥੀਓ, ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਭਾਰਤ ਅੰਦਰ ਅਨੇਕਤਾਵਾਂ ਹੁੰਦੇ ਹੋਏ ਵੀ ਏਕਤਾ ਮਿਲਦੀ ਹੈ। ਇਹ ਦੋਵੇਂ ਇਕ ਦੂਸਰੇ ਦੇ ਵਿਰੋਧੀ ਨਹੀਂ ਸਗੋਂ ਦੋਹਾਂ ਦਾ ਆਪਸ ਵਿੱਚ ਨਜ਼ਦੀਕੀ ਸੰਬੰਧ ਹੈ ਜੋ ਇਕ ਦੂਸਰੇ ਦੇ ਸਹਾਰੇ ਨਾਲ ਰਾਸ਼ਟਰ ਦੀ ਏਕਤਾ ਦੀ ਭਾਵਨਾ (Spirit of National Unity) ਨੂੰ ਮਜ਼ਬੂਤ ਕਰਦੇ ਹਨ। ਰਾਸ਼ਟਰ ਦੀ ਏਕਤਾ ਕੇਵਲ ਇਕ ਧਰਮ ਵਿਸ਼ੇਸ਼ ਵਰਗ ਜਾਂ ਖ਼ਾਸ ਜਾਤ ਪੱਖੀ ਨਹੀਂ ਹੈ ਸਗੋਂ ਦੇਸ਼ ਦੇ ਅੰਦਰ ਫੈਲੇ ਵੱਖੋ-ਵੱਖਰੇ ਸਭਿਆਚਾਰਾਂ ਦੇ ਸੁਮੇਲ ਦਾ ਮਿਸ਼ਰਤ ਰੂਪ ਹੈ।

## ਅਭਿਆਸ

**I. ਹੇਠ ਲਿਖੇ ਹਰੇਕ ਪ੍ਰਸ਼ਨ ਦਾ ਸੰਖੇਪ ਉੱਤਰ ਇਕ ਸ਼ਬਦ ਜਾਂ ਇਕ ਵਾਕ ਵਿੱਚ ਦਿਓ—**

1. ਭਾਰਤ ਦਾ ਆਧੁਨਿਕ ਨਾਂ 'ਇੰਡੀਆ' ਕਿਸ ਧਾਰਨਾ ਤੇ ਆਧਾਰਤ ਹੈ ?
2. ਧਰਤੀ ਉੱਤੇ ਭਾਰਤ ਦੀ ਕੀ ਸਥਿਤੀ ਹੈ ?
3. ਹਿੰਦ ਮਹਾਂਸਾਗਰ ਵਿੱਚ ਭਾਰਤ ਦੀ ਕੀ ਸਥਿਤੀ ਹੈ ?
4. ਭਾਰਤ ਦਾ ਖੇਤਰਫਲ ਕਿੰਨਾ ਹੈ ?
5. ਭਾਰਤ ਦੇ ਉੱਤਰ-ਦੱਖਣੀ ਤੇ ਪੂਰਬ-ਪੱਛਮੀ ਸੀਮਾ ਬਿੰਦੂਆਂ ਵਿਚਕਾਰ ਲੰਬਾਈ ਕਿੰਨੀ ਹੈ ?
6. ਭਾਰਤ ਦੀਆਂ ਥੱਲਵਰਤੀ ਤੇ ਤੱਟਵਰਤੀ ਸੀਮਾਵਾਂ ਕਿੰਨੀਆਂ ਲੰਬੀਆਂ ਹਨ ?
7. ਖੇਤਰਫ਼ਲ ਦੇ ਪੱਖੋਂ ਭਾਰਤ ਦਾ ਸੰਸਾਰ ਵਿੱਚ ਕੀ ਸਥਾਨ ਹੈ ?
8. ਸਾਡੇ ਅਜੋਕੇ ਪੰਜਾਬ ਰਾਜ ਦਾ ਜਨਮ ਕਦੋਂ ਹੋਇਆ ?
9. ਅੱਜ ਦੇ ਭੂਗੋਲਿਕ ਦੀ ਪ੍ਰਬੰਧਕੀ ਵੰਡ ਕੀ ਹੈ ?
10. ਭਾਰਤ ਵਿੱਚ ਖੇਤਰਫਲ ਤੇ ਜਨਸੰਖਿਆ ਦੀ ਦ੍ਰਿਸ਼ਟੀ ਤੋਂ ਸਭ ਤੋਂ ਵੱਡੇ ਅਤੇ ਛੋਟੇ ਰਾਜਾਂ ਦੇ ਨਾਂ ਲਿਖੋ।

**II. ਹੇਠਾਂ ਲਿਖੇ ਹਰੇਕ ਪ੍ਰਸ਼ਨ ਦਾ ਸੰਖੇਪ ਉੱਤਰ ਦਿਓ—**

1. ਕੀ ਭਾਰਤ ਇਕ ਉਪ-ਮਹਾਂਦੀਪ ਹੈ ?
2. ਭਾਰਤੀ ਸਭਿਆਚਾਰ ਵਿੱਚ ਕਿਸ ਤਰ੍ਹਾਂ ਦੀਆਂ ਅਨੇਕਤਾਵਾਂ ਮਿਲਦੀਆਂ ਹਨ ?
3. ਭਾਰਤ ਦੇ ਸਥਾਨਿਕ ਵਿਸਤਾਰ ਤੇ ਨੋਟ ਲਿਖੋ।
4. ਭਾਰਤੀ ਭਾਸ਼ਾਵਾਂ ਤੇ ਲੋਕ ਕਲਾਵਾਂ ਦੀ ਦੇਸ਼ ਦੀ ਏਕਤਾ ਤੇ ਇੱਕਰੂਪਤਾ ਨੂੰ ਕੀ ਦੇਣ ਹੈ ?
5. ਭਾਰਤ ਦੇ ਖੇਤਰੀ ਭਿੰਨਤਾ ਨੂੰ ਕਿਸੇ ਦੋ ਤੱਥਾਂ ਦੁਆਰਾ ਸਮਝਾਓ।
6. ਭਾਰਤ ਦੀਆਂ ਅਨੇਕਤਾਵਾਂ ਵਿੱਚ ਏਕਤਾ ਨੂੰ ਦੋ ਤੱਥਾਂ ਨਾਲ ਸਪੱਸ਼ਟ ਕਰੋ।
7. ਦੇਸ਼ ਦੀ ਕੁਦਰਤੀ ਭਿੰਨਤਾ ਨੇ ਸਭਿਆਚਾਰਕ ਭਿੰਨਤਾ ਪੈਦਾ ਕਰਨ ਵਿੱਚ ਕੀ ਯੋਗਦਾਨ ਦਿੱਤਾ ਹੈ ?
8. "ਜਦੋਂ ਅਰੁਣਾਚਲ ਵਿੱਚ ਅਜੇ ਸੂਰਜ ਨਿਕਲ ਹੀ ਰਿਹਾ ਹੁੰਦਾ ਹੈ ਤਾਂ ਗੁਜਰਾਤ ਵਿੱਚ ਅਜੇ ਰਾਤ ਹੀ ਹੁੰਦੀ ਹੈ।" ਵਿਆਖਿਆ ਕਰੋ।

**III. ਹੇਠਾਂ ਲਿਖੇ ਹਰੇਕ ਪ੍ਰਸ਼ਨ ਦਾ ਵਿਸਤ੍ਰਿਤ ਉੱਤਰ ਦਿਓ—**

1. ਭਾਰਤ ਦਾ ਨਾਂ ਕਿਵੇਂ ਪਿਆ ਹੈ ? ਇਸ ਦੇ ਆਕਾਰ ਤੇ ਪ੍ਰਬੰਧਕੀ ਵੰਡ ਦੀ ਵਿਸਥਾਰ ਨਾਲ ਜਾਣਕਾਰੀ ਦਿਓ।
2. ਭਾਰਤ ਦੀ ਭੂਗੋਲਿਕ ਸਥਿਤੀ ਦਾ ਦੇਸ਼ ਦੀ ਸੁਰੱਖਿਆ, ਜਲਵਾਯੂ ਵਪਾਰ ਤੇ ਸਭਿਆਚਾਰ ਤੇ ਕੀ ਪ੍ਰਭਾਵ ਪੈਂਦਾ ਹੈ ?
3. "ਭਾਰਤ ਇਕ ਭਿੰਨਤਾਵਾਂ ਵਾਲਾ ਦੇਸ਼ ਹੈ।" ਇਸ ਕਥਨ ਦੀ ਵਿਆਖਿਆ ਕਰੋ।
4. ਦੇਸ਼ ਵਿੱਚ ਮਿਲਣ ਵਾਲੀ ਖੇਤਰੀ ਭਿੰਨਤਾ ਨੂੰ ਕਿਹੜੇ ਤੱਤ ਪ੍ਰਭਾਵਿਤ ਕਰਦੇ ਹਨ ?
5. ਭਾਰਤ ਦੀ ਅਨੇਕਤਾ ਵਿੱਚ ਏਕਤਾ ਬਣਾਏ ਰੱਖਣ ਲਈ ਕਿਹੜੇ ਤੱਤ ਜ਼ਿੰਮੇਵਾਰ ਹਨ ?

**IV. ਭਾਰਤ ਉਪ-ਮਹਾਂਦੀਪ ਦੇ ਨਕਸ਼ੇ ਵਿੱਚ ਹੇਠ ਲਿਖੇ ਤੱਥਾਂ ਨੂੰ ਦਰਸਾਓ—**

1. ਭਾਰਤ ਦੇ ਗੁਆਂਢੀ ਦੇਸ਼ (ਅਲੱਗ-ਅਲੱਗ ਰੰਗਾਂ ਨਾਲ)
2. ਭਾਰਤ ਦੇ ਨਾਲ ਲਗਦੇ ਸਮੁੰਦਰੀ ਖੇਤਰ (ਨਾਵਾਂ ਨਾਲ)
3. ਦੇਸ਼ ਦੇ ਰਾਜ, ਸੰਘੀ ਖੇਤਰ ਤੇ ਰਾਜਧਾਨੀਆਂ
4. ਰਨ ਆਫ ਕੱਛ (ਕੱਛ ਦੀ ਖਾੜੀ) ਕੰਨਿਆ ਕੁਮਾਰੀ, ਅਰੁਣਾਚਲ ਪ੍ਰਦੇਸ਼ ਤੇ ਸ਼੍ਰੀਨਗਰ
5. ਬੰਗਲਾ ਦੇਸ਼ ਨਾਲ ਲਗਦੇ ਰਾਜ ਤੇ ਰਾਜਧਾਨੀਆਂ
6. ਨਿਊ ਮੂਰਦੀਪ, ਦਿਊ, ਲਕਸ਼ਦੀਪ ਤੇ ਇੰਦਰਾ ਪੁਆਇੰਟ

## ਪਾਠ 2

# ਧਰਾਤਲ

ਭਾਰਤ ਦੀ ਆਮ ਜਾਣ ਪਛਾਣ, ਖੇਤਰੀ ਭਿੰਨਤਾਵਾਂ ਅਤੇ ਵੱਖੋ ਵੱਖਰੀਆਂ ਅਨੇਕਤਾਵਾਂ ਵਿੱਚ ਸਾਂਝ ਬਾਰੇ ਸੰਖੇਪ ਜਾਣਕਾਰੀ ਪ੍ਰਾਪਤ ਕਰਨ ਮਗਰੋਂ ਅਸੀਂ ਭਾਰਤ ਦੇ ਸਮੁੱਚੇ ਧਰਾਤਲ ਦੀ ਵਿਸਥਾਰ ਵਿੱਚ ਜਾਣਕਾਰੀ ਪ੍ਰਾਪਤ ਕਰਾਂਗੇ।

ਸਾਡੇ ਦੇਸ਼ ਦਾ ਧਰਾਤਲ ਇਕਸਾਰ ਨਹੀਂ ਹੈ। ਇਸ ਦੇ ਵਿਸ਼ਾਲ ਖੇਤਰਫਲ ਤੇ ਉੱਤਰੀ ਹਿੱਸੇ ਵਿੱਚ ਹਿਮਾਲਿਆ ਪਰਬਤ ਅਤੇ ਵਿਸ਼ਾਲ ਜਲੋਢੀ ਮੈਦਾਨਾਂ ਜਿਹੇ ਨਵੇਂ ਜਨਮੇ ਭੂ-ਆਕਾਰ ਮਿਲਦੇ ਹਨ ਅਤੇ ਦੱਖਣੀ ਭਾਗ ਵਿੱਚ ਪੁਰਾਣੀਆਂ ਚਟਾਨਾਂ ਦੀ ਬਣੀ ਹੋਈ ਪਠਾਰੀ ਪਲੇਟ ਜੜੀ ਹੋਈ ਹੈ। ਇਸ ਤਿਕੋਣੀ ਪਲੇਟ ਨੇ ਭਾਰਤ ਦੇ ਸੰਪੂਰਣ ਧਰਾਤਲ ਨੂੰ ਬਨਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਦੇਸ਼ ਦੇ ਦੂਸਰੇ ਸਾਰੇ ਭਾਗ ਬਾਅਦ ਵਿੱਚ ਇਸਦੇ ਚਾਰੇ ਪਾਸੇ ਬਣੇ ਹਨ। ਇਸ ਕਰਕੇ ਇਸ ਪ੍ਰਾਇਦੀਪੀ ਭਾਗ ਨੂੰ ਦੇਸ਼ ਦੀ ਕੁਦਰਤੀ ਬਣਤਰ ਦਾ ਕੇਂਦਰ (Centre of Indian Geology) ਵੀ ਮੰਨਿਆ ਜਾਂਦਾ ਹੈ। ਇਸ ਪਠਾਰ ਦੇ ਤਿੰਨ ਪਾਸੇ ਕਿਨਾਰਿਆਂ 'ਤੇ ਸਮੁੰਦਰ ਨਾਲ ਲੱਗਦੇ ਤੱਟ ਦੇ ਮੈਦਾਨ ਵੀ ਬਣੇ ਹਨ। ਇਹਨਾਂ ਭੂ-ਭਾਗਾਂ ਤੋਂ ਇਲਾਵਾ ਸਮੁੰਦਰੀ ਖੇਤਰਾਂ ਵਿੱਚ ਘਿਰੇ ਹੋਏ ਬਹੁਤ ਸਾਰੇ ਦੀਪ ਸਮੂਹ ਵੀ ਮਿਲਦੇ ਹਨ। 1951 ਦੇ ਸੈਨਸਿਜ਼ ਕਮਿਸ਼ਨਰ ਨੇ ਇਕ ਅਨੁਮਾਨ ਮੁਤਾਬਕ ਭਾਰਤ ਦੇ ਕੁੱਲ ਖੇਤਰਫਲ ਦੀਆਂ ਭੌਤਿਕ ਇਕਾਈਆਂ ਅਨੁਸਾਰ ਵੰਡ ਵਿੱਚ 10.7% ਪਰਬਤ, 18.6% ਪਹਾੜੀਆਂ, 27.7% ਪਠਾਰ ਅਤੇ 43.0% ਮੈਦਾਨੀ ਭਾਗ ਹਨ। ਭਾਰਤ ਦੇ ਧਰਾਤਲ ਨੂੰ ਮੁੱਖ ਤੌਰ ਤੇ ਪੰਜ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ (ਦੇਖੋ ਮਾਡਲ 2.1)

(I) ਹਿਮਾਲਿਆਈ ਪਰਬਤੀ ਖੇਤਰ (Himalayan Mountain Region)

(II) ਉੱਤਰੀ ਵਿਸ਼ਾਲ ਮੈਦਾਨ (The Great Northern Plain)

(III) ਪ੍ਰਾਇਦੀਪੀ ਪਠਾਰ ਦਾ ਖੇਤਰ (Peninsular Plateau Region)

(IV) ਤੱਟ ਦੇ ਮੈਦਾਨ (Coastal Plains)

(V) ਭਾਰਤੀ ਦੀਪ (The Indian Islands)

**(I) ਹਿਮਾਲਿਆਈ ਪਰਬਤੀ ਖੇਤਰ (Himalayan Mountain Region) :**

**(ੳ) ਪਸਾਰ (Extent) :** ਭਾਰਤ ਦੀ ਉੱਤਰੀ ਸੀਮਾ ਤੇ ਬਰਫ਼ ਨਾਲ ਲੱਦੀਆਂ ਹੋਈਆਂ ਹਿਮਾਲਾ ਪਰਬਤ ਸ਼੍ਰੇਣੀਆਂ ਇਕ ਮਹਾਨ ਦੀਵਾਰ ਦੇ ਰੂਪ ਵਿੱਚ ਇਕ ਚਾਪ ਦੇ ਆਕਾਰ ਵਿੱਚ ਪੂਰਬੀ ਅਤੇ ਪੱਛਮੀ ਦਿਸ਼ਾ ਵਿੱਚ


ਫੈਲੀਆਂ ਹੋਈਆਂ ਹਨ। ਇਹ ਵਿਸ਼ਾਲ ਪਰਬਤੀ ਖੇਤਰ ਪੂਰਬ ਵਿੱਚ ਅਰੁਣਾਚਲ ਪ੍ਰਦੇਸ਼ ਤੋਂ ਲੈ ਕੇ ਪੱਛਮ ਵਿੱਚ ਕਸ਼ਮੀਰ ਤੱਕ 2400 ਕਿਲੋਮੀਟਰ ਦੀ ਲੰਬਾਈ ਵਿੱਚ ਫ਼ੈਲੇ ਹੋਏ ਹਨ। ਇਹਨਾਂ ਪਰਬਤ ਸ਼੍ਰੇਣੀਆਂ ਦੀ ਚੌੜਾਈ 240 ਕਿਲੋਮੀਟਰ ਤੋਂ ਲੈ ਕੇ 320 ਕਿਲੋਮੀਟਰ ਤੱਕ ਮਿਲਦੀ ਹੈ। ਇਹਨਾਂ ਦਾ ਕੁੱਲ ਖੇਤਰਫ਼ਲ 5 ਲੱਖ ਵਰਗ ਕਿਲੋਮੀਟਰ ਹੈ ਅਤੇ ਔਸਤ ਉਚਾਈ 5100 ਮੀਟਰ ਜਾਂ 17000 ਫੁੱਟ ਹੈ।

**(ਅ) ਜਨਮ (Origin) :** ਇਹਨਾਂ ਪਰਬਤੀ ਖੇਤਰਾਂ ਦਾ ਜਨਮ ਅੱਜ ਤੋਂ 400 ਲੱਖ ਸਾਲ ਪਹਿਲਾਂ ਹੋਣਾ ਸ਼ੁਰੂ ਹੋ ਗਿਆ ਸੀ। ਉਸ ਸਮੇਂ ਇਹਨਾਂ ਪਰਬਤੀ ਖੇਤਰਾਂ ਦੀ ਥਾਂ ਤੇ ਟੈਥੀਜ਼ (Tythes) ਨਾਮ ਦਾ ਸਮੁੰਦਰ ਹੁੰਦਾ ਸੀ ਜਿਸ ਦੇ ਤੱਲ ਤੇ ਉੱਤਰ ਵੱਲੋਂ ਤਿੱਬਤ ਦੀ ਪਠਾਰ ਤੋਂ ਅਤੇ ਦੱਖਣ ਵੱਲੋਂ ਗੌਂਡਵਾਨਾ ਲੈਂਡ (ਦੱਖਣੀ ਪਠਾਰ) ਤੋਂ ਨਦੀਆਂ ਦੁਆਰਾ ਲਿਆਂਦੀ ਗਈ ਮਿੱਟੀ ਦੇ ਜਮਾਅ ਦੇ ਕਾਰਨ ਤਲਛੱਟ (Sediment) ਜਮ੍ਹਾਂ ਹੁੰਦੀ ਗਈ। ਧਰਤੀ ਦੀਆਂ ਅੰਦਰੂਨੀ ਸ਼ਕਤੀਆਂ ਦੇ ਕਾਰਨ ਦੋਵੇਂ ਪਠਾਰ ਇਕ ਦੂਸਰੇ ਵੱਲ ਵਧਣ ਲੱਗੇ ਜਿਸ ਦੇ ਫਲਸਰੂਪ ਇਹਨਾਂ ਪਠਾਰਾਂ ਵਿਚਕਾਰ ਦੀ ਤਲਛੱਟ ਵਿੱਚ ਮੋੜ ਪੈ ਗਏ ਅਤੇ ਉਚਾਈ ਵੱਧਦੀ ਗਈ। ਅੱਜ ਵੀ ਇਹ ਪਰਬਤੀ ਖੇਤਰ ਉੱਚੇ ਉੱਠ ਰਹੇ ਹਨ। ਇਸ ਕਰਕੇ ਇਹ ਨਵਾਂ ਜਨਮਿਆ ਜਾਂ ਜਵਾਨ ਮੋੜਦਾਰ ਪਰਬਤ ਖੇਤਰ ਸਾਰਾ ਸਾਲ ਹਿੰਮ ਨਾਲ ਢੱਕਿਆ ਰਹਿਣ ਕਰਕੇ ਇਸ ਦਾ ਨਾਮ 'ਹਿੰਮ ਵਾਲਾ' ਜਾਂ 'ਹਿਮਾਲਿਆ' ਪੈ ਗਿਆ। ਇਸ ਤੋਂ ਇਲਾਵਾ ਇਹਨਾਂ ਪਰਬਤੀ ਸ਼੍ਰੇਣੀਆਂ ਨੂੰ 'ਹਿਮਵਨ' ਜਾਂ 'ਹਿੰਮਾਦਰੀ' ਜਾਂ ਹਿਮਾਚਲ ਦੇ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ।


**(ੲ) ਸਰੂਪ (Shape) :** ਸਾਡੇ ਦੇਸ਼ ਦਾ ਕੁਝ ਭਾਗ ਇਹਨਾਂ ਪਰਬਤੀ ਖੇਤਰਾਂ ਦਾ ਸਮੁੱਚਾ ਆਕਾਰ ਇਕ ਉੱਤਲ ਚਾਪ (Convex Curve) ਜਿਹਾ ਹੈ ਜਿਸਦਾ ਮੱਧ ਵਰਤੀ ਭਾਗ ਨੇਪਾਲ ਦੀ ਸੀਮਾ ਤੱਕ ਝੁਕਿਆ ਹੋਇਆ ਹੈ। ਕਈ ਵਾਰ ਇਸ ਦੀ ਸ਼ਕਲ ਇਕ ਧਨੁੱਖ ਆਕਾਰ ਦੀ ਵੀ ਪ੍ਰਤੀਤ ਹੁੰਦੀ ਹੈ ਜਿਸ ਦੇ ਦੋਵੇਂ ਕਿਨਾਰਿਆਂ ਤੇ ਲਮਕਦੇ ਧਾਗੇ ਪਰਬਤਾਂ ਦੇ ਰੂਪ ਵਿੱਚ ਇਕ ਪਾਸੇ ਉੱਤਰ-ਪੱਛਮੀ ਭਾਗ ਵਿੱਚ ਸਫ਼ੇਦ ਕੋਹ, ਸੁਲੇਮਾਨ ਅਤੇ ਕਿਰਥਾਰ ਰਾਹੀਂ ਅਰਬ ਸਾਗਰ ਤੱਕ ਪਹੁੰਚ ਜਾਂਦੇ ਹਨ ਅਤੇ ਦੂਸਰੇ ਪਾਸੇ ਉੱਤਰ ਪੂਰਬੀ ਭਾਗਾਂ ਵਿੱਚ ਇੰਡੋ-ਬਰਮਾ ਪਹਾੜੀਆਂ ਦੇ ਨਾਲ ਅਰਾਕਾਨ ਯੋਮਾ ਹੁੰਦੇ ਹੋਏ ਟੇਨੈਸਰੀਮ (Tenasserim) ਪਰਬਤ ਸ਼੍ਰੇਣੀਆਂ ਦੇ ਸਹਾਰੇ ਬੰਗਾਲ ਦੀ ਖਾੜੀ ਤੱਕ ਚਲੇ ਜਾਂਦੇ ਹਨ। ਐਟਲਸ ਵਿੱਚ ਇਹਨਾਂ ਪਰਬਤ ਸ਼੍ਰੇਣੀਆਂ ਦਾ ਵਿਸਤਾਰ ਦੇਖਣ ਦੀ ਕੋਸ਼ਿਸ਼ ਕਰੋ।

**(ਸ) ਢਾਲ (Slope) :** ਹਿਮਾਲਿਆ ਪਰਬਤ ਦੀ ਭਾਰਤ ਵੱਲ ਦੀ ਦੱਖਣੀ ਢਾਲ ਬਹੁਤ ਤਿੱਖੀ ਹੈ ਜਦ ਕਿ ਚੀਨ ਵੱਲ ਦੀ ਉੱਤਰੀ ਢਾਲ ਸਾਧਾਰਣ ਹੈ। ਇਸ ਕਰਕੇ ਇਸ ਨੂੰ ਦੱਖਣ ਵਲੋਂ ਪਾਰ ਕਰਨਾ ਬਹੁਤ ਮੁਸ਼ਕਲ ਹੈ। ਇਸ ਦੀ ਤਿੱਖੀ ਢਾਲ ਅਤੇ ਜ਼ਿਆਦਾ ਉੱਚਾਈ ਦੇ ਕਾਰਣ ਹੀ ਦੱਖਣੀ ਢਾਲ ਤੇ ਜ਼ਿਆਦਾ ਝਰਨੇ ਅਤੇ ਤੰਗ ਦਰਿਆਈ ਘਾਟੀਆਂ ਮਿਲਦੀਆਂ ਹਨ ਜਿਹਨਾਂ ਵਿੱਚ ਉੱਤਰੀ ਭਾਰਤ ਦੀਆਂ ਨਦੀਆਂ ਲਈ ਸਾਰਾ ਸਾਲ ਪਾਣੀ ਦੀ ਸਹੂਲਤ ਉਪਲੱਬਧ ਹੈ ਜੋ ਕਿ ਭਾਰਤ ਦੇ ਵਿਸ਼ਾਲ ਮੈਦਾਨਾਂ ਲਈ ਇਕ ਕੁਦਰਤੀ ਵਰਦਾਨ ਹੈ।

ਮਾਡਲ 2.1 ਭਾਰਤ ਦੇ ਧਰਾਤਲ ਦਾ ਵਰਗੀਕਰਣ



**(ਹ) ਵਰਗੀਕਰਣ (Division) ਜਾਂ ਵੰਡ :** ਉੱਚਾਈ ਦੇ ਆਧਾਰ ਤੇ ਹਿਮਾਲਿਆ ਦੀਆਂ ਪਰਬਤ ਸ਼੍ਰੇਣੀਆਂ ਨੂੰ ਉੱਤਰ ਤੋਂ ਦੱਖਣ ਦਿਸ਼ਾ ਵੱਲ ਪੰਜ ਉਪ-ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ—(*i*) ਟਰਾਂਸ ਹਿਮਾਲਿਆ (*ii*) ਵੱਡਾ ਜਾਂ ਪ੍ਰਮੁੱਖ ਹਿਮਾਲਿਆ (*iii*) ਛੋਟਾ ਹਿਮਾਲਿਆ (*iv*) ਬਾਹਰੀ ਹਿਮਾਲਿਆ (*v*) ਪਹਾੜੀ ਸ਼ਾਖਾਵਾਂ।




(ੳ) ਮੁੱਖ ਭਰੰਸ਼ ਸੀਮਾ (ਅ) ਮੁੱਖ ਕੇਂਦਰੀ ਭਰੰਸ਼ (ੲ) ਹਿਮਾਲਿਆ ਦੀ ਉੱਤਰੀ ਸੀਮਾ : 1. ਬਣਤਰੀ ਭਰੰਸ਼ 2. ਤਿੱਬਤ ਹਿਮਾਲਿਆ ਭਰੰਸ਼ 3. ਪ੍ਰਮੁੱਖ ਹਿਮਾਲਿਆ 4. ਛੋਟਾ ਹਿਮਾਲਿਆ 5. ਕਰੋਲ ਅਤੇ ਨੈਪੇ 6. ਉਪ ਹਿਮਾਲਿਆ 7. ਭਾਰਤੀ ਕਠੋਰ ਭੂ-ਭਾਗ

1. ਲੱਦਾਖ ਸ਼੍ਰੇਣੀ 2. ਜਾਸਕਰ ਸ਼੍ਰੇਣੀ
3. ਕੈਲਾਸ਼ ਸ਼੍ਰੇਣੀ 4-9 ਮੱਧ ਹਿਮਾਲਿਆ (ਲਘੂ ਸ਼੍ਰੇਣੀਆਂ), 10-11. ਗਾਰੋ-ਖਾਸੀ
12. ਨਾਗਾ ਪਰਬਤ 13. ਹਿੰਦੂਕੁਸ਼

**(*i*) ਟਰਾਂਸ ਹਿਮਾਲਿਆ (Trans Himalayas) :**

ਹਿਮਾਲਿਆ ਪਰਬਤ ਦੀਆਂ ਇਹ ਵਿਸ਼ਾਲ ਪਰਬਤ ਸ਼੍ਰੇਣੀਆਂ ਭਾਰਤ ਦੇ ਉੱਤਰ-ਪੱਛਮ ਵਿੱਚ ਸਥਿਤ ਪਾਮੀਰ ਦੀ ਗੰਢ (Pamir's Knot) ਤੋਂ ਉੱਤਰ-ਪੂਰਬੀ ਦਿਸ਼ਾ ਵਿੱਚ ਸਮਾਨਅੰਤਰ ਫੈਲੀਆਂ ਹੋਈਆਂ ਹਨ। ਇਹਨਾਂ ਦਾ ਜ਼ਿਆਦਾ ਭਾਗ ਤਿੱਬਤ ਵਿੱਚ ਹੋਣ ਕਰਕੇ ਇਹਨਾਂ ਨੂੰ ਤਿੱਬਤੀ ਹਿਮਾਲਿਆ ਵੀ ਕਿਹਾ ਜਾਂਦਾ ਹੈ। ਇਹਨਾਂ ਦੀ ਕੁੱਲ ਲੰਬਾਈ 970 ਕਿਲੋਮੀਟਰ ਹੈ ਅਤੇ ਚੌੜਾਈ ਦੋਵੇਂ ਕਿਨਾਰਿਆਂ 'ਤੇ 40 ਕਿਲੋਮੀਟਰ ਹੈ ਪਰ ਕੇਂਦਰੀ ਭਾਗ ਵਿੱਚ 222 ਕਿਲੋਮੀਟਰ ਦੇ ਲਗਪਗ ਹੋ ਜਾਂਦੀ ਹੈ। ਇਹਨਾਂ ਦੀ ਔਸਤ ਉੱਚਾਈ 6100 ਮੀਟਰ ਹੈ। ਜਾਸਕਰ, ਕਰਾਕੁਰਮ, ਲੱਦਾਖ ਅਤੇ ਕੈਲਾਸ਼ ਮੁੱਖ ਪਰਬਤੀ ਲੜੀਆਂ ਹਨ। ਇਹ ਪਰਬਤੀ ਖੇਤਰ ਬਹੁਤ ਉੱਚੀਆਂ ਤੇ ਵਲਦਾਰ ਚੋਟੀਆਂ ਅਤੇ ਵਿਸ਼ਾਲ ਗਲੇਸ਼ੀਅਰ ਲਈ ਪ੍ਰਸਿੱਧ ਹੈ। ਮਾਊਂਟ ਕੇ$^2$ ($K^2$) ਗੌਡਵਿਨ ਆਸਟਿਨ (8611 ਮੀਟਰ) ਇਸ ਖੇਤਰ ਦੇ ਸਭ ਤੋਂ ਉੱਚੀ ਅਤੇ ਪ੍ਰਿਥਵੀ ਦੀ ਦੂਸਰੀ ਉੱਚੀ ਚੋਟੀ ਹੈ। ਹਿਡਨ ਪੀਕ (8068 ਮੀਟਰ), ਬ੍ਰਾਂਡ ਪੀਕ (8047 ਮੀਟਰ) ਗੈਸ਼ਰਬ੍ਰਮ II (8035 ਮੀਟਰ), ਰਾਕਾਪੋਸ਼ੀ (7788 ਮੀਟਰ) ਅਤੇ ਹਰਾਮੋਸ਼ (7397

ਮੀਟਰ) ਆਦਿ ਦੂਸਰੀਆਂ ਮਹੱਤਵਪੂਰਣ ਚੋਟੀਆਂ ਹਨ। ਹਿਸਪੁਰ ਤੇ ਬਟੂਰਾ (57 ਕਿਲੋਮੀਟਰ) ਅਤੇ ਬੀਆਫੋ ਤੇ ਬਾਲਟੋਰੋ (60 ਕਿਲੋਮੀਟਰ) ਇਥੋਂ ਦੇ ਵੱਡੇ ਗਲੇਸ਼ੀਅਰ (Glaciers) ਹਨ।

***(ii)* ਵੱਡਾ ਜਾਂ ਪ੍ਰਮੁੱਖ ਹਿਮਾਲਿਆ (Greater Himalayas) :**

**(ੳ) ਨਾਮ (Name) :** ਹਿਮਾਲਿਆ ਖੇਤਰ ਦੇ ਇਸ ਉਪ-ਭਾਗ ਨੂੰ ਹਿਮਾਦਰੀ, ਅੰਦਰੂਨੀ ਹਿਮਾਲਿਆ ਜਾਂ ਕੇਂਦਰੀ ਹਿਮਾਲਿਆ ਵੀ ਕਿਹਾ ਜਾਂਦਾ ਹੈ।

**(ਅ) ਪਸਾਰ (Extent) :** ਇਹ ਉਪ-ਭਾਗ ਪੱਛਮ ਵਿੱਚ ਸਿੰਧ ਨਦੀ ਦੀ ਡੂੰਘੀ ਘਾਟੀ (Gorge) ਤੋਂ ਲੈ ਕੇ ਉੱਤਰ ਪੂਰਬ ਵਿੱਚ ਬ੍ਰਹਮਪੁੱਤਰ ਨਦੀ ਦੀ ਦਿਹਾਂਗ ਘਾਟੀ ਤੱਕ ਫੈਲੀ ਹੋਈ ਦੇਸ਼ ਦੀ ਸਭ ਤੋਂ ਲੰਬੀ ਅਤੇ ਉੱਚੀ ਪਰਬਤ ਸ਼੍ਰੇਣੀ ਹੈ ਜਿਸ ਵਿੱਚ ਗ੍ਰੇਨਾਈਟ, ਸ਼ਿਸ਼ਟ, ਨੀਸ ਜਿਹੀਆਂ ਪੁਰਾਤਨ ਮਹਾਂਕਲਪ ਦੀਆਂ ਰਵੇਦਾਰ ਤੇ ਪ੍ਰੀਵਰਤਿਤ ਚਟਾਨਾਂ ਮਿਲਦੀਆਂ ਹਨ।

**(ੲ) ਆਕਾਰ (Size) :** ਇਹ ਪਰਬਤ ਸ਼੍ਰੇਣੀ ਦੀ ਲੰਬਾਈ 2400 ਕਿਲੋਮੀਟਰ ਅਤੇ ਔਸਤ ਉੱਚਾਈ 6000 ਮੀਟਰ ਜਾਂ 20,000 ਫੁੱਟ ਹੈ। ਇਸ ਦੀ ਚੌੜਾਈ 100 ਤੋਂ 200 ਕਿਲੋਮੀਟਰ ਤੱਕ ਮਿਲਦੀ ਹੈ।

**(ਸ) ਚੋਟੀਆਂ (Summits) :** ਸੰਸਾਰ ਦੀਆਂ ਕੁੱਝ ਉੱਚੀਆਂ ਚੋਟੀਆਂ ਇਸ ਸ਼੍ਰੇਣੀ ਵਿੱਚ ਮਿਲਦੀਆਂ ਹਨ। ਮਾਊਂਟ ਐਵਰੈਸਟ (Mt. Everest) (8848 ਮੀਟਰ) ਦੁਨੀਆਂ ਦੀ ਸਭ ਤੋਂ ਉੱਚੀ ਚੋਟੀ ਹੈ। ਹੋਰ ਉੱਚੀਆਂ ਚੋਟੀਆਂ ਵਿੱਚ ਕੰਚਨਜੰਗਾ (8598 ਮੀਟਰ), ਮਕਾਲੂ (8481 ਮੀਟਰ), ਧੌਲਗਿਰੀ (8172 ਮੀਟਰ), ਮਨਾਲਸੂ (8156 ਮੀਟਰ), ਚੋ ਉਜ (8153 ਮੀਟਰ), ਨਾਗਾ ਪਰਬਤ (8126 ਮੀਟਰ), ਅੰਨ ਪੂਰਣਾ (8078 ਮੀਟਰ), ਨੰਦਾ ਦੇਵੀ (7817 ਮੀਟਰ), ਨਾਮਚਾ ਬਰਵਾ (7756 ਮੀਟਰ) ਅਤੇ ਹਰਾਮੋਸ਼ (7397 ਮੀਟਰ) ਆਦਿ ਮੁੱਖ ਹਨ।

**(ਹ) ਦਰੇ (Passes) :** ਇਸ ਪਰਬਤੀ ਉਪ-ਭਾਗ ਨੂੰ ਪਾਰ ਕਰਨਾ ਬਹੁਤ ਹੀ ਮੁਸ਼ਕਲ ਅਤੇ ਖ਼ਤਰਨਾਕ ਹੈ ਪਰ ਫੇਰ ਵੀ 4500 ਮੀਟਰ ਤੋਂ ਵੱਧ ਉਚਾਈ ਤੋਂ ਇਹਨਾਂ ਸ਼੍ਰੇਣੀਆਂ ਵਿੱਚ ਤਿੱਬਤ ਵੱਲ ਜਾਣ ਲਈ ਕਈ ਰਸਤੇ ਜਾਂ ਦਰੇ ਮਿਲ ਜਾਂਦੇ ਹਨ : ਜਿਵੇਂ ਕਿ ਬੁਰਜ਼ਿਲ ਅਤੇ ਜੋਜ਼ੀਲਾ ਕਸ਼ਮੀਰ ਵਿੱਚ; ਲਾਪਕ ਲਾ, ਚਾਂਗ ਲਾ, ਖੁਰਨਕ ਲਾ ਲੱਦਾਖ ਵਿੱਚ; ਬੜਾ ਲੈਚਾ ਲਾ, ਕੋਰਿਕਾ ਅਤੇ ਸ਼ਿਪਕੀ ਲਾ ਹਿਮਾਚਲ ਵਿੱਚ; ਥਾਗ ਲਾ, ਨੀਤੀ, ਲਿਪੁਲੇਖ ਅਤੇ ਤੱਕਲਾ ਕੋਟ ਉੱਤਰ ਪ੍ਰਦੇਸ਼ ਵਿੱਚ; ਨਾਥੂ ਲਾ ਤੇ ਜਲੇਪ ਲਾ ਸਿਕਿਮ ਵਿੱਚ ਹਨ। ਪਹਾੜੀ ਇਲਾਕਿਆਂ ਵਿੱਚ ਪ੍ਰਚਲਤ ਭਾਸ਼ਾ ਅਨੁਸਾਰ 'ਲਾ' ਤੋਂ ਭਾਵ ਦਰਾ ਹੈ।

ਉਪਰੋਕਤ ਦੱਸੇ ਦਰਿਆਂ ਵਿੱਚੋਂ ਕੇਵਲ ਦੋ ਦਰਿਆਂ ਰਾਹੀਂ ਹੀ ਭਾਰਤ ਤੇ ਤਿੱਬਤ ਦਾ ਵਪਾਰ ਸੜਕ ਰਾਹੀਂ ਹੁੰਦਾ ਹੈ। ਸ਼ਿੱਪਕੀ ਦਰਾ ਸ਼ਿਮਲਾ ਤੇ ਗਾਰਕੋਟ ਨੂੰ ਅਤੇ ਜਲੇਪ ਲਾ ਕਾਲਿਮ ਪੌਂਗ ਤੇ ਲ੍ਹਾਸਾ ਨੂੰ ਆਪਸ ਵਿੱਚ ਇੰਡੋ-ਤਿੱਬਤੀਅਨ ਸੜਕਾਂ ਰਾਹੀਂ ਜੋੜਦੇ ਹਨ।

**(ਕ) ਘਾਟੀਆਂ (Valleys) :** ਮਹਾਨ ਹਿਮਾਲਿਆ ਦੀਆਂ ਪਰਬਤ ਸ਼੍ਰੇਣੀਆਂ ਸਾਰਾ ਸਾਲ ਬਰਫ਼ ਨਾਲ ਢੱਕੀਆਂ ਰਹਿਣ ਕਰਕੇ ਹਿੰਮ ਸ਼੍ਰੇਣੀਆਂ (Snowy Ranges) ਅਖਵਾਉਂਦੀਆਂ ਹਨ ਜਿਸ ਕਰਕੇ ਸਾਰਾ ਸਾਲ ਵਹਿਣ ਵਾਲੇ ਦਰਿਆਵਾਂ ਨੇ ਜਨਮ ਲਿਆ ਹੋਇਆ ਹੈ। ਇਹਨਾਂ ਦਰਿਆਵਾਂ ਦੁਆਰਾ ਲਿਆਂਦੀ ਗਈ ਮਿੱਟੀ ਦੇ ਜਮ੍ਹਾਂ ਹੋਣ ਨਾਲ 1500 ਮੀਟਰ ਦੀ ਉਚਾਈ ਤੇ ਝੀਲਾਂ ਦੇ ਭਰ ਜਾਣ ਕਰਕੇ ਦੋ ਵਿਸ਼ਾਲ ਘਾਟੀਆਂ ਦਾ ਜਨਮ ਹੋਇਆ ਹੈ। ਇਹਨਾਂ ਘਾਟੀਆਂ ਵਿੱਚ ਕਾਠਮੰਡੂ ਦੀ ਘਾਟੀ ਅਤੇ ਕਸ਼ਮੀਰ ਦੀ ਘਾਟੀ ਕਾਫ਼ੀ ਪ੍ਰਸਿੱਧ ਹਨ।

***(iii)* ਛੋਟਾ ਹਿਮਾਲਿਆ (Lesser Himalays) :**

ਹਿਮਾਲਿਆ ਖੇਤਰ ਦੇ ਇਸ ਤੀਸਰੇ ਭਾਗ ਨੂੰ ਹਿਮਾਚਲ ਜਾਂ ਮੱਧ ਹਿਮਾਲਾ ਵੀ ਕਿਹਾ ਜਾਂਦਾ ਹੈ। ਇਹ ਅੱਜ ਤੋਂ 30 ਲੱਖ ਸਾਲ ਪਹਿਲਾਂ ਹੋਂਦ ਵਿੱਚ ਆਇਆ ਹੋਇਆ ਸੀ। ਇਸ ਦੀ ਔਸਤ ਉੱਚਾਈ 3500 ਤੋਂ ਲੈ ਕੇ

5000 ਮੀਟਰ ਤੱਕ ਹੈ ਅਤੇ ਇਸ ਸ਼੍ਰੇਣੀ ਦੀਆਂ ਪਹਾੜੀਆਂ 60 ਤੋਂ 80 ਕਿਲੋਮੀਟਰ ਦੀ ਚੌੜਾਈ ਵਿੱਚ ਮਿਲਦੀਆਂ ਹਨ। ਮਹਾਨ ਹਿਮਾਲਿਆ ਦੀ ਪਰਬਤ ਸ਼੍ਰੇਣੀਆਂ ਦੇ ਦੱਖਣੀ ਵਾਧਰੇ (Southern Spurs) ਇਸ ਵਿੱਚ ਆ ਕੇ ਮਿਲਦੇ ਹਨ। ਇਸ ਖੇਤਰ ਵਿੱਚ ਸਰਦੀਆਂ ਵਿੱਚ ਉੱਚੀਆਂ ਚੋਟੀਆਂ ਤੇ ਬਰਫ਼ ਗਿਰਦੀ ਹੈ ਤੇ ਗਰਮੀਆਂ ਦਾ ਮੌਸਮ ਸੁਹਾਵਣਾ ਹੁੰਦਾ ਹੈ।

**(ੳ) ਸ਼੍ਰੇਣੀਆਂ (Ranges) :** ਇਸ ਦੀਆਂ ਕਸ਼ਮੀਰ ਵਿੱਚ ਪੀਰ ਪੰਜਾਲ ਤੇ ਨਾਗਾ ਟਿੱਬਾ; ਹਿਮਾਚਲ ਵਿੱਚ ਧੌਲਾਧਾਰ ਤੇ ਕਮਾਉਂ; ਨੇਪਾਲ ਵਿੱਚ ਮਹਾਂਭਾਰਤ; ਉੱਤਰ ਪ੍ਰਦੇਸ਼ ਵਿੱਚ ਕਮਾਉਂ ਤੇ ਮਿਸੂਰੀ; ਅਤੇ ਭੂਟਾਨ ਵਿੱਚ ਥਿੰਪੂ ਮੁੱਖ ਪਰਬਤੀ ਸ਼੍ਰੇਣੀਆਂ ਹਨ।

**(ਅ) ਘਾਟੀਆਂ (Valleys) :** ਇਸ ਖੇਤਰ ਵਿੱਚ ਕਸ਼ਮੀਰ ਦੀ ਵਾਦੀ ਦੇ ਕੁੱਝ ਹਿੱਸੇ, ਕਾਂਗੜਾ ਘਾਟੀ, ਕੁੱਲੂ ਘਾਟੀ, ਭਾਗੀਰਥੀ ਘਾਟੀ ਤੇ ਮੰਦਾਕਨੀ ਘਾਟੀ ਜਿਹੀਆਂ ਲੰਬਕਾਰੀ ਤੇ ਸਿਹਤ ਵਰਧਕ ਘਾਟੀਆਂ ਮਿਲਦੀਆਂ ਹਨ।

**(ੲ) ਸਿਹਤਵਰਧਕ ਤੇ ਸੈਲਾਨੀ ਸਥਾਨ (Health Resort and Tourist Centres) :** ਇਸ ਖੇਤਰ ਵਿੱਚ ਕਈ ਸੁਹਾਵਣੇ ਤੇ ਸਿਹਤ ਵਰਧਕ ਸਥਾਨ ਬਣ ਗਏ ਹਨ ਜਿਵੇਂ ਸ਼ਿਮਲਾ, ਸ਼੍ਰੀਨਗਰ, ਮਿਸੂਰੀ, ਨੈਨੀਤਾਲ, ਦਾਰਜੀਲਿੰਗ ਤੇ ਚਕਰਾਤਾ ਆਦਿ ਚੰਗੇ ਸਿਹਤ ਤੇ ਸੈਰ ਸਪਾਟਾ ਕੇਂਦਰ ਹਨ।

**(*iv*) ਬਾਹਰੀ ਹਿਮਾਲਿਆ (Outer Himalays) :**

ਹਿਮਾਲਿਆ ਦੇ ਇਸ ਪਰਬਤੀ ਖੇਤਰ ਨੂੰ ਸ਼ਿਵਾਲਿਕ ਸ਼੍ਰੇਣੀ, ਉਪ-ਹਿਮਾਲਿਆ ਤੇ ਦੱਖਣੀ ਹਿਮਾਲਿਆ ਵੀ ਕਿਹਾ ਜਾਂਦਾ ਹੈ। ਇਹ ਪਰਬਤ ਸ਼੍ਰੇਣੀਆਂ ਛੋਟੇ ਹਿਮਾਲਿਆ ਦੇ ਦੱਖਣ ਵਿੱਚ ਸਮਾਨਅੰਤਰ ਦਿਸ਼ਾ ਵਿੱਚ ਪੂਰਬ ਤੋਂ ਪੱਛਮ ਵੱਲ ਫੈਲੀਆਂ ਹੋਈਆਂ ਹਨ। ਇਹਨਾਂ ਦੀ ਔਸਤ ਉੱਚਾਈ ਕ੍ਰਮਵਾਰ 900 ਤੋਂ 1200 ਮੀਟਰ ਤੱਕ ਹੈ ਅਤੇ ਚੌੜਾਈ 15 ਤੋਂ 50 ਕਿਲੋਮੀਟਰ ਤੱਕ ਹੈ। ਇਸ ਖੇਤਰ ਦਾ ਨਿਰਮਾਣ ਟਰਸ਼ਰੀ ਯੁੱਗ ਵਿੱਚ ਹੋਇਆ ਹੈ। ਇਸ ਖੇਤਰ ਵਿੱਚ ਲੰਬੀਆਂ ਅਤੇ ਡੂੰਘੀਆਂ ਤਲਛੱਟੀ ਚਟਾਨਾਂ ਮਿਲਦੀਆਂ ਹਨ ਜਿਹਨਾਂ ਦੀ ਰਚਨਾ ਚੀਕਣੀ ਮਿੱਟੀ, ਰੇਤ, ਰੇਲ ਦਾ ਗੋਲ ਪੱਥਰ, ਸਲੇਟ ਆਦਿ ਦੇ ਦਰਿਆਈ ਨਿਖੇਪਣ ਦੁਆਰਾ ਹੋਈ ਹੈ ਜਿਸ ਨੂੰ ਮਹਾਨ ਤੇ ਛੋਟੇ ਹਿਮਾਲਿਆ ਤੋਂ ਕੱਟ ਕੇ ਇਸ ਖੇਤਰ ਵਿੱਚ ਜਮ੍ਹਾਂ ਕੀਤਾ ਜਾਂਦਾ ਰਿਹਾ। ਬਾਅਦ ਵਿੱਚ ਇਹ ਤਲਛੱਟੀ ਚਟਾਨਾਂ ਟਰਸ਼ਰੀ ਯੁੱਗ ਵਿੱਚ ਧਰਤੀ ਦੀਆਂ ਅੰਦਰੂਨੀ ਸ਼ਕਤੀਆਂ ਕਰਕੇ ਹਲਕੇ ਮੋੜਦਾਰ ਪਰਬਤਾਂ ਵਿੱਚ ਬਦਲਦੀਆਂ ਗਈਆਂ ਹਨ। ਇਹਨਾਂ ਪਰਬਤਾਂ ਨੇ ਦੱਖਣ ਵੱਲ ਉਤਰਦੀਆਂ ਹੋਈਆਂ ਨਦੀਆਂ ਦਾ ਰਸਤਾ ਬੰਦ ਕਰਕੇ ਝੀਲਾਂ ਦਾ ਨਿਰਮਾਣ ਕੀਤਾ ਜੋ ਬਾਅਦ ਵਿੱਚ ਮਿੱਟੀ ਨਾਲ ਭਰ ਜਾਣ ਕਰਕੇ ਦੂਨ (Doons) ਅਖਵਾਉਣ ਲੱਗੀਆਂ। ਪੂਰਬ ਵਿੱਚ ਇਹਨਾਂ ਨੂੰ ਦੁਆਰ (Duar) ਕਿਹਾ ਜਾਂਦਾ ਹੈ। ਇਹਨਾਂ ਘਾਟੀਆਂ ਵਿੱਚ ਦੇਹਰਾਦੂਨ, ਪਤਲੀਦੂਨ, ਕੋਥਰੀਦੂਨ, ਛੌਖੰਭਾ, ਉਧਮਪੁਰ ਤੇ ਕੋਟਲੀ ਕਾਫ਼ੀ ਪ੍ਰਸਿੱਧ ਹਨ।

**(*v*) ਸ਼ਾਖਾਵਾਂ (Off-Shoots) :**

ਹਿਮਾਲਿਆ ਪਰਬਤ ਸ਼੍ਰੇਣੀਆਂ ਪੂਰਬੀ ਅਤੇ ਪੱਛਮੀ ਸਿਰਿਆਂ ਤੇ ਜਾ ਕੇ ਉੱਤਰ-ਦੱਖਣੀ ਦਿਸ਼ਾ ਗ੍ਰਹਿਣ ਕਰ ਲੈਂਦੀਆਂ ਹਨ। ਇਹ ਸਿਰਿਆਂ ਤੇ ਮਿਲਣ ਵਾਲੀਆਂ ਪਹਾੜੀਆਂ ਨੂੰ ਕ੍ਰਮਵਾਰ ਪੂਰਬੀ ਅਤੇ ਪੱਛਮੀ ਸ਼ਾਖਾਵਾਂ ਕਿਹਾ ਜਾਂਦਾ ਹੈ।

**(ੳ) ਪੂਰਬੀ ਸ਼ਾਖਾਵਾਂ (Eastern Off-shoots) :** ਇਹਨਾਂ ਸ਼ਾਖਾਵਾਂ ਨੂੰ ਪੂਰਵਾਂਚਲ (Purvanchal) ਵੀ ਕਿਹਾ ਜਾਂਦਾ ਹੈ। ਅਰੁਣਾਚਲ ਪ੍ਰਦੇਸ਼ ਵਿੱਚ ਬ੍ਰਹਮਪੁੱਤਰ ਦਰਿਆ ਦੀ ਦਿਹਾਂਗ ਖੱਡ (Gorge) ਤੋਂ ਸ਼ੁਰੂ ਹੈ। ਇਹ ਲੜੀਆਂ ਅਰਾਕਾਨ ਯੋਮਾ ਪਰਬਤੀ ਲੜੀ ਰਾਹੀਂ ਪੂਰਬੀ ਭਾਰਤ ਅਤੇ ਮਿਆਂਮਾਰ (ਬਰਮਾ) ਦੀ ਸੀਮਾ ਬਣਾਉਂਦੀਆਂ ਹੋਈਆਂ ਦੋ ਹਿੱਸਿਆਂ ਵਿੱਚ ਅੱਗੇ ਵੰਡੀਆਂ ਜਾਂਦੀਆਂ ਹਨ :

ਇਕ ਉਪ-ਸ਼ਾਖਾ ਗੰਗਾ ਬ੍ਰਹਮਪੁੱਤਰ ਦੁਆਰਾ ਨਿਰਮਿਤ ਬੰਗਲਾਦੇਸ਼ ਦੇ ਮੈਦਾਨਾਂ ਤੱਕ ਪਹੁੰਚਦੀ ਹੈ ਜਿਸ ਵਿੱਚ ਡਫ਼ਾ ਬੰਮ, ਪਟਕਾਈ ਬੰਮ, ਗਾਰੋ, ਖਾਸੀ, ਜੈਂਤੀਆਂ ਤੇ ਤ੍ਰਿਪੁਰਾ ਦੀਆਂ ਪਹਾੜੀਆਂ ਆਉਂਦੀਆਂ ਹਨ।

ਦੂਸਰੀ ਉਪ-ਸ਼ਾਖਾ ਪਟਕਾਈ ਬੰਮ ਤੋਂ ਸ਼ੁਰੂ ਹੋ ਕੇ ਨਾਗਾ-ਪਰਬਤ, ਬਰੇਲ, ਲੁਸਾਈ ਰਾਹੀਂ ਹੁੰਦੀਆਂ ਹੋਈਆਂ ਇਰਾਵਦੀ ਦੇ ਡੈਲਟੇ ਤੱਕ ਪਹੁੰਚਦੀਆਂ ਹਨ।

ਹਿਮਾਲਿਆ ਦੀਆਂ ਇਹਨਾਂ ਪੂਰਬੀ ਸ਼ਾਖਾਵਾਂ ਵਿੱਚ ਡਫ਼ਾ ਬੰਮ (4578 ਮੀਟਰ), ਸਾਰਾਮਤੀ (3926 ਮੀਟਰ) ਅਤੇ ਜਪਾਉ ਮੁੱਖ ਉੱਚੀਆਂ ਚੋਟੀਆਂ ਹਨ।

**(ਅ) ਪੱਛਮੀ ਸ਼ਾਖਾਵਾਂ (Western Off-Shoots) :** ਉੱਤਰ ਪੱਛਮ ਵਿੱਚ ਪਾਮੀਰ ਦੀ ਗੰਢ ਤੋਂ ਹਿਮਾਲਿਆ ਸ਼੍ਰੇਣੀ ਦੀਆਂ ਅੱਗੇ ਦੋ ਉਪ-ਸ਼ਾਖਾਵਾਂ ਬਣ ਜਾਂਦੀਆਂ ਹਨ। ਇਕ ਸ਼ਾਖਾ ਪਾਕਿਸਤਾਨ ਦੇ ਮੱਧ ਸਾਲਟ ਰੇਂਜ, ਸੁਲੇਮਾਨ ਤੇ ਕਿਰਥਾਰ ਹੁੰਦੇ ਹੋਏ ਦੱਖਣੀ ਪੱਛਮੀ ਦਿਸ਼ਾ ਵਿੱਚ ਅਰਬ ਸਾਗਰ ਤੱਕ ਪਹੁੰਚਦੀ ਹੈ ਅਤੇ ਦੂਸਰੀ ਸ਼ਾਖਾ ਅਫਗਾਨਿਸਤਾਨ ਵਿਚਲੇ ਹਿੰਦੂਕੁਸ਼ ਤੇ ਕਾਕੇਸ਼ਸ਼ ਪਰਬਤ ਲੜੀ ਨਾਲ ਜਾ ਮਿਲਦੀ ਹੈ।

**(II) ਉੱਤਰੀ ਵਿਸ਼ਾਲ ਮੈਦਾਨ (The Great Northern Plain) :**

**(ੳ) ਸਥਿਤੀ (Situation) :** ਇਹ ਮੈਦਾਨ ਪੱਛਮ ਵਿੱਚ ਸਿੰਧ ਨਦੀ ਤੋਂ ਲੈ ਕੇ ਪੂਰਬ ਵਿੱਚ ਬ੍ਰਹਮਪੁੱਤਰ ਨਦੀ ਤੱਕ ਫੈਲਿਆ ਹੋਇਆ ਹੈ। ਇਹ ਭਾਰਤ ਦੇ ਖੁਸ਼ਕ ਰਾਜਧਾਨੀ ਖੇਤਰ ਤੋਂ ਲੈ ਕੇ ਆਸਾਮ ਦੇ ਨਮ ਖੇਤਰਾਂ ਤੱਕ ਸਮਾਨਅੰਤਰ ਦਿਸ਼ਾ ਵਿੱਚ ਫੈਲੇ ਹੋਏ ਇਸ ਵਿਸ਼ਾਲ ਮੈਦਾਨ ਦੇ ਉੱਤਰ (North) ਵਿੱਚ ਹਿਮਾਲਿਆ ਪਰਬਤਾਂ ਦੀਆਂ ਦੱਖਣੀ ਢਲਾਨਾਂ ਲੱਗਦੀਆਂ ਹਨ ਅਤੇ ਇਸਦੇ ਦੱਖਣ ਵੱਲ ਪ੍ਰਾਇਦੀਪੀ ਪਠਾਰ ਦੇ ਕੱਟੇ-ਵੱਢੇ ਉੱਤਰੀ ਹਿੱਸੇ ਲੱਗਦੇ ਹਨ।

**(ਅ) ਆਕਾਰ (Size) :** ਰਾਵੀ ਨਦੀ ਤੋਂ ਲੈ ਕੇ ਗੰਗਾ ਨਦੀ ਦੇ ਡੈਲਟੇ ਤੱਕ ਇਸ ਮੈਦਾਨ ਦੀ ਕੁੱਲ ਲੰਬਾਈ ਲਗਪਗ 2400 ਕਿਲੋਮੀਟਰ ਹੈ ਅਤੇ ਚੌੜਾਈ 100 ਤੋਂ 500 ਕਿਲੋਮੀਟਰ ਤੱਕ ਮਿਲਦੀ ਹੈ। ਇਹਨਾਂ ਦੀ ਚੌੜਾਈ ਪੂਰਬ ਵਿੱਚ ਆਸਾਮ ਦੀ ਘਾਟੀ ਵਿੱਚ 90 ਕਿਲੋਮੀਟਰ ਤੋਂ ਸ਼ੁਰੂ ਹੋ ਕੇ ਬਿਹਾਰ ਵਿੱਚ 200 ਕਿਲੋਮੀਟਰ ਹੁੰਦੀ ਹੋਈ ਪੱਛਮ ਵੱਲ ਦੇ ਰਾਜਸਥਾਨੀ ਖੇਤਰਾਂ ਵਿੱਚ 500 ਕਿਲੋਮੀਟਰ ਤੱਕ ਜਾ ਪੁੱਜਦੀ ਹੈ। ਸਮੁੰਦਰ ਤਲ ਤੋਂ ਇਸ ਮੈਦਾਨ ਦੀ ਔਸਤ ਉੱਚਾਈ 180 ਮੀਟਰ ਜਾਂ 600 ਫੁੱਟ ਹੈ। ਇਸ ਮੈਦਾਨ ਦੀ ਡੂੰਘਾਈ 5 ਕਿਲੋਮੀਟਰ ਤੋਂ 32 ਕਿਲੋਮੀਟਰ ਤੱਕ ਹੋਣ ਦਾ ਅੰਦਾਜ਼ਾ ਹੈ ਅਤੇ ਇਸ ਦਾ ਕੁੱਲ ਖੇਤਰਫਲ 7.5 ਲੱਖ ਵਰਗ ਕਿਲੋਮੀਟਰ ਹੈ।

**(ੲ) ਰਚਨਾ (Formation) :** ਇਸ ਵਿਸ਼ਾਲ ਮੈਦਾਨ ਦੀ ਰਚਨਾ ਤਿੰਨ ਵੱਡੀਆਂ ਦਰਿਆ ਪ੍ਰਣਾਲੀਆਂ ਦੇ ਆਪਸੀ ਨਿਖੇਪ ਤੋਂ ਹੋਈ ਹੈ। ਪੱਛਮ ਵਿੱਚ ਸਤਲੁਜ, ਮੱਧਵਰਤੀ ਅਤੇ ਹੇਠਲੇ ਭਾਗਾਂ ਵਿੱਚ ਗੰਗਾ ਅਤੇ ਪੂਰਬ ਦੇ ਆਸਾਮੀ ਭਾਗ ਵਿੱਚ ਬ੍ਰਹਮਪੁੱਤਰ ਜਿਹੇ ਦਰਿਆਵਾਂ ਤੇ ਇਹਨਾਂ ਦੀਆਂ ਸਹਾਇਕ ਨਦੀਆਂ ਨੇ ਇਸ ਡੂੰਘੀ ਖੱਡ ਵਾਲੇ ਖੇਤਰ ਵਿੱਚ ਭਾਰੀ ਮਾਤਰਾ ਵਿੱਚ ਮਿੱਟੀ ਜਮ੍ਹਾਂ ਕਰਨ ਦਾ ਕੰਮ ਕੀਤਾ। ਇਸ ਡੂੰਘੀ ਅਤੇ ਲੰਬੀ ਖੱਡ ਦਾ ਨਿਰਮਾਣ ਹਿਮਾਲਿਆ ਤੇ ਪ੍ਰਾਇਦੀਪੀ ਪਠਾਰ ਦੇ ਵਿਚਕਾਰ ਧਰਤੀ ਦੀਆਂ ਅੰਦਰੂਨੀ ਸੰਪੀੜਨ ਦੀਆਂ ਕਿਰਿਆਵਾਂ ਕਰਕੇ ਟਰਸ਼ਰੀ ਯੁੱਗ ਵਿੱਚ ਹੋਇਆ ਸੀ ਜਿਸ ਵਿੱਚ ਹਿਮਾਲਿਆ ਦੀ ਉਠਾਨ (Uprising) ਤੋਂ ਬਾਅਦ ਟੈਥੀਜ਼ ਸਮੁੰਦਰ ਦਾ ਪਾਣੀ ਜਮ੍ਹਾਂ ਹੋ ਗਿਆ ਸੀ। ਕਾਫ਼ੀ ਲੰਬੇ ਸਮੇਂ ਤੱਕ ਹਿਮਾਲਿਆ ਤੇ ਗੌਂਡਵਾਨਾ ਲੈਂਡ ਤੋਂ ਉਤਰਨ ਵਾਲੀਆਂ ਨਦੀਆਂ ਨਿਰੰਤਰ ਤੌਰ ਤੇ ਇਸ ਵਿੱਚ ਮਲਬਾ ਭਰਦੀਆਂ ਰਹੀਆਂ ਅਤੇ ਅੱਜ ਵੀ ਗੰਗਾ ਨਦੀ ਦੁਆਰਾ ਹਰ ਸਾਲ ਤਿੰਨ ਲੱਖ ਟਨ ਮਿੱਟੀ ਬੰਗਾਲ ਦੀ ਖਾੜੀ ਵਿੱਚ ਜਮ੍ਹਾਂ ਕਰਨ ਕਰਕੇ ਇਸ ਮੈਦਾਨ ਦੀ ਲੰਬਾਈ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

(ਸ) **ਧਰਾਤਲੀ ਵਿਸ਼ੇਸ਼ਤਾਵਾਂ (Surface Features) :**

*(i)* **ਸਮਤਲ ਮੈਦਾਨ** : ਸਾਰੇ ਦੇ ਸਾਰਾ ਉੱਤਰੀ ਵਿਸ਼ਾਲ ਮੈਦਾਨ ਪੱਧਰਾ ਤੇ ਇਕਸਾਰ ਹੈ ਜਿਸਦੀ ਢਲਾਣ ਇੰਨੀ ਸਾਧਾਰਣ ਹੈ ਕਿ ਇਸ ਨੂੰ ਨੰਗੀ ਅੱਖ ਨਾਲ ਭਾਂਪ ਲੈਣਾ ਮੁਸ਼ਕਲ ਹੈ।

*(ii)* **ਦਰਿਆਈ ਜਾਲ (River net) :** ਇਸ ਸਮੁੱਚੇ ਮੈਦਾਨੀ ਖੇਤਰ ਵਿੱਚ ਦਰਿਆਵਾਂ, ਨਦੀਆਂ ਤੇ ਚੋਆਂ ਦਾ ਜਾਲ ਵਿਛਿਆ ਹੋਇਆ ਹੈ ਜਿਸ ਨਾਲ ਦੋ-ਆਬ ਦੇ ਖੇਤਰ ਬਣਦੇ ਹਨ। ਸਾਡੇ ਪੰਜਾਬ ਦਾ ਨਾਮ ਵੀ ਪੰਜ ਨਦੀਆਂ ਦੇ ਵਹਿਣ ਕਰਕੇ ਅਤੇ ਇਕਸਾਰ ਮਿੱਟੀ ਜਮ੍ਹਾਂ ਹੋਣ ਕਰਕੇ ਪੰਜ-ਆਬ ਤੋਂ ਪਿਆ ਹੈ।

*(iii)* **ਭੂ-ਆਕਾਰ (Land forms) :** ਸਾਰਾ ਮੈਦਾਨ ਕਿਉਂਕਿ ਦਰਿਆਵਾਂ ਦੀਆਂ ਨਿਖੇਪਣ ਕ੍ਰਿਆਵਾਂ ਦੁਆਰਾ ਨਿਰਮਿਤ ਹੋਇਆ ਹੈ ਇਸ ਲਈ ਇਸ ਵਿੱਚ ਜਲੋਢੀ, ਪੱਖੇ, ਜਲੋਢੀ ਸ਼ੰਕੂ, ਸਪ-ਦਾਰ ਘੁਮਾਅ, ਦਰਿਆਵੀ ਪੌੜੀਆਂ, ਕੁਦਰਤੀ ਬੰਧ, ਹੜ੍ਹ ਦੇ ਮੈਦਾਨ ਜਿਹੇ ਭੂ-ਆਕਾਰ ਮਿਲਦੇ ਹਨ।

*(iv)* **ਮੈਦਾਨੀ ਤਲਛੱਟ (Sediment) :** ਇਸ ਮੈਦਾਨ ਵਿੱਚ ਮਿੱਟੀ ਦੀਆਂ ਵੱਖ-ਵੱਖ ਤਹਿਆਂ ਦਾ ਨਿਖੇਪ ਲੰਬੇ ਸਮੇਂ ਤੱਕ ਨਿਰਵਿਘਨਤਾ ਨਾਲ ਪਾਣੀ ਵਿੱਚ ਹੁੰਦਾ ਰਿਹਾ ਹੈ। ਇਸ ਲਈ ਇਸ ਦੀ ਤਲਛੱਟ ਵਿੱਚ ਚੀਕਣੀ ਮਿੱਟੀ (Clay), ਰੇਤ, ਦੋਮਟ (Loamy) ਅਤੇ ਸਿਲਟ ਜ਼ਿਆਦਾ ਮੋਟਾਈ ਵਿੱਚ ਮਿਲਦੀ ਹੈ। ਚੀਕਣੀ ਮਿੱਟੀ ਦਰਿਆਵਾਂ ਦੇ ਮੁਹਾਨਿਆਂ ਦੇ ਆਸ ਪਾਸ ਜ਼ਿਆਦਾ ਮਿਲਦੀ ਹੈ ਅਤੇ ਉੱਪਰਲੇ ਉੱਚੇ ਖੇਤਰਾਂ ਵਿੱਚ ਰੇਤ ਦੀ ਮਾਤਰਾ ਵੱਧਦੀ ਜਾਂਦੀ ਹੈ।

(ਹ) **ਧਰਾਤਲੀ ਭਿੰਨਤਾ (Surface Variation) :** ਇਹ ਮੈਦਾਨ ਭਾਵੇਂ ਸਮਤਲ ਹੈ ਪਰ ਬਾਰੀਕੀ ਨਾਲ ਦੇਖਣ ਤੇ ਇਸ ਦੇ ਧਰਾਤਲ ਵਿੱਚ ਨਿਖੇਪ ਦੀਆਂ ਭਿੰਨਤਾਵਾਂ ਮਿਲਦੀਆਂ ਹਨ। ਤਲਛੱਟ ਦੇ ਕਾਫ਼ੀ ਦੇਰ ਤੱਕ ਜਮ੍ਹਾਂ ਹੁੰਦੇ ਰਹਿਣ ਦੇ ਕਾਰਣ ਹੀ ਇਸ ਵਿੱਚ ਹੇਠ ਲਿਖੇ ਜਲੋਢੀ ਮੈਦਾਨਾਂ ਦਾ ਨਿਰਮਾਣ ਹੋਇਆ ਹੈ।

(1) **ਖਾਡਰ ਦੇ ਮੈਦਾਨ** : ਉੱਤਰ ਪ੍ਰਦੇਸ਼, ਬਿਹਾਰ ਅਤੇ ਪੱਛਮੀ ਬੰਗਾਲ ਦੇ ਦਰਿਆਵਾਂ ਵਿੱਚ ਹਰੇਕ ਸਾਲ ਹੜ੍ਹ ਆ ਜਾਣ ਕਰਕੇ ਮਿੱਟੀ ਦੀਆਂ ਨਵੀਆਂ ਤਹਿਆਂ ਵਿੱਛ ਜਾਂਦੀਆਂ ਹਨ। ਅਜਿਹੇ ਦਰਿਆਵਾਂ ਦੇ ਆਸ ਪਾਸ ਵਾਲੇ ਹੜ੍ਹ ਦੇ ਅਸਰ ਵਾਲੇ ਖੇਤਰਾਂ ਨੂੰ ਖਾਡਰ ਦੇ ਮੈਦਾਨ (Khadar Plains) ਕਹਿੰਦੇ ਹਨ। ਪੰਜਾਬ ਵਿੱਚ ਅਜਿਹੇ ਮੈਦਾਨੀ ਖੇਤਰਾਂ ਨੂੰ 'ਬੇਟ' (Bet) ਦੇ ਖੇਤਰ ਕਿਹਾ ਜਾਂਦਾ ਹੈ।

(2) **ਬਾਂਗਰ ਦੇ ਮੈਦਾਨ** : ਉਹ ਉੱਚੇ-ਮੈਦਾਨੀ ਖੇਤਰ ਜਿਹੜੇ ਹੜ੍ਹਾਂ ਰਾਹੀਂ ਦਰਿਆਵਾਂ ਦਾ ਪਾਣੀ ਨਹੀਂ ਪਹੁੰਚ ਸਕਦਾ ਅਤੇ ਜਿੱਥੇ ਪੁਰਾਣੀ ਜੰਮੀ ਤਲਛੱਟ ਵਿੱਚ ਚੂਨੇ ਦੇ ਕੰਕਰ ਪੱਥਰ ਜ਼ਿਆਦਾ ਮਾਤਰਾ ਵਿੱਚ ਮਿਲਦੇ ਹੋਣ, ਬਾਂਗਰ (Bangar) ਦੇ ਇਲਾਕੇ ਕਿਹਾ ਜਾਂਦਾ ਹੈ। ਪੰਜਾਬ, ਹਰਿਆਣੇ ਤੇ ਉਤਰਾਂਚਲ ਵਿੱਚ ਇਹਨਾਂ ਨੂੰ ਰੇਹ, ਕੱਲਰ ਜਾਂ ਢਾਹਿਆ ਵੀ ਕਿਹਾ ਜਾਂਦਾ ਹੈ।

(3) **ਭਾਬਰ ਦੇ ਮੈਦਾਨ** : ਜਦੋਂ ਉੱਤਰੀ ਭਾਰਤ ਦੇ ਦਰਿਆ ਸ਼ਿਵਾਲਿਕ ਪਹਾੜੀ ਖੇਤਰਾਂ ਨੂੰ ਛੱਡ ਕੇ ਇਕਦਮ ਪੱਧਰੇ ਇਲਾਕੇ ਵਿੱਚ ਪ੍ਰਵੇਸ਼ ਕਰਦੇ ਹਨ ਤਾਂ ਆਪਣੇ ਨਾਲ ਲਿਆਂਦੀ ਰੇਤ, ਕੰਕਰ, ਬਜਰੀ ਪੱਥਰ ਤੇ ਗੀਟੇ ਆਦਿ ਦੇ ਜਮਾਅ ਨਾਲ ਜੋ ਮੈਦਾਨ ਹੋਂਦ ਵਿੱਚ ਆਉਂਦੇ ਹਨ ਉਸ ਨੂੰ ਭਾਬਰ ਜਾਂ ਘਾੜ (Bhabhar or Ghar) ਦੇ ਮੈਦਾਨ ਕਿਹਾ ਜਾਂਦਾ ਹੈ। ਅਜਿਹੇ ਮੈਦਾਨੀ ਖੇਤਰਾਂ ਵਿੱਚ ਛੋਟੀਆਂ ਨਦੀਆਂ ਦਾ ਪਾਣੀ ਅਕਸਰ ਧਰਾਤਲ ਦੇ ਵਹਿਣ ਦੀ ਥਾਂ ਤੇ ਜ਼ਮੀਨ ਦੇ ਹੇਠ ਵਹਿੰਦਾ ਹੈ।

(4) **ਤਰਾਈ ਦੇ ਮੈਦਾਨ** : ਜਦੋਂ ਭਾਬਰ ਖੇਤਰ ਵਿੱਚਲੀਆਂ ਅਲੋਪ ਹੋਈਆਂ ਨਦੀਆਂ ਦਾ ਪਾਣੀ ਦੁਬਾਰਾ ਫਿਰ ਧਰਾਤਲ ਤੇ ਨਿਕਲ ਆਉਂਦਾ ਹੈ ਤਾਂ ਪਾਣੀ ਦੇ ਇਕੱਠਾ ਹੋ ਜਾਣ ਕਰਕੇ ਦਲਦਲੀ ਖੇਤਰ (Marshy Lands)

ਬਣ ਜਾਂਦੇ ਹਨ। ਇਹ ਸਿੱਲ੍ਹੀ ਤੇ ਦਲਦਲੀ ਭੂਮੀ ਵਾਲੀ ਸ਼ਿਵਾਲਿਕ ਪਹਾੜੀਆਂ ਦੇ ਸਮਾਨਅੰਤਰ ਫੈਲੀ ਲੰਬੀ ਪੱਟੀ ਜਿਸ ਵਿੱਚ ਗਰਮੀ ਤੇ ਨਮੀ ਦੇ ਕਾਰਣ ਸੰਘਣੇ ਵਣ ਤੇ ਜੰਗਲੀ ਜੀਵਾਂ ਦੀ ਭਰਮਾਰ ਹੋ ਜਾਂਦੀ ਹੈ, ਤਰਾਈ ਦਾ ਮੈਦਾਨ (Terai Plain) ਅਖਵਾਉਂਦੀ ਹੈ।

**(5) ਬੰਜਰ ਮੈਦਾਨ (Barren or Bad Lands) :** ਉੱਤਰੀ ਪ੍ਰਾਇਦੀਪੀ ਪਠਾਰ ਅਤੇ ਪੱਛਮੀ ਸ਼ਿਵਾਲਿਕ ਪਹਾੜੀਆਂ ਦੇ ਆਧਾਰ ਦੇ ਪਾਸ ਨਦੀਆਂ, ਚੋਆਂ ਅਤੇ ਵਰਖਾ ਦੇ ਨਾਲੀਦਾਰ (Gully Erosion) ਕਟਾਅ ਦੁਆਰਾ ਤੰਗ ਘਾਟੀਆਂ ਦੇ ਵੱਡੇ-ਵੱਡੇ ਖੱਡੇ (Ravines) ਬਣ ਜਾਂਦੇ ਹਨ। ਉੱਚੇ ਮੈਦਾਨੀ ਭਾਗਾਂ ਵਿੱਚ ਬੇਕਾਰ ਮਿਲਣ ਵਾਲੀ ਇਸ ਤਰ੍ਹਾਂ ਦੀ ਧਰਾਤਲ ਨੂੰ ਬੰਜਰ ਜ਼ਮੀਨ ਵਾਲੇ ਮੈਦਾਨ ਕਿਹਾ ਜਾਂਦਾ ਹੈ। ਇਨ੍ਹਾਂ ਮੈਦਾਨਾਂ ਵਿੱਚ ਭੂਮੀ ਦੀ ਉਪਜਾਊ-ਸ਼ਕਤੀ ਨਾ ਹੋਣ ਦੇ ਬਰਾਬਰ ਹੁੰਦੀ ਹੈ।

**(ਕ) ਵੰਡ (Division) :** ਜਲੋਢੀ ਨਿਖੇਪ ਦੀ ਭਿੰਨਤਾ ਦੇ ਆਧਾਰ ਤੋਂ ਇਲਾਵਾ ਇਹਨਾਂ ਮੈਦਾਨਾਂ ਦੀ ਵੱਡੇ ਪੱਧਰ (Macro Level) ਤੇ ਕੀਤੀ ਗਈ ਖੇਤਰੀ ਵੰਡ (Regional Distribution) ਵੀ ਕਾਫ਼ੀ ਮਹੱਤਵਪੂਰਨ ਹੈ। ਪੂਰਬ-ਪੱਛਮ ਦਿਸ਼ਾ ਵਿੱਚ ਫੈਲੇ ਹੋਏ ਇਸ ਉੱਤਰੀ ਵਿਸ਼ਾਲ ਮੈਦਾਨ ਨੂੰ ਚਾਰ ਵੱਡੇ ਖੇਤਰਾਂ ਵਿੱਚ ਵੰਡਿਆ ਜਾ ਸਕਦਾ ਹੈ : (*i*) ਪੰਜਾਬ-ਹਰਿਆਣੇ ਦਾ ਮੈਦਾਨ (2) ਥਾਰ ਮਾਰੂਥਲੀ ਮੈਦਾਨ (3) ਗੰਗਾ ਦਾ ਮੈਦਾਨ (4) ਬ੍ਰਹਮਪੁੱਤਰ ਦਾ ਮੈਦਾਨ।

**1. ਪੰਜਾਬ-ਹਰਿਆਣੇ ਦਾ ਮੈਦਾਨ (Punjab-Haryana Plain) :** ਇਹ ਮੈਦਾਨ ਸਤਲੁਜ, ਰਾਵੀ ਬਿਆਸ ਤੇ ਘੱਗਰ ਨਦੀਆਂ ਦੁਆਰਾ ਲਿਆਂਦੀ ਗਈ ਮਿੱਟੀ ਦੇ ਜਮਾਅ ਤੋਂ ਬਣਿਆ ਹੈ। ਭਾਵੇਂ ਇਹ ਮੈਦਾਨ ਸਿੰਧ ਅਤੇ ਇਸ ਦੀਆਂ ਸਹਾਇਕ ਪੰਜ ਨਦੀਆਂ ਅਤੇ ਯਮੁਨਾ ਦੇ ਪੱਛਮ ਵੱਲ ਵਹਾਅ ਦੁਆਰਾ ਬਣਿਆ ਇਕਸਾਰ ਤੇ ਪੱਧਰਾ ਮੈਦਾਨ ਹੈ ਪਰ 1947 ਵਿੱਚ ਭਾਰਤ ਤੇ ਪਾਕਿਸਤਾਨ ਦੀ ਅੰਤਰ ਰਾਸ਼ਟਰੀ ਸੀਮਾ ਬਣ ਜਾਣ ਦੇ ਕਾਰਨ ਹੁਣ ਇਸ ਦਾ ਵੱਡਾ ਹਿੱਸਾ ਪਾਕਿਸਤਾਨ ਵਿੱਚ ਪੈਂਦਾ ਹੈ ਅਤੇ ਦੂਸਰੇ ਪਾਸੇ ਦਿੱਲੀ ਦੇ ਆਸ ਪਾਸ ਧਰਾਤਲ ਦੇ ਉੱਪਰ ਉੱਠ ਜਾਣ ਤੇ ਜਲ ਵਿਭਾਜਕ (Water Divide) ਬਣ ਜਾਣ ਕਰਕੇ ਯਮੁਨਾ ਦਾ ਵਹਾਅ ਪੂਰਬ ਵੱਲ ਹੋ ਗਿਆ ਹੈ। ਇਸ ਪ੍ਰਕਾਰ ਪਾਕਿਸਤਾਨ ਬਾਰਡਰ ਤੋਂ ਲੈ ਕੇ ਯਮੁਨਾ ਦਰਿਆ ਤੱਕ ਇਸਦੀ ਲੰਬਾਈ ਪੂਰਬ-ਪੱਛਮ ਦਿਸ਼ਾ ਵਿੱਚ 500 ਕਿਲੋਮੀਟਰ ਹੈ ਅਤੇ ਉੱਤਰ-ਪੂਰਬ ਤੋਂ ਦੱਖਣ ਪੱਛਣ ਤੱਕ 640 ਕਿਲੋਮੀਟਰ ਹੈ। ਇਸ ਮੈਦਾਨ ਦੇ ਉੱਤਰੀ ਭਾਗ 300 ਕਿਲੋਮੀਟਰ ਤੱਕ ਉੱਚੇ ਹਨ ਅਤੇ ਦੱਖਣ-ਪੂਰਬੀ ਭਾਗਾਂ ਵੱਲ ਜਾਂਦੇ ਜਾਂਦੇ ਉਚਾਈ 200 ਮੀਟਰ ਤੱਕ ਰਹਿ ਜਾਂਦੀ ਹੈ। ਇਸ ਮੈਦਾਨ ਦੀ ਢਲਾਣ ਦੱਖਣ-ਪੱਛਮ ਵੱਲ ਹੈ। ਦਿੱਲੀ ਅਤੇ ਮਹਿੰਦਰ ਗੜ੍ਹ, ਜ਼ਿਲ੍ਹੇ ਦੀਆਂ ਬਚੀਆਂ-ਖੁਚੀਆਂ ਘੱਟ ਉੱਚੀਆਂ ਤੇ ਕਰੜੀਆਂ ਚੱਟਾਨਾਂ ਇਸ ਨੂੰ ਗੰਗਾ ਦੇ ਮੈਦਾਨ ਤੋਂ ਵੱਖ ਕਰਦੀਆਂ ਹਨ। ਇਸ ਉਪਜਾਊ ਮੈਦਾਨ ਦਾ ਕੁੱਲ ਖੇਤਰਫਲ 1.75 ਲੱਖ ਵਰਗ ਕਿਲੋਮੀਟਰ ਹੈ। ਇਸ ਵਿੱਚ ਦਰਿਆਈ ਸੀਮਾ ਦੇ ਆਧਾਰ ਤੇ ਬਣੇ ਅੰਤਰ-ਦੋਆਬ (Interfluves) ਖੇਤਰਾਂ ਦੇ ਅਗੋਂ ਚਾਰ ਉਪ-ਭਾਗ ਕੀਤੇ ਜਾ ਸਕਦੇ ਹਨ—(*a*) ਰਾਵੀ ਤੇ ਬਿਆਸ ਵਿੱਚਲਾ ਭਾਗ ਜਾਂ ਬਾਰੀ ਦੁਆਬ (Bari Doab) ਜਾਂ ਮਾਝੇ ਦੇ ਮੈਦਾਨ, (*b*) ਬਿਆਸ ਤੇ ਸਤਲੁਜ ਵਿਚਲਾ ਦੁਆਬ ਜਾਂ ਬਿਸਤ-ਦੁਆਬ (Bist Doab) ਜਾਂ ਦੁਆਬੇ ਦਾ ਖੇਤਰ, (*c*) ਸਤਲੁਜ ਅਤੇ ਮਾਲਵੇ ਦੀ ਪਠਾਰ ਤੱਕ ਫੈਲੇ ਮੈਦਾਨੀ ਹਿੱਸੇ ਨੂੰ ਮਾਲਵੇ ਦਾ ਮੈਦਾਨ ਅਤੇ ਘੱਗਰ ਅਤੇ ਯਮੁਨਾ ਤੱਕ ਦੇ ਪੱਧਰੇ ਖੇਤਰ ਨੂੰ ਹਰਿਆਣੇ ਦੇ ਮੈਦਾਨ ਕਿਹਾ ਜਾਂਦਾ ਹੈ।

**2. ਥਾਰ ਮਾਰੂਥਲ ਦਾ ਮੈਦਾਨ (Thar Desert Plain) :** ਪੰਜਾਬ ਅਤੇ ਹਰਿਆਣੇ ਦੇ ਦੱਖਣੀ ਭਾਗਾਂ ਤੋਂ ਲੈ ਕੇ ਗੁਜਰਾਤ ਦੇ ਰਣ ਆਫ ਕੱਛ ਤੱਕ ਫੈਲੇ ਖੁਸ਼ਕ ਅਤੇ ਸਮਤਲ ਭਾਗ ਨੂੰ ਥਾਰ ਦਾ ਮਾਰੂਥਲੀ ਮੈਦਾਨ ਕਿਹਾ ਜਾਂਦਾ ਹੈ। ਅਰਾਵਲੀ ਪਰਬਤ ਸ਼੍ਰੇਣੀ ਇਸ ਦੀ ਪੂਰਬੀ ਸੀਮਾ ਬਣਾਉਂਦੇ ਹਨ ਤੇ ਪੱਛਮੀ ਪਾਸੇ ਅੰਤਰ ਰਾਸ਼ਟਰੀ ਸੀਮਾ ਲੱਗਦੀ ਹੈ। ਇਹ ਲਗਪਗ 640 ਕਿਲੋਮੀਟਰ ਲੰਬਾ ਅਤੇ 300 ਕਿਲੋਮੀਟਰ ਚੌੜਾ ਜੋ 1,75,000 ਵਰਗ

ਕਿਲੋਮੀਟਰ ਦੇ ਰਕਬੇ ਵਿੱਚ ਫੈਲਿਆ ਹੋਇਆ ਹੈ, ਪੱਛਮੀ ਮੈਦਾਨ ਵੀ ਅਖਵਾਉਂਦਾ ਹੈ। ਇਸ ਦੀ ਸਮੁੰਦਰ ਤਲ ਤੋਂ ਉੱਚਾਈ 120 ਤੋਂ ਲੈ ਕੇ 150 ਮੀਟਰ ਤੱਕ ਹੈ। ਪਲੀਸਟੋਸੀਨ ਕਾਲ ਦੀ ਉਠਾਨ (Uplift) ਤੋਂ ਪਹਿਲਾਂ ਪਰਮੋ-ਕਾਰਬੋਨੀਫਰਸ ਕਾਲ ਤੱਕ ਇਹ ਖੇਤਰ ਸਮੁੰਦਰ ਦੇ ਹੇਠਾਂ ਰਿਹਾ ਹੈ। ਸਰਸਵਤੀ ਅਤੇ ਮਾਰਕੰਡਾ ਦਰਿਆਵਾਂ ਦੇ ਇਸ ਵਿੱਚ ਮਿਲਣ ਵਾਲੇ ਭੂ-ਆਕਾਰ ਇਹ ਦਸਦੇ ਹਨ ਕਿ ਕਿਸੇ ਸਮੇਂ ਇਹ ਖੇਤਰ ਉਪਜਾਊ ਰਿਹਾ ਹੋਵੇਗਾ। ਇਸ ਸਮੇਂ ਇਸ ਖੇਤਰ ਵਿੱਚ ਝਨੀ, ਬਾਂਡੀ, ਜੋਜਰੀ ਤੇ ਸੁਕੜੀ ਮੌਸਮੀ ਨਦੀਆਂ ਦੇ ਮਾਰਗ ਅਤੇ ਸਾਂਭਰ ਜਿਹੀਆਂ ਰੇਤਲੀਆਂ ਝੀਲਾਂ (Lakes) ਮਿਲਦੀਆਂ ਹਨ। ਸਾਰਾ ਖੇਤਰ ਵਰਖਾ ਦੀ ਬਹੁਤ ਘੱਟ ਮਾਤਰਾ ਮਿਲਣ ਕਰਕੇ ਰੇਤ ਦੇ ਵੱਡੇ-ਵੱਡੇ ਟਿੱਲਿਆਂ (Sand Dunes) ਵਿੱਚ ਬਦਲ ਗਿਆ ਹੈ ਜਿਨ੍ਹਾਂ ਦੀ ਉੱਚਾਈ ਬਾੜਮੇਰ ਜ਼ਿਲ੍ਹੇ ਵਿੱਚ 50 ਤੋਂ 100 ਮੀਟਰ ਤੱਕ ਮਿਲਦੀ ਹੈ। ਇਸ ਸਾਰੇ ਖੁਸ਼ਕ ਮੈਦਾਨੀ ਖੇਤਰ ਵਿੱਚ ਪੌਣ ਦਾ ਕੰਮ (Work of Wind) ਕਾਫ਼ੀ ਤੀਬਰ ਹੈ। ਅਰਾਵਲੀ ਦੇ ਨਾਲ-ਨਾਲ ਪੱਛਮ ਵਿੱਚ ਮਿਲਣ ਵਾਲੇ ਉਪਜਾਊ ਮੈਦਾਨਾਂ ਨੂੰ ਗੰਗ ਰੋਹੀ (Gang Rohi) ਅਤੇ ਗੋਦਾਵਰ ਰੋਹੀ (Godawar Rohi) ਕਿਹਾ ਜਾਂਦਾ ਹੈ।

**3. ਗੰਗਾ ਦਾ ਮੈਦਾਨ (The Ganga Plain) :**

**(ੳ) ਸਥਿਤੀ** : ਇਹ ਮੈਦਾਨ ਦੇਸ਼ ਦੇ ਉੱਤਰ ਪ੍ਰਦੇਸ਼ ਬਿਹਾਰ ਅਤੇ ਪੱਛਮੀ ਬੰਗਾਲ ਰਾਜਾਂ ਵਿੱਚ ਸਥਿਤ ਹੈ। ਪੱਛਮ ਵਿੱਚ ਯਮੁਨਾ, ਪੂਰਬ ਵਿੱਚ ਬੰਗਾਲ ਦੇਸ਼ ਦੀ ਅੰਤਰ ਰਾਸ਼ਟਰੀ ਸੀਮਾ, ਉੱਤਰ ਵਿੱਚ ਸ਼ਿਵਾਲਿਕ ਅਤੇ ਦੱਖਣ ਵਿੱਚ ਪ੍ਰਾਇਦੀਪੀ ਪਠਾਰ ਦੇ ਉੱਤਰੀ ਵਾਧਰਿਆਂ (Extensions) ਦੇ ਵਿਚਕਾਰ ਫੈਲਿਆ ਹੋਇਆ ਇਹ ਵਿਸ਼ਾਲ ਅਤੇ ਉਪਜਾਊ ਮੈਦਾਨ ਇਤਿਹਾਸ, ਖੇਤੀਬਾੜੀ ਅਤੇ ਜਨਸੰਖਿਆ ਆਦਿ ਦੇ ਪੱਖੋਂ ਬਹੁਤ ਮਹੱਤਵਪੂਰਣ ਹੈ।

**(ਅ) ਨਦੀਆਂ (Rivers) :** ਇਸ ਮੈਦਾਨ ਵਿੱਚ ਗੰਗਾ, ਯਮੁਨਾ, ਘਾਗਰਾ, ਗੰਡਕ, ਕੋਸੀ, ਸੋਨ, ਬੇਤਵਾ ਅਤੇ ਚੰਬਲ ਦਰਿਆਵਾਂ ਦੁਆਰਾ 2000 ਮੀਟਰ ਡੂੰਘੀ ਤਲਛੱਟ ਦਾ ਜਮਾਅ ਕੀਤਾ ਗਿਆ ਹੈ।

**(ੲ) ਭੂ-ਆਕਾਰੀ ਨਾਮ (Name of Landform) :** ਇਸ ਮੈਦਾਨ ਦੇ ਉੱਤਰੀ ਤਰਾਈ ਵਾਲੇ ਖੇਤਰਾਂ ਵਿੱਚ ਬਣੀਆਂ ਦਲਦਲੀ ਪੇਟੀਆਂ (Marshy Belts) ਨੂੰ ਕੌਰ (Caur) ਕਿਹਾ ਜਾਂਦਾ ਹੈ ਜਦੋਂ ਕਿ ਇਸ ਮੈਦਾਨ ਦੀ ਦੱਖਣੀ ਸੀਮਾ ਤੇ ਵੱਡੇ-ਵੱਡੇ ਖੱਡੇ (Ravines) ਮਿਲਦੇ ਹਨ ਜਿਹਨਾਂ ਨੂੰ ਜਾਲਾ ਤੇ ਤਾਲ (Jala and Tal) ਜਾਂ ਬੰਜਰ ਭੂਮੀ (Bad Land) ਕਹਿੰਦੇ ਹਨ। ਇਹਨਾਂ ਤੋਂ ਇਲਾਵਾ ਪੂਰੇ ਮੈਦਾਨ ਵਿੱਚ ਪੁਰਾਣੀ ਜੰਮੀ ਹੋਈ ਬਾਂਗਰ ਦੀ ਜਲੋਢ ਅਤੇ ਨਵੀਂ ਵਿੱਛੀ ਖਾਡਰੀ ਜਲੋਢ ਦੀਆਂ ਸਪੱਸ਼ਟ ਲੰਬੀਆਂ ਤੇ 15 ਤੋਂ 30 ਮੀਟਰ ਉੱਚੀਆਂ ਪੱਟੀਆਂ ਮਿਲਦੀਆਂ ਹਨ ਜਿਹਨਾਂ ਨੂੰ ਇਥੇ ਖੋਲਾਂ (Khols) ਕਿਹਾ ਜਾਂਦਾ ਹੈ। ਗੰਗਾ ਅਤੇ ਯਮੁਨਾ ਦੇ ਦੋਆਬਾ ਖੇਤਰ ਵਿੱਚ ਪੌਣ ਦੇ ਨਿਖੇਪ (Work of the Wind) ਦੁਆਰਾ ਨਿਰਮਿਤ ਉੱਚੇ ਨੀਵੇਂ ਰੇਤ ਦੇ ਟਿੱਬਿਆਂ ਦੀਆਂ ਪੱਟੀਆਂ ਮਿਲਦੀਆਂ ਹਨ ਜਿਹਨਾਂ ਨੂੰ ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਤੇ ਬਿਜਨੌਰ ਜ਼ਿਲ੍ਹਿਆਂ ਵਿੱਚ ਭੂੜ (Bhur) ਕਿਹਾ ਜਾਂਦਾ ਹੈ।

**(ਸ) ਢਾਲ (Slope) :** ਸਾਰੇ ਦੇ ਸਾਰੇ ਗੰਗਾ ਦੇ ਮੈਦਾਨ ਦੀ ਢਲਾਨ ਪੂਰਬ ਵੱਲ ਹੈ ਜੋ ਕਿ ਲਗਪਗ 3.57 ਲੱਖ ਵਰਗ ਕਿਲੋਮੀਟਰ ਦੇ ਰਕਬੇ ਵਿੱਚ ਫੈਲਿਆ ਹੋਇਆ ਹੈ।

**(ਹ) ਵੰਡ (Division) :** ਉੱਚਾਈ ਦੇ ਆਧਾਰ ਤੇ ਗੰਗਾ ਦੇ ਮੈਦਾਨ ਨੂੰ ਤਿੰਨ ਉਪ-ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ :

(1) ਗੰਗਾ ਦੇ ਉੱਪਰਲੇ ਮੈਦਾਨ (2) ਗੰਗਾ ਦੇ ਮੱਧਵਰਤੀ ਮੈਦਾਨ (3) ਗੰਗਾ ਦੇ ਹੇਠਲੇ ਮੈਦਾਨ

**(1) ਗੰਗਾ ਦੇ ਉੱਪਰਲੇ ਮੈਦਾਨ (Upper Ganga Plain) :** ਇਹਨਾਂ ਨੂੰ ਗੰਗਾ-ਯਮੁਨਾ ਦੋਆਬ ਦੇ ਖੇਤਰ ਵੀ ਕਹਿੰਦੇ ਹਨ। ਇਹਨਾਂ ਦੇ ਪੱਛਮ ਵਿੱਚ ਯਮੁਨਾ ਦਰਿਆ ਹੈ ਅਤੇ 100 ਮੀਟਰ ਦੀ ਉੱਚਾਈ ਤੱਕ ਮੱਧਮ ਢਾਲ

ਵਾਲੇ ਖੇਤਰ ਇਸ ਦੀ ਪੂਰਬੀ ਸੀਮਾ ਬਣਾਉਂਦੇ ਹਨ। ਰੋਹੇਲ ਖੰਡ ਅਤੇ ਅਵਧ ਦਾ ਮੈਦਾਨ ਵੀ ਇਸ ਦਾ ਹਿੱਸਾ ਹਨ। ਇਸ ਮੈਦਾਨ ਦੀ ਰਚਨਾ ਗੰਗਾ ਅਤੇ ਯਮੁਨਾ ਦਰਿਆਵਾਂ ਤੋਂ ਬਿਨਾਂ ਰਾਮ ਗੰਗਾ, ਹਿੰਡਨ, ਚੰਬਲ, ਬੇਤਵਾ, ਕਾਲ਼ੀ, ਇਸ਼ਾਨ, ਰਿੰਡ ਤੇ ਪਾਂਡੂ ਆਦਿ ਦੀਆਂ ਨਦੀਆਂ ਦੇ ਨਿਖੇਪ ਤੋਂ ਵੀ ਬਣੇ ਹਨ।

(2) **ਗੰਗਾ ਦੇ ਮੱਧਵਰਤੀ ਮੈਦਾਨ (Middle Ganga Plain) :** ਇਸ ਮੈਦਾਨ ਨੂੰ ਬਿਹਾਰ ਮੈਦਾਨ (Bihar Plain) ਜਾਂ ਮਿਥਲਾ ਮੈਦਾਨ (Mithila Plain) ਵੀ ਕਹਿੰਦੇ ਹਨ ਜਿਸ ਦੀ ਉੱਚਾਈ 50 ਤੋਂ 100 ਮੀਟਰ ਦੇ ਦਰਮਿਆਨ ਮਿਲਦੀ ਹੈ। ਇਹ ਘਾਗਰਾ ਨਦੀ ਤੋਂ ਲੈ ਕੇ ਕੋਸੀ ਨਦੀ ਤੱਕ ਫੈਲਿਆ ਹੋਇਆ 35000 ਵਰਗ ਕਿਲੋਮੀਟਰ ਦਾ ਖੇਤਰ ਹੈ। ਇਸ ਵਿੱਚੋਂ ਗੰਗਾ, ਘਾਗਰਾ, ਗੰਡਕ, ਕੋਸੀ, ਸੋਨ ਤੇ ਰੋਹਣੀ ਆਦਿ ਦਰਿਆਵਾਂ ਦੁਆਰਾ ਨਿਖੇਪ ਹੋਇਆ ਹੈ। ਇਸ ਦੀ ਢਲਾਣ ਬਹੁਤ ਹੀ ਸਾਧਾਰਣ ਹੋਣ ਕਰਕੇ ਇਸ ਵਿੱਚ ਗਊ-ਖੁਰ ਝੀਲ (Ox-bow lake) ਕੁਦਰਤੀ ਬੰਧ (Natural Levees) ਅਤੇ ਬਦਲਦੇ ਸਪਦਾਰ ਘੁਮਾਅ (Shifting Meanders) ਜ਼ਿਆਦਾ ਮਾਤਰਾ ਵਿੱਚ ਮਿਲਦੇ ਹਨ।

(3) **ਗੰਗਾ ਦੇ ਹੇਠਲੇ ਮੈਦਾਨ (Lower Ganga Plain) :** ਗੰਗਾ ਦਾ ਇਹ ਮੈਦਾਨੀ ਭਾਗ ਸਮੁੰਦਰ ਤਲ ਤੋਂ 50 ਮੀਟਰ ਦੀ ਉੱਚਾਈ ਤੱਕ ਰਾਜ ਮਹੱਲ ਅਤੇ ਗਾਰੋ ਪਹਾੜੀਆਂ ਦੇ ਅੰਤਰਾਲ (Gap) ਦੇ ਦਰਮਿਆਨ ਇਕ ਪੱਧਰਾ ਤੇ ਡੈਲਟਾਈ ਖੇਤਰ ਹੈ ਜੋ ਕਿ ਦੇਸ਼ ਦੇ ਪੱਛਮੀ ਬੰਗਾਲ ਪ੍ਰਾਂਤ ਤੇ ਬੰਗਲਾ ਦੇਸ਼ ਵਿੱਚ ਸਥਿਤ ਹੈ। ਇਸ ਦੇ ਉੱਤਰ ਵਿੱਚ ਤਰਾਈ ਪੱਟੀ ਦੇ ਦੁਆਰ (Duar) ਦੇ ਖੇਤਰ ਮਿਲਦੇ ਹਨ ਅਤੇ ਦੱਖਣੀ ਭਾਗਾਂ ਵੱਲ ਸੰਸਾਰ ਦੇ ਸਭ ਤੋਂ ਵੱਡੇ ਸੁੰਦਰਬਨ ਦੇ ਡੈਲਟੇ (Sunderban Delta) ਦੇ ਖੇਤਰ ਮਿਲਦੇ ਹਨ। ਇਹ ਜਲੌਢੀ ਮੈਦਾਨ ਗੰਗਾ ਅਤੇ ਇਸ ਦੀਆਂ ਉਪਸ਼ਾਖਾਵਾਂ (ਭਾਗੀਰਥੀ ਤੇ ਹੁਗਲੀ) ਦਮੋਦਰ, ਸੁਬਰਨਰੇਖਾ ਅਤੇ ਤੀਸਰਾ ਦਰਿਆਵਾਂ ਦੁਆਰਾ ਲਿਆਂਦੀ ਗਈ ਤਲਛੱਟ ਦੇ ਨਿਖੇਪ ਤੋਂ ਬਣਿਆ ਹੈ।

(4) **ਬ੍ਰਹਮਪੁੱਤਰ ਦਾ ਮੈਦਾਨ (The Brahamputra plains) :** ਇਸ ਮੈਦਾਨ ਨੂੰ ਆਸਾਮ ਦਾ ਮੈਦਾਨ ਵੀ ਕਿਹਾ ਜਾਂਦਾ ਹੈ। ਇਹ ਪੱਛਮੀ ਆਸਾਮੀ ਸੀਮਾ ਤੋਂ ਲੈ ਕੇ ਆਸਾਮ ਦੇ ਧੁਰ ਉੱਤਰ ਪੂਰਬੀ ਹਿੱਸੇ ਸਦਿਆ (Sadiya) ਤੱਕ ਲਗਪਗ 640 ਕਿਲੋਮੀਟਰ ਲੰਬਾ ਅਤੇ 90 ਤੋਂ 100 ਕਿਲੋਮੀਟਰ ਤੱਕ ਚੌੜਾ ਤੰਗ ਮੈਦਾਨ ਹੈ ਜਿਸ ਵਿੱਚ ਬ੍ਰਹਮਪੁੱਤਰ, ਸੇਸਿਰੀ, ਦਿਬਾਂਗ ਅਤੇ ਲੁਹਿਤ ਦਰਿਆਵਾਂ ਦੁਆਰਾ ਹਿਮਾਲਿਆ ਪਰਬਤ ਅਤੇ ਇਸ ਦੇ ਆਸੇ ਪਾਸੇ ਘਿਰੀਆਂ ਸ਼ਾਖਾਵਾਂ ਤੋਂ ਮਿੱਟੀ ਲਿਆ ਕੇ ਜਮ੍ਹਾਂ ਕੀਤੀ ਗਈ ਹੈ। ਇਸ ਤੰਗ ਅਤੇ ਲੰਬੀ ਮੈਦਾਨੀ ਮਿੱਟੀ ਵਿੱਚ ਲਗਪਗ ਹਰ ਸਾਲ ਆਏ ਹੜ੍ਹਾਂ ਨਾਲ ਨਵੀਂ ਤਲਛੱਟ ਦਾ ਨਿਖੇਪ ਹੁੰਦਾ ਰਹਿੰਦਾ ਹੈ। ਇਸ ਮੈਦਾਨ ਦੀ ਢਾਲ ਉੱਤਰ ਪੂਰਬ ਤੋਂ ਪੱਛਮ ਵੱਲ ਹੈ।

**(III) ਪ੍ਰਾਇਦੀਪੀ ਪਠਾਰ ਦਾ ਖੇਤਰ (Peninsular Plateau Region) :**

(**ੳ**) **ਸਥਿਤੀ (Situation) :** ਇਹ ਪਠਾਰੀ ਭਾਗ ਉੱਤਰੀ ਵਿਸ਼ਾਲ ਮੈਦਾਨਾਂ ਦੇ ਦੱਖਣ ਵੱਲ ਫੈਲਿਆ ਹੋਇਆ ਤ੍ਰਿਭੁਜ ਆਕਾਰ ਦਾ ਪੁਰਾਤਨ ਭੂ-ਭਾਗ ਹੈ ਜਿਸ ਦਾ ਸਿਖਰ ਬਿੰਦੂ ਕੰਨਿਆ ਕੁਮਾਰੀ ਤੇ ਬਣਦਾ ਹੈ। ਇਸ ਦੀ ਰਚਨਾ ਪ੍ਰਾਚੀਨ ਸਮੇਂ ਦੀਆਂ ਗੌਂਡਵਾਨਾ ਲੈਂਡ ਵਾਲੀਆਂ ਸਖ਼ਤ ਤੇ ਰਵੇਦਾਰ (Hard and crystallanic) ਚਟਾਨਾਂ ਦੁਆਰਾ ਕੀਤੀ ਗਈ ਹੈ। ਇਸ ਦੇ ਆਧਾਰ ਵਾਲੇ ਭਾਗਾਂ ਨੂੰ ਦੱਖਣ ਵੱਲ ਹਿੰਦ ਮਹਾਂਸਾਗਰ, ਪੂਰਬ ਵੱਲ ਬੰਗਾਲ ਦੀ ਖਾੜੀ ਅਤੇ ਪੱਛਮ ਵਿੱਚ ਅਰਬ ਸਾਗਰ ਲੱਗਦੇ ਹਨ। ਤਿੰਨ ਪਾਸੇ ਸਮੁੰਦਰ ਲੱਗਣ ਕਰਕੇ ਇਕ ਤ੍ਰਿਭੁਜ ਆਕਾਰ ਦੇ ਥਲ ਖੰਡ ਨੂੰ ਪ੍ਰਾਇਦੀਪ (Peninsula) ਵੀ ਕਿਹਾ ਜਾਂਦਾ ਹੈ। ਇਸ ਪਠਾਰੀ ਖੇਤਰ ਦੇ ਸਾਰੇ ਪਾਸੇ ਪੱਧਰੇ ਮੈਦਾਨ ਮਿਲਣ ਕਰਕੇ ਸਥਿਤੀ ਦੇ ਆਧਾਰ ਤੇ ਇਹ ਇਕ ਮਹਾਂਦੀਪ ਪਠਾਰ (Continental Plateau) ਵੀ ਬਣ ਜਾਂਦਾ ਹੈ।

**(ਅ) ਆਕਾਰ (Size) :** ਉੱਤਮ ਪੱਛਮ ਵਿੱਚ ਅਰਾਵਲੀ ਪਰਬਤ ਸ਼੍ਰੇਣੀ ਤੋਂ ਲੈ ਕੇ ਉੱਤਰ-ਪੂਰਬ ਵਿੱਚ ਸ਼ਿਲਾਂਗ ਦੇ ਪਠਾਰ ਤੱਕ ਅਤੇ ਦੱਖਨ ਵੱਲ ਕੰਨਿਆ ਕੁਮਾਰੀ ਤੱਕ ਵਧੇ ਹੋਏ ਇਸ ਤਿਕੋਣੀ ਸ਼ਕਲ ਵਾਲੇ ਕਠੋਰ ਭੂ-ਖੰਡ ਨੇ ਦੇਸ਼ ਦੇ ਕੁੱਲ ਜ਼ਮੀਨੀ ਖੇਤਰ ਦਾ ਲਗਪਗ 50% ਹਿੱਸਾ ਘੇਰਿਆ ਹੋਇਆ ਹੈ। ਇਸ ਦਾ ਕੁਲ ਖੇਤਰਫਲ 16 ਲੱਖ ਵਰਗ ਕਿਲੋਮੀਟਰ ਹੈ ਅਤੇ ਇਸ ਦੀ ਔਸਤ ਉੱਚਾਈ 600 ਤੋਂ ਲੈ ਕੇ 900 ਮੀਟਰ ਤੱਕ ਹੈ।

**(ੲ) ਧਰਾਤਲੀ ਰਚਨਾ (Surface Formation) :**

***(i)* ਜਨਮ (Origin) :** ਸਾਰੇ ਪ੍ਰਾਇਦੀਪੀ ਪਠਾਰ ਦਾ ਜਨਮ ਹਿਮਾਲਿਆ ਦੇ ਜਨਮ ਤੋਂ ਪਹਿਲਾਂ ਪ੍ਰੀ-ਕੈਮਬਰੀਅਨ ਮਹਾਂਕਲਪ (Pre-cambrian Era) ਦੇ ਸਮੇਂ ਅੱਜ ਤੋਂ ਲਗਪਗ ਕੋਈ 50 ਕਰੋੜ ਸਾਲ ਪਹਿਲਾਂ ਲਾਵੇ ਦੇ ਸ਼ਾਂਤਮਈ ਵਹਾਅ ਨਾਲ ਹੋਇਆ ਸੀ ਜੋ ਕਿ ਲਗਪਗ 7 ਕਰੋੜ ਸਾਲ ਪਹਿਲਾ ਟਰਸ਼ਰੀ ਯੁੱਗ ਦੇ ਸਮੇਂ ਪ੍ਰਿਥਵੀ ਦੀਆਂ ਅੰਦਰੂਨੀ ਹਲਚਲਾਂ ਦੇ ਕਾਰਣ ਭਾਰਤ ਦੇ ਦੱਖਣੀ ਭਾਗਾਂ ਵੱਲ ਆ ਕੇ ਜੁੜ ਗਿਆ ਸੀ।

***(ii)* ਬਣਤਰ (Structure) :** ਇਹ ਪਠਾਰ ਪੁਰਾਤਨ ਅਗਨੀ ਚਟਾਨਾਂ ਦੀ ਬਣੀ ਹੋਈ ਹੈ। ਇਸ ਵਿੱਚ ਮਿਲਣ ਵਾਲੀਆਂ ਉੱਚੀਆਂ ਪਹਾੜੀਆਂ ਅਤੇ ਪਠਾਰੀ ਭਾਗਾਂ ਵਿੱਚ ਨੀਸ, ਕੁਆਰਟਜ਼, ਸੰਗਮਰਮਰ ਜਿਹੀਆਂ ਕਠੋਰ ਚਟਾਨਾਂ ਮਿਲਦੀਆਂ ਹਨ। ਇਹ ਪਹਾੜੀ ਹਿੱਸੇ ਕਰੋੜਾਂ ਸਾਲਾਂ ਦੇ ਦੌਰਾਨ ਹੋਏ ਅਪਰਦਨ ਦੇ ਕਾਰਣ ਨੀਵੀਂ ਅਤੇ ਘੱਸੀ ਹੋਈ ਹਾਲਤ (Residual Form) ਵਿੱਚ ਮਿਲਦੇ ਹਨ। ਇਸ ਤੋਂ ਇਲਾਵਾ ਤਿੱਬਤ ਦੀ ਪਠਾਰ ਵਲੋਂ ਦਬਾਅ ਆਉਣ ਦੇ ਕਾਰਣ ਵੀ ਇਸ ਵਿੱਚ ਟੁੱਟ-ਭੱਜ ਅਤੇ ਲੰਬੀਆਂ ਦਰਾੜਾਂ (Fracturing & Faulting) ਵੀ ਬਣੀਆਂ ਹੋਈਆਂ ਹਨ।

**(ਸ) ਵੰਡ (Division) :** ਇਹ ਪਠਾਰ ਭਾਗ ਵਿੱਚ ਇਕ ਸਾਰ ਨਹੀਂ ਹੈ ਬਲਕਿ ਇਸ ਦੇ ਧਰਾਤਲ ਵਿੱਚ ਕੁਝ ਕਿਲੋਮੀਟਰਾਂ ਦੇ ਫ਼ਰਕ ਤੇ ਹੀ ਉੱਚਾਈ, ਢਾਲ ਤੇ ਕਟਾਅ ਵਿੱਚ ਭਿੰਨਤਾ ਮਿਲਦੀ ਹੈ। ਇਸ ਕਰਕੇ ਸਤਪੁੜਾ ਦੀਆਂ ਪੂਰਬ-ਪੱਛਮੀ ਦਿਸ਼ਾ ਵੱਲ ਫੈਲੀਆਂ ਸ਼੍ਰੇਣੀਆਂ ਤੇ ਜ਼ਮੀਨ ਦੀ ਢਾਲ ਨੂੰ ਆਧਾਰ ਮੰਨਦੇ ਹੋਏ ਇਸ ਪ੍ਰਾਇਦੀਪੀ ਭਾਗ ਨੂੰ ਵੱਡੇ ਤੌਰ ਅਜਿਹੇ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ ਜਿਸ ਦੇ ਉੱਤਰੀ ਭਾਗ ਦੀ ਢਾਲ ਉੱਤਰ ਜਾਂ ਉੱਤਰ ਪੂਰਬ ਵੱਲ ਅਤੇ ਦੱਖਣ ਵਾਲੇ ਹਿੱਸਿਆ ਦੀ ਆਮ ਢਾਲਣ ਦੱਖਣ-ਪੂਰਬ ਵੱਲ ਹੈ। ਉੱਤਰੀ ਹਿੱਸੇ ਨੂੰ ਮਾਲਵੇ ਦੀ ਪਠਾਰ ਅਤੇ ਦੱਖਣੀ ਹਿੱਸੇ ਨੂੰ ਦੱਖਣ ਦੀ ਪਠਾਰ ਕਿਹਾ ਜਾਂਦਾ ਹੈ।

**(i) ਮਾਲਵੇ ਦੀ ਪਠਾਰ (Malwa Plateau) :** ਪੱਛਮ ਵਿੱਚ ਅਰਾਵਲੀ ਪਰਬਤ, ਉੱਤਰ ਵਿੱਚ ਬੁੰਦੇਲਖੰਡ ਤੇ ਬਘੇਲ ਖੰਡ, ਪੂਰਬ ਵੱਲ ਛੋਟਾ ਨਾਗਪੁਰ, ਰਾਜਮਹੱਲ ਦੀਆਂ ਪਹਾੜੀਆਂ ਤੇ ਸ਼ੀਲਾਂਗ ਦੀ ਪਠਾਰ ਤੱਕ ਅਤੇ ਦੱਖਣ ਵੱਲ ਸੱਤਪੁੜਾ ਦੀਆਂ ਪਹਾੜੀਆਂ ਤੱਕ ਘਿਰਿਆ ਹੋਇਆ ਤ੍ਰਿਭੁਜ ਆਕਾਰ ਦਾ ਇਹ ਭੂ-ਭਾਗ ਮਾਲਵੇ ਦੀ ਪਠਾਰ ਅਖਵਾਉਂਦਾ ਹੈ ਜਿਸ ਦਾ ਸਿਖ਼ਰ ਬਿੰਦੂ ਸ਼ੀਲਾਂਗ ਦੀ ਪਠਾਰ ਤੇ ਹੈ। ਇਸ ਪਠਾਰ ਦੀ ਉੱਤਰੀ ਸੀਮਾ ਅਵਤਲ ਚਾਪ ਆਕਾਰ ਦੀ ਹੈ। ਇਹ ਉੱਤਰੀ ਭਾਗ ਦੀ ਢਾਲ ਉੱਤਰ ਵੱਲ ਹੈ ਜਿਸ ਵਿੱਚ ਬਾਨਾਸ, ਚੰਬਲ, ਸੋਨ ਤੇ ਬੇਤਵਾ ਜਿਹੀਆਂ ਨਦੀਆਂ ਨੇ ਧਰਾਤਲ ਨੂੰ ਡੂੰਘੀਆਂ ਤੰਗ ਘਾਟੀਆਂ ਤੇ ਖੱਡਿਆਂ (Ravines) ਵਿੱਚ ਬਦਲ ਦਿੱਤਾ ਹੈ। ਇਸ ਪਠਾਰ ਦੇ ਪੂਰਬ ਵਿੱਚ ਛੋਟਾ ਨਾਗਪੁਰ ਦੀ ਪਠਾਰ ਹੈ। ਕੁਦਰਤੀ ਖਣਿਜ ਪਦਾਰਥਾਂ ਨਾਲ ਭਰਪੂਰ ਤੇ ਕੱਟੀ ਵੱਢੀ ਲਾਵੇ ਦੀ ਇਸ ਪਠਾਰ ਵਿੱਚੋਂ ਹਜ਼ਾਰੀ ਬਾਗ, ਗਯਾ ਅਤੇ ਰਾਂਚੀ ਦੀਆਂ ਪਠਾਰਾਂ ਵੀ ਸ਼ਾਮਲ ਹੋ ਜਾਂਦੀਆਂ ਹਨ। ਇਸ ਦੀ ਔਸਤ ਉੱਚਾਈ 900 ਮੀਟਰ ਹੈ। ਪਾਰਸਨਾਥ (1365 ਮੀਟਰ) ਅਤੇ ਨੇਤਰ ਹੱਟਪਾਟ (1119 ਮੀਟਰ) ਇੱਥੋਂ ਦੀਆਂ ਉੱਚੀਆਂ ਚੋਟੀਆਂ ਹਨ। ਇਸ ਦੇ ਨਾਲ ਲੱਗਦੀਆਂ ਰਾਜ ਮਹੱਲ ਦੀਆਂ ਪਹਾੜੀਆਂ ਅਤੇ ਸ਼ੀਲਾਂਗ ਦੀ ਪਠਾਰ ਦੇ ਦਰਮਿਆਨ ਬਣੇ ਖਲਾਅ (ਖੋੜ) ਵਿੱਚ ਜਲੋਢ ਭਰ ਜਾਣ ਕਰਕੇ 100 ਮੀਟਰ ਤੱਕ ਉੱਚਾ ਦੱਖਣ ਪੂਰਬੀ ਢਾਲ ਵਾਲਾ ਮੈਦਾਨੀ ਧਰਾਤਲ ਬਣ ਗਿਆ ਹੈ। ਇਸ ਮਾਲਵੇ ਦੀ ਪਠਾਰ ਦੀਆਂ ਤਿੰਨ

ਵੱਡੀਆਂ ਪਰਬਤ ਸ਼੍ਰੇਣੀਆਂ ਹਨ : (1) ਅਰਾਵਲੀ ਪਰਬਤ ਸ਼੍ਰੇਣੀ (2) ਵਿੰਧਿਆਚਲ ਪਰਬਤ ਸ਼੍ਰੇਣੀ (3) ਸਤਪੁੜਾ ਦੀਆਂ ਪਹਾੜੀਆਂ।

**(1) ਅਰਾਵਲੀ ਪਰਬਤ ਸ਼੍ਰੇਣੀ (Aravalli Mountaneous Range) :** ਦਿੱਲੀ ਤੋਂ ਗੁਜਰਾਤ (ਗੀਰ ਪਹਾੜੀਆਂ) ਤੱਕ 725 ਕਿਲੋਮੀਟਰ ਦੀ ਲੰਬਾਈ ਵਿੱਚ ਦੱਖਣ-ਪੱਛਮੀ ਦਿਸ਼ਾ ਵਿੱਚ ਫੈਲੀਆਂ ਹੋਈਆਂ ਸਮਾਨਅੰਤਰ ਪਹਾੜੀਆਂ ਦੇ ਬੱਚੇ-ਖੁੱਚੇ (Residual) ਹਿੱਸੇ ਹਨ ਜਿਹਨਾਂ ਵਿੱਚ ਮਾਊਂਟ ਅਬੂ (Mt. Abu) ਦੀ ਗੁਰੂ-ਸਿਖ਼ਰ (Guru Shikhar) ਚੋਟੀ 1722 ਮੀਟਰ ਸਭ ਤੋਂ ਉੱਚੀ ਚੋਟੀ ਹੈ।

**(2) ਵਿੰਧਿਆਚਲ ਪਰਬਤੀ ਸ਼੍ਰੇਣੀਆਂ :** ਦੀਆਂ ਦੱਖਣੀ ਢਲਾਣਾਂ ਤੇ ਅਸਲ ਵਿੱਚ ਮਾਲਵੇ ਦੀ ਪਠਾਰ ਦੀ ਕਗਾਰੀ ਸੀਮਾ (Escarpment Boundary) ਬਣਦੀ ਹੈ ਜਿਸ ਦੇ ਹੇਠਾਂ ਬਣੀ ਰਿਫ਼ਟ ਘਾਟੀ ਵਿੱਚ ਨਰਮਦਾ ਨਦੀ ਪੱਛਮ ਵੱਲ ਵਹਿੰਦੀ ਹੈ। ਇਹਨਾਂ ਪਰਬਤੀ ਸ਼੍ਰੇਣੀਆਂ ਦਾ ਪੱਛਮੀ ਭਾਗ ਲਾਵੇ ਦਾ ਬਣਿਆ ਹੋਇਆ ਹੈ। ਪੂਰਬੀ ਲਾਵਾ ਰਹਿਤ ਭਾਗ ਕੈਮੂਰ ਤੇ ਭੰਨਰੇਰ (Kaimur & Bhanrer) ਦੀਆਂ ਸ਼੍ਰੇਣੀਆਂ ਅਖਵਾਉਂਦੇ ਹਨ।

**(3) ਲਾਵੇ ਦੀਆਂ ਸੱਤ ਤਹਿਆਂ ਦੀਆਂ ਬਣੀਆਂ ਹੋਈਆਂ ਸਤਪੁੜਾ ਦੀਆਂ ਪਹਾੜੀਆਂ :** ਨਰਮਦਾ ਨਦੀ ਦੇ ਦੱਖਣੀ ਕੰਢੇ ਦੇ ਨਾਲ-ਨਾਲ ਪੂਰਬ ਵਿੱਚ ਸਥਿਤ ਮਹਾਂਦਿਓ ਅਤੇ ਮੈਕਾਲ (Mahandeo & Maikal) ਪਹਾੜੀਆਂ ਦੇ ਸਹਾਰੇ ਝਾਰਖੰਡ ਦੀ ਛੋਟਾ ਨਾਗਪੁਰ ਦੀ ਪਠਾਰ ਤੇ ਜਾ ਪਹੁੰਚਦੀਆਂ ਹਨ। ਇਹਨਾਂ ਪਹਾੜੀਆਂ ਵਿੱਚ ਪੰਚਮੜੀ (Panchmarhi) ਦੇ ਕੋਲ ਧੂਮਗੜ (1350 ਮੀਟਰ) ਅਤੇ ਅਮਰਕੰਟਕ (1127 ਮੀਟਰ) ਉੱਚੀਆਂ ਚੋਟੀਆਂ ਹਨ। ਸਤਪੁੜਾ ਪਹਾੜੀ ਸ਼੍ਰੇਣੀ ਦੀ ਲੰਬਾਈ 1120 ਕਿਲੋਮੀਟਰ ਹੈ। ਇਹਨਾਂ ਦੇ ਪੱਛਮੀ ਭਾਗ ਨੂੰ ਰਾਜ ਪਿਪਲਾ ਪਹਾੜੀਆਂ (Rajpipla Hills) ਅਤੇ ਪੂਰਬੀ ਭਾਗ ਨੂੰ ਅਮਰਕੰਟਕ ਦੀ ਪਠਾਰ (Amarkantak Plateau) ਕਹਿੰਦੇ ਹਨ। ਪੂਰਬੀ ਭਾਗਾਂ ਤੋਂ ਨਿਕਲਣ ਵਾਲੀ ਤਾਪਤੀ ਨਦੀ ਦੀ ਰਿਫ਼ਟ ਘਾਟੀ ਵਿੱਚ ਪੱਛਮ ਵੱਲ ਵਹਿ ਕੇ ਬਿਨਾਂ ਡੈਲਟੇ ਤੋਂ ਅਰਬ ਸਾਗਰ ਵਿੱਚ ਜਾ ਡਿੱਗਦੀ ਹੈ।

**(ii) ਦੱਖਣ ਦੀ ਪਠਾਰ (The Deccan Plateau) :** ਉੱਤਰ ਵਿੱਚ ਸਤਮਲਾ, ਅਜੰਤਾ ਤੇ ਬਾਲਾ ਘਾਟ ਦੀਆਂ ਪਹਾੜੀਆਂ, ਪੱਛਮ ਵਿੱਚ ਪੱਛਮੀ ਘਾਟ, ਪੂਰਬ ਵਿੱਚ ਪੂਰਬੀ ਘਾਟ ਅਤੇ ਦੱਖਣ ਵਿੱਚ ਕਾਰਡਾਮਮ ਦੀਆਂ ਪਹਾੜੀਆਂ ਦੇ ਵਿਚਕਾਰ ਟਰਸ਼ਰੀ ਯੁਗ (12 ਕਰੋੜ ਸਾਲ ਪਹਿਲਾਂ) ਦੇ ਸਮੇਂ ਹੋਏ ਲਾਵੇ ਦੇ ਨਿਰੰਤਰ ਵਹਾਅ ਤੋਂ ਲਗਪਗ 7 ਲੱਖ ਵਰਗ ਕਿਲੋਮੀਟਰ ਦੇ ਖੇਤਰਫਲ ਵਿੱਚ ਫੈਲੇ ਹੋਏ ਇਸ ਵੱਡੇ ਪਠਾਰੀ ਭਾਗ ਦੀ ਢਲਾਨ ਉੱਤਰ ਪੱਛਮ ਤੋਂ ਦੱਖਣ-ਪੂਰਬ ਵੱਲ ਹੈ ਜਿਸ ਦੀ ਔਸਤ ਉਚਾਈ 300 ਤੋਂ 900 ਮੀਟਰ ਤੱਕ ਹੈ। ਇਸ ਦੇ ਧਰਾਤਲ ਨੂੰ ਮੌਸਮੀ ਨਦੀਆਂ ਨੇ ਬੁਰੀ ਤਰ੍ਹਾਂ ਕੱਟ ਵੱਢ ਕਰਕੇ ਕਈ ਸਪੱਸ਼ਟ ਭੌਤਿਕ ਇਕਾਈਆਂ ਵਿੱਚ ਵੰਡ ਦਿੱਤਾ ਹੈ—

(1) ਮਹਾਰਾਸ਼ਟਰਾ ਟੇਬਲ ਲੈਂਡ (2) ਦੰਡਕਰਿਆਨਾ-ਛਤੀਸਗੜ੍ਹ ਖੇਤਰ (3) ਤੇਲੰਗਾਨਾ ਦੀ ਪਠਾਰ (4) ਕਰਨਾਟਕਾ ਪਠਾਰ (5) ਪੱਛਮੀ ਘਾਟ (6) ਪੂਰਬੀ ਘਾਟ ਅਤੇ (7) ਦੱਖਣੀ ਪਹਾੜੀ ਸਮੂਹ।

**(1) ਮਹਾਰਾਸ਼ਟਰ ਟੇਬਲ ਲੈਂਡ :** ਇਹ ਪਠਾਰੀ ਭਾਗ ਬਸਾਲਟ ਲਾਵੇ ਦੀਆਂ ਚਟਾਨਾਂ ਦਾ ਬਣਿਆ ਹੋਇਆ ਹੈ ਜਿਸ ਨੂੰ ਗੋਦਾਵਰੀ, ਭੀਮਾ, ਕਰਿਸ਼ਨਾ, ਵਾਰਦਾ ਤੇ ਵੈਨ ਗੰਗਾ ਨੇ ਕਟਾਅ ਦੁਆਰਾ ਕਈ ਦਰਿਆਈ ਬੇਸਿਨਾਂ ਵਿੱਚ ਤਬਦੀਲ ਕਰ ਦਿੱਤਾ ਹੈ। ਉੱਤਰ ਪੱਛਮੀ ਭਾਗ ਨੂੰ ਮਰਾਠਵਾੜਾ ਟੇਬਲ ਲੈਂਡ ਕਿਹਾ ਜਾਂਦਾ ਹੈ ਜਿਸ ਵਿੱਚ ਗੋਦਾਵਰੀ ਤੇ ਮੰਜਿਰਾ-ਬੇਸਿਨ ਮਿਲਦੇ ਹਨ। ਇਸ ਦੇ ਪੂਰਬੀ ਭਾਗ ਵਿੱਚ ਵਾਰਧਾ ਤੇ ਵੈਨ ਗੰਗਾ ਨੇ ਅਪਣੇ ਦਰਿਆਈ ਬੇਸਿਨਾਂ ਦੁਆਰਾ ਵਿਦਰਭ ਪ੍ਰਦੇਸ਼ ਦਾ ਨਿਰਮਾਣ ਕੀਤਾ ਹੋਇਆ ਹੈ। ਦੱਖਣ ਵੱਲ ਕਰਿਸ਼ਨਾ, ਭੀਮਾ ਤੇ ਸਿੰਧ ਨਦੀਆਂ ਨੇ ਆਪਣੇ ਉਪਰੀ ਬੇਸਿਨ (Upper Basins) ਬਣਾਏ ਹੋਏ ਹਨ।

(2) **ਦੰਡ ਕਰਿਆਨਾ-ਛਤੀਸਗੜ੍ਹ ਖੇਤਰ :** ਇਹ ਖੇਤਰ ਛਤੀਸਗੜ੍ਹ ਦੇ ਬਸਤਰ ਜ਼ਿਲ੍ਹੇ ਅਤੇ ਉੜੀਸਾ ਦੇ ਕੋਰਾਪੁਟ ਦੇ ਜ਼ਿਲ੍ਹਿਆਂ ਦੇ ਦਰਮਿਆਨ ਸਥਿਤ ਹੈ ਜਿਸ ਵਿੱਚ ਮਹਾਂਨਦੀ ਅਤੇ ਵੈਨ ਗੰਗਾ ਦੀਆਂ ਉੱਪਰਲੀਆਂ ਘਾਟੀਆਂ ਅਤੇ ਸਿਉਨਾਥ ਤੇ ਇੰਦਰਾਵਤੀ ਨਦੀਆਂ ਦੇ ਬੇਸਿਨ ਮਿਲਦੇ ਹਨ। ਇਸ ਉਬੜ ਖਾਬੜ ਕੱਟੇ-ਵੱਢੇ ਤੇ ਕਰੜੀਆਂ ਚਟਾਨਾਂ ਵਾਲੇ ਜੰਗਲਾਂ ਨਾਲ ਢਕੇ ਖੇਤਰ ਨੂੰ ਦੰਡ ਕਰਿਆਨਾ ਦਾ ਖੇਤਰ ਵੀ ਕਿਹਾ ਜਾਂਦਾ ਹੈ ਜਿਸ ਵਿੱਚ ਕੁਡੱਪਾ ਯੁੱਗ ਦੀਆਂ ਬਸਾਲਟ, ਚੂਨੇ ਦਾ ਪੱਥਰ ਤੇ ਸ਼ੇਲ ਕਿਸਮ ਦੀਆਂ ਚਟਾਨਾਂ ਮਿਲਦੀਆਂ ਹਨ। ਮਹਾਂਨਦੀ ਦੁਆਰਾ ਨਿਰਮਿਤ ਛਤੀਸਗੜ੍ਹ ਦਾ ਮੈਦਾਨ ਇਸ ਖੇਤਰ ਵਿੱਚ ਕੁੱਲ 73000 ਵਰਗ ਕਿਲੋਮੀਟਰ ਦਾ ਖੇਤਰ ਘੇਰਦਾ ਹੈ।

(3) **ਤੇਲੰਗਾਨਾ ਦੀ ਪਠਾਰ (Telengana Plateau) :** ਆਂਧਰਾ ਪ੍ਰਦੇਸ਼ ਵਿੱਚ ਕਰਨਾਟਕਾ ਦੀ ਪਠਾਰ ਦੇ ਪੂਰਬ ਵੱਲ ਹੋਏ ਨੀਵੀਂ ਢਾਲ ਵਾਲੇ ਹਿੱਸੇ ਨੂੰ ਤੇਲੰਗਾਨਾ ਦੀ ਪਠਾਰ ਕਿਹਾ ਜਾਂਦਾ ਹੈ ਜਿਸ ਵਿੱਚ ਗੋਲਦਾਰ ਪਹਾੜੀਆਂ, ਲਹਿਰਦਾਰ ਮੈਦਾਨ, ਖੁਲ੍ਹੀਆਂ ਤੇ ਚੋੜੀਆਂ ਦਰਿਆਈ ਘਾਟੀਆਂ ਅਤੇ ਵੱਡੇ-ਵੱਡੇ ਚਟਾਨੀ ਖੱਡ ਮਿਲਦੇ ਹਨ। ਇਸ ਨੂੰ ਆਂਧਰਾ ਪ੍ਰਦੇਸ਼ ਦੀ ਪਠਾਰ ਵੀ ਕਹਿੰਦੇ ਹਨ।

(4) **ਕਰਨਾਟਕ ਦੀ ਪਠਾਰ (Karnataka Plateau) :** ਦੱਖਣ ਦੀ ਪਠਾਰ ਦੇ ਮੱਧਵਰਤੀ ਭਾਗਾਂ ਵਿੱਚ ਸਥਿਤ ਸਮੁੰਦਰ ਤੱਲ ਤੋਂ 600 ਮੀਟਰ ਦੀ ਉੱਚਾਈ ਵਾਲੇ ਭਾਗ ਕਰਨਾਟਕ ਦੀ ਪਠਾਰ ਅਖਵਾਉਂਦੇ ਹਨ। ਦੱਖਣੀ ਭਾਗਾਂ ਵੱਲ ਉੱਚਾਈ ਵੱਧ ਕੇ 1100 ਮੀਟਰ ਤੱਕ ਜਾ ਪਹੁੰਚਦੀ ਹੈ ਜਿੱਥੇ ਕਿ 900 ਤੋਂ 1100 ਮੀਟਰ ਵਾਲੇ ਉੱਚ ਟੇਬਲ ਲੈਂਡ ਨੂੰ ਮੈਸੂਰ ਦੀ ਪਠਾਰ (Mysore Plateau) ਕਿਹਾ ਜਾਂਦਾ ਹੈ। ਇਸ ਦੱਖਣੀ ਪਠਾਰ ਭਾਗ ਵਿੱਚੋਂ ਬਾਬਾ ਬੂਦਨ ਦੀਆਂ ਪਹਾੜੀਆਂ ਦੀ ਉੱਚਾਈ ਸਭ ਤੋਂ ਵੱਧ ਹੈ। ਇਹ ਪਹਾੜੀਆਂ 35-40 ਕਿਲੋਮੀਟਰ ਦੀ ਚੌੜਾਈ ਵਿੱਚੋਂ ਫੈਲੀਆਂ ਹੋਈਆਂ ਹਨ ਜਿਹਨਾਂ ਨਾਲ ਢਕੀਆਂ ਇਹਨਾਂ ਪਹਾੜੀ ਸ਼੍ਰੇਣੀਆਂ ਨੂੰ 'ਮਲਨਾਦ' (Malned) ਕਿਹਾ ਜਾਂਦਾ ਹੈ ਜਦ ਕਿ ਲਹਿਰਦਾਰ ਤੇ ਨੀਵੀਂ ਗਰੇਨਾਈਟ ਸਤਹਿ ਵਾਲੇ ਖੇਤਰ ਮੈਦਾਨ (Maidan) ਅਖਵਾਉਂਦੇ ਹਨ। ਇਸ ਪੂਰੀ ਪਠਾਰ ਵਿੱਚ ਕ੍ਰਿਸ਼ਨਾ, ਤੁੰਗਭਦਰਾ, ਪੇਨਾਰ ਤੇ ਕਾਵੇਰੀ ਦਰਿਆਵਾਂ ਨੇ ਕੱਟ-ਵੱਢ ਕਰਕੇ ਡੂੰਘੀਆਂ ਘਾਟੀਆਂ ਦਾ ਨਿਰਮਾਣ ਕੀਤਾ ਹੋਇਆ ਹੈ।

(5) **ਪੱਛਮੀ ਘਾਟ (Western Ghats) :** ਉੱਤਰ ਵਿੱਚ ਤਾਪਤੀ ਦਰਿਆ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ 1600 ਕਿਲੋਮੀਟਰ ਦੀ ਲੰਬਾਈ ਵਿੱਚ ਫੈਲੇ ਦੱਖਣ ਦੀ ਪਠਾਰ ਦੇ ਪੱਛਮੀ ਕਿਨਾਰਿਆਂ ਤੇ ਸਮੁੰਦਰੀ ਤੱਟ ਦੇ ਸਮਾਨਅੰਤਰ ਮਿਲਣ ਵਾਲੀ ਨਿਰੰਤਰ ਪਰਬਤ ਲੜੀ ਨੂੰ ਪੱਛਮੀ ਘਾਟ ਜਾਂ ਸਹਿਦਰੀ ਦੀਆਂ ਪਹਾੜੀਆਂ (Sahyadris Hills) ਕਿਹਾ ਜਾਂਦਾ ਹੈ। ਇਹਨਾਂ ਦੀ ਔਸਤ ਉੱਚਾਈ 1200 ਮੀਟਰ ਹੈ। ਇਹਨਾਂ ਵਿੱਚ ਮਿਲਣ ਵਾਲੇ ਝਰਨੇ, ਤੰਗ ਘਾਟੀਆਂ (Gorges) ਤੇ ਤਿੱਖੀ ਢਲਾਣ, ਜੁਆਨ ਅਵਸਥਾ (Youthful Stage) ਵਾਲੇ ਧਰਾਤਲ ਦਾ ਦ੍ਰਿਸ਼ ਪੇਸ਼ ਕਰਦੇ ਹਨ। ਇਸ ਲੰਬੀ ਪਰਬਤੀ ਲੜੀ ਵਿੱਚ ਉੱਤਰ ਤੋਂ ਦੱਖਣ ਵੱਲ ਕ੍ਰਮਵਾਰ ਤਿੰਨ ਦਰੇ, ਥਾਲ ਘਾਟ, ਭੋਰ ਘਾਟ ਅਤੇ ਪਾਲ ਘਾਟ ਮਿਲਦੇ ਹਨ। ਪੱਛਮ ਵੱਲ ਵਹਿਣ ਵਾਲੀ ਸ਼ੇਰਾਵਤੀ ਨਦੀ ਤੇ 250 ਮੀਟਰ ਦੀ ਉੱਚਾਈ ਤੇ ਜੋਗ ਜਾਂ ਜਰਸੋਪਾ ਝਰਨਾ (Jog or Gersoppa Falls) ਬਣਦਾ ਹੈ। ਥਾਲ ਘਾਟ ਤੋਂ ਲੈ ਕੇ ਦੱਖਣੀ ਪਹਾੜੀ ਸਮੂਹ ਤੱਕ ਵਾਨਲਾ ਮਾਲਾ (2339 ਮੀਟਰ), ਕੁਦਰੇਮੁੱਖ (1894 ਮੀਟਰ), ਪੁਸ਼ਪਾਗਿਰੀ (1714 ਮੀਟਰ), ਕਾਲਸੁਬਾਇ (1646 ਮੀਟਰ), ਸਲ੍ਹਾਰ (1567 ਮੀਟਰ), ਮਹਾਂਬਲੇਸ਼ਵਰ (1438 ਮੀਟਰ) ਤੇ ਹਰੀਸ਼ਚੰਦਰਗੜ੍ਹ (1424 ਮੀਟਰ) ਉੱਚੀਆਂ ਚੋਟੀਆਂ ਹਨ।

(6) **ਪੂਰਬੀ ਘਾਟ (Eastern Ghats) :** ਉੱਤਰ ਵਿੱਚ ਮਹਾਂਨਦੀ ਦੀ ਘਾਟੀ ਤੋਂ ਲੈ ਕੇ ਦੱਖਣ ਵਿੱਚ ਨੀਲਗਿਰੀ ਦੀਆਂ ਪਹਾੜੀਆਂ ਤੱਕ ਦੱਖਣ ਦੀ ਪਠਾਰ ਦੇ ਪੂਰਬੀ ਕਿਨਾਰਿਆਂ ਤੇ ਲਗਪਗ 800 ਕਿਲੋਮੀਟਰ ਲੰਬੇ ਅਤੇ 500 ਮੀਟਰ ਉੱਚੇ ਅਰਧ ਪਠਾਰੀ ਭਾਗਾਂ ਨੂੰ ਪੂਰਬੀ ਘਾਟ ਕਿਹਾ ਜਾਂਦਾ ਹੈ। ਪੱਛਮੀ ਘਾਟਾਂ ਦੇ ਮੁਕਾਬਲੇ ਵਿੱਚ ਪੂਰਬੀ ਘਾਟ ਬਹੁਤ ਜ਼ਿਆਦਾ ਚੌੜੇ, ਕੱਟੇ-ਵੱਢੇ, ਤੱਟ ਦੇ ਸਮਾਨਅੰਤਰ, ਨੀਵੇਂ ਤੇ ਟੁੱਟਵੀਆਂ ਪਹਾੜੀਆਂ ਦੇ ਝੁ-

ਭਾਗ ਹਨ। ਪੂਰਬ ਵੱਲ ਵਗਦੇ ਦਰਿਆ ਇਹਨਾਂ ਘਾਟਾਂ ਦੀਆਂ ਪਹਾੜੀਆਂ ਨੂੰ ਉੱਤਰ, ਮੱਧ ਤੇ ਦੱਖਣ ਤਿੰਨ ਭਾਗਾਂ ਵਿੱਚ ਵੰਡ ਦਿੰਦੇ ਹਨ :

(1) ਉੱਤਰੀ ਖੇਤਰ ਦੀਆਂ ਪਹਾੜੀਆਂ ਮਹਾਂਨਦੀ ਅਤੇ ਗੋਦਾਵਰੀ ਨਦੀਆਂ ਦੇ ਦਰਮਿਆਨ 900 ਮੀਟਰ ਦੀ ਔਸਤ ਉੱਚਾਈ ਤੱਕ ਮਿਲਦੀਆਂ ਹਨ ਜਿਹਨਾਂ ਵਿੱਚ ਮਹਿੰਦਰਾਗਿਰੀ ਚੋਟੀ (1500 ਮੀਟਰ) ਸਭ ਤੋਂ ਉੱਚੀ ਹੈ।

(2) ਮੱਧਵਰਤੀ ਖੇਤਰ ਕ੍ਰਿਸ਼ਨਾ ਤੇ ਪੇਨਾਰ ਨਦੀਆਂ ਦੇ ਵਿਚਕਾਰ ਕੁਡੱਪਾ ਅਤੇ ਕਰਨੂਲ ਜ਼ਿਲ੍ਹਿਆਂ ਵਿੱਚ ਸਥਿਤ ਹੈ ਜਿੱਥੇ ਕਿ ਨਲਾਮਲਾਇ (Nallamalai) ਪਾਲਕੋਂਡਾ (Palkonda) ਤੇ ਵੇਲੀਕੋਂਡਾ (Velikonda) ਪਹਾੜੀਆਂ ਮਿਲਦੀਆਂ ਹਨ।

(3) ਦੱਖਣੀ ਭਾਗਾਂ ਵਿੱਚ ਪੇਨਾਰ ਨਦੀ ਤੋਂ ਲੈ ਕੇ ਨੀਲਗਿਰੀ ਦੀ ਪਹਾੜੀਆਂ ਦੇ ਦਰਮਿਆਨੀ ਜਵੱਦੀ (Javadi), ਗਿੰਗੀ (Gingee), ਸ਼ਿਵਰਾਇ (Shivrai), ਕੋਲਾਇਮਲਾਇ (Kollaimalai), ਪੰਚੈਮਲਾਇ, ਗੋਡੂਮਲਾਇ ਅਤੇ ਬਿਲਗਿਰੀ ਰੰਗਨ ਪਹਾੜੀਆਂ ਮਿਲਦੀਆਂ ਹਨ।

**(7) ਦੱਖਣੀ ਪਹਾੜੀ ਸਮੂਹ (Southern Hill Group) :** ਦੱਖਣ ਦੀ ਪਠਾਰ ਦੇ ਉੱਤਰੀ ਭਾਗਾਂ ਤੋਂ ਪੱਛਮੀ ਤੇ ਪੂਰਬੀ ਘਾਟਾਂ ਦੀ ਪਹਾੜੀਆਂ ਧੁਰ ਦੱਖਣ ਵਿੱਚ ਜਿਸ ਸਥਾਨ ਤੇ ਆ ਕੇ ਮਿਲ ਜਾਂਦੀਆਂ ਹਨ ਉਸ ਸਥਾਨ ਨੂੰ ਦੱਖਣੀ ਪਹਾੜੀਆਂ ਜਾਂ ਨੀਲਗਿਰੀ ਦੀਆਂ ਪਹਾੜੀਆਂ (Nilgiri Hills) ਵੀ ਕਿਹਾ ਜਾਂਦਾ ਹੈ। ਨੀਲਗਿਰੀ ਦੀਆਂ ਪਹਾੜੀਆਂ ਜਿਹਨਾਂ ਨੂੰ ਨੀਲੇ ਪਰਬਤ (Blue Mountains) ਵੀ ਕਹਿੰਦੇ ਹਨ, ਦੀ ਔਸਤ ਉੱਚਾਈ 1220 ਮੀਟਰ ਹੈ। ਇਹਨਾਂ ਪਹਾੜੀਆਂ ਤੇ ਵੱਖ-ਵੱਖ ਦਿਸ਼ਾਵਾਂ ਤੋਂ ਤਿੰਨ ਪਰਬਤੀ ਲੜੀਆਂ ਦੇ ਆ ਕੇ ਜੁੜਨ ਕਰਕੇ ਇਕ 2695 ਮੀਟਰ ਉੱਚੀ ਅਨਾਇਮੁਦੀ ਪਰਬਤੀ ਗੰਢ (Anaimudi knot) ਦਾ ਨਿਰਮਾਣ ਹੁੰਦਾ ਹੈ ਜਿਸ ਵਿੱਚ ਦੱਖਣ ਤੋਂ ਕਾਰਡਾਮਮ (Cardamom) ਜਾਂ ਇਲਾਚੀ (Elachi), ਉੱਤਰ ਤੋਂ ਅਨਾਇਮਲਾਇ (Anaimalai) ਤੇ ਉੱਤਰ ਪੂਰਬ ਤੋਂ ਪਲਨੀ (Palni) ਪਹਾੜੀ ਸ਼੍ਰੇਣੀਆਂ ਮਿਲਦੀਆਂ ਹਨ। ਇਸ ਪੂਰੇ ਪਹਾੜੀ ਸਮੂਹ ਵਿੱਚ ਦੋਦਾ ਬੇਟਾ (Doda Beta) (2637 ਮੀਟਰ) ਅਤੇ ਮਕਰੂਤੀ (Makruti) (2554 ਮੀਟਰ) ਦੋ ਉੱਚੀਆਂ ਚੋਟੀਆਂ ਹਨ। ਇਥੇ ਦੋਦਾ ਬੇਟਾ ਤੇ ਊਟਾਕਮੰਡ (Ootacamund) ਅਤੇ ਪਲਨੀ ਪਹਾੜੀਆਂ ਤੇ ਕੋਡਾਇਕਨਾਲ (Kodaikanal) (2195 ਮੀਟਰ) ਮੁੱਖ ਪਰਬਤੀ ਸਿਹਤਵਰਧਕ ਸਥਾਨ (Hill Stations) ਹਨ।

### (IV) ਤੱਟ ਦੇ ਮੈਦਾਨ (Coastal Plains)

ਪ੍ਰਾਇਦੀਪੀ ਪਠਾਰ ਨੂੰ ਤਿੰਨ ਪਾਸੇ ਤੋਂ ਗੁਜਰਾਤ ਦੇ ਕੱਛ ਖੇਤਰ ਤੋਂ ਲੈ ਕੇ ਕੰਨਿਆ ਕੁਮਾਰੀ ਰਾਹੀਂ ਮਹਾਂਨਦੀ ਦੇ ਡੈਲਟੇ ਤੱਕ ਸਮੁੰਦਰੀ ਤੱਟ ਦੇ ਨਾਲ-ਨਾਲ ਇਕ ਲੰਬੇ ਅਤੇ ਨੀਵੇਂ ਮੈਦਾਨਾਂ ਨੇ ਘੇਰਿਆ ਹੋਇਆ ਹੈ। ਇਹਨਾਂ ਮੈਦਾਨਾਂ ਦਾ ਜਨਮ ਸਮੁੰਦਰ ਜਾਂ ਨਦੀਆਂ ਦੀਆਂ ਨਿਖੇਪ ਕਿਰਿਆਵਾਂ ਅਤੇ ਸਮੁੰਦਰੀ ਤੱਟਾਂ ਦੇ ਉੱਚੇ ਉਠਣ ਜਾਂ ਧੱਸਣ (Emergence or submergence) ਦੁਆਰਾ ਹੋਇਆ ਹੈ। ਪ੍ਰਾਇਦੀਪੀ ਪਠਾਰ ਦੇ ਪੂਰਬੀ ਅਤੇ ਪੱਛਮੀ ਕਿਨਾਰਿਆਂ ਤੇ ਬਣੇ ਹੋਏ ਤੱਟਵਰਤੀ ਮੈਦਾਨਾਂ ਵਿੱਚ ਕਾਫ਼ੀ ਭਿੰਨਤਾ ਮਿਲਦੀ ਹੈ। ਪੱਛਮੀ ਮੈਦਾਨ ਪੂਰਬੀ ਮੈਦਾਨਾਂ ਦੇ ਮੁਕਾਬਲੇ ਵਿੱਚ ਘੱਟ ਚੌੜੇ, ਜ਼ਿਆਦਾ ਸਿਲ੍ਹੇ, ਤੰਗ ਖਾੜੀਆਂ, ਸੁੰਦਰ ਲੈਗੂਨ ਝੀਲਾਂ, ਦਲਦਲ ਖੇਤਰ ਅਤੇ ਸਮਾਨਅੰਤਰ ਭਿੱਤੀਆਂ ਵਾਲੇ ਹਨ। ਇਸ ਪ੍ਰਕਾਰ ਸਥਿਤੀ ਦੇ ਆਧਾਰ ਤੇ ਦੇਸ਼ ਦੇ ਤੱਟਵਰਤੀ ਮੈਦਾਨਾਂ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ : (ੳ) ਪੱਛਮੀ ਤੱਟ ਦੇ ਮੈਦਾਨ (ਅ) ਪੂਰਬੀ ਤੱਟ ਦੇ ਮੈਦਾਨ।

**(ੳ) ਪੱਛਮੀ ਤੱਟ ਦੇ ਮੈਦਾਨ (Western Coastal Plain) :** ਅਰਬ ਸਾਗਰ ਅਤੇ ਪੱਛਮੀ ਘਾਟ ਦੇ ਵਿਚਕਾਰ ਉੱਤਰ ਤੋਂ ਦੱਖਣ ਵੱਲ ਲਗਪਗ 1500 ਕਿਲੋਮੀਟਰ ਦੀ ਲੰਬਾਈ ਅਤੇ 30 ਤੋਂ 80 ਕਿਲੋਮੀਟਰ ਦੀ

ਚੌੜਾਈ ਵਿੱਚ ਫੈਲੇ ਹੋਏ ਤੰਗ ਅਤੇ ਪੱਧਰੇ ਮੈਦਾਨਾਂ ਨੂੰ ਪੱਛਮੀ ਤੱਟ ਦੇ ਮੈਦਾਨ ਕਿਹਾ ਜਾਂਦਾ ਹੈ। ਇਸ ਦੀ ਢਲਾਨ ਦੱਖਣ ਅਤੇ ਦੱਖਣ-ਪੱਛਮ ਵੱਲ ਹੈ। ਇਹਨਾਂ ਮੈਦਾਨਾਂ ਨੂੰ ਧਰਾਤਲੀ ਵਿਸ਼ੇਸ਼ਤਾਵਾਂ ਦੇ ਆਧਾਰ ਤੇ ਚਾਰ ਮੁੱਖ ਹਿੱਸੇ ਬਣਦੇ ਹਨ : (*i*) ਗੁਜਰਾਤ ਦਾ ਤੱਟਵਰਤੀ ਮੈਦਾਨ (*ii*) ਕੌਂਕਣ ਤੱਟਵਰਤੀ ਮੈਦਾਨ (*iii*) ਮਾਲਾਬਾਰ ਤੱਟਵਰਤੀ ਮੈਦਾਨ (*iv*) ਕੇਰਲਾ ਦੇ ਤੱਟਵਰਤੀ ਮੈਦਾਨ।

(*i*) **ਗੁਜਰਾਤ ਦਾ ਤੱਟਵਰਤੀ ਮੈਦਾਨ (Gujarat Coastal Plain) :** ਇਹ ਤੱਟਵਰਤੀ ਮੈਦਾਨੀ ਹਿੱਸਾ ਪੱਛਮੀ ਤੱਟ ਦੇ ਉੱਤਰ ਵਿੱਚ ਸਥਿਤ ਹੈ ਜਿਸ ਵਿੱਚ ਸਾਬਰਮਤੀ, ਮਾਹੀ, ਲੂਨੀ, ਬਾਨਸ ਨਰਮਦਾ ਅਤੇ ਤਾਪਤੀ ਆਦਿ ਨਦੀਆਂ ਨੇ ਤਲਛੱਟ ਦੇ ਜਮਾਅ ਨਾਲ ਕੱਛ ਤੇ ਕਾਠਿਆਵਾੜ ਦੇ ਪ੍ਰਾਇਦੀਪੀ ਮੈਦਾਨ ਅਤੇ ਸੌਰਾਸ਼ਟਰ ਦੇ ਲੰਬੇ (Elongated) ਮੈਦਾਨਾਂ ਦਾ ਨਿਰਮਾਣ ਕੀਤਾ ਹੈ। ਰਣ ਆਫ ਕੱਛ (Rann of Kutch) (ਕੱਛ ਦੀ ਖਾੜੀ) ਦਾ ਖੇਤਰ ਅਜੇ ਵੀ ਦਲਦਲੀ ਅਤੇ ਸਮੁੰਦਰ ਤੱਲ ਤੋਂ ਨੀਵਾਂ ਹੈ। ਕਾਠਿਆਵਾੜ ਦੇ ਪ੍ਰਾਇਦੀਪੀ ਭਾਗ ਵਿੱਚ ਲਾਵੇ ਵਾਲੀ ਗੀਰ ਪਹਾੜੀ ਸ਼੍ਰੇਣੀ ਵੀ ਮਿਲਦੀ ਹੈ ਜਿੱਥੇ ਕਿ ਗਿਰਨਾਰ ਪਹਾੜੀਆਂ ਵਿੱਚ ਗੋਰਖਨਾਥ ਚੋਟੀ (1117 ਮੀਟਰ) ਦੀ ਉੱਚਾਈ ਵੱਧ ਤੋਂ ਵੱਧ ਹੈ। ਗੁਜਰਾਤ ਦਾ ਇਹ ਤੱਟਵਰਤੀ ਮੈਦਾਨ 400 ਕਿਲੋਮੀਟਰ ਲੰਬਾ, 200 ਕਿਲੋਮੀਟਰ ਚੌੜਾ ਅਤੇ 300 ਮੀਟਰ ਉੱਚਾ ਹੈ ਪਰ ਸੌਰਾਸ਼ਟਰ ਵਿੱਚ ਦਮਨ ਦਿਉ ਤੱਕ ਆਉਂਦੇ ਹੋਏ ਇਹਨਾਂ ਦੀ ਚੌੜਾਈ ਘੱਟ ਕੇ 80 ਕਿਲੋਮੀਟਰ ਤੇ ਉੱਚਾਈ 150 ਮੀਟਰ ਤੱਕ ਰਹਿ ਜਾਂਦੀ ਹੈ।

(*ii*) **ਕੌਂਕਣ ਤੱਟਵਰਤੀ ਮੈਦਾਨ (Konkan Coastal Plain) :** ਦਮਨ ਤੋਂ ਲੈ ਕੇ ਗੋਆ ਤੱਕ ਦਾ ਮੈਦਾਨ ਕੌਂਕਣ ਤੱਟ (Konkan Coast) ਅਖਵਾਉਂਦਾ ਹੈ ਜਿਸ ਵਿੱਚ ਜ਼ਿਆਦਾਤਰ ਤੱਟਵਰਤੀ ਭਾਗਾਂ ਦੇ ਧੱਸਣ ਦੀ ਕਿਰਿਆ ਮਿਲਦੀ ਹੈ। ਇਸ ਕਰਕੇ ਇਸ 500 ਕਿਲੋਮੀਟਰ ਲੰਬੀ ਮੈਦਾਨੀ ਪੱਟੀ ਦੀ ਚੌੜਾਈ 50 ਤੋਂ 80 ਕਿਲੋਮੀਟਰ ਤੱਕ ਰਹਿ ਜਾਂਦੀ ਹੈ। ਇਹ ਮੈਦਾਨੀ ਹਿੱਸੇ ਵਿੱਚ ਤੀਬਰ ਸਮੁੰਦਰੀ ਲਹਿਰਾਂ ਦੁਆਰਾ ਤੰਗ ਖਾੜੀਆਂ (Gulfs, bays & creebas), ਅੰਦਰੂਨੀ ਕਟਾਅ (Coves) ਅਤੇ ਸਮੁੰਦਰੀ ਰੇਤ ਦੇ ਬੀਚ ਆਦਿ ਦੇ ਭੂ-ਆਕਾਰ ਮਿਲਦੇ ਹਨ। ਥਾਣਾ ਦੀ ਤੰਗ ਖਾੜੀ (Creek of Thana) ਵਿੱਚ ਮਸ਼ਹੂਰ ਮੁੰਬਈ (Mumbai) ਦੀਪ ਸਥਿਤ ਹੈ। ਇਹਨਾਂ ਤੋਂ ਇਲਾਵਾ ਇਸ ਤੱਟੀ ਖੇਤਰ ਵਿੱਚ ਬਹੁਤ ਹੀ ਛੋਟੀਆਂ ਅਤੇ ਤਿੱਖੀ ਢਾਲ ਵਾਲੀਆਂ ਵੈਤਰਨਾ (Vaitarna) ਤੇ ਉਲਹਾਸ (Ulhas) ਦੋ ਨਦੀ ਘਾਟੀਆਂ ਵੀ ਹਨ।

(*iii*) **ਮਾਲਾਬਾਰ ਤੱਟ ਦਾ ਮੈਦਾਨ (Malabar Coastal Plain) :** ਗੋਆ ਤੋਂ ਲੈ ਕੇ ਮੰਗਲੌਰ ਤੱਕ ਦਾ ਲਗਪਗ 225 ਕਿਲੋਮੀਟਰ ਲੰਬਾ ਅਤੇ 24 ਕਿਲੋਮੀਟਰ ਚੌੜਾ ਮੈਦਾਨ ਮਾਲਾਬਾਰ ਤੱਟ ਦਾ ਮੈਦਾਨ ਜਾਂ ਕਰਨਾਟਕਾ ਦਾ ਤੱਟਵਰਤੀ ਮੈਦਾਨ (Karnataka Coastal Plain) ਅਖਵਾਉਂਦਾ ਹੈ ਜੋ ਕਿ ਉੱਤਰ ਵੱਲ ਤੰਗ ਅਤੇ ਦੱਖਣ ਵੱਲ ਚੌੜਾ ਹੈ ਭਾਵੇਂ ਕਈ ਥਾਵਾਂ ਤੇ ਇਸਦਾ ਵਿਸਤਾਰ ਕੰਨਿਆ ਕੁਮਾਰੀ ਤੱਕ ਵੀ ਮੰਨਿਆ ਜਾਂਦਾ ਹੈ। ਇਸ ਮੈਦਾਨ ਵਿੱਚ ਮਰਮਾਗਾਓ-ਮਾਂਡਵੀ ਤੇ ਸ਼ੇਰਾਵਤੀ ਨਦੀਆਂ ਦੇ ਸਮੁੰਦਰੀ ਪਾਣੀ ਅੰਦਰ ਡੁੱਬੇ ਹੋਏ ਮੁਹਾਨੇ (Estuaries) ਮਿਲਦੇ ਹਨ।

(*iv*) **ਕੇਰਲ ਦਾ ਤੱਟਵਰਤੀ ਮੈਦਾਨ (Kerala Coastal Plain) :** ਮੰਗਲੌਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ 500 ਕਿਲੋਮੀਟਰ ਲੰਬੇ, 100 ਕਿਲੋਮੀਟਰ ਚੌੜੇ ਅਤੇ 30 ਮੀਟਰ ਤੱਕ ਉੱਚੇ ਮੈਦਾਨ ਨੂੰ ਕੇਰਲ ਦਾ ਮੈਦਾਨ ਕਿਹਾ ਜਾਂਦਾ ਹੈ। ਇਸ ਵਿੱਚ ਬਹੁਤ ਸਾਰੀਆਂ ਝੀਲਾਂ (Lagoons) ਅਤੇ ਤੱਟ ਤੋਂ ਹੱਟ ਕੇ ਸਮਾਨਅੰਤਰ ਭਿੱਤੀਆਂ ਦੁਆਰਾ ਧਰਾਤਲ ਦਾ ਪਾਣੀ ਰੋਕ ਲਿਆ ਜਾਂਦਾ ਹੈ ਜਿਸ ਨੂੰ ਕਾਇਲ (Kayals) ਕਿਹਾ ਜਾਂਦਾ ਹੈ। ਇੱਥੋਂ ਦੀਆਂ ਵੈਂਬਾਨਦ (Vembanad) ਅਸ਼ਟਾਮੁਦੀ (Astamudi) ਝੀਲਾਂ ਬਹੁਤ ਵੱਡੇ ਖੇਤਰ ਵਿੱਚ ਫੈਲੀਆਂ ਹੋਣ ਕਰਕੇ ਕਿਸ਼ਤੀਆਂ ਚਲਾਉਣ ਦੇ ਯੋਗ ਹਨ।

**(ਅ) ਪੂਰਬੀ ਤੱਟ ਦੇ ਮੈਦਾਨ (Eastern Coastal Plains) :** ਇਹਨਾਂ ਤੱਟਵਰਤੀ ਮੈਦਾਨਾਂ ਦੇ ਪੂਰਬ ਵਿੱਚ ਬੰਗਾਲ ਦੀ ਖਾੜੀ ਅਤੇ ਪੱਛਮ ਵਿੱਚ ਪੂਰਬੀ ਘਾਟ ਹਨ। ਇਹ ਉੱਤਰ ਵਿੱਚ ਸੁਬਰਨ ਰੇਖਾ ਨਦੀ ਦੇ ਡੈਲਟੇ ਤੋਂ ਲੈ ਕੇ ਦੱਖਣ ਵਿੱਚ ਕੰਨਿਆ ਕੁਮਾਰੀ ਤੱਕ ਲਗਪਗ 2000 ਕਿਲੋਮੀਟਰ ਦੀ ਲੰਬਾਈ ਵਿੱਚ ਫੈਲੇ ਹੋਏ ਹਨ। ਇਹਨਾਂ ਦੀ ਔਸਤ ਚੌੜਾਈ 150 ਕਿਲੋਮੀਟਰ ਅਤੇ ਉੱਚਾਈ 100 ਮੀਟਰ ਹੈ। ਪੱਛਮੀ ਮੈਦਾਨਾਂ ਦੇ ਮੁਕਾਬਲੇ ਵਿੱਚ ਇਹ ਵੱਧ ਚੌੜੇ, ਉੱਚੇ ਉੱਠੇ, ਖੁਸ਼ਕ, ਡੈਲਟਾਈ ਜਲੌਢ ਮਿੱਟੀਆਂ ਵਾਲੇ ਤੇ ਵੱਡੀਆਂ ਲੈਗੂਨ ਝੀਲਾਂ ਵਾਲੇ ਹਨ। ਸਥਿਤੀ ਦੇ ਅਨੁਸਾਰ ਇਹਨਾਂ ਪੂਰਬੀ ਤੱਟਵਰਤੀ ਮੈਦਾਨਾਂ ਨੂੰ ਵੀ ਦੋ ਉਪ-ਭਾਗਾਂ ਵਿੱਚ ਵੰਡਿਆ ਜਾਂਦਾ ਹੈ : (*i*) ਉੱਤਰੀ ਤੱਟਵਰਤੀ ਮੈਦਾਨ (*ii*) ਦੱਖਣੀ ਤੱਟਵਰਤੀ ਮੈਦਾਨ।

**(*i*) ਉੱਤਰੀ ਤੱਟਵਰਤੀ ਮੈਦਾਨ (Northern Coastal Plain) :** ਇਸ ਮੈਦਾਨ ਦਾ ਵਿਸਤਾਰ 16°N ਵਿਥਕਾਰ ਦੇ ਨੇੜੇ ਕ੍ਰਿਸ਼ਨਾ ਦੇ ਮੁਹਾਨੇ ਤੋਂ ਲੈ ਕੇ ਸੁਬਰਨ ਰੇਖਾ ਨਦੀ ਦੇ ਮੁਹਾਨੇ ਤੱਕ ਹੈ। ਇਹ ਲਗਪਗ 1100 ਕਿਲੋਮੀਟਰ ਲੰਬਾ ਅਤੇ 120 ਕਿਲੋਮੀਟਰ ਚੌੜਾ ਮੈਦਾਨ ਹੈ। ਇਸ ਮੈਦਾਨ ਨੂੰ ਗੋਲਕੁੰਡਾ (Golcunda), ਉੱਤਰੀ ਸਰਕਾਰ (Noth Circar) ਅਤੇ ਕੋਕੁਨਾਦਾ (Kokunada) ਦੇ ਤੱਟਵਰਤੀ ਮੈਦਾਨ ਵੀ ਕਿਹਾ ਜਾਂਦਾ ਹੈ। ਓਡੀਸ਼ਾ ਦੇ ਤੱਟ ਦੇ ਨਾਲ ਲਗਦੇ ਮਹਾਂਨਦੀ ਦੇ ਡੈਲਟਾਈ ਮੈਦਾਨਾਂ ਨੂੰ ਓਡੀਸ਼ਾ ਦੇ ਮੈਦਾਨ (Orissan Plains) ਜਾਂ ਉੱਤਕਲ ਤੱਟੀ ਮੈਦਾਨ (Utkal Coastal Plains) ਵੀ ਕਹਿੰਦੇ ਹਨ।

ਇਸ ਮੈਦਾਨੀ ਹਿੱਸੇ ਵਿੱਚ ਸੁਬਰਨ ਰੇਖਾ, ਬ੍ਰਾਹਮਣੀ ਮਹਾਂਨਦੀ, ਇੰਦਰਾਵਤੀ, ਗੋਦਾਵਰੀ ਅਤੇ ਕ੍ਰਿਸ਼ਨਾ ਨਦੀਆਂ ਦੁਆਰਾ ਦੱਖਣ ਦੀ ਪਠਾਰ ਤੋਂ ਮਿੱਟੀ ਲਿਆ ਕੇ ਵਿਛਾਈ ਗਈ ਹੈ ਜਿਸ ਨਾਲ ਘੱਟ ਉੱਚਾਈ ਵਾਲੇ ਚੌੜੇ ਡੈਲਟਾਈ ਭਾਗ ਬਣੇ ਹਨ। ਇਨ੍ਹਾਂ ਡੈਲਟਾਈ ਭਾਗਾਂ ਤੋਂ ਇਲਾਵਾ ਇਸ ਮੈਦਾਨ ਵਿੱਚ ਦੋ ਵੱਡੀਆਂ ਝੀਲਾਂ ਵੀ ਮਿਲਦੀਆਂ ਹਨ। ਚਿਲਕਾ ਝੀਲ (Chilka Lake) 70 ਕਿਲੋਮੀਟਰ ਲੰਬੀ ਹੈ ਜਿਸ ਵਿੱਚ ਦੋ ਭਾਰਗਵੀ ਤੇ ਦਯਾ (Bhargavi and Daya) ਨਦੀ ਘਾਟੀਆਂ ਆ ਕੇ ਮਿਲਦੀਆਂ ਹਨ। ਦੂਸਰੀ ਵੱਡੀ ਝੀਲ ਕੋਲੇਰੂ (Kolleru lake) ਕ੍ਰਿਸ਼ਨਾ ਅਤੇ ਗੋਦਾਵਰੀ ਦੇ ਡੈਲਟਿਆਂ ਦੇ ਵਿਚਕਾਰ ਸਥਿਤ ਹੈ।

**(*ii*) ਦੱਖਣੀ ਤੱਟਵਰਤੀ ਮੈਦਾਨ (Southern Coastal Plains) :** ਕ੍ਰਿਸ਼ਨਾ ਨਦੀ ਦੇ ਡੈਲਟੇ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਲਗਪਗ 900 ਕਿਲੋਮੀਟਰ ਲੰਬੇ ਇਸ ਮੈਦਾਨੀ ਹਿੱਸੇ ਨੂੰ ਕੋਰੋਮੰਡਲ ਤੱਟ (Coromandal Coast) ਵੀ ਕਿਹਾ ਜਾਂਦਾ ਹੈ। ਇਹ ਮੈਦਾਨ ਉੱਤਰੀ ਮੈਦਾਨਾਂ ਤੋਂ ਵੱਧ ਚੌੜੇ ਹਨ ਅਤੇ ਕਈ ਸਥਾਨਾਂ ਤੇ ਇਹਨਾਂ ਦੀ ਚੌੜਾਈ 150 ਕਿਲੋਮੀਟਰ ਤੋਂ ਵੀ ਵੱਧ ਜਾਂਦੀ ਹੈ। ਇਸ ਮੈਦਾਨ ਵਿੱਚ ਕ੍ਰਿਸ਼ਨਾ, ਪੇਨਾਰ, ਕਾਵੇਰੀ ਅਤੇ ਵਾਇਗਾਇ (Vaigai) ਨਦੀਆਂ ਨੇ ਦੱਖਣੀ ਪਹਾੜੀ ਸਮੂਹ ਵਿੱਚੋਂ ਮਿੱਟੀ ਲਿਆ ਕੇ ਚੌੜੇ ਤੇ ਉਪਜਾਊ ਡੈਲਟਿਆਂ ਦਾ ਨਿਰਮਾਣ ਕੀਤਾ ਹੈ। ਇਸ ਮੈਦਾਨ ਵਿੱਚ ਪੁਲੀਕਟ ਝੀਲ (Pulicat Lake) ਅਤੇ ਕਾਵੇਰੀ ਦਾ ਡੈਲਟਾ ਦੇ ਮੁੱਖ ਧਰਾਤਲੀ ਵਿਸ਼ੇਸ਼ਤਾਵਾਂ ਹਨ।

**(V) ਭਾਰਤੀ ਦੀਪ (The Indian Islands)**

ਮੁੱਖ ਧਰਾਤਲ ਤੋਂ ਇਲਾਵਾ ਭਾਰਤੀ ਗਣਰਾਜ ਦਾ ਕੰਟਰੋਲ ਸਮੁੰਦਰ ਵਿੱਚਲੇ ਟਾਪੂਆਂ (ਦੀਪਾਂ) ਤੱਕ ਹੈ। ਭਾਰਤ ਦੇ ਟਾਪੂਆਂ ਦੀ ਕੁੱਲ ਸੰਖਿਆ 250 ਦੇ ਕਰੀਬ ਹੈ। ਸਥਿਤੀ ਦੇ ਆਧਾਰ ਤੇ ਭਾਰਤੀ ਟਾਪੂਆਂ (ਦੀਪਾਂ) ਨੂੰ ਦੋ ਮੁੱਖ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ : (ੳ) ਤੱਟ ਤੋਂ ਦੂਰ ਦੇ ਟਾਪੂ (ਅ) ਤੱਟ ਦੇ ਨੇੜਲੇ ਟਾਪੂ।

**(ੳ) ਤੱਟ ਤੋਂ ਦੂਰ ਦੇ ਟਾਪੂ (Offshore Islands) :** ਅਜਿਹੇ ਟਾਪੂਆਂ ਦੀ ਕੁਲ ਸੰਖਿਆ 230 ਦੇ ਕਰੀਬ ਜੋ ਕਿ ਵੱਡੇ ਸਮੂਹਾਂ ਵਿੱਚ ਮਿਲਦੇ ਹਨ। ਸਮੁੰਦਰੀ ਸਥਿਤੀ ਦੇ ਆਧਾਰ ਤੇ ਵੀ ਇਹਨਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ : (*i*) ਅਰਬ ਸਾਗਰ ਦੇ ਦੀਪ ਸਮੂਹ (*ii*) ਬੰਗਾਲ ਦੀ ਖਾੜੀ ਦੇ ਦੀਪ ਸਮੂਹ।

(*i*) **ਅਰਬ ਸਾਗਰ ਦੇ ਦੀਪ ਸਮੂਹ (Island Group of Arabian Sea) :** ਦੱਖਣ-ਪੂਰਬੀ ਅਰਬ ਸਾਗਰ ਵਿੱਚ ਪ੍ਰਵਾਲ ਭਿੱਤੀਆਂ (Coral Reefs) ਦੇ ਜਮਾਅ ਨਾਲ ਬਣੇ ਇਹਨਾਂ ਦੀਪਾਂ ਨੂੰ ਲਕਸ਼ਦੀਪ (Lakshadweep) ਵੀ ਕਿਹਾ ਜਾਂਦਾ ਹੈ। ਇਹਨਾਂ ਦੀ ਕੁੱਲ ਸੰਖਿਆ 25 ਹੈ ਅਤੇ ਇਸ ਦੀਪ ਸਮੂਹ ਦੇ ਤਿੰਨ ਵੱਡੇ ਹਿੱਸੇ ਹਨ। ਉੱਤਰੀ ਹਿੱਸੇ ਵਾਲੇ ਟਾਪੂਆਂ ਦੇ ਨਾਮ ਅਮੀਨਦੀਵੀ (Amindivi), ਮੱਧਵਰਤੀ ਦੀਪਾਂ ਨੂੰ ਲਕਾਦੀਪ (Laccadive) ਅਤੇ ਦੱਖਣੀ ਹਿੱਸੇ ਨੂੰ ਮਿਨੀਕੋਆਇ (Minicoy) ਕਹਿੰਦੇ ਹਨ।

(*ii*) **ਬੰਗਾਲ ਦੀ ਖਾੜੀ ਦੇ ਦੀਪ ਸਮੂਹ (Island Group of Bay of Bengal) :** ਇਹਨਾਂ ਦੀਪਾਂ ਦੀ 350 ਕਿਲੋਮੀਟਰ ਲੰਬੀ ਲੜੀ ਬੰਗਾਲ ਦੀ ਖਾੜੀ ਦੇ ਪੂਰਬ ਵੱਲ ਉੱਤਰ-ਦੱਖਣ ਦਿਸ਼ਾ ਵਿੱਚ ਫੈਲੀ ਹੋਈ ਹੈ। ਇਹਨਾਂ 200 ਦੇ ਲਗਪਗ ਦੀਪਾਂ ਵਿੱਚੋਂ ਕੁਝ ਦੀਪ ਡੁੱਬੀਆਂ ਹੋਈਆਂ ਪਹਾੜੀਆਂ ਦੀਆਂ ਚੋਟੀਆਂ ਦੇ ਉੱਚੇ ਉੱਠੇ ਭਾਗ ਹਨ ਅਤੇ ਕੁਝ ਦਾ ਜਨਮ ਜੁਆਲਾ-ਮੁਖੀ ਲਾਵੇ ਦਾ ਹੈ। ਇਹਨਾਂ ਦੀਪਾਂ ਦੇ ਵੀ ਤਿੰਨ ਵੱਡੇ ਹਿੱਸੇ ਹਨ :

(1) ਅੰਡੇਮਾਨ ਦੀਪ ਸਮੂਹ (2) ਨਿਕੋਬਾਰ ਅਤੇ (3) ਹੋਰ ਦੂਸਰੇ ਨਾਲ ਲਗਦੇ ਦੀਪ।

ਇਕੱਲੇ ਅੰਡੇਮਾਨ ਗਰੁੱਪ ਵਿੱਚ ਦੀਪਾਂ ਦੀ ਸੰਖਿਆ 120 ਹੈ ਅਤੇ ਇਹਨਾਂ ਦੇ ਦੱਖਣ ਵੱਲ ਦਸ ਡਿਗਰੀ ਚੈਨਲ (Ten Degree Chennel) ਤੋਂ ਬਾਅਦ ਨਿਕੋਬਾਰ ਗਰੁੱਪ ਵਿੱਚ ਕੇਵਲ 18 ਦੀਪ ਹਨ ਜਿਹਨਾਂ ਵਿੱਚ ਗ੍ਰੇਟ ਨਿਕੋਬਾਰ ਦੇ ਇੰਦਰਾ ਪੁਆਇੰਟ (Indira Point) ਤੇ ਕੁੱਲ ਭਾਰਤ ਦੇਸ਼ ਦਾ ਦੱਖਣੀ ਸੀਮਾ ਬਿੰਦੂ ਸਥਿਤ ਹੈ। ਇਹਨਾਂ ਤੋਂ ਇਲਾਵਾ ਨਾਰਕੋਡਮ, ਬੈਰਨ, ਰਟਲੈਂਡ ਅਤੇ ਬਾਰਾਤੰਗ ਜਿਹੇ ਦੂਸਰੇ ਦੀਪ ਵੀ ਇਸ ਦੀਪ ਸਮੂਹ ਦੇ ਨਾਲ ਮਿਲਦੇ ਹਨ।

**(ਅ) ਤੱਟ ਦੇ ਨੇੜਲੇ ਦੀਪ (On shore Islands) :** ਇਹਨਾਂ ਦੀਪਾਂ ਵਿੱਚ ਗੰਗਾ ਦੇ ਡੈਲਟੇ ਦੇ ਪਾਸ ਸਾਗਰ, ਸ਼ੋਰਟ, ਵਹੀਲਰ, ਨਿਊ ਮੂਰ ਆਦਿ ਦੇ ਦੀਪ ਮਿਲਦੇ ਹਨ। ਇਸੇ ਤਰ੍ਹਾਂ ਚਿਲਕਾ ਦੇ ਪਾਸ ਭਾਸਰਾ, ਤਾਮਿਲਨਾਡੂ ਦੇ ਦੱਖਣੀ ਤੱਟ ਤੇ ਪਾਮਬਨ, ਮੰਡਾਪਮ ਤੇ ਕ੍ਰਕੋਡਾਇਲ, ਮੁੰਬਈ ਦੇ ਪਾਸ ਐਲੀਫੈਂਟਾ ਅਤੇ ਗੁਜਰਾਤ ਦੇ ਤੱਟ ਦੇ ਪਾਸ ਦਿਉ (Diu) ਜਿਹੇ ਵੱਡੇ ਆਕਾਰ ਦੇ ਦੀਪ ਸਥਿਤ ਹਨ। ਖੰਬਾਤ ਅਤੇ ਕੱਛ ਦੀਆਂ ਖਾੜੀਆਂ ਵਿੱਚ ਵੀ ਬਹੁਤ ਸਾਰੇ ਵੱਖੋ-ਵੱਖ ਆਕਾਰ ਦੇ ਦੀਪ ਮਿਲਦੇ ਹਨ।

## ਧਰਾਤਲੀ ਨਿਰੰਤਰਤਾ ਅਤੇ ਪੂਰਕਤਾ

## (Regional Continuity and Complimentary)

ਦੇਸ਼ ਦੇ ਧਰਾਤਲ ਨੂੰ ਬਾਰੀਕੀ ਨਾਲ ਅਧਿਐਨ ਕਰਨ ਲਈ ਭਾਵੇਂ ਇਸ ਨੂੰ ਵੱਖਰੇ-ਵੱਖਰੇ ਭੌਤਿਕ ਭਾਗਾਂ ਵਿੱਚ ਵੰਡਿਆ ਗਿਆ ਹੈ ਪਰ ਇਸਦਾ ਇਹ ਮਤਲਬ ਨਹੀਂ ਹੈ ਕਿ ਪਿਛੇ ਪੜ੍ਹੇ ਪਰਬਤੀ, ਪਠਾਰੀ ਤੇ ਮੈਦਾਨੀ ਖੰਡ ਇਕ ਦੂਸਰੇ ਤੋਂ ਵੱਖਰੇ-ਵੱਖਰੇ ਹਨ ਅਤੇ ਇਹਨਾਂ ਦੀ ਧਰਾਤਲ ਉੱਤੇ ਖਾਸ ਲਾਈਨਾਂ ਦੁਆਰਾ ਕੋਈ ਸਪਸ਼ਟ ਹੱਦਬੰਦੀ ਕੀਤੀ ਹੋਈ ਹੈ ਬਲਕਿ ਇਹ ਸਾਰੇ ਭਾਗ ਇਕ ਦੂਸਰੇ ਵਿੱਚ ਪੂਰੀ ਤਰ੍ਹਾਂ ਸਮੋਏ ਹੋਏ ਹਨ ਅਤੇ ਨਿਰਭਰ ਕਰਦੇ ਹਨ। ਇਹਨਾਂ ਦੀ ਆਪਸੀ ਨਿਰਭਰਤਾ ਇਹਨਾਂ ਦੇ ਜਨਮ ਅਤੇ ਇਹਨਾਂ ਵਿੱਚ ਮਿਲਣ ਵਾਲੇ ਕੁਦਰਤੀ ਭੰਡਾਰਾਂ ਰਾਹੀਂ ਦੇਖੀ ਜਾ ਸਕਦੀ ਹੈ :

**(ੳ) ਜਨਮ (Origin) :**

(1) ਹਿਮਾਲਿਆ ਪਰਬਤ ਦਾ ਜਨਮ ਹੀ ਪ੍ਰਾਇਦੀਪੀ ਪਠਾਰ ਦੇ ਆਉਣ ਨਾਲ ਹੋਇਆ ਹੈ।

(2) ਵਿਸ਼ਾਲ ਮੈਦਾਨਾਂ ਦਾ ਜਨਮ ਹਿਮਾਲਿਆ ਪਰਬਤ ਅਤੇ ਪ੍ਰਾਇਦੀਪੀ ਪਠਾਰ ਤੋਂ ਲਿਆਂਦੀ ਗਈ ਮਿੱਟੀ ਦੇ ਹਰ ਸਾਲ ਦੇ ਜਮਾਅ ਨਾਲ ਹੋਇਆ ਹੈ।

(3) ਪ੍ਰਾਇਦੀਪੀ ਪਠਾਰ ਦੇ ਧਰਾਤਲ ਉੱਤੇ ਬਣਨ ਵਾਲੀਆਂ ਪਹਾੜੀਆਂ, ਦਰਾੜ ਘਾਟੀਆਂ ਤੇ ਅਪਭਰੰਸ਼ (Faulting) ਦੀਆਂ ਕਿਰਿਆਵਾਂ ਹਿਮਾਲਿਆ ਲੜੀਆਂ ਦੇ ਵਲੋਂ ਆਉਣ ਵਾਲੇ ਦਬਾਅ ਨਾਲ ਬਣੀਆਂ ਹਨ।

(4) ਤੱਟ ਦੇ ਮੈਦਾਨਾਂ ਦਾ ਜਨਮ ਪ੍ਰਾਇਦੀਪੀ ਘਾਟਾਂ ਤੋਂ ਮਿੱਟੀ ਲਿਆ ਕੇ ਵਿਛਾਉਣ ਨਾਲ ਹੀ ਸੰਭਵ ਹੋ ਸਕਿਆ ਹੈ।

**(ਅ) ਕੁਦਰਤੀ ਭੰਡਾਰ (Natural Reserves) :**

(1) ਹਿਮਾਲਿਆ ਪਰਬਤ ਬਰਫ਼ ਦੇ ਉੱਚੇ ਭਾਗ ਨਾਲ ਢਕੇ ਰਹਿਣ ਕਰਕੇ ਸਾਰਾ ਸਾਲ ਕੁਦਰਤੀ ਜਲ ਮੁਹੱਈਆ ਕਰਨ ਲਈ ਇਕ ਵਿਸ਼ਾਲ ਭੰਡਾਰ ਹਨ। ਇਹਨਾਂ ਦੀਆਂ ਤਿੱਖੀਆਂ ਢਲਾਨਾਂ ਬਿਜਲੀ ਪੈਦਾ ਕਰਨ ਲਈ, ਡੈਮ ਬਣਾਉਣ ਵਾਸਤੇ ਸਹੀ ਸਥਾਨ ਪ੍ਰਦਾਨ ਕਰਦੀਆਂ ਹਨ। ਇਹਨਾਂ ਤੋਂ ਮਿਲਣ ਵਾਲੀ ਮਿੱਟੀ ਤੋਂ ਹੀ ਨਾਲ ਲਗਦੇ ਮੈਦਾਨਾਂ ਵਿੱਚ ਉਪਜਾਊ ਨਦੀ ਘਾਟੀਆਂ ਦਾ ਨਿਰਮਾਣ ਹੋਇਆ ਹੈ। ਇਹਨਾਂ ਦੀਆਂ ਪਹਾੜੀਆਂ ਤੇ ਉੱਗੇ ਨਰਮ ਲੱਕੜ ਦੇ ਵਣ ਬਾਲਣ, ਦਵਾਈਆਂ ਤੇ ਫ਼ਰਨੀਚਰ ਆਦਿ ਲਈ ਉੱਤਮ ਸੋਮਾ ਬਣਦੇ ਹਨ। ਇਹਨਾਂ ਪਰਬਤਾਂ ਤੇ ਮਿਲਣ ਵਾਲੇ ਸੁੰਦਰ ਅਤੇ ਰਮਣੀਕ ਸਿਹਤ ਵਰਧਕ ਸਥਾਨ, ਦੁਰਲਭ ਜੰਗਲੀ-ਜੀਵ ਜੰਤੂ, ਪਹਾੜੀ ਫਲ, ਜੜ੍ਹੀ ਬੂਟੀਆਂ ਅਤੇ ਸੈਲਾਨੀ ਖੇਡਾਂ ਆਦਿ ਇਹਨਾਂ ਸਥਾਨਾਂ ਨੂੰ ਮਹੱਤਵ ਪ੍ਰਦਾਨ ਕਰਦੇ ਹਨ। ਉਪਰੋਕਤ ਤੱਥਾਂ ਤੋਂ ਇਲਾਵਾ ਉੱਤਰੀ ਖੇਤਰਾਂ ਵਿੱਚ ਉੱਚੀ ਦੀਵਾਰ ਦੀ ਤਰ੍ਹਾਂ ਖੜ੍ਹੇ ਹਿਮਾਲਿਆ ਨੇ ਦੇਸ਼ ਦੀ ਸੁਰੱਖਿਆ ਅਤੇ ਸਭਿਆਚਾਰ ਨੂੰ ਬਾਹਰੀ ਹਮਲਿਆਂ ਤੋਂ ਬਚਾਉਣ ਵਿੱਚ ਹੀ ਮਦਦ ਨਹੀਂ ਕੀਤੀ ਸਗੋਂ ਸਰਦੀ ਦੇ ਮੌਸਮ ਸਮੇਂ ਏਸ਼ੀਆ ਮਹਾਂਦੀਪ ਦੇ ਮੱਧਵਰਤੀ ਭਾਗਾਂ ਤੋਂ ਆਉਣ ਵਾਲੀਆਂ ਠੰਡੀਆਂ ਅਤੇ ਸ਼ੀਤ ਪੌਣਾਂ ਨੂੰ ਰੋਕ ਕੇ ਮੈਦਾਨੀ ਤੇ ਪਠਾਰੀ ਭਾਗ ਵਿੱਚ ਜਾਨ ਮਾਲ ਅਤੇ ਖੇਤੀਬਾੜੀ ਦੀ ਰੱਖਿਆ ਕਰਦਾ ਆ ਰਿਹਾ ਹੈ।

(2) ਹਿਮਾਲਿਆ ਦੇ ਨਾਲ ਲੱਗਦੇ ਉੱਤਰੀ ਵਿਸ਼ਾਲ ਮੈਦਾਨ ਦੇਸ਼ ਦੀ 40% ਵਸੋਂ ਨੂੰ ਸੰਭਾਲਦੇ ਹਨ। ਇਹਨਾਂ ਦੀ ਉਪਜਾਊ ਮਿੱਟੀ, ਢੁਕਵੀਂ ਜਲਵਾਯੂ ਅਤੇ ਪੱਧਰੇ ਧਰਾਤਲ ਨੇ ਦਰਿਆਵਾਂ, ਨਹਿਰਾਂ, ਸੜਕਾਂ, ਰੇਲਾਂ ਤੇ ਸ਼ਹਿਰਾਂ ਦੇ ਪਸਾਰੇ ਲਈ ਅਤੇ ਸੰਘਣੀ ਖੇਤੀਬਾੜੀ ਦੇ ਵਿਕਾਸ ਲਈ ਬਹੁਤ ਵੱਡਾ ਯੋਗਦਾਨ ਦਿੱਤਾ ਹੈ। ਇਸ ਕਰਕੇ ਇਹ ਮੈਦਾਨੀ ਖੇਤਰ ਅੰਨ ਦਾ ਭੰਡਾਰ ਹੋਣ ਕਰਕੇ ਦੇਸ਼ ਦਾ ਵੱਡਮੁਲਾ ਖਜ਼ਾਨਾ ਬਣਦੇ ਹਨ ਜੋ ਕਿ ਪੂਰੇ ਦੇਸ਼ ਨੂੰ ਭੁੱਖਮਰੀ ਅਤੇ ਕਾਲ ਜਿਹੀਆਂ ਮਹਾਂਮਾਰੀਆਂ ਤੋਂ ਰੋਕਦੇ ਹਨ। ਇਹਨਾਂ ਮੈਦਾਨਾਂ ਨੇ ਆਰੀਆ ਲੋਕਾਂ ਤੋਂ ਲੈ ਕੇ ਹੁਣ ਤੱਕ ਇਕ ਖਾਸ ਕਿਸਮ ਦੀ ਸਭਿਅਤਾ ਅਤੇ ਸਮਾਜ ਨੂੰ ਜਨਮ ਦਿੱਤਾ ਹੈ। ਸਾਰੇ ਦੇਸ਼ ਦੇ ਲੋਕ ਗੰਗਾ ਨੂੰ ਅਜੇ ਵੀ ਇਕ ਪਵਿੱਤਰ ਦਰਿਆ ਮੰਨਦੇ ਹਨ ਅਤੇ ਇਸ ਦੀ ਘਾਟੀ ਵਿੱਚ ਵਸੇ ਰਿਸ਼ੀਕੇਸ਼, ਹਰਦੁਆਰ, ਮਥੁਰਾ, ਪ੍ਰਯਾਗ, ਅਯੁੱਧਿਆ ਤੇ ਕਾਸ਼ੀ ਜਿਹੇ ਸਥਾਨ ਦੇਸ਼ ਦੇ ਵੱਖ-ਵੱਖ ਭਾਗਾਂ ਵਿੱਚ ਰਹਿੰਦੇ ਸੂਫ਼ੀ, ਧਾਰਮਿਕ ਲੋਕਾਂ ਅਤੇ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਦੇ ਹਨ। ਇਹਨਾਂ ਮੈਦਾਨੀ ਭਾਗਾਂ ਵਿੱਚ ਹੀ ਬਾਅਦ ਵਿੱਚ ਸਿੱਖ ਗੁਰੂ, ਮਹਾਤਮਾ ਬੁੱਧ, ਮਹਾਂਵੀਰ ਜੈਨ ਜਿਹੇ ਮਹਾਂਪੁਰਸ਼ਾਂ ਦੇ ਜਨਮ ਨਾਲ ਵੱਖ-ਵੱਖਰੇ ਧਰਮ ਪ੍ਰਫੁੱਲਤ ਹੋਏ ਜਿਹਨਾਂ ਦਾ ਡੂੰਘਾ ਅਸਰ ਹਿਮਾਲਿਆ ਪਰਬਤ ਅਤੇ ਦੱਖਣੀ ਭਾਰਤ ਤੇ ਵੀ ਦੇਖਿਆ ਜਾ ਸਕਦਾ ਹੈ। ਮੁਗ਼ਲ ਹਾਕਮ ਇਹਨਾਂ ਮੈਦਾਨੀ ਖੇਤਰਾਂ ਵਿੱਚ ਵਸੇ ਕਸਬਿਆਂ ਤੋਂ ਇੰਨਾ ਪ੍ਰਭਾਵਿਤ ਹੋਏ ਕਿ ਬਾਅਦ ਵਿੱਚ ਉਹਨਾਂ ਨੇ ਇਥੇ ਹੀ ਆਪਣੀ ਰਾਜਧਾਨੀ ਬਣਾ ਕੇ ਸਾਰੇ ਦੇਸ਼ ਤੇ ਰਾਜ ਕੀਤਾ।

(3) ਪ੍ਰਾਇਦੀਪੀ ਪਠਾਰ ਲਗਪਗ ਸਾਰੇ ਤਰ੍ਹਾਂ ਦੇ ਖਣਿਜ ਪਦਾਰਥ ਸਮੋਈ ਬੈਠਾ ਹੈ। ਇਸ ਵਿੱਚ ਲੋਹਾ, ਕੋਲਾ, ਅਬਰਕ, ਮੈਂਗਨੀਜ਼, ਬਾਕਸਾਈਟ, ਤਾਂਬਾ ਜਿਹੇ ਖਣਿਜ ਪਦਾਰਥਾਂ ਦੇ ਵਿਸ਼ਾਲ ਭੰਡਾਰ ਮਿਲਦੇ ਹਨ ਜਿਹਨਾਂ ਤੋਂ ਸਮੁੱਚੇ ਦੇਸ਼ ਦੇ ਆਧੁਨਿਕ ਉਦਯੋਗ ਨਿਰਭਰ ਕਰਦੇ ਹਨ। ਇੱਥੋਂ ਦੀਆਂ ਲਾਵੇ ਦੀ ਮਿੱਟੀਆਂ ਕਪਾਹ ਲਈ ਅਤੇ

ਲੈਟਰਾਈਟ ਮਿੱਟੀਆਂ ਚਾਹ, ਕਾਹਵਾ ਅਤੇ ਰਬੜ ਲਈ ਆਧਾਰ ਪ੍ਰਦਾਨ ਕਰਨ ਕਰਕੇ ਦੇਸ਼ ਦੀ ਖੇਤੀਬਾੜੀ ਅਤੇ ਖੇਤੀਬਾੜੀ ਤੇ ਆਧਾਰਿਤ ਉਦਯੋਗਾਂ ਦੇ ਵਿਕਾਸ ਵਿੱਚ ਉੱਘਾ ਯੋਗਦਾਨ ਪਾ ਰਹੀਆਂ ਹਨ। ਇਥੋਂ ਦੇ ਟੀਕ, ਸੰਦਲ ਤੇ ਪਤਝੜੀ ਜੰਗਲਾਂ ਦੀਆਂ ਮਿਸ਼ਰਤ ਕਿਸਮਾਂ ਦੇਸ਼ ਭਰ ਵਿੱਚ ਕੀਮਤੀ ਲੱਕੜ ਦੀ ਮੰਗ ਨੂੰ ਪੂਰਾ ਕਰਦੇ ਹਨ। ਇਸ ਪਠਾਰ ਦੀਆਂ ਦੋਵੇਂ ਘਾਟਾਂ ਤੇ ਬਣੇ ਝਰਨੇ ਤੇ ਡੈਮ ਤੱਟੀ ਮੈਦਾਨਾਂ ਵਿੱਚ ਸਿੰਜਾਈ ਲਈ ਪਾਣੀ ਅਤੇ ਉਦਯੋਗਿਕ ਵਿਕਾਸ ਲਈ ਬਿਜਲੀ ਪ੍ਰਦਾਨ ਕਰਦੇ ਹਨ।

(4) ਦੇਸ਼ ਦੇ ਤੱਟ ਦੇ ਮੈਦਾਨ ਅਤੇ ਸਮੁੰਦਰੀ ਦੀਪ ਵਧੀਆ ਚੌਲ, ਖਜੂਰ, ਨਾਰੀਅਲ, ਮਸਾਲੇ, ਕਾਲੀ ਮਿਰਚ, ਅਦਰਕ, ਲੌਂਗ, ਇਲਾਇਚੀ ਜਿਹੀਆਂ ਕੀਮਤੀ ਫ਼ਸਲਾਂ ਦੀ ਖੇਤੀ ਅਤੇ ਅੰਤਰ ਰਾਸ਼ਟਰੀ ਵਪਾਰ ਲਈ ਪ੍ਰਸਿੱਧ ਹਨ। ਇਹਨਾਂ ਵਿੱਚ ਸਮੁੰਦਰ ਖੇਤਰਾਂ ਤੋਂ ਵਧੀਆ ਕਿਸਮ ਦੀਆਂ ਸਮੁੰਦਰੀ ਮੱਛੀਆਂ ਸਾਰੇ ਦੇਸ਼ ਨੂੰ ਭੇਜੀਆਂ ਜਾਂਦੀਆਂ ਹਨ। ਇਹਨਾਂ ਮੈਦਾਨਾਂ ਦੇ ਸਮੁੰਦਰੀ ਕਿਨਾਰਿਆਂ ਤੇ ਬਣੀਆਂ ਬੰਦਰਗਾਹਾਂ ਪੂਰੇ ਦੇਸ਼ ਨੂੰ ਵਿਦੇਸ਼ਾਂ ਨਾਲ ਜੋੜਦੀਆਂ ਹਨ। ਗੋਆ, ਮੁੰਬਈ, ਤਾਮਿਲਨਾਡੂ ਤੇ ਓਡੀਸ਼ਾ ਦੇ ਸਮੁੰਦਰੀ ਬੀਚ ਪੂਰੇ ਦੇਸ਼ ਦੇ ਸੈਲਾਨੀ ਲੋਕਾਂ ਦੀ ਖਿੱਚ ਦਾ ਕੇਂਦਰ ਬਣਦੇ ਹਨ।

ਇਹਨਾਂ ਤੋਂ ਇਲਾਵਾ ਸਾਡੇ ਆਪਣੇ ਘਰਾਂ ਵਿੱਚ ਵਰਤਿਆ ਜਾਣ ਵਾਲਾ ਨਮਕ ਵੀ ਪੱਛਮੀ ਤੱਟੀ ਮੈਦਾਨਾਂ ਤੋਂ ਹੀ ਤਿਆਰ ਕੀਤਾ ਜਾਂਦਾ ਹੈ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਦੇਸ਼ ਦੇ ਧਰਾਤਲ ਦੀਆਂ ਵੱਖ-ਵੱਖ ਭੌਤਿਕ ਇਕਾਈਆਂ ਇਕ ਦੂਸਰੇ ਦੇ ਪੂਰਣ ਸਹਿਯੋਗ ਨਾਲ ਦੇਸ਼ ਦੇ ਸਭਿਆਚਾਰ ਅਤੇ ਆਰਥਿਕਤਾ ਨੂੰ ਤੰਦਰੁਸਤ ਤੇ ਸਜੀਵ ਕੜੀਆਂ ਰਾਹੀਂ ਸੁਦ੍ਰਿੜ ਬਣਾਉਣ ਵਿੱਚ ਪੂਰਾ-ਪੂਰਾ ਯੋਗਦਾਨ ਪਾ ਰਹੀਆਂ ਹਨ ਅਤੇ ਇਕ ਦੂਸਰੇ ਦੀਆਂ ਪੂਰਣ ਤੌਰ ਤੇ ਪੂਰਕ ਹਨ।

## ਅਭਿਆਸ

**I. ਹੇਠਾਂ ਲਿਖੇ ਹਰੇਕ ਪ੍ਰਸ਼ਨ ਦਾ ਸੰਖੇਪ ਉੱਤਰ ਇਕ ਸ਼ਬਦ ਜਾਂ ਇਕ ਵਾਕ ਵਿੱਚ ਦਿਓ—**

1. ਭਾਰਤ ਦੀ ਭੌਤਿਕ ਵੰਡ ਦੀਆਂ ਮੁੱਖ ਇਕਾਈਆਂ ਦੇ ਨਾਂ ਲਿਖੋ।
2. ਹਿਮਾਲਿਆ ਪਰਬਤ ਸ਼੍ਰੇਣੀ ਦਾ ਆਕਾਰ ਕੀ ਹੈ ?
3. ਟਰਾਂਸ ਹਿਮਾਲਿਆ ਦੀਆਂ ਮੁੱਖ ਚੋਟੀਆਂ ਦੇ ਨਾਂ ਦੱਸੋ।
4. ਮਹਾਨ ਹਿਮਾਲਿਆ ਵਿੱਚ 8000 ਮੀਟਰ ਤੋਂ ਵੱਧ ਉੱਚਾਈ ਤੇ ਕਿਹੜੀਆਂ ਚੋਟੀਆਂ ਮਿਲਦੀਆਂ ਹਨ।
5. ਭਾਰਤ ਦੇ ਜਵਾਨ ਤੇ ਪ੍ਰਾਚੀਨ ਪਹਾੜਾਂ ਦੇ ਨਾਂ ਲਿਖੋ।
6. ਭਾਰਤ ਵਿੱਚ ਦਰਾੜ ਘਾਟੀਆਂ ਕਿੱਥੇ ਸਥਿਤ ਹਨ ?
7. ਡੈਲਟਾ ਕੀ ਹੁੰਦਾ ਹੈ ?
8. ਦੇਸ਼ ਦੇ ਮੁੱਖ ਡੈਲਟਾਈ ਖੇਤਰਾਂ ਦੇ ਨਾਂ ਲਿਖੋ।
9. ਹਿਮਾਲਿਆ ਪਰਬਤ ਵਿੱਚ ਕਿਹੜੇ ਦਰੇ ਜਾਂ ਰਸਤੇ ਮਿਲਦੇ ਹਨ ?
10. ਛੋਟੇ ਹਿਮਾਲਿਆ ਦੀਆਂ ਮੁੱਖ ਪਰਬਤੀ ਸ਼੍ਰੇਣੀਆਂ ਦੇ ਨਾਂ ਦੱਸੋ।
11. ਛੋਟੇ ਹਿਮਾਲਿਆ ਵਿੱਚ ਕਿਹੜੀਆਂ-ਕਿਹੜੀਆਂ ਸਿਹਤਵਰਧਕ ਘਾਟੀਆਂ ਤੇ ਸਥਾਨ ਮਿਲਦੇ ਹਨ ?
12. ਦੇਸ਼ ਦੀਆਂ ਮੁੱਖ ਦੂਨ (ਘਾਟੀਆਂ) ਦੇ ਨਾਂ ਲਿਖੋ।

13. ਹਿਮਾਲਿਆ ਦੀਆਂ ਮੁੱਖ ਪੂਰਬੀ ਸ਼ਾਖਾਵਾਂ ਦੇ ਨਾਂ ਲਿਖੋ।

14. ਉੱਤਰੀ ਵਿਸ਼ਾਲ ਮੈਦਾਨਾਂ ਵਿੱਚ ਦਰਿਆਵਾਂ ਦੇ ਕਿਹੜੇ-ਕਿਹੜੇ ਭੂ-ਆਕਾਰ ਮਿਲਦੇ ਹਨ ?

15. ਬ੍ਰਹਮਪੁੱਤਰ ਮੈਦਾਨ ਦਾ ਆਕਾਰ ਕੀ ਹੈ ?

16. ਅਰਾਵਲੀ ਪਰਬਤ ਸ਼੍ਰੇਣੀ ਦਾ ਵਿਸਤਾਰ ਕੀ ਹੈ ? ਇਸ ਦੀ ਸਭ ਤੋਂ ਉੱਚੀ ਚੋਟੀ ਦਾ ਨਾਂ ਦੱਸੋ।

17. ਪੱਛਮੀ ਘਾਟ ਦੀਆਂ ਉੱਚੀਆਂ ਚੋਟੀਆਂ ਦੇ ਨਾਂ ਲਿਖੋ।

18. ਪੂਰਬੀ ਘਾਟ ਦੀਆਂ ਦੱਖਣੀ ਪਹਾੜੀਆਂ ਦੇ ਨਾਂ ਲਿਖੋ।

19. ਅਨਾਇਮੁਦੀ ਦੀ ਗੰਢ ਤੇ ਕਿਹੜੀਆਂ ਪਰਬਤ ਸ਼੍ਰੇਣੀਆਂ ਆ ਕੇ ਮਿਲਦੀਆਂ ਹਨ ?

20. ਦੱਖਣੀ ਪਠਾਰ ਦੇ ਪਹਾੜੀ ਸਮੂਹ ਵਿੱਚ ਕਿਹੜੇ ਪਰਬਤੀ ਸਿਹਤਵਰਧਕ ਸਥਾਨ (Hill Stations) ਮਿਲਦੇ ਹਨ?

21. ਉੱਤਰ-ਪੂਰਬੀ ਤੱਟਵਰਤੀ ਮੈਦਾਨ ਦੇ ਉਪ-ਭਾਗ ਕਿਹੜੇ-ਕਿਹੜੇ ਹਨ ?

22. ਅਰਬ ਸਾਗਰ ਦੇ ਦੀਪਾਂ ਦੇ ਨਾਂ ਦੱਸੋ।

23. ਦੇਸ਼ ਦੇ ਤੱਟਾਂ ਦੇ ਪਾਸ ਕਿਹੜੇ-ਕਿਹੜੇ ਦੀਪ ਮਿਲਦੇ ਹਨ ?

24. ਦੇਸ਼ ਦਾ ਦੱਖਣੀ ਸੀਮਾ-ਬਿੰਦੂ ਕਿੱਥੇ ਸਥਿਤ ਹੈ ?

**II. ਹੇਠਾਂ ਲਿਖੇ ਹਰੇਕ ਪ੍ਰਸ਼ਨ ਦਾ ਸੰਖੇਪ ਉੱਤਰ ਦਿਓ—**

1. ਕੀ ਹਿਮਾਲਿਆ ਪਰਬਤ ਤੇ ਦੱਖਣ ਦੀ ਪਠਾਰ ਵਿੱਚ ਕੁਝ ਸਮਾਨਤਾਵਾਂ ਮਿਲਦੀਆਂ ਹਨ ?

2. ਕੀ ਹਿਮਾਲਿਆ ਪਰਬਤ ਅਜੇ ਸਚਮੁੱਚ ਹੀ ਜੁਆਨ ਹਾਲਤ ਵਿੱਚ ਹਨ ?

3. ਮਹਾਨ ਹਿਮਾਲਿਆ ਦੀਆਂ ਧਰਾਤਲੀ ਵਿਸ਼ੇਸ਼ਤਾਵਾਂ ਤੇ ਚਾਨਣਾ ਪਾਓ।

4. ਉੱਤਰੀ ਵਿਸ਼ਾਲ ਮੈਦਾਨਾਂ ਵਿੱਚ ਕਿਹੜੇ-ਕਿਹੜੇ ਜਲੋਢੀ ਮੈਦਾਨਾਂ ਦਾ ਨਿਰਮਾਣ ਹੋਇਆ ਹੈ ?

5. ਥਾਰ ਮਾਰੂਥਲ ਤੇ ਇਕ ਭੂਗੋਲਿਕ ਨੋਟ ਲਿਖੋ।

6. ਸਥਿਤੀ ਦੇ ਆਧਾਰ ਤੇ ਭਾਰਤ ਦੇ ਦੀਪਾਂ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ? ਉਦਾਹਰਣਾਂ ਤੇ ਚਿੱਤਰ ਸਮੇਤ ਵਿਆਖਿਆ ਕਰੋ।

7. ਤੱਟਵਰਤੀ ਮੈਦਾਨਾਂ ਦੀ ਸਮੁੱਚੇ ਦੇਸ਼ ਨੂੰ ਕੀ ਦੇਣ ਹੈ ?

8. ਹਿਮਾਲਿਆਈ ਖੇਤਰਾਂ ਦਾ ਸਮੁੱਚੇ ਦੇਸ਼ ਦੇ ਵਿਕਾਸ ਵਿੱਚ ਕੀ ਯੋਗਦਾਨ ਹੈ ?

9. ਪ੍ਰਾਇਦੀਪੀ ਪਠਾਰ ਦੇਸ ਦੇ ਦੂਸਰੇ ਭੌਤਿਕ ਖੇਤਰਾਂ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ ?

10. ਹੇਠ ਲਿਖਿਆਂ ਵਿੱਚ ਅੰਤਰ ਸਪੱਸ਼ਟ ਕਰੋ—

    I. ਤਰਾਈ ਤੇ ਭਾਬਰ

    II. ਬਾਂਗਰ ਤੇ ਖਾਡਰ

**III. ਹੇਠਾਂ ਲਿਖੇ ਪ੍ਰਸ਼ਨਾਂ ਦੇ ਵਿਸਤ੍ਰਿਤ ਉੱਤਰ ਦਿਓ—**

1. ਭਾਰਤ ਦੇ ਧਰਾਤਲ ਦੀ ਵੰਡ ਕਰੋ ਅਤੇ ਕਿਸੇ ਇਕ ਭਾਗ ਦਾ ਵਿਸਥਾਰਪੂਰਵਕ ਵਰਣਨ ਕਰੋ।
2. ਹਿਮਾਲਿਆ ਦੀ ਉਤਪਤੀ ਤੇ ਬਣਤਰ ਤੇ ਇਕ ਨੋਟ ਲਿਖੋ ਅਤੇ ਦੱਸੋ ਕਿ ਕੀ ਇਹ ਅਜੇ ਉੱਚੇ ਉੱਠ ਰਹੇ ਹਨ ?
3. ਪੱਛਮੀ ਤੇ ਪੂਰਬੀ ਤੱਟਵਰਤੀ ਮੈਦਾਨਾਂ ਦੀ ਤੁਲਨਾ ਕਰੋ।
4. ਦੇਸ਼ ਦੇ ਉੱਤਰੀ ਵਿਸ਼ਾਲ ਮੈਦਾਨਾਂ ਦਾ ਆਕਾਰ, ਜਨਮ ਤੇ ਖੇਤਰੀ ਵੰਡ ਦਾ ਵਿਸਥਾਰਪੂਰਵਕ ਵੇਰਵਾ ਦਿਓ।
5. ਪ੍ਰਾਇਦੀਪੀ ਪਠਾਰ ਦਾ ਵਿਸਥਾਰ ਤੇ ਧਰਾਤਲੀ ਰਚਨਾ ਕੀ ਹੈ ? ਜ਼ਮੀਨ ਦੀ ਢਾਲ ਨੂੰ ਆਧਾਰ ਮੰਨਦੇ ਹੋਏ ਇਸ ਦੇ ਵੱਖ-ਵੱਖਰੇ ਉਪ-ਭਾਗਾਂ ਦਾ ਵਿਵਰਣ ਦਿਓ।
6. ਹਿਮਾਲਿਆ ਤੇ ਪ੍ਰਾਇਦੀਪੀ ਪਠਾਰ ਦੇ ਧਰਾਤਲੀ ਲੱਛਣਾਂ ਦੀ ਤੁਲਨਾ ਕਰੋ ਤੇ ਅੰਤਰ ਸਪੱਸ਼ਟ ਕਰੋ।
7. ਹੇਠਾਂ ਲਿਖਿਆਂ ਤੇ ਨੋਟ ਲਿਖੋ—

   (ੳ) ਵਿੰਧੀਆਚਲ (ਅ) ਸਤਪੁੜਾ (ੲ) ਅਰਾਵਲੀ ਪਰਬਤ (ਸ) ਮਾਲਵਾ ਪਠਾਰ ਤੇ (ਹ) ਨੀਲਗਿਰੀ ਦੀਆਂ ਪਹਾੜੀਆਂ।
8. "ਕੀ ਭਾਰਤ ਦੇ ਵੱਖੋ-ਵੱਖਰੇ ਭੌਤਿਕ ਹਿੱਸੇ ਇਕ ਦੂਸਰੇ ਤੋਂ ਅਲੱਗ ਤੇ ਆਜ਼ਾਦ ਇਕਾਈਆਂ ਹਨ ਜਾਂ ਇਕ ਦੂਸਰੇ ਦੇ ਪੂਰਕ ਬਣਦੇ ਹਨ ?" ਇਸ ਕਥਨ ਦੀ ਉਦਾਹਰਣਾਂ ਸਹਿਤ ਵਿਆਖਿਆ ਕਰੋ।

**IV. ਭਾਰਤ ਦੇ ਨਕਸ਼ੇ ਤੇ ਦਰਸਾਓ—**

1. ਕਰਾਕੋਰਮ, ਜਾਸਕਰ, ਕੈਲਾਸ਼, ਪੀਰ ਪੰਜਾਲ ਤੇ ਸ਼ਿਵਾਲਿਕ ਪਰਬਤੀ ਸ਼੍ਰੇਣੀਆਂ
2. ਕੋਰੋਮੰਡਲ, ਕੋਂਕਣ ਤੇ ਮਾਲਾਬਾਰ ਤੱਟਵਰਤੀ ਹਿੱਸੇ
3. ਥਾਲ ਘਾਟ, ਬੋਰ ਘਾਟ ਤੇ ਪਾਲ ਘਾਟ ਦੇ ਰਸਤੇ
4. ਜ਼ੋਜੀਲਾ, ਨਾਥੁਲਾ, ਜਲੇਪਲਾ ਤੇ ਸ਼ਿਪਕੀਲਾ ਦੱਰੇ
5. ਮਾਊਂਟ ਅਬੂ, ਦਾਰਜੀਲਿੰਗ, ਸ਼ਿਮਲਾ, ਕੋਡਾਇਕਨਾਲ, ਜੋਗ ਫਾਲ ਅਤੇ ਚਾਰ ਸੈਰ ਸਪਾਟਾ ਕੇਂਦਰ
6. ਮਾਊਂਟ ਐਵਰੈਸਟ, ਨੰਦਾ ਦੇਵੀ, ਕੰਚਨਜੰਗਾ, ਮਾਊਂਟ K2 ਗਾਡਵਿਨ ਆਸਟਿਨ, ਪਹਾੜੀ ਚੋਟੀਆਂ।

## ਪਾਠ 3

# ਜਲਵਾਯੂ

'ਜਲਵਾਯੂ' ਜਾਂ 'ਪੌਣਪਾਣੀ' ਸ਼ਬਦ ਦੇ ਅਰਥ ਵਿੱਚ ਕਿਸੇ ਸਥਾਨ ਤੇ ਲੰਮੇ ਸਮੇਂ ਮੌਸਮੀ ਹਾਲਤਾਂ, ਜਿਨ੍ਹਾਂ ਵਿੱਚ ਇਕ ਜਗ੍ਹਾ ਦਾ ਤਾਪਮਾਨ, ਉੱਥੇ ਵਹਿ ਰਹੀ ਹਵਾ (ਵਾਯੂ) ਵਿੱਚ ਨਮੀ ਦੀ ਮਾਤਰਾ ਕਿੰਨੀ ਰਹਿੰਦੀ ਹੈ, ਸ਼ਾਮਲ ਹੁੰਦਾ ਹੈ। ਇਹ ਮਾਤਰਾ ਮੋਟੇ ਤੌਰ ਤੇ ਉਸ ਸਥਾਨ ਦੀ ਧਰਾਤਲੀ ਭਿੰਨਤਾ, ਸਮੁੰਦਰ ਤੋਂ ਫਾਸਲਾ ਅਤੇ ਭੂਮੱਧ ਰੇਖਾ ਤੋਂ ਦੂਰੀ ਜਿਹੇ ਤਿੰਨ ਮਹੱਤਵਪੂਰਨ ਤੱਤਾਂ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ ਜਿਸ ਦਾ ਮਨੁੱਖ ਅਤੇ ਉਸ ਦੀਆਂ ਕਿਰਿਆਵਾਂ ਤੇ ਡੂੰਘਾ ਅਸਰ ਪੈਂਦਾ ਹੈ।

ਭਾਰਤ ਇਕ ਵਿਸ਼ਾਲ ਦੇਸ਼ ਹੈ ਜਿਸ ਦੀਆਂ ਵੱਡੀਆਂ ਧਰਾਤਲੀ ਇਕਾਈਆਂ, ਪ੍ਰਾਇਦੀਪੀ ਹੋਂਦ ਅਤੇ ਕਰਕ ਰੇਖਾ ਦੀ ਸਥਿਤੀ ਇਸਦੇ ਜਲਵਾਯੂ ਤੇ ਸਪੱਸ਼ਟ ਪ੍ਰਭਾਵ ਪਾਉਂਦੇ ਹਨ। ਦੇਸ਼ ਦੀਆਂ ਵਿਸ਼ਾਲ ਧਰਾਤਲੀ ਭਿੰਨਤਾਵਾਂ ਦੇ ਕਾਰਣ ਹੀ ਇਸਦੇ ਤਾਪਮਾਨ, ਵਰਖਾ, ਤੂਫ਼ਾਨ, ਪੌਣਾਂ ਤੇ ਬੱਦਲਾਂ ਆਦਿ ਦੀ ਮਾਤਰਾ ਵਿੱਚ ਭਿੰਨਤਾਵਾਂ ਮਿਲਦੀਆਂ ਹਨ।

**ਖੇਤਰੀ ਭਿੰਨਤਾਵਾਂ (Regional Differences) :**

(*i*) ਤਾਪਮਾਨ ਦੇ ਪੱਖੋਂ ਦੇਸ਼ ਭਰ ਵਿੱਚੋਂ ਸਰਦੀਆਂ ਵਿੱਚ, ਉੱਚੇ ਹਿਮਾਲਿਆ ਪਰਬਤਾਂ ਵਿਚਾਲੇ ਵਸੇ ਕਾਰਗਿਲ ਦੇ ਨੇੜੇ ਦਰਾਸ ਨਾਮ ਦੇ ਸਥਾਨ ਉੱਤੇ – 45º ਸੈਲਸੀਅਸ ਤੱਕ ਤਾਪਮਾਨ ਗਿਰ ਜਾਂਦਾ ਹੈ ਪਰ ਉਸੇ ਵੇਲੇ ਤਾਮਿਲਨਾਡੂ ਦੇ ਚੇਨੱਈ (ਮਦਰਾਸ) ਦੇ ਸਥਾਨ ਤੇ 20º ਸੈਲਸੀਅਸ ਤੋਂ ਵੱਧ ਤਾਪਮਾਨ ਹੁੰਦਾ ਹੈ। ਇਸੇ ਤਰ੍ਹਾਂ ਗਰਮੀਆਂ ਵਿੱਚ ਅਰਾਵਲੀ ਪਰਬਤਾਂ ਦੇ ਪੱਛਮ ਵਿੱਚ ਜੈਸਲਮੇਰ ਦੇ ਸਥਾਨ ਤੇ ਜਦੋਂ ਤਾਪਮਾਨ 50º ਸੈਲਸੀਅਸ ਨੂੰ ਵੀ ਪਾਰ ਕਰ ਜਾਂਦਾ ਹੈ ਤਾਂ ਸ੍ਰੀਨਗਰ ਵਿੱਚ ਕੇਵਲ 20º ਸੈਲਸੀਅਸ ਤੱਕ ਤਾਪਮਾਨ ਹੁੰਦਾ ਹੈ।

(*ii*) ਵਰਖਾ ਦੇ ਹਿਸਾਬ ਨਾਲ ਖਾਸੀ ਦੀ ਪਹਾੜੀਆਂ ਵਿੱਚ ਚਿਰਾਪੂੰਜੀ ਦੇ ਨੇੜੇ ਪੈਂਦੇ ਪਿੰਡ ਮਾਸਿਨਰਮ ਵਿੱਚ ਦੇਸ਼ ਦੀ ਵੱਧ ਤੋਂ ਵੱਧ ਅਤੇ ਔਸਤ ਸਲਾਨਾ ਵਰਖਾ 1080 ਸੈਂਟੀਮੀਟਰ ਹੁੰਦੀ ਹੈ ਜਦ ਕਿ ਪੱਛਮੀ ਥਾਰ ਮਾਰੂਥਲ ਵਿੱਚ ਸਾਲਾਨਾ ਵਰਖਾ ਦੀ ਮਾਤਰਾ ਕੇਵਲ 12 ਸੈਂਟੀਮੀਟਰ ਹੁੰਦੀ ਹੈ। ਦੂਸਰੇ ਸ਼ਬਦਾਂ ਵਿੱਚ ਅਰਾਵਲੀ ਪਰਬਤਾਂ ਦੇ ਪੱਛਮ ਵਿੱਚ ਜਿੰਨੀ ਵਰਖਾ ਅੱਠ ਸਾਲਾਂ ਵਿੱਚ ਹੁੰਦੀ ਹੈ ਉਸ ਤੋਂ ਕਿਤੇ ਜ਼ਿਆਦਾ ਚਿਰਾਪੂੰਜੀ ਵਿੱਚ ਇਕ ਦਿਨ ਵਿੱਚ ਹੋ ਜਾਂਦੀ ਹੈ।

(*iii*) ਬਾੜ੍ਹਮੇਰ ਅਤੇ ਜੈਸਲਮੇਰ ਵਿੱਚ ਜਿਥੇ ਲੋਕ ਬੱਦਲਾਂ ਲਈ ਤਰਸ ਜਾਂਦੇ ਹਨ ਉਥੇ ਮੇਘਾਲਿਆ ਵਿੱਚ ਸਾਰਾ ਸਾਲ ਆਕਾਸ਼ ਬੱਦਲਾਂ (ਮੇਘਾਂ) ਨਾਲ ਢੱਕਿਆ ਹੀ ਰਹਿੰਦਾ ਹੈ।

(*iv*) ਇਸੇ ਤਰ੍ਹਾਂ ਜਿਵੇਂ ਮੁੰਬਈ ਅਤੇ ਹੋਰ ਤੱਟੀ ਖੇਤਰਾਂ ਵਿੱਚ ਸਮੁੰਦਰ ਦਾ ਅਸਰ ਹੋਣ ਕਰਕੇ ਸਮ ਜਲਵਾਯੂ ਪ੍ਰਭਾਵ ਬਣਿਆ ਰਹਿੰਦਾ ਹੈ ਉਸੇ ਤਰ੍ਹਾਂ ਦਿੱਲੀ, ਚੰਡੀਗੜ੍ਹ ਤੇ ਲੁਧਿਆਣੇ ਦੇ ਅੰਦਰੂਨੀ ਭਾਗਾਂ ਵਿੱਚ ਜਲਵਾਯੂ ਅੱਤ ਦੀ ਕਠੋਰ ਹੁੰਦੀ ਹੈ। ਅਰਥਾਤ ਸਰਦੀਆਂ ਅੱਤ ਸਰਦ ਅਤੇ ਗਰਮੀਆਂ ਅੱਤ ਗਰਮ ਹੁੰਦੀਆਂ ਹਨ।

**ਜਲਵਾਯੂ ਨੂੰ ਨਿਰਧਾਰਿਤ ਕਰਨ ਵਾਲੇ ਤੱਤ (Factors Controlling the Climate) :** ਸਥਿਤੀ ਦੇ ਆਧਾਰ ਤੇ ਭਾਰਤ ਦੇ ਮੱਧ ਵਿੱਚੋਂ ਲੰਘਦੀ ਕਰਕ ਰੇਖਾ ਇਸ ਦੇ ਜਲਵਾਯੂ ਨੂੰ ਦੋ ਵੱਖ-ਵੱਖ ਕਿਸਮਾਂ ਵਿੱਚ ਵੰਡ ਦਿੰਦੀ ਹੈ। ਕਰਕ ਰੇਖਾ ਦੇ ਦੱਖਣ ਵੱਲ ਦੇ ਦੇਸ਼ ਦੇ ਹਿੱਸੇ ਭੂਮੱਧ ਰੇਖਾ ਦੇ ਖਿੱਤੇ ਵਿੱਚ ਚਲੇ ਜਾਂਦੇ ਹਨ। ਇਹਨਾਂ ਖੇਤਰਾਂ ਦਾ ਤਾਪਮਾਨ ਜ਼ਿਆਦਾ ਹੋਣ ਦੇ ਕਾਰਣ ਸਰਦੀ ਦੀ ਰੁੱਤ ਨਹੀਂ ਹੁੰਦੀ ਪਰ ਜਲਵਾਯੂ ਊਸ਼ਣ ਖੰਡ (Tropical Zone) ਵਾਲਾ ਹੋਣਾ ਚਾਹੀਦਾ ਸੀ। ਇਸ ਊਸ਼ਣ ਰੇਖਾ ਦੇ ਉੱਤਰ ਵੱਲ ਦੇ ਖੇਤਰਾਂ ਦਾ ਤਾਪਮਾਨ ਘੱਟ ਜਾਣ ਕਰਕੇ ਸਰਦੀ ਤੇ ਗਰਮੀ ਦੀਆਂ ਰੁੱਤਾਂ ਤਾਂ ਹੁੰਦੀਆਂ ਹਨ ਤੇ ਜਲਵਾਯੂ ਉਪ-ਊਸ਼ਣ ਕਿਸਮ (Sub-

Tropical Type) ਦਾ ਹੋਣਾ ਚਾਹੀਦਾ ਹੈ। ਪਰ ਅਜਿਹਾ ਨਹੀਂ ਕਿਉਂਕਿ ਸਮੁੱਚੇ ਦੇਸ਼ ਦਾ ਜਲਵਾਯੂ ਭਿੰਨਤਾਵਾਂ ਨਾਲ ਭਰਿਆ ਪਿਆ ਹੈ ਜਿਸ ਨੂੰ ਦੇਸ਼ ਦੀ ਸਥਿਤੀ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ, ਹੇਠ ਲਿਖੇ ਤੱਤ ਅਸਰ ਪਾਉਂਦੇ ਹਨ।

(*i*) **ਭੂਮੱਧ ਰੇਖਾ ਤੋਂ ਦੂਰੀ (Distance from Equator) :** ਭਾਰਤ ਦੇਸ਼ ਧਰਤੀ ਤੇ ਉੱਤਰੀ ਗੋਲਾਅਰਧ ਵਿੱਚ ਭੂਮੱਧ ਰੇਖਾ ਦੇ ਨੇੜੇ ਸਥਿਤ ਹੈ ਜਿਸ ਕਰਕੇ ਹਿਮਾਲਿਆ ਪਰਬਤੀ ਖੇਤਰਾਂ ਨੂੰ ਛੱਡ ਕੇ ਦੇਸ਼ ਦੇ ਲਗਪਗ ਸਾਰੇ ਖੇਤਰਾਂ ਵਿੱਚ ਸਾਰਾ ਸਾਲ ਤਾਪਮਾਨ ਉੱਚਾ ਰਹਿੰਦਾ ਹੈ। ਇਸ ਲਈ ਇਸ ਨੂੰ ਗਰਮ ਜਲਵਾਯੂ ਵਾਲਾ ਦੇਸ਼ ਵੀ ਮੰਨਿਆ ਜਾਂਦਾ ਹੈ।

(*ii*) **ਧਰਾਤਲ (Relief) :** ਉੱਤਰ ਵਿੱਚ ਪੂਰਬ-ਪੱਛਮੀ ਦਿਸ਼ਾ ਵਿੱਚ ਫੈਲੀ ਹੋਈ ਹਿਮਾਲਿਆ ਪਰਬਤ ਦੀ ਉੱਚੀ ਲੜੀ ਦਾ ਦੇਸ਼ ਦੇ ਜਲਵਾਯੂ ਤੇ ਬਹੁਤ ਹੀ ਡੂੰਘਾ ਪ੍ਰਭਾਵ ਪੈਂਦਾ ਹੈ। ਇਕ ਪਾਸੇ ਇਹ ਪਰਬਤ ਲੜੀ ਦੇਸ਼ ਨੂੰ ਏਸ਼ੀਆ ਦੇ ਮੱਧਵਰਤੀ ਭਾਗਾਂ ਤੋਂ ਆਉਣ ਵਾਲੀਆਂ ਬਰਫ਼ੀਲੀਆਂ ਅਤੇ ਸ਼ੀਤ ਲਹਿਰਾਂ ਤੋਂ ਬਚਾਉਂਦੀ ਹੈ ਜਿਸ ਕਰਕੇ ਨਾਲ ਲੱਗਦੇ ਮੈਦਾਨੀ ਭਾਗਾਂ ਵਿੱਚ ਤਾਪਮਾਨ ਜਮਾਓ ਦਰਜੇ ਤੋਂ ਉੱਪਰ ਹੀ ਰਹਿੰਦੇ ਹਨ। ਦੂਸਰੇ ਪਾਸੇ, ਇਹ ਲੜੀ ਉੱਚੀ ਹੋਣ ਕਰਕੇ ਖਾੜੀ ਬੰਗਾਲ ਤੋਂ ਆਉਣ ਵਾਲੀਆਂ ਮੌਨਸੂਨ ਪੌਣਾਂ ਦੇ ਰਸਤੇ ਵਿੱਚ ਰੁਕਾਵਟ ਬਣਦੀ ਹੈ ਅਤੇ ਉਹਨਾਂ ਨੂੰ ਦੇਸ਼ ਦੇ ਉੱਤਰ ਪੱਛਮੀ ਭਾਗਾਂ ਵੱਲ ਮੋੜ ਕੇ ਉਥੋਂ ਦੇ ਅੱਤ ਦੇ ਗਰਮ ਅਤੇ ਖੁਸ਼ਕ ਮੌਸਮ ਵਿੱਚ ਤਬਦੀਲੀ ਲਿਆ ਦਿੰਦੀ ਹੈ। ਇਹਨਾਂ ਪੌਣਾਂ ਨਾਲ ਸਮੁੰਦਰ ਤੱਟ ਦੇ ਸਾਹਮਣੇ ਵਾਲੀਆਂ ਪੱਛਮੀ ਘਾਟ ਦੀਆਂ ਢਲਾਨਾਂ ਅਤੇ ਆਸਾਮ ਦੀਆਂ ਪਹਾੜੀਆਂ ਤੇ ਜ਼ਿਆਦਾ ਵਰਖਾ ਹੁੰਦੀ ਹੈ ਪਰ ਦੱਖਣ ਦੀ ਪਠਾਰ ਅਤੇ ਟ੍ਰਾਂਸ ਹਿਮਾਲਿਆ ਦੇ ਖੇਤਰ ਪੌਣ ਵਿਮੁੱਖੀ ਢਲਾਨ (Leaward Side) ਤੇ ਸਥਿਤ ਹੋਣ ਕਰਕੇ ਵਰਖਾ ਓਟ ਖਿੱਤੇ (Rain Shadow Zone) ਵਿੱਚ ਆ ਜਾਣ ਕਰਕੇ ਖੁਸ਼ਕ ਰਹਿ ਜਾਂਦੇ ਹਨ। ਇਸੇ ਤਰ੍ਹਾਂ ਅਰਾਵਲੀ ਪਰਬਤੀ ਖੇਤਰ ਵੀ ਦੱਖਣ-ਪੱਛਮੀ ਮੌਨਸੂਨ ਪੌਣਾਂ ਦੀ ਦਿਸ਼ਾ ਦੇ ਸਮਾਨਅੰਤਰ ਉੱਤਰ-ਦੱਖਣ ਦਿਸ਼ਾ ਵਿੱਚ ਸਥਿਤ ਹੋਣ ਕਰਕੇ ਵਰਖਾ ਤੋਂ ਬਗੈਰ ਹੀ ਰਹਿ ਜਾਂਦੇ ਹਨ। ਇਸ ਪ੍ਰਕਾਰ ਹਿਮਾਲਿਆ ਪਰਬਤ ਦੀ ਹੋਂਦ ਦੇਸ਼ ਅੰਦਰ ਮੌਨਸੂਨੀ ਜਲਵਾਯੂ ਬਣਾਏ ਰੱਖਣ ਲਈ ਸਭ ਤੋਂ ਵੱਡਾ ਤੱਤ ਹੈ।

(*iii*) **ਵਾਯੂ ਦਾਬ ਪ੍ਰਨਾਲੀ (Air Pressure System) :** ਗਰਮੀਆਂ ਦੀ ਰੁੱਤ ਦੇ ਸ਼ੁਰੂ ਹੋਣ ਸਾਰ ਹੀ ਸੂਰਜ ਦੀਆਂ ਸਿੱਧੀਆਂ ਕਿਰਨਾਂ ਉੱਤਰੀ ਗੋਲਾਅਰਧ ਵਿੱਚ ਕਰਕ ਰੇਖਾ ਵੱਲ ਵੱਧਣ ਲੱਗਦੀਆਂ ਹਨ ਅਤੇ ਜਿਸਦੇ ਨਤੀਜੇ ਵਜੋਂ ਦੇਸ਼ ਦੇ ਉੱਤਰੀ ਭਾਗਾਂ ਦਾ ਤਾਪਮਾਨ ਵੀ ਵੱਧਣ ਲੱਗ ਜਾਂਦਾ ਹੈ। ਤਾਪਮਾਨ ਦੇ ਵਾਧੇ ਦੇ ਨਾਲ ਹੀ ਉੱਤਰੀ ਵਿਸ਼ਾਲ ਮੈਦਾਨਾਂ ਵਿੱਚ ਘੱਟ ਹਵਾ ਦੇ ਦਬਾਅ (994 ਮਿਲੀਬਾਰ) ਦੇ ਕੇਂਦਰ ਬਣਨੇ ਸ਼ੁਰੂ ਹੋ ਜਾਂਦੇ ਹਨ ਜਿਹਨਾਂ ਨੂੰ ਅੰਤਰ ਊਸ਼ਣ ਸੁਮੇਲ ਖੇਤਰ (Inter-Tropical Convergence Zone) ਵੀ ਕਿਹਾ ਜਾਂਦਾ ਹੈ। ਦੂਸਰੇ ਪਾਸੇ ਸਰਦੀਆਂ ਵਿੱਚ ਇਹੀ ਮੈਦਾਨੀ ਭਾਗ ਜ਼ਿਆਦਾ ਠੰਡੇ ਹੋ ਜਾਣ ਕਰਕੇ ਵੱਧ ਦਬਾਅ ਦੇ ਕੇਂਦਰਾਂ ਵਿੱਚ ਤਬਦੀਲ ਹੋ ਜਾਂਦੇ ਹਨ ਤੇ ਘੱਟ ਦਬਾਅ-ਹਿੰਦ ਮਹਾਂਸਾਗਰਾਂ ਤੇ ਹੁੰਦਾ ਹੈ।

(*iv*) **ਮੌਸਮੀ ਪੌਣਾਂ (Seasonal Winds) :**

(ੳ) ਦੇਸ਼ ਦੇ ਅੰਦਰ ਗਰਮੀ ਅਤੇ ਸਰਦੀ ਦੇ ਮੌਸਮ ਸਮੇਂ ਹਵਾ ਦੇ ਦਬਾਅ ਦੀ ਤਬਦੀਲੀ ਹੋ ਜਾਣ ਕਰਕੇ ਮੌਸਮੀ ਪੌਣਾਂ ਚਲਦੀਆਂ ਹਨ। ਗਰਮੀਆਂ ਦੇ 6 ਮਹੀਨੇ ਸਮੁੰਦਰ ਤੋਂ ਥੱਲ ਵੱਲ ਚਲਣ ਵਾਲੀਆਂ ਪੌਣਾਂ ਗਰਮ ਅਤੇ ਸਿੱਲ੍ਹੀਆਂ ਅਤੇ ਸਰਦੀਆਂ ਦੇ 6 ਮਹੀਨੇ ਥੱਲ ਤੋਂ ਜਲ ਵੱਲ ਚੱਲਣ ਵਾਲੀਆਂ ਪੌਣਾਂ ਠੰਢੀਆਂ ਤੇ ਖੁਸ਼ਕ ਹੁੰਦੀਆਂ ਹਨ। ਇਹਨਾਂ ਪੌਣਾਂ ਦੇ ਆਧਾਰ ਤੇ ਹੀ ਦੇਸ਼ ਵਿੱਚ ਵੱਖੋ-ਵੱਖਰੇ ਮੌਸਮ ਬਣਦੇ ਹਨ।

(ਅ) ਧਰਾਤਲ ਤੇ ਚੱਲਣ ਵਾਲੀਆਂ ਇਹਨਾਂ ਮੌਸਮੀ ਜਾਂ ਮੌਨਸੂਨ ਪੌਣਾਂ ਦੀ ਦਿਸ਼ਾ ਉੱਤੇ ਧਰਾਤਲ ਤੋਂ ਤਿੰਨ ਕਿਲੋਮੀਟਰ ਦੀ ਉੱਚਾਈ ਤੇ ਵਹਿਣ ਵਾਲੀ ਉੱਪਰਲੀ ਹਵਾ ਦਾ ਸੰਚਾਰੀ ਚੱਕਰ (Upper Air Circulation) ਵੀ

ਅਸਰ ਪਾਉਂਦਾ ਹੈ ਜਿਸ ਨੂੰ ਜੈਟ ਸਟ੍ਰੀਮ (Jet Stream) ਵੀ ਕਿਹਾ ਜਾਂਦਾ ਹੈ। ਗਰਮੀਆਂ ਵਿੱਚ ਇਹ ਠੰਢੀ ਅਤੇ ਵੱਧ ਦਬਾਅ ਵਾਲੀ ਤੇਜ਼ ਹਵਾ ਦਾ ਪ੍ਰਵਾਹ ਹਿਮਾਲਿਆ ਪਰਬਤ ਲੜੀਆਂ ਦੇ ਪਿੱਛੇ ਤਿੱਬਤ ਦੀ ਪਠਾਰ ਤੇ ਹੁੰਦਾ ਹੈ ਅਤੇ ਸਰਦੀਆਂ ਵਿੱਚ 25° ਉੱਤਰੀ ਅਕਸ਼ਾਂਸ਼ ਤੱਕ ਆ ਜਾਂਦਾ ਹੈ। ਇਸ ਪ੍ਰਵਾਹ ਦੇ ਕਾਰਣ ਹੀ ਗਰਮੀਆਂ ਦੇ ਚੱਕਰਵਾਤ ਅਤੇ ਰੂਮਸਾਗਰੀ ਖੇਤਰਾਂ ਦੀਆਂ ਪੱਛਮੀ ਮੌਸਮੀ ਤਬਦੀਲੀਆਂ ਦੇਸ਼ ਦੇ ਉੱਤਰੀ ਭਾਗਾਂ ਵਿੱਚ ਪਹੁੰਚ ਕੇ ਭਰਪੂਰ ਵਰਖਾ ਪ੍ਰਦਾਨ ਕਰਦੇ ਹਨ।

**(v) ਹਿੰਦ ਮਹਾਂਸਾਗਰ ਦੀ ਨੇੜਤਾ (Proximity to Indian Ocean) :** ਸਮੁੱਚੇ ਦੇਸ਼ ਦੇ ਜਲਵਾਯੂ ਤੇ ਨਾਲ ਲੱਗਦੇ ਵਿਸ਼ਾਲ ਹਿੰਦ ਮਹਾਂਸਾਗਰ ਨੇ ਅਮਿੱਟ ਛਾਪ ਛੱਡੀ ਹੋਈ ਹੈ। ਹਿੰਦ ਮਹਾਂਸਾਗਰ ਦੀ ਪੱਧਰੀ ਸਤਹਿ ਦੇ ਕਾਰਣ ਹੀ ਭੂਮੱਧ ਰੇਖਾ ਦੇ ਦੱਖਣੀ ਭਾਗਾਂ ਤੋਂ ਵੀ ਦੱਖਣ-ਪੱਛਮੀ ਮੌਨਸੂਨ ਪੌਣਾਂ ਪੂਰੀ ਤੇਜ਼ ਗਤੀ ਨਾਲ ਦੇਸ਼ ਵੱਲ ਵੱਧਦੀਆਂ ਹਨ। ਇਹ ਪੌਣਾਂ ਸਮੁੰਦਰੀ ਭਾਗਾਂ ਤੋਂ ਚੁੱਕੀ ਹੋਈ ਨਮੀ ਨੂੰ ਸਾਰੇ ਦੇਸ਼ ਵਿੱਚ ਖਿੰਡਾ ਕੇ ਪੂਰੀ ਜੀਵਨ ਸ਼ੈਲੀ ਵਿੱਚ ਜਾਨ ਪਾ ਦਿੰਦੀਆਂ ਹਨ। ਖਾੜੀ ਬੰਗਾਲ ਦੀ ਸਥਿਤੀ ਦੇ ਕਾਰਣ ਹੀ ਸਰਦੀਆਂ ਵਿੱਚ ਕੋਰੋਮੰਡਲ ਤੱਟ ਤੇ ਬਾਰਸ਼ ਹੁੰਦੀ ਹੈ ਅਤੇ ਗਰਮੀਆਂ ਵਿੱਚ ਇਥੇ ਪੈਦਾ ਹੋਣ ਵਾਲੇ ਚੱਕਰਵਾਤ ਵੀ ਭਾਰੀ ਵਰਖਾ ਕਰਦੇ ਹਨ। ਪ੍ਰਾਇਦੀਪੀ ਭਾਗ ਨੂੰ ਤਿੰਨ ਪਾਸੇ ਤੋਂ ਸਮੁੰਦਰ ਨਾਲ ਘਿਰਿਆ ਹੋਣ ਕਰਕੇ ਤੱਟੀ ਭਾਗਾਂ ਵਿੱਚ ਸਮਕਾਰੀ ਜਲਵਾਯੂ ਮਿਲਦੀ ਹੈ ਜਿਸ ਵਿੱਚ ਗਰਮੀਆਂ ਵਿੱਚ ਘੱਟ ਗਰਮੀ ਅਤੇ ਸਰਦੀਆਂ ਵਿੱਚ ਘੱਟ ਸਰਦੀ ਹੁੰਦੀ ਹੈ।

ਇਸ ਪ੍ਰਕਾਰ ਉਪਰੋਕਤ ਦੱਸੇ ਕਾਰਣਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤ ਵਿੱਚ ਗਰਮ/ਊਸ਼ਣ ਮਾਨਸੂਨੀ ਖੰਡ (Tropical Monsoon Region) ਦੀ ਜਲਵਾਯੂ ਮਿਲਦੀ ਹੈ ਜਿਸ ਵਿੱਚ ਮੌਨਸੂਨ ਪੌਣਾਂ ਵੱਖੋ ਵੱਖ ਸਮੇਂ ਤੇ ਦੇਸ਼ ਦੇ ਲਗਪਗ ਸਾਰੇ ਹਿੱਸਿਆਂ ਤੇ ਡੂੰਘਾ ਅਸਰ ਪਾਉਂਦੀਆਂ ਹਨ।

## ਭਾਰਤੀ ਮੌਨਸੂਨ ਪ੍ਰਨਾਲ਼ੀ
## (Indian Monsoon System)

'ਮੌਨਸੂਨ' ਸ਼ਬਦ ਦਾ ਜਨਮ ਅਰਬੀ ਭਾਸ਼ਾ ਦੇ ਮੌਸਮ (Mausam) ਸ਼ਬਦ ਤੋਂ ਹੋਇਆ ਹੈ ਜਿਸ ਦਾ ਅਰਥ ਮੌਸਮ ਦੇ ਬਦਲਣ ਨਾਲ ਸਥਾਨਕ ਪੌਣ ਵਿੱਚ ਮਿਲਣ ਵਾਲੇ ਤੱਤਾਂ (ਤਾਪਮਾਨ, ਨਮੀ, ਦਬਾਅ, ਦਿਸ਼ਾ) ਵਿੱਚ ਪਰਿਵਰਤਨ ਹੋ ਜਾਣ ਤੋਂ ਹੈ। ਇਹ ਥੋੜ੍ਹੇ ਸਮੇਂ ਦੇ ਬਾਅਦ ਬਦਲਣ ਵਾਲੀਆਂ ਪੌਣਾਂ ਨੂੰ ਹੀ ਮੌਸਮੀ ਜਾਂ ਮਾਨਸੂਨ ਪੌਣਾਂ ਕਿਹਾ ਜਾਂਦਾ ਹੈ। ਇਹ ਪੌਣ ਚੱਕਰ ਧਰਤੀ ਤੇ 20° ਦੱਖਣ ਤੋਂ ਲੈ ਕੇ 35° ਉੱਤਰੀ ਅਕਸ਼ਾਂਸ਼ ਤੱਕ ਦੇ ਊਸ਼ਣ ਖੰਡ ਵਿੱਚ ਚਲਦਾ ਰਹਿੰਦਾ ਹੈ। ਇਸ ਪੌਣ ਚੱਕਰ ਦਾ ਜਨਮ ਜ਼ਮੀਨ ਅਤੇ ਸਮੁੰਦਰੀ ਖੇਤਰਾਂ ਦੇ ਤਾਪਅੰਤਰ ਵਿੱਚ ਮੁੜ-ਮੁੜ ਆਉਂਦੀ ਜ਼ਿਆਦਾ ਤਬਦੀਲੀ ਦੇ ਕਾਰਣ ਹੁੰਦਾ ਹੈ। ਇਸ ਤਬਦੀਲੀ ਦੇ ਕਾਰਣ ਗਰਮੀਆਂ ਵਿੱਚ ਭੂਮੱਧ ਰੇਖਾ ਦੀ ਘੱਟ ਦਬਾਅ ਦੀ ਪੱਟੀ ਕਰਕ ਰੇਖਾ ਵੱਲ ਸਰਕ ਜਾਂਦੀ ਹੈ ਇਸ ਪੱਟੀ ਨੂੰ ਅੰਤਰ ਊਸ਼ਣ ਸੁਮੇਲ ਖੰਡ (Inter Tropical Convergence Zone–ITCZ) ਕਿਹਾ ਜਾਂਦਾ ਹੈ। ਇਸ ਘੱਟ ਵਾਯੂ-ਦਾਬ ਨੂੰ ਭਰਨ ਲਈ ਦੱਖਣੀ ਹਿੰਦ ਮਹਾਂਸਾਗਰ ਤੋਂ ਦੱਖਣ-ਪੂਰਬੀ ਵਪਾਰਕ ਪੌਣਾਂ ਭੂਮੱਧ ਰੇਖਾ ਨੂੰ ਪਾਰ ਕਰਦੇ ਹੀ ਧਰਤੀ ਦੀ ਦੈਨਿਕ ਗਤੀ ਦੇ ਕਾਰਣ ਘੜੀ ਦੀਆਂ ਸੂਈਆਂ ਦੇ ਅਨੁਸਾਰ ਦੱਖਣ-ਪੱਛਣ ਤੋਂ ਉੱਤਰ-ਪੂਰਬ ਦਿਸ਼ਾ ਗ੍ਰਹਿਣ ਕਰਦੀਆਂ ਹਨ। ਇਹ ਪੌਣਾਂ ਲੰਮਾ ਸਫ਼ਰ ਤਹਿ ਕਰਕੇ ਪਹਿਲੀ ਜੂਨ ਨੂੰ ਦੇਸ਼ ਦੇ ਪੱਛਮੀ ਤੱਟ ਤੇ ਪਹੁੰਚ ਕੇ ਬਹੁਤ ਜ਼ੋਰ ਦੀ ਵਰਖਾ ਕਰਦੀਆਂ ਹਨ ਜਿਸ ਨੂੰ ਮੌਨਸੂਨੀ ਧਮਾਕਾ ਜਾਂ ਮੌਨਸੂਨਾਂ ਦਾ ਫੱਟਣਾ (Monson Burst) ਕਿਹਾ ਜਾਂਦਾ ਹੈ। ਪਹਿਲੀ ਜੂਨ ਤੋਂ ਪਹਿਲਾਂ ਵੀ ਕੇਰਲਾ ਤੱਟ ਦੇ ਆਸ ਪਾਸ ਦੀ ਸਮੁੰਦਰੀ ਹਵਾ ਜਦੋਂ ਪੱਛਮੀ ਤੱਟ ਨੂੰ ਪਾਰ ਕਰਨ ਲੱਗਦੀ ਹੈ ਤਾਂ ਵੀ ਮੱਧਮ ਦਰਜੇ ਦੀ ਵਰਖਾ ਹੁੰਦੀ ਹੈ ਜਿਸ ਨੂੰ ਪੂਰਵ-ਮੌਨਸੂਨ (Pre-Monsoon) ਵਰਖਾ ਕਿਹਾ ਜਾਂਦਾ ਹੈ। ਜੂਨ ਤੋਂ ਬਾਅਦ ਅੱਧ ਸਤੰਬਰ ਤੱਕ ਇਹੀ ਮੌਨਸੂਨ ਪੌਣਾਂ ਸਾਰੇ ਦੇਸ਼ ਵਿੱਚ ਪਹੁੰਚ ਕੇ ਵਰਖਾ ਪ੍ਰਦਾਨ ਕਰਦੀਆਂ ਹਨ। ਸਰਦੀਆਂ ਵਿੱਚ ਤਾਮਿਲਨਾਡੂ ਵਿੱਚ ਬਹੁਤ ਸਾਰੀ ਵਰਖਾ ਵਾਪਸ ਮੁੜਦੀਆਂ ਹੋਈਆਂ ਮਾਨਸੂਨ ਪੌਣਾਂ ਦੁਆਰਾ ਹੁੰਦੀ ਹੈ।

ਉਪਰੋਕਤ ਵਰਨਣ ਕੀਤੇ ਤਾਪ ਅੰਤਰ ਸਿਧਾਂਤ ਤੋਂ ਇਲਾਵਾ ਇਹਨਾਂ ਪੌਣਾਂ ਦੇ ਉਤਪੰਨ ਹੋਣ ਦਾ ਕਾਰਣ ਉੱਪਰਲੀ ਹਵਾ ਵਿਚਲੇ ਸੰਚਾਰੀ ਚੱਕਰ (Upper Air Circulation) ਕਰਕੇ ਵੀ ਮੰਨਿਆ ਜਾਂਦਾ ਹੈ ਜਿਸ ਕਰਕੇ ਇਹਨਾਂ ਮੌਨਸੂਨ ਪੌਣਾਂ ਦੀ ਦੇਸ਼ ਦੇ ਉੱਤਰ-ਪੱਛਮੀ ਹਿੱਸਿਆਂ ਤੱਕ ਆਮਦ ਦਾ ਕਾਰਨ ਉੱਤਰੀ ਭਾਰਤ ਵਿੱਚ ਉੱਚਾਈ ਤੇ ਵਗ ਰਹੀ ਜੈਟ ਸਟ੍ਰੀਮ ਦਾ ਹੋਣਾ ਹੈ। ਇਸਦੀ ਹਿਲਜੁਲ ਦੇ ਕਾਰਨ ਹੀ ਇਹ ਪੌਣਾਂ ਉੱਤਰ-ਪੱਛਮੀ ਖੇਤਰਾਂ ਵਿੱਚ ਵਰਖਾ ਲੈ ਕੇ ਆਉਂਦੀਆਂ ਹਨ। ਤੀਸਰਾ ਅਤੇ ਅਜੋਕਾ ਕਾਰਨ ਚਿੱਲੀ ਦੇ ਤੱਟ ਦੇ ਕੋਲ ਪ੍ਰਸ਼ਾਂਤ ਮਹਾਂਸਾਗਰ ਵਿੱਚ ਵਹਿਣ ਵਾਲੀ ਐਲ ਨੀਨੋ ਨਾਂ ਦੀ ਸਮੁੰਦਰੀ ਧਾਰਾ (El Nino Current) ਹੈ ਜਿਸ ਦੀ ਵਿਗਿਆਨਕ ਪੜਤਾਲ ਹੋਣੀ ਅਜੇ ਬਾਕੀ ਹੈ।

**ਮੌਨਸੂਨੀ ਵਰਖਾ ਦੀਆਂ ਵਿਸ਼ੇਸ਼ਤਾਈਆਂ (Characteristics of Monsoonal Rainfall)**

ਦੇਸ਼ ਦੀ ਔਸਤ ਸਲਾਨਾ ਵਰਖਾ ਦੀ ਮਾਤਰਾ 118 ਸੈਂਟੀਮੀਟਰ ਦੇ ਲਗਪਗ ਹੈ ਜੋ ਕਿ ਲਗਪਗ ਮਾਨਸੂਨ ਪੌਣਾਂ ਦੁਆਰਾ ਹੀ ਹੁੰਦੀ ਹੈ। ਇਸ ਮੌਨਸੂਨੀ ਵਰਖਾ ਦੇ ਅੰਦਰ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਮਿਲਦੀਆਂ ਹਨ :

*(i)* **ਵਰਖਾ ਦੀ ਰੁੱਤ ਅਤੇ ਮਾਤਰਾ (Rainy Season & Quantity) :** ਦੇਸ਼ ਦੀ ਵਧੇਰੀ ਵਰਖਾ ਦਾ 87% ਹਿੱਸਾ ਮਾਰਚ ਤੋਂ ਲੈ ਕੇ ਸਤੰਬਰ ਤੱਕ ਦੀ ਗਰਮੀਆਂ ਦੀ ਰੁੱਤ ਵਿੱਚ ਮੌਨਸੂਨ ਪੌਣਾਂ ਰਾਹੀਂ ਹੁੰਦਾ ਹੈ। ਬਾਕੀ ਦਾ 13% ਮੌਨਸੂਨ ਰੁੱਤ ਤੋਂ ਬਾਅਦ (Post Monsoon Season) ਸਰਦੀਆਂ ਦੇ ਮਹੀਨਿਆਂ ਵਿੱਚ ਚੱਕਰਵਾਤਾਂ ਤੋਂ ਵਾਪਸ ਮੁੜਦੀਆਂ ਪੌਣਾਂ ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ। ਦੇਸ਼ ਦੀ 74% ਵਰਖਾ, ਵਰਖਾ ਰੁੱਤ (Rainy Season) ਵਿੱਚ ਜੂਨ ਤੋਂ ਲੈ ਕੇ ਸਤੰਬਰ ਤੱਕ ਹੁੰਦੀ ਹੈ।

*(ii)* **ਅਸਥਿਰਤਾ (Variability) :** ਭਾਰਤ ਦੇ ਅੰਦਰ ਮੌਨਸੂਨ ਪੌਣਾਂ ਦੁਆਰਾ ਜੋ ਵਰਖਾ ਹੁੰਦੀ ਹੈ ਉਹ ਭਰੋਸੇਯੋਗ ਨਹੀਂ ਹੈ। ਇਹ ਜ਼ਰੂਰੀ ਨਹੀਂ ਹੈ ਕਿ ਵਰਖਾ ਇਕ ਸਮਾਨ ਹੁੰਦੀ ਰਹੇ ਜਾਂ ਫਿਰ ਨਾ ਹੀ ਹੋਵੇ। ਵਰਖਾ ਦੀ ਇਸ ਅਸਥਿਰਤਾ ਕਰਕੇ ਹੀ ਅਕਸਰ ਭੁੱਖਮਰੀ ਤੇ ਕਾਲ ਪੈ ਜਾਂਦਾ ਹੈ। ਇਹ ਅਸਥਿਰਤਾ ਦੇਸ਼ ਦੇ ਅੰਦਰੂਨੀ ਹਿੱਸੇ ਅਤੇ ਰਾਜਸਥਾਨ ਵੱਲ ਵਧਦੀ ਜਾਂਦੀ ਹੈ।

*(iii)* **ਅਸਮਾਨ ਵੰਡ (Unequal Distribution) :** ਸਾਰੇ ਦੇਸ਼ ਵਿੱਚ ਵਰਖਾ ਦੀ ਵੰਡ ਇਕ ਸਮਾਨ ਨਹੀਂ ਹੈ। ਪੱਛਮੀ ਘਾਟ ਦੀਆਂ ਪੱਛਮੀ ਢਲਾਨਾਂ ਅਤੇ ਮੇਘਾਲਿਆ ਤੇ ਆਸਾਮ ਦੀਆਂ ਪਹਾੜੀਆਂ ਤੇ 250 ਸੈਂਟੀਮੀਟਰ ਤੋਂ ਵੀ ਵੱਧ ਵਰਖਾ ਹੁੰਦੀ ਹੈ ਜਦ ਕਿ ਪੱਛਮੀ ਰਾਜਸਥਾਨ, ਪੱਛਮੀ ਗੁਜਰਾਤ ਅਤੇ ਉੱਤਰੀ ਕਸ਼ਮੀਰ ਵਿੱਚ 25 ਸੈਂਟੀਮੀਟਰ ਤੋਂ ਵੀ ਘੱਟ ਵਰਖਾ ਹੁੰਦੀ ਹੈ।

*(iv)* **ਅਨਿਸਚਿਤਤਾ (Uncertainity) :** ਭਾਰਤ ਵਿੱਚ ਹੋਣ ਵਾਲੀ ਮੌਨਸੂਨੀ ਵਰਖਾ ਦੀ ਮਾਤਰਾ ਪੂਰੀ ਤਰ੍ਹਾਂ ਨਿਸਚਿਤ ਨਹੀਂ ਹੈ। ਕਦੇ ਤਾਂ ਮੌਨਸੂਨ ਪੌਣਾਂ ਸਮੇਂ ਤੋਂ ਪਹਿਲਾਂ ਪਹੁੰਚ ਜਾਂਦੀਆਂ ਹਨ ਅਤੇ ਬਹੁਤ ਜ਼ਿਆਦਾ ਵਰਖਾ ਹੋ ਜਾਣ ਕਰਕੇ ਕਈ ਥਾਵਾਂ ਤੇ ਹੜ੍ਹ ਆ ਜਾਂਦੇ ਹਨ ਅਤੇ ਕਦੇ ਕਦੇ ਇਹ ਵਰਖਾ ਇੰਨੀ ਘੱਟ ਹੁੰਦੀ ਹੈ ਜਾਂ ਫਿਰ ਨਿਸਚਿਤ ਸਮੇਂ ਤੋਂ ਪਹਿਲਾਂ ਹੀ ਖ਼ਤਮ ਹੋ ਜਾਂਦੀ ਹੈ ਜਿਸ ਦੇ ਨਤੀਜੇ ਵਜੋਂ ਸੋਕਾ ਪੈ ਜਾਣ ਕਰਕੇ ਫ਼ਸਲਾਂ ਨਸ਼ਟ ਹੋ ਜਾਂਦੀਆਂ ਹਨ ਅਤੇ ਸਾਰੇ ਸਾਲ ਲਈ ਸਿੰਜਾਈ ਲਈ ਜਮ੍ਹਾਂ ਕੀਤੇ ਪਾਣੀ ਨੂੰ ਨਹਿਰਾਂ ਰਾਹੀਂ ਬਹੁਤ ਹੀ ਘੱਟ ਮਾਤਰਾ ਵਿੱਚ ਛੱਡਿਆ ਜਾਂਦਾ ਹੈ।

*(v)* **ਖੁਸ਼ਕ ਅੰਤਰਾਲ (Dry Spells) :** ਕਈ ਵਾਰ ਗਰਮੀਆਂ ਵਿੱਚ ਮੌਨਸੂਨੀ ਵਰਖਾ ਲਗਾਤਾਰ ਨਾ ਹੋ ਕੇ ਕੁਝ ਦਿਨ ਜਾਂ ਹਫ਼ਤਿਆਂ ਦੇ ਫ਼ਰਕ ਨਾਲ ਹੁੰਦੀ ਹੈ। ਇਸ ਨਾਲ ਵਰਖਾ ਚੱਕਰ ਟੁੱਟ ਜਾਂਦਾ ਹੈ ਅਤੇ ਵਰਖਾ ਰੁੱਤ ਵਿੱਚ ਇਕ ਲੰਬਾ ਅਤੇ ਖੁਸ਼ਕ ਸਮਾਂ (Long & Dry Spell) ਆ ਜਾਂਦਾ ਹੈ। ਇਸ ਖੁਸ਼ਕ ਸਮੇਂ ਨੂੰ ਮੌਨਸੂਨੀ

ਰੁਕਾਵਟ (Monsoonal Break) ਕਿਹਾ ਜਾਂਦਾ ਹੈ ਜੋ ਕਿ ਖਾੜੀ ਬੰਗਾਲ ਜਾਂ ਅਰਬ ਸਾਗਰ ਵਿੱਚ ਊਸ਼ਣ ਚੱਕਰਵਾਤਾਂ (Tropical Cyclones) ਦੇ ਪੈਦਾ ਹੋ ਜਾਣ ਦੇ ਕਾਰਣ ਹੁੰਦਾ ਹੈ।

***(vi)* ਪਰਬਤੀ ਵਰਖਾ (Orographic Rainfall) :** ਮੌਨਸੂਨੀ ਵਰਖਾ ਅਸਲ ਵਿੱਚ ਨਮੀ ਵਾਲੀ ਪੌਣ ਦੁਆਰਾ ਪਰਬਤਾਂ ਅਤੇ ਮੈਦਾਨੀ ਭਾਗਾਂ ਦੇ ਨਾਲ ਨਾਲ ਉੱਚਾਈ ਗ੍ਰਹਿਣ ਕਰ ਲੈਣ ਕਰਕੇ ਤੇ ਠੰਡੀ ਹੋ ਜਾਣ ਕਾਰਣ ਹੁੰਦੀ ਹੈ। ਇਸ ਕਰਕੇ ਪਰਬਤਾਂ ਦੀਆਂ ਦੱਖਣੀ ਅਤੇ ਪੌਣ ਮੁੱਖੀ ਢਲਾਨਾਂ (Windward Sides) ਤੇ ਜ਼ਿਆਦਾ ਵਰਖਾ ਹੁੰਦੀ ਹੈ ਅਤੇ ਪਰਬਤਾਂ ਦੀਆਂ ਉੱਤਰੀ ਅਤੇ ਪੌਣ ਵਿਮੁੱਖੀ ਢਲਾਨਾਂ (Leaward Sides) ਵਰਖਾ ਓਟ ਖਿੱਤੇ (Rain Shadow Zone) ਵਿੱਚ ਸਥਿਤ ਹੋਣ ਕਰਕੇ ਖੁਸ਼ਕ ਰਹਿ ਜਾਂਦੀਆਂ ਹਨ।

***(vii)* ਮੋਹਲੇਧਾਰ ਵਰਖਾ (Torrential Rain) :** ਮੌਨਸੂਨੀ ਰੁੱਤ ਵਿੱਚ ਵਰਖਾ ਅਕਸਰ ਬਹੁਤ ਜ਼ਿਆਦਾ ਮਾਤਰਾ ਵਿੱਚ ਅਤੇ ਕਈ ਕਈ ਦਿਨ ਹੁੰਦੀ ਰਹਿੰਦੀ ਹੈ। ਇਸੇ ਕਰਕੇ ਹੀ ਕਹਾਵਤ ਹੈ ਕਿ ਭਾਰਤ ਵਿੱਚ ਵਰਖਾ ਪੈਂਦੀ ਨਹੀਂ ਬਲਕਿ ਗਿਰਦੀ ਹੈ (It never rains in India but it pours.)।

**ਭਾਰਤ ਅੰਦਰ ਸਾਲਾਨਾ ਵਰਖਾ ਦੀ ਵੰਡ (Distribution of Annual Rainfall in India)**

ਦੇਸ਼ ਅੰਦਰ ਸਾਲਾਨਾ ਵਰਖਾ ਦੀ ਵੰਡ ਵਿੱਚ ਬਹੁਤ ਜ਼ਿਆਦਾ ਖੇਤਰੀ ਭਿੰਨਤਾਵਾਂ ਮਿਲਦੀਆਂ ਹਨ ਜਿਸ ਦਾ ਦੇਸ਼ ਦੇ ਜਲਵਾਯੂ ਅਤੇ ਖੇਤੀਬਾੜੀ ਤੇ ਬਹੁਤ ਅਸਰ ਪੈਂਦਾ ਹੈ। ਹਿਮਾਲਿਆ ਪਰਬਤਾਂ ਦੀਆਂ ਦੱਖਣੀ ਢਲਾਨਾਂ ਅਤੇ ਪੱਛਮੀ ਘਾਟ ਦੀਆਂ ਪੱਛਮੀ ਢਲਾਨਾਂ ਤੇ ਪਹਾੜੀ ਵਰਖਾ; ਦੱਖਣੀ ਭਾਗਾਂ ਵਿੱਚ ਸੰਵਿਹਣ ਵਰਖਾ ਅਤੇ ਦੇਸ਼ ਦੇ ਉੱਤਰ ਪੱਛਮੀ ਖੇਤਰਾਂ ਵਿੱਚ ਚੱਕਰਵਾਤੀ ਵਰਖਾ ਹੁੰਦੀ ਹੈ। ਸਮੁੱਚੇ ਦੇਸ਼ ਅੰਦਰ ਪਹਾੜੀ ਵਰਖਾ ਵਧੇਰੇ ਕਰਕੇ ਹੁੰਦੀ ਹੈ ਅਤੇ ਸਾਲ ਦੇ ਹਰ ਮਹੀਨੇ ਵਿੱਚ ਦੇਸ ਦੇ ਕਿਸੇ ਨਾ ਕਿਸੇ ਭਾਗ ਵਿੱਚ ਵਰਖਾ ਹੁੰਦੀ ਹੀ ਰਹਿੰਦੀ ਹੈ। ਦੇਸ਼ ਅੰਦਰ ਵਰਖਾ ਦੀ ਅਸਮਾਨ ਵੰਡ ਹੋਣ ਦਾ ਮੁੱਖ ਕਾਰਣ ਸਮੁੰਦਰ ਤੱਲ ਤੋਂ ਦੂਰ ਤੇ ਪਰਬਤਾਂ ਦੀ ਸਥਿਤੀ ਦਾ ਪਰਸਪਰ ਅਸਰ ਹੈ।

ਦੇਸ਼ ਦੀ ਔਸਤ ਸਾਲਾਨਾ ਵਰਖਾ 118 ਸੈਂਟੀਮੀਟਰ ਹੈ। ਦੇਸ਼ ਦੀ ਸਭ ਤੋਂ ਵੱਧ ਵਰਖਾ ਮੇਘਾਲਿਆ ਦੀਆਂ ਪਹਾੜੀਆਂ ਵਿੱਚ 1000 ਸੈਂਟੀਮੀਟਰ ਤੋਂ ਵੱਧ ਹੁੰਦੀ ਹੈ ਜਦੋਂ ਕਿ ਪੱਛਮੀ ਰਾਜਸਥਾਨ ਦੇ ਥਾਰ ਮਾਰੂਥਲ ਵਿੱਚ ਇਕ ਸਾਲ ਵਿੱਚ ਕੇਵਲ 20 ਸੈਂਟੀਮੀਟਰ ਤੋਂ ਵੀ ਘੱਟ ਵਰਖਾ ਹੁੰਦੀ ਹੈ। ਸਾਲ ਦੇ ਦੌਰਾਨ ਵਰਖਾ ਦੀ ਪੈਣ ਵਾਲੀ ਮਾਤਰਾ ਦੇ ਆਧਾਰ ਤੇ ਦੇਸ਼ ਨੂੰ ਪੰਜ ਵੱਡੇ ਖੇਤਰਾਂ ਵਿੱਚ ਵੰਡਿਆ ਜਾ ਸਕਦਾ ਹੈ (ਨਕਸ਼ਾ) :

(ੳ) ਬਹੁਤ ਜ਼ਿਆਦਾ ਵਰਖਾ ਵਾਲੇ ਖੇਤਰ (200 ਸੈਂਟੀਮੀਟਰ ਤੋਂ ਵੱਧ)

(ਅ) ਵੱਧ ਵਰਖਾ ਵਾਲੇ ਖੇਤਰ (150 ਤੋਂ ਲੈ ਕੇ 200 ਸੈਂਟੀਮੀਟਰ ਤੱਕ)

(ੲ) ਦਰਮਿਆਨੀ ਵਰਖਾ ਵਾਲੇ ਖੇਤਰ (100 ਤੋਂ ਲੈ ਕੇ 150 ਸੈਂਟੀਮੀਟਰ ਤੱਕ)

(ਸ) ਘੱਟ ਵਰਖਾ ਵਾਲੇ ਖੇਤਰ (50 ਤੋਂ 100 ਸੈਂਟੀਮੀਟਰ ਤੱਕ)

(ਹ) ਬਹੁਤ ਹੀ ਘੱਟ ਵਰਖਾ ਵਾਲੇ ਖੇਤਰ (50 ਸੈਂਟੀਮੀਟਰ ਤੋਂ ਵੀ ਘੱਟ)

**(ੳ) ਬਹੁਤ ਜ਼ਿਆਦਾ ਵਰਖਾ ਵਾਲੇ ਖੇਤਰ (Regions with Heavy Rainfall) :** ਸਾਡੇ ਦੇਸ਼ ਵਿੱਚ ਅਜਿਹੇ ਖੇਤਰ ਤੰਗ ਪੱਟੀਆਂ (Narrow Belts) ਵਾਲੇ ਹਨ ਜਿੱਥੇ ਸਾਲਾਨਾ ਵਰਖਾ 200 ਸੈਂਟੀਮੀਟਰ ਤੋਂ ਕਿਤੇ ਵੱਧ ਹੁੰਦੀ ਹੈ :

*(i)* ਦਾਦਰਾ ਨਗਰ ਤੇ ਹਵੇਲੀ ਤੋਂ ਲੈ ਕੇ ਦੱਖਣ ਵੱਲ ਤ੍ਰਿਵੇਂਦਰਮ (ਤਿਰੁਵੰਤਪੁਰਮ) ਤੱਕ ਫੈਲੀ ਹੋਈ ਲੰਬੀ ਅਤੇ ਤੰਗ ਪੱਟੀ ਵਿੱਚ ਪੱਛਮੀ ਘਾਟ ਦੀਆਂ ਪੱਛਮੀ ਢਲਾਨਾਂ ਤੇ ਅਰਬ ਸਾਗਰ ਤੋਂ ਆਉਣ ਵਾਲੀਆਂ ਦੱਖਣੀ-ਪੱਛਮੀ

ਮੌਨਸੂਨ ਪੌਣਾਂ ਦੁਆਰਾ ਤੱਟੀ ਖੇਤਰਾਂ ਤੇ ਚੜ੍ਹਨ ਸਾਰ ਬਹੁਤ ਜ਼ਿਆਦਾ ਵਰਖਾ ਕੀਤੀ ਜਾਂਦੀ ਹੈ। ਇਹਨਾਂ ਕੋਂਕਣ, ਕਨਾਰਾ ਅਤੇ ਮਾਲਾਬਾਰ ਦੇ ਤੱਟਾਂ ਤੇ ਪੰਜ ਮਹੀਨੇ (ਮਈ ਤੋਂ ਅਕਤੂਬਰ ਤੱਕ) ਵਰਖਾ ਹੁੰਦੀ ਹੀ ਰਹਿੰਦੀ ਹੈ।

(*ii*) ਬਹੁਤ ਜ਼ਿਆਦਾ ਵਰਖਾ ਦਾ ਦੂਸਰਾ ਵੱਡਾ ਖੇਤਰ ਦੇਸ਼ ਦੇ ਉੱਤਰ-ਪੂਰਬੀ ਭਾਗਾਂ ਵਿੱਚ ਜਿਸ ਵਿੱਚ ਦਾਰਜੀਲਿੰਗ ਜ਼ਿਲ੍ਹਾ; ਬੰਗਾਲ ਦੁਆਰ; ਆਸਾਮ ਦੀ ਨਾਲ ਲਗਦੀ ਹੇਠਲੀ ਤੇ ਮੱਧਵਰਤੀ ਘਾਟੀ; ਦੱਖਣੀ ਅਰੁਣਾਚਲ ਪ੍ਰਦੇਸ਼; ਅਤੇ ਮੇਘਾਲਿਆ ਦੀਆਂ ਪਹਾੜੀਆਂ ਆਉਂਦੀਆਂ ਹਨ। ਸ਼ਿਲਾਂਗ ਦੀ ਪਠਾਰ ਤੇ ਬੰਗਲਾ ਦੇਸ਼ ਵੱਲ ਦੀਆਂ ਢਲਾਨਾਂ ਤੇ ਬਹੁਤ ਜ਼ਿਆਦਾ ਵਰਖਾ ਹੁੰਦੀ ਹੈ। ਇਸ ਪਠਾਰ ਤੇ ਚਿਰਾਪੂੰਜੀ ਵਿਖੇ (1087 ਸੈਂਟੀਮੀਟਰ) ਜਾਂ ਇਸ ਦੇ ਨੇੜੇ ਹੀ ਸਥਿਤ ਮਸੀਨਰਮ (Mawsynrem) (1141 ਸੈਂਟੀਮੀਟਰ) ਪਿੰਡ ਜਿਹੇ ਸਥਾਨ ਸੰਸਾਰ ਭਰ ਵਿੱਚ ਸਭ ਤੋਂ ਵੱਧ ਵਰਖਾ ਵਾਲੇ ਸਥਾਨ ਹਨ। ਅਰੁਣਾਚਲ ਪ੍ਰਦੇਸ਼ ਵਿੱਚ ਅਪ੍ਰੈਲ ਤੋਂ ਲੈ ਕੇ ਸਤੰਬਰ ਤੱਕ ਛੇ ਮਹੀਨੇ ਵਰਖਾ ਹੁੰਦੀ ਰਹਿਣ ਕਰਕੇ ਸਲਾਨਾ ਵਰਖਾ ਦੀ ਮਾਤਰਾ 250 ਸੈਂਟੀਮੀਟਰ ਤੋਂ ਵੀ ਵੱਧ ਜਾਂਦੀ ਹੈ।

(*iii*) ਇਹਨਾਂ ਤੋਂ ਇਲਾਵਾ ਦੇਸ਼ ਦੇ ਸਮੁੰਦਰਾਂ ਵਿੱਚ ਸਥਿਤ ਅੰਡੇਮਾਨ ਤੇ ਨਿਕੋਬਾਰ ਅਤੇ ਲਕਸ਼ਦੀਪ ਜਿਹੇ ਦੀਪ ਵੀ ਬਹੁਤ ਜ਼ਿਆਦਾ ਵਰਖਾ ਵਾਲੇ ਖੇਤਰਾਂ ਵਿੱਚ ਗਿਣੇ ਜਾਂਦੇ ਹਨ।

**(ਅ) ਵੱਧ ਵਰਖਾ ਵਾਲੇ ਖੇਤਰ (Regions with High Rainfall) :** ਪੂਰੇ ਦੇਸ਼ ਅੰਦਰ ਅਲੱਗ-ਅਲੱਗ ਥਾਵਾਂ ਤੇ ਤਿੰਨ ਅਜਿਹੇ ਖੇਤਰ ਹਨ ਜਿੱਥੇ 150 ਤੋਂ 200 ਸੈਂਟੀਮੀਟਰ ਤੱਕ ਵਰਖਾ ਹੁੰਦੀ ਹੈ।

(*i*) ਇਕ ਬਹੁਤ ਹੀ ਤੰਗ ਪੱਟੀ 20 ਕਿਲੋਮੀਟਰ ਦੀ ਚੌੜਾਈ ਵਿੱਚ ਪੱਛਮੀ ਘਾਟ ਦੇ ਨਾਲ ਨਾਲ ਉੱਤਰ-ਦੱਖਣ ਦਿਸ਼ਾ ਵਿੱਚ ਤਾਪਤੀ ਨਦੀ ਦੇ ਮੁਹਾਣੇ ਤੋਂ ਲੈ ਕੇ ਕੇਰਲਾ ਦੇ ਮੈਦਾਨ ਤੱਕ ਫੈਲੀ ਹੋਈ ਹੈ।

(*ii*) ਜ਼ਿਆਦਾ ਵਰਖਾ ਵਾਲੀ ਦੂਸਰੀ ਪੱਟੀ ਹਿਮਾਲਿਆ ਦੀਆਂ ਦੱਖਣੀ ਢਲਾਨਾਂ ਦੇ ਨਾਲ ਨਾਲ ਹਿਮਾਚਲ ਪ੍ਰਦੇਸ਼ ਤੋਂ ਲੈ ਕੇ ਕੁਮਾਉਂ ਹਿਮਾਲਿਆ ਰਾਹੀਂ ਹੁੰਦੀ ਹੋਈ ਆਸਾਮ ਦੀ ਹੇਠਲੀ ਘਾਟੀ ਤੱਕ ਜਾ ਪਹੁੰਚਦੀ ਹੈ।

(*iii*) ਤੀਸਰੀ ਉੱਤਰ-ਦੱਖਣ ਦਿਸ਼ਾ ਵਿੱਚ ਫੈਲੀ ਹੋਈ ਪੱਟੀ ਵਿੱਚ ਤ੍ਰਿਪੁਰਾ, ਮਨੀਪੁਰ ਅਤੇ ਮਿਕਿਰ ਦੀਆਂ ਪਹਾੜੀਆਂ ਆਉਂਦੀਆਂ ਹਨ ਜਿੱਥੇ ਸਾਲ ਵਿੱਚ 200 ਸੈਂਟੀਮੀਟਰ ਦੇ ਕਰੀਬ ਵਰਖਾ ਹੁੰਦੀ ਹੈ।

**(ੲ) ਦਰਮਿਆਨੀ ਵਰਖਾ ਵਾਲੇ ਖੇਤਰ (Regions with Moderate Rainfall) :** ਇਹਨਾਂ ਖੇਤਰਾਂ ਵਿੱਚ 100 ਤੋਂ 150 ਸੈਂਟੀਮੀਟਰ ਤੱਕ ਘੱਟ ਭਰੋਸੇ ਵਾਲੀ ਸਾਲਾਨਾ ਵਰਖਾ ਹੁੰਦੀ ਹੈ। ਦੇਸ਼ ਅੰਦਰ ਦਰਮਿਆਨੇ ਦਰਜੇ ਵਾਲੀ ਵਰਖਾ ਵਾਲੇ ਤਿੰਨ ਵੱਡੇ ਖੇਤਰ ਮਿਲਦੇ ਹਨ।

(*i*) ਸਭ ਤੋਂ ਵੱਡਾ ਖੇਤਰ ਓਡੀਸ਼ਾ, ਉੱਤਰੀ ਆਂਧਰਾ ਪ੍ਰਦੇਸ਼, ਮੱਧ ਪ੍ਰਦੇਸ਼, ਬਿਹਾਰ, ਪੂਰਬੀ ਉੱਤਰ ਪ੍ਰਦੇਸ਼ ਅਤੇ ਸ਼ਿਵਾਲਿਕ ਪਹਾੜੀਆਂ ਦੇ ਨਾਲ ਨਾਲ ਤੰਗ ਪੱਟੀ ਰਾਹੀਂ ਜੰਮੂ ਦੀਆਂ ਪਹਾੜੀਆਂ ਤੱਕ ਪਹੁੰਚ ਜਾਂਦਾ ਹੈ ਜਿਸ ਨੂੰ 100 ਸੈਂਟੀਮੀਟਰ ਦੀ ਸਮਵਰਖਾ ਰੇਖਾ (Isohyte) ਦੁਆਰਾ ਸੀਮਾਬੱਧ ਕੀਤਾ ਜਾਂਦਾ ਹੈ। ਛੋਟੇ ਨਾਗਪੁਰ ਦੀ ਪਠਾਰ ਦੇ ਪਹਾੜੀ ਧਰਾਤਲ ਤੇ ਮੌਨਸੂਨ ਪੌਣਾਂ ਦੀਆਂ ਦੋਵੇਂ ਸ਼ਾਖਾਵਾਂ ਅਤੇ ਖਾੜੀ ਬੰਗਾਲ ਦੇ ਚੱਕਰਵਾਤ ਮਿਲਕੇ ਵਰਖਾ ਕਰਦੇ ਹਨ।

(*ii*) ਦਰਮਿਆਨੀ ਵਰਖਾ ਵਾਲੀ ਦੂਸਰੀ ਪੱਟੀ ਤੇ 80 ਕਿਲੋਮੀਟਰ ਦੀ ਚੌੜਾਈ ਵਿੱਚ ਨੈਲੋਰ ਤੋਂ ਲੈ ਕੇ ਦੱਖਣ ਵਿੱਚ ਪੁਆਇੰਟ ਕੈਲੀਮੇਰੇ ਤੱਕ ਜਾਂਦੀ ਹੈ ਜਿਸ ਨੂੰ ਕੋਰੋਮੰਡਲ ਤੱਟ ਵੀ ਕਹਿੰਦੇ ਹਨ। ਇਸ ਤੱਟੀ ਭਾਗ ਵਿੱਚ ਭਾਵੇਂ ਸਰਦੀਆਂ ਅਤੇ ਗਰਮੀਆਂ ਦੋਵੇਂ ਰੁੱਤਾਂ ਵਿੱਚ ਬਾਰਿਸ਼ ਹੁੰਦੀ ਹੈ ਪਰ ਇਥੇ ਸਰਦੀਆਂ ਦੀਆਂ ਵਾਪਸ ਮੁੜਦੀਆਂ ਮੌਨਸੂਨ ਪੌਣਾਂ ਅਧਿਕ ਵਰਖਾ ਕਰਦੀਆਂ ਹਨ।

(*iii*) ਤੀਸਰੀ ਲੰਬੀ ਪੱਟੀ ਦਾ ਪੱਛਮੀ ਘਾਟ ਦੀਆਂ ਪੂਰਬੀ ਢਲਾਨਾਂ ਤੇ ਨਰਮਦਾ ਨਦੀ ਦੇ ਮੁਹਾਨੇ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਵਿਸਥਾਰ ਹੈ ਜਿਸ ਉੱਤੇ ਦੱਖਣ-ਪੱਛਮੀ ਮੌਨਸੂਨ ਪੌਣਾਂ ਉਤਰਦੇ ਹੋਏ ਕਾਫੀ ਵਰਖਾ ਕਰ ਜਾਂਦੀਆਂ ਹਨ।

**(ਸ) ਘੱਟ ਵਰਖਾ ਵਾਲੇ ਖੇਤਰ (Regions with Low Rainfall) :** ਇਸ ਵਿੱਚ ਦੇਸ਼ਦੇ ਉਹ ਅਰਧ ਖੁਸ਼ਕ ਖੇਤਰ ਸ਼ਾਮਲ ਹਨ ਜਿਹਨਾਂ ਵਿੱਚ ਸਾਰੇ ਸਾਲ ਦੇ ਦੌਰਾਨ ਔਸਤਨ 50 ਤੋਂ ਲੈ ਕੇ 100 ਸੈਂਟੀਮੀਟਰ ਤੱਕ ਵਰਖਾ ਹੁੰਦੀ ਹੈ। ਇਸ ਖੇਤਰ ਦਾ ਵਿਸਥਾਰ ਉੱਤਰ ਵਿੱਚ ਜੰਮੂ ਦੇ ਨਾਲ ਲਗਦੀ ਦੇਸ਼ ਦੀ ਸੀਮਾ ਤੋਂ ਲੈ ਕੇ ਧੁਰ ਦੱਖਣ ਵਿੱਚ ਕੰਨਿਆ ਕੁਮਾਰੀ ਤੱਕ ਹੈ। ਇਸ ਵਿੱਚ ਪੱਛਮੀ ਮੱਧ ਪ੍ਰਦੇਸ਼, ਪੱਛਮੀ ਉੱਤਰ ਪ੍ਰਦੇਸ਼, ਪੰਜਾਬ, ਹਰਿਆਣਾ, ਪੂਰਬੀ ਰਾਜਸਥਾਨ, ਪੂਰਬੀ ਗੁਜਰਾਤ, ਅੰਦਰੂਨੀ ਮਹਾਂਰਾਸ਼ਟਰ, ਕਰਨਾਟਕ, ਤਾਮਿਲਨਾਡੂ ਅਤੇ ਦੱਖਣੀ ਆਂਧਰਾ ਪ੍ਰਦੇਸ਼ ਦੇ ਖੇਤਰ ਆਉਂਦੇ ਹਨ। ਆਮ ਤੌਰ ਤੇ ਇਹ ਸਾਰੇ ਖੇਤਰ ਰਾਜਾਂ ਦੇ ਪੱਛਮੀ ਭਾਗਾਂ ਵਿੱਚ ਸਥਿਤ ਵਰਖਾ ਓਟ ਖਿੱਤੇ ਹਨ ਜਿੱਥੇ ਤੱਕ ਪਹੁੰਚਦੇ ਪਹੁੰਚਦੇ ਜਾਂ ਤਾਂ ਮੌਨਸੂਨ ਪੌਣਾਂ ਖੁਸ਼ਕ ਹੋ ਜਾਂਦੀਆਂ ਹਨ ਜਾਂ ਫਿਰ ਧਰਾਤਲੀ ਬਣਤਰ ਦੇ ਕਾਰਣ ਸਹੀ ਉੱਚਾਈ ਗ੍ਰਹਿਣ ਨਾ ਕਰ ਸਕਣ ਕਰਕੇ ਸਿੱਧੀਆਂ ਹੀ ਲੰਘ ਜਾਂਦੀਆਂ ਹਨ।

**(ਹ) ਸਭ ਤੋਂ ਘੱਟ ਵਰਖਾ ਵਾਲੇ ਖੇਤਰ (Regions with Scanty Rainfall) :** ਇਹਨਾਂ ਖੁਸ਼ਕ ਖੇਤਰਾਂ ਵਿੱਚ ਸਾਰੇ ਸਾਲ ਵਿੱਚ 50 ਸੈਂਟੀਮੀਟਰ ਤੋਂ ਵੀ ਘੱਟ ਵਰਖਾ ਹੁੰਦੀ ਹੈ। ਅਜਿਹੇ ਖੇਤਰਾਂ ਵਿੱਚ ਜਾਸਕਰ ਪਰਬਤ ਸ਼੍ਰੇਣੀ ਦੇ ਪਿਛੇ ਸਥਿਤ ਲੱਦਾਖ ਤੋਂ ਕਰਾਕੋਰਮ ਤੱਕ ਦਾ ਖੇਤਰ; ਕੱਛ ਅਤੇ ਪੱਛਮੀ ਰਾਜਸਥਾਨ ਦਾ ਖੇਤਰ ਅਤੇ ਪੰਜਾਬ ਅਤੇ ਹਰਿਆਣੇ ਦੇ ਦੱਖਣ-ਪੱਛਮੀ ਖੇਤਰ ਸ਼ਾਮਲ ਹਨ। ਇਹਨਾਂ ਖੇਤਰਾਂ ਤੋਂ ਇਲਾਵਾ ਦੱਖਣ ਦੀ ਪਠਾਰ ਵਿੱਚ ਲਗਪਗ 100 ਕਿਲੋਮੀਟਰ ਦੀ ਚੌੜਾਈ ਵਿੱਚ ਉੱਤਰ-ਦੱਖਣ ਦਿਸ਼ਾ ਵਿੱਚ ਫੈਲੀ ਹੋਈ ਪੱਟੀ ਹੈ ਜੋ ਕਿ ਪੱਛਮੀ ਘਾਟ ਦੀਆਂ ਪੂਰਬੀ ਢਲਾਨਾਂ ਦੇ ਨਾਲ ਨਾਲ ਸਤਪੁੜਾ ਦੀਆਂ ਪਹਾੜੀਆਂ ਤੋਂ ਸ਼ੁਰੂ ਹੋ ਕੇ ਕਰਨਾਟਕ ਤੇ ਮੱਧਵਰਤੀ ਜ਼ਿਲ੍ਹਿਆਂ ਰਾਹੀਂ ਹੁੰਦੀ ਹੋਈ ਆਂਧਰਾ ਪ੍ਰਦੇਸ਼ ਦੇ ਕਰਨੂਲ ਜ਼ਿਲ੍ਹੇ ਤੱਕ ਆ ਪਹੁੰਚਦੀ ਹੈ। ਰਾਜਸਥਾਨ ਨੂੰ ਛੱਡ ਕੇ ਇਹ ਸਾਰੇ ਖੇਤਰ ਪੂਰਨ ਤੌਰ ਤੇ ਵਰਖਾ ਓਟ ਖਿੱਤੇ ਹਨ। ਰਾਜਸਥਾਨੀ ਖੇਤਰ ਵਿੱਚ ਬਲੋਚਿਸਤਾਨ ਤੋਂ ਚਲੀ ਹੋਈ ਗਰਮ ਅਤੇ ਖੁਸ਼ਕ ਹਵਾ ਪਹੁੰਚ ਜਾਣ ਦੇ ਨਾਲ ਅਰਬ ਸਾਗਰ ਦੀਆਂ ਮੌਨਸੂਨ ਪੌਣਾਂ ਦੇ ਰਸਤੇ ਵਿੱਚ ਰੁਕਾਵਟ ਬਣ ਜਾਣ ਕਰਕੇ ਵੀ ਵਰਖਾ ਰਹਿਤ ਰਹਿ ਜਾਂਦੇ ਹਨ। ਖਾੜੀ ਬੰਗਾਲ ਦੀਆਂ ਮੌਨਸੂਨ ਪੌਣਾਂ ਦੇ ਪੂਰਬੀ ਭਾਗਾਂ ਵਿੱਚ ਨਮੀ ਛੱਡ ਦੇਣ ਕਰਕੇ ਖੁਸ਼ਕ ਹਾਲਤ ਵਿੱਚ ਹੀ ਇਥੇ ਪਹੁੰਚਦੀਆਂ ਹਨ।

ਇਸ ਪ੍ਰਕਾਰ ਦੇਸ਼ ਅੰਦਰ ਸਾਲਾਨਾ ਵਰਖਾ ਦੀ ਵੰਡ ਦੇ ਤਿੰਨ ਮੁੱਖ ਝੁਕਾਅ ਮਿਲਦੇ ਹਨ—

(1) ਬੰਗਾਲ ਤੋਂ ਲੈ ਕੇ ਪੱਛਮ ਜਾਂ ਉੱਤਰ-ਪੱਛਮ ਵੱਲ ਵਰਖਾ ਦੀ ਮਾਤਰਾ ਹੌਲੀ ਹੌਲੀ ਘੱਟਦੀ ਜਾਂਦੀ ਹੈ।

(2) ਪ੍ਰਾਇਦੀਪੀ ਪਠਾਰ ਵਿੱਚ ਵੀ ਪੱਛਮੀ ਅਤੇ ਪੂਰਬੀ ਘਾਟਾਂ ਤੋਂ ਅੰਦਰੂਨੀ ਭਾਗਾਂ ਵੱਲ ਜਾਂਦਿਆਂ ਵੀ ਵਰਖਾ ਦੀ ਮਾਤਰਾ ਵਿੱਚ ਗਿਰਾਵਟ ਆ ਜਾਂਦੀ ਹੈ।

(3) ਪੌਣ ਮੁੱਖੀ ਢਲਾਨਾਂ ਤੇ ਵੱਧ ਵਰਖਾ ਹੁੰਦੀ ਹੈ।

## ਰੁੱਤ ਚੱਕਰ

### (Rhythm of Seasons)

ਮੌਨਸੂਨ ਪੌਣਾਂ ਦੇਸ਼ ਵਿੱਚ ਸਮੇਂ ਸਮੇਂ ਤੇ ਆਪਣੀ ਦਿਸ਼ਾ ਬਦਲਣ ਕਰਕੇ ਇਕ ਰੁੱਤ ਚੱਕਰ ਨੂੰ ਜਨਮ ਦਿੰਦੀਆਂ ਹਨ। ਇਸ ਕਰਕੇ ਭਾਰਤੀ ਮੌਸਮ ਵਿਭਾਗ ਨੇ ਦੇਸ਼ ਅੰਦਰ ਮਿਲਣ ਵਾਲੇ ਸਾਰੇ ਸਾਲ ਦੇ ਜਲਵਾਯੂ ਨੂੰ ਇਹਨਾਂ ਪੌਣਾਂ ਦੇ ਬਦਲਣ ਦੇ ਆਧਾਰ ਤੇ ਚਾਰ ਕਿਸਮ ਦੇ ਮੌਸਮਾਂ ਵਿੱਚ ਵੰਡ ਕੀਤੀ ਜਾਂਦੀ ਹੈ :

(1) ਸਰਦ ਮੌਸਮ ਦੀ ਰੁੱਤ (ਮੱਧ ਦਸੰਬਰ ਤੋਂ ਫਰਵਰੀ ਤੱਕ)

# ਸਾਰਣੀ 3.1 ਭਾਰਤ ਦੇ ਕੁਝ ਸਥਾਨਾਂ ਦੇ ਤਾਪਮਾਨ ਅਤੇ ਵਰਖਾ ਸੰਬੰਧੀ ਅੰਕੜੇ

ਸਾਰਣੀ 3.1 ਭਾਰਤ ਦੇ ਕੁਝ ਸਥਾਨਾਂ ਦੇ ਤਾਪਮਾਨ ਅਤੇ ਵਰਖਾਂ ਸੰਬੰਧੀ ਅੰਕੜੇ

(ਔਸਤ – ਮਾਸਿਕ ਤਾਪਮਾਨ ਸੈਲਸੀਅਸ ਅੰਸ਼ਾਂ ਵਿੱਚ, ਔਸਤ ਵਰਖਾ ਸੈਂਟੀਮੀਟਰਾਂ ਵਿੱਚ)

| ਸਥਾਨ | ਅਕਸ਼ਾਂਸ਼ | | ਉੱਚਾਈ (ਮੀਟਰਾਂ ਵਿੱਚ) | ਜਨਵਰੀ | ਫਰਵਰੀ | ਮਾਰਚ | ਅਪ੍ਰੈਲ | ਮਈ | ਜੂਨ | ਜੁਲਾਈ | ਅਗਸਤ | ਸਤੰਬਰ | | ਨਵੰਬਰ | ਦਸੰਬਰ | ਵਾਰਸ਼ਿਕ (ਔਸਤ ਵਰਖਾ) |
|---|---|---|---|---|---|---|---|---|---|---|---|---|---|---|---|---|
| ਬੰਗਲੂਰੂ | 12°58'ਉ. | °ਸੈ. | 909 | 20.5 | 22.7 | 25.2 | 27.1 | 26.7 | 24.2 | 23.0 | 23.0 | 23.1 | 22.9 | 18.9 | 20.2 | |
| | | ਸੈਂ.ਮੀ. | | 0.7 | 0.9 | 1.1 | 4.5 | 10.7 | 7.1 | 11.1 | 13.7 | 16.4 | 15.3 | 6.1 | 1.3 | 88.9 |
| ਬੰਬਈ (ਮੁੰਬਈ) | 19°ਉ. | °ਸੈ. | 11 | 24.4 | 24.4 | 26.7 | 28.3 | 30.0 | 28.9 | 27.2 | 27.2 | 27.2 | 27.8 | 27.2 | 15.0 | |
| | | ਸੈਂ.ਮੀ. | | 0.2 | 0.2 | — | — | 1.8 | 50.6 | 61.0 | 36.9 | 26.9 | 4.8 | 1.0 | — | 183.4 |
| ਕੋਲਕਾਤਾ | 22°34'ਉ. | °ਸੈ. | 6 | 19.6 | 22.0 | 27.1 | 30.1 | 30.4 | 29.9 | 28.9 | 28.8 | 28.9 | 27.6 | 23.4 | 19.7 | |
| | | ਸੈਂ.ਮੀ. | | 1.2 | 2.8 | 3.4 | 5.1 | 13.4 | 29.0 | 31.1 | 33.4 | 25.3 | 12.7 | 2.7 | 0.4 | 162.5 |
| ਦਿੱਲੀ | 29°ਉ. | °ਸੈ. | 219 | 14.4 | 16.7 | 23.3 | 30.0 | 33.3 | 33.3 | 30.0 | 29.4 | 28.9 | 25.6 | 19.4 | 15.6 | |
| | | ਸੈਂ.ਮੀ. | | 2.5 | 1.5 | 1.3 | 1.0 | 1.8 | 7.4 | 19.3 | 17.8 | 11.9 | 1.3 | 0.2 | 1.0 | 67.0 |
| ਜੋਧਪੁਰ | 26°18'ਉ. | °ਸੈ. | 244 | 16.8 | 19.2 | 26.6 | 29.8 | 33.3 | 33.9 | 31.3 | 29.0 | 29.1 | 27.0 | 20.1 | 14.9 | |
| | | ਸੈਂ.ਮੀ. | | 0.5 | 0.6 | 0.3 | 0.3 | 1.0 | 3.1 | 10.8 | 13.1 | 5.7 | 0.8 | 0.2 | 0.2 | 36.6 |
| ਮਦਰਾਸ (ਚੇਨੱਈ) | 13°9'ਉ. | °ਸੈ. | 7 | 24.5 | 25.7 | 27.7 | 30.4 | 33.0 | 32.5 | 31.0 | 30.2 | 29.8 | 28.0 | 25.9 | 24.7 | |
| | | ਸੈਂ.ਮੀ. | | 4.6 | 1.3 | 1.3 | 1.8 | 3.8 | 4.5 | 8.7 | 11.3 | 11.9 | 30.6 | 35.0 | 13.9 | 128.6 |
| ਨਾਗਪੁਰ | 21°9'ਉ. | °ਸੈ. | 312 | 21.5 | 23.9 | 28.3 | 32.7 | 35.5 | 32.0 | 27.7 | 27.3 | 27.9 | 26.7 | 23.1 | 20.7 | |
| | | ਸੈਂ.ਮੀ. | | 1.1 | 2.3 | 1.7 | 1.6 | 2.1 | 22.2 | 37.6 | 28.6 | 18.5 | 5.5 | 2.0 | 1.0 | 124.2 |
| ਸ਼ਿਲਾਂਗ | 24°34'ਉ. | °ਸੈ. | 1461 | 9.8 | 11.3 | 15.9 | 18.5 | 19.2 | 20.5 | 21.1 | 20.9 | 20.0 | 17.2 | 13.3 | 10.4 | |
| | | ਸੈਂ.ਮੀ. | | 1.4 | 2.9 | 5.6 | 14.6 | 29.5 | 47.6 | 35.9 | 34.2 | 30.2 | 18.8 | 3.8 | 0.6 | 225.3 |
| ਤ੍ਰਿਵੇਂਦਰਮ (ਤਿਰੂਵੰਨਤਪੁਰਮ) | 8°29'ਉ. | °ਸੈ. | 6 | 26.7 | 27.3 | 28.3 | 28.7 | 28.6 | 26.6 | 26.2 | 26.2 | 26.5 | 26.7 | 26.6 | 26.5 | |
| | | ਸੈਂ.ਮੀ. | | 2.3 | 2.1 | 3.7 | 10.6 | 20.8 | 35.6 | 22.3 | 14.6 | 13.8 | 27.3 | 20.6 | 7.5 | 181.2 |
| ਲੇਹ | 34°ਉ. | °ਸੈ. | 3506 | –8.5 | –7.2 | –0.6 | 6.1 | 10.0 | 14.4 | 17.2 | 16.1 | 12.2 | 6.1 | 0.0 | –5.6 | |
| | | ਸੈਂ.ਮੀ. | | 1.0 | 0.8 | 0.8 | 0.5 | 0.5 | 0.5 | 1.3 | 1.3 | 0.8 | 0.5 | – | 0.5 | 8.5 |

(2) ਗਰਮ ਮੌਸਮ ਦੀ ਰੁੱਤ (ਮਾਰਚ ਤੋਂ ਮੱਧ ਜੂਨ ਤੱਕ)

(3) ਬਰਸਾਤ ਦੇ ਮੌਸਮ ਦੀ ਰੁੱਤ (ਮੱਧ ਜੂਨ ਤੋਂ ਮੱਧ ਸਤੰਬਰ ਤੱਕ)

(4) ਵਾਪਸ ਮੁੜਦੀਆਂ ਮੌਨਸੂਨ ਪੌਣਾਂ ਦੇ ਮੌਸਮ ਦੀ ਰੁੱਤ (ਮੱਧ ਸਤੰਬਰ ਤੋਂ ਮੱਧ ਦਸੰਬਰ ਤੱਕ)

**1. ਸਰਦ ਮੌਸਮ ਰੁੱਤ (The Cold Weather Season) :**

ਭਾਰਤੀ ਪਰੰਪਰਾ ਦੀ ਰੁੱਤ ਪ੍ਰਣਾਲੀ ਅਨੁਸਾਰ ਇਹ ਰੁੱਤ ਹੇਮੰਤ ਅਤੇ ਸ਼ਿਸ਼ਿਰ ਦੇ ਸੁਮੇਲ ਨਾਲ ਸ਼ੀਤ ਰੁੱਤ ਬਣ ਗਈ ਹੈ।

**(ੳ) ਤਾਪਮਾਨ :** ਇਸ ਰੁੱਤ ਵਿੱਚ ਸੂਰਜ ਦੱਖਣੀ ਗੋਲਾਅਰਧ ਵਿੱਚ ਮਕਰ ਰੇਖਾ (Tropic of Capricorn) ਤੇ ਸਿੱਧਾ ਚਮਕ ਰਿਹਾ ਹੁੰਦਾ ਹੈ। ਇਸ ਕਰਕੇ ਭਾਰਤ ਦੇ ਦੱਖਣੀ ਭਾਗਾਂ ਤੋਂ ਉੱਤਰ ਵੱਲ ਜਾਂਦਿਆਂ ਤਾਪਮਾਨ ਲਗਾਤਾਰ ਘੱਟਦਾ ਜਾਂਦਾ ਹੈ। 20º ਸੈਲਸੀਅਸ ਦੀ ਸਮਤਾਪ ਰੇਖਾ ਦੇਸ਼ ਦੇ ਮੱਧ ਵਿੱਚੋਂ ਦੀ 20º ਸੈਲਸੀਅਸ ਦੇ ਹੀ ਉੱਤਰੀ ਅਕਸ਼ਾਂਸ਼ ਤੇ ਸਮਾਨਅੰਤਰ ਪੂਰਬ-ਪੱਛਮ ਦਿਸ਼ਾ ਵਿੱਚ ਲੰਘਦੀ ਹੈ। ਮੁੰਬਈ ਅਤੇ ਚੇਨੱਈ ਵਰਗੇ ਸਥਾਨਾਂ ਦਾ ਔਸਤ ਤਾਪਮਾਨ 25º ਸੈਲਸੀਅਸ ਤੱਕ ਹੁੰਦਾ ਹੈ ਪਰ ਉੱਤਰੀ ਵਿਸ਼ਾਲ ਮੈਦਾਨਾਂ ਵਿੱਚ ਇਹ ਘੱਟ ਕੇ ਕੇਵਲ 10º ਸੈਲਸੀਅਸ ਤੱਕ ਰਹਿ ਜਾਂਦਾ ਹੈ। ਪੂਰੀ ਸਤਲੁਜ-ਗੰਗਾ ਘਾਟੀ ਵਿੱਚ ਕੜਾਕੇ ਦੀ ਸਰਦੀ ਪੈਂਦੀ ਹੈ। ਅੰਮ੍ਰਿਤਸਰ ਅਤੇ ਦਿੱਲੀ ਜਿਹੇ ਸਥਾਨਾਂ ਤੇ ਸ਼ੀਤ ਲਹਿਰ ਦੇ ਆ ਜਾਣ ਕਰਕੇ ਤਾਪਮਾਨ ਕਦੇ ਕਦੇ ਹਿੰਮ ਅੰਕ (0º ਸੈਂਟੀਗਰੇਡ) ਤੋਂ ਵੀ ਹੇਠਾਂ ਗਿਰ ਜਾਂਦਾ ਹੈ। ਦੇਸ਼ ਦੇ ਦੱਖਣੀ ਭਾਗਾਂ ਵਿੱਚ ਊਸ਼ਣ ਖੰਡ ਵਾਲੀ ਸਥਿਤੀ ਹੋਣ ਕਰਕੇ ਸਰਦੀ ਦੀ ਰੁੱਤ ਨਹੀਂ ਹੁੰਦੀ।

**(ਅ) ਦਬਾਅ :** ਉੱਤਰੀ ਭਾਰਤ ਵਿੱਚ ਤਾਪਮਾਨ ਦੇ ਘੱਟਣ ਦੇ ਨਾਲ ਹੀ ਵੱਧ ਦਬਾਅ (High Pressure) ਦੇ ਖੇਤਰ ਹੋਂਦ ਵਿੱਚ ਆ ਜਾਂਦੇ ਹਨ। ਸੂਰਜ ਦੇ ਦੱਖਣ ਵੱਲ ਸਰਕਦੇ ਸਾਰ ਹੀ ਇਹ ਖੇਤਰ ਉਪ-ਊਸ਼ਣ ਵੱਧ ਦਬਾਅ ਦੀ ਪੱਟੀ ਦੇ ਖੇਤਰ ਵਿੱਚ ਆ ਜਾਂਦਾ ਹੈ ਜੋ ਕਿ ਰੂਮ ਸਾਗਰ ਤੋਂ ਲੈ ਕੇ ਪੱਛਮੀ ਏਸ਼ੀਆ, ਫਾਰਸ ਦੀ ਖਾੜੀ, ਈਰਾਨ ਤੇ ਪਾਕਿਸਤਾਨ ਹੁੰਦੀ ਹੋਈ ਭਾਰਤ ਦੇ ਵਿਸ਼ਾਲ ਮੈਦਾਨਾਂ ਰਾਹੀਂ ਚੀਨ ਦੇ ਸਮੁੰਦਰ ਤੱਕ ਜਾ ਪਹੁੰਚਦੀ ਹੈ। ਪਾਕਿਸਤਾਨ ਦੇ ਵਿੱਚ ਪੇਸ਼ਾਵਰ ਦੇ ਨਜ਼ਦੀਕ ਅਤੇ ਦੇਸ਼ ਦੇ ਉੱਤਰ-ਪੱਛਮੀ ਭਾਗਾਂ ਦੇ ਪਾਸ 1020 ਮਿਲੀਬਾਰ ਦੀ ਸਮਦਾਬ ਰੇਖਾ ਦੁਆਰਾ ਵਿਰੁੱਧ ਚੱਕਰਵਾਤ (Anti cyclone) ਦੀ ਸਥਿਤੀ ਬਣਦੀ ਹੈ ਜਿਸ ਦਾ ਵਿਸਥਾਰ ਮੱਧ ਪ੍ਰਦੇਸ਼, ਝਾਰਖੰਡ ਅਤੇ ਬਿਹਾਰ ਰਾਜਾਂ ਤੱਕ ਆ ਜਾਂਦਾ ਹੈ। ਦੇਸ਼ ਦੇ ਦੱਖਣੀ ਭਾਗਾਂ ਵਿੱਚ ਅਤੇ ਨਾਲ ਲਗਦੇ ਸਮੁੰਦਰੀ ਖੇਤਰਾਂ ਵੱਲ ਘੱਟ ਦਬਾਅ ਵਾਲੀਆਂ 1013 ਮਿਲੀਬਾਰ ਦੀਆਂ ਸਮਦਾਬ ਰੇਖਾਵਾਂ ਮਿਲਦੀਆਂ ਹਨ।

ਕਈ ਵਾਰ ਦੇਸ਼ ਦੇ ਉੱਤਰੀ ਭਾਗਾਂ ਵਿੱਚ ਵੱਧ ਦਬਾਅ ਦੀਆਂ ਸਥਿਤੀਆਂ ਵਿੱਚ ਤਬਦੀਲੀਆਂ ਆ ਜਾਂਦੀਆਂ ਹਨ ਜਦੋਂ ਪੱਛਮੀ ਅਤੇ ਉੱਤਰ-ਪੱਛਮੀ ਭਾਗਾਂ ਤੋਂ ਬਹੁਤ ਸਾਰੇ ਘੱਟ ਦਬਾਅ ਦੇ ਕੇਂਦਰਾਂ (Depressions) ਦਾ ਦਾਖਲਾ ਦੇਸ਼ ਦੇ ਅੰਦਰੂਨੀ ਭਾਗਾਂ ਵਿੱਚ ਹੋ ਜਾਂਦਾ ਹੈ। ਇਹਨਾਂ ਨੂੰ ਪੱਛਮੀ ਗੜਬੜੀਆਂ ਜਾਂ ਤਬਦੀਲੀਆਂ (Western Disturbances) ਜਾਂ ਚੱਕਰਵਾਤ (Cyclones) ਵੀ ਕਿਹਾ ਜਾਂਦਾ ਹੈ।

**(ੲ) ਪੌਣਾਂ :** ਇਸੀ ਸਮੇਂ ਮੱਧ ਅਤੇ ਪੱਛਮੀ ਏਸ਼ੀਆ ਦੇ ਖੇਤਰ ਵੱਧ ਦਬਾਅ ਦੇ ਕੇਂਦਰਾਂ ਵਿਚ ਤਬਦੀਲ ਹੋ ਜਾਂਦੇ ਹਨ ਜਿਥੋਂ ਦੀਆਂ ਖੁਸ਼ਕ ਅਤੇ ਠੰਢੀਆਂ ਮਹਾਂਦੀਪੀ ਪੌਣਾਂ ਉੱਤਰ-ਪੱਛਮੀ ਭਾਗਾਂ ਰਾਹੀਂ ਦੇਸ਼ ਦੇ ਅੰਦਰ ਦਾਖਲ ਹੋ ਕੇ ਪੂਰੇ ਵਿਸ਼ਾਲ ਮੈਦਾਨ ਦਾ ਤਾਪਮਾਨ ਕਈ ਦਰਜੇ ਹੇਠਾਂ ਸਿੱਟ ਦਿੰਦੀਆਂ ਹਨ। 3 ਤੋਂ 5 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਵਗਣ ਵਾਲੀਆਂ ਇਹਨਾਂ ਉੱਤਰ-ਪੱਛਮੀ ਠੰਢੀਆਂ ਪੌਣਾਂ ਨੂੰ ਸ਼ੀਤ ਲਹਿਰ (Cold Wave) ਵੀ ਕਿਹਾ ਜਾਂਦਾ ਹੈ। ਗੰਗਾ ਦੇ ਡੈਲਟਾਈ ਭਾਗਾਂ ਵਿੱਚ ਪਹੁੰਚ ਕੇ ਇਹਨਾਂ ਪੌਣਾਂ ਦੀ ਦਿਸ਼ਾ ਉੱਤਰ ਤੋਂ ਦੱਖਣ ਵੱਲ ਭਾਵ ਬੰਗਾਲ ਦੀ ਖਾੜੀ ਵੱਲ ਹੋ ਜਾਂਦੀ ਹੈ।

ਦੂਸਰੇ ਧਰਾਤਲ ਤੋਂ ਤਿੰਨ ਕਿਲੋਮੀਟਰ ਦੀ ਉੱਚਾਈ ਤੋਂ ਬਾਅਦ ਉੱਪਰਲੇ ਵਾਯੂਮੰਡਲ ਵਿੱਚ ਬਹੁਤ ਤੇਜ਼ ਗਤੀ ਨਾਲ ਚੱਲਣ ਵਾਲੀਆਂ ਹਵਾਵਾਂ ਨੂੰ ਜੈਟ ਧਾਰਾ (Jet Stream) ਕਿਹਾ ਜਾਂਦਾ ਹੈ। ਇਹ ਪੌਣਾਂ ਰੂਮ ਸਾਗਰ ਤੋਂ ਚੱਲ ਕੇ ਪੱਛਮੀ ਪੌਣਾਂ ਦੇ ਅਸਰ ਹੇਠ ਪੂਰਬ ਦਿਸ਼ਾ ਵਿੱਚ ਤਿੱਬਤ ਦੀ ਪਠਾਰ ਵੱਲ ਆਉਂਦੀਆਂ ਹਨ। ਇਹਨਾਂ ਦੇ ਰਸਤੇ ਵਿੱਚ ਹਿਮਾਲਿਆ ਦੇ ਉੱਚੇ ਪਰਬਤੀ ਭਾਗ ਆ ਜਾਣ ਕਰਕੇ ਇਹ ਜੈਟ ਧਾਰਾ ਦੇ ਉੱਤਰੀ ਅਤੇ ਦੱਖਣੀ ਭਾਗਾਂ ਵਿੱਚ ਵੰਡੀ ਜਾਂਦੀ ਹੈ। ਉੱਤਰੀ ਜੈਟ ਧਾਰਾ ਤਿੱਬਤ ਦੇ ਉੱਤਰ ਵਿੱਚ ਪੱਛਮ ਤੋਂ ਪੂਰਬ ਵੱਲ ਚਲਦੀ ਹੈ ਅਤੇ ਦੱਖਣੀ ਜੈਟ ਧਾਰਾ ਹਿਮਾਲਿਆ ਦੇ ਦੱਖਣ ਵੱਲ 25° ਉੱਤਰੀ ਅਕਸ਼ਾਂਸ਼ ਤੱਕ ਵਗਦੀ ਹੈ। ਇਹ ਦੱਖਣੀ ਜੈਟ ਧਾਰਾ ਹੀ ਦੇਸ਼ ਦੀ ਜਲਵਾਯੂ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕਰਦੀ ਹੈ। ਇਸੇ ਧਾਰਾ ਦੇ ਕਾਰਣ ਹੀ ਰੂਮ ਸਾਗਰ ਦੇ ਪਾਸ ਘੱਟ ਦਬਾਅ ਦੇ ਸਰੋਤਾਂ ਤੋਂ ਸਰਦੀਆਂ ਵਿੱਚ ਹਰੇਕ ਮਹੀਨੇ ਲਗਪਗ ਪੰਜ ਚੱਕਰਵਾਤ ਫਾਰਸ ਦੀ ਖਾੜੀ ਤੋਂ ਉੱਠਦੇ ਹੋਏ ਈਰਾਨ ਤੇ ਪਾਕਿਸਤਾਨ ਰਾਹੀਂ ਭਾਰਤ ਅੰਦਰ ਦਾਖਲ ਹੁੰਦੇ ਰਹਿੰਦੇ ਹਨ। ਇਹਨਾਂ ਦੇ ਆਉਣ ਨਾਲ ਤਾਪਮਾਨ ਵਧਦਾ ਜਾਂਦਾ ਹੈ ਤੇ ਪੌਣਾਂ ਸ਼ਾਂਤ ਹੋ ਜਾਂਦੀਆਂ ਹਨ ਪਰ ਜਾਣ ਤੋਂ ਬਾਅਦ ਫਿਰ ਪੱਛਮੀ ਅਤੇ ਉੱਤਰ-ਪੱਛਮੀ ਠੰਢੀਆਂ ਪੌਣਾਂ ਵਗਦੀਆਂ ਹਨ।

**(ਸ) ਵਰਖਾ** : ਸਰਦੀਆਂ ਵਿੱਚ ਦੇਸ਼ ਅੰਦਰ ਦੋ ਸਥਾਨਾਂ ਤੇ ਵਰਖਾ ਹੁੰਦੀ ਹੈ। ਦੇਸ਼ ਦੇ ਉੱਤਰ-ਪੱਛਮੀ ਭਾਗਾਂ ਦੇ ਪੰਜਾਬ, ਹਰਿਆਣਾ, ਉੱਤਰੀ ਰਾਜਸਥਾਨ, ਜੰਮੂ ਕਸ਼ਮੀਰ ਤੇ ਉੱਤਰ ਪ੍ਰਦੇਸ਼ ਦੇ ਉੱਤਰ ਪੱਛਮੀ ਖੇਤਰਾਂ ਵਿੱਚ ਔਸਤਨ 20 ਤੋਂ 50 ਸੈਂਟੀਮੀਟਰ ਤੱਕ ਚੱਕਰਵਾਤੀ ਵਰਖਾ ਹੁੰਦੀ ਹੈ ਜੋ ਕਿ ਹਾੜ੍ਹੀ ਦੀ ਫਸਲ (Rabi Crops) ਲਈ ਬਹੁਤ ਹੀ ਫ਼ਾਇਦੇਮੰਦ ਸਿੱਧ ਹੁੰਦੀ ਹੈ। ਨਾਲ ਲਗਦੇ ਕਸ਼ਮੀਰ, ਹਿਮਾਚਲ ਤੇ ਕਮਾਊਂ ਦੇ ਪਹਾੜੀ ਭਾਗਾਂ ਵਿੱਚ ਬਰਫ਼ਬਾਰੀ ਹੁੰਦੀ ਹੈ। ਦੂਸਰੇ ਤਾਮਿਲਨਾਡੂ ਦੇ ਤੱਟੀ ਭਾਗਾਂ ਤੇ ਸਰਦੀਆਂ ਦੀਆਂ ਉੱਤਰ-ਪੂਰਬੀ ਮਾਨਸੂਨ ਪੌਣਾਂ ਗਰਮੀਆਂ ਦੀ ਪੌਣਾਂ ਦੇ ਮੁਕਾਬਲੇ ਵਿੱਚ ਵੱਧ ਵਰਖਾ ਕਰਦੀਆਂ ਹਨ।

**(ਹ) ਮੌਸਮ** : ਸਰਦੀਆਂ ਦੀ ਰੁੱਤੇ ਮੌਸਮ ਸੁਹਾਵਣਾ ਹੁੰਦਾ ਹੈ। ਦਿਨ ਗਰਮ ਅਤੇ ਰਾਤਾਂ ਠੰਡੀਆਂ ਹੁੰਦੀਆਂ ਹਨ ਅਤੇ ਕਦੇ ਕਦੇ ਰਾਤ ਨੂੰ ਤਾਪਮਾਨ ਜ਼ਿਆਦਾ ਗਿਰ ਜਾਣ ਕਰਕੇ ਸੰਘਣਾ ਕੋਰਾ ਪੈ ਜਾਂਦਾ ਹੈ ਅਤੇ ਮੈਦਾਨੀ ਭਾਗਾਂ ਵਿੱਚ ਸ਼ੀਤ ਲਹਿਰ ਦੇ ਵਗਣ ਦੇ ਕਾਰਣ ਕੱਕਰ (Frost) ਵੀ ਪੈ ਜਾਂਦਾ ਹੈ।

### 2. ਗਰਮ ਮੌਸਮ ਦੀ ਰੁੱਤ (The Hot Weather Season) :

**(ੳ) ਤਾਪਮਾਨ** : ਭਾਰਤ ਵਿੱਚ ਸਾਢੇ ਤਿੰਨ ਮਹੀਨੇ ਦੀ ਗਰਮ ਰੁੱਤ ਦਾ ਮੌਸਮ ਸਭ ਤੋਂ ਵੱਧ ਲੰਬਾ ਹੁੰਦਾ ਹੈ। ਸੂਰਜ ਦੀਆਂ ਸਿੱਧੀਆਂ ਕਿਰਨਾਂ 21 ਮਾਰਚ ਤੋਂ ਬਾਅਦ ਜਿਵੇਂ ਹੀ ਭੂਮੱਧ ਰੇਖਾ ਨੂੰ ਪਾਰ ਕਰਕੇ ਉੱਤਰੀ ਗੋਲਾਰਧ ਵੱਲ ਨੂੰ ਵੱਧਣ ਲੱਗਦੀਆਂ ਹਨ ਤਿਵੇਂ ਹੀ ਦੇਸ਼ ਦੇ ਅੰਦਰੂਨੀ ਭਾਗਾਂ ਦਾ ਤਾਪਮਾਨ ਵੀ ਵੱਧਣਾ ਸ਼ੁਰੂ ਕਰ ਦਿੰਦਾ ਹੈ। ਦਿਨ ਦਾ ਵੱਧ ਤੋਂ ਵੱਧ ਤਾਪਮਾਨ ਮਾਰਚ ਵਿੱਚ ਨਾਗਪੁਰ ਵਿੱਚ 38° ਸੈਲਸੀਅਸ, ਅਪ੍ਰੈਲ ਵਿੱਚ ਮੱਧ ਪ੍ਰਦੇਸ਼ ਵਿੱਚ 43° ਸੈਲਸੀਅਸ ਅਤੇ ਮਈ ਵਿੱਚ ਉੱਤਰ-ਪੱਛਮੀ ਹਿੱਸਿਆਂ ਵਿੱਚ 40° ਸੈਲਸੀਅਸ ਤੋਂ ਵੱਧ ਜਾਂਦਾ ਹੈ। ਜੂਨ ਦੇ ਮਹੀਨੇ ਸੂਰਜ ਦੀਆਂ ਸਿੱਧੀਆਂ ਕਿਰਨਾਂ ਕਰਕੇ ਰੇਖਾ ਤੇ ਸਿੱਧੀਆਂ ਪੈਣ ਲੱਗਦੀਆਂ ਹਨ ਜਿਸ ਕਰਕੇ ਸਾਰੇ ਉੱਤਰ-ਪੱਛਮੀ ਭਾਗਾਂ ਦਾ ਤਾਪਮਾਨ 40° ਸੈਲਸੀਅਸ ਤੋਂ ਵੀ ਵੱਧ ਜਾਂਦਾ ਹੈ ਅਤੇ ਰਾਤ ਦੇ ਸਮੇਂ ਵੀ ਘੱਟ ਤੋਂ ਘੱਟ ਤਾਪਮਾਨ 21° ਸੈਲਸੀਅਸ ਤੋਂ ਉੱਪਰ ਹੀ ਰਹਿੰਦੇ ਹਨ। ਦੱਖਣੀ ਭਾਗਾਂ ਦਾ ਔਸਤ ਤਾਪਮਾਨ ਸਮੁੰਦਰਾਂ ਦੀ ਨੇੜਤਾ ਕਰਕੇ ਸੁਹਾਵਣਾ (25° ਸੈਲਸੀਅਸ) ਰਹਿੰਦਾ ਹੈ।

**(ਅ) ਹਵਾ ਦਾ ਦਬਾਅ** : ਤਾਪਮਾਨ ਦੇ ਵੱਧਣ ਨਾਲ ਹੀ ਹਵਾ ਦੇ ਘੱਟ ਦਬਾਅ ਦੇ ਖੇਤਰ ਦੇਸ਼ ਦੇ ਉੱਤਰੀ ਭਾਗਾਂ ਵੱਲ ਵਧਣ ਲੱਗਦੇ ਹਨ। ਭੂ ਮੱਧ ਰੇਖੀ ਘੱਟ ਦਬਾਅ ਦੀ ਪੇਟੀ ਉੱਤਰ ਵਿੱਚ ਹਿਮਾਲਿਆ ਦੇ ਸਮਾਨਅੰਤਰ ਛੋਟੇ ਨਾਗਪੁਰ ਦੀ ਪਠਾਰ ਤੱਕ ਦੱਖਣ ਵਿੱਚ 25° ਉੱਤਰੀ ਅਕਸ਼ਾਂਸ਼ ਰੇਖਾ ਦੇ ਨਾਲ ਨਾਲ ਫੈਲ ਜਾਂਦੀ ਹੈ ਜਿਸ ਨੂੰ ਅੰਤਰ-ਊਸ਼ਣ ਸੁਮੇਲ ਖੰਡ (Inter Tropical Convergence Zone–ITCZ) ਵੀ ਕਿਹਾ ਜਾਂਦਾ ਹੈ ਜੋ ਕਿ ਮੌਨਸੂਨ ਪੌਣਾਂ ਨੂੰ ਦੱਖਣ ਤੋਂ ਉੱਤਰ ਵੱਲ ਖਿੱਚਦੀ ਰਹਿੰਦੀ ਹੈ।

ਮਈ ਅਤੇ ਜੂਨ ਵਿੱਚ ਦੇਸ਼ ਦੇ ਉੱਤਰ-ਪੱਛਮੀ ਭਾਗਾਂ ਵਿੱਚ ਜ਼ਿਆਦਾ ਤਾਪਮਾਨ ਕਰਕੇ ਘੱਟ ਦਬਾਅ ਦਾ ਚੱਕਰ (Thermal Depression) ਬਣ ਜਾਂਦਾ ਹੈ ਅਤੇ ਦੱਖਣੀ ਜੈੱਟ ਧਾਰਾ ਹਿਮਾਲਿਆ ਦੇ ਉੱਤਰ ਵੱਲ ਸਰਕ ਜਾਂਦੀ ਹੈ। ਇਸ ਕਰਕੇ ਧਰਾਤਲ ਤੋਂ ਉੱਪਰਲੀ ਹਵਾ ਵਿੱਚ ਵੀ ਤਾਪ ਵਿਰੋਧੀ ਕ੍ਰਮ ਦੇ ਕਾਰਣ ਇਕ ਗਤੀਸ਼ੀਲ ਘੱਟ ਦਬਾਅ ਦਾ ਚੱਕਰ ਕਾਇਮ ਹੋ ਜਾਂਦਾ ਹੈ। ਇਸ ਪ੍ਰਕਾਰ ਉੱਤਰ-ਪੱਛਮ ਵਿੱਚ ਇਕ ਖਾਸ ਸਥਿਤੀ ਉਤਪੰਨ ਹੋ ਜਾਂਦੀ ਹੈ ਜਿਸ ਵਿੱਚ ਧਰਾਤਲ ਤੋਂ ਲੈ ਕੇ 6-7 ਕਿਲੋਮੀਟਰ ਦੀ ਉਚਾਈ ਤੱਕ ਦੋਨੋਂ ਘੱਟ ਦਬਾਅ ਦੇ ਚੱਕਰ ਜੁੜ ਕੇ ਮਾਨਸੂਨ ਪੌਣਾਂ ਨੂੰ ਤੇਜ਼ੀ ਨਾਲ ਆਪਣੇ ਵੱਲ ਖਿਚੱਦੇ ਹਨ।

**(ੲ) ਪੌਣਾਂ** : ਦੇਸ਼ ਅੰਦਰ ਘੱਟ ਦਬਾਅ ਦੇ ਵਿਸ਼ਾਲ ਖੇਤਰ ਸਥਾਪਤ ਹੋਣ ਕਰਕੇ ਥਾਂ ਥਾਂ ਤੇ ਸਥਾਨਕ ਪੌਣਾਂ (Local Winds) ਚਲਣਾ ਸ਼ੁਰੂ ਕਰ ਦਿੰਦੀਆਂ ਹਨ। ਉੱਤਰ-ਪੱਛਮੀ ਭਾਗਾਂ ਵਿੱਚ ਦਿਨ ਵਿੱਚ ਗਰਮ ਅਤੇ ਖੁਸ਼ਕ ਪੱਛਮੀ ਪੌਣ ਚਲਦੀ ਹੈ ਤੇ ਰਾਤ ਨੂੰ ਕਮਜ਼ੋਰ ਪੈ ਜਾਂਦੀ ਹੈ ਜਿਸ ਕਰਕੇ ਕਦੇ ਕਦੇ ਤੇਜ਼ ਗਰਜਦਾਰ ਤੇ ਝਖੜਦਾਰ ਤੂਫਾਨ (Thunder Storms) ਅਤੇ ਬਾਅਦ ਦੁਪਹਿਰ ਧੂੜ ਭਰੀਆਂ ਹਨੇਰੀਆਂ (Dust Storms) ਚੱਲਦੀਆਂ ਹਨ ਜੋ ਕਿ ਜਾਨ-ਮਾਲ ਦਾ ਕਾਫ਼ੀ ਨੁਕਸਾਨ ਕਰ ਜਾਂਦੀਆਂ ਹਨ। ਇਹ ਪੱਛਮੀ ਪੌਣ ਜਾਂ ਪੱਛੋਂ ਖੁਸ਼ਕ ਅਤੇ ਮਾਰੂਥਲੀ ਭਾਗਾਂ ਵਿੱਚੋਂ ਦੀ ਲੰਘ ਕੇ ਆਉਣ ਕਰਕੇ ਅਤਿ ਦੀ ਗਰਮ ਹੋ ਜਾਂਦੀ ਹੈ ਜਿਸ ਨੂੰ ਸਥਾਨਕ ਭਾਸ਼ਾ ਵਿੱਚ 'ਲੂ' (Loo) ਕਿਹਾ ਜਾਂਦਾ ਹੈ। ਲੂ ਲੱਗਣ ਨਾਲ ਕਈ ਲੋਕਾਂ ਦੀ ਜਾਨ ਤਾਂ ਜਾਂਦੀ ਹੀ ਹੈ ਸਗੋਂ ਇਸ ਦੇ ਲਗਾਤਾਰ ਚਲਦੇ ਰਹਿਣ ਕਰਕੇ ਉੱਤਰੀ ਵਿਸ਼ਾਲ ਮੈਦਾਨ ਵਿੱਚ ਅਤਿ ਦੀ ਗਰਮੀ ਵੱਧ ਜਾਂਦੀ ਹੈ ਜਿਸ ਨਾਲ ਘੱਟ ਦਬਾਅ ਦੀ ਤੀਬਰਤਾ ਵਿੱਚ ਹੋਰ ਵੀ ਵਾਧਾ ਹੋ ਜਾਂਦਾ ਹੈ।

ਉੱਤਰ-ਪੱਛਮੀ ਭਾਗਾਂ ਤੋਂ ਆ ਰਹੀ ਗਰਮ ਅਤੇ ਖੁਸ਼ਕ ਲੂ ਜਦੋਂ ਛੋਟਾ ਨਾਗਪੁਰ ਦੀ ਪਠਾਰ ਦੇ ਪਾਸ ਦੀ ਖਾੜੀ ਬੰਗਾਲ ਤੋਂ ਆ ਰਹੀ ਗਰਮ ਅਤੇ ਸਿਲ੍ਹੀ ਹਵਾ ਨਾਲ ਮੇਲ ਖਾਂਦੀ ਹੈ ਤਾਂ ਤੂਫਾਨੀ ਚੱਕਰਵਾਤਾਂ ਦੀ ਉੱਤਪਤੀ ਹੋ ਜਾਂਦੀ ਹੈ ਜਿਸ ਨੂੰ ਦੱਖਣ-ਪੱਛਮੀ ਮੌਨਸੂਨ ਪੌਣਾਂ ਤਾਕਤਵਰ ਹੋਣ ਕਰਕੇ ਫਿਰ ਉੱਤਰ-ਪੱਛਮੀ ਭਾਗਾਂ ਵੱਲ ਧੱਕ ਦਿੰਦੀਆਂ ਹਨ। ਇਹਨਾਂ ਤੂਫਾਨੀ ਚੱਕਰਵਾਤਾਂ ਨੂੰ ਪੱਛਮੀ ਬੰਗਾਲ ਵਿੱਚ ਕਾਲ ਵੈਸਾਖੀ ਜਾਂ ਨੌਰਵੈਸਟਰ (Norwester) ਕਿਹਾ ਜਾਂਦਾ ਹੈ।

ਉਪਰੋਕਤ ਧਰਾਤਲੀ ਪੌਣ ਚੱਕਰ ਤੋਂ ਬਿਨਾਂ ਵੀ ਗਰਮੀਆਂ ਵਿੱਚ ਉਪਰਲੇ ਵਾਯੂ ਮੰਡਲ ਵਿੱਚ ਤਬਦੀਲੀ ਹੋ ਜਾਂਦੀ ਹੈ। ਸਰਦੀਆਂ ਦੀ ਦੱਖਣ ਵੱਲ ਵਗਣ ਵਾਲੀ ਪੱਛਮੀ ਜੈਟ ਧਾਰਾ ਉੱਤਰ ਵੱਲ ਖਿਸਕ ਕੇ ਤਿੱਬਤ ਦੀ ਪਠਾਰ ਦੇ ਉੱਤਰ ਵੱਲ ਉੱਤਰ-ਪੂਰਬੀ ਦਿਸ਼ਾ ਵਿੱਚ ਜਾ ਵਹਿੰਦੀ ਹੈ। ਹਿਮਾਲਿਆ ਦੇ ਦੱਖਣ ਵਿੱਚ ਬਣੇ ਭੂ-ਮੱਧ ਰੇਖੀ ਘੱਟ ਦਬਾਅ ਦੇ ਖਲਾਅ ਨੂੰ ਭਰਨ ਲਈ ਤਿੱਬਤ ਦੀ ਪਠਾਰ ਦੇ ਦੱਖਣੀ ਭਾਗਾਂ ਦੇ ਨਾਲ ਨਾਲ ਪੂਰਬੀ ਜੈੱਟ ਧਾਰਾ (Easterly Jet Stream) ਸਥਾਨ ਲੈ ਲੈਂਦੀ ਹੈ ਜੋ ਕਿ ਊਸ਼ਣ ਖੰਡੀ ਚੱਕਰਵਾਤਾਂ ਨੂੰ ਭਾਰਤ ਦੇ ਪੱਛਮੀ ਭਾਗਾਂ ਵੱਲ ਧੱਕਦੀ ਰਹਿੰਦੀ ਹੈ। ਇਸ ਪ੍ਰਕਾਰ ਗਰਮੀਆਂ ਵਿੱਚ ਤਿੱਬਤ ਦੀ ਉੱਚ ਭੂਮੀ ਤਾਪਮਾਨ ਛੱਡ ਦੇਣ ਕਰਕੇ ਇਕ ਵਿਕਿਰਣ ਖਿੜਕੀ (Radiation Window) ਬਣ ਜਾਂਦੀ ਹੈ ਜਿਸ ਦੇ ਚਾਰੇ ਪਾਸੇ ਘੜੀ ਦੀਆਂ ਸੂਈਆਂ ਦੇ ਅਨੁਸਾਰ ਜੈਟ ਧਾਰਾਵਾਂ ਦਾ ਚੱਕਰ ਚਲ ਪੈਂਦਾ ਹੈ।

**(ਸ) ਵਰਖਾ** : ਇਹ ਗਰਮ ਰੁੱਤ ਭਾਵੇਂ ਅਤਿ ਦੀ ਖੁਸ਼ਕ ਰੁੱਤ ਹੁੰਦੀ ਹੈ ਪਰ ਫੇਰ ਵੀ ਪੈਦਾ ਹੋਏ ਚੱਕਰਵਾਤੀ ਘੇਰੇ ਥੋੜ੍ਹੀ ਜਿਹੀ ਵਰਖਾ ਕਰ ਹੀ ਦਿੰਦੇ ਹਨ ਜਿਸ ਨਾਲ ਤੇਜ਼ ਪੈ ਰਹੀ ਗਰਮੀ ਤੋਂ ਕੁਝ ਰਾਹਤ ਮਿਲਦੀ ਹੈ। ਪੱਛਮੀ ਬੰਗਾਲ ਵਿੱਚ ਤੇਜ਼ ਵਾਛੜ ਨਾਲ ਹੋਈ ਵਰਖਾ ਬਸੰਤ ਰੁੱਤ ਦੀ ਵਰਖਾ ਅਖਵਾਉਂਦੀ ਹੈ। ਦੱਖਣੀ ਭਾਰਤ ਦੇ ਕੇਰਲ ਅਤੇ ਦੱਖਣੀ ਕਰਨਾਟਕ ਜਿਹੇ ਪ੍ਰਦੇਸ਼ਾਂ ਵਿੱਚ ਆਸ ਪਾਸ ਦੀਆਂ ਸਮੁੰਦਰੀ ਪੌਣਾਂ ਦੇ ਆ ਜਾਣ ਕਰਕੇ ਮੋਟੀਆਂ ਮੋਟੀਆਂ ਬੂੰਦਾਂ ਵਾਲੀ ਪੂਰਵ ਮੌਨਸੂਨੀ ਵਰਖਾ (Pre-Monsoonal Rainfall) ਹੋ ਜਾਂਦੀ ਹੈ ਜਿਸ ਨੂੰ ਸਥਾਨਕ ਤੌਰ ਤੇ ਅੰਬਾਂ ਦੀ ਵਾਛੜ (Mango Shower) ਜਾਂ ਫੁੱਲਾਂ ਦੀ ਵਾਛੜ (Blossoms Showers) ਕਿਹਾ ਜਾਂਦਾ

ਹੈ। ਬਾਕੀ ਦੇ ਦੇਸ਼ ਵਿੱਚ ਲਗਪਗ ਮੌਸਮ ਖੁਸ਼ਕ ਹੀ ਰਹਿੰਦਾ ਹੈ। ਇਸ ਮੌਸਮ ਨੂੰ ਸਥਾਨਕ ਪਰੰਪਰਾ ਅਨੁਸਾਰ ਗਰਮੀ ਤੇ ਬਸੰਤ ਰੁੱਤ ਦਾ ਸੁਮੇਲ ਮੰਨਿਆ ਗਿਆ ਹੈ।

**3. ਵਰਖਾ ਰੁੱਤ (The Wet Rainy Season) :**

ਇਸ ਰੁੱਤ ਨੂੰ ਦੱਖਣ-ਪੱਛਮੀ ਮੌਨਸੂਨਾਂ ਦੀ ਰੁੱਤ ਵੀ ਕਿਹਾ ਜਾਂਦਾ ਹੈ ਜੋ ਕਿ ਦੇਸ਼ ਅੰਦਰ ਜੂਨ ਤੋਂ ਸ਼ੁਰੂ ਹੋ ਕੇ ਅੱਧ ਸਤੰਬਰ ਤੱਕ ਰਹਿੰਦੀ ਹੈ। ਇਸ ਸਮੇਂ ਉੱਤਰੀ ਵਿਸ਼ਾਲ ਮੈਦਾਨਾਂ ਵਿੱਚ ਬਣੀ ਅੰਤਰ-ਊਸ਼ਣ ਸੁਮੇਲ ਪੱਟੀ ਭੂਮੱਧ ਰੇਖਾ ਤੋਂ ਪਾਰ ਦੱਖਣੀ ਹਿੰਦ ਮਹਾਂਸਾਗਰ ਵਿੱਚੋਂ ਦੱਖਣ-ਪੂਰਬੀ ਵਪਾਰਕ ਪੌਣਾਂ (South-Eastern Trades) ਨੂੰ ਖਿੱਚਣ ਵਿੱਚ ਸਫ਼ਲ ਹੋ ਜਾਂਦੀ ਹੈ। ਇਹ ਨਮੀ ਨਾਲ ਲੱਦੀਆਂ ਪੂਰਬੀ ਪੌਣਾਂ ਭੂ-ਮੱਧ ਰੇਖਾ ਨੂੰ ਪਾਰ ਕਰਦੇ ਹੀ ਧਰਤੀ ਦੀ ਦੈਨਿਕ ਗਤੀ ਦੇ ਕਾਰਣ ਆਪਣੀ ਦਿਸ਼ਾ ਬਦਲ ਕੇ ਦੱਖਣ-ਪੱਛਮ ਤੋਂ ਉੱਤਰ ਪੂਰਬ ਵੱਲ 30 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲਣਾ ਸ਼ੁਰੂ ਕਰਦੀਆਂ ਹਨ ਤੇ ਪਹਿਲੀ ਜੂਨ ਨੂੰ ਕੇਰਲ ਦੇ ਤੱਟ ਤੇ ਪਹੁੰਚ ਕੇ ਅਚਨਚੇਤ ਹੀ ਭਾਰੀ ਵਰਖਾ ਕਰ ਦਿੰਦੀਆਂ ਹਨ ਜਿਸ ਨੂੰ ਮੌਨਸੂਨਾਂ ਦਾ ਫੱਟਣਾ (Burst of Monsoons) ਕਿਹਾ ਜਾਂਦਾ ਹੈ। ਇਹਨਾਂ ਪੌਣਾਂ ਦੀ ਰਫ਼ਤਾਰ ਬਹੁਤ ਤੇਜ਼ ਹੋਣ ਕਰਕੇ ਹੀ ਇਹ ਇਕ ਮਹੀਨੇ ਦੇ ਵਿੱਚ ਹੀ ਸਾਰੇ ਦੇਸ਼ ਤੇ ਛਾ ਜਾਂਦੀਆਂ ਹਨ।

ਇਹਨਾਂ ਪੌਣਾਂ ਨੂੰ ਦੇਸ਼ ਦਾ ਪ੍ਰਾਇਦੀਪੀ ਪਠਾਰ ਦੋ ਸ਼ਾਖਾਵਾਂ ਵਿੱਚ ਵੰਡ ਦਿੰਦਾ ਹੈ। ਇਹ ਅਰਬ ਸਾਗਰ ਦੀ ਸ਼ਾਖਾ ਪੱਛਮੀ ਤੱਟ ਦੇ ਨਾਲ ਨਾਲ ਉੱਤਰ ਵੱਲ ਵੱਧਦੀ ਹੈ। ਜਲਕਣਾਂ ਨਾਲ ਭਰੀ ਹੋਈ ਇਹ ਸ਼ਾਖਾ ਜਦੋਂ 2000 ਮੀਟਰ ਤੱਕ ਦੀ ਪੱਛਮੀ ਘਾਟਾਂ ਦੀ ਉੱਚਾਈ ਨੂੰ ਪਾਰ ਕਰਨ ਦਾ ਯਤਨ ਕਰਦੀ ਹੈ ਤਾਂ ਲੈਪਸ ਰੇਟ ਦੇ ਅਸਰ ਕਾਰਣ ਠੰਢੀ ਹੋ ਕੇ ਵਰਸਦੀ ਜਾਂਦੀ ਹੈ। ਅਰਬ ਸਾਗਰ ਦੇ ਉੱਤਰ ਵੱਲ ਜਾਂਦੇ ਹੋਏ ਨਮੀ ਦੀ ਮਾਤਰਾ ਘੱਟ ਜਾਣ ਕਰਕੇ ਵਰਖਾ ਦੀ ਮਾਤਰਾ ਵੀ ਘੱਟਦੀ ਜਾਂਦੀ ਹੈ ਜਿਵੇਂ ਕਿ ਮੰਗਲੌਰ ਵਿੱਚ 330 ਸੈਂਟੀਮੀਟਰ, ਮੁੰਬਈ ਵਿੱਚ 100 ਸੈਂਟੀਮੀਟਰ ਤੇ ਭੁੱਜ ਵਿੱਚ ਕੇਵਲ 30 ਸੈਂਟੀਮੀਟਰ ਤੱਕ ਹੀ ਰਹਿ ਜਾਂਦੀ ਹੈ। ਇਸ ਸ਼ਾਖਾ ਦੀ ਇਕ ਉਪ-ਸ਼ਾਖਾ ਨਰਮਦਾ ਤੇ ਤਾਪਤੀ ਨਦੀਆਂ ਦੀਆਂ ਘਾਟੀਆਂ ਰਾਹੀਂ ਹੁੰਦੀ ਹੋਈ ਛੋਟੇ ਨਾਗਪੁਰ ਦੀ ਪਠਾਰ ਤੇ ਪਹੁੰਚ ਕੇ ਬੰਗਾਲ ਦੀ ਖਾੜੀ ਤੋਂ ਆ ਰਹੀਆਂ ਮੌਨਸੂਨ ਪੌਣਾਂ ਨਾਲ ਮਿਲ ਕੇ 150 ਸੈਂਟੀਮੀਟਰ ਤੋਂ ਵੱਧ ਵਰਖਾ ਕਰਦੀ ਹੈ। ਅਰਬ ਸਾਗਰ ਦੀਆਂ ਮੌਨਸੂਨ ਪੌਣਾਂ ਦੀ ਦੂਸਰੀ ਸ਼ਾਖਾ ਗੁਜਰਾਤ ਅਤੇ ਸਿੰਧ ਦੇ ਡੈਲਟੇ ਰਾਹੀਂ ਉੱਤਰ ਵੱਲ ਵੱਧਦੀ ਹੈ। ਇਸ ਸਮੇਂ ਤੱਕ ਇਕ ਤਾਂ ਇਸ ਵਿੱਚ ਨਮੀ ਦੀ ਮਾਤਰਾ ਕਾਫ਼ੀ ਘੱਟ ਚੁੱਕੀ ਹੁੰਦੀ ਹੈ ਤੇ ਜਿਸ ਕਰਕੇ ਰਾਜਸਥਾਨ ਦਾ ਥਾਰ ਮਾਰੂਥਲ ਖੇਤਰ ਖੁਸ਼ਕ ਹੀ ਰਹਿ ਜਾਂਦਾ ਹੈ। ਦੂਸਰੇ ਇਸ ਮਾਰੂਥਲੀ ਖੇਤਰ ਦੀ ਰੇਤਲੀ ਮਿੱਟੀ ਦੁਆਰਾ ਤਾਪਮਾਨ ਵਿਰੋਧ ਕ੍ਰਮ ਦੀ ਸਥਿਤੀ ਪੈਦਾ ਕੀਤੇ ਜਾਣ ਕਰਕੇ ਇਹਨਾਂ ਪੌਣਾਂ ਦੇ ਦਾਖਲੇ ਵਿੱਚ ਰੁਕਾਵਟ ਬਣ ਜਾਂਦੀ ਹੈ। ਤੀਸਰੇ ਅਰਾਵਲੀ ਪਰਬਤ ਇਹਨਾਂ ਪੌਣਾਂ ਦੇ ਸਮਾਨਅੰਤਰ ਤੇ ਘੱਟ ਉੱਚਾਈ ਵਿੱਚ ਹੋਣ ਕਰਕੇ ਇਹ ਪੌਣਾਂ ਬਿਨਾਂ ਉੱਚੇ ਉੱਠੇ ਹੀ ਸਿੱਧੀਆਂ ਲੰਘ ਜਾਂਦੀਆਂ ਹਨ। ਅੱਗੇ ਵਧਦੀਆਂ ਹੋਈਆਂ ਇਹ ਪੌਣਾਂ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿੱਚ ਬੰਗਾਲ ਦੀ ਖਾੜੀ ਦੀ ਸ਼ਾਖਾ ਨਾਲ ਜਾ ਮਿਲਦੀਆਂ ਹਨ ਤੇ ਧਰਮਸ਼ਾਲਾ ਦੇ ਨਜ਼ਦੀਕ ਬਹੁਤ ਜ਼ੋਰ ਨਾਲ ਵਰਖਾ ਕਰਦੀਆਂ ਹਨ।

ਮੌਨਸੂਨ ਪੌਣਾਂ ਦੀ ਦੂਸਰੀ ਵੱਡੀ ਤੇ ਮਹੱਤਵਪੂਰਣ ਸ਼ਾਖਾ ਬੰਗਾਲ ਦੀ ਖਾੜੀ ਦੀ ਸ਼ਾਖਾ ਨਾਲ ਜਾਣੀ ਜਾਂਦੀ ਹੈ ਜੋ ਕਿ ਸ੍ਰੀ ਲੰਕਾ ਦੇ ਪੂਰਬੀ ਤੇ ਪੱਛਮੀ ਭਾਗਾਂ ਰਾਹੀਂ ਲੰਘਦੀ ਹੋਈ ਕੇਰਲ ਦੀਆਂ ਪਹਾੜੀਆਂ ਦੇ ਉੱਤੋਂ ਦੀ ਆਉਣ ਵਾਲੀਆਂ ਮੌਨਸੂਨ ਪੌਣਾਂ ਰਾਹੀਂ ਜੁੜ ਕੇ ਉੱਤਰੀ ਦਿਸ਼ਾ ਗ੍ਰਹਿਣ ਕਰਦੀ ਹੈ। ਕੇਰਲ ਦੀਆਂ ਪਹਾੜੀਆਂ ਤੋਂ ਉਤਰਨ ਵਾਲੀਆਂ ਮੌਨਸੂਨ ਪੌਣਾਂ ਤਾਮਿਲਨਾਡੂ ਦੇ ਵਰਖਾ ਛਾਇਆ ਖੇਤਰਾਂ ਦੇ ਉੱਤੋਂ ਦੀ ਬਿਨਾਂ ਵਰ੍ਹੇ ਹੀ ਲੰਘ ਜਾਂਦੀਆਂ ਹਨ ਤੇ ਅੱਗੇ ਖਾੜੀ ਬੰਗਾਲ ਵਿੱਚੋਂ ਫਿਰ ਭਰਪੂਰ ਨਮੀ ਚੁੱਕ ਲੈਂਦੀਆਂ ਹਨ। ਗੰਗਾ ਦੇ ਡੈਲਟੇ ਉਤੋਂ ਵਗਦੀਆਂ ਹੋਈਆਂ ਇਹਨਾਂ ਪੌਣਾਂ ਦੇ ਰਸਤੇ ਵਿੱਚ ਮੇਘਾਲਿਆ ਦੀਆਂ ਪਹਾੜੀਆਂ ਆ ਜਾਂਦੀਆਂ ਹਨ।

ਮੇਘਾਲਿਆ ਦੀਆਂ 1500 ਮੀਟਰ ਉੱਚੀਆਂ ਪਹਾੜੀਆਂ ਨੂੰ ਪਾਰ ਕਰਦੇ ਹੋਏ ਜਲਕਣਾਂ ਨਾਲ ਭਰੀਆਂ ਇਹ ਪੌਣਾਂ ਰੱਜ ਕੇ ਵਰਸਦੀਆਂ ਹਨ ਤੇ ਚਿਰਾਪੂੰਜੀ ਦੇ ਸਥਾਨ ਤੇ ਇਸ ਰੁੱਤ ਵਿੱਚ 700 ਸੈਂਟੀਮੀਟਰ ਤੱਕ ਵਰਖਾ ਕਰ ਜਾਂਦੀਆਂ ਹਨ ਜੋ ਕਿ ਇਥੇ ਹੋਣ ਵਾਲੀ ਵਰਖਾ 60% ਹਿੱਸਾ ਹੁੰਦਾ ਹੈ।

ਮੇਘਾਲਿਆ ਦੀਆਂ ਪਹਾੜੀਆਂ ਨੂੰ ਪਾਰ ਕਰਦੇ ਹੋਏ ਇਹ ਪੌਣਾਂ ਤੇਜ਼ੀ ਨਾਲ ਉੱਤਰ ਵੱਲ ਵੱਧਦੀਆਂ ਹਨ ਜਿੱਥੇ ਕਿ ਇਹਨਾਂ ਦੇ ਰਸਤੇ ਵਿੱਚ ਉੱਚੇ ਹਿਮਾਲਿਆ ਪਰਬਤ ਆ ਜਾਂਦੇ ਹਨ ਜੋ ਕਿ ਇਹਨਾਂ ਨੂੰ ਫਿਰ ਆਪਣੇ ਸਮਾਨਅੰਤਰ ਹੀ ਪੂਰਬ ਤੇ ਪੱਛਮ ਵੱਲ ਦੀਆਂ ਦੋ ਦਿਸ਼ਾਵਾਂ ਵੱਲ ਮੋੜ ਕੇ ਦੋ ਉਪ-ਸ਼ਾਖਾਵਾਂ ਵਿੱਚ ਵੰਡ ਦਿੰਦੇ ਹਨ। ਇਹਨਾਂ ਦੀ ਪੂਰਬੀ ਸ਼ਾਖਾ ਬ੍ਰਹਮਪੁੱਤਰ ਦੀ ਘਾਟੀ ਰਾਹੀਂ ਅਰੁਨਾਚਲ ਪ੍ਰਦੇਸ਼ ਤੱਕ ਉੱਚੀ ਚੜ੍ਹਦੀ ਜਾਂਦੀ ਹੈ ਤੇ ਭਰਪੂਰ ਵਰਖਾ ਕਰਦੀ ਹੈ। ਵਰਖਾ ਦੀ ਮਾਤਰਾ ਦਾਰਜੀਲਿੰਗ (315 ਸੈਂਟੀਮੀਟਰ) ਤੋਂ ਲੈ ਕੇ ਗੁਹਾਟੀ (110 ਸੈਂਟੀਮੀਟਰ) ਵੱਲ ਜਾਂਦੇ ਹੋਏ ਘੱਟਦੀ ਜਾਂਦੀ ਹੈ।

ਇਹਨਾਂ ਦੀ ਦੂਸਰੀ ਉਪਸ਼ਾਖਾ ਪੱਛਮ ਵੱਲ ਮੁੜ ਕੇ ਉੱਤਰੀ ਵਿਸ਼ਾਲ ਮੈਦਾਨਾਂ ਰਾਹੀਂ ਹੁੰਦੀ ਹੋਈ ਹੌਲੀ ਹੌਲੀ ਉੱਚਾਈ ਗ੍ਰਹਿਣ ਕਰਦੇ ਹੋਏ ਪੰਜਾਬ ਅਤੇ ਜੰਮੂ ਕਸ਼ਮੀਰ ਦੇ ਸੀਮਾ ਵਰਤੀ ਖੇਤਰਾਂ ਤੱਕ ਜਾ ਪਹੁੰਚਦੀ ਹੈ। ਇਸ ਵਿਸ਼ਾਲ ਖੇਤਰ ਵਿੱਚ ਇਹ ਪੌਣਾਂ 100 ਤੋਂ 200 ਸੈਂਟੀਮੀਟਰ ਤੱਕ ਵਰਖਾ ਕਰਦੀਆਂ ਹਨ। ਵਰਖਾ ਦੀ ਮਾਤਰਾ ਸਮੁੰਦਰ ਤੋਂ ਦੂਰੀ ਦੇ ਵੱਧਣ ਨਾਲ ਘੱਟਦੀ ਜਾਂਦੀ ਹੈ। ਕੋਲਕਾਤਾ ਵਿੱਚ 120 ਸੈਂਟੀਮੀਟਰ, ਪਟਨਾ ਵਿੱਚ 105 ਸੈਂਟੀਮੀਟਰ, ਇਲਾਹਾਬਾਦ ਵਿੱਚ 76 ਸੈਂਟੀਮੀਟਰ, ਦਿੱਲੀ ਵਿੱਚ 56 ਸੈਂਟੀਮੀਟਰ, ਲੁਧਿਆਣਾ ਵਿੱਚ 40 ਸੈਂਟੀਮੀਟਰ ਅਤੇ ਅੰਮ੍ਰਿਤਸਰ ਤੱਕ ਜਾਂਦੇ-ਜਾਂਦੇ ਕੇਵਲ 30 ਸੈਂਟੀਮੀਟਰ ਤੱਕ ਹੀ ਰਹਿ ਜਾਂਦੀ ਹੈ। ਸ਼ਿਵਾਲਿਕ ਦੀਆਂ ਪਹਾੜੀਆਂ ਤੋਂ ਦੱਖਣ ਵੱਲ ਜਾਂਦੇ ਹੋਏ ਦੂਰੀ ਦੇ ਵੱਧਣ ਨਾਲ ਪੰਜਾਬ ਅਤੇ ਹਰਿਆਣੇ ਦੇ ਦੱਖਣੀ ਭਾਗਾਂ ਵਿੱਚ ਇਹਨਾਂ ਪੌਣਾਂ ਦਾ ਤਾਪਮਾਨ ਵੱਧ ਜਾਣ ਕਰਕੇ ਵਰਖਾ ਦੀ ਮਾਤਰਾ ਕੇਵਲ 10 ਤੋਂ 20 ਪ੍ਰਤੀਸ਼ਤ ਤੱਕ ਰਹਿ ਜਾਂਦੀ ਹੈ।

ਇਸ ਰੁੱਤ ਵਿੱਚ ਹੀ ਭਾਵੇਂ ਨਾਲ ਲਗਦੇ ਤਰਾਈ ਅਤੇ ਪਹਾੜੀ ਭਾਗਾਂ ਦੀਆਂ ਦੱਖਣੀ ਢਲਾਨਾਂ ਤੇ ਜ਼ਿਆਦਾ ਵਰਖਾ ਹੁੰਦੀ ਹੈ ਪਰ ਵਰਖਾ ਦੀ ਮਾਤਰਾ ਦੇ ਘੱਟਣ ਦਾ ਝੁਕਾਅ ਇਹਨਾਂ ਪਹਾੜੀ ਭਾਗਾਂ ਵਿੱਚ ਮਿਲਦਾ ਹੈ ਜਿਵੇਂ ਨੈਨੀਤਾਲ ਵਿੱਚ 200 ਸੈਂਟੀਮੀਟਰ, ਸ਼ਿਮਲੇ ਵਿੱਚ 130 ਸੈਂਟੀਮੀਟਰ ਅਤੇ ਸ੍ਰੀ ਨਗਰ ਵਿੱਚ ਕੇਵਲ 60 ਸੈਂਟੀਮੀਟਰ ਹੀ ਹੁੰਦੀ ਹੈ। ਭਾਵੇਂ ਇਹ ਪੌਣਾਂ ਲਗਾਤਾਰ ਪੂਰਬ ਵੱਲੋਂ ਆਉਂਦੀਆਂ ਹਨ ਤੇ ਵਰਸਦੀਆਂ ਜਾਂਦੀਆਂ ਹਨ ਪਰ ਕਈ ਵਾਰ ਇਹਨਾਂ ਪੌਣਾਂ ਵਿੱਚ ਤਿੰਨ-ਚਾਰ ਦਿਨਾਂ ਤੱਕ ਦਾ ਖੁਸ਼ਕ ਅੰਤਰਾਲ ਜਾਂ ਤੋੜ (Dry Spell or Breaks) ਵੀ ਆ ਜਾਂਦੇ ਹਨ। ਵਰਖਾ ਵਿੱਚ ਆਈਆਂ ਇਹਨਾਂ ਰੁਕਾਵਟਾਂ ਦਾ ਜਨਮ ਉੱਤਰੀ ਵਪਾਰਕ ਪੌਣਾਂ ਦੁਆਰਾ ਖਾੜੀ ਬੰਗਾਲ ਦੇ ਆਸ ਪਾਸ ਦੇ ਖੇਤਰਾਂ ਵਿੱਚ ਪੈਦਾ ਹੋਏ ਊਸ਼ਣ ਖੰਡੀ ਚੱਕਰਵਾਤਾਂ (Tropical Depressions) ਨੂੰ ਇਹਨਾਂ ਦੱਖਣੀ-ਪੱਛਮੀ ਪੌਣਾਂ ਦਾ ਪ੍ਰਤੀਕ ਮੰਨੀ ਜਾਂਦੀ ਹੈ। ਇਹ ਵਰਖਾ ਰੁੱਤ ਦਾ ਮੌਸਮ ਸਿਤੰਬਰ ਦੇ ਸ਼ੁਰੂ ਵਿੱਚ ਤਾਪਮਾਨ ਘੱਟ ਜਾਣ ਕਰਕੇ ਖਤਮ ਹੋ ਜਾਂਦਾ ਹੈ।

**4. ਵਾਪਸ ਮੁੜਦੀਆਂ ਮੌਨਸੂਨ ਪੌਣਾਂ ਦੀ ਰੁੱਤ ਦਾ ਮੌਸਮ (The Season of Retreating Monsoons)** : ਇਸ ਰੁੱਤ ਨੂੰ ਸਾਡੇ ਦੇਸ਼ ਦੀ ਪਰੰਪਰਾਵਾਦੀ ਰੁੱਤ ਪ੍ਰਣਾਲੀ ਵਿੱਚ 'ਸ਼ਰਦ ਰੁੱਤ' ਵੀ ਕਿਹਾ ਜਾਂਦਾ ਹੈ। ਇਸ ਰੁੱਤ ਵਿੱਚ ਸੂਰਜ ਦੀਆਂ ਕਿਰਨਾਂ ਹੌਲੀ ਹੌਲੀ ਕਰਕੇ ਰੇਖਾ ਦੇ ਦੱਖਣੀ ਭਾਗਾਂ ਨੂੰ ਛੱਡਦੇ ਹੋਏ ਭੂ-ਮੱਧ ਰੇਖਾ ਵੱਲ ਵੱਧਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਸ ਕਰਕੇ ਸੂਰਜੀ ਤਾਪ ਦੇ ਘੱਟਣ ਕਰਕੇ ਤੇ ਭਾਰੀ ਵਰਖਾ ਹੋ ਜਾਣ ਕਰਕੇ ਵੀ ਉੱਤਰੀ ਭਾਗਾਂ ਦਾ ਤਾਪਮਨ ਕਾਫ਼ੀ ਘੱਟ ਜਾਂਦਾ ਹੈ ਤੇ ਰਾਤਾਂ ਠੰਢੀਆਂ ਹੋਣ ਲੱਗ ਜਾਂਦੀਆਂ ਹਨ। ਦਿਨ ਵੇਲੇ ਬੱਦਲ ਰਹਿਤ ਆਕਾਸ਼ ਹੋਣ ਦੇ ਕਾਰਨ ਤਾਪਮਾਨ ਮਾਮੂਲੀ ਜਿਹਾ ਵੱਧ ਕੇ 25° ਤੱਕ ਪਹੁੰਚ ਜਾਂਦਾ ਹੈ ਜਿਸ ਨਾਲ ਹੁਣੇ ਹੁਣੇ ਲੰਘੀ ਵਰਖਾ ਰੁੱਤ ਦੁਆਰਾ ਹਵਾ ਵਿੱਚ ਛੋੜੀ ਹੋਈ ਸਿੱਲ੍ਹ ਦੀ ਮਾਤਰਾ ਵਿੱਚ ਵਾਧਾ ਹੋ ਜਾਂਦਾ ਹੈ ਜਿਸਨੂੰ 'ਹੁੰਮਸ' ਕਹਿੰਦੇ ਹਨ।

ਇਸ ਰੁੱਤ ਵਿੱਚ ਘੱਟ ਦਬਾਅ ਦੇ ਕੇਂਦਰ ਉੱਤਰ-ਪੱਛਮੀ ਭਾਗਾਂ ਨੂੰ ਛੱਡਦੇ ਹੋਏ ਖਾੜੀ ਬੰਗਾਲ ਵੱਧ ਵੱਧਦੇ ਹੋਏ ਹਿੰਦ ਮਹਾਂਸਾਗਰ ਤੱਕ ਚਲੇ ਜਾਂਦੇ ਹਨ। ਇਸ ਕਰਕੇ ਇਹਨਾਂ ਚੱਕਰਵਾਤਾਂ ਦੁਆਰਾ ਪੂਰਬੀ ਤੱਟਵਰਤੀ ਭਾਗਾਂ ਤੇ ਤਾਮਿਲਨਾਡੂ ਦੇ ਅੰਦਰੂਨੀ ਭਾਗਾਂ ਤੱਕ ਭਰਪੂਰ ਵਰਖਾ ਕੀਤੀ ਜਾਂਦੀ ਹੈ।

ਇਹ ਮੌਨਸੂਨੀ ਪੌਣਾਂ ਜਿੱਥੋਂ ਜਿਥੋਂ ਦੇਸ਼ ਅੰਦਰ ਦਾਖਲ ਹੁੰਦੀਆਂ ਹਨ ਉਸੇ ਤਰ੍ਹਾਂ ਹੌਲੀ ਹੌਲੀ ਪਿੱਛੇ ਹਟਦੀਆਂ ਹੋਈਆਂ ਵਾਪਸ ਚਲੀਆਂ ਜਾਂਦੀਆਂ ਹਨ। ਇਹ ਸਭ ਤੋਂ ਪਹਿਲਾਂ 15 ਸਤੰਬਰ ਤੱਕ ਪੰਜਾਬ, ਪਹਿਲੀ ਅਕਤੂਬਰ ਤੱਕ ਉੱਤਰ ਪ੍ਰਦੇਸ਼, 15 ਅਕਤੂਬਰ ਤੱਕ ਗੰਗਾ ਦਾ ਡੈਲਟਾ ਅਤੇ 15 ਨਵੰਬਰ ਤੱਕ ਕਰਨਾਟਕ ਤੇ ਆਂਧਰਾ ਪ੍ਰਦੇਸ਼ ਦੇ ਦੱਖਣੀ ਭਾਗਾਂ ਨੂੰ ਵੀ ਛੱਡ ਜਾਂਦੀਆਂ ਹਨ। ਇਸ ਪ੍ਰਕਾਰ ਉੱਤਰੀ ਵਿਸ਼ਾਲ ਮੈਦਾਨ ਵਿੱਚ ਇਸ ਰੁੱਤ ਵਿੱਚ ਖੁਸ਼ਕ ਮੌਸਮ ਮਾਤਰਾ ਵੱਧ ਜਾਣ ਕਰਕੇ ਇਸ ਨੂੰ ਪਤਝੜ ਦੀ ਰੁੱਤ (Autumn Season) ਵੀ ਕਿਹਾ ਜਾਂਦਾ ਹੈ।

## ਭਾਰਤੀ ਜੀਵਨ ਅਤੇ ਮੌਨਸੂਨ ਪੌਣਾਂ

### (Indian Life and Monsoons)

ਹਰੇਕ ਖੇਤਰ ਦੇ ਆਰਥਿਕ, ਧਾਰਮਿਕ ਤੇ ਸਮਾਜਿਕ ਵਿਕਾਸ ਉੱਤੇ ਉਸ ਖੇਤਰ ਦੇ ਜਲਵਾਯੂ ਦਾ ਡੂੰਘਾ ਅਸਰ ਪੈਂਦਾ ਹੈ। ਉਸ ਖੇਤਰ ਦੀ ਆਰਥਿਕ ਉੱਨਤੀ ਦਾ ਅੰਦਾਜ਼ਾ ਉਥੋਂ ਦੀ ਖੇਤੀਬਾੜੀ, ਉਦਯੋਗ, ਖਣਿਜ ਸੰਪਤੀ ਦੇ ਵਿਕਾਸ ਤੋਂ ਲਗਾਇਆ ਜਾ ਸਕਦਾ ਹੈ। ਭਾਰਤੀ ਜੀਵਨ ਪੂਰੀ ਤਰ੍ਹਾਂ ਖੇਤੀਬਾੜੀ ਤੇ ਆਧਾਰਤ ਹੈ ਜਿਸ ਦੇ ਵਿਕਾਸ ਵਿੱਚ ਮੌਨਸੂਨੀ ਵਰਖਾ ਇਕ ਸੁਦ੍ਰਿੜ ਆਧਾਰ ਪ੍ਰਦਾਨ ਕਰਦੀ ਹੈ। ਮਾਨਸੂਨ ਨੂੰ ਦੇਸ਼ ਦਾ ਉਹ ਕੇਂਦਰੀ ਧੁਰਾ (Pivotal Point) ਮੰਨਿਆ ਜਾਂਦਾ ਹੈ ਜਿਸ ਉੱਤੇ ਖੇਤੀਬਾੜੀ ਤੋਂ ਬਿਨਾਂ ਸਮੁੱਚਾ ਆਰਥਿਕ ਢਾਂਚਾ ਆਧਾਰ ਪ੍ਰਾਪਤ ਕਰਦਾ ਹੈ। ਮੌਨਸੂਨੀ ਵਰਖਾ ਜਦੋਂ ਸਮੇਂ ਸਿਰ ਤੇ ਸਹੀ ਮਾਤਰਾ ਵਿੱਚ ਹੋ ਜਾਂਦੀ ਹੈ ਤਾਂ ਖੇਤੀ ਦਾ ਉਤਪਾਦਨ ਵੱਧ ਜਾਂਦਾ ਹੈ ਤੇ ਹਰ ਪਾਸੇ ਹਰ ਹਰਿਆਲੀ ਨਜ਼ਰ ਆਉਂਦੀ ਹੈ। ਇਹਨਾਂ ਦੀ ਅਸਫਲਤਾ ਦੇ ਕਾਰਨ ਫਸਲਾਂ ਸੁੱਕ ਜਾਂਦੀਆਂ ਹਨ। ਦੇਸ਼ ਅੰਦਰ ਸੋਕਾ ਪੈ ਜਾਂਦਾ ਹੈ ਤੇ ਅਨਾਜ ਦੇ ਭੰਡਾਰਾਂ ਵਿੱਚ ਅਨਾਜ ਦੀ ਘਾਟ ਆ ਜਾਂਦੀ ਹੈ। ਇਸੇ ਤਰ੍ਹਾਂ ਜੇ ਇਹ ਪੌਣਾਂ ਦੇਸ਼ ਅੰਦਰ ਸਮੇਂ ਤੋਂ ਪਹਿਲਾਂ ਆ ਜਾਣ ਤਾਂ ਹੜ੍ਹ ਆ ਜਾਂਦੇ ਹਨ। ਸਮੇਂ ਤੋਂ ਬਾਦ ਵਿੱਚ ਆਉਣ ਨਾਲ ਵੀ ਸਮੇਂ ਸਿਰ ਬਿਜਾਈ ਨਾ ਹੋਣ ਕਰਕੇ ਖੇਤੀ ਉਤਪਾਦਨ ਘੱਟ ਜਾਂਦਾ ਹੈ। ਇਸ ਪ੍ਰਕਾਰ ਖੇਤੀਬਾੜੀ ਦੇ ਵਿਕਾਸ ਅਤੇ ਮੌਨਸੂਨੀ ਵਰਖਾ ਦਾ ਦੇਸ਼ ਅੰਦਰ ਬਹੁਤ ਹੀ ਗੂੜ੍ਹਾ ਸੰਬੰਧ ਬਣ ਜਾਂਦਾ ਹੈ ਕਿਉਂਕਿ ਅਜੇ ਵੀ ਜਲ ਸਿੰਜਾਈ ਅਣਹੋਂਦ ਕਾਰਣ ਦੇਸ਼ ਦੀ ਕਿ ਤਿਹਾਈ ਜ਼ਮੀਨ ਅਜੇ ਵੀ ਪਾਣੀ ਦੀ ਪਿਆਸੀ ਹੈ। ਖੁਸ਼ਕ ਖੇਤਰਾਂ ਤੋਂ ਬਿਨਾਂ ਦੇਸ਼ ਦੀ ਜਲ ਸਿੰਜਾਈ ਵਿਕਸਤ ਖੇਤਰਾਂ ਦੇ ਲੋਕ ਵੀ ਮੌਨਸੂਨੀ ਵਰਖਾ ਦੇ ਆਉਣ ਨਾਲ ਵੱਡੀ ਰਾਹਤ ਮਹਿਸੂਸ ਕਰਦੇ ਹਨ ਜਿੱਥੇ ਕਿ ਡੂੰਘੇ ਗਿਰਦੇ ਜਾ ਰਹੇ ਪਾਤਾਲੀ ਪਾਣੀ ਦਾ ਜਲ ਸਤਰ (Water Level) ਉੱਚਾ ਉੱਠ ਜਾਂਦਾ ਹੈ। ਇਸ ਤਰ੍ਹਾਂ, ਦੇਸ਼ ਦੀ ਅਰਥ ਵਿਵਸਥਾ ਖੇਤੀਬਾੜੀ ਉੱਪਰ ਅਤੇ ਖੇਤੀਬਾੜੀ ਮੌਨਸੂਨੀ ਵਰਖਾ ਉੱਤੇ ਪੂਰੀ ਤਰ੍ਹਾਂ ਨਿਰਭਰ ਹੈ। ਇਹੀ ਕਾਰਣ ਹੈ ਕਿ ਭਾਰਤੀ ਬਜਟ ਨੂੰ ਮੌਨਸੂਨ ਪੌਣਾਂ ਦਾ ਜੂਆ (Gamble on Monsoons) ਕਿਹਾ ਜਾਂਦਾ ਹੈ।

ਖੇਤੀਬਾੜੀ ਤੋਂ ਇਲਾਵਾ ਦੇਸ਼ ਦੇ ਉਦਯੋਗ, ਖਣਿਜ, ਦੂਰ ਸੰਚਾਰ ਪ੍ਰਣਾਲੀ ਤੇ ਪ੍ਰਬੰਧਕੀ ਢਾਂਚੇ ਦਾ ਵਿਕਾਸ ਬੇਅੰਤ ਊਰਜਾ ਦੀ ਮਾਤਰਾ ਤੇ ਆਧਾਰਤ ਹੁੰਦਾ ਹੈ। ਇਸ ਵਿੱਚ ਪੰਣ-ਬਿਜਲੀ ਸਭ ਤੋਂ ਵੱਧ ਮਾਤਰਾ ਵਿੱਚ ਵਰਤਿਆ ਜਾਣ ਵਾਲਾ ਸਾਧਨ ਹੈ। ਮੌਨਸੂਨ ਦੇ ਫੇਲ ਹੋ ਜਾਣ ਦੀ ਸੂਰਤ ਵਿੱਚ ਜਲ ਭੰਡਾਰਾਂ ਵਿੱਚ ਪਾਣੀ ਦੀ ਮਾਤਰਾ ਘੱਟ ਜਾਣ ਕਰਕੇ ਸਿੰਜਾਈ ਲਈ ਛੱਡੇ ਗਏ ਪਾਣੀ ਦੀ ਮਾਤਰਾ ਤੋਂ ਬਿਨਾਂ ਪੈਦਾ ਹੋਣ ਵਾਲੀ ਪਣ-ਬਿਜਲੀ ਦੀ ਕਟੌਤੀ ਕਰਨੀ ਪੈਂਦੀ ਹੈ ਜਿਸ ਨਾਲ ਉਤਪਾਦਨ ਅਤੇ ਮਨੁੱਖੀ ਕੰਮ ਸਮਰੱਥਾ ਦੋਵੇਂ ਘੱਟ ਜਾਂਦੇ ਹਨ। ਇਸ ਤੋਂ ਬਿਨਾਂ ਉਦਯੋਗਾਂ ਵਿੱਚ ਕਟੌਤੀ ਦੇ ਕਾਰਣ ਖਣਿਜ ਸੰਪਤੀ ਦਾ ਘੱਟ ਪ੍ਰਯੋਗ ਹੋਣ ਕਰਕੇ ਖਾਣ ਮਜ਼ਦੂਰਾਂ ਦੇ ਵੇਤਨ ਵੀ ਘੱਟ ਜਾਂਦੇ ਹਨ ਤੇ ਸਮੁੱਚੇ ਦੇਸ਼ ਦਾ ਆਰਥਿਕ ਢਾਂਚਾ ਤਹਿਸ ਨਹਿਸ ਹੋ ਜਾਂਦਾ ਹੈ।

ਆਰਥਿਕ ਜੀਵਨ ਤੋਂ ਇਲਾਵਾ ਦੇਸ਼ ਦਾ ਧਾਰਮਿਕ ਤੇ ਸਮਾਜਿਕ ਜੀਵਨ ਵੀ ਪ੍ਰਭਾਵਿਤ ਹੋ ਜਾਂਦਾ ਹੈ। ਮੌਨਸੂਨੀ ਜਲਵਾਯੂ ਲੋਕਾਂ ਨੂੰ ਕਿਸਮਤਵਾਦੀ ਬਣਾ ਦਿੰਦਾ ਹੈ ਜਿਸ ਲਈ ਲੋਕ ਯੱਗ ਕਰਦੇ ਹਨ ਤੇ ਇਸ ਦੇ ਆਉਣ ਦੀ ਉਡੀਕ ਵਿੱਚ ਇਕੋ ਤਰ੍ਹਾਂ ਦੇ ਲੋਕ ਗੀਤ ਗਾਏ ਜਾਂਦੇ ਹਨ ਜਿਵੇਂ ਪੰਜਾਬ ਵਿੱਚ ਸਾਉਣ ਦੀਆਂ ਤੀਆਂ, ਹਰਿਆਣੇ ਦਾ ਸਾਵਣ, ਭੋਜਪੁਰ ਵਿੱਚ ਕਜਰੀ ਤੇ ਬ੍ਰਿਜ ਵਿੱਚ ਮਲ੍ਹਾਰ ਆਦਿ।

ਇਸ ਪ੍ਰਕਾਰ ਮੌਨਸੂਨ ਪੌਣਾਂ ਦੇਸ਼ ਅੰਦਰ ਇਕੋ ਕਿਸਮ ਦੀ ਸੋਚ ਅਤੇ ਜੀਵਨ ਪ੍ਰਣਾਲੀ ਬਣਾਉਣ ਵਿੱਚ ਵੱਡਮੁਲਾ ਯੋਗਦਾਨ ਪਾਉਂਦੀਆਂ ਹਨ। ਇਹਨਾਂ ਦੇ ਕਾਰਣ ਹੀ ਦੇਸ਼ ਦੇ ਹਰੇਕ ਖੇਤਰ ਚਾਹੇ ਉਹ ਖੁਸ਼ਕ ਰੇਤਲੀ ਜ਼ਮੀਨ ਹੋਵੇ, ਵਿਕਸਤ ਜਲ ਸਿੰਜਾਈ ਖੇਤਰ ਹੋਵੇ ਜਾਂ ਫਿਰ ਸਿੱਲ੍ਹਾ ਇਲਾਕਾ ਹੋਵੇ, ਸਭ ਤੇ ਇਕੋ ਜਿਹਾ ਅਸਰ ਪੈਂਦਾ ਹੈ। ਇਹਨਾਂ ਦੀ ਰੁੱਤਾਂ ਅਨੁਸਾਰ ਹੋਣ ਵਾਲੀ ਤਬਦੀਲੀ ਦੇ ਫਲਸਰੂਪ ਸਮੁੰਦਰੀ ਹਵਾ ਤੇ ਪੱਛਮੀ ਚੱਕਰਵਾਤਾਂ ਨਾਲ ਹੋਣ ਵਾਲੀ ਵਰਖਾ ਵੱਡੇ ਮੌਨਸੂਨੀ ਢਾਂਚੇ ਦਾ ਹੀ ਹਿੱਸਾ ਬਣਦੀ ਹੈ। ਉੱਚੀਆਂ ਹਿਮਾਲਿਆ ਪਰਬਤ ਸ਼੍ਰੇਣੀਆਂ ਦੇ ਕਾਰਣ ਹੀ ਦੇਸ਼ ਅੰਦਰ ਕਰਕ ਰੇਖਾ ਤੋਂ ਲੈ ਕੇ ਉੱਤਰੀ ਭਾਗਾਂ ਵਿੱਚ ਧੁਰ ਕਸ਼ਮੀਰ ਤੱਕ ਮੌਨਸੂਨੀ ਪੌਣਾਂ ਦਾ ਅਸਰ ਸੰਭਵ ਹੋ ਸਕਿਆ ਹੈ।

## ਅਭਿਆਸ

**I. ਹੇਠਾਂ ਲਿਖੇ ਹਰੇਕ ਪ੍ਰਸ਼ਨ ਦਾ ਸੰਖੇਪ ਉੱਤਰ ਇਕ ਸ਼ਬਦ ਜਾਂ ਇਕ ਵਾਕ ਵਿੱਚ ਦਿਓ—**

1. ਭਾਰਤ ਦੇ ਜਲਵਾਯੂ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਦੇ ਨਾਂ ਲਿਖੋ।
2. ਦੇਸ਼ ਵਿੱਚ ਸਰਦੀਆਂ ਵਿੱਚ ਸਭ ਤੋਂ ਘੱਟ ਅਤੇ ਵੱਧ ਤਾਪਮਾਨ ਵਾਲੇ ਸਥਾਨਾਂ ਦੇ ਨਾਂ ਲਿਖੋ।
3. ਦੇਸ਼ ਵਿੱਚ ਗਰਮੀਆਂ ਵਿੱਚ ਸਭ ਤੋਂ ਠੰਢੇ ਤੇ ਗਰਮ ਸਥਾਨਾਂ ਦਾ ਵੇਰਵਾ ਦਿਓ।
4. ਦੇਸ਼ ਦੇ ਸਭ ਤੋਂ ਵੱਧ ਖੁਸ਼ਕ ਅਤੇ ਵੱਧ ਵਰਖਾ ਵਾਲੇ ਖੇਤਰਾਂ ਦੇ ਨਾਂ ਦੱਸੋ।
5. ਦੇਸ਼ ਦੇ ਦੋ ਸਮ ਜਲਵਾਯੂ ਅਤੇ ਅਤਿ ਕਠੋਰ ਜਲਵਾਯੂ ਵਾਲੇ ਸਥਾਨਾਂ ਦੇ ਨਾਂ ਦੱਸੋ।
6. ਜੈਟ ਸਟ੍ਰੀਮ ਕਿਸ ਨੂੰ ਕਹਿੰਦੇ ਹਨ ?
7. 'ਮੌਨਸੂਨ' ਸ਼ਬਦ ਤੋਂ ਤੁਹਾਡਾ ਕੀ ਭਾਵ ਹੈ ?
8. ਮੌਨਸੂਨ ਦਾ ਫੱਟਣਾ ਕੀ ਹੁੰਦਾ ਹੈ ?
9. 'ਲੂ' (Loo) ਤੋਂ ਤੁਹਾਡਾ ਕੀ ਭਾਵ ਹੈ ?
10. 'ਮੌਨਸੂਨੀ ਤੋੜ' ਕੀ ਹੁੰਦਾ ਹੈ ?
11. ਐਲ ਨੀਨੋ ਸਮੁੰਦਰੀ ਧਾਰਾ ਕਿੱਥੇ ਵਹਿੰਦੀ ਹੈ ?
12. ਕਾਲ ਵੈਸਾਖੀ ਕਿਸਨੂੰ ਕਹਿੰਦੇ ਹਨ ?
13. 'ਅੰਬਾਂ ਦੀ ਵਾਛੜ' (Mango Shower) ਤੋਂ ਕੀ ਭਾਵ ਹੈ ?
14. ਅਰਬ ਸਾਗਰ ਤੇ ਬੰਗਾਲ ਦੀ ਖਾੜੀ ਤੋਂ ਆਉਣ ਵਾਲੀਆਂ ਮੌਨਸੂਨ ਪੌਣਾਂ ਕਿਹੜੇ ਸਥਾਨਾਂ ਤੇ ਮਿਲ ਜਾਂਦੀਆਂ ਹਨ ?

**II. ਹੇਠਾਂ ਲਿਖੇ ਪ੍ਰਸ਼ਨਾਂ ਦੇ ਸੰਖੇਪ ਕਾਰਣ ਦੱਸੋ—**

1. ਮੁੰਬਈ ਨਾਗਪੁਰ ਦੇ ਮੁਕਾਬਲੇ ਠੰਡਾ ਹੈ।
2. ਭਾਰਤ ਦੀ ਔਸਤ ਸਾਲਾਨਾ ਵਰਖਾ ਜ਼ਿਆਦਾਤਰ ਸਾਲ ਦੇ ਕੇਵਲ ਚਾਰ ਮਹੀਨਿਆਂ ਵਿੱਚ ਹੀ ਹੁੰਦੀ ਹੈ।

3. ਦੱਖਣੀ-ਪੱਛਮੀ ਮੌਨਸੂਨ ਦੁਆਰਾ ਕੋਲਕਾਤਾ ਵਿੱਚ 145 ਸੈਂ.ਮੀ. ਵਰਖਾ ਹੁੰਦੀ ਹੈ ਜਦ ਕਿ ਜੈਸਲਮੇਰ ਵਿੱਚ ਕੇਵਲ 12 ਸੈਂਟੀਮੀਟਰ ਵਰਖਾ ਹੁੰਦੀ ਹੈ।
4. ਚੇਨੱਈ ਵਿੱਚ ਸਰਦੀਆਂ ਦੀ ਰੁੱਤ ਵਿੱਚ ਜ਼ਿਆਦਾਤਰ ਵਰਖਾ ਹੁੰਦੀ ਹੈ।
5. ਉੱਤਰ-ਪੱਛਮੀ ਭਾਰਤ ਵਿੱਚ ਸਰਦੀਆਂ ਵਿੱਚ ਵਰਖਾ ਹੁੰਦੀ ਹੈ।

**III. ਹੇਠਾਂ ਲਿਖੇ ਪ੍ਰਸ਼ਨ ਦਾ ਸੰਖੇਪ ਉੱਤਰ ਦਿਓ—**

1. ਭਾਰਤ ਦੇ ਜਲਵਾਯੂ ਦੀਆਂ ਖੇਤਰੀ ਭਿੰਨਤਾਵਾਂ ਕੀ ਹਨ ?
2. ਦੇਸ਼ ਦੀਆਂ ਜਲਵਾਯੂ ਭਿੰਨਤਾਵਾਂ ਹੋਣ ਦੇ ਮੁੱਖ ਕਾਰਣਾਂ ਦੀ ਚਰਚਾ ਕਰੋ।
3. ਪੂਰਵ ਮੌਨਸੂਨੀ ਵਰਖਾ (Pre-Monsoonal Rainfall) ਹੋਣ ਦਾ ਕੀ ਕਾਰਨ ਹੁੰਦਾ ਹੈ ?
4. ਭਾਰਤ ਦੀ ਵਰਖਾ ਰੁੱਤ ਦਾ ਵਰਣਨ ਕਰੋ।
5. ਦੇਸ਼ ਵਿੱਚ ਵੱਧ ਵਰਖਾ ਵਾਲੇ ਕਿਹੜੇ ਸਥਾਨ ਹਨ ?
6. ਦੇਸ਼ ਵਿੱਚ ਮੌਨਸੂਨੀ ਵਰਖਾ ਦੀਆਂ ਕੋਈ ਤਿੰਨ ਵਿਸ਼ੇਸ਼ਤਾਈਆਂ ਦੱਸੋ।
7. ਰਾਜਸਥਾਨ ਅਰਬ ਸਾਗਰ ਦੇ ਨੇੜੇ ਹੋਣ ਕਰਕੇ ਵੀ ਖੁਸ਼ਕ ਕਿਉਂ ਰਹਿੰਦਾ ਹੈ ?
8. ਦੱਖਣ-ਪੂਰਬੀ ਵਪਾਰਕ ਪੌਣਾਂ ਮੌਨਸੂਨੀ ਵਰਖਾ ਤੇ ਕਿਵੇਂ ਅਸਰ ਪਾਉਂਦੀਆਂ ਹਨ ?

**IV. ਹੇਠ ਲਿਖੇ ਹਰੇਕ ਪ੍ਰਸ਼ਨ ਦਾ ਵਿਸਤ੍ਰਿਤ ਉੱਤਰ ਦਿਓ—**

1. ਭਾਰਤ ਦੇ ਜਲਵਾਯੂ ਨੂੰ ਕਿਹੜੇ ਤੱਤ ਪ੍ਰਭਾਵਿਤ ਕਰਦੇ ਹਨ ?
2. ਭਾਰਤ ਵਿੱਚ ਮੌਨਸੂਨ ਵਰਖਾ ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ।
3. ਭਾਰਤ ਵਿੱਚ ਮਿਲਣ ਵਾਲੀਆਂ ਵੱਖੋ-ਵੱਖਰੀਆਂ ਰੁੱਤਾਂ ਦੀਆਂ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ।
4. ਭਾਰਤ ਵਿੱਚ ਗਰਮੀਆਂ ਤੇ ਸਰਦੀਆਂ ਦੀਆਂ ਰੁੱਤਾਂ ਦੀ ਤੁਲਨਾ ਕਰੋ।
5. ਭਾਰਤੀ ਜੀਵਨ ਤੇ ਮੌਨਸੂਨ ਪੌਣਾਂ ਦਾ ਕੀ ਅਸਰ ਹੈ ? ਉਦਾਹਰਣਾਂ ਸਹਿਤ ਵਿਆਖਿਆ ਕਰੋ।
6. ਭਾਰਤ ਵਿੱਚ ਵਿਸ਼ਾਲ ਮੌਨਸੂਨੀ ਏਕਤਾ ਹੁੰਦੇ ਹੋਏ ਵੀ ਖੇਤਰੀ ਭਿੰਨਤਾਵਾਂ ਮਿਲਦੀਆਂ ਹਨ, ਉਦਾਹਰਣਾਂ ਸਹਿਤ ਵਿਆਖਿਆ ਕਰੋ।

**V. ਭਾਰਤ ਦੇ ਨਕਸ਼ੇ ਵਿੱਚ ਹੇਠ ਲਿਖੇ ਤੱਥਾਂ ਨੂੰ ਦਰਸਾਓ—**

1. ਗਰਮੀਆਂ ਦੀ ਘੱਟ ਦਾਬ ਖੇਤਰ ਤੇ ਪੌਣਾਂ ਦੀ ਦਿਸ਼ਾ
2. ਸਰਦੀਆਂ ਦੀ ਵਰਖਾ ਤੇ ਉੱਤਰ-ਪੂਰਬੀ ਮੌਨਸੂਨ ਪੌਣਾਂ ਦੀ ਦਿਸ਼ਾ
3. ਮੌਸਿਨਰਮ, ਜੈਸਲਮੇਰ, ਇਲਾਹਾਬਾਦ, ਚੇਨੱਈ
4. ਬਹੁਤ ਹੀ ਘੱਟ ਵਰਖਾ ਵਾਲੇ ਖੇਤਰ
5. 200 ਸੈਂਟੀਮੀਟਰ ਤੋਂ ਵੱਧ ਵਰਖਾ ਵਾਲੇ ਖੇਤਰ

## ਪਾਠ 4

# ਕੁਦਰਤੀ ਬਨਸਪਤੀ, ਜੀਵ-ਜੰਤੂ ਤੇ ਮਿੱਟੀਆਂ

ਪਿਛਲੇ ਪਾਠਾਂ ਵਿੱਚ ਅਸੀਂ ਦੇਸ਼ ਅੰਦਰ ਮਿਲਣ ਵਾਲੀਆਂ ਧਰਾਤਲੀ ਭਿੰਨਤਾਵਾਂ ਅਤੇ ਜਲਵਾਯੂ ਵਖਰੇਵਿਆਂ ਬਾਰੇ ਵਿਸਥਾਰ ਨਾਲ ਪੜ੍ਹਿਆ ਹੈ। ਇਹ ਦੋਵੇਂ ਤੱਤ ਦੇਸ਼ ਅੰਦਰ ਪੈਦਾ ਹੋਣ ਵਾਲੀ ਕੁਦਰਤੀ ਬਨਸਪਤੀ ਤੇ ਸਿੱਧਾ ਅਸਰ ਪਾਉਂਦੇ ਹਨ। ਇਹਨਾਂ ਤੱਤਾਂ ਤੋਂ ਇਲਾਵਾ ਕੁਦਰਤੀ ਬਨਸਪਤੀ ਵੱਖੋ-ਵੱਖਰੇ ਖੇਤਰਾਂ ਦੀ ਮਿੱਟੀ ਦੀ ਕਿਸਮ ਅਤੇ ਪਤਾਲੀ ਪਾਣੀ ਦੀ ਡੂੰਘਾਈ ਤੇ ਵੀ ਨਿਰਭਰ ਕਰਦੀ ਹੈ। ਇਹਨਾਂ ਸਾਰੇ ਤੱਤਾਂ ਵਿੱਚੋਂ ਜਲਵਾਯੂ ਸਭ ਤੋਂ ਜ਼ਿਆਦਾ ਪ੍ਰਭਾਵਸ਼ਾਲੀ ਤੱਤ ਹੈ ਜਿਸ ਵਿੱਚ ਤਾਪਮਾਨ, ਨਮੀ ਦੀ ਮਾਤਰਾ, ਵਰਖਾ ਅਤੇ ਬਰਫ਼ ਆਦਿ ਦੀਆਂ ਹਾਲਤਾਂ ਵਿੱਚ ਮਿਲਣ ਵਾਲੇ ਅੰਤਰ ਦੇ ਕਾਰਣ ਕੁਦਰਤੀ ਬਨਸਪਤੀ ਦੀਆਂ ਕਿਸਮਾਂ, ਇਹਨਾਂ ਦਾ ਵਿਕਾਸ ਅਤੇ ਇਸ ਦੀ ਭੂਗੋਲਿਕ ਵੰਡ ਤੇ ਸਪਸ਼ਟ ਪ੍ਰਭਾਵ ਦਿਖਾਈ ਦਿੰਦਾ ਹੈ। ਇਸ ਕਰਕੇ ਕਿਸੇ ਵੀ ਖੇਤਰ ਦੀ ਕੁਦਰਤੀ ਬਨਸਪਤੀ ਨੂੰ ਉਸ ਖੇਤਰ ਦੇ ਜਲਵਾਯੂ ਦਾ ਪ੍ਰਤਿਬਿੰਬ ਮੰਨਿਆ ਜਾਂਦਾ ਹੈ। ਕੁਦਰਤੀ ਬਨਸਪਤੀ ਦਾ ਜੰਗਲੀ ਜੀਵ ਜੰਤੂ ਤੇ ਮਿੱਟੀਆਂ ਤੇ ਸਿੱਧਾ ਅਸਰ ਪੈਂਦਾ ਹੈ ਇਸ ਲਈ ਇਸ ਪਾਠ ਵਿੱਚ ਅਸੀਂ ਕੁਦਰਤੀ ਬਨਸਪਤੀ, ਜੀਵ ਜੰਤੂ ਤੇ ਮਿੱਟੀਆਂ ਦੇ ਬਾਰੇ ਵਿਸਥਾਰ ਵਿੱਚ ਅਧਿਐਨ ਕਰਾਂਗੇ।

## (ੳ) ਕੁਦਰਤੀ ਬਨਸਪਤੀ

ਕੁਦਰਤੀ ਬਨਸਪਤੀ ਵਿੱਚ ਉਹ ਸਾਰੇ ਦਰੱਖ਼ਤ, ਕੰਡੇਦਾਰ ਝਾੜੀਆਂ, ਪੌਦੇ ਅਤੇ ਘਾਹ ਜੋ ਮਨੁੱਖੀ ਦਖਲ ਤੋਂ ਬਿਨਾਂ ਉੱਗਦੇ ਹਨ, ਕੁਦਰਤੀ ਬਨਸਪਤੀ ਅਖਵਾਉਂਦੇ ਹਨ। ਇਸ ਦਾ ਅਧਿਐਨ ਕਰਨ ਤੋਂ ਪਹਿਲਾਂ ਬਨਸਪਤੀ ਜਾਤੀ (Flora), ਬਨਸਪਤੀ (Vegetation) ਅਤੇ ਜੰਗਲ (Forest) ਜਿਹੇ ਸੰਬੰਧਤ ਸ਼ਬਦਾਂ ਦੀ ਜਾਣਕਾਰੀ ਹੋਣੀ ਅਤਿ ਜ਼ਰੂਰੀ ਹੈ। ਬਨਸਪਤੀ ਜਾਤੀ ਵਿੱਚ ਕਿਸੇ ਖਾਸ ਸਮੇਂ ਤੇ ਕਿਸੇ ਖੇਤਰ ਵਿੱਚ ਉੱਗਣ ਵਾਲੇ ਪੌਦਿਆਂ ਦੇ ਵੱਖ-ਵੱਖ ਵਰਗ (Species) ਆ ਜਾਂਦੇ ਹਨ। ਕਿਸੇ ਖਾਸ ਵਾਤਾਵਰਨ ਵਿੱਚ ਕਿਸੇ ਥਾਂ ਤੇ ਪੈਦਾ ਹੋਣ ਵਾਲੇ ਪੌਦੇ, ਝਾੜੀਆਂ ਤੇ ਘਾਹ ਆਦਿ ਨੂੰ ਬਨਸਪਤੀ ਕਿਹਾ ਜਾਂਦਾ ਹੈ ਜਦ ਕਿ ਸੰਘਣੇ ਤੇ ਇਕ ਦੂਜੇ ਦੇ ਪਾਸ ਉੱਗੇ ਹੋਏ ਪੌਦੇ, ਝਾੜੀਆਂ ਤੇ ਘਾਹ ਨਾਲ ਘਿਰੇ ਹੋਏ ਵੱਡੇ ਖੇਤਰ, ਜੰਗਲ ਅਖਵਾਉਂਦੇ ਹਨ। ਜੰਗਲ ਸ਼ਬਦ ਦੀ ਸਭ ਤੋਂ ਵੱਧ ਵਰਤੋਂ, ਵਾਤਾਵਰਨ ਦੀ ਸੰਭਾਲ ਅਤੇ ਆਰਥਿਕ ਫ਼ਾਇਦਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਭੂਗੋਲ ਵਿਗਿਆਨੀ, ਪ੍ਰਬੰਧਕ ਤੇ ਜੰਗਲ ਰੱਖਿਅਕ (Forest Guard) ਕਰਦੇ ਹਨ।

ਹਰੇਕ ਕਿਸਮ ਦੀ ਵਿਕਸਤ ਬਨਸਪਤੀ ਨੂੰ ਆਪਣੇ ਵਾਤਾਵਰਨ ਨਾਲ ਇਕ ਨਾਜ਼ੁਕ ਸੰਤੁਲਨ (Delicate Balance) ਬਣਾ ਕੇ ਇਕ ਲੰਬੇ ਜੀਵਨ ਚੱਕਰ ਵਿੱਚੋਂ ਦੀ ਲੰਘਣਾ ਪੈਂਦਾ ਹੈ ਜੋ ਇਸ ਦੇ ਆਪਸੀ ਮਿਲਵਰਤਣ ਅਤੇ ਮੌਸਮ ਅਨੁਸਾਰ ਢਲਣ ਦੀ ਸਮਰੱਥਾ ਜਿਹੇ ਗੁਣਾ ਤੇ ਨਿਰਭਰ ਕਰਦਾ ਹੈ। ਸਾਡੇ ਦੇਸ਼ ਵਿੱਚ ਮਿਲਣ ਵਾਲੀ ਸਾਰੀ ਬਨਸਪਤੀ ਜਾਤੀ (Flora) ਸਥਾਨਕ ਨਹੀਂ ਹੈ। ਸਗੋਂ ਇਸਦਾ 40% ਹਿੱਸਾ ਵਿਦੇਸ਼ੀ ਜਾਤੀਆਂ ਦਾ ਹੈ ਜਿਹਨਾਂ ਨੂੰ ਬੋਰੀਅਲ (Boreal) ਅਤੇ ਪੈਲਿਓ-ਊਸ਼ਣ ਖੰਡੀ (Paleo-Tropical) ਜਾਤੀਆਂ ਕਿਹਾ ਜਾਂਦਾ ਹੈ। ਇਹ ਬਨਸਪਤੀ ਜਾਤੀਆਂ ਦੇਸ਼ ਅੰਦਰ ਚੀਨੀ-ਤਿੱਬਤੀਅਨ, ਉੱਤਰੀ ਅਫ਼ਰੀਕਨ ਅਤੇ ਇੰਡੋ-ਮਲੇਸ਼ੀਅਨ, ਖੇਤਰਾਂ ਤੋਂ ਲੋਕਾਂ ਦੇ ਆਉਣ ਜਾਣ ਨਾਲ ਕ੍ਰਮਵਾਰ ਹਿਮਾਲਿਆ ਦੀਆਂ ਦੱਖਣੀ ਢਲਾਨਾਂ, ਉੱਤਰ-ਪੱਛਮੀ ਵਿਸ਼ਾਲ ਮੈਦਾਨ, ਉੱਤਰ-ਪੂਰਬੀ ਰਾਜ ਅਤੇ ਦੱਖਣ ਵੱਲ ਨੀਲਗਿਰੀ ਦੀਆਂ ਪਹਾੜੀਆਂ ਦੇ ਸਮੂਹ ਉੱਤੇ ਜ਼ਿਆਦਾਤਰ ਮਾਤਰਾ ਵਿੱਚ ਮਿਲਦੀਆਂ ਹਨ। ਦੇਸ਼ ਵਿੱਚ ਇਹਨਾਂ ਵਿਦੇਸ਼ੀ ਜਾਤੀਆਂ ਦੇ ਬਹੁਤ ਸਾਰੇ ਪੌਦੇ ਬਾਗ਼ਾਂ ਦੀ ਸਜਾਵਟ ਲਈ ਲਿਆਂਦੇ ਗਏ ਸਨ ਪਰ ਇਥੋਂ ਦੇ ਗਰਮ ਅਤੇ ਸਿਲ੍ਹੇ ਮੌਸਮ ਦੇ ਕਾਰਣ ਇਹਨਾਂ ਪੌਦਿਆਂ ਦੀ ਸੰਖਿਆ ਦੇਸ਼ ਦੇ ਦਰਿਆਵਾਂ, ਤਲਾਬਾਂ, ਨਹਿਰਾਂ ਤੇ ਨਾਲਿਆਂ ਵਿੱਚ ਇੰਨੀ ਜ਼ਿਆਦਾ ਵੱਧ ਗਈ ਕਿ ਥੋੜ੍ਹੇ ਸਮੇਂ ਤੋਂ ਬਾਅਦ

ਇਹਨਾਂ ਨੂੰ ਰੋਕਣਾ ਬਹੁਤ ਹੀ ਮੁਸ਼ਕਲ ਹੋ ਗਿਆ। ਇਹ ਵਿਦੇਸ਼ੀ ਪੌਦੇ ਸਥਾਨਕ ਲਾਭਕਾਰੀ ਬਨਸਪਤੀ ਦੇ ਵਾਧੇ ਵਿੱਚ ਰੁਕਾਵਟ ਹੀ ਨਹੀਂ ਬਣੇ ਸਗੋਂ ਉਪਯੋਗੀ ਭੂਮੀ ਨੂੰ ਘੱਟ ਕਰਨ ਅਤੇ ਭਿਆਨਕ ਕਿਸਮ ਦੀਆਂ ਬਿਮਾਰੀਆਂ ਨੂੰ ਫੈਲਾਉਣ ਵਿੱਚ ਵੀ ਖਤਰਨਾਕ ਸਿੱਧ ਹੋ ਰਹੇ ਹਨ। ਇਹਨਾਂ ਦੇ ਹਾਨੀਕਾਰਕ ਪ੍ਰਭਾਵ ਦੇ ਕਾਰਣ ਹੀ ਜਲ-ਹਾਇਆਸਿੰਥ (Water Hyacinth) ਪੌਦੇ ਦੇ ਜਲਸਰੋਤਾਂ ਵਿੱਚ ਫੈਲ ਜਾਣ ਕਰਕੇ ਇਸ ਨੂੰ 'ਬੰਗਾਲ ਦੀ ਦਹਿਸ਼ਤ' (Terror of Bengal) ਦੇ ਤੌਰ ਤੇ ਜਾਣਿਆ ਜਾਂਦਾ ਹੈ। ਇਸੇ ਤਰ੍ਹਾਂ, 'ਲੈਨਟਾਨਾ' ਨਾਮੀ ਪੌਦੇ ਨੇ ਦੇਸ਼ ਦੀਆਂ ਹਰੀਆਂ ਭਰੀਆਂ ਚਰਾਗਾਹਾਂ ਅਤੇ ਕੁਦਰਤੀ ਜੰਗਲਾਂ ਵਿੱਚ ਤੇਜ਼ੀ ਨਾਲ ਫੈਲ ਕੇ ਆਪਣਾ ਪ੍ਰਭਾਵ ਜਮਾ ਲਿਆ ਹੈ। ਪਾਰਥੇਨੀਯਮ (Parthenium) ਘਾਹ ਜਾਂ ਕਾਂਗਰਸ ਘਾਹ ਨੇ ਵੀ ਤੇਜ਼ੀ ਨਾਲ ਦੇਸ਼ ਅੰਦਰ ਫੈਲਦੇ ਹੋਏ ਲੋਕ ਸਿਹਤ ਨਾਲ ਸੰਬੰਧਤ ਅਲਰਜੀ, ਸਾਹ ਅਤੇ ਚਮੜੀ ਦੇ ਰੋਗਾਂ ਵਿੱਚ ਭਾਰੀ ਵਾਧਾ ਕੀਤਾ ਹੈ। ਸੰਕਟਮਈ ਹਾਲਤ ਦੇ ਦੌਰਾਨ ਬਾਹਰ ਦੇ ਦੇਸ਼ਾਂ ਤੋਂ ਮੰਗਵਾਈ ਗਈ ਕਣਕ ਦੇ ਬੀਜਾਂ ਨਾਲ ਆਏ ਦੂਸਰੇ ਹੋਰ ਅਣਇੱਛਤ ਬੀਜ ਵੀ ਤੇਜ਼ੀ ਨਾਲ ਫੈਲੇ ਹਨ ਜਿਨ੍ਹਾਂ ਨੂੰ ਖ਼ਤਮ ਕਰਨ ਲਈ ਵਿਸ਼ੈਲੀਆਂ ਦਵਾਈਆਂ ਤੇ ਕਾਫ਼ੀ ਪੈਸਾ ਬਰਬਾਦ ਹੁੰਦਾ ਹੈ।

ਇਸ ਕਰਕੇ ਅਸੀਂ ਕਹਿ ਸਕਦੇ ਹਾਂ ਕਿ ਸਾਡੇ ਦੇਸ਼ ਵਿੱਚ ਮਿਲਣ ਵਾਲੀ ਕੁਦਰਤੀ ਬਨਸਪਤੀ ਅਸਲ ਵਿੱਚ ਕੁਦਰਤੀ ਨਹੀਂ ਰਹੀ ਬਲਕਿ ਤੇਜ਼ੀ ਨਾਲ ਵੱਧਦੀ ਵਸੋਂ, ਵਿਰਤੂ ਖਾਨਾਬਦੋਸ਼ ਖੇਤੀ ਤੇ ਸਥਾਨਕ ਖੇਤੀਬਾੜੀ ਦੇ ਵਿਕਾਸ ਦੀ ਪ੍ਰਥਾ, ਚਰਾਂਦਾਂ ਦੀ ਬਹੁਤ ਚਰਾਈ; ਲੱਕੜ ਅਤੇ ਬਾਲਣ ਲਈ ਦਰੱਖਤਾਂ ਦੀ ਅੰਨ੍ਹੇਵਾਹ ਕਟਾਈ ਆਦਿ ਕਰਕੇ ਸਥਾਨਕ ਕੁਦਰਤੀ ਬਨਸਪਤੀ ਦਾ ਬਹੁਤ ਵੱਡਾ ਹਿੱਸਾ ਜਾਂ ਤਾਂ ਨਸ਼ਟ ਹੋ ਗਿਆ ਹੈ ਜਾਂ ਫਿਰ ਬਦਲ ਦਿੱਤਾ ਗਿਆ ਹੈ। ਸਥਾਨਕ ਜਲਵਾਯੂ ਅਤੇ ਮਿੱਟੀ ਦੇ ਅਨੁਸਾਰ ਪੈਦਾ ਹੋਣ ਵਾਲੀ ਕੁਦਰਤੀ ਬਨਸਪਤੀ ਦੇਸ਼ ਅੰਦਰ ਕੇਵਲ ਉੱਤਰੀ ਹਿਮਾਲਿਆ ਖੇਤਰ, ਪੱਛਮੀ ਥਾਰ ਮਾਰੂਥਲ ਅਤੇ ਬਸਤਰ-ਕੋਰਾਪੁਟ ਦੇ ਅਗੰਮ ਪਹਾੜੀ ਸਥਾਨਾਂ ਤੇ ਹੀ ਮਿਲਦੀ ਹੈ।

### ਕੁਦਰਤੀ ਬਨਸਪਤੀ ਦਾ ਵਿਸਥਾਰ (Extent of Forests)

ਹਰੇਕ ਦੇਸ਼ ਦਾ ਵਿਕਾਸ ਅਤੇ ਵਾਤਾਵਰਨ ਸੰਤੁਲਨ ਬਣਾਏ ਰੱਖੇ ਜਾਣ ਲਈ ਇਹ ਬਹੁਤ ਹੀ ਜ਼ਰੂਰੀ ਹੋ ਜਾਂਦਾ ਹੈ ਕਿ ਉਸ ਦੀ ਘੱਟੋ ਘੱਟ 33% ਭੂਮੀ ਜੰਗਲਾਂ ਨਾਲ ਢੱਕੀ ਹੋਵੇ। ਸੰਸਾਰ ਦੀ 29.5% ਭੂਮੀ ਵਣਾਂ ਨਾਲ ਢੱਕੀ ਹੋਈ ਹੈ ਜਦੋਂ ਕਿ ਭਾਰਤ ਦੇ ਕੁੱਲ ਖੇਤਰਫਲ ਦਾ ਕੇਵਲ 741 ਲੱਖ ਹੈਕਟੇਅਰ ਭਾਗ ਜਾਂ 22.7% ਹਿੱਸਾ ਜੰਗਲਾਂ ਹੇਠ ਆਉਂਦਾ ਹੈ। ਇਹ 1951 ਦੀ 'ਰਾਸ਼ਟਰੀ ਵਣ ਨੀਤੀ ਦੇ ਪ੍ਰਸਤਾਵ' ਦੁਆਰਾ ਨਿਸ਼ਚਿਤ 33.3% ਤੋਂ ਕਾਫ਼ੀ ਘੱਟ ਹੈ। ਵਰਤਮਾਨ ਵਣਾਂ ਹੇਠ ਭੂਮੀ ਦੇਸ਼ ਦੇ ਕੁੱਲ ਖੇਤਰ ਦੇ ਪੰਜਵੇਂ ਹਿੱਸੇ ਤੋਂ ਕੁਝ ਜ਼ਿਆਦਾ ਹੈ। ਪੂਰੇ ਸੰਸਾਰ ਦੀ ਤੁਲਨਾ ਵਿੱਚ ਭਾਰਤ ਦਾ ਪ੍ਰਤੀ ਵਿਅਕਤੀ ਜੰਗਲਾਂ ਹੇਠਲਾ ਖੇਤਰ 0.14 ਹੈਕਟੇਅਰ ਹੈ ਜਦੋਂ ਕਿ ਇਹ ਖੇਤਰ ਕੈਨੇਡਾ ਵਿੱਚ 22.70, ਪਹਿਲੇ ਸੋਵੀਅਤ ਰੂਸ ਵਿੱਚ 3.75, ਆਸਟਰੇਲੀਆ ਵਿੱਚ 2.85, ਬਰਮਾ ਵਿੱਚ 1.64 ਤੇ ਅਮਰੀਕਾ ਵਿੱਚ 1.44 ਹੈਕਟੇਅਰ ਹੈ। ਸਾਡੇ ਦੇਸ਼ ਵਿੱਚ ਜੰਗਲਾਂ ਹੇਠ ਭੂਮੀ ਘੱਟ ਹੀ ਨਹੀਂ ਸਗੋਂ ਇਨ੍ਹਾਂ ਤੋਂ ਪ੍ਰਾਪਤ ਹੋਣ ਵਾਲਾ ਸਾਲਾਨਾ ਉਤਪਾਦਨ ਵੀ ਹੋਰ ਦੇਸ਼ਾਂ ਦੇ ਮੁਕਾਬਲੇ ਵਿੱਚ ਬਹੁਤ ਥੋੜ੍ਹਾ ਰਹਿ ਜਾਂਦਾ ਹੈ।


ਘੱਟ ਮਿਲਣ ਵਾਲੇ ਜੰਗਲੀ ਖੇਤਰ ਦੀ ਖੇਤਰੀ ਵੰਡ ਵੀ ਦੇਸ਼ ਵਿੱਚ ਬਹੁਤ ਹੀ ਅਸਮਾਨ ਹੈ। ਪ੍ਰਾਇਦੀਪੀ ਪਠਾਰ ਅਤੇ ਇਸ ਦੀਆਂ ਪਹਾੜੀਆਂ ਤੇ ਦੇਸ਼ ਦਾ ਕੁੱਲ 57.0 ਪ੍ਰਤੀਸ਼ਤ ਹਿੱਸਾ ਜੰਗਲਾਂ ਹੇਠ ਹੈ। ਇਸ ਤੋਂ ਬਾਅਦ 18% ਹਿਮਾਲਿਆ ਖੇਤਰ, 10% ਪੱਛਮੀ ਘਾਟ ਤੇ ਤੱਟਵਰਤੀ ਖੇਤਰ ਅਤੇ 10% ਪੂਰਬੀ ਘਾਹ ਅਤੇ ਤੱਟਵਰਤੀ ਖੇਤਰ ਵਿੱਚ ਮਿਲਦਾ ਹੈ। ਦੇਸ਼ ਦੇ ਕੁੱਲ ਵਣ ਖੇਤਰ ਦਾ ਸਭ ਤੋਂ ਘੱਟ ਹਿੱਸਾ ਕੇਵਲ 5% ਉੱਤਰੀ ਵਿਸ਼ਾਲ ਮੈਦਾਨਾਂ ਵਿੱਚ ਮਿਲਦਾ ਹੈ।

ਰਾਜਾਂ ਦੇ ਪੱਧਰ ਤੇ ਵੀ ਜੰਗਲਾਂ ਦੀ ਜ਼ਿਆਦਾ ਮਾਤਰਾ ਤ੍ਰਿਪੁਰਾ (59.6%), ਹਿਮਾਚਲ ਪ੍ਰਦੇਸ਼ (48.1%), ਅਰੁਣਾਚਲ ਪ੍ਰਦੇਸ਼ (45.8%), ਮੱਧ ਪ੍ਰਦੇਸ਼ ਅਤੇ ਛਤੀਸਗੜ੍ਹ (32.9%) ਅਤੇ ਆਸਾਮ (29.3%) ਵਿੱਚ ਮਿਲਦੀ ਹੈ ਜਦੋਂ ਕਿ ਪੰਜਾਬ (2.3%), ਰਾਜਸਥਾਨ (3.6%), ਗੁਜਰਾਤ (8.8%), ਹਰਿਆਣਾ (12.1%), ਪੱਛਮੀ ਬੰਗਾਲ (12.5%), ਉਤਰਾਂਚਲ ਅਤੇ ਉੱਤਰ ਪ੍ਰਦੇਸ਼ (13.4%) ਜਿਹੇ ਰਾਜਾਂ ਵਿੱਚ 15% ਤੋਂ ਵੀ ਘੱਟ ਭੂਮੀ ਜੰਗਲਾਂ ਹੇਠ ਆਉਂਦੀ ਹੈ। ਸੰਘੀ ਖੇਤਰਾਂ ਵਿੱਚ ਸਭ ਤੋਂ ਵੱਧ ਜੰਗਲੀ ਖੇਤਰ ਅੰਡੇਮਾਨ ਤੇ ਨਿਕੋਬਾਰ ਦੀਪ ਸਮੂਹ (94.6%) ਵਿੱਚ ਹੈ ਅਤੇ ਸਭ ਤੋਂ ਘੱਟ ਦਿੱਲੀ (2.1%) ਵਿੱਚ ਹੈ। ਇਹ ਤੱਥ ਇਹ ਸਪਸ਼ਟ ਕਰਦੇ ਹਨ ਕਿ ਪਹਾੜੀ ਰਾਜਾਂ ਵਿੱਚ ਵਣ ਜ਼ਿਆਦਾ ਹਨ ਤੇ ਮੈਦਾਨੀ ਰਾਜਾਂ ਵਿੱਚ ਇਹਨਾਂ ਦੀ ਸਖ਼ਤ ਘਾਟ ਹੈ। ਇਸ ਨਾਲ ਭੂਮੀ ਕਟਾਅ ਅਤੇ ਭੂਮੀਗਤ ਜਲ ਸਤਰ ਦੀਆਂ ਸਮੱਸਿਆਵਾਂ ਗੰਭੀਰ ਹੋ ਗਈਆਂ ਹਨ। ਇਸ ਲਈ ਉੱਤਰੀ ਮੈਦਾਨੀ ਰਾਜਾਂ ਵਿੱਚ ਵਣਾਂ ਦੇ ਲਗਾਤਾਰ ਵਾਧੇ ਲਈ ਬਹੁਤ ਤੇਜ਼ ਮੁਹਿੰਮ ਦੀ ਸਖ਼ਤ ਜ਼ਰੂਰਤ ਹੈ।

### ਕੁਦਰਤੀ ਬਨਸਪਤੀ ਦੀਆਂ ਕਿਸਮਾਂ (Types of Natural Vegetation)


ਭਾਰਤ ਵਿੱਚ ਮਿਲਣ ਵਾਲੀ ਕੁਦਰਤੀ ਬਨਸਪਤੀ ਨੂੰ ਹੇਠ ਲਿਖੇ ਵੱਖ-ਵੱਖ ਦ੍ਰਿਸ਼ਟੀਕੋਣਾਂ ਦੇ ਆਧਾਰ ਤੇ ਕਈ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ : (*i*) ਪਹੁੰਚ, (*ii*) ਪੱਤਿਆਂ ਦਾ ਆਕਾਰ, (*iii*) ਪ੍ਰਸ਼ਾਸਕੀ, (*iv*) ਕਾਨੂੰਨੀ ਪੱਧਰ ਅਤੇ (*v*) ਭੂਗੋਲਿਕ ਤੱਤ (ਮਾਡਲ 4.1)।

**ਮਾਡਲ 4.1 ਬਨਸਪਤੀ ਦੇ ਵਰਗੀਕਰਣ ਅਤੇ ਵਣਾਂ ਦੀਆਂ ਕਿਸਮਾਂ**




(*i*) ਪਹੁੰਚ ਦੇ ਆਧਾਰ ਤੇ ਦੇਸ਼ ਦੇ ਅੰਦਰ 18 ਪ੍ਰਤੀਸ਼ਤ ਵਣ ਖੇਤਰ ਅਜਿਹੇ ਹਨ ਜੋ ਹਿਮਾਲਿਆ ਦੀਆਂ ਉੱਚੀਆਂ ਢਲਾਨਾਂ ਵਰਗੇ ਪਹਾੜੀ ਖੇਤਰਾਂ ਵਿੱਚ ਸਥਿਤ ਹੋਣ ਕਰਕੇ ਮਨੁੱਖੀ ਪਹੁੰਚ ਤੋਂ ਦੂਰ ਹੋ ਜਾਂਦੇ ਹਨ ਤੇ ਸਿਰਫ ਅਸੀਂ 82% ਵਣ ਖੇਤਰ ਦਾ ਹੀ ਪ੍ਰਯੋਗ ਕਰ ਸਕਦੇ ਹਾਂ।

(*ii*) ਇਸੇ ਤਰ੍ਹਾਂ ਦੇਸ਼ ਵਿੱਚ 5 ਪ੍ਰਤੀਸ਼ਤ ਖੇਤਰ ਵਿੱਚ ਫੈਲੇ ਹੋਏ ਨੋਕੀਲੇ ਪੱਤਿਆਂ ਵਾਲੇ ਕੀਮਤੀ ਸ਼ੰਕੂਧਾਰੀ ਵਣ ਹਿਮਾਲਿਆ ਦੀਆਂ ਉਬੜ-ਖਾਬੜ ਢਲਾਨਾਂ ਤੇ ਸਥਿਤ ਹੋਣ ਕਰਕੇ ਆਵਾਜਾਈ ਦੀਆਂ ਸਹੂਲਤਾਂ ਦੀ




The territorial waters of India extend into the sea to a distance of twelve nautical miles measured from the appropriate base line.

ਭਾਰਤ ਦਾ ਖੇਤਰੀ ਜਲ, ਸਮੁੰਦਰ ਦੀ ਉਚਿਤ ਆਧਾਰ ਰੇਖਾ ਤੋਂ ਬਾਰਾਂ ਸਮੁੰਦਰੀ ਮੀਲਾਂ ਦੀ ਦੂਰੀ ਤੱਕ ਫੈਲਿਆ ਹੋਇਆ ਹੈ।

ਘਾਟ ਕਾਰਣ ਲਗਪਗ ਅਛੂਤੇ ਹੀ ਰਹਿ ਜਾਂਦੇ ਹਨ ਜਦੋਂ ਕਿ ਦੇਸ ਵਾਸੀ ਚੌੜੇ ਪੱਤਿਆਂ ਵਾਲੇ ਸਾਲ ਅਤੇ ਟੀਕ ਜਿਹੇ 95% ਵਣਾਂ ਦਾ ਹੀ ਪ੍ਰਯੋਗ ਕਰ ਸਕਦੇ ਹਨ।

(*iii*) ਤੀਸਰੇ ਆਧਾਰ ਤੇ ਵਣਾਂ ਦੀ ਵੰਡ ਇਹਨਾਂ ਦੀ ਅੰਨ੍ਹੇ-ਵਾਹ ਕਟਾਈ ਅਤੇ ਸੰਭਾਲ ਨੂੰ ਧਿਆਨ ਵਿੱਚ ਰੱਖਦੇ ਹੋਏ 'ਪ੍ਰਸ਼ਾਸਕੀ ਆਧਾਰ' ਤੇ ਵੀ ਤਿੰਨ ਭਾਗਾਂ ਵਿੱਚ ਕੀਤੀ ਗਈ ਹੈ : ਇਸ ਅਨੁਸਾਰ ਰਾਜ ਵਣਾਂ (State Forests) ਦੇ ਹੇਠਾਂ 95% (717 ਲੱਖ ਹੈਕਟੇਅਰ) ਹਿੱਸਾ ਆਉਂਦਾ ਹੈ ਜਿਸ ਤੇ ਸਰਕਾਰ ਦਾ ਪੂਰਾ ਕੰਟਰੋਲ ਹੁੰਦਾ ਹੈ। ਇਹਨਾਂ ਤੋਂ ਇਲਾਵਾ ਉਹ ਵਣ ਭਾਗ ਜੋ ਸਥਾਨਕ ਨਗਰਪਾਲਿਕਾ ਅਤੇ ਜ਼ਿਲ੍ਹਾ ਪ੍ਰੀਸ਼ਦ ਦੀ ਦੇਖ ਰੇਖ ਹੇਠਾਂ

ਆਉਂਦੇ ਹਨ ਤੇ ਕੁੱਲ ਵਣ ਖੇਤਰ ਦਾ ਕੇਵਲ 3% (20 ਲੱਖ ਹੈਕਟੇਅਰ) ਹਿੱਸਾ ਘੇਰਦੇ ਹਨ, ਸਮੂਹਿਕ ਵਣ (Community Forests) ਕਹਿਲਾਉਂਦੇ ਹਨ। ਬਾਕੀ ਬਚਦਾ 2% (9 ਲੱਖ ਹੈਕਟੇਅਰ) ਵਣ ਹਿੱਸਾ ਆਮ ਲੋਕਾਂ ਦੇ ਨਿੱਜੀ ਅਧਿਕਾਰ (Private Forests) ਹੇਠ ਆ ਜਾਂਦਾ ਹੈ।

(*iv*) ਵਣਾਂ ਦੇ ਸੁਚੱਜੇ ਪ੍ਰਯੋਗ, ਕੰਟਰੋਲ ਤੇ ਕਾਨੂੰਨੀ ਸੁਰੱਖਿਆ ਦੇ ਪੱਖੋਂ ਵੀ ਵਣਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ। ਦੇਸ਼ ਵਿੱਚ ਭੂਮੀ ਦੇ ਕਟਾਅ, ਵਾਤਾਵਰਨ ਦੀ ਸੰਭਾਲ ਅਤੇ ਲੱਕੜ ਦੀ ਨਿਰਵਿਘਨ ਪੂਰਤੀ ਦੇ ਲਈ 52% (394 ਲੱਖ ਹੈਕਟੇਅਰ) ਵਣ ਖੇਤਰ ਸੁਰੱਖਿਅਤ (Reserved) ਰੱਖਿਆ ਗਿਆ ਹੈ ਜਿਸ ਵਿੱਚ ਪਸ਼ੂ ਚਰਾਉਣੇ ਅਤੇ ਲੱਕੜ ਕੱਟਣਾ ਸਖ਼ਤ ਮਨ੍ਹਾ ਹੈ। ਦੂਸਰੇ 32% (233 ਲੱਖ ਹੈਕਟੇਅਰ) ਉਹ ਰਾਖਵਾਂ ਵਣ ਖੇਤਰ (Protected Forests) ਹੈ ਜਿਸ ਨੂੰ ਖਤਮ ਕਰਨ ਤੇ ਸਰਕਾਰੀ ਮਨ੍ਹਾਹੀ ਲਾਗੂ ਹੈ ਪਰ ਇਥੇ ਪਸ਼ੂ ਚਰਾਉਣ, ਲੱਕੜ ਤੇ ਘਾਹ ਕੱਟਣ ਦੀਆਂ ਸਹੂਲਤਾਂ ਮਿਲ ਜਾਂਦੀਆਂ ਹਨ। ਤੀਸਰੀ ਉਪ-ਵੰਡ 16% ਅਣਵੰਡੇ ਵਣਾਂ (Unclassified Forests) ਦੀ ਹੈ ਜਿਸ ਵਲ ਸਰਕਾਰ ਦਾ ਧਿਆਨ ਘੱਟ ਗਿਆ ਹੈ ਅਤੇ ਇਥੇ ਲੋਕ ਸਹੂਲਤਾਂ ਪ੍ਰਾਪਤ ਕਰ ਸਕਦੇ ਹਨ।

(*v*) ਉਪਰੋਕਤ ਆਧਾਰਾਂ ਤੋਂ ਇਲਾਵਾ ਦੇਸ਼ ਅੰਦਰ ਕੁਦਰਤੀ ਬਨਸਪਤੀ ਦੀ ਵੰਡ ਨੂੰ ਭੂਗੋਲਿਕ ਤੱਤ ਵੀ ਅਸਰ ਪਾਉਂਦੇ ਹਨ। ਭਾਵੇਂ ਸਮੁੱਚੇ ਦੇਸ਼ ਦਾ ਜਲਵਾਯੂ ਊਸ਼ਣ ਮਾਨਸੂਨੀ ਹੈ ਪਰ ਵਰਖਾ ਤੇ ਧਰਾਤਲੀ ਉੱਚਾਈ ਦੇ ਵਖਰੇਵੇਂ ਦੇ ਕਾਰਣ ਦੇਸ਼ ਵਿੱਚ ਭੂਮੱਧ ਰੇਖੀ ਸਦਾ ਬਹਾਰ ਬਨਸਪਤੀ ਤੋਂ ਲੈ ਕੇ ਬਰਫ਼ੀਲੇ ਖੇਤਰਾਂ ਵਾਲੀ ਅਲਪਾਈਨ ਤੱਕ ਦੀ ਕੁਦਰਤੀ ਬਨਸਪਤੀ ਮਿਲ ਜਾਂਦੀ ਹੈ ਜਿਸ ਨੂੰ ਵਾਤਾਵਰਨ ਦੇ ਤੱਤਾਂ ਦੇ ਆਧਾਰ ਤੇ ਹੇਠ ਲਿਖੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ :

(1) ਊਸ਼ਣ ਸਦਾਬਹਾਰ ਬਨਸਪਤੀ (Tropical Evergreen Vegetation)

(2) ਪਤਝੜੀ ਜਾਂ ਮੌਨਸੂਨੀ ਬਨਸਪਤੀ (Deciduous or Monsoonal Vegetation)

(3) ਖੁਸ਼ਕ ਬਨਸਪਤੀ (Dry Vegetation)

(4) ਜਵਾਰੀ ਜਾਂ ਮੈਂਗਰੋਵ ਬਨਸਪਤੀ (Tidal Vegetation)

(5) ਪਰਬਤੀ ਬਨਸਪਤੀ (Mountaneous Vegetation)

**(1) ਊਸ਼ਣ ਸਦਾਬਹਾਰ ਬਨਸਪਤੀ—** ਇਸ ਤਰ੍ਹਾਂ ਬਨਸਪਤੀ ਮੁੱਖ ਤੌਰ ਤੇ ਜ਼ਿਆਦਾ ਵਰਖਾ ਵਾਲੇ ਭਾਗਾਂ ਵਿੱਚ ਮਿਲਦੀ ਹੈ। ਇਸ ਕਰਕੇ ਇਹਨਾਂ ਨੂੰ ਬਰਸਾਤੀ ਵਣ (Rainy Forests) ਵੀ ਕਿਹਾ ਜਾਂਦਾ ਹੈ।

**(ੳ) ਖੇਤਰ** : ਇਹਨਾਂ ਵਣਾਂ ਦਾ ਵਿਸਥਾਰ (*i*) ਪੱਛਮੀ ਘਾਟ ਦੇ ਪੱਛਮੀ ਹਿੱਸੇ, (*ii*) ਅੰਡੇਮਾਨ ਨਿਕੋਬਾਰ ਤੇ ਲਕਸ਼ਦੀਪ ਸਮੂਹ, (*iii*) ਛੋਟੇ ਹਿਮਾਲਿਆ ਦੀਆਂ ਦੱਖਣੀ ਤੇ ਪੂਰਬੀ ਢਲਾਨਾਂ, (*iv*) ਸ਼ਿਲਾਂਗ ਪਠਾਰ ਦੀਆਂ ਪਹਾੜੀਆਂ ਅਤੇ (*v*) ਆਸਾਮ, ਬੰਗਾਲ ਤੇ ਉੜੀਸਾ ਦੇ ਜੁੜਵੇਂ ਮੈਦਾਨੀ ਭਾਗਾਂ ਵਿੱਚ ਮਿਲਦਾ ਹੈ।

**(ਅ) ਜਲਵਾਯੂ** : ਇਸ ਕਿਸਮ ਦੀ ਬਨਸਪਤੀ ਵਾਲੇ ਭਾਗਾਂ ਵਿੱਚ ਸਾਲਾਨਾ ਔਸਤਨ ਤਾਪਮਾਨ 25° ਸੈਲਸੀਅਸ ਤੋਂ ਵੱਧ ਅਤੇ ਵਰਖਾ 200 ਸੈਂਟੀਮੀਟਰ ਤੋਂ ਜ਼ਿਆਦਾ ਹੁੰਦੀ ਹੈ। ਹਵਾ ਵਿੱਚ ਨਮੀ ਦੀ ਮਾਤਰਾ ਸਾਰਾ ਸਾਲ ਹੀ 70 ਪ੍ਰਤੀਸ਼ਤ ਤੋਂ ਵੱਧ ਰਹਿੰਦੀ ਹੈ।

**(ੲ) ਉੱਚਾਈ** : ਇਹ ਬਨਸਪਤੀ ਸਮੁੰਦਰ ਤਲ ਤੋਂ ਲਗਪਗ 1200 ਮੀਟਰ ਦੀ ਉਚਾਈ ਤੱਕ ਮਿਲ ਜਾਂਦੀ ਹੈ। ਇਹਨਾਂ ਵਿੱਚ ਮਿਲਣ ਵਾਲੇ ਦਰੱਖਤਾਂ ਦੀ ਉਚਾਈ 30 ਤੋਂ ਲੈ ਕੇ 60 ਮੀਟਰ ਤੱਕ ਮਿਲਦੀ ਹੈ ਤੇ ਤਣਾ 5 ਮੀਟਰ ਤੋਂ ਵੀ ਵੱਧ ਮੋਟਾ ਹੁੰਦਾ ਹੈ।

(ਸ) **ਮੁੱਖ ਦਰੱਖਤ** : ਮਹਾਂਗਨੀ, ਬਾਂਸ, ਰਬੜ, ਨਾਰੀਅਲ, ਤਾੜ, ਰੋਜ਼ਵੁੱਡ, ਲੋਹਕਾਠ, ਗੁਰਜਨ, ਬੈਂਤ, ਹੋਪੀਆ, ਨਾਗਕੇਸਰ, ਚਪਲਾਂਸ, ਚੰਬ, ਚਾਂਪ, ਮੈਚੀਲਸ ਤੇ ਕਦਮ ਆਦਿ।

(ਹ) **ਵਿਸ਼ੇਸ਼ਤਾਵਾਂ** : ਇਸ ਕਿਸਮ ਦੀ ਬਨਸਪਤੀ ਬਹੁਤ ਹੀ ਸੰਘਣੀ ਅਤੇ ਮਿਲੇ-ਜੁਲੇ ਦਰੱਖਤਾਂ ਨਾਲ ਭਰਪੂਰ ਹੁੰਦੀ ਹੈ। ਇਹਨਾਂ ਦੇ ਪੱਤੇ ਇਕੋ ਸਮੇਂ ਨਾ ਗਿਰਨ ਕਰਕੇ ਇਹ ਸਾਰਾ ਸਾਲ ਹਰੇ ਭਰੇ ਰਹਿੰਦੇ ਹਨ। ਇਹਨਾਂ ਦੇ ਤਣੇ ਇਕ ਦਮ ਸਿੱਧੇ ਅਤੇ ਲੰਬੇ ਹੁੰਦੇ ਹਨ ਪਰ ਸ਼ਾਖਾਵਾਂ ਛੋਟੀਆਂ ਛੋਟੀਆਂ ਹੁੰਦੀਆਂ ਹਨ ਜੋ ਕਿ 30 ਮੀਟਰ ਦੀ ਉੱਚਾਈ ਤੋਂ ਬਾਅਦ ਇੱਧਰ-ਉੱਧਰ ਫੈਲ ਕੇ ਦਰੱਖਤ ਦੀ ਸ਼ਕਲ ਛੱਤਰੀ ਵਰਗੀ (Canopy Type) ਬਣਾ ਦਿੰਦੀਆਂ ਹਨ ਤਾਂ ਕਿ ਵੱਧ ਤੋਂ ਵੱਧ ਸੂਰਜ ਦੀ ਰੋਸ਼ਨੀ ਪ੍ਰਾਪਤ ਕੀਤੀ ਜਾ ਸਕੇ। ਇਹਨਾਂ ਦਰੱਖਤਾਂ ਦੇ ਥੱਲੇ ਦਲਦਲ ਜ਼ਿਆਦਾ ਮਿਲਦੀ ਹੈ ਅਤੇ ਹਨੇਰਾ ਛਾਇਆ ਰਹਿੰਦਾ ਹੈ ਜਿਥੇ ਕਿ ਛੋਟੀਆਂ ਛੋਟੀਆਂ ਝਾੜੀਆਂ, ਵੇਲਾਂ, ਕੇਨ ਤੇ ਫ਼ਰਨ ਜਿਹੀ ਬਨਸਪਤੀ ਉੱਗ ਆਉਂਦੀ ਹੈ। ਇਹਨਾਂ ਦਰੱਖਤਾਂ ਦੇ ਤਣੇ ਉੱਪਰ ਵੀ ਕਈ ਵਾਰ ਹੋਰ ਦਰੱਖਤ ਉੱਗ ਆਉਂਦੇ ਹਨ (Xerophytic Growth)। ਇਹਨਾਂ ਦਰੱਖਤਾਂ ਦੇ ਉੱਪਰਲੇ ਸੰਘਣੇ ਹਿੱਸੇ ਭਾਂਤ ਭਾਂਤ ਦੇ ਪੰਛੀ ਤੇ ਜੰਗਲੀ ਜਾਨਵਰਾਂ ਦੇ ਨਿਵਾਸ ਦਾ ਸਥਾਨ ਬਣਦੇ ਹਨ ਜੋ ਕਿ ਇਸ ਕਿਸਮ ਦੀ ਉਪ-ਬਨਸਪਤੀ ਲਈ ਜ਼ਿੰਮੇਵਾਰ ਹੁੰਦੇ ਹਨ। ਭਾਵੇਂ ਇਹਨਾਂ ਦਰੱਖਤਾਂ ਦੀ ਲੱਕੜ ਕਾਫ਼ੀ ਸਖ਼ਤ ਹੁੰਦੀ ਹੈ ਪਰ ਵੱਖੋ ਵੱਖ ਤਰ੍ਹਾਂ ਦੇ ਦਰੱਖਤਾਂ ਦੇ ਪਾਸ ਪਾਸ ਉੱਗਣ ਦੇ ਕਾਰਣ ਅਤੇ ਧਰਾਤਲ ਸਾਫ਼ ਨਾ ਹੋਣ ਕਰਕੇ ਇਕ ਤਾਂ ਲੱਕੜ ਕੱਟਣ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ ਅਤੇ ਦੂਸਰੇ ਆਵਾਜਾਈ ਦੀਆਂ ਸਹੂਲਤਾਂ ਨਾ ਮਿਲਣ ਦੇ ਕਾਰਨ ਅਜਿਹੀ ਕਿਸਮ ਦੇ ਵਣਾਂ ਦਾ ਆਰਥਿਕ ਲਾਭ ਘੱਟ ਹੁੰਦਾ ਹੈ। ਪਰੰਤੂ ਦੂਸਰੀਆਂ ਦੋ ਵੱਡੀਆਂ ਲੜਾਈਆਂ ਦੇ ਸਮੇਂ ਅੰਗਰੇਜ਼ਾਂ ਦੁਆਰਾ, ਵੱਧਦੀ ਜਨਸੰਖਿਆ ਦੀਆਂ ਜ਼ਰੂਰਤਾਂ ਅਤੇ ਫਿਰਤੂ ਖੇਤੀ ਦੀ ਪ੍ਰਥਾ ਆਦਿ ਦੇ ਕਾਰਨ ਲੱਕੜ ਦੇ ਜ਼ਿਆਦਾ ਕੱਟ ਲਏ ਜਾਣ ਕਰਕੇ ਦੇਸ਼ ਅੰਦਰ ਅਜਿਹੇ ਵਣਾਂ ਨੂੰ ਜ਼ਿਆਦਾ ਨੁਕਸਾਨ ਪੁੱਜਾ ਹੈ।

(2) **ਪਤਝੜੀ ਜਾਂ ਮੌਨਸੂਨੀ ਬਨਸਪਤੀ :** ਇਸ ਕਿਸਮ ਦੀ ਬਨਸਪਤੀ ਆਮ ਤੌਰ ਤੇ ਗਰਮੀ ਦੀ ਰੁੱਤ ਦੇ ਸ਼ੁਰੂ ਹੋਣ ਤੋਂ ਪਹਿਲਾਂ ਜ਼ਿਆਦਾ ਵਾਸ਼ਪੀਕਰਣ ਨੂੰ ਰੋਕਣ ਵਾਸਤੇ ਆਪਣੇ ਪੱਤੇ ਗਿਰਾ ਦਿੰਦੀ ਹੈ ਤਾਂ ਕਿ ਖੁਸ਼ਕ ਹਵਾ ਅਤੇ ਧੁੱਪ ਤੋਂ ਬਚਾਅ ਹੋ ਸਕੇ ਤੇ ਜ਼ਮੀਨ ਦੇ ਅੰਦਰੋਂ ਹੀ ਮਿਲਣ ਵਾਲੀ ਪਾਣੀ ਦੀ ਮਾਤਰਾ ਤੇ ਹੀ ਲੰਮੇ ਸਮੇਂ ਤੱਕ ਗੁਜ਼ਾਰਾ ਕੀਤਾ ਜਾ ਸਕੇ। ਇਸ ਪਤਝੜੀ ਬਨਸਪਤੀ ਨੂੰ ਧਰਾਤਲ ਤੇ ਮਿਲਣ ਵਾਲੀ ਵਰਖਾ ਦੀ ਮਾਤਰਾ ਦੇ ਆਧਾਰ ਤੇ ਸਿੱਲੀ ਅਤੇ ਅਰਧ ਖੁਸ਼ਕ ਦੋ ਉਪ-ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।

*(i)* **ਸਿੱਲ੍ਹੀ ਪਤਝੜੀ ਬਨਸਪਤੀ** : **(ੳ) ਖੇਤਰ** : ਇਸ ਤਰ੍ਹਾਂ ਦੀ ਬਨਸਪਤੀ ਦੇਸ਼ ਵਿੱਚ ਉਹਨਾਂ ਚਾਰ ਵੱਡੇ ਖੇਤਰਾਂ ਵਿੱਚ ਉੱਗਦੀ ਹੈ ਜਿਥੇ ਸਾਲ ਵਿੱਚ 100 ਤੋਂ 200 ਸੈਂਟੀਮੀਟਰ ਤੱਕ ਸਧਾਰਣ ਵਰਖਾ ਹੁੰਦੀ ਹੈ। ਇਹ ਖੇਤਰ ਹਨ : (ੳ) ਹਿਮਾਲਿਆ ਦੇ ਨੇੜੇ ਦੇ ਤਰਾਈ ਦੇ ਖੇਤਰ ; (ਅ) ਵਿੰਧੀਆਚਲ-ਸੱਤਪੁੜਾ ਪਰਬਤੀ ਭਾਗ ਅਤੇ ਨਾਲ ਲੱਗਦੇ ਛੋਟੇ ਨਾਗਪੁਰ ਦੀ ਪਠਾਰ ਤੇ ਉੱਤਰ ਪੂਰਬੀ ਪਹਾੜੀ ਰਾਜ; (ੲ) ਪੱਛਮੀ ਘਾਟਾਂ ਦੀ ਪੂਰਬੀ ਢਲਾਨ; (ਸ) ਅਤੇ ਦੱਖਣ ਪੂਰਬੀ ਘਾਟ ਦੇ ਤਾਮਿਲਨਾਡੂ ਦੇ ਖੇਤਰ। ਇਹਨਾਂ ਖੇਤਰਾਂ ਦੇ ਦਰੱਖਤ ਘੱਟ ਸੰਘਣੇ ਹੁੰਦੇ ਹਨ ਪਰ ਲੰਬਾਈ 30 ਮੀਟਰ ਤੱਕ ਪਹੁੰਚ ਜਾਂਦੀ ਹੈ।

**(ਅ) ਦਰਖਤਾਂ ਦੀ ਕਿਸਮ** : ਉੱਤਰੀ ਵਣ ਖੇਤਰਾਂ ਵਿੱਚ ਸਾਲ ਤੇ ਟਾਹਲੀ ਅਤੇ ਦੱਖਣ ਵਿੱਚ ਸਾਗੌਨ, ਟੀਕ ਅਤੇ ਚੰਦਨ ਦੇ ਕੀਮਤੀ ਰੁੱਖ ਪੈਦਾ ਹੁੰਦੇ ਹਨ। ਇਹਨਾਂ ਤੋਂ ਇਲਾਵਾ ਜਾਮਣ, ਅਮਲਤਾਸ, ਹਲਦੂ, ਮਹੂਆ, ਸਾਖੂ, ਐਬੋਨੀ, ਸ਼ਹਿਤੂਤ, ਅਰਜੁਨ, ਢੱਕ, ਆਂਵਲਾ ਤੇ ਗੁਲਾਰ ਆਦਿ ਦੇ ਦਰੱਖਤ ਵੀ ਜ਼ਿਆਦਾ ਮਾਤਰਾ ਵਿੱਚ ਮਿਲ ਜਾਂਦੇ ਹਨ।

(ੲ) **ਘਾਹ** : ਇਹਨਾਂ ਦਰੱਖਤਾਂ ਤੋਂ ਇਲਾਵਾ ਤਰਾਈ ਖੇਤਰ ਵਿੱਚ ਬਹੁਤ ਹੀ ਕੀਮਤੀ 'ਸਬਾਈ' (Sabai) ਵੀ ਉੱਗਦੀ ਹੈ ਜੋ ਕਾਗਜ਼ ਬਣਾਉਣ ਲਈ ਮਦਦਗਾਰ ਸਾਬਿਤ ਹੁੰਦੀ ਹੈ।

ਪਰ ਪੱਧਰੀ ਜ਼ਮੀਨ ਤੇ ਖੇਤੀਬਾੜੀ ਕਰਨ ਲਈ ਇਹਨਾਂ ਵਿੱਚੋਂ ਬਹੁਤ ਸਾਰੀ ਬਨਸਪਤੀ ਸਾਫ਼ ਕਰ ਦਿੱਤੀ ਗਈ ਹੈ।

*(ii)* **ਅਰਧ-ਖੁਸ਼ਕ ਪਤਝੜੀ ਬਨਸਪਤੀ** : ਇਸ ਕਿਸਮ ਦੀ ਬਨਸਪਤੀ 50 ਤੋਂ ਲੈ ਕੇ 100 ਸੈਂਟੀਮੀਟਰ ਤੱਕ ਦੀ ਘੱਟ ਵਰਖਾ ਵਾਲੇ ਖੇਤਰਾਂ ਵਿੱਚ ਮਿਲਦੀ ਹੈ।

(ੳ) **ਖੇਤਰ** : ਇਹ ਲੰਬੀ ਪੱਟੀ ਪੰਜਾਬ ਤੋਂ ਸ਼ੁਰੂ ਹੋ ਕੇ ਹਰਿਆਣਾ, ਦੱਖਣ-ਪੱਛਮੀ ਉੱਤਰ ਪ੍ਰਦੇਸ਼, ਪੂਰਬੀ ਰਾਜਸਥਾਨ, ਕਾਠਿਆਵਾੜ ਤੇ ਦੱਖਣ ਦੀ ਪਠਾਰ ਤੇ ਮੱਧਵਰਤੀ ਭਾਗਾਂ ਦੇ ਆਸ ਪਾਸ ਦੇ ਖੇਤਰਾਂ ਤੱਕ ਜਾਂਦੀ ਹੈ।

(ਅ) **ਦਰਖਤ** : ਇਸ ਲੰਬੀ ਪੱਟੀ ਵਿੱਚ ਟਾਹਲੀ, ਕਿੱਕਰ ਜਾਂ ਬਬੂਲ, ਬੋਹੜ, ਹਲਦੂ ਜਿਹੇ ਦਰੱਖਤ ਜ਼ਿਆਦਾ ਮਾਤਰਾ ਵਿੱਚ ਦੂਰ ਦੂਰ ਤੱਕ ਮਿਲਦੇ ਹਨ। ਇਹਨਾਂ ਵਿੱਚ ਚੰਦਨ, ਮਹੂਆ, ਸੀਰਸ ਤੇ ਸਾਗਵਾਨ ਜਿਹੇ ਕੀਮਤੀ ਦਰਖਤ ਵੀ ਮਿਸ਼ਰਤ ਤੌਰ ਤੇ ਕਿਤੇ ਕਿਤੇ ਆ ਮਿਲਦੇ ਹਨ। ਇਹ ਦਰਖਤ ਗਰਮੀਆਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਆਪਣੇ ਪੱਤੇ ਗਿਰਾ ਦਿੰਦੇ ਹਨ।

(ੲ) **ਘਾਹ** : ਇਹਨਾਂ ਖੇਤਰਾਂ ਵਿੱਚ ਦੂਰ-ਦੂਰ ਤੱਕ ਕੰਡੇਦਾਰ ਝਾੜੀਆਂ ਤੇ ਕਈ ਤਰ੍ਹਾਂ ਘਾਹ ਨਜ਼ਰ ਆਉਂਦੀ ਹੈ ਜੋ ਕਿ ਘਾਹ ਦੇ ਸਵਾਨਾ ਮੈਦਾਨਾਂ (Savannah Grasslands) ਦੀ ਤਰ੍ਹਾਂ ਨਜ਼ਰ ਆਉਂਦੇ ਹਨ। ਇਸ ਘਾਹ ਨੂੰ ਮੁੰਜ, ਕਾਂਸ ਤੇ ਸਵਾਈ ਕਿਹਾ ਜਾਂਦਾ ਹੈ।

ਇਸ ਕਿਸਮ ਦੀ ਬਨਸਪਤੀ ਦਾ ਜਨਸੰਖਿਆ ਦੇ ਵੱਧ ਰਹੇ ਲਗਾਤਾਰ ਦਬਾਅ ਦੇ ਕਾਰਣ ਜ਼ਿਆਦਾ ਸਫਾਇਆ ਕੀਤਾ ਗਿਆ ਹੈ। ਜਿਥੇ ਕਿਤੇ ਵੀ ਵਾਹੁਣਯੋਗ ਜ਼ਮੀਨ ਮਿਲਦੀ ਹੈ, ਦਰੱਖਤਾਂ ਨੂੰ ਬੇਰਹਿਮੀ ਨਾਲ ਕੱਟਿਆ ਗਿਆ ਹੈ। ਇਸ ਲਈ ਇਸ ਵੱਡੇ ਖੇਤਰ ਵਿੱਚ ਪੁਰਾਤਨ ਭਾਰਤੀ ਯੁੱਗ ਦੀ ਤਰ੍ਹਾਂ ਰੁੱਖ ਲਗਾਉਣ (Plantation) ਲਈ ਤੇਜ਼ ਮੁਹਿੰਮ ਤੇ ਨਿੱਜੀ ਦੇਖਭਾਲ ਦੀ ਸਖ਼ਤ ਜ਼ਰੂਰਤ ਹੈ ਤਾਂ ਕਿ ਖ਼ੁਦ ਮਨੁੱਖ ਭੇਡਾਂ, ਬੱਕਰੀਆਂ, ਊਠ ਤੇ ਧਰਾਤਲ ਅੰਦਰਲੇ ਜੀਵ ਇਹਨਾਂ ਦਾ ਹੋਰ ਨੁਕਸਾਨ ਨਾ ਕਰ ਸਕਣ।

(3) **ਖੁਸ਼ਕ ਬਨਸਪਤੀ** : ਇਸ ਤਰ੍ਹਾਂ ਦੀ ਬਨਸਪਤੀ ਦੇਸ਼ ਦੇ ਮਾਰੂਥਲੀ ਜਾਂ ਅਰਧ ਮਾਰੂਥਲੀ ਭਾਗਾਂ ਵਿੱਚ ਮਿਲਦੀ ਹੈ ਜਿਥੇ 50 ਸੈਂਟੀਮੀਟਰ ਤੋਂ ਵੀ ਘੱਟ ਵਰਖਾ ਹੁੰਦੀ ਹੈ। ਨਮੀ ਦੀ ਘਾਟ ਦੇ ਕਾਰਣ ਦਰਖਤਾਂ ਉੱਤੇ ਪੱਤਿਆਂ ਦੀ ਮਾਤਰਾ ਘੱਟ ਹੁੰਦੀ ਹੈ। ਪੱਤੇ ਚਮਕੀਲੇ, ਛੋਟੇ, ਤਿੱਖੇ ਤੇ ਕੰਡੇਦਾਰ ਹੁੰਦੇ ਹਨ ਪਰ ਇਹਨਾਂ ਦਰਖਤਾਂ ਦੀਆਂ ਜੜ੍ਹਾਂ ਬਹੁਤ ਲੰਬੀਆਂ ਹੁੰਦੀਆਂ ਹਨ।

(ੳ) **ਮੁੱਖ ਦਰਖਤ** : ਅਜਿਹੇ ਖੇਤਰਾਂ ਵਿੱਚ ਕਿੱਕਰ, ਜੰਡ ਅਤੇ ਤਮਾਰਿਸ ਸਭ ਤੋਂ ਵੱਧ ਮਾਤਰਾ ਵਿੱਚ ਮਿਲਦੇ ਹਨ। ਇਹਨਾਂ ਤੋਂ ਬਿਨਾਂ ਰਾਮਬਾਂਸ, ਖੈਰ, ਪਿੱਪਲ, ਖਜੂਰ, ਖੇਜੜਾ, ਬੇਰ, ਅੱਕ, ਨਿੰਬੂ, ਡੰਡ ਥੋਹਰ (ਕੈਕਟਸ) ਤੇ ਮੁੰਜ ਘਾਹ ਜਿਹੀ ਬਨਸਪਤੀ ਵੀ ਮਿਲ ਜਾਂਦੀ ਹੈ। ਪਾਣੀ ਦੀ ਘਾਟ ਦੇ ਕਾਰਣ ਰਾਜਸਥਾਨ ਦੇ ਪੱਛਮੀ ਸੀਮਾਵਰਤੀ ਖੇਤਰਾਂ ਵੱਲ ਜਾਂਦੇ ਜਾਂਦੇ ਇਹ ਬਨਸਪਤੀ ਬਿਲਕੁਲ ਹੀ ਖਤਮ ਹੋ ਜਾਂਦੀ ਹੈ। ਪਰ ਪੰਜਾਬ ਦੇ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਸਤਲੁਜ ਵਿੱਚੋਂ ਨਿਕਲ ਕੇ ਇਹਨਾਂ ਖੇਤਰਾਂ ਵੱਲ ਆਉਣ ਵਾਲੀ ਇੰਦਰਾ-ਗਾਂਧੀ ਨਹਿਰ ਦੇ ਨਾਲ ਨਾਲ ਰੁੱਖ ਲਗਾ ਕੇ ਇਸ ਖੇਤਰ ਨੂੰ ਫਿਰ ਤੋਂ ਹਰਿਆ-ਭਰਿਆ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

(ਅ) **ਖੇਤਰ** : ਇਸ ਬਨਸਪਤੀ ਹੇਠ ਅਰਾਵਲੀ ਪਰਬਤਾਂ ਦੇ ਪੱਛਮ ਵੱਲ ਦੇ ਰਾਜਸਥਾਨੀ ਖੇਤਰ, ਦੱਖਣੀ ਪੰਜਾਬ ਤੇ ਹਰਿਆਣਾ ਅਤੇ ਦੱਖਣੀ ਪਠਾਰ ਦੇ ਅੰਦਰੂਨੀ ਵਰਖਾ ਓਟ ਖਿੱਤੇ ਆਉਂਦੇ ਹਨ।

(4) **ਜਵਾਰੀ ਬਨਸਪਤੀ** : ਇਸ ਕਿਸਮ ਦੀ ਬਨਸਪਤੀ ਗੰਗਾ, ਬ੍ਰਹਮਪੁੱਤਰ, ਕ੍ਰਿਸ਼ਨਾ, ਕਾਵੇਰੀ, ਗੋਦਾਵਰੀ ਅਤੇ ਮਹਾਂਨਦੀ ਜਿਹੀਆਂ ਨਦੀਆਂ ਦੇ ਡੈਲਟਾਈ ਭਾਗਾਂ ਵਿੱਚ ਪੈਦਾ ਹੁੰਦੀ ਹੈ ਜਿਥੇ ਕਿ ਜਵਾਰ ਦੇ ਸਮੇਂ ਉਠਿਆ ਹੋਇਆ ਸਮੁੰਦਰੀ ਪਾਣੀ ਦਰਖਤਾਂ ਦੀਆਂ ਜੜ੍ਹਾਂ ਤੱਕ ਪਹੁੰਚਦਾ ਰਹਿੰਦਾ ਹੈ। ਇਸ ਕਰਕੇ ਇਹਨਾਂ ਦਰਖਤਾਂ ਦੀਆਂ ਜੜ੍ਹਾਂ ਗਲ-ਸੜ ਜਾਂਦੀਆਂ ਹਨ ਅਤੇ ਮਿੱਟੀ ਦਲਦਲੀ ਹੋ ਜਾਂਦੀ ਹੈ। ਇਹਨਾਂ ਦਰਖਤਾਂ ਦੀਆਂ ਬਾਹਰ ਨਿਕਲੀਆਂ ਜੜ੍ਹਾਂ ਵਿੱਚ ਜ਼ਹਿਰੀਲੇ ਕੀੜੇ ਮਕੌੜੇ, ਅਜਗਰ, ਸੱਪ ਤੇ ਮਗਰਮੱਛ ਮਿਲਦੇ ਹਨ। ਇਸ ਕਰਕੇ ਇਸ ਕਿਸਮ ਦੀ ਬਨਸਪਤੀ ਨੂੰ ਮੈਂਗਰੋਵ (Mangroves), ਦਲਦਲੀ (Swamps), ਸਮੁੰਦਰੀ ਕਿਨਾਰੇ ਵਾਲੀ (Litoral) ਜਾਂ ਸੁੰਦਰੀ (Sundrvan) ਬਨਸਪਤੀ ਵੀ ਕਿਹਾ ਜਾਂਦਾ ਹੈ।

ਇਥੇ ਸਭ ਤੋਂ ਵੱਧ ਗਿਣਤੀ ਵਿੱਚ ਸੁੰਦਰੀ ਰੁੱਖ ਮਿਲਦਾ ਹੈ ਇਸਦੇ ਨਾਂ ਕਰਕੇ ਹੀ ਗੰਗਾ ਤੇ ਬ੍ਰਹਮਪੁੱਤਰ ਦੇ ਡੈਲਟੇ ਨੂੰ ਸੁੰਦਰਵਨ ਡੈਲਟਾ ਕਿਹਾ ਜਾਂਦਾ ਹੈ। ਇਸ ਦਰਖਤ ਤੋਂ ਬਿਨਾਂ ਅਜਿਹੇ ਖੇਤਰਾਂ ਵਿੱਚ ਤਾੜ, ਕੈਂਸ, ਨਾਰੀਅਲ ਆਦਿ ਕੀਮਤੀ ਲੱਕੜ ਵਾਲੇ ਬਹੁਤ ਹੀ ਸੁੰਦਰ ਦਰਖਤ ਵੀ ਮਿਲਦੇ ਹਨ ਜਿਹਨਾਂ ਦੇ ਤਣੇ ਦੇ ਸਹਾਰੇ ਕਈ ਕਿਸਮ ਦੀਆਂ ਵੇਲਾਂ (Creepers) ਉੱਚੀਆਂ ਚੜ੍ਹ ਜਾਂਦੀਆਂ ਹਨ।

(5) **ਪਰਬਤੀ ਬਨਸਪਤੀ** : ਇਸ ਕਿਸਮ ਦੀ ਬਨਸਪਤੀ ਦੇਸ਼ ਅੰਦਰ ਉੱਤਰ ਵਿੱਚ ਹਿਮਾਲਿਆ ਖੇਤਰ ਅਤੇ ਦੱਖਣ ਵਿੱਚ ਨੀਲਗਿਰੀ ਦੀਆਂ ਪਹਾੜੀਆਂ ਤੇ ਮਿਲਦੀ ਹੈ।

(ੳ) ਹਿਮਾਲਿਆ ਖੇਤਰਾਂ ਵਿੱਚ ਸੰਸਾਰ ਵਿੱਚ ਮਿਲਣ ਵਾਲੀ ਹਰੇਕ ਕਿਸਮ ਦੀ ਬਨਸਪਤੀ ਮਿਲ ਜਾਂਦੀ ਹੈ। ਇਹਨਾਂ ਨੂੰ ਵਰਖਾ ਦੀ ਮਾਤਰਾ ਦੇ ਆਧਾਰ ਤੇ ਪੂਰਬੀ ਅਤੇ ਪੱਛਮੀ ਦੋ ਉਪ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।

ਪੂਰਬੀ ਹਿਮਾਲਿਆ ਖੇਤਰ ਪੱਛਮੀ ਹਿਮਾਲਿਆ ਦੇ ਮੁਕਾਬਲੇ ਵੱਧ ਨਮੀ ਗ੍ਰਹਿਣ ਕਰਦਾ ਹੈ ਇਸ ਕਰਕੇ ਇਸ ਵਿੱਚ 4000 ਕਿਸਮ ਦੇ ਫੁੱਲ ਅਤੇ 250 ਕਿਸਮ ਦੀ ਫਰਨ ਮਿਲਦੀ ਹੈ। ਉੱਚਾਈ ਦੇ ਵਧਣ ਨਾਲ ਤਾਪਮਾਨ ਅਤੇ ਵਰਖਾ ਵਿੱਚ ਆਏ ਅੰਤਰ ਦਾ ਅਸਰ ਪਹਾੜੀ ਢਲਾਨਾਂ ਤੇ ਉੱਗੀ ਕੁਦਰਤੀ ਬਨਸਪਤੀ ਤੇ ਪੈਂਦਾ ਹੈ। 1200 ਮੀਟਰ ਦੀ ਉੱਚਾਈ ਤੱਕ ਪਤਝੜੀ ਬਨਸਪਤੀ ਦੇ ਮਿਸ਼ਰਤ ਦਰਖਤ ਜ਼ਿਆਦਾ ਮਿਲਦੇ ਹਨ। 1200 ਤੋਂ ਲੈ ਕੇ 2000 ਮੀਟਰ ਦੀ ਉੱਚਾਈ ਤੱਕ ਸੰਘਣੇ ਸਦਾਬਹਾਰ ਜੰਗਲ ਮਿਲਦੇ ਹਨ ਜਿਹਨਾਂ ਵਿੱਚ ਸਾਲ ਅਤੇ ਮੈਂਗਨੋਲੀਆ ਮੁੱਖ ਦਰਖਤ ਹਨ ਪਰ ਦਾਲਚੀਨੀ, ਅਮੂਰਾ, ਚਿਨੌਲੀ ਤੇ ਦਿਲੇਨੀਆ ਦਰਖਤ ਵੀ ਜ਼ਿਆਦਾ ਮਿਲਦੇ ਹਨ। ਇਹਨਾਂ ਦਰਖਤਾਂ ਵਿੱਚ ਵੇਲਾਂ, ਜੜ੍ਹੀ-ਬੂਟੀਆਂ, ਝਾੜੀਆਂ, ਬਾਂਸ ਤੇ ਲੰਬੀ ਸਵ੍ਹਾਨਾ ਘਾਹ ਆਦਿ ਦੇ ਉੱਗ ਆਉਣ ਦੇ ਕਾਰਣ ਇਹਨਾਂ ਦੀ ਘਣਤਾ ਹੋਰ ਵੀ ਵੱਧ ਜਾਂਦੀ ਹੈ। 2000 ਤੋਂ ਲੈ ਕੇ 2500 ਮੀਟਰ ਦੀ ਉੱਚਾਈ ਤੱਕ ਤਾਪਮਾਨ ਘੱਟ ਜਾਣ ਕਰਕੇ ਸ਼ੀਤ-ਊਸ਼ਣ ਕਿਸਮ (Temperate Type) ਦੀ ਬਨਸਪਤੀ ਪੈਦਾ ਹੋ ਜਾਂਦੀ ਹੈ ਜਿਸ ਵਿੱਚ ਓਕ, ਚੈਸਟਨਟ ਲਾਰੇਲ, ਬਰਚ, ਮੈਪਲ ਅਤੇ ਐਲਡਰ ਜਿਹੇ ਚੌੜੇ ਪੱਤਿਆਂ ਵਾਲੇ ਦਰਖਤ ਆ ਜਾਂਦੇ ਹਨ। 2500 ਤੋਂ ਲੈ ਕੇ 3500 ਮੀਟਰ ਤੱਕ ਤਿੱਖੇ ਪੱਤਿਆਂ ਵਾਲੇ ਕੋਣਧਾਰੀ (Coniferous) ਤੇ ਸ਼ੰਕੂਧਾਰੀ ਸ਼ਕਲ ਵਾਲੇ ਜੰਗਲੀ ਰੁੱਖ ਨਜ਼ਰ ਆਉਂਦੇ ਹਨ ਜਿਹਨਾਂ ਵਿੱਚ ਸਿਲਵਰ ਫਰ, ਪਾਇਨ, ਸਪਰੂਸ ਦਿਉਦਾਰ, ਰੋਡੋਡੈਂਡਰੋਨ, ਨੀਲਾ ਪਾਇਨ ਜਿਹੇ ਛੋਟੇ ਕੱਦ ਵਾਲੇ ਦਰਖਤ ਉੱਗਦੇ ਹਨ। ਇਸ ਤੋਂ ਵੱਧ ਉੱਚਾਈ ਤੇ ਬਰਫ ਰੇਖਾ ਦੇ ਪਾਸ ਚਲੇ ਜਾਣ ਕਰਕੇ ਛੋਟੀ ਛੋਟੀ ਘਾਹ ਤੇ ਫੁੱਲਾਂ ਵਾਲੇ ਪੌਦੇ ਹੀ ਉੱਗਦੇ ਹਨ।

ਪੱਛਮੀ ਹਿਮਾਲਿਆ ਵਿੱਚ ਘੱਟ ਵਰਖਾ ਹੋਣ ਕਰਕੇ 1800 ਮੀਟਰ ਤੱਕ ਚੀੜ, ਟਾਹਲੀ, ਸਾਲ, ਸੇਮਲ, ਬੇਰ ਤੇ ਜਾਮਣ ਜਿਹੇ ਪਤਝੜੀ ਦਰਖਤ ਉੱਗਦੇ ਹਨ। 1800 ਤੋਂ 3000 ਤੱਕ ਸ਼ਿਮਲੇ ਤੋਂ ਉੱਚੇ ਸਥਾਨਾਂ ਤੇ ਸ਼ੰਕੂਧਾਰੀ ਬਨਸਪਤੀ ਮਿਲਦੀ ਹੈ ਜਿਸ ਵਿੱਚ ਦਿਉਦਾਰ, ਚੀਲ, ਨੀਲਾ ਪਾਇਨ, ਓਕ, ਐਲਬ, ਪਾਪਲਰ ਤੇ ਬਰਚ ਜਿਹੇ ਦਰਖਤ ਕਾਫੀ ਮਿਲ ਜਾਂਦੇ ਹਨ। ਇਹਨਾਂ ਤੋਂ ਇਲਾਵਾ ਪੀਲਾ ਪਾਈਨ, ਸਿਲਵਰ ਫਰ ਆਦਿ ਦੇ ਦਰਖਤ ਵੀ ਮਿਲਦੇ ਹਨ। 3000 ਮੀਟਰ ਤੋਂ ਵੱਧ ਉੱਚਾਈ ਤੇ ਅਲਪਾਈਨ ਬਨਸਪਤੀ ਵਿੱਚ ਛੋਟੇ ਕੱਦ ਵਾਲੇ ਪਾਈਨ, ਜੂਨੀਪਰ, ਸਿਲਵਰ-ਫਰ ਜਿਹੇ ਦਰਖਤ ਮਿਲਦੇ ਹਨ ਤੇ ਛੋਟੀਆਂ ਛੋਟੀਆਂ ਘਾਹ ਦੀਆਂ ਚਰਾਂਦਾ ਮਿਲਦੀਆਂ ਹਨ ਜਿਹਨਾਂ ਤੇ ਸਥਾਨਕ ਗੁੱਜਰ ਤੇ ਗੱਦੀ ਜਿਹੀਆਂ ਜਨ-ਜਾਤੀਆਂ ਦੇ ਲੋਕ ਗਰਮੀ ਦੇ ਮੌਸਮ ਸਮੇਂ ਪਸ਼ੂ ਚਰਾਉਣ ਲਈ ਜਾਂਦੇ ਹਨ।

(ਅ) ਦੱਖਣੀ ਪਠਾਰ ਦੇ ਪਹਾੜੀ ਭਾਗਾਂ ਵਿੱਚ ਵੀ ਪਰਬਤੀ ਬਨਸਪਤੀ ਮਿਲਦੀ ਹੈ। ਇਸ ਵਿੱਚ ਬਸਤਰ, ਪੰਚਮੜ੍ਹੀ, ਮਹਾਂਬਲੇਸ਼ਵਰ, ਨੀਲਗਿਰੀ, ਪਲਨੀ, ਸ਼ਿਵਰਾਇ ਅਤੇ ਅਨਾਇ ਮਲਾਇ ਪਹਾੜੀ ਭਾਗ ਸ਼ਾਮਲ ਹਨ। ਇਹਨਾਂ ਪਹਾੜੀ ਭਾਗਾਂ ਵਿੱਚੋਂ ਬੰਗਾਲ ਦੀ ਖਾੜੀ ਅਤੇ ਅਰਬ ਸਾਗਰ ਦੋਹਾਂ ਸਮੁੰਦਰੀ ਖੇਤਰਾਂ ਅਤੇ ਨੀਲਗਿਰੀ ਦੀਆਂ ਪਹਾੜੀਆਂ ਦੇ 200 ਸੈਂਟੀਮੀਟਰ ਤੋਂ ਵੱਧ ਵਰਖਾ ਹੋ ਜਾਂਦੀ ਹੈ ਇਸ ਕਰਕੇ ਚੌੜੇ ਪੱਤਿਆਂ ਵਾਲੇ ਸਦਾਬਹਾਰ ਵਣ 1800 ਮੀਟਰ ਦੀ ਉੱਚਾਈ ਤੱਕ ਮਿਲ ਜਾਂਦੇ ਹਨ। ਦੱਖਣੀ ਭਾਰਤ ਵਿੱਚ ਇਹਨਾਂ ਨੂੰ 'ਸ਼ੋਲਾ ਵਣ' ਕਿਹਾ ਜਾਂਦਾ ਹੈ। ਇਨਾਂ ਵਿੱਚ ਜਾਮਣ, ਮੈਚੀਲਸ, ਮੈਲੀਓਸੋਮਾ, ਸੈਲਟਿਸ ਆਦਿ ਪ੍ਰਮੁੱਖ ਦਰਖਤ ਆਉਂਦੇ ਹਨ। ਪਰ 1800 ਤੋਂ ਲੈ ਕੇ 3000 ਮੀਟਰ ਦੀ ਉੱਚਾਈ ਤੇ ਸ਼ੀਤ-ਊਸ਼ਣ ਕੋਣਧਾਰੀ ਬਨਸਪਤੀ ਮਿਲਦੀ ਹੈ ਜਿਸ ਵਿੱਚ ਸਿਲਵਰ ਫਰ, ਨੀਲੀ ਚੀਲ, ਬਰਚ, ਪੀਲਾ ਚੰਪਾ ਜਿਹੇ ਦਰਖਤ ਆਉਂਦੇ ਹਨ। ਜਿਹਨਾਂ ਤੇ ਮੌਸ ਤੇ ਫਰਨ ਉੱਗੇ ਦਿਖਾਈ ਦਿੰਦੇ ਹਨ। ਇਸ ਤੋਂ ਵੱਧ ਉਚਾਈ ਤੇ ਛੋਟੀ ਛੋਟੀ ਘਾਹ ਹੀ ਨਜ਼ਰ ਆਉਂਦੀ ਹੈ। ਭਾਵੇਂ ਇਹਨਾਂ ਸਾਰੇ ਪਹਾੜੀ ਭਾਗਾਂ ਵਿੱਚ ਬਨਸਪਤੀ ਦਾ ਨੁਕਸਾਨ ਕਾਫ਼ੀ ਹੋਇਆ ਹੈ ਤੇ ਭੂਮੀ ਦੀ ਵਰਤੋਂ ਖੇਤੀਬਾੜੀ ਲਈ ਕੀਤੀ ਗਈ ਹੈ ਜਿਸ ਨਾਲ ਭੂਮੀਗਤ ਪਾਣੀ ਦਾ ਸਤਰ ਨੀਵਾਂ ਹੋ ਜਾਣ ਤੇ ਵਾਤਾਵਰਣ ਸੰਤੁਲਨ ਖਰਾਬ ਹੋ ਗਿਆ। ਪਰ ਇਹਨਾਂ ਭਾਗਾਂ ਵਿੱਚ ਅੱਜਕਲ੍ਹ ਸਫੈਦੇ ਅਤੇ ਟੀਕ ਦੇ ਪੌਦਿਆਂ ਦੇ ਦੁਬਾਰਾ ਬਾਗ ਲਗਾਏ ਜਾ ਰਹੇ ਹਨ।

**ਕੁਦਰਤੀ ਬਨਸਪਤੀ ਦਾ ਮਹੱਤਵ ਤੇ ਸੰਭਾਲ**

ਕੁਦਰਤੀ ਬਨਸਪਤੀ ਰਾਸ਼ਟਰ ਦੀ ਅਮੁੱਲੀ ਸੰਪਤੀ ਹੈ ਜਿਸ ਦੀ ਗੋਦ ਵਿੱਚ ਦੇਸ਼ ਦੇ ਪੁਰਾਤਨ ਅਨਮੋਲ ਗਰੰਥ ਲਿਖੇ ਗਏ ਸਨ। ਇਸ ਦਾ ਦੇਸ਼ ਨੂੰ ਸਿੱਧਾ ਤੇ ਅਸਿੱਧਾ ਲਾਭ ਪ੍ਰਾਪਤ ਹੁੰਦਾ ਹੈ।

**(ੳ) ਸਿੱਧੇ ਫ਼ਾਇਦੇ :**

(1) ਦੇਸ਼ ਦੇ ਵਣਾਂ ਤੋਂ ਲਗਪਗ 40 ਲੱਖ ਲੋਕਾਂ ਨੂੰ ਕੰਮ ਕਰਨ ਦਾ ਲਾਭ ਮਿਲਦਾ ਹੈ। ਇਸ ਵਿੱਚ ਦਰਖਤ ਕੱਟਣਾ, ਲੱਕੜ ਚੀਰਨਾ, ਗੱਠੇ ਢੋਹਣਾ ਆਦਿ ਲਈ ਮਜ਼ਦੂਰਾਂ ਦੀ ਜ਼ਰੂਰਤ ਹੁੰਦੀ ਹੈ। ਮਜ਼ਦੂਰਾਂ ਤੋਂ ਬਿਨਾਂ ਵਣਾਂ ਦੀ ਸੁਯੋਗ ਸੰਭਾਲ ਤੇ ਸੁਚੱਜੇ ਪ੍ਰਬੰਧ ਲਈ ਰੇਂਜਰ, ਫਾਰੇਸਟ ਅਫ਼ਸਰ ਤੇ ਵਣ ਖੋਜ ਵਿਗਿਆਨੀ ਵੀ ਇਹਨਾਂ ਤੋਂ ਰੋਜ਼ੀ-ਰੋਟੀ ਪ੍ਰਾਪਤ ਕਰਦੇ ਹਨ।

(2) ਵਣ ਦੇਸ ਲਈ ਸਹੀ ਮਾਤਰਾ ਵਿੱਚ ਤਰ੍ਹਾਂ ਤਰ੍ਹਾਂ ਦੀ ਲੱਕੜ ਪ੍ਰਦਾਨ ਕਰਦੇ ਹਨ ਜਿਸ ਦਾ ਪ੍ਰਯੋਗ ਇਮਾਰਤਸਾਜ਼ੀ, ਫਰਨੀਚਰ, ਬਾਲਣ, ਕਾਗਜ਼, ਲੁਗਦੀ ਤੇ ਕਲਾਤਮਕ ਵਸਤਾਂ ਬਣਾਉਣ ਵਾਸਤੇ ਕੀਤਾ ਜਾਂਦਾ ਹੈ। ਮਾਨਸੂਨੀ ਦਰਖਤਾਂ ਵਿੱਚੋਂ ਸਾਲ, ਸਾਗਵਾਨ, ਟਾਹਲੀ, ਹਲਦੂ, ਪਾਲਾਸ਼, ਅਰਜੁਨ, ਮਹੂਆ ਅਤੇ ਹਿਮਾਲਿਆ ਖੇਤਰ ਤੋਂ ਚੀਲ, ਦੇਵਦਾਰ, ਸਿਲਵਰ ਫਰ ਅਤੇ ਨੀਲੇ ਪਾਇਨ ਜਿਹੀ ਦਰਖਤਾਂ ਦੀ ਲੱਕੜ ਦਾ ਬਹੁਤ ਜ਼ਿਆਦਾ

ਪ੍ਰਯੋਗ ਕੀਤਾ ਜਾਂਦਾ ਹੈ।

(3) ਵਣਾਂ ਦੇ ਕੁਝ ਭਾਗਾਂ ਨੂੰ ਠੇਕੇ ਤੇ ਦੇ ਕੇ ਸਰਕਾਰ ਲਗਪਗ 1 ਅਰਬ 8 ਕਰੋੜ ਰੁਪਏ ਸਾਲਾਨਾ ਰਾਸ਼ਟਰੀ ਆਮਦਨ ਪ੍ਰਾਪਤ ਕਰਦੀ ਹੈ।

(4) ਦੇਸ਼ ਵਿੱਚ ਖ਼ੈਰ ਦਰਖਤ ਤੋਂ ਪ੍ਰਾਪਤ ਕੱਥੇ ਤੋਂ ਮੂੰਹ ਤੇ ਗਲ਼ੇ ਦੀਆਂ ਬੀਮਾਰੀਆਂ ਲਈ ਦਵਾਈਆਂ, ਸਿਨਕੋਨਾ ਤੋਂ ਕੁਨੀਨ, ਸਰਪਗੰਧਾ ਝਾੜੀ ਤੋਂ ਲਹੂ ਦਬਾਅ ਤੇ ਕੰਟਰੋਲ ਅਤੇ ਹਰੜ, ਬਹੇੜਾ ਤੇ ਆਂਵਲੇ ਤੋਂ ਆਯੁਰਵੈਦਿਕ ਦਵਾਈਆਂ ਤਿਆਰ ਕੀਤੀ ਜਾਂਦੀਆਂ ਹਨ।

(5) ਸਵਾਈ, ਭਾਬਰ ਅਤੇ ਐਲੀਫੈਂਟਾ ਘਾਹ ਤੋਂ ਕਾਗਜ਼ ਦੀ ਲੁਗਦੀ, ਲੈਮਨ ਘਾਹ ਤੋਂ ਅਰਕ, ਰੋਸ਼ਾ ਘਾਹ ਤੋਂ ਬਨਾਵਟੀ ਸੁਗੰਧੀਆਂ ਤਿਆਰ ਕੀਤੀਆਂ ਜਾਂਦੀਆਂ ਹਨ।

(6) ਮੈਂਗਰੋਵ, ਕੱਚ, ਗੈਂਬੀਅਰ, ਹਰੜ, ਬਹੇੜਾ, ਆਂਵਲਾ ਅਤੇ ਕਿਕਰ ਆਦਿ ਦੇ ਪੱਤੇ, ਛਿਲਕੇ ਤੇ ਫੱਲ਼ ਨੂੰ ਸੁਕਾ ਕੇ ਚਮੜਾ ਰੰਗਣ ਲਈ ਪਦਾਰਥ ਤਿਆਰ ਕੀਤਾ ਜਾਂਦਾ ਹੈ। ਦੱਖਣੀ ਭਾਰਤ ਦੀ ਟਾਰ ਵੁੱਡ ਨਾਂ ਦੀ ਝਾੜੀ ਵੀ ਚਮੜਾ ਰੰਗਣ ਦੇ ਕੰਮ ਆਉਂਦੀ ਹੈ।

(7) ਪਾਲਾਸ਼ ਤੇ ਪਿੱਪਲ ਤੋਂ ਲਾਖ, ਸ਼ਹਿਤੂਤ ਤੋਂ ਰੇਸ਼ਮ, ਚੰਦਨ ਤੇ ਤੁੰਗ ਤੋਂ ਤੇਲ ਅਤੇ ਸਾਲ ਤੋਂ ਧੂਫ਼ ਤੇ ਬਰੋਜ਼ਾ ਜਿਹੇ ਪਦਾਰਥ ਤਿਆਰ ਕੀਤੇ ਜਾਂਦੇ ਹਨ। ਬਾਂਸ, ਬੈਂਤ, ਨਾਰੀਅਲ ਮੁੰਜ, ਸਰਕੰਡਾ ਤੇ ਸਰਕੜਾ ਜਿਹੀ ਘਾਹ ਤੋਂ ਰੱਸੇ, ਰੱਸੀਆਂ, ਬਾਣ, ਬਾਹੀਆਂ ਤੇ ਛੱਤਾਂ ਢਕਣ ਆਦਿ ਦਾ ਪ੍ਰਯੋਗ ਦੇਸ ਦੇ ਲਗਪਗ ਹਰੇਕ ਘਰ ਵਿੱਚ ਕੀਤਾ ਜਾਂਦਾ ਹੈ। ਇਹਨਾਂ ਤੋਂ ਬਿਨਾਂ ਕੁਦਰਤੀ ਬਨਸਪਤੀ ਤੋਂ ਵੱਡੇ ਤੌਰ ਤੇ ਫਲ਼, ਸਬਜ਼ੀਆਂ ਤੇ ਪੱਤੇ (ਤੇਜ ਪੱਤੇ) ਵੀ ਪ੍ਰਾਪਤ ਕੀਤੇ ਜਾਂਦੇ ਹਨ।

(8) ਦੇਸ਼ ਦੇ ਵਣ ਖੇਤਰਾਂ ਵਿੱਚ 2.5 ਕਰੋੜ (25 ਮਿਲੀਅਨ) ਦੇ ਲਗਪਗ ਕਬੀਲਿਆਂ ਦੇ ਲੋਕ (Tribesman) ਵੱਸਦੇ ਹਨ।

(9) ਵਣ ਦੇਸ਼ ਦੇ ਅਮੀਰ ਤੇ ਬਹੁ-ਭਾਂਤੀ ਜੰਗਲੀ ਜੀਵਨ ਦਾ ਘਰ ਹਨ ਇਸ ਕਰਕੇ ਦੇਸ ਵਿੱਚ 15000 ਵਰਗ ਮੀਲ ਦੇ ਖੇਤਰ ਵਿੱਚ ਫੈਲੇ ਹੋਏ 80 ਸੁਰੱਖਿਅਤ ਥਾਂ (Sanctuaries) ਬਣਾ ਦਿੱਤੇ ਗਏ ਹਨ ਜਿਥੇ ਜੰਗਲੀ ਜੀਵ ਆਜ਼ਾਦੀ ਨਾਲ ਰਹਿ ਸਕਦੇ ਹਨ।

(10) ਹਰੀਆਂ-ਭਰੀਆਂ ਚਰਾਗਾਹਾਂ ਵਿੱਚ ਪਸ਼ੂ ਚਰਾਉਣ ਲਈ ਸੁਵਿਧਾ ਵੀ ਮਿਲ ਜਾਂਦੀ ਹੈ।

**(ਅ) ਅਸਿੱਧੇ ਫ਼ਾਇਦੇ :**

ਵਣਾਂ ਦੇ ਅਸਿੱਧੇ ਫ਼ਾਇਦਿਆਂ ਦੀ ਲੜੀ ਬਹੁਤ ਲੰਬੀ ਪਰ ਇਹਨਾਂ ਵਿੱਚ ਸਭ ਤੋਂ ਵੱਡਾ ਫ਼ਾਇਦਾ ਮਨੁੱਖੀ ਸਿਹਤ ਲਈ ਸਾਫ਼ ਤੇ ਤਾਜ਼ੀ ਆਕਸੀਜਨ ਪ੍ਰਦਾਨ ਕਰਨਾ ਹੈ। ਇਹਨਾਂ ਤੋਂ ਹੋਣ ਵਾਲੇ ਅਪ੍ਰਤੱਖ ਲਾਭ ਇਸ ਤਰ੍ਹਾਂ ਹਨ :

(1) **ਵਰਖਾ ਨਿਯੰਤਰਣ** : ਸੰਘਣੀ ਬਨਸਪਤੀ ਵਾਲੇ ਖੇਤਰਾਂ ਵਿੱਚ ਪੱਤਿਆਂ ਦੁਆਰਾ ਵਾਸ਼ਪੀਕਰਣ ਹੋਣ ਕਰਕੇ ਨਮੀ ਦੀ ਮਾਤਰਾ ਵੱਧ ਜਾਂਦੀ ਹੈ ਜਿਸ ਕਰਕੇ ਇਹਨਾਂ ਦੇ ਉਪਰ ਤੋਂ ਲੰਘਣ ਵਾਲੀ ਪੌਣ ਨੂੰ ਠੰਡਾ ਵਾਤਾਵਰਨ ਮਿਲ ਜਾਣ ਕਰਕੇ ਇਸ ਵਿਚਲੇ ਜਲਵਾਸ਼ਪ ਜਲਕਣਾਂ ਦਾ ਰੂਪ ਧਾਰ ਕੇ ਵਰਸਣ ਲੱਗ ਜਾਂਦੇ ਹਨ।

(2) **ਜਲਵਾਯੂ** : ਸੰਘਣੇ ਵਣ ਗਰਮੀਆਂ ਵਿੱਚ ਤਾਪਮਾਨ ਨੂੰ ਜ਼ਿਆਦਾ ਵੱਧਣ ਤੋਂ ਰੋਕਦੇ ਹਨ ਅਤੇ ਸਰਦੀਆਂ ਵਿੱਚ ਵਧਾ ਦਿੰਦੇ ਹਨ। ਇਸ ਕਰਕੇ ਅਜਿਹੇ ਖੇਤਰਾਂ ਦਾ ਜਲਵਾਯੂ ਠੰਡਾ ਤੇ ਸਮਕਾਰੀ ਬਣ ਜਾਣ ਕਰਕੇ ਸਿਹਤ ਵਰਧਕ ਤੇ ਸੁਹਾਵਣਾ ਹੋ ਜਾਂਦਾ ਹੈ।

(3) **ਹੜ੍ਹਾਂ ਦੀ ਰੋਕਥਾਮ :** ਸੰਘਣੀ ਬਨਸਪਤੀ ਦੀਆਂ ਜੜ੍ਹਾਂ ਵਗਦੇ ਪਾਣੀ ਦੀ ਰਫ਼ਤਾਰ ਨੂੰ ਘੱਟ ਕਰਨ ਵਿੱਚ ਮਦਦ ਕਰਦੀਆਂ ਹਨ। ਇਹਨਾਂ ਦੇ ਕਾਰਨ ਹੜ੍ਹਾਂ ਦੀ ਕਰੋਪੀ ਘੱਟ ਜਾਂਦੀ ਹੈ। ਦੂਸਰੇ ਜੜ੍ਹਾਂ ਰਾਹੀਂ ਰੋਕਿਆ ਗਿਆ ਪਾਣੀ ਜ਼ਮੀਨ ਅੰਦਰ ਸਮਾ ਲਏ ਜਾਣ ਕਰਕੇ ਇਕ ਤਾਂ ਸਥਾਨਕ ਜਲ ਸਤਰ ਉੱਚਾ ਕਰ ਦਿੰਦਾ ਹੈ ਤੇ ਦੂਸਰੇ ਪਾਸੇ ਧਰਾਤਲ ਤੇ ਪਾਣੀ ਦੀ ਮਾਤਰਾ ਘੱਟ ਜਾਣ ਕਰਕੇ ਪਾਣੀ ਨਦੀਆਂ ਵਿੱਚ ਆਸਾਨੀ ਨਾਲ ਵਹਿੰਦਾ ਰਹਿੰਦਾ ਹੈ।

(4) **ਭੂਮੀ ਕਟਾਅ ਤੇ ਰੋਕ :** ਬਨਸਪਤੀ ਤੋਂ ਬਗੈਰ ਸੁੱਕੀ ਜ਼ਮੀਨ ਦੀ ਮਿੱਟੀ ਨੂੰ ਵਰਖਾ ਦਾ ਪਾਣੀ ਅਤੇ ਵਗਦੀ ਪੌਣ ਤੇਜ਼ੀ ਨਾਲ ਕੱਟ ਕੇ ਅੱਗੇ ਲੈ ਜਾਂਦੇ ਹਨ ਪਰ ਦਰਖਤਾਂ ਦੀਆਂ ਜੜ੍ਹਾਂ ਦੀ ਮਿੱਟੀ ਵਿੱਚ ਜਕੜਨ ਦੋਨੋਂ ਤੱਤਾਂ ਦੇ ਵੇਗ ਨੂੰ ਘੱਟ ਕਰਕੇ ਉਪਜਾਊ ਮਿੱਟੀ ਦੀ ਰੱਖਿਆ ਕਰਦੀਆਂ ਹਨ।

(5) **ਮਿੱਟੀ ਦੀ ਉਪਜਾਊ ਸ਼ਕਤੀ :** ਬਨਸਪਤੀ ਦੀਆਂ ਸੁੱਕ ਕੇ ਗਿਰਨ ਵਾਲੀਆਂ ਟਾਹਣੀਆਂ ਤੇ ਪੱਤੇ ਮਿੱਟੀ ਵਿੱਚ ਜੀਵਾਂਸ਼ (Humus) ਦੇ ਤੌਰ ਤੇ ਹਰੀ ਖਾਦ ਦੇ ਰੂਪ ਵਿੱਚ ਮਿਲਦੇ ਰਹਿੰਦੇ ਹਨ ਜਿਸਦੇ ਸਿੱਟੇ ਵਜੋਂ ਮਿੱਟੀ ਹੋਰ ਵੀ ਉਪਜਾਊ ਹੋ ਜਾਂਦੀ ਹੈ।

(6) **ਕੁਦਰਤੀ ਸੁਹੱਪਣ :** ਬਹੁ-ਭਾਂਤ ਦੀ ਹਰੀ ਭਰੀ ਬਨਸਪਤੀ ਬਹੁਤ ਹੀ ਮਨਮੋਹਕ ਦ੍ਰਿਸ਼ ਪੇਸ਼ ਕਰਦੀ ਹੈ ਜਿਸ ਤੋਂ ਉਤਸ਼ਾਹਤ ਹੋ ਕੇ ਲੋਕ ਸੰਘਣੇ ਵਣ ਖੇਤਰਾਂ ਵਿੱਚ ਯਾਤਰਾ, ਸ਼ਿਕਾਰ, ਆਨੰਦ ਤੇ ਮਾਨਸਿਕ ਸ਼ਾਂਤੀ ਪ੍ਰਾਪਤ ਕਰਨ ਲਈ ਜਾਂਦੇ ਹਨ। ਉਦਾਹਰਣ ਦੇ ਤੌਰ ਤੇ ਸਾਡੀ ਪੰਜਾਬ ਸਰਕਾਰ ਨੇ ਚੰਡੀਗੜ੍ਹ ਦੇ ਕੋਲ ਛੱਤ-ਬੀੜ ਅਤੇ ਹਰਿਆਣਾ ਸਰਕਾਰ ਨੇ ਪਿੰਜੌਰ ਬਾਗ ਤੇ ਮੋਰਨੀ ਪਹਾੜੀਆਂ ਵੱਲ ਉਚੇਚਾ ਧਿਆਨ ਦੇ ਕੇ ਇਹਨਾਂ ਨੂੰ ਲੋਕਾਂ ਦੇ ਮਨ ਪ੍ਰਚਾਵੇ ਵਾਲੇ ਸਥਾਨਾਂ ਵਿੱਚ ਬਦਲ ਦਿੱਤਾ ਹੈ।

(7) **ਉਦਯੋਗਾਂ ਲਈ ਜੀਵਨ ਦਾਨ :** ਸੰਘਣੇ ਵਣ ਅਨੇਕਾਂ ਉਦਯੋਗਾਂ ਲਈ ਆਧਾਰ ਬਣਦੇ ਹਨ। ਇਹਨਾਂ ਤੋਂ ਕਾਗਜ਼, ਲਾਖ, ਮਾਚਿਸ (ਤੀਲਾਂ ਦੀ ਡੱਬੀ), ਰੇਸ਼ਮ, ਖੇਡਾਂ ਦਾ ਸਾਮਾਨ, ਪਲਾਈਵੁੱਡ, ਲੱਕੜ ਆਰੇ, ਲੱਕੜ ਤੇਲ, ਗੂੰਦ, ਬਰੋਜ਼ੇ ਆਦਿ ਤਿਆਰ ਕੀਤੇ ਜਾਂਦੇ ਹਨ। ਇਹ ਵਸਤਾਂ ਅੱਗੇ ਹੋਰ ਚੀਜ਼ਾਂ ਤਿਆਰ ਕਰਨ ਲਈ ਨਵੇਂ ਉਦਯੋਗਾਂ ਦਾ ਆਧਾਰ ਬਣਦੀਆਂ ਹਨ। ਇਸ ਤੋਂ ਇਲਾਵਾ ਵਣਾਂ ਵਿੱਚੋਂ ਪੰਛੀਆਂ ਤੇ ਜਾਨਵਰਾਂ ਦੀ ਖੱਲਾਂ, ਮਾਸ, ਸਿੰਗ, ਦੰਦ, ਉੱਨ, ਹੱਡੀਆਂ, ਸ਼ਹਿਦ ਤੇ ਮੋਮ ਆਦਿ ਵੀ ਮਿਲ ਜਾਂਦੇ ਹਨ ਜੋ ਕਿ ਸਜਾਵਟੀ ਸਮਾਨ, ਚਿਕਨਾਈ ਵਾਲੇ ਪਦਾਰਥਾਂ ਕੱਪੜਾ ਤੇ ਮੋਮਬੱਤੀ ਉਤਪਾਦਨ ਜਿਹੇ ਉਦਯੋਗਾਂ ਲਈ ਆਧਾਰ ਬਣਦੇ ਹਨ।

ਇਸ ਪ੍ਰਕਾਰ ਵਣਾਂ ਦਾ ਸਾਡੇ ਜੀਵਨ ਵਿੱਚ ਬਹੁਤ ਵੱਡਾ ਮਹੱਤਵ ਹੈ। ਇਹ ਕਾਰਬਨ ਡਾਈਆਕਸਾਈਡ ਗੈਸ ਨੂੰ ਵਰਤ ਕੇ ਆਕਸੀਜਨ ਛੱਡਦੇ ਹਨ ਜੋ ਕਿ ਧਰਤੀ ਉੱਤੇ ਮਨੁੱਖ ਅਤੇ ਜੀਵਾਂ ਦੇ ਜੀਉਂਦੇ ਰਹਿਣ ਲਈ ਸਭ ਤੋਂ ਵੱਡੀ ਜ਼ਰੂਰਤ ਹੈ। ਪਰ ਪਿਛਲੇ ਕੁਝ ਸਾਲਾਂ ਦੌਰਾਨ ਇਹਨਾਂ ਦੀ ਅੰਨ੍ਹੇਵਾਹ ਕਟਾਈ ਦੇ ਕਾਰਣ ਵਾਤਾਵਰਨ ਸੰਤੁਲਨ ਬਹੁਤ ਬੁਰੀ ਤਰ੍ਹਾਂ ਨਾਲ ਵਿਗੜ ਗਿਆ ਹੈ। ਪਹਾੜੀ ਢਲਾਨਾਂ ਤੇ ਮੈਦਾਨੀ ਖੇਤਰਾਂ ਦੇ ਨੰਗੇ ਹੋ ਜਾਣ ਕਰਕੇ ਭੌਂ-ਖੋਰ ਤੇ ਹੜ੍ਹ ਨਿਰੰਤਰਤਾ ਦੀਆਂ ਗੰਭੀਰ ਸਮੱਸਿਆਵਾਂ ਵੱਧਦੀਆਂ ਹੀ ਜਾ ਰਹੀਆਂ ਹਨ। ਪੰਜਾਬ ਦੇ ਉੱਤਰੀ ਭਾਗਾਂ ਵਿੱਚੋਂ ਦੀ ਲੰਘਦੀਆਂ ਸ਼ਿਵਾਲਿਕ ਪਹਾੜੀਆਂ ਤੇ ਹੋਏ ਜੰਗਲੀ ਵਿਨਾਸ਼ ਨੇ ਚੋਅ ਖੇਤਰਾਂ ਨੂੰ ਵਧਾ ਕੇ ਬੰਜਰ ਜ਼ਮੀਨ ਵਿੱਚ ਵਾਧਾ ਕੀਤਾ ਹੈ ਤੇ ਦੂਸਰੇ ਨਾਲ ਲਗਦੇ ਮੈਦਾਨੀ ਭਾਗਾਂ ਵਿੱਚ ਧਰਾਤਲ ਹੇਠਲੇ ਜਲ ਸਤਰ ਤੇ ਕਾਫੀ ਡੂੰਘਾਈ ਤੇ ਚਲੇ ਜਾਣ ਕਰਕੇ ਖੇਤੀਬਾੜੀ ਦੀ ਸਿੰਜਾਈ ਵਿੱਚ ਮੁਸ਼ਕਲਾਂ ਪੇਸ਼ ਆਉਣੀਆਂ ਸ਼ੁਰੂ ਹੋ ਗਈਆਂ ਹਨ। ਦੇਸ਼ ਦੀ ਤੇਜ਼ੀ ਨਾਲ ਵੱਧਦੀ ਜਨਸੰਖਿਆ, ਫੈਲਦੇ ਸ਼ਹਿਰ, ਕਸਬੇ ਤੇ ਪਿੰਡ, ਵੱਧਦਾ ਉਦਯੋਗੀਕਰਣ ਤੇ ਗੰਭੀਰ ਪ੍ਰਦੂਸ਼ਣ, ਚੌੜੇ ਹੁੰਦੇ ਰੇਲ ਤੇ ਸੜਕ ਮਾਰਗ ਆਦਿ ਕੁਝ ਅਜਿਹੇ ਮੁੱਖ ਕਾਰਣ ਹਨ ਜਿਹਨਾਂ ਕਰਕੇ ਦੇਸ਼ ਵਿੱਚ ਪ੍ਰਤੀ ਸਾਲ 13 ਲੱਖ ਹੈਕਟੇਅਰ ਤੋਂ ਵੱਧ ਜੰਗਲੀ ਖੇਤਰ ਸਾਫ਼ ਕੀਤਾ ਜਾ ਰਿਹਾ ਹੈ। ਇਸ ਕਰਕੇ ਵਾਤਾਵਰਨ ਦੀ

ਸੰਭਾਲ ਲਈ ਅੱਜ ਕਲ੍ਹ ਬਹੁਤ ਹੀ ਗੰਭੀਰਤਾ ਨਾਲ ਸੋਚਿਆ ਜਾ ਰਿਹਾ ਹੈ। 1952 ਵਿੱਚ ਬਣੀ ਰਾਸ਼ਟਰੀ ਵਣ ਨੀਤੀ ਦੇ ਆਧਾਰ ਤੇ 60% ਪਹਾੜੀ ਭਾਗਾਂ ਅਤੇ 20% ਮੈਦਾਨੀ ਭਾਗਾਂ ਵਿੱਚ ਦਰਖਤਾਂ ਦੀ ਹੋਂਦ ਬਣਾਏ ਰੱਖਣ ਲਈ ਹਰੇਕ ਸਾਲ ਵਣ ਮਹਾਂ-ਉਤਸਵ ਮਨਾਇਆ ਜਾ ਰਿਹਾ ਹੈ। ਸਮਾਜਿਕ ਵਣ ਸੰਪਤੀ ਦੇ ਵਿਕਾਸ ਲਈ ਪੰਜ ਸਾਲਾ ਯੋਜਨਾਵਾਂ ਅਧੀਨ ਨਵੇਂ ਪ੍ਰੋਗਰਾਮ ਦਿੱਤੇ ਜਾ ਰਹੇ ਹਨ। ਨਹਿਰਾਂ, ਨਦੀਆਂ, ਸੜਕਾਂ ਤੇ ਰੇਲ ਮਾਰਗਾਂ ਦੇ ਨਾਲ ਨਾਲ, ਸੁਰੱਖਿਅਤ ਵਣ ਲਗਾਏ ਜਾ ਰਹੇ ਹਨ। ਰਾਜਸਥਾਨ ਵਿੱਚ ਰੇਤ ਦੇ ਟਿੱਬਿਆਂ ਤੇ ਸੇਵਨ ਨਾਮੀ ਘਾਹ (Seven Grass) ਲਗਾ ਕੇ ਮਿੱਟੀ ਕਟਾਅ ਤੇ ਟਿੱਬਿਆਂ ਦੇ ਅੱਗੇ ਵਧਣ ਤੇ ਰੋਕ ਲਗਾਈ ਗਈ ਹੈ। ਪਹਾੜੀ ਭਾਗਾਂ ਵਿੱਚ ਪਾਪਲਰ ਤੇ ਸਫ਼ੈਦੇ ਵਰਗੇ ਤੇਜ਼ੀ ਨਾਲ ਵਧਣ ਵਾਲੇ ਦਰਖਤ ਲਗਾ ਕੇ ਵਿਗੜੇ ਕੁਦਰਤੀ ਸੰਤੁਲਨ ਨੂੰ ਠੀਕ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹਨਾਂ ਸਭ ਤੋਂ ਇਲਾਵਾ ਵਣ ਸੰਪਤੀ ਦੇ ਬੇਤਹਾਸ਼ਾ ਨੁਕਸਾਨ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਨੂੰ ਸਭ ਨੂੰ ਹਰੇਕ ਸਾਲ ਦਰਖਤ ਲਗਾਉਣ ਦੇ ਪੁੰਨ ਵਾਲੇ ਕੰਮ ਵਿੱਚ ਸ਼ਾਮਿਲ ਹੀ ਨਹੀਂ ਹੋਣਾ ਚਾਹੀਦਾ ਬਲਕਿ ਇਹਨਾਂ ਦੀ ਸੰਭਾਲ ਤੇ ਪ੍ਰਬੰਧ ਲਈ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ।

## (ਅ) ਜੀਵ ਜੰਤੂ

ਸਾਡੇ ਦੇਸ਼ ਵਿੱਚ ਬਨਸਪਤੀ ਦੀ ਭਿੰਨਤਾ ਤੋਂ ਬਿਨਾਂ ਕੁਦਰਤੀ ਜੀਵ-ਜੰਤੂਆਂ ਵਿੱਚ ਵੀ ਕਾਫੀ ਭਿੰਨਤਾ ਮਿਲਦੀ ਹੈ। ਅਸਲ ਵਿੱਚ ਦੋਹਾਂ ਵਿੱਚ ਕਾਫ਼ੀ ਗੂੜ੍ਹਾ ਆਪਸੀ ਸੰਬੰਧ ਹੈ। ਦੇਸ਼ ਵਿੱਚ ਜੀਵ-ਜੰਤੂਆਂ ਦੀਆਂ ਲਗਪਗ 76000 ਕਿਸਮਾਂ ਮਿਲਦੀਆਂ ਹਨ। ਦੇਸ਼ ਦੇ ਤਾਜ਼ੇ ਅਤੇ ਖਾਰੇ ਪਾਣੀ ਵਿੱਚ 2500 ਕਿਸਮਾਂ ਦੀਆਂ ਮੱਛੀਆਂ ਮਿਲਦੀਆਂ ਹਨ। ਇਸ ਤਰ੍ਹਾਂ 2000 ਕਿਸਮਾਂ ਦੇ ਪੰਛੀ ਵੀ ਮਿਲਦੇ ਹਨ। ਸੱਪਾਂ ਦੀਆਂ 400 ਕਿਸਮਾਂ ਮਿਲਦੀਆਂ ਹਨ। ਇਹਨਾਂ ਤੋਂ ਇਲਾਵਾ ਉੱਡਣ ਵਾਲੇ (ਪੰਛੀ), ਰੀਂਗਣ ਵਾਲੇ, ਥਣਧਾਰੀ (ਦੁੱਧ ਦੇਣ ਵਾਲੇ) ਅਤੇ ਛੋਟੇ ਕੀੜੇ ਅਤੇ ਕਿਰਮ ਵੀ ਮਿਲਦੇ ਹਨ। ਥਣਧਾਰੀ ਜੀਵਾਂ ਵਿੱਚ ਰਾਜਸੀ ਠਾਠ-ਬਾਠ ਵਾਲੇ ਪਸ਼ੂ ਹਾਥੀ ਮੁੱਖ ਹਨ ਜੋ ਭੂਮੱਧ ਰੇਖੀ ਊਸ਼ਣ ਨਮੀ ਵਾਲੇ ਵਣਾਂ ਦਾ ਜੀਵ ਹੈ। ਸਾਡੇ ਦੇਸ਼ ਵਿੱਚ ਇਹ ਅਸਾਮ, ਕੇਰਲ ਅਤੇ ਕਰਨਾਟਕ ਦੇ ਜੰਗਲਾਂ ਵਿੱਚ ਮਿਲਦਾ ਹੈ। ਇਥੇ ਭਾਰੀ ਵਰਖਾ ਹੁੰਦੀ ਹੈ ਅਤੇ ਜੰਗਲ ਵੀ ਬਹੁਤ ਸੰਘਣੇ ਹਨ। ਇਸ ਤੋਂ ਉਲਟ ਊਠ ਅਤੇ ਜੰਗਲੀ ਗਧੇ ਬਹੁਤ ਹੀ ਗਰਮ ਅਤੇ ਖੁਸ਼ਕ ਮਾਰੂਥਲਾਂ ਵਿੱਚ ਮਿਲਦੇ ਹਨ। ਊਠ ਆਮ ਕਰਕੇ ਥਾਰ ਮਾਰੂਥਲ ਦਾ ਪਸ਼ੂ ਹੈ ਜਦੋਂ ਕਿ ਜੰਗਲੀ ਗਧੇ ਕੇਵਲ ਰਣ ਆਫ ਕੱਛ (Runn of Kutch) ਜਾਂ ਕੱਛ ਦੀ ਖਾੜੀ ਵਿੱਚ ਮਿਲਦੇ ਹਨ। ਇਹਨਾਂ ਦੇ ਦੂਸਰੇ ਪਾਸੇ ਦੀ ਦਿਸ਼ਾ ਵਿੱਚ ਇਕ ਸਿੰਗ ਵਾਲਾ ਗੈਂਡਾ ਰਹਿੰਦਾ ਹੈ। ਇਹ ਅਸਾਮ ਅਤੇ ਪੱਛਮੀ ਬੰਗਾਲ ਦੇ ਉੱਤਰੀ ਭਾਗਾਂ ਦੇ ਦਲਦਲੀ ਖੇਤਰਾਂ ਵਿੱਚ ਰਹਿੰਦੇ ਹਨ। ਭਾਰਤੀ ਜੰਤੂਆਂ ਵਿੱਚ ਭਾਰਤੀ ਗੌਰ (ਬਾਈਧਨ), ਭਾਰਤੀ ਝੋਟਾ ਅਤੇ ਨੀਲ ਗਊ ਵਿਸ਼ੇਸ਼ ਤੌਰ ਤੇ ਵਰਣਨ ਯੋਗ ਹਨ। ਹਿਰਨ ਭਾਰਤੀ ਜੀਵ ਜਗਤ ਦੀ ਵਿਸ਼ੇਸ਼ਤਾ ਹੈ। ਇਹ ਬਹੁਤ ਹੀ ਕੋਮਲ ਅਤੇ ਸੁੰਦਰ ਜੀਵ ਹੈ। ਭਾਰਤ ਵਿੱਚ ਹਿਰਨਾਂ ਦੀਆਂ ਅਨੇਕਾਂ ਕਿਸਮਾਂ ਮਿਲਦੀਆਂ ਹਨ। ਇਹਨਾਂ ਵਿੱਚ ਚੌ ਸਿੰਘਾ, ਕਾਲਾ ਹਿਰਨ, ਚਿੰਕਾਰਾ ਅਤੇ ਆਮ ਹਿਰਨ ਮੁੱਖ ਹਨ। ਹਿਰਨਾਂ ਦੀਆਂ ਕੁਝ ਹੋਰ ਕਿਸਮਾਂ ਵੀ ਮਿਲਦੀਆਂ ਹਨ ਜਿਵੇਂ ਕਸ਼ਮੀਰੀ ਬਾਰਾਸਿੰਗਾ, ਦਲਦਲੀ ਮ੍ਰਿਗ, ਚਿੱਤੀਦਾਰ ਮ੍ਰਿਗ, ਕਸਤੂਰੀ ਮ੍ਰਿਗ ਅਤੇ ਮੁਸ਼ਕ ਮ੍ਰਿਗ ਆਦਿ।

ਸ਼ਿਕਾਰੀ ਜੰਤੂਆਂ ਵਿੱਚ (Predators) ਭਾਰਤੀ ਸ਼ੇਰ ਦਾ ਵਿਸ਼ੇਸ਼ ਸਥਾਨ ਹੈ। ਅਫ਼ਰੀਕਾ ਤੋਂ ਇਲਾਵਾ ਇਹ ਕੇਵਲ ਭਾਰਤ ਵਿੱਚ ਹੀ ਮਿਲਦਾ ਹੈ। ਇਸ ਦਾ ਕੁਦਰਤੀ ਰਹਿਣ ਸਥਾਨ ਗੁਜਰਾਤ ਦੇ ਸੌਰਾਸ਼ਟਰ ਖੇਤਰ ਵਿੱਚ ਸਥਿਤ ਗੀਰ (Gir) ਦੇ ਜੰਗਲਾਂ ਵਿੱਚ ਹੈ। ਜੇਕਰ ਸ਼ੇਰ ਰਾਜਸੀ ਅਤੇ ਤੇਜਸਵੀ ਪਸ਼ੂ ਹੈ ਤਾਂ ਸ਼ੇਰ ਜੰਗਲੀ ਜੀਵਾਂ ਵਿੱਚ ਸਭ ਤੋਂ ਸ਼ਕਤੀਸ਼ਾਲੀ ਪਸ਼ੂ ਹੈ। ਪ੍ਰਸਿੱਧ ਬੰਗਾਲੀ ਸ਼ੇਰ (ਬੰਗਾਲ ਟਾਈਗਰ) ਦਾ ਕੁਦਰਤੀ ਘਰ ਗੰਗਾ ਦੇ ਡੈਲਟੇ

ਵਿੱਚ ਮਿਲਣ ਵਾਲੇ ਸੁੰਦਰਬਨ ਹਨ। ਬਿੱਲੀ ਦੀ ਜਾਤ ਵਿੱਚ ਹੋਰ ਜੰਤੂਆਂ ਵਿੱਚ ਤੇਂਦੂਆ (ਚੀਤਾ), ਲਮਚਿੱਤਾ (Clouded Leopard) ਅਤੇ ਹਿੱਮ ਤੇਂਦੂਆ ਮੁੱਖ ਹਨ। ਲਮਚਿੱਤਾ ਅਤੇ ਹਿੱਮ ਤੇਂਦੂਆ ਹਿਮਾਲਿਆ ਦੇ ਕੇਵਲ ਉੱਚੇ ਖੇਤਰ ਵਿੱਚ ਹੀ ਮਿਲਦੇ ਹਨ।

ਹਿਮਾਲਿਆ ਦੀਆਂ ਪੂਰਬੀ ਸ਼੍ਰੇਣੀਆਂ ਵਿੱਚ ਜੰਗਲੀ ਭੇਡ, ਪਹਾੜੀ ਬੱਕਰੀਆਂ, ਸਾਕਿਨ (ਇਕ ਲੰਬੇ ਸਿੰਗ ਵਾਲੀ ਜੰਗਲੀ ਬੱਕਰੀ) ਅਤੇ ਟੈਪੀਰ ਵਰਗੇ ਹੋਰ ਆਕਰਸ਼ਕ ਜੰਤੂ ਰਹਿੰਦੇ ਹਨ। ਪਾਂਡਾ ਅਤੇ ਹਿੱਮ ਤੇਂਦੂਆ ਕੇਵਲ ਉੱਚੇ ਸਥਾਨਾਂ ਵਿੱਚ ਹੀ ਰਹਿੰਦੇ ਹਨ।

ਭਾਰਤ ਵਿੱਚ ਬਾਂਦਰਾਂ ਦੀਆਂ ਅਨੇਕਾਂ ਕਿਸਮਾਂ ਮਿਲਦੀਆਂ ਹਨ। ਲੰਗੂਰ ਆਮ ਕਰਕੇ ਮਿਲ ਜਾਂਦਾ ਹੈ। ਪੂਛ ਵਾਲਾ ਬੰਦਰ (ਮਕਾਕ) ਬੜਾ ਅਜੀਬੋ ਗਰੀਬ ਜੀਵ ਹੈ। ਇਸ ਦੇ ਮੂੰਹ ਦੇ ਚਾਰੇ ਪਾਸੇ ਵਾਲ ਜੰਮੇ ਹੁੰਦੇ ਹਨ।

ਸਾਡੇ ਦੇਸ਼ ਵਿੱਚੋਂ ਅਨੇਕਾਂ ਤਰ੍ਹਾਂ ਦੇ ਰੰਗ ਬੇਰੰਗੇ ਪੰਛੀ ਵੀ ਮਿਲਦੇ ਹਨ। ਜੇਕਰ ਸ਼ੇਰ ਸਾਡਾ ਰਾਸ਼ਟਰੀ ਪਸ਼ੂ ਤਾਂ ਮੋਰ ਰਾਸ਼ਟਰੀ ਪੰਛੀ ਹੈ। ਫੀਜੈਂਟ (ਤਿੱਤਰ) ਹੰਸ, ਬੱਤਖ, ਮੈਨਾ, ਟੂਈਆਂ ਤੋਤੇ (ਪੈਰਾਕੀਟ), ਕਬੂਤਰ, ਸਾਰਸ, ਬਗਲੇ, ਧਨੇਸ਼ (ਹਾਰਨਬਿਲ), ਸ਼ਕਰ ਖੋਰਾ (ਸਨਬਰਡ) ਭਾਰਤ ਦੀਆਂ ਜੰਗਲੀ ਝੀਲਾਂ ਵਿੱਚ ਰਹਿੰਦੇ ਹਨ।

ਸੈਂਕੜੇ ਸਾਲਾਂ ਤੋਂ ਬਿਨਾਂ ਰੋਕ-ਟੋਕ ਤੋਂ ਜੰਗਲੀ ਜਾਨਵਰਾਂ ਦਾ ਸ਼ੌਕੀਆ ਤੌਰ ਤੇ ਸ਼ਿਕਾਰ ਕਰਨ ਦਾ ਰਿਵਾਜ ਅਤੇ ਤੇਜ਼ੀ ਨਾਲ ਹੁੰਦੇ ਹੋਏ ਵਣਾਂ ਦੇ ਕਟਾਅ ਦੇ ਕਾਰਣ ਦੇਸ਼ ਵਿੱਚ ਵਣ ਜੀਵਨ ਵਿੱਚ ਕਾਫ਼ੀ ਕਮੀ ਆਈ ਹੈ। ਇਸ ਦਾ ਦੇਸ਼ ਦੇ ਵਾਤਾਵਰਨ ਸੰਤੁਲਨ (Ecological Balance) ਤੇ ਉਲਟਾ ਅਸਰ ਹੋਇਆ ਹੈ। ਜੈਵ ਭਿੰਨਤਾ (Biodiversity) ਦੇ ਮਹੱਤਵ ਨੂੰ ਧਿਆਨ ਵਿੱਚ ਰੱਖਦੇ ਹੋਏ ਵਣ ਜੀਵਨ ਦੀ ਸੰਭਾਲ ਨੂੰ ਅੱਜ ਦੇਸ਼ ਵਿੱਚ ਬਹੁਤ ਮਹੱਤਵ ਦਿੱਤਾ ਜਾ ਰਿਹਾ ਹੈ। 1972 ਵਿੱਚ ਸਟਾਕਹੋਮ (ਸਵੀਡਨ) ਵਿਖੇ ਹੋਈ ਵਿੱਚਾਰ ਗੋਸ਼ਟੀ ਅਧੀਨ ਵਿਸ਼ਵ-ਸੰਮੇਲਨ ਦੇ ਦੌਰਾਨ ਇਸ ਕੰਮ ਵਿੱਚ ਬੇਹੱਦ ਜਾਗਰਤੀ ਪੈਦਾ ਹੋਈ ਹੈ। ਆਦਮੀ ਤੇ ਜੀਵ ਮੰਡਲ (Man & Biosphere) ਦੇ ਨਾਂ ਦੇ ਇਸ ਪ੍ਰੋਗਰਾਮ ਨੇ ਵਾਤਾਵਰਨ ਪ੍ਰਣਾਲੀ ਦੀ ਸੰਭਾਲ ਤੇ ਬਹੁਤ ਜ਼ੋਰ ਦੇਣ ਦੀ ਸੰਸਾਰ ਦੇ ਲੋਕਾਂ ਨੂੰ ਅਪੀਲ ਕੀਤੀ ਸੀ। ਇਸ ਸੰਬੰਧ ਵਿੱਚ 1972 ਵਿੱਚ ਭਾਰਤੀ ਵਣ ਜੀਵਨ ਸੁਰੱਖਿਆ ਨਿਯਮ ਬਣਾਇਆ ਗਿਆ ਹੈ।

ਲਗਪਗ 83835 ਵਰਗ ਕਿਲੋਮੀਟਰ ਖੇਤਰ ਜੋ ਪੂਰੇ ਦੇਸ਼ ਦਾ 2.7% ਅਤੇ ਕੁਲ ਵਣ ਖੇਤਰ ਦਾ 12% ਹੈ, ਨੂੰ ਰਾਸ਼ਟਰੀ ਉਦਯਾਨ ਤੇ ਵਣ ਪ੍ਰਾਣੀ ਅਭਿਆਰਣ ਐਲਾਨਿਆ ਗਿਆ ਹੈ। ਖ਼ਤਮ ਹੋਣ ਦੇ ਨੇੜੇ ਪੁੱਜੇ (Near Extinction) ਵਣ ਜੀਵਾਂ ਤੇ ਵਿਸ਼ੇਸ਼ ਧਿਆਨ ਦਿੱਤਾ ਜਾਣ ਲੱਗਾ ਹੈ। ਪਸ਼ੂ-ਪੰਛੀਆਂ ਦੀ ਗਿਣਤੀ ਦਾ ਕੰਮ ਰਾਸ਼ਟਰੀ ਪੱਧਰ ਤੇ ਸ਼ੁਰੂ ਕੀਤਾ ਗਿਆ ਹੈ। ਦੇਸ਼ ਦੇ ਅਨੇਕਾਂ ਭਾਗਾਂ ਵਿੱਚ ਇਸ ਸਮੇਂ ਸ਼ੇਰਾਂ ਦੇ 16 ਰਾਖਵੇਂ ਖੇਤਰ ਹਨ। ਇਸੇ ਤਰ੍ਹਾਂ ਆਸਾਮ ਵਿੱਚ ਗੈਂਡੇ ਦੀ ਸੰਭਾਲ ਦੀ ਇਕ ਵਿਸ਼ੇਸ਼ ਯੋਜਨਾ ਚਲਾਈ ਜਾ ਰਹੀ ਹੈ। ਰਾਜਸਥਾਨ ਅਤੇ ਮਾਲਵਾ ਦੇ ਪਠਾਰ ਵਿੱਚ ਮਿਲਣ ਵਾਲੀ ਸੋਹਨ-ਚਿੜੀ (Great Indian Bustard) ਦੇ ਵੀ ਖਤਮ ਹੋ ਜਾਣ ਦਾ ਡਰ ਹੈ। ਇਹਨਾਂ ਤੋਂ ਇਲਾਵਾ ਸ਼ੇਰਾਂ ਦੀ ਸੰਖਿਆ ਵੀ ਕਾਫ਼ੀ ਘੱਟਦੀ ਜਾ ਰਹੀ ਹੈ। ਇਹ ਚਿੰਤਾ ਦੀ ਗੱਲ ਹੈ।

ਦੇਸ਼ ਦੀ ਜੈਵ ਭਿੰਨਤਾ ਦੀ ਸੁਰੱਖਿਆ ਅਤੇ ਸੰਭਾਲ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸੰਯੁਕਤ ਰਾਸ਼ਟਰ ਦੁਆਰਾ ਬਣਾਏ ਗਏ ਨਿਸ਼ਚਿਤ ਨਿਯਮ (Standard Criteria) ਨੂੰ ਧਿਆਨ ਵਿੱਚ ਰੱਖ ਕੇ ਦੇਸ਼ ਵਿੱਚ ਹੁਣ ਤੱਕ 13 ਜੀਵ ਰਾਖਵੇਂ ਖੇਤਰ (Biosphere Reserves) ਸਥਾਪਿਤ ਕੀਤੇ ਜਾ ਰਹੇ ਹਨ। ਇਸ ਯੋਜਨਾ ਦੇ ਅਧੀਨ ਸਭ ਤੋਂ ਪਹਿਲਾਂ ਜੀਵ ਰਾਖਵਾਂ ਖੇਤਰ ਨੀਲਗਿਰੀ ਵਿੱਚ ਬਣਾਇਆ ਗਿਆ ਸੀ। ਇਸਦਾ ਖੇਤਰਫਲ 5.5 ਹਜ਼ਾਰ ਵਰਗ ਕਿਲੋਮੀਟਰ ਹੈ ਜੋ ਕਰਨਾਟਕ, ਤਾਮਿਲਨਾਡੂ ਅਤੇ ਕੇਰਲ ਦੇ ਸਰਹੱਦੀ ਖੇਤਰਾਂ ਵਿੱਚ ਫੈਲਿਆ

ਹੋਇਆ ਹੈ। ਇਸ ਦੀ ਸਥਾਪਨਾ 1986 ਵਿੱਚ ਹੋਈ ਸੀ। ਇਸ ਯੋਜਨਾ ਦੇ ਅਧੀਨ ਹਰੇਕ ਜੰਤੂ ਅਤੇ ਪੌਦਿਆਂ ਦੀ ਸੰਭਾਲ ਲਾਜ਼ਮੀ ਹੈ। ਇਹ ਆਉਣ ਵਾਲੀ ਪੀੜ੍ਹੀਆਂ ਲਈ ਸਭ ਤੋਂ ਵੱਡਮੁੱਲੀ ਕੁਦਰਤੀ ਦਾਤ (Natural Heritage) ਹੈ।

**ਸਾਰਣੀ : ਭਾਰਤ ਵਿੱਚ ਜੀਵ ਰਾਖਵੇਂ ਖੇਤਰ**

| | ਰਾਖਵੇਂ ਖੇਤਰ ਦਾ ਨਾਂ | ਸਥਿਤੀ (ਰਾਜ ਦਾ ਨਾਂ) |
|---|---|---|
| 1. | ਨੀਲਗਿਰੀ | ਤਾਮਿਲਨਾਡੂ, ਕਰਨਾਟਕ, ਕੇਰਲ |
| 2. | ਨਾਮਧਪਾ | ਅਰੁਣਾਚਲ ਪ੍ਰਦੇਸ਼ |
| 3. | ਨੰਦਾ ਦੇਵੀ | ਉੱਤਰਾਖੰਡ |
| 4. | ਉੱਤਰਾ ਖੰਡ (ਫੁੱਲਾਂ ਦੀ ਘਾਟੀ) | ਉੱਤਰਾਖੰਡ |
| 5. | ਉੱਤਰੀ ਅੰਡੇਮਾਨ | ਅੰਡੇਮਾਨ ਤੇ ਨਿਕੋਬਾਰ ਦੀਪ ਸਮੂਹ |
| 6. | ਮਨਾਰ ਦੀ ਖਾੜੀ | ਤਾਮਿਲਨਾਡੂ |
| 7. | ਕਾਜ਼ੀਰੰਗਾ | ਆਸਾਮ |
| 8. | ਕਾਨਹਾ | ਮੱਧ ਪ੍ਰਦੇਸ਼ |
| 9. | ਨੋਕ੍ਰੇਕ | ਮੇਘਾਲਿਆ |
| 10. | ਰਨ ਆਫ ਕੱਛ (ਕੱਛ ਦੀ ਖਾੜੀ) | ਗੁਜਰਾਤ |

ਇਨ੍ਹਾਂ ਜੀਵ-ਰਾਖਵੇਂ-ਖੇਤਰਾਂ ਵਿੱਚ ਵਣ ਭੂਮੀ, ਜੀਵ ਜੰਤੂਆਂ ਅਤੇ ਬਨਸਪਤੀ ਨੂੰ ਉਹਨਾਂ ਦੇ ਅਸਲੀ ਤੇ ਕੁਦਰਤੀ ਰੂਪ ਵਿੱਚ ਸੁਰੱਖਿਅਤ ਰੱਖਿਆ ਜਾਵੇਗਾ। ਇਹਨਾਂ ਦੇ ਲਾਗਲੇ ਖੇਤਰਾਂ ਦਾ ਪ੍ਰਯੋਗ ਵਣ ਅਤੇ ਇਸ ਦੇ ਹੋਰ ਉਤਪਾਦਤ ਵਸਤਾਂ ਦੇ ਵਿਕਾਸ, ਸੋਧ ਅਤੇ ਪ੍ਰਯੋਗਾਂ ਦੇ ਲਈ ਕੀਤਾ ਜਾਵੇਗਾ। ਇਹਨਾਂ ਦੇ ਬਾਹਰਲੇ ਖੇਤਰ ਦਾ ਪ੍ਰਯੋਗ ਖੇਤੀ ਸੋਧ ਦੇ ਲਈ ਕੀਤਾ ਜਾਵੇਗਾ।

ਦੇਸ਼ ਵਿੱਚ 63 ਰਾਸ਼ਟਰੀ ਸੰਸਥਾਵਾਂ, 358 ਪ੍ਰਾਣੀ ਕੇਂਦਰ ਅਤੇ 72 ਪ੍ਰਾਣੀ ਘਰ (ਚਿੜੀਆ ਘਰ) ਹਨ। ਇਸ ਤਰ੍ਹਾਂ 13 ਕਰੋੜ ਵਰਗ ਕਿਲੋਮੀਟਰ ਦਾ ਭੂ-ਭਾਗ ਸੁਰੱਖਿਅਤ ਹੈ।

## (ੲ) ਮਿੱਟੀ

ਆਦਿ ਕਾਲ ਤੋਂ ਹੀ ਉਪਜਾਊ ਮਿੱਟੀ ਮਨੁੱਖ ਦੀ ਖਿੱਚ ਦਾ ਕੇਂਦਰ ਰਹੀ ਹੈ। ਹੋਰਨਾਂ ਦੇਸ਼ਾਂ ਦੀ ਤਰ੍ਹਾਂ ਸਾਡੇ ਦੇਸ਼ ਦੀਆਂ ਪੁਰਾਤਨ ਸਿੰਧ ਘਾਟੀ ਤੇ ਆਰੀਅਨ ਸਭਿਆਤਾਵਾਂ ਦਾ ਜਨਮ ਤੇ ਵਿਕਾਸ ਵੀ ਨਦੀਆਂ ਦੇ ਆਸੇ ਪਾਸੇ ਉਪਜਾਊ ਮਿੱਟੀ ਵਿੱਚ ਹੀ ਹੋਇਆ ਸੀ। ਅਜੋਕੀ ਭਾਰਤੀ ਸਭਿਅਤਾ ਵੀ ਨਦੀਆਂ ਦੁਆਰਾ ਵਿਛਾਈ ਗਈ ਉਪਜਾਊ ਮਿੱਟੀ ਵਾਲੇ ਖੇਤਰਾਂ ਵਿੱਚ ਹੀ ਵੱਧੀ-ਫੁੱਲੀ ਹੈ। ਹਰੇਕ ਸਾਲ ਤਾਜ਼ੀ ਉਪਜਾਊ ਮਿੱਟੀ ਦੇ ਵਿਛਾਅ ਤੇ ਲੋੜੀਂਦੇ ਪਾਣੀ ਦੀ ਆਸਾਨ ਪੂਰਤੀ ਤੇ ਨਿਕਾਸ ਨੇ ਇਹਨਾਂ ਨਦੀਆਂ ਘਾਟੀਆਂ ਵਿੱਚ ਵਸੋਂ ਦੇ ਸਕੇਂਦਰੀਕਰਨ ਅਤੇ ਖੇਤੀਬਾੜੀ ਨੂੰ ਉੱਨਤ ਕਰਨ ਵਿੱਚ ਬਹੁਤ ਵੱਡਾ ਯੋਗਦਾਨ ਦਿੱਤਾ ਹੈ। ਸਾਡਾ ਦੇਸ਼ ਖੇਤੀ ਪ੍ਰਧਾਨ ਹੋਣ ਕਰਕੇ ਅਜੇ ਵੀ ਮਿੱਟੀ ਤੇ ਹੀ ਆਧਾਰਤ ਹੈ। ਇਹ ਉਪਜਾਊ ਮਿੱਟੀ ਸਾਡੇ ਦੇਸ਼ ਦੇ ਵੱਡੇ ਜਨਸੰਖਿਅਕ ਆਧਾਰ ਲਈ

ਖਾਣ-ਪੀਣ, ਪਹਿਨਣ ਤੇ ਰਹਿਣ ਲਈ ਮੁੱਢਲੀਆਂ ਲੋੜਾਂ ਦੀ ਪੂਰਤੀ ਕਰਨ ਕਰਕੇ ਇਕ ਬਹੁਤ ਹੀ ਮਹੱਤਵਪੂਰਣ ਸਾਧਨ ਬਣ ਗਈ ਹੈ। ਇਸ ਮਹਾਨ ਸਾਧਨ ਦੇ ਵਿਕਾਸ ਵਿੱਚ ਦੇਸ਼ ਦੇ ਧਰਾਤਲ, ਜਲਵਾਯੂ ਅਤੇ ਬਨਸਪਤੀ ਜਿਹੇ ਤੱਤਾਂ ਦਾ ਉੱਘਾ ਯੋਗਦਾਨ ਹੈ। ਜਿਵੇਂ ਅਸੀਂ ਪਹਿਲੇ ਪਾਠਾਂ ਵਿੱਚ ਪੜ੍ਹ ਕੇ ਆਏ ਹਾਂ ਕਿ ਇਹਨਾਂ ਤੱਤਾਂ ਅੰਦਰ ਤਰ੍ਹਾਂ ਤਰ੍ਹਾਂ ਦੀਆਂ ਭਿੰਨਤਾਵਾਂ ਮਿਲਦੀਆਂ ਹਨ ਉਸੇ ਤਰ੍ਹਾਂ ਦੇਸ਼ ਅੰਦਰ ਮਿਲਣ ਵਾਲੀਆਂ ਮਿੱਟੀਆਂ ਵੀ ਇਕ ਸਮਾਨ ਨਹੀਂ ਹਨ। ਕਈ ਸਥਾਨਾਂ ਤੇ ਪੁਰਾਤਨ, ਸਖ਼ਤ ਕੰਕਰਾਂ ਵਾਲੀਆਂ ਪਹਾੜੀ ਤੇ ਪਠਾਰੀ ਮਿੱਟੀਆਂ ਮੌਜੂਦ ਹਨ ਤੇ ਦੂਸਰੇ ਸਥਾਨਾਂ ਤੇ ਨਵੀਆਂ ਵਿਛੀਆਂ ਜਲੌਢ ਮਿੱਟੀਆਂ ਮਿਲਦੀਆਂ ਹਨ। ਇਸ ਕਰਕੇ ਦੇਸ਼ ਦੀਆਂ ਮਿੱਟੀਆਂ ਦੇ ਸਮੁੱਚੇ ਅਧਿਐਨ ਲਈ ਇਸ ਦੀ ਪ੍ਰੀਭਾਸ਼ਾ ਬਣਨ ਦੀ ਕਿਰਿਆ, ਰਚਨਾ ਦੇ ਤੱਤ, ਕਿਸਮਾਂ, ਕਟਾਅ ਅਤੇ ਕਟਾਅ ਦੇ ਕਾਰਣ ਤੇ ਸੰਭਾਲ ਆਦਿ ਦੇ ਮੁੱਦਿਆਂ ਦੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ।

(ੳ) **ਮਿੱਟੀ ਦੀ ਪਰਿਭਾਸ਼ਾ (Definition) :** ਧਰਾਤਲ ਉੱਤੇ ਮਿਲਣ ਵਾਲੇ ਹਲਕੇ, ਢਿੱਲੇ ਤੇ ਅਸੰਗਠਿਤ ਚਟਾਨੀ ਚੂਰੇ ਤੇ ਬਾਰੀਕ ਜੀਵਾਂਸ਼ ਦੇ ਮਿਸ਼ਰਣ ਨੂੰ ਮਿੱਟੀ ਕਿਹਾ ਜਾਂਦਾ ਹੈ ਜਿਸ ਵਿੱਚ ਪੌਦਿਆਂ ਨੂੰ ਜਨਮ ਦੇਣ ਦੀ ਸ਼ਕਤੀ ਹੁੰਦੀ ਹੈ।

ਇਸ ਮਿਸ਼ਰਣ ਦਾ ਜਮਾਅ 15-30 ਸੈਂਟੀਮੀਟਰ ਤੋਂ ਲੈ ਕੇ ਕਈ ਮੀਟਰ ਤੱਕ ਦੀਆਂ ਡੂੰਘੀਆਂ ਤਹਿਆਂ ਵਿੱਚ ਮਿਲਦਾ ਹੈ ਪਰ ਮਿੱਟੀ ਵਿਗਿਆਨੀ ਕਾਟ ਰੇਖਾ ਚਿੱਤਰਾਂ ਦੀ ਸਹਾਇਤਾ ਨਾਲ ਮਿੱਟੀ ਦੇ ਰੰਗ, ਬਣਤਰ, ਕਣਾਂ ਦੇ ਆਕਾਰ ਤੇ ਮੱਲੜ੍ਹ ਆਦਿ ਦੀ ਮਾਤਰਾ ਦੇ ਆਧਾਰ ਤੇ ਡੂੰਘਾਈ ਵਿੱਚ ਕ੍ਰਮਵਾਰ ਏ, ਬੀ ਤੇ ਸੀ ਨਾਮੀ ਤਿੰਨ ਮੁੱਖ ਤਹਿਆਂ ਵਿੱਚ ਵੰਡਦੇ ਹਨ। ਏ-ਹੋਰਾਇਜ਼ਨ ਵਾਲੀਆਂ ਮਿੱਟੀਆਂ ਵਿੱਚ ਮੱਲੜ੍ਹ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਰੰਗ ਕਾਲਾ ਹੋਣਾ ਸ਼ੁਰੂ ਹੁੰਦਾ ਹੈ ਪਰ ਇਹ ਤਹਿ ਦੇ ਪਾਣੀ ਰਿਸਾਓ ਖੇਤਰ ਵਿੱਚ ਸਥਿਤ ਹੋਣ ਕਰਕੇ ਖਣਿਜ ਘੁੱਲ ਕੇ ਹੇਠਾਂ ਚਲੇ ਜਾਂਦੇ ਹਨ ਤੇ ਰੰਗ ਹਲਕਾ ਕਾਲਾ ਹੋ ਜਾਂਦਾ ਹੈ। ਇਸ ਤਹਿ ਦੇ ਹੇਠਾਂ ਬੀ-ਹੋਰਾਇਜ਼ਨ ਵਾਲੀ ਉੱਪ-ਮਿੱਟੀ ਦੀ ਤਹਿ ਦਾ ਰੰਗ ਉੱਪਰ ਤੋਂ ਰਿਸ ਕੇ ਆਏ ਖਣਿਜ ਪਦਾਰਥਾਂ ਦੇ ਇਕੱਠੇ ਹੁੰਦੇ ਰਹਿਣ ਕਰਕੇ ਭੂਰਾ ਹੁੰਦਾ ਹੈ ਪਰ ਇਸ ਮੱਲੜ੍ਹ ਦੀ ਮਾਤਰਾ ਘੱਟ ਜਾਂਦੀ ਹੈ। ਇਸ ਤਹਿ ਦੇ ਹੇਠਾਂ **ਸੀ-ਹੋਰਾਇਜ਼ਨ** ਵਾਲੀ ਮਿੱਟੀ ਦੀ ਤਹਿ ਦਾ ਰੰਗ ਉੱਪਰ ਤੋਂ ਰਿਸ ਕੇ ਆਏ ਖਣਿਜ ਪਦਾਰਥਾਂ ਦੇ ਇਕੱਠੇ ਹੁੰਦੇ ਰਹਿਣ ਕਰਕੇ ਭੂਰਾ ਹੁੰਦਾ ਹੈ ਪਰ ਇਸ ਮੱਲੜ੍ਹ ਦੀ ਮਾਤਰਾ ਘੱਟ ਜਾਂਦੀ ਹੈ। ਇਸ ਤਹਿ ਦੇ ਹੇਠਾਂ **ਡੀ-ਹੋਰਾਇਜ਼ਨ** ਵਾਲੀ ਮਿੱਟੀ ਦੀ ਤਹਿ ਮਿਲਦੀ ਹੈ ਜਿਸ ਵਿੱਚ ਮੁੱਢਲੀ ਚਟਾਨ ਤੋਂ ਅਲੱਗ ਹੋਏ ਪਦਾਰਥਾਂ ਵਿੱਚ ਕੋਈ ਖਾਸ ਤਬਦੀਲੀ ਨਹੀਂ ਆਈ ਹੁੰਦੀ ਹੈ ਤੇ ਇਹ ਅੱਗੇ ਜਾ ਕੇ ਮੁੱਖ ਆਧਾਰ ਚਟਾਨ ਨਾਲ ਜਾ ਮਿਲਦੀ ਹੈ। ਇਸ ਉਪ-ਚਟਾਨੀ ਤਹਿ ਦਾ ਰੰਗ ਸਲੇਟੀ ਜਾਂ ਹਲਕਾ ਭੂਰਾ ਹੁੰਦਾ ਹੈ।

(ਅ) **ਮਿੱਟੀ ਦੀ ਨਿਰਮਾਣ ਕਿਰਿਆ :** ਮਿੱਟੀ ਬਣਨ ਦੀ ਕਿਰਿਆ ਬਹੁਤ ਹੌਲੀ ਤੇ ਲੰਬੀ ਹੁੰਦੀ ਹੈ। ਧਰਾਤਲ ਦੇ ਉੱਪਰ ਵਾਲੀ ਕੇਵਲ ਇਕ ਇੰਚ ਮੋਟੀ ਤਹਿ ਬਣਨ ਵਿੱਚ ਹਜ਼ਾਰਾਂ ਸਾਲ ਤੱਕ ਲੱਗ ਜਾਂਦੇ ਹਨ। ਧਰਤੀ ਦੇ ਬਾਹਰੀ ਮੌਸਮੀ ਤੱਤ ਆਪਣੀ ਸ਼ਕਤੀ ਨਾਲ ਅਤੇ ਰਸਾਇਣਕ ਕਿਰਿਆ ਨਾਲ ਹੇਠਾਂ ਦੀਆਂ ਧਰਾਤਲੀ ਚਟਾਨਾਂ ਨੂੰ ਤੋੜ-ਫੋੜ ਕੇ ਚੂਰਾ ਬਣਾਉਂਦੇ ਰਹਿੰਦੇ ਹਨ। ਇਸ ਚੂਰੇ ਉੱਪਰ ਜਨਮੀ ਬਨਸਪਤੀ ਦੇ ਪੱਤੇ, ਟਾਹਣੀਆਂ ਅਤੇ ਹੋਰ ਉਪ-ਭਾਗ ਵੀ ਗਲ ਸੜ ਕੇ ਬਰੀਕ ਹੁੰਦੇ ਹੋਏ ਮਿਲਦੇ ਰਹਿੰਦੇ ਹਨ। ਇਹਨਾਂ ਦੇ ਨਾਲ ਹੀ ਜੀਵ-ਜੰਤੂਆਂ ਦੇ ਪਿੰਜਰ, ਹੱਡੀਆਂ ਤੇ ਹੋਰ ਸਰੀਰਕ ਹਿੱਸੇ ਵੀ ਗਲਣ-ਸੜਨ ਤੋਂ ਬਾਅਦ ਇਸ ਵਿੱਚ ਬਾਰੀਕ ਜੀਵਾਂਸ਼ ਦੇ ਤੌਰ ਤੇ ਸ਼ਾਮਲ ਹੁੰਦੇ ਰਹਿੰਦੇ ਹਨ। ਇਹਨਾਂ ਤੋਂ ਇਲਾਵਾ ਇਸ ਸਾਰੇ ਚੂਰੇ ਵਿੱਚ ਰਹਿਣ ਵਾਲੇ ਮਿੱਟੀ ਦੇ ਕੀੜੇ, ਗੰਡੋਏ ਤੇ ਸੂਖਮ ਬੈਕਟੀਰੀਆ ਵੀ ਆਪਣੀਆਂ ਜੈਵਿਕ ਕ੍ਰਿਆਵਾਂ ਦੁਆਰਾ ਨਵੀਂ ਮਿੱਟੀ ਦਾ ਨਿਰਮਾਣ ਕਰਦੇ ਰਹਿੰਦੇ ਹਨ।

**(ੲ) ਮਿੱਟੀ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ (Factors Affecting Soil formation) :** ਸਾਡੇ ਦੇਸ਼ ਅੰਦਰ ਮਿਲਣ ਵਾਲੀਆਂ ਮਿੱਟੀਆਂ ਦੀ ਬਣਤਰ ਇਕ ਸਮਾਨ ਨਹੀਂ ਹੈ। ਇਹਨਾਂ ਦੇ ਨਿਰਮਾਣ ਵਿੱਚ ਭੌਤਿਕ, ਰਸਾਇਣਕ ਤੇ ਜੈਵਿਕ ਕਿਰਿਆਵਾਂ ਤੋਂ ਇਲਾਵਾ ਪੰਜ ਤੱਤਾਂ ਦਾ ਯੋਗਦਾਨ ਹੁੰਦਾ ਹੈ ਜੋ ਇਕ ਦੂਸਰੇ ਤੋਂ ਵੱਖ ਹੋ ਕੇ ਨਹੀਂ ਬਲਕਿ ਆਪਸ ਵਿੱਚ ਮਿਲ ਕੇ ਪੂਰਣ ਸਹਿਯੋਗ ਨਾਲ ਇਕ ਖਾਸ ਕਿਸਮ ਦੀ ਮਿੱਟੀ ਦਾ ਨਿਰਮਾਣ ਕਰਦੇ ਹਨ।

1. **ਮੁੱਢਲੀ ਚਟਾਨ (Basic Slope)** : ਆਧਾਰ ਚਟਾਨਾਂ ਦੇ ਤੌਰ ਤੇ ਦੇਸ਼ ਦੇ ਉੱਤਰੀ ਮੈਦਾਨਾਂ ਦੀਆਂ ਤਹਿਦਾਰ ਚਟਾਨਾਂ ਵੱਖਰੇ-ਵੱਖਰੇ ਖਣਿਜਾਂ ਦੇ ਇਕੱਤਰ ਹੋਣ ਕਰਕੇ ਸਭ ਤੋਂ ਵਧੀਆ ਕਿਸਮ ਦੀ ਮਿੱਟੀ ਪ੍ਰਦਾਨ ਕਰਦੀਆਂ ਹਨ। ਦੂਸਰੇ ਸਥਾਨ ਤੇ ਉਪਜਾਊਪਣ ਦੇ ਪੱਖੋਂ ਦੇਸ਼ ਦੇ ਪਠਾਰੀ ਭਾਗਾਂ ਦੀਆਂ ਲਾਵੇ ਵਾਲੀਆਂ ਚਟਾਨਾਂ ਜੋਨਲ ਮਿੱਟੀਆਂ ਨੂੰ ਜਨਮ ਦਿੰਦੀਆਂ ਹਨ ਜੋ ਆਪਣੇ ਅੰਦਰ ਮਿਲਣ ਵਾਲੇ ਖਣਿਜ ਪਦਾਰਥਾਂ ਕਰਕੇ ਉਪਜਾਊ ਹੁੰਦੀਆਂ ਹਨ।

2. **ਜਲਵਾਯੂ (Climate)** : ਮੁੱਢਲੀਆਂ ਚਟਾਨਾਂ ਤੋਂ ਬਣਨ ਵਾਲੀ ਮਿੱਟੀ ਦਾ ਰੰਗ, ਗਠਨ, ਬਨਾਵਟ ਤੇ ਕਣਾਂ ਦਾ ਆਕਾਰ ਇਸ ਗੱਲ ਤੇ ਵੀ ਨਿਰਭਰ ਕਰਦਾ ਹੈ ਕਿ ਇਹ ਚਟਾਨਾਂ ਕਿੰਨੇ ਸਮੇਂ ਤੋਂ ਕਿਸ ਤਰ੍ਹਾਂ ਦੇ ਜਲਵਾਯੂ ਦੁਆਰਾ ਪ੍ਰਭਾਵਿਤ ਹੋ ਰਹੀਆਂ ਹਨ। ਦੇਸ਼ ਦੇ ਪੱਛਮੀ ਬੰਗਾਲ ਵਰਗੇ ਸਿੱਲ੍ਹੇ ਜਲਵਾਯੂ ਵਿੱਚ ਰਸਾਇਣਿਕ ਕਿਰਿਆ ਦੇ ਅਸਰ ਅਤੇ ਮੱਲੜ੍ਹ ਦੀ ਹੋਂਦ ਦੇ ਕਾਰਣ ਮਿੱਟੀ ਜ਼ਿਆਦਾ ਵਿਕਸਤ ਹੁੰਦੀ ਹੈ ਪਰ ਰਾਜਸਥਾਨ ਵਰਗੇ ਖੁਸ਼ਕ ਖੇਤਰ ਵਿੱਚ ਬਨਸਪਤੀ ਦੀ ਘਾਟ ਦੇ ਕਾਰਣ ਮਿੱਟੀ ਦੀ ਉਪਜਾਊ ਸ਼ਕਤੀ ਘੱਟ ਜਾਂਦੀ ਹੈ ਪਰ ਜ਼ਿਆਦਾ ਵਰਖਾ ਅਤੇ ਤੇਜ਼ ਪੌਣਾਂ ਵਾਲੇ ਖੇਤਰਾਂ ਵਿੱਚੋਂ ਮਿੱਟੀ ਦਾ ਕਟਾਅ ਜ਼ਿਆਦਾ ਹੋਣ ਕਰਕੇ ਇਸ ਦੇ ਉਪਜਾਊਪਣ ਵਿੱਚ ਕਮੀ ਆ ਜਾਂਦੀ ਹੈ।

3. **ਢਲਾਣ (Slope)** : ਜਲਵਾਯੂ ਤੋਂ ਇਲਾਵਾ ਖੇਤਰੀ ਢਲਾਨ ਦਾ ਵੀ ਮਿੱਟੀ ਦੇ ਵਿਕਾਸ ਵਿੱਚ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਦੇਸ਼ ਦੇ ਤਿੱਖੀਆਂ ਢਲਾਨਾਂ ਵਾਲੇ ਪਹਾੜੀ ਖੇਤਰਾਂ ਵਿੱਚ ਪਾਣੀ ਦੇ ਤੇਜ਼ ਵਹਾਅ ਅਤੇ ਗਰੂਤਾ ਖਿੱਚ ਸ਼ਕਤੀ ਦੇ ਕਾਰਣ ਮਿੱਟੀ ਖਿਸਕਦੀ ਰਹਿੰਦੀ ਹੈ। ਇਹੀ ਕਾਰਣ ਹੈ ਕਿ ਪਹਾੜੀ ਖੇਤਰਾਂ ਵਿੱਚ ਚੋਟੀਆਂ ਤੇ ਢਲਾਨਾਂ ਦੀ ਬਜਾਏ ਗੰਗਾ-ਸਿੰਧ-ਬ੍ਰਹਮਪੁੱਤਰ ਜਿਹੇ ਦਰਿਆਵਾਂ ਦੀਆਂ ਨਦੀ ਘਾਟੀਆਂ ਦੀ ਮਿੱਟੀ ਵੱਖੋ-ਵੱਖਰੇ ਸਥਾਨਾਂ ਤੋਂ ਆ ਕੇ ਮਿਲਣ ਕਰਕੇ ਜ਼ਿਆਦਾ ਉਪਜਾਊ ਹੁੰਦੀ ਹੈ। ਪਹਾੜੀ ਢਲਾਨ ਵਿੱਚ ਸਾਡੇ ਦੇਸ਼ ਦੀਆਂ ਦੱਖਣੀ ਪਹਾੜੀ ਢਲਾਨਾਂ ਸੂਰਜ-ਮੁੱਖੀ ਹੋਣ ਕਰਕੇ ਉੱਤਰ-ਮੁੱਖੀ ਢਲਾਨਾਂ ਦੇ ਮੁਕਾਬਲੇ ਵਿੱਚ ਵਧੀਆ ਮਿੱਟੀ ਪ੍ਰਦਾਨ ਕਰਦੀਆਂ ਹਨ।

4. **ਕੁਦਰਤੀ ਬਨਸਪਤੀ (Natural Vegetation)** : ਇਹ ਮੂਲ ਪਦਾਰਥ ਵਿੱਚ ਜੈਵਿਕ ਚੂਰੇ ਦੀ ਪੂਰਤੀ ਕਰਕੇ ਮਿੱਟੀ ਦਾ ਵਿਕਾਸ ਕਰਨ ਵਾਲਾ ਮੁੱਖ ਤੱਤ ਹੈ ਪਰ ਸਾਡੇ ਦੇਸ਼ ਦੀਆਂ ਮਿੱਟੀਆਂ ਵਿੱਚ ਜ਼ਿਆਦਾ ਜ਼ਮੀਨ ਖੇਤੀਬਾੜੀ ਹੇਠ ਆ ਜਾਣ ਕਰਕੇ ਇਸ ਅੰਸ਼ ਦੀ ਸਖ਼ਤ ਘਾਟ ਮਿਲਦੀ ਹੈ। ਦੇਸ਼ ਅੰਦਰ ਲਾਵੇ ਵਾਲੀਆਂ ਮਿੱਟੀਆਂ, ਪਾਣੀ ਦੇ ਸਰੋਤਾਂ ਦੇ ਆਸ ਪਾਸ ਵਾਲੀਆਂ ਮਿੱਟੀਆਂ ਦੇ ਸੁਰੱਖਿਅਤ ਵਣ ਖੇਤਰਾਂ ਦੀਆਂ ਮਿੱਟੀਆਂ ਵਿੱਚ 5% ਤੋਂ 10% ਤੱਕ ਜੈਵਿਕ ਅੰਸ਼ ਮਿਲਦਾ ਹੈ ਪਰ ਦੇਸ਼ ਦੇ ਬਾਕੀ ਭਾਗਾਂ ਵਿੱਚ ਇਕ ਪ੍ਰਤੀਸ਼ਤ ਤੋਂ ਘੱਟ ਹੀ ਜੈਵਿਕ ਅੰਸ਼ ਦੀ ਮਾਤਰਾ ਮਿਲਦੀ ਹੈ।

5. **ਸਮਾਂ (Tenure)** : ਉਕਤ ਚਾਰ ਤੱਤਾਂ ਤੋਂ ਇਲਾਵਾ ਮਿੱਟੀ ਦੇ ਨਿਰੰਤਰ ਵਿਕਾਸ ਵਿੱਚ ਸਮੇਂ ਦਾ ਵੀ ਬਹੁਤ ਵੱਡਾ ਮਹੱਤਵ ਹੁੰਦਾ ਹੈ। ਮਿੱਟੀਆਂ ਵਿੱਚ ਹਰੇਕ ਸਾਲ ਮੱਲੜ੍ਹ ਤੇ ਜੀਵਾਂਸ਼ ਮਿਲਦੇ ਰਹਿਣ ਕਰਕੇ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਹੁੰਦਾ ਜਾਂਦਾ ਹੈ ਤੇ ਲੱਖਾਂ ਸਾਲਾਂ ਦੀ ਨਿਰਵਿਘਨ ਕਿਰਿਆ ਤੋਂ ਬਾਅਦ ਹੀ ਵਧੀਆ ਮਿੱਟੀ ਦਾ ਜਨਮ ਹੁੰਦਾ ਹੈ।

ਇਸ ਪ੍ਰਕਾਰ ਮਿੱਟੀ ਦੇ ਨਿਰਮਾਣ ਤੇ ਵਿਕਾਸ ਲਈ ਮੁੱਢਲੀ ਚਟਾਨ ਦੀ ਵੰਨਗੀ, ਜਲਵਾਯੂ ਦੀ ਤਬਦੀਲੀ, ਬਨਸਪਤੀ ਦਾ ਵਖਰੇਵਾਂਪਣ, ਧਰਾਤਲ ਦੀ ਢਲਾਨ ਤੇ ਮਿੱਟੀ ਦੀ ਉਮਰ ਜਿਹੇ ਪੰਜ ਤੱਤ ਜ਼ਿੰਮੇਵਾਰ ਹੁੰਦੇ ਹਨ।

**(ਸ) ਭਾਰਤੀ ਮਿੱਟੀਆਂ ਦਾ ਵਰਗੀਕਰਨ (Classification of Indian Soils) :** ਭਾਰਤ ਦੇ ਵੱਖ-ਵੱਖ ਭਾਗਾਂ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਚਟਾਨਾਂ ਅਤੇ ਜਲਵਾਯੂ ਮਿਲਣ ਕਰਕੇ ਭਿੰਨ ਭਿੰਨ ਤਰ੍ਹਾਂ ਦੀਆਂ ਮਿੱਟੀਆਂ ਮਿਲਦੀਆਂ ਹਨ। ਇਹਨਾਂ ਨੂੰ ਉਪਜਾਊਪਣ, ਸਿੰਜਾਈ, ਉਤਪੱਤੀ ਤੇ ਗੁਣਾਂ ਆਦਿ ਦੇ ਵੱਖ-ਵੱਖ ਆਧਾਰਾਂ ਰਾਹੀਂ ਵੰਡਿਆ ਜਾ ਸਕਦਾ ਹੈ। **ਪਹਿਲਾ**, ਦੇਸ਼ ਦੀ ਪੁਰਾਤਨ ਪ੍ਰਥਾ ਅਨੁਸਾਰ ਮਿੱਟੀਆਂ ਨੂੰ ਉਪਜ ਜਾਂ ਫਸਲਾਂ ਦੀ ਪੈਦਾਵਾਰ ਦੇ ਆਧਾਰ ਤੇ ਦੋ ਮੁੱਖ ਭਾਗਾਂ ਵਿੱਚ ਵੰਡਿਆ ਜਾਂਦਾ ਸੀ : (1) ਉਰਵਰਾ (ਉਪਜਾਊ) ਤੇ (2) ਅਨੁਵਰਾ (ਅਣਉਪਜਾਊ)। ਅਨੁਵਰਾ ਦੇ ਅੱਗੋਂ ਦੋ ਉਪ-ਭਾਗ ਕੀਤੇ ਗਏ ਇਕ 'ਔਸੜ' (ਨਮਕੀਨ) ਤੇ ਦੂਸਰਾ 'ਮਾਰੂ' (ਰੇਤਲੀ)। **ਦੂਸਰਾ**, ਸਿੰਜਾਈ ਦੇ ਪੱਖ ਤੋਂ ਵਰਖਾ ਤੇ ਆਧਾਰਿਤ ਖੇਤਰਾਂ ਦੀਆਂ ਮਿੱਟੀਆਂ ਨੂੰ 'ਬਰਾਨੀ', ਖੂਹਾਂ ਵਾਲੀ ਮਿੱਟੀਆਂ ਨੂੰ 'ਚਾਹੀ', ਨਹਿਰਾਂ ਤੋਂ 'ਨਹਿਰੀ' ਤੇ ਦਰਿਆਈ ਰਿਸਾਣ ਵਾਲੀਆਂ ਸਿੱਲ੍ਹੀਆਂ ਮਿੱਟੀਆਂ ਨੂੰ 'ਸੈਲਾਬੀ' ਮਿੱਟੀਆਂ ਕਿਹਾ ਗਿਆ। **ਤੀਸਰਾ**, ਉੱਤਪਤੀ ਦੇ ਪੱਖ ਤੋਂ ਮਿੱਟੀਆਂ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ— (*i*) ਜ਼ੋਨਲ ਅਤੇ (*ii*) ਆਜ਼ੋਨਲ। ਜ਼ਨੋਲ ਮਿੱਟੀਆਂ ਨੂੰ ਸਥਾਨਕ ਮਿੱਟੀਆਂ ਵੀ ਕਿਹਾ ਜਾਂਦਾ ਹੈ ਜੋ ਡੂੰਘਾਈ ਤੇ ਦੱਬੀਆਂ ਹੋਈਆਂ ਚਟਾਨਾਂ ਦੇ ਉੱਪਰ ਬਣ ਜਾਂਦੀਆਂ ਹਨ। **ਆਜ਼ੋਨਲ ਮਿੱਟੀਆਂ** 'ਪ੍ਰਵਾਹਕ ਮਿੱਟੀਆਂ' ਕਹਾਉਂਦੀਆਂ ਹਨ ਜੋ ਮੁੱਢਲੀਆਂ ਚਟਾਨਾਂ ਤੋਂ ਪੌਣ, ਦਰਿਆ, ਗਲੇਸ਼ੀਅਰ ਜਾਂ ਸਮੁੰਦਰੀ ਲਹਿਰਾਂ ਦੁਆਰਾ ਟੁੱਟ-ਟੁੱਟ ਕੇ ਦੂਸਰੇ ਸਥਾਨਾਂ ਤੇ ਪਹੁੰਚ ਜਾਂਦੀਆਂ ਹਨ।

ਪਰ 1953 ਵਿੱਚ ਭਾਰਤੀ ਖੇਤੀਬਾੜੀ ਖੋਜ ਸੰਸਥਾ ਦੁਆਰਾ ਮਿੱਟੀ ਦੇ ਗੁਣਾਂ ਦੇ ਆਧਾਰ ਤੇ ਸਰਵ ਭਾਰਤੀ ਮਿੱਟੀ ਸਰਵੇਖਣ ਕਮੇਟੀ ਦੀ ਰਿਪੋਰਟ ਦੇ ਅਨੁਸਾਰ ਸਮੁੱਚੇ ਦੇਸ਼ ਦੀਆਂ ਮਿੱਟੀਆਂ ਦੀ ਕੇਵਲ ਅੱਠ ਭਾਗਾਂ ਵਿੱਚ ਕੀਤੀ ਗਈ ਵੰਡ ਨੂੰ ਕਾਫ਼ੀ ਮਾਨਤਾ ਪ੍ਰਾਪਤ ਹੈ। ਇਹਨਾਂ ਅੱਠ ਕਿਸਮਾਂ ਵਿੱਚ (1) ਜਲੋਢੀ ਮਿੱਟੀ, (2) ਕਾਲੀ ਮਿੱਟੀ, (3) ਲਾਲ ਮਿੱਟੀ), (4) ਲੈਟਰਾਈਟ ਮਿੱਟੀ, (5) ਮਾਰੂਥਲੀ ਮਿੱਟੀ, (6) ਖਾਰੀ ਤੇ ਤੇਜ਼ਾਬੀ ਮਿੱਟੀ, (7) ਪੀਟ ਤੇ ਦਲਦਲੀ ਮਿੱਟੀ ਅਤੇ (8) ਪਹਾੜੀ/ਜੰਗਲੀ ਮਿੱਟੀ ਮੁੱਖ ਮਿੱਟੀ ਵਰਗ ਹਨ।

**1. ਜਲੋਢੀ ਮਿੱਟੀ (Alluvial Soil) :**

***(i)* ਪਸਾਰ (Extent)** : ਇਹਨਾਂ ਮਿੱਟੀਆਂ ਨੇ ਲਗਪਗ 15 ਲੱਖ ਵਰਗ ਕਿਲੋਮੀਟਰ ਦੇ ਖੇਤਰ ਵਿੱਚ ਫੈਲੀਆਂ ਹੋਣ ਕਰਕੇ ਦੇਸ਼ ਦੇ ਕੁਲ ਖੇਤਰਫਲ ਦਾ 24 ਪ੍ਰਤੀਸ਼ਤ ਹਿੱਸਾ ਘੇਰਿਆ ਹੋਇਆ ਹੈ। ਇਹ ਮਿੱਟੀਆਂ ਧਰਾਤਲ ਤੋਂ ਹੇਠਾਂ ਵੱਲ 600 ਮੀਟਰ ਦੀ ਡੂੰਘਾਈ ਤੱਕ ਦੀਆਂ ਤਹਿਦਾਰ ਚਟਾਨਾਂ ਵਿੱਚ ਮਿਲਦੀਆਂ ਹਨ।

***(ii)* ਖੇਤਰੀ ਵਿਸਥਾਰ (Regional Extention))** : ਇਹ ਮਿੱਟੀਆਂ ਦੇਸ਼ ਦੇ ਉੱਤਰੀ ਅਤੇ ਦੱਖਣੀ ਦੋਵੇਂ ਭਾਗਾਂ ਵਿੱਚ ਮਿਲਦੀਆਂ ਹਨ। ਉੱਤਰੀ ਭਾਰਤ ਦੇ ਵਿਸ਼ਾਲ ਮੈਦਾਨੀ ਖੇਤਰਾਂ ਵਿੱਚ ਜ਼ਿਆਦਾਤਰ ਸਾਡਾ ਪੰਜਾਬ, ਹਰਿਆਣਾ, ਪੂਰਬੀ ਰਾਜਸਥਾਨ, ਉੱਤਰ ਪ੍ਰਦੇਸ਼, ਦਿੱਲੀ, ਬਿਹਾਰ, ਪੱਛਮੀ ਬੰਗਾਲ ਆਦਿ ਦੀਆਂ ਗੰਗਾ-ਸਤਲੁਜ ਘਾਟੀਆਂ ਵਿੱਚ ਜਲੋਢੀ ਮਿੱਟੀ ਮਿਲਦੀ ਹੈ। ਇਹਨਾਂ ਖੇਤਰਾਂ ਤੋਂ ਇਲਾਵਾ ਇਸ ਮਿੱਟੀ ਦਾ ਵਿਸਥਾਰ ਆਸਾਮ ਦੀ ਬ੍ਰਹਮਪੁੱਤਰ ਤੇ ਸੁਰਮਾ ਘਾਟੀ, ਉੜੀਸਾ ਦੀ ਮਹਾਂਨਦੀ ਘਾਟੀ, ਮੱਧ ਪ੍ਰਦੇਸ਼ ਦੀ ਨਰਮਦਾ ਤੇ ਤਾਪਤੀ ਘਾਟੀ ਤੇ ਦੱਖਣ ਵਿੱਚ ਗੋਦਾਵਰੀ, ਕ੍ਰਿਸ਼ਨਾ ਤੇ ਕਾਵੇਰੀ ਜਿਹੀਆਂ ਨਦੀਆਂ ਦੇ ਡੈਲਟਾਈ ਖੇਤਰਾਂ ਵਿੱਚ ਵੀ ਹੋਇਆ ਹੈ।

***(iii)* ਰਸਾਇਣਕ ਤੱਤ (Chemical Elements)** : ਇਹਨਾਂ ਮਿੱਟੀਆਂ ਵਿੱਚ ਪੋਟਾਸ਼, ਫਾਸਫੋਰਸ, ਚੂਨਾ ਤੇ ਮੈਗਨੀਸ਼ੀਅਮ ਜਿਹੇ ਨਮਕਾਂ ਦੀ ਮਾਤਰਾ ਕਾਫ਼ੀ ਹੁੰਦੀ ਹੈ ਪਰ ਨਾਈਟਰੋਜਨ ਤੇ ਮੱਲੜ੍ਹ ਦੀ ਘਾਟ ਹੁੰਦੀ ਹੈ।

ਉੱਤਰ ਪੱਛਮੀ ਭਾਗਾਂ ਦੀਆਂ ਮਿੱਟੀਆਂ ਵੱਧ ਮੁਸਾਮਦਾਰ, ਹਲਕੇ ਰੰਗ ਵਾਲੀਆਂ, ਦੋਮਟ-ਰੇਤਲੀ ਮਿੱਟੀ ਦੇ ਕਣਾਂ ਵਾਲੀਆਂ ਹੁੰਦੀਆਂ ਹਨ।

(*iv*) **ਮਿੱਟੀ ਦੀ ਬਣਤਰ (Constitution of Soil)** : ਅਜਿਹੀ ਮਿੱਟੀ ਦਾ ਨਿਰਮਾਣ ਹਿਮਾਲਿਆ ਤੇ ਦੱਖਣੀ ਪਠਾਰ ਦੀਆਂ ਪਹਾੜੀ ਢਲਾਨਾਂ ਤੋਂ ਨਦੀਆਂ ਦੁਆਰਾ ਰੋੜ੍ਹ ਕੇ ਲਿਆਂਦੇ ਗਏ ਮਲਬੇ ਦੇ ਤਹਿਆਂ ਵਿੱਚ ਹੋਣ ਵਾਲੇ ਜਮਾਅ ਤੋਂ ਹੋਇਆ ਹੈ। ਉੱਤਰ ਪੱਛਮੀ ਭਾਗਾਂ ਵਿੱਚ ਪੌਣਾਂ ਦੁਆਰਾ ਤੇ ਸਮੁੰਦਰੀ ਕਿਨਾਰਿਆਂ ਤੇ ਲਹਿਰਾਂ ਦੁਆਰਾ ਛੱਡੇ ਗਏ ਤਲਛੱਟ ਉੱਤੇ ਬਣਨ ਵਾਲੀ ਮਿੱਟੀ ਨੇ ਵੀ ਜਲੋਢੀ ਮਿੱਟੀਆਂ ਦੇ ਖੇਤਰ ਵਿੱਚ ਵਾਧਾ ਕੀਤਾ ਹੈ। ਸਾਡੇ ਦੇਸ਼ ਵਿੱਚ ਜਲੋਢੀ ਮਿੱਟੀ ਦੇ ਚਾਰ ਵੱਡੇ ਖੇਤਰ ਮਿਲਦੇ ਹਨ—

(ੳ) ਦਰਿਆਈ (ਅ) ਤਰਾਈ (ੲ) ਡੈਲਟਾਈ (ਸ) ਤੱਟ ਵਰਤੀ।

**(ੳ) ਦਰਿਆਈ ਜਲੋਢ ਮਿੱਟੀ** : ਅਜਿਹੀ ਮਿੱਟੀ ਦਰਿਆਵਾਂ ਦੇ ਨਦੀ ਬੇਸਿਨਾਂ ਵਿੱਚ ਮਿਲਦੀ ਹੈ। ਗੰਗਾ ਸਤਲੁਜ ਤੇ ਇਹਨਾਂ ਦੀਆਂ ਸਹਾਇਕ ਨਦੀਆਂ ਨੇ ਆਪਣੇ ਵਿਸ਼ਾਲ ਮਾਰਗਾਂ ਵਿੱਚ ਇਸ ਦਾ ਵਿਸਤਾਰ ਕੀਤਾ ਹੈ ਜੋ ਕਾਫ਼ੀ ਲੰਮੇ ਅਰਸੇ ਤੋਂ ਬਾਅਦ ਫਿਰ ਦੋ ਉਪ-ਵਰਗਾਂ ਵਿੱਚ ਵੰਡੀ ਜਾਂਦੀ ਹੈ।

(*a*) **ਖਾਡਰ ਮਿੱਟੀ** : ਇਹ ਮਿੱਟੀਆਂ ਹਲਕੇ ਰੰਗ ਵਾਲੀਆਂ ਤੇਜ਼ਾਬੀ ਕਿਸਮ ਦੀਆਂ ਹੁੰਦੀਆਂ ਹਨ ਤੇ ਇਹਨਾਂ ਵਿੱਚ ਚੀਕਣੀ ਮਿੱਟੀ ਤੇ ਰੇਤ ਦੇ ਕਣ ਜ਼ਿਆਦਾ ਹੁੰਦੇ ਹਨ ਜਿੱਥੇ ਕਿ ਹਰ ਸਾਲ ਹੜ੍ਹ ਦੇ ਕਾਰਣ ਨਵੀਂ ਤੇ ਬਾਰੀਕ ਮਿੱਟੀ ਦਾ ਜਮਾਅ ਹੁੰਦਾ ਰਹਿੰਦਾ ਹੈ। ਅਜਿਹੀ ਖਾਡਰ ਮਿੱਟੀ ਡੈਲਟਾਈ ਤੇ ਨਦੀਆਂ ਦੇ ਕਿਨਾਰਿਆਂ ਤੇ ਮਿਲਣ ਵਾਲੇ ਹੜ੍ਹ ਦੇ ਮੈਦਾਨਾਂ ਵਿੱਚ ਮਿਲਦੀ ਹੈ।

(*b*) **ਬਾਂਗਰ ਮਿੱਟੀ** : ਇਹ ਮਿੱਟੀ ਹੜ੍ਹ ਦੇ ਮੈਦਾਨਾਂ ਤੋਂ 30 ਮੀਟਰ ਤੋਂ ਵੱਧ ਉੱਚਾਈ ਵਾਲੇ ਮੈਦਾਨੀ ਭਾਗਾਂ ਵਿੱਚ ਮਿਲਦੀ ਹੈ ਜਿੱਥੇ ਪੁਰਾਣੇ ਵਿਛੇ ਮਲਬੇ ਤੇ ਨਦੀਆਂ ਦਾ ਪਾਣੀ ਨਹੀਂ ਪਹੁੰਚ ਸਕਦਾ। ਇਹਨਾਂ ਗੂੜ੍ਹੇ ਰੰਗਾਂ ਵਾਲੀਆਂ ਮਿੱਟੀਆਂ ਵਿੱਚ ਚੀਕਣੀ, ਦੋਮਟ ਤੇ ਰੇਤ ਦਾ ਮਿਸ਼ਰਣ ਸਮਾਨ ਅਨੁਪਾਤ ਵਿੱਚ ਮਿਲ ਜਾਂਦਾ ਹੈ। ਜਿਹਨਾਂ ਜ਼ਿਆਦਾ ਉੱਚੇ ਬਾਂਗਰ ਭਾਗਾਂ ਵਿੱਚ (ਦਾਦਰੀ, ਹਰਿਆਣਾ) ਇਹਨਾਂ ਦੀ ਤਹਿ ਦੇ ਹੇਠਾਂ ਚੂਨੇ ਦੇ ਪਥਰੀਲੇ ਅੰਸ਼ (Lime Nodules) ਵਧੇਰੇ ਮਿਲਦੇ ਹਨ, ਜਲੋਢੀ ਕੰਕਰ ਮਿੱਟੀਆਂ (Alluvial Kanker Soils) ਕਹਾਉਂਦੀਆਂ ਹਨ।

**(ਅ) ਤਰਾਈ ਜਲੋਢੀ ਮਿੱਟੀ** : ਇਹਨਾਂ ਦਾ ਵਿਸਥਾਰ ਹਿਮਾਲਿਆ ਦੇ ਨਾਲ ਲੱਗਦੇ ਉੱਤਰ ਪ੍ਰਦੇਸ਼, ਬਿਹਾਰ ਤੇ ਪੱਛਮੀ ਬੰਗਾਲ ਰਾਜਾਂ ਦੇ ਖੇਤਰਾਂ ਵਿੱਚ ਮਿਲਦਾ ਹੈ ਜਿੱਥੇ ਕਿ ਨਦੀਆਂ ਨੂੰ ਵੱਡੇ ਵੱਡੇ ਆਕਾਰ ਦੇ ਪੱਥਰਾਂ ਤੇ ਬੋਲਡਰਾਂ ਵਾਲੀਆਂ ਭਾਬਰ ਮਿੱਟੀਆਂ (Bhabar Soils) ਵਿੱਚੋਂ ਦੀ ਤੇਜ਼ੀ ਨਾਲ ਲੰਘ ਕੇ ਆਉਣ ਕਰਕੇ ਪੱਧਰੀ ਢਾਲ ਮਿਲਣ ਤੇ ਬਹੁਤ ਹੀ ਮਹੀਨ ਕਣਾਂ ਦਾ ਜਮਾਅ ਕੀਤਾ ਜਾਂਦਾ ਹੈ ਜਿਸ ਨਾਲ ਇਸ ਖੇਤਰ ਦੀਆਂ ਮਿੱਟੀਆਂ ਵਿੱਚ ਬਾਰੀਕ ਕਣਾਂ ਵਾਲੇ ਗਾਰੇ (Silt) ਦੀ ਮਾਤਰਾ ਵੱਧ ਜਾਂਦੀ ਹੈ।

**(ੲ) ਡੈਲਟਾਈ ਜਲੋਢੀ ਮਿੱਟੀ** : ਇਸ ਤਰ੍ਹਾਂ ਜਲੋਢੀ ਮਿੱਟੀਆਂ ਵਿੱਚ ਬਰੀਕ ਕਣਾਂ ਵਾਲੇ ਗਾਰੇ ਦੀ ਮਾਤਰਾ ਵੱਧ ਹੋਣ ਕਰਕੇ ਇਹ ਘੱਟ ਮੁਸਾਮਦਾਰ, ਸਿੱਲ੍ਹੀਆਂ, ਮੱਲੜ੍ਹ ਵਾਲੀਆਂ ਤੇ ਭਾਰੀ ਹੁੰਦੀਆਂ ਹਨ ਜੋ ਉੱਤਰ-ਦੱਖਣ ਭਾਰਤ ਦੇ ਸਾਰੇ ਦਰਿਆਵਾਂ ਦੇ ਡੈਲਟਾਈ ਭਾਗਾਂ ਵਿੱਚੋਂ ਮਿਲਦੀਆਂ ਹਨ। ਸੁੰਦਰਬਨ ਦਾ ਡੈਲਟਾ ਇਸ ਦੀ ਸਭ ਤੋਂ ਵਧੀਆ ਉਦਾਹਰਣ ਹੈ ਜਿਸ ਦੀਆਂ ਮਿੱਟੀਆਂ ਚਾਵਲ ਤੇ ਪਟਸਨ ਦੀ ਖੇਤੀ ਲਈ ਸੰਸਾਰ ਪ੍ਰਸਿੱਧ ਹਨ।

**(ਸ) ਤੱਟਵਰਤੀ ਜਲੋਢੀ ਮਿੱਟੀ** : ਇਸ ਕਿਸਮ ਦੀਆਂ ਜਲੋਢ ਮਿੱਟੀਆਂ ਦਾ ਜਨਮ ਤੱਟਾਂ ਦੇ ਨਾਲ ਨਾਲ ਸਮੁੰਦਰੀ ਲਹਿਰਾਂ ਦੇ ਨਿਖੇਪ ਤੋਂ ਪ੍ਰਾਪਤ ਚੂਰੇ ਤੋਂ ਹੁੰਦਾ ਹੈ। ਇਹ ਹਲਕੇ ਰੰਗ ਵਾਲੀਆਂ ਮਿੱਟੀਆਂ ਵਿੱਚ ਰੇਤ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਘੱਟ ਉਪਜਾਊ ਹੁੰਦੀਆਂ ਹਨ। ਇਹਨਾਂ ਦਾ ਵਿਸਥਾਰ ਪੱਛਮੀ ਤੱਟ ਦੇ ਮੁਕਾਬਲੇ ਪੂਰਬੀ ਤੱਟ ਤੇ ਵਧੇਰੇ ਹੈ।

**ਮਹੱਤਵ** : ਇਹਨਾਂ ਮਿੱਟੀਆਂ ਨੇ ਨਹਿਰਾਂ ਤੇ ਖੂਹਾਂ ਦੁਆਰਾ ਆਸਾਨ ਸਿੰਜਾਈ ਦੀ ਸਹੂਲਤ, ਖੇਤੀਯੋਗ ਨਰਮ ਤੇ ਉਪਜਾਊ ਤਹਿ ਦੀ ਹੋਂਦ ਤੇ ਅਧਿਕ ਪਾਤਾਲੀ ਪਾਣੀ ਦੀ ਮੌਜੂਦਗੀ ਨੇ ਖੇਤੀਬਾੜੀ ਨੂੰ ਉੱਨਤ ਕਰਨ ਵਿੱਚ ਬਹੁਤ ਵੱਡਾ ਯੋਗਦਾਨ ਦਿੱਤਾ ਹੈ। ਇਸ ਕਰਕੇ ਇਹਨਾਂ ਜਲੋਢੀ ਮਿੱਟੀ ਵਾਲੇ ਖੇਤਰਾਂ ਨੂੰ ਦੇਸ਼ ਦੇ 'ਕਣਕ' ਤੇ 'ਚੌਲਾਂ ਦੇ ਕਟੋਰੇ' (Wheat and Rice Bowls) ਵੀ ਕਿਹਾ ਜਾਂਦਾ ਹੈ।

**2. ਕਾਲ਼ੀ ਮਿੱਟੀ (Black Soils) :**

(*i*) **ਪਸਾਰ** : ਇਹ ਮਿੱਟੀਆਂ ਦੇਸ਼ ਦਾ 5.5 ਲੱਖ ਵਰਗ ਕਿਲੋਮੀਟਰ ਖੇਤਰ ਘੇਰਦੀਆਂ ਹਨ। ਇਹਨਾਂ ਦੀ ਡੂੰਘਾਈ ਧਰਾਤਲ ਦੇ ਹੇਠਾਂ ਅੱਠ ਮੀਟਰ ਤੱਕ ਮਿਲ ਜਾਂਦੀ ਹੈ।

(*ii*) **ਖੇਤਰੀ ਵਿਸਥਾਰ** : ਇਹ ਪੱਛਮ ਵਿੱਚ ਮੁੰਬਈ (ਮਹਾਂਰਾਸ਼ਟਰ) ਤੋਂ ਲੈ ਕੇ ਪੂਰਬ ਵਿੱਚ ਅਮਰ ਕੰਟਕ ਪਠਾਰ ਤੇ ਉੱਤਰ ਵਿੱਚ ਗੁਨਾ (ਮੱਧ ਪ੍ਰਦੇਸ਼) ਤੋਂ ਲੈ ਕੇ ਦੱਖਣ ਵਿੱਚ ਬੈਲਗਾਮ (ਕਰਨਾਟਕਾ) ਤੱਕ ਤ੍ਰਿਭੁਜ ਆਕਾਰ ਵਿੱਚ ਫੈਲੀਆਂ ਮਿਲਦੀਆਂ ਹਨ ਜਿਸ ਵਿੱਚੋਂ ਕਈ ਸ਼ਾਖਾਵਾਂ ਆਂਧਰਾ ਪ੍ਰਦੇਸ਼ ਵੱਲ ਜਾਂਦੀਆਂ ਹਨ। ਇਸ ਵੱਡੇ ਖੇਤਰ ਤੋਂ ਇਲਾਵਾ ਇਹ ਮਿੱਟੀਆਂ ਰਾਜਸਥਾਨ ਦੇ ਬੂੰਦੀ ਤੇ ਟਾਂਕ ਜਿਲ੍ਹੇ ਅਤੇ ਉੱਤਰ ਪ੍ਰਦੇਸ਼ ਦੇ ਬੁੰਦੇਲ ਖੰਡ ਖੇਤਰਾਂ ਵਿੱਚ ਵੀ ਮਿਲਦੀਆਂ ਹਨ।

(*iii*) **ਰਸਾਇਣਿਕ ਤੱਤ (Chemical Elements)** : ਕਾਲੀਆਂ ਮਿੱਟੀਆਂ ਵਿੱਚ ਨਾਈਟਰੋਜਨ, ਫ਼ਾਸਫੋਰਸ ਤੇ ਜੀਵਾਂਸ਼ਾਂ ਦੀ ਘਾਟ ਹੁੰਦੀ ਹੈ ਪਰ ਲੋਹਾ, ਅਲੂਮੀਨੀਅਮ, ਪੋਟਾਸ਼, ਚੂਨਾ ਤੇ ਮੈਗਨੀਸ਼ੀਅਮ ਜਿਹੇ ਤੱਤ ਭਾਰੀ ਮਾਤਰਾ ਵਿੱਚ ਮਿਲਦੇ ਹਨ।

(*iv*) **ਗੁਣ (Characteristics)** : ਇਹ ਮਿੱਟੀਆਂ ਜੁਆਲਾ ਮੁਖੀ ਲਾਵੇ ਦੇ ਫੱਟਣ ਤੋਂ ਬਾਅਦ ਬਣੀਆਂ ਅਗਨ ਚਟਾਨਾਂ ਤੋਂ ਟੁੱਟ ਕੇ ਬਣਦੀਆਂ ਹਨ। ਇਸ ਵਿੱਚ ਲੋਹੇ ਤੇ ਅਲੂਮੀਨੀਅਮ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਰੰਗ ਕਾਲਾ ਹੁੰਦਾ ਹੈ। ਇਹਨਾਂ ਵਿੱਚ ਬਲਾਸਟ ਤੇ ਚੀਕਣੀ ਮਿੱਟੀ ਦੇ ਅੰਸ਼ ਜ਼ਿਆਦਾ ਹੋਣ ਕਰਕੇ ਇਹਨਾਂ ਨੂੰ 'ਰੇਗੁਰ' (Regur) ਮਿੱਟੀਆਂ ਵੀ ਕਿਹਾ ਜਾਂਦਾ ਹੈ। ਇਹ ਸਖ਼ਤ, ਅਪਾਰਗਾਮੀ ਤੇ ਗੂੜ੍ਹੇ ਰੰਗ ਵਾਲੇ ਮਹੀਨ ਕਣਾਂ ਦੇ ਗਠਨ ਨਾਲ ਬਣਦੀਆਂ ਹਨ। ਇਹਨਾਂ ਮਿੱਟੀਆਂ ਦੀ ਹੇਠਲੀ ਤਹਿ ਵਿੱਚ ਵੀ ਚੂਨੇ ਦੇ ਪਥਰੀਲੇ ਅੰਸ਼ (Lime Stone Nodules) ਮਿਲਣ ਕਰਕੇ ਇਹ ਪਾਣੀ ਨੂੰ ਦੇਰ ਤੱਕ ਸਾਂਭ ਕੇ ਰੱਖ ਸਕਦੀਆਂ ਹਨ। ਵਰਖਾ ਦੇ ਸਮੇਂ ਇਹਨਾਂ ਮਿੱਟੀਆਂ ਦੇ ਸਿੱਲ੍ਹੀਆਂ ਤੇ ਚਿਪਚਿਪੀਆਂ ਹੋਣ ਕਰਕੇ ਹਲ ਚਲਾਉਣਾ ਸੰਭਵ ਨਹੀਂ ਹੁੰਦਾ। ਇਸੇ ਤਰ੍ਹਾਂ ਖੁਸ਼ਕ ਮੌਸਮ ਦੇ ਸਮੇਂ ਇਨ੍ਹਾਂ ਵਿੱਚ 15-30 ਸੈਂਟੀਮੀਟਰ ਤੱਕ ਚੌੜੀਆਂ ਤ੍ਰੇੜਾਂ (Cracks) ਪੈ ਜਾਂਦੀਆਂ ਹਨ ਜਿਹਨਾਂ ਵਿੱਚ ਆਸ ਪਾਸ ਦੀ ਮਿੱਟੀ ਟੁੱਟ-ਟੁੱਟ ਕੇ ਭੁਰ ਕੇ ਗਿਰਦੀ ਰਹਿੰਦੀ ਹੈ। ਇਸ ਨਾਲ ਇਹਨਾਂ ਦੇ ਉਪਜਾਊਪਣ ਵਿੱਚ ਵਾਧਾ ਹੁੰਦਾ ਰਹਿੰਦਾ ਹੈ।

(*v*) **ਮਹੱਤਵ (Importance)** : ਇਹ ਮਿੱਟੀਆਂ ਬਹੁਤ ਜ਼ਿਆਦਾ ਉਪਜਾਊ ਹੋਣ ਕਰਕੇ ਵਪਾਰਕ ਫਸਲਾਂ (Commercial Crops) ਪੈਦਾ ਕਰਨ ਲਈ ਬਹੁਤ ਫ਼ਾਇਦੇਮੰਦ ਸਾਬਤ ਹੁੰਦੀਆਂ ਹਨ। ਇਸ ਕਰਕੇ ਇਹਨਾਂ ਵਿੱਚ ਕਣਕ, ਗੰਨਾ, ਅਲਸੀ (Linseed), ਸੂਰਜ ਮੁਖੀ (Sunflower), ਬਾਜਰਾ, ਕਪਾਹ ਤੇ ਖੱਟੇ ਫੱਲ ਜਿਹੀਆਂ ਫਸਲਾਂ ਦਾ ਭਰਪੂਰ ਝਾੜ ਲਿਆ ਜਾਂਦਾ ਹੈ। ਕਪਾਹ ਦੀ ਪੈਦਾਵਾਰ ਜ਼ਿਆਦਾ ਹੋਣ ਕਰਕੇ ਤੇ ਇਸ ਦਾ ਰੰਗ ਕਾਲਾ ਹੋਣ ਕਰਕੇ ਕਈ ਵਾਰ ਇਹਨਾਂ ਮਿੱਟੀਆਂ ਨੂੰ ਕਪਾਹੀ ਕਾਲੀ ਮਿੱਟੀ (Black Cotton Soil) ਵੀ ਕਿਹਾ ਜਾਂਦਾ ਹੈ।

**3. ਲਾਲ ਮਿੱਟੀ (Red Soils) :**

(*i*) **ਪਸਾਰ** : ਇਹ ਮਿੱਟੀਆਂ ਲਗਪਗ 2 ਲੱਖ ਵਰਗ ਮੀਲ ਦੇ ਖੇਤਰ ਵਿੱਚ ਫੈਲੀਆਂ ਹੋਈਆਂ ਹਨ। ਸਮਤਲ ਖੇਤਰਾਂ ਵਿੱਚ ਇਹਨਾਂ ਦੀ ਡੂੰਘਾਈ 4 ਮੀਟਰ ਤੱਕ ਹੋ ਸਕਦੀ ਹੈ।

(*ii*) **ਖੇਤਰੀ ਵਿਸਥਾਰ** : ਇਹ ਮਿੱਟੀਆਂ ਦੱਖਣ ਦੀ ਪਠਾਰ ਦੇ ਕਾਲੀ ਮਿੱਟੀਆਂ ਵਾਲੇ ਖੇਤਰਾਂ ਦੇ ਚਾਰੇ ਪਾਸੇ ਫੈਲੀਆਂ ਹੋਈਆਂ ਹਨ। ਇਹਨਾਂ ਦਾ ਵਿਸਥਾਰ ਲਗਪਗ ਸਾਰਾ ਤਾਮਿਲਨਾਡੂ, ਕਰਨਾਟਕ, ਆਂਧਰਾ ਪ੍ਰਦੇਸ਼, ਤੇਲੰਗਾਨਾ, ਉੜੀਸਾ, ਦੱਖਣੀ ਬਿਹਾਰ, ਪੂਰਬੀ ਮੱਧ ਪ੍ਰਦੇਸ਼ ਤੇ ਉੱਤਰ ਪੂਰਬੀ ਪਹਾੜੀ ਰਾਜਾਂ ਵਿੱਚ ਹੈ। ਇਸ ਤੋਂ ਇਲਾਵਾ ਲਾਲ ਮਿੱਟੀ ਉੱਤਰ ਪ੍ਰਦੇਸ਼ ਦੇ ਦੱਖਣ ਪੂਰਬੀ ਜ਼ਿਲ੍ਹੇ ਅਤੇ ਰਾਜਸਥਾਨ ਦੇ ਅਰਾਵਲੀ ਪਰਬਤਾਂ ਵਾਲੇ ਖੇਤਰਾਂ ਵਿੱਚ ਵੀ ਮਿਲਦੀ ਹੈ।

(*iii*) **ਰਸਾਇਣਕ ਤੱਤ** : ਇਹਨਾਂ ਮਿੱਟੀਆਂ ਦਾ ਲਾਲ ਰੰਗ ਲੋਹੇ ਦੇ ਰਵੇਦਾਰ ਤੇ ਪਰਿਵਰਤਿਤ ਚਟਾਨਾਂ ਵਿੱਚ ਤਬਦੀਲ ਹੋ ਜਾਣ ਕਰਕੇ ਹੁੰਦਾ ਹੈ ਜੋ ਕਿ ਲੋਹੇ ਦੇ ਫੈਰੋਆਕਸਾਈਡ ਦੁਆਰਾ ਰੇਤ ਤੇ ਚੀਕਣੀ ਮਿੱਟੀ ਵਿੱਚ ਜਜ਼ਬ ਹੋ ਜਾਂਦਾ ਹੈ। ਇਹਨਾਂ ਮਿੱਟੀਆਂ ਵਿੱਚ ਨਾਈਟਰੋਜਨ, ਮੱਲੜ੍ਹ ਤੇ ਚੂਨੇ ਜਿਹੇ ਤੱਤਾਂ ਦੀ ਘਾਟ ਹੁੰਦੀ ਹੈ ਪਰ ਮੈਗਨੀਸ਼ੀਅਮ, ਲੋਹਾ ਤੇ ਅਲੂਮੀਨੀਅਮ ਦੇ ਅੰਸ਼ਾਂ ਦੇ ਮਿਲ ਜਾਣ ਕਰਕੇ ਸਿੰਜਾਈ ਨਾਲ ਬਾਜਰਾ, ਦਾਲਾਂ, ਕਪਾਹ, ਤੰਬਾਕੂ, ਜਵਾਰ ਤੇ ਫਲ਼ ਪੈਦਾ ਕੀਤੇ ਜਾ ਸਕਦੇ ਹਨ। ਇਹਨਾਂ ਵਿੱਚ ਗਰੇਨਾਈਟ, ਸ਼ਿਸ਼ਟ ਤੇ ਨੀਸ ਚਟਾਨਾਂ ਦੇ ਰਵੇ ਮਿਲਦੇ ਹਨ।

ਇਹ ਮਿੱਟੀਆਂ ਘੱਟ ਵਰਖਾ ਵਾਲੇ ਖੇਤਰਾਂ ਵਿੱਚ ਮਿਲਣ ਕਰਕੇ ਕੰਕਰੀਲੀਆਂ ਤੇ ਬਜਰੀ ਵਾਲੀਆਂ ਹੁੰਦੀਆਂ ਹਨ ਜੋ ਕਿ ਵੱਧ ਮੁਸਾਮਦਾਰ ਹੁੰਦੀਆਂ ਹਨ। ਵਰਖਾ ਦੇ ਦਿਨਾਂ ਵਿੱਚ ਇਹ ਜ਼ਿਆਦਾ ਭਾਰੀ ਹੋਣ ਕਰਕੇ ਵਾਹੀਆਂ ਨਹੀਂ ਜਾ ਸਕਦੀਆਂ। ਇਹ ਅਮੋਨੀਆ ਸੁਪਰ ਫਾਸਫੇਟ ਕੰਪੋਸਟ ਖਾਦ ਦੀ ਵਰਤੋਂ ਨਾਲ ਸਿੰਜਾਈ ਤੇ ਵੱਧ ਝਾੜ ਦਿੰਦੀਆਂ ਹਨ। ਵਰਖਾ ਦੌਰਾਨ ਕੈਪਲਰੀ ਕਿਰਿਆ ਰਾਹੀਂ ਲੋਹਾ ਆਕਸਾਈਡ ਬਣ ਕੇ ਉੱਪਰ ਆ ਜਾਂਦਾ ਹੈ ਜੋ ਇਹਨਾਂ ਦੇ ਲਾਲ ਰੰਗ ਵਿੱਚ ਵਾਧਾ ਕਰ ਦਿੰਦਾ ਹੈ। ਇਸ ਦੀ ਡੂੰਘਾਈ, ਉਪਜਾਊਪਣ, ਰੰਗ ਤੇ ਇਕਸਾਰਤਾ ਉੱਚਾਈ ਨਾਲ ਬਦਲ ਜਾਂਦੀ ਹੈ ਜਿਸ ਕਰਕੇ ਇਹ ਲਾਲ-ਪੀਲੀਆਂ ਤੇ ਲਾਲ-ਭੂਰੀਆਂ ਆਦਿ ਦੇ ਮਿਸ਼ਰਣ ਵਿੱਚ ਵੀ ਮਿਲਦੀਆਂ ਹਨ।

### 4. ਲੈਟਰਾਈਟ ਮਿੱਟੀ (Laterite Soils) :

(*i*) **ਪਸਾਰ** : ਇਹ ਮਿੱਟੀਆਂ ਕੇਵਲ 30 ਮਿਲੀਅਨ (3 ਕਰੋੜ) ਏਕੜ ਦਾ ਰਕਬਾ ਘੇਰਦੇ ਹੋਏ 2.5 ਲੱਖ ਵਰਗ ਕਿਲੋਮੀਟਰ ਦੇ ਖੇਤਰ ਵਿੱਚੋਂ ਦੇਸ਼ ਦੇ ਕੁੱਲ ਮਿੱਟੀ ਖੇਤਰ ਦਾ ਕੇਵਲ 4 ਪ੍ਰਤੀਸ਼ਤ ਹਿੱਸੇ ਵਿੱਚ ਮਿਲਦੀਆਂ ਹਨ। ਦੱਖਣੀ ਪੂਰਬੀ ਪਠਾਰਾਂ ਦੀਆਂ ਚੋਟੀਆਂ ਤੇ ਟੁੱਟਵੇਂ ਰੂਪ ਵਿੱਚ ਮਿਲਣ ਕਰਕੇ ਇਹਨਾਂ ਦੀ ਡੂੰਘਾਈ ਕੁਝ ਸੈਂਟੀਮੀਟਰ ਹੀ ਹੁੰਦੀ ਹੈ।

(*ii*) **ਖੇਤਰ (Region)** : ਲੈਟਰਾਈਟ ਮਿੱਟੀਆਂ ਦਾ ਵਿਸਥਾਰ ਵਿੰਧੀਆਚਲ, ਸਤਪੁੜਾ ਤੇ ਨਾਲ ਲਗਦੇ ਮੱਧ ਪ੍ਰਦੇਸ਼, ਉੜੀਸਾ ਤੇ ਪੱਛਮੀ ਬੰਗਾਲ ਦੀਆਂ ਬਸਾਲਟੀ ਪਹਾੜੀ ਚੋਟੀਆਂ, ਦੱਖਣੀ ਮਹਾਂਰਾਸ਼ਟਰ ਤੇ ਨਾਲ ਲਗਦੇ ਕਰਨਾਟਕ ਦੇ ਪੱਛਮੀ ਘਾਟ ਦੀਆਂ ਪਹਾੜੀਆਂ ਦੇ ਉੱਚੇ ਹਿੱਸੇ, ਕੇਰਲ ਵਿੱਚੋਂ ਮਾਲਾਬਾਰ ਤੇ ਉੱਤਰ-ਪੂਰਬੀ ਰਾਜਾਂ ਵਿੱਚ ਸ਼ਿਲਾਂਗ ਦੀ ਪਠਾਰ ਦੇ ਉੱਤਰੀ ਤੇ ਪੂਰਬੀ ਹਿੱਸਿਆਂ ਵਿੱਚ ਮਿਲਦਾ ਹੈ।

(*iii*) **ਰਸਾਇਣਕ ਤੱਤ** : ਇਹਨਾਂ ਵਿੱਚ ਨਾਈਟਰੋਜਨ, ਚੂਨਾ, ਪੋਟਾਸ਼, ਫਾਸਫੋਰਸ ਤੇ ਮੈਗਨੀਸ਼ੀਅਮ ਜਿਹੇ ਤੱਤਾਂ ਦੀ ਘਾਟ ਹੁੰਦੀ ਹੈ ਪਰ ਲੋਹਾ ਤੇ ਅਲੂਮੀਨੀਅਮ ਦੇ ਆਕਸਾਈਡ ਜ਼ਿਆਦਾ ਮਾਤਰਾ ਵਿੱਚ ਮਿਲਣ ਕਰਕੇ ਇਹਨਾਂ ਦਾ ਸੁਭਾਅ ਤੇਜ਼ਾਬੀ ਹੋ ਜਾਂਦਾ ਹੈ।

(*iv*) **ਗੁਣ** : ਇਹ ਮਿੱਟੀਆਂ ਗਰਮ ਊਸ਼ਣ ਖੰਡੀ ਖੇਤਰਾਂ ਦੀਆਂ ਮਿੱਟੀਆਂ ਹਨ ਜਿਥੇ ਕਿ ਜ਼ਿਆਦਾ ਵਰਖਾ ਹੋਣ ਕਰਕੇ ਚੂਨਾ, ਸਿਲਿਕਾ ਤੇ ਹੋਰ ਨਮਕ ਘੁੱਲ ਕੇ ਰੁੜ੍ਹ ਜਾਂਦੇ ਹਨ ਤੇ ਪਿਛੇ ਜ਼ਮੀਨ ਤੇ ਕੇਵਲ ਲੋਹੇ ਤੇ ਅਲੂਮੀਨੀਅਮ ਦੇ ਆਕਸਾਈਡ ਹੀ ਰਹਿ ਜਾਂਦੇ ਹਨ। ਜੇਕਰ ਕਿਸੇ ਖੇਤਰ ਵਿੱਚ ਅਲੂਮੀਨੀਅਮ ਦੀ ਜ਼ਿਆਦਾ

ਮਾਤਰਾ ਰਹਿ ਜਾਵੇ ਤਾਂ ਉਹ ਬਾਕਸਾਈਟ ਕੱਚੀ ਧਾਤ ਬਣ ਜਾਂਦੀ ਹੈ। ਲੋਹੇ ਦੇ ਆਕਸਾਈਡ ਇਸ ਮਿੱਟੀ ਨੂੰ ਲਾਲ ਰੰਗ ਦੇ ਦਿੰਦੇ ਹਨ ਪਰ ਇਹ ਲਾਲ ਮਿੱਟੀ ਤੋਂ ਵੱਖਰੀ ਹੁੰਦੀ ਹੈ। ਲੈਟਰਾਈਟ ਸ਼ਬਦ ਦਾ ਅਰਥ 'ਇੱਟ ਵਰਗਾ' ਹੋਣ ਤੋਂ ਹੈ। ਇਹ ਮਿੱਟੀ ਬਹੁਤ ਹੀ ਪਥਰੀਲੀ, ਅਣਉਪਜਾਊ ਤੇ ਮੁਸਾਮਦਾਰ ਹੁੰਦੀ ਹੈ ਜੋ ਪਾਣੀ ਨੂੰ ਜਲਦੀ ਸੋਖ ਲੈਂਦੀ ਹੈ ਪਰ ਨੀਵੇਂ ਭਾਗਾਂ ਵਿੱਚ ਰੁੜ੍ਹਕੇ ਗਈ ਲੈਟਰਾਈਟ ਮਿੱਟੀ ਵਿੱਚ ਸਿਲੀਕੇ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਇਹ ਦੋਮਟ ਮਿੱਟੀ ਨਾਲ ਮਿਲ ਕੇ ਉਪਜਾਊ ਬਣ ਜਾਂਦੀ ਹੈ। ਲੈਟਰਾਈਟ ਮਿੱਟੀ ਵਿੱਚ ਹੋਰ ਸਾਰੀਆਂ ਫ਼ਸਲਾਂ ਨੂੰ ਛੱਡਕੇ ਕੇਵਲ ਕਾਜੂ ਤੇ ਟੇਪੀਕਾ ਜਿਹੀਆਂ ਫਸਲਾਂ ਦੀ ਵਧੀਆ ਪੈਦਾਵਾਰ ਕੀਤੀ ਜਾ ਸਕਦੀ ਹੈ।

**5. ਮਾਰੂਥਲੀ ਮਿੱਟੀ (Desert Soils) :**

(*i*) **ਪਸਾਰ** : ਇਹ ਮਿੱਟੀਆਂ ਦੇਸ਼ ਦੇ ਲਗਪਗ 1.5 ਲੱਖ ਵਰਗ ਕਿਲੋਮੀਟਰ ਦੇ ਖੇਤਰ ਵਿੱਚ ਪੁਰਾਤਨ ਬਸਾਲਟਿਕ ਚਟਾਨਾਂ ਤੇ ਆ ਕੇ ਫੈਲੀਆਂ ਹੋਈਆਂ ਹਨ।

(*ii*) **ਖੇਤਰ** : ਇਹਨਾਂ ਦਾ ਵਿਸਥਾਰ ਪੱਛਮ ਵਿੱਚ ਸਿੰਧ ਨਦੀ ਤੋਂ ਲੈ ਕੇ ਪੂਰਬ ਵਿੱਚ ਅਰਾਵਲੀ ਪਰਬਤਾਂ ਤੱਕ ਰਾਜਸਥਾਨ, ਦੱਖਣੀ ਪੰਜਾਬ ਅਤੇ ਦੱਖਣੀ ਹਰਿਆਣੇ ਤੱਕ ਮਿਲਦਾ ਹੈ।

(*iii*) **ਰਸਾਇਣਕ ਤੱਤ** : ਇਹਨਾਂ ਵਿੱਚ ਘੁਲਣਸ਼ੀਲ ਨਮਕਾਂ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ ਪਰ ਕੈਲਸ਼ੀਅਮ ਕਾਰਬੋਨੇਟ ਦੀ ਮਾਤਰਾ ਵਿੱਚ ਵਖਰੇਵਾਂ ਵਧੇਰੇ ਮਿਲਦਾ ਹੈ। ਮਾਰੂਥਲੀ ਮਿੱਟੀਆਂ ਵਿੱਚ ਨਾਈਟਰੋਜਨ ਤੇ ਮੱਲੜ੍ਹ ਦੀ ਸਖ਼ਤ ਘਾਟ ਹੁੰਦੀ ਹੈ।

(*iv*) **ਗੁਣ** : ਇਹਨਾਂ ਮਿੱਟੀਆਂ ਵਿੱਚ 92 ਪ੍ਰਤੀਸ਼ਤ ਰੇਤ ਤੇ ਕੇਵਲ 8 ਪ੍ਰਤੀਸ਼ਤ ਚੀਕਣੀ ਮਿੱਟੀ ਹੁੰਦੀ ਹੈ। ਇਹ ਮਿੱਟੀ ਦਾ ਜਨਮ ਅਸਲ ਵਿੱਚ ਗਰਮੀ ਦੀਆਂ ਤੇਜ਼ ਮਾਨਸੂਨ ਹਵਾਵਾਂ ਦੁਆਰਾ ਗੁਜਰਾਤ ਦੇ ਸਮੁੰਦਰੀ ਤੱਟ (ਕੱਛ) ਤੋਂ ਚੁੱਕੀ ਗਈ ਰੇਤ ਦੇ ਲਗਾਤਾਰ ਇਸ ਖੇਤਰ ਵਿੱਚ ਕੀਤੇ ਨਿਖੇਪ ਤੋਂ ਹੋਇਆ ਹੈ। ਜਿਹਨਾਂ ਵਿੱਚੋਂ ਬਹੁਤ ਹੀ ਬਾਰੀਕ ਕਣ ਝੱਖੜਦਾਰ ਤੂਫ਼ਾਨਾਂ ਦੀ ਮਦਦ ਨਾਲ ਪੰਜਾਬ ਤੇ ਹਰਿਆਣੇ ਦੇ ਸੀਮਾਵਰਤੀ ਜ਼ਿਲ੍ਹਿਆਂ ਵਿੱਚ 'ਭੂੜ' (Bhur) ਵਾਲੀਆਂ ਮਿੱਟੀਆਂ ਦੇ ਰੂਪ ਵਿੱਚ ਪਹੁੰਚ ਜਾਂਦੇ ਹਨ ਤੇ ਪਿਛੇ ਕੇਵਲ ਮੋਟੇ ਤੇ ਭਾਰੀ ਕਣਾਂ ਵਾਲੇ ਰੇਤ ਦੇ ਟਿੱਬੇ ਹੀ ਰਹਿ ਜਾਂਦੇ ਹਨ। ਲੰਮੇ ਖੁਸ਼ਕ ਮੌਸਮ ਦੇ ਸਮੇਂ ਤੇਜ਼ ਵਾਸ਼ਪੀਕਰਣ ਹੋਣ ਕਰਕੇ ਪਾਣੀ ਵਿੱਚ ਘੁਲਿਆ ਨਮਕ। ਰਿਸਾਅ (Leaching) ਨਾ ਹੋਣ ਕਰਕੇ ਮਿੱਟੀ ਦੀ ਉਪਰਲੀ ਸਤਿਹ ਤੇ ਹੀ ਸੁੱਕ ਜਾਂਦਾ ਹੈ। ਇਸ ਰੇਤਲੀ ਮਿੱਟੀ ਦਾ ਰੰਗ ਹਲਕਾ ਗਾਜਰੀ, ਭੂਰਾ ਤੇ ਹਲਕਾ ਭੂਰਾ ਹੁੰਦਾ ਹੈ। ਇਹ ਮਿੱਟੀ ਸਭ ਤੋਂ ਵੱਧ ਮੁਸਾਮਦਾਰ, ਖੁਸ਼ਕ, ਮੋਟੇ ਕਣਾਂ ਵਾਲੀ ਤੇ ਘੱਟ ਉਪਜਾਊ ਹੁੰਦੀ ਹੈ। ਇਸ ਮਿੱਟੀ ਨੂੰ (Sierozem Soils) ਸੀਰੋਜ਼ਮ ਮਿੱਟੀ ਵੀ ਕਿਹਾ ਜਾਂਦਾ ਹੈ।

(*v*) **ਫ਼ਸਲਾਂ (Crops)** : ਸਿੰਜਾਈ ਦੀ ਮਦਦ ਨਾਲ ਰੇਤਲੀਆਂ ਮਿੱਟੀਆਂ ਵਿੱਚ ਜਵਾਰ, ਬਾਜਰਾ, ਕਪਾਹ, ਕਣਕ, ਗੰਨਾ ਅਤੇ ਸਬਜ਼ੀਆਂ ਉਗਾਈਆਂ ਜਾ ਸਕਦੀਆਂ ਹਨ।

**6. ਖ਼ਾਰੀ ਤੇ ਤੇਜ਼ਾਬੀ (Saline and Alkaline Soils) :**

(*i*) **ਪਸਾਰ** : ਦੇਸ਼ ਵਿੱਚ ਖਾਰੀ ਤੇ ਤੇਜ਼ਾਬੀ ਮਿੱਟੀਆਂ ਅੰਦਰੂਨੀ ਤੇ ਤੱਟਵਰਤੀ ਭਾਗਾਂ ਵਿੱਚ ਲਗਪਗ 1,53,000 ਵਰਗ ਕਿਲੋਮੀਟਰ ਦੇ ਖੇਤਰ ਵਿੱਚ ਮਿਲਦੀਆਂ ਹਨ।

(*ii*) **ਖੇਤਰ** : ਇਹ ਉੱਤਰ ਪ੍ਰਦੇਸ਼, ਰਾਜਸਥਾਨ, ਹਰਿਆਣਾ ਤੇ ਪੰਜਾਬ ਦੇ ਦੱਖਣੀ ਭਾਗਾਂ ਵਿੱਚ ਛੋਟੇ-ਛੋਟੇ ਟੁਕੜਿਆਂ ਦੇ ਰੂਪ ਵਿੱਚ ਮਿਲਦੀਆਂ ਹਨ। ਸਮੁੰਦਰੀ ਤੱਟਾਂ ਦੇ ਰਣ ਆਫ਼ ਕੱਛ (ਕੱਛ ਦੀ ਖਾੜੀ), ਖੰਭਾਤ ਦੀ ਖਾੜੀ, ਨਰਮਦਾ, ਤਾਪਤੀ, ਮਾਹੀ ਤੇ ਸਾਬਰਮਤੀ ਦੇ ਮੁਹਾਣਿਆਂ ਦੇ ਕੋਲ, ਕਰਨਾਟਕ ਦੇ ਧਾਰਵਾੜ ਤੇ

ਬੀਜਾਪੁਰ ਜ਼ਿਲ੍ਹੇ, ਗੋਆ ਅਤੇ ਤਾਮਿਲਨਾਡੂ ਤੇ ਉੜੀਸਾ ਦੇ ਤੱਟਵਰਤੀ ਖੇਤਰਾਂ ਵਿੱਚ ਟਿਸਦੇ ਛੋਟੇ-ਛੋਟੇ ਖੇਤਰ ਮਿਲਦੇ ਹਨ।

(*iii*) **ਰਸਾਇਣਕ ਤੱਤ** : ਖਾਰੀਆਂ ਮਿੱਟੀਆਂ ਵਿੱਚ ਸੋਡੀਅਮ ਭਾਵੇਂ ਭਰਪੂਰ ਮਾਤਰਾ ਵਿੱਚ ਮਿਲਦਾ ਹੈ ਪਰ ਕੈਲਸ਼ੀਅਮ, ਮੈਗਨੀਸ਼ੀਅਮ ਤੇ ਨਾਈਟਰੋਜਨ ਵੀ ਮਿਸ਼ਰਤ ਰੂਪ ਵਿੱਚ ਜ਼ਿਆਦਾ ਮਿਲਦੇ ਹਨ। ਤੇਜ਼ਾਬੀ ਮਿੱਟੀਆਂ ਵਿੱਚ ਕੈਲਸ਼ੀਅਮ ਤੇ ਨਾਈਟਰੋਜਨ ਦੀ ਘਾਟ ਹੁੰਦੀ ਹੈ ਤੇ ਇਹ ਜ਼ਿਆਦਾ ਅਪਾਰਗਾਮੀ ਤੇ ਬਹੁਤ ਹੀ ਘੱਟ ਪਾਣੀ ਸੰਭਾਲਣ ਦੀ ਸਮਰੱਥਾ ਰੱਖਦੀਆਂ ਹਨ।

(*iv*) **ਗੁਣ** : ਅੰਦਰੂਨੀ ਖੇਤਰਾਂ ਵਿੱਚ ਖਾਰੀ ਮਿੱਟੀ ਦਾ ਜਨਮ ਕਮਜ਼ੋਰ ਜਲ ਨਿਕਾਸ ਅਤੇ ਉੱਚੇ ਜਲਸਤਰ ਕਰਕੇ ਹੁੰਦਾ ਹੈ ਜਿਸ ਨਾਲ ਸਥਾਨਿਕ ਲੂਣ ਘੁੱਲ ਕੇ ਮਿੱਟੀ ਵਿੱਚ ਜਜ਼ਬ ਹੋ ਜਾਂਦੇ ਹਨ ਪਰ ਖੁਸ਼ਕ ਮੌਸਮ ਸਮੇਂ ਜਾਂ ਨਹਿਰੀ ਪਾਣੀ ਦੀ ਸਲ੍ਹਾਬ ਦੇ ਕਾਰਣ ਇਹ ਨਮਕ 'ਕੈਂਪਲਰੀ ਕਿਰਿਆ' ਦੁਆਰਾ ਮਿੱਟੀ ਦੀ ਸਤਹਿ ਤੇ ਪਹੁੰਚ ਕੇ ਸਫੈਦ ਰੰਗ ਦੀ ਤਹਿ ਬਣਾ ਲੈਂਦੇ ਹਨ। ਅਜਿਹੀ ਨਮਕੀਨ ਮਿੱਟੀ ਨੂੰ ਦੇਸ਼ ਅੰਦਰ ਸਥਾਨਕ ਭਾਸ਼ਾ ਵਿੱਚ ਉੱਤਰ ਪ੍ਰਦੇਸ਼ ਵਿੱਚ 'ਔਸੜ' ਜਾਂ 'ਰੇਹ', ਪੰਜਾਬ ਵਿੱਚ 'ਕੱਲਰ' ਜਾਂ 'ਥੁੱੜ' ਤੇ ਹੋਰ ਭਾਗਾਂ ਵਿੱਚ 'ਰਕੜ', 'ਕਾਰਲ' ਤੇ 'ਛੋਪਾਂ' ਮਿੱਟੀ ਕਿਹਾ ਜਾਂਦਾ ਹੈ। ਇਸ ਮਿੱਟੀ ਦਾ ਗਠਨ ਰੇਤ ਅਤੇ ਗਾਰ-ਰੇਤ ਵਾਲਾ ਹੁੰਦਾ ਹੈ।

(*v*) **ਮਹੱਤਵ** : ਇਹਨਾਂ ਮਿੱਟੀਆਂ ਨੂੰ ਸਿੰਜਾਈ ਦੇ ਸੁਧਰੇ ਹੋਏ ਤਰੀਕੇ ਅਪਣਾ ਕੇ, ਚੂਨਾ ਤੇ ਜਿਪਸਮ ਵਰਤ ਕੇ ਅਤੇ ਨਮਕ ਵਿਰੋਧੀ ਫਸਲਾਂ (ਬਰਸੀਮ, ਗੰਨਾ ਤੇ ਚੌਲ) ਦੀ ਕਾਸ਼ਤ ਕਰਕੇ ਸੁਧਾਰਿਆ ਜਾ ਸਕਦਾ ਹੈ।

**7. ਪੀਟ ਅਤੇ ਦਲਦਲੀ ਮਿੱਟੀ (Peat and Marshy Soils) :**

ਇਹ ਮਿੱਟੀ ਕੇਵਲ 150 ਵਰਗ ਕਿਲੋਮੀਟਰ ਦੇ ਸਿੱਲ੍ਹੇ ਖੇਤਰਾਂ ਵਿੱਚ ਮਿਲਦੀ ਹੈ। ਇਸ ਦਾ ਵਿਸਥਾਰ ਸੁੰਦਰਬਨ ਡੈਲਟਾ, ਉੜੀਸਾ ਦੇ ਤੱਟਵਰਤੀ ਖੇਤਰ, ਤਾਮਿਲਨਾਡੂ ਦੇ ਦੱਖਣੀ-ਪੂਰਬੀ ਤੱਟਵਰਤੀ ਹਿੱਸੇ, ਮੱਧਵਰਤੀ ਬਿਹਾਰ ਤੇ ਉੱਤਰ ਪ੍ਰਦੇਸ਼ ਦਾ ਅਲਮੋੜਾ ਜ਼ਿਲ੍ਹਾ ਆਦਿ ਜਿਹੇ ਖੇਤਰਾਂ ਵਿੱਚ ਮਿਲਦਾ ਹੈ। ਇਹਨਾਂ ਦਾ ਰੰਗ ਜੈਵਿਕ ਪਦਾਰਥਾਂ ਦੇ ਬਹੁਤ ਜ਼ਿਆਦਾ ਮਾਤਰਾ ਵਿੱਚ ਗਲਨ-ਸੜਨ ਕਰਕੇ ਕਾਲਾ ਤੇ ਤੇਜ਼ਾਬੀ ਸੁਭਾਅ ਵਾਲਾ ਹੋ ਜਾਂਦਾ ਹੈ। ਜਿਸ ਕਰਕੇ ਇਹਨਾਂ ਪੀਟ (ਕੋਲੇ ਦੀ ਇਕ ਕਿਸਮ) ਮਿੱਟੀਆਂ ਨੂੰ ਕੇਰਲਾ ਵਿੱਚ 'ਕਾਰੀ ਮਿੱਟੀਆਂ' (Kari Soils) ਨਾਲ ਜਾਣਿਆ ਜਾਂਦਾ ਹੈ ਜਿਹਨਾਂ ਵਿੱਚ ਬਹੁਤ ਸਾਰੇ ਨਮਕ ਘੁਲੇ ਹੁੰਦੇ ਹਨ। ਜੈਵਿਕ ਪਦਾਰਥਾਂ ਵਿੱਚ ਲੋਹੇ ਦੇ ਅੰਸ਼ਾਂ ਦੀ ਮੌਜੂਦਗੀ ਦੇ ਕਾਰਣ ਇਹ ਨੀਲੇ ਰੰਗ ਵਾਲੀਆਂ ਭਾਰੀਆਂ ਮਿੱਟੀਆਂ ਵੀ ਬਣ ਜਾਂਦੀਆਂ ਹਨ। ਇਹਨਾਂ ਮਿੱਟੀਆਂ ਦੇ ਮਾਨਸੂਨ ਵਰਖਾ ਦੇ ਸਮੇਂ ਪਾਣੀ ਹੇਠ ਡੁੱਬੇ ਰਹਿਣ ਕਰਕੇ ਧਾਨ ਦੀ ਚੰਗੀ ਪੈਦਾਵਾਰ ਪ੍ਰਾਪਤ ਕੀਤੀ ਜਾ ਸਕਦੀ ਹੈ।

**8. ਪਰਬਤੀ ਮਿੱਟੀ (Mountain Soil) :** ਇਹ ਮਿੱਟੀਆਂ ਕੁੱਲ ਮਿੱਟੀ ਖੇਤਰ ਦੇ 7.2 ਪ੍ਰਤੀਸ਼ਤ ਹਿੱਸੇ ਵਿੱਚ ਮਿਲਦੀਆਂ ਹਨ। ਪਰਬਤਾਂ ਦੀਆਂ ਢਲਾਨਾਂ ਤੇ ਇਹਨਾਂ ਦੀ ਬਹੁਤ ਪਤਲੀ ਤਹਿ ਹੁੰਦੀ ਹੈ ਪਰ ਡੂੰਘੇ ਤੇ ਨੀਵੇਂ ਪਹਾੜੀ ਭਾਗਾਂ ਵਿੱਚ ਇਹ ਕੁਝ ਸੈਂਟੀਮੀਟਰ ਤੋਂ 2 ਮੀਟਰ ਤੱਕ ਡੂੰਘੀਆਂ ਹੋ ਸਕਦੀਆਂ ਹਨ। ਇਹਨਾਂ ਮੁਸਮਾਨਦਾਰ ਮਿੱਟੀਆਂ ਵਿੱਚ ਰੇਤ, ਪੱਥਰ, ਬਜਰੀ ਤੇ ਘੁਲਣਸ਼ੀਲ ਜੈਵਿਕ ਪਦਾਰਥਾਂ ਦੀ ਮਾਤਰਾ ਜ਼ਿਆਦਾ ਮਿਲਦੀ ਹੈ। ਇਹਨਾਂ ਵਿੱਚ ਚੂਨਾ ਘੱਟ ਪਰ ਲੋਹੇ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਇਹ ਚਾਹ ਦੀ ਖੇਤੀ ਦੇ ਬਹੁਤ ਹੀ ਅਨੁਕੂਲ ਬਣ ਜਾਂਦੀਆਂ ਹਨ। ਇਸ ਕਰਕੇ ਇਹਨਾਂ ਨੂੰ 'ਚਾਹ ਦੀਆਂ ਮਿੱਟੀਆਂ' (Tea Soils) ਵੀ ਕਹਿੰਦੇ ਹਨ। ਪਹਾੜੀ ਢਲਾਨਾਂ ਤੇ ਕੁਦਰਤੀ ਜੰਗਲਾਂ ਦੇ ਉੱਗ ਆਉਣ ਕਰਕੇ ਇਹਨਾਂ ਨੂੰ 'ਜੰਗਲੀ ਮਿੱਟੀਆਂ' (Forest Soils) ਵੀ ਕਿਹਾ ਜਾਂਦਾ ਹੈ।

ਇਹਨਾਂ ਦਾ ਵਿਸਥਾਰ ਹਿਮਾਲਿਆ ਦੀਆਂ ਨੀਵੀਆਂ ਤੇ ਮੱਧਵਰਤੀ ਸ਼ਾਖਾਵਾਂ ਵਿੱਚ ਖਾਸ ਕਰਕੇ ਆਸਾਮ, ਲੱਦਾਖ, ਲਾਹੌਲ-ਸਪਿਤੀ, ਕਿਨੌਰ, ਦਾਰਜੀਲਿੰਗ, ਦੇਹਰਾਦੂਨ, ਅਲਮੋੜਾ ਗੜ੍ਹਵਾਲ ਜ਼ਿਲ੍ਹਿਆਂ ਅਤੇ ਦੱਖਣ ਵਿੱਚ ਨੀਲਗਿਰੀ ਦੀਆਂ ਪਹਾੜੀਆਂ ਤੇ ਮਿਲਦਾ ਹੈ।

ਇਹਨਾਂ ਦਾ ਰੰਗ ਤੇ ਗੁਣ ਉੱਚਾਈ ਨਾਲ ਬਦਲ ਜਾਂਦੇ ਹਨ। ਹਿਮਾਲਿਆ ਦੀਆਂ ਢਲਾਨਾਂ ਤੇ 1800 ਮੀਟਰ ਦੀ ਉੱਚਾਈ ਤੱਕ ਦੀ ਗਰਮ ਸ਼ੀਤ-ਊਸ਼ਣ ਪੱਟੀ ਵਿੱਚ ਪਤਝੜੀ ਬਨਸਪਤੀ ਦੇ ਗਲਨ-ਸੜਨ ਨਾਲ ਤੇਜ਼ਾਬੀ ਤੇ ਭੂਰੀਆਂ ਜੰਗਲੀ ਮਿੱਟੀਆਂ ਮਿਲਦੀਆਂ ਹਨ। 1800 ਤੋਂ ਲੈ ਕੇ 3000 ਮੀਟਰ ਤੱਕ ਦੀ ਉੱਚਾਈ ਤੱਕ ਘੱਟ ਤਾਪਮਾਨ ਹੋਣ ਕਰਕੇ ਕੋਣਧਾਰੀ ਜੰਗਲਾਂ ਦੇ ਅਰਧ ਗਲੇ-ਸੜੇ ਜੈਵਿਕ ਅੰਸ਼ ਮਿਲਦੇ ਹਨ ਜੋ ਇਹਨੂੰ ਨੂੰ ਮਟਮੈਲੇ ਭੂਰੇ ਰੰਗ ਵਾਲੀਆਂ (Grey-Brown) ਪੋਡਜ਼ੋਲ ਮਿੱਟੀਆਂ ਵਿੱਚ ਬਦਲ ਦਿੰਦੇ ਹਨ। ਇਸ ਤੋਂ ਵੱਧ ਉੱਚਾਈ ਤੇ ਪਤਲੀ ਤਹਿ ਵਾਲੀਆਂ ਗਾੜ੍ਹੇ ਰੰਗ ਵਿੱਚ ਰੇਤ-ਗਾਰਾ ਜਾਂ ਰੇਤ-ਸੀਲੀਕਾ ਵਾਲੀ ਅਲਪਾਈਨ ਘਾਹ ਵਾਲੀਆਂ ਮਿੱਟੀਆਂ (Alpine Meadow Soils) ਮਿਲਦੀਆਂ ਹਨ। ਇਹਨਾਂ ਵਿੱਚ ਤਾਪਮਾਨ ਬਹੁਤ ਜ਼ਿਆਦਾ ਘੱਟ ਜਾਣ ਕਰਕੇ ਜੈਵਿਕ ਅੰਸ਼ ਗਲ-ਸੜ ਨਹੀਂ ਸਕਦਾ।

**(ਹ) ਮਿੱਟੀ ਦਾ ਕਟਾਅ (Soil Erosion) :**

ਧਰਾਤਲ ਉੱਪਰ ਮਿਲਣ ਵਾਲੀ 15 ਤੋਂ 30 ਸੈਂਟੀਮੀਟਰ ਮੋਟੀ ਤਹਿ ਦੇ ਭੌਤਿਕ ਜਾਂ ਗੈਰ ਭੌਤਿਕ ਤੱਤਾਂ ਦੁਆਰਾ ਆਪਣੇ ਮੂਲ ਸਥਾਨ ਤੋਂ ਟੁੱਟਣ ਜਾਂ ਹੱਟਣ ਨੂੰ ਮਿੱਟੀ ਦਾ ਕਟਾਅ ਕਿਹਾ ਜਾਂਦਾ ਹੈ। ਇਹ ਮਿੱਟੀ ਦਾ ਕਟਾਅ ਤਿੰਨ ਕਿਸਮ ਦਾ ਹੋ ਸਕਦਾ ਹੈ :

(*i*) **ਤਹਿਦਾਰ ਕਟਾਅ (Sheet Erosion) :** ਇਸ ਤਰ੍ਹਾਂ ਦੇ ਕਟਾਅ ਵਿੱਚ ਪੌਣ ਜਾਂ ਦਰਿਆਈ ਪਾਣੀ ਦੁਆਰਾ ਲੰਮੇ ਸਮੇਂ ਤੱਕ ਵਹਿਣ ਤੋਂ ਬਾਅਦ ਧਰਾਤਲ ਤੇ ਵਿਛੀ ਉੱਪਰਲੀ ਤਹਿ ਨੂੰ ਪੂਰੇ ਦਾ ਪੂਰੇ ਘੋਲ, ਖੋਰ ਜਾਂ ਉਡਾ ਕੇ ਦੂਸਰੇ ਸਥਾਨਾਂ ਤੇ ਭੇਜ ਦਿੱਤਾ ਜਾਂਦਾ ਹੈ।

(*ii*) **ਨਾਲੀਦਾਰ ਕਟਾਅ (Gully Erosion) :** ਮੋਹਲੇਧਾਰ ਬਾਰਸ਼ ਦੇ ਸਮੇਂ ਵਾਧੂ ਪਾਣੀ ਦੇ ਘੱਟ ਚੌੜਾਈ ਵਾਲੀਆਂ ਨਾਲੀਆਂ ਬਣਾ ਕੇ ਚਲਣ ਨਾਲ ਧਰਾਤਲ ਤੇ ਲੰਬੀਆਂ ਲੰਬੀਆਂ ਖਾਈਆਂ ਜਾਂ ਚੋਅ ਬਣਾ ਦਿੱਤੇ ਜਾਂਦੇ ਹਨ।

(*iii*) **ਖੱਡੇਦਾਰ ਕਟਾਅ (Badland Erosion) :** ਪੌਣ ਜਾਂ ਪਾਣੀ ਦੁਆਰਾ ਧਰਾਤਲ ਦੇ ਖਾਸ ਸਥਾਨਾਂ ਤੇ ਮਿੱਟੀ ਨੂੰ ਉਡਾਉਣ ਜਾਂ ਘੋਲਣ ਤੋਂ ਬਾਅਦ ਡੂੰਘੇ ਡੂੰਘੇ ਟੋਏ ਬਣਾ ਦਿੱਤੇ ਜਾਂਦੇ ਹਨ ਜੋ ਬਾਅਦ ਵਿੱਚ ਹੋਰ ਵੱਡੇ ਹੁੰਦੇ ਜਾਂਦੇ ਹਨ।

ਇਹ ਤਿੰਨੋ ਕਿਸਮ ਦੇ ਮਿੱਟੀ ਦੇ ਕਟਾਅ ਨਾਲ ਦੇਸ਼ ਦੇ ਵੱਖ-ਵੱਖ ਭਾਗ ਪ੍ਰਭਾਵਿਤ ਹੋਏ ਹਨ।

**ਮਿੱਟੀ ਦੇ ਕਟਾਅ ਦੇ ਖੇਤਰ (Areas of Soil Erosion) :** ਇਸ ਗੰਭੀਰ ਸਮੱਸਿਆ ਦਾ ਦੇਸ਼ ਦੇ ਹੇਠ ਲਿਖੇ ਭਾਗਾਂ ਤੇ ਬਹੁਤ ਜ਼ਿਆਦਾ ਅਸਰ ਪਿਆ ਹੈ :

(*i*) ਬਾਹਰੀ ਹਿਮਾਲਿਆ (ਸ਼ਿਵਾਲਿਕ) ਦੇ ਖੇਤਰਾਂ ਵਿੱਚ ਕੁਦਰਤੀ ਬਨਸਪਤੀ ਦੇ ਬੇਤਹਾਸ਼ਾ ਕਟਾਅ ਨੇ ਮਿੱਟੀ ਦੇ ਮਣਾ ਮੂੰਹ ਮਲਬੇ ਨੂੰ ਨਦੀ ਘਾਟੀਆਂ ਵਿੱਚ ਭੇਜ ਕੇ ਉਹਨਾਂ ਨੂੰ ਭਰ ਦਿੱਤਾ ਜਾਂਦਾ ਹੈ ਜਿਸ ਦੇ ਕਾਰਣ ਪੈਦਾ ਹੋਣ ਵਾਲੇ ਹੜ੍ਹਾਂ ਨੇ ਖੇਤੀਬਾੜੀ ਵਾਲੀ ਉਪਜਾਊ ਜ਼ਮੀਨ ਨੂੰ ਪਾਣੀ ਤੇ ਗਾਰੇ ਨਾਲ ਲੱਦ ਕੇ ਬੇਕਾਰ ਕਰ ਦਿੱਤਾ ਹੈ। ਨਾਲ ਹੀ ਪਹਾੜੀ ਖੇਤਰਾਂ ਵਿੱਚ ਜ਼ਮੀਨ ਦਾ ਖਿਸਕਾਅ ਤੇ ਦਰਾੜੀ ਕਿਰਿਆ ਵੀ ਵੱਧ ਜਾਂਦੀ ਹੈ।

(*ii*) ਪੰਜਾਬ ਦੇ ਹੁਸ਼ਿਆਰਪੁਰ ਤੇ ਰੋਪੜ ਜ਼ਿਲ੍ਹੇ, ਯਮੁਨਾ, ਚੰਬਲ, ਮਾਹੀ ਤੇ ਸਾਬਰਮਤੀ ਦਰਿਆਵਾਂ ਦੇ ਜਲ ਗ੍ਰਹਿਣ ਖੇਤਰਾਂ (Catchment region) ਵਿੱਚ ਨਾਲਿਆਂ ਤੇ ਚੋਆਂ ਨੇ ਬਨਸਪਤੀ ਦੀ ਘਾਟ ਕਾਰਣ ਜ਼ਮੀਨ ਨੂੰ ਬੰਜਰ ਬਣਾ ਦਿੱਤਾ ਹੈ।

(*iii*) ਦੱਖਣੀ ਪੰਜਾਬ, ਹਰਿਆਣਾ ਤੇ ਪੂਰਬੀ ਰਾਜਸਥਾਨ, ਪੱਛਮੀ ਉੱਤਰ ਪ੍ਰਦੇਸ਼ ਤੇ ਉੱਤਰ ਪੱਛਮੀ ਗੁਜਰਾਤ ਦੇ ਖੁਸ਼ਕ ਖੇਤਰਾਂ ਵਿੱਚ ਤੇਜ਼ ਪੌਣਾਂ ਦੀ ਉਡਾਉਣ ਕਿਰਿਆ ਦੁਆਰਾ ਮਿੱਟੀ ਦਾ ਕਟਾਅ ਕੀਤਾ ਜਾਂਦਾ ਹੈ।

(*iv*) ਦੇਸ਼ ਦੇ ਉੱਤਰ-ਪੂਰਬੀ ਰਾਜਾਂ ਵਿੱਚ ਪੱਛਮੀ ਬੰਗਾਲ ਸਮੇਤ ਭਾਰੀ ਵਰਖਾ, ਹੜ੍ਹ ਤੇ ਨਦੀ ਦੇ ਕੰਢਿਆਂ ਦੀ ਖੁੱਲ੍ਹੀ ਕਟਾਈ ਨਾਲ ਕਈ ਸੈਂਕੜੇ ਟਨ ਮਿੱਟੀ ਬੰਗਾਲ ਦੀ ਖਾੜੀ ਵਿੱਚ ਸੁੱਟੀ ਜਾਂਦੀ ਹੈ।

(*v*) ਦੱਖਣ ਤੇ ਦੱਖਣ ਪੂਰਬੀ ਭਾਰਤ ਵਿੱਚ ਮਿੱਟੀ ਦਾ ਕਟਾਅ ਤਿੱਖੀਆਂ ਢਲਾਨਾਂ, ਭਾਰੀ ਵਰਖਾ ਤੇ ਖੇਤੀਬਾੜੀ ਦੇ ਦੋਸ਼ ਪੂਰਣ ਢੰਗਾਂ ਦੀ ਵਰਤੋਂ ਕਰਕੇ ਹੁੰਦਾ ਹੈ।

**ਮਿੱਟੀ ਦੇ ਕਟਾਅ ਦੇ ਕਾਰਣ (Causes of Soil Erosion) :** ਭੌਤਿਕ ਤੱਤਾਂ ਵਿੱਚ ਮਿੱਟੀ ਦਾ ਵਧੇਰੇ ਕਟਾਅ, ਉੱਚਾ ਤਾਪਮਨ, ਬਰਫ਼ੀਲੇ ਤੂਫ਼ਾਨ, ਤੇਜ਼ ਹਨੇਰੀਆਂ, ਮੋਹਲੇਧਾਰ ਵਰਖਾ, ਤਿੱਖੀਆਂ ਢਲਾਨਾਂ ਅਤੇ ਪਹਾੜੀ ਮੁਸਾਮਰਹਿਤ ਚਟਾਨਾਂ ਅਤੇ ਮੈਦਾਨੀ ਰੇਤਲੀਆਂ ਮਿੱਟੀਆਂ ਆਦਿ ਆਉਂਦੇ ਹਨ। ਜੰਗਲਾਂ ਦੀ ਅੰਨ੍ਹੇਵਾਹ ਕਟਾਈ, ਪਸ਼ੂਆਂ ਦੀ ਬੇਰੋਕਟੋਕ ਚਰਾਈ, ਸਥਾਨ ਅੰਤਰੀ ਖੇਤੀ, ਖੇਤੀ ਕਰਨ ਦੇ ਦੋਸ਼ਪੂਰਨ ਤਰੀਕੇ, ਆਵਾਜਾਈ, ਦੂਰ ਸੰਚਾਰ ਤੇ ਨਹਿਰੀ ਰਸਤਿਆਂ ਦਾ ਬੇਸ਼ੁਮਾਰ ਵਾਧਾ, ਖਾਣਾਂ ਦੀ ਖੁਦਾਈ ਵਰਗੇ ਸਭਿਆਚਾਰਕ ਤੱਤ ਵੀ ਇਸ ਦੇ ਕਟਾਅ ਵਿੱਚ ਪੂਰਣ ਤੌਰ ਤੇ ਸਹਾਇਕ ਸਿੱਧ ਹੁੰਦੇ ਹਨ।

**ਮਿੱਟੀ ਦੀ ਸੰਭਾਲ (Soil Conservation) :** ਮਿੱਟੀ ਇਕ ਬਹੁਤ ਹੀ ਕੀਮਤੀ ਸਾਧਨ ਹੈ ਜਿਸ ਨੂੰ ਦੇਸ਼ ਵਿੱਚ ਪਾਣੀ ਤੇ ਪੌਣਾਂ ਦੁਆਰਾ ਇਕ ਸਥਾਨ ਤੋਂ ਚੁੱਕ ਕੇ ਦੂਸਰੇ ਸਥਾਨਾਂ ਤੇ ਛੱਡ ਦਿੱਤਾ ਜਾਂਦਾ ਹੈ। ਮਿੱਟੀ ਦੇ ਇਸ ਤਰ੍ਹਾਂ ਦੇ ਨੁਕਸਾਨ ਤੋਂ ਬਚਣ ਲਈ ਅਤੇ ਉਪਜਾਊ ਮਿੱਟੀ ਦੀ ਸਾਂਭ ਤੇ ਸੰਭਾਲ ਵਿੱਚ ਸਾਡੀ ਸਭ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ। ਇਸ ਲਈ ਸਰਕਾਰ ਨੇ 1953 ਵਿੱਚ ਕੇਂਦਰੀ ਮਿੱਟੀ ਰੱਖਿਆ ਬੋਰਡ ਦੀ ਸੰਸਥਾ ਤੇ ਰਾਜ ਸਰਕਾਰਾਂ ਨੇ ਮਿੱਟੀ ਜਾਂਚ ਕੇਂਦਰ (Soil Testing Laboratories) ਖੋਲ੍ਹ ਕੇ ਮਿੱਟੀ ਦੇ ਕਟਾਅ ਦੀਆਂ ਗੰਭੀਰ ਸਮੱਸਿਆਵਾਂ ਵੱਲ ਵਿਸੇਸ਼ ਧਿਆਨ ਦਿੱਤਾ ਹੈ। ਇਸ ਤੋਂ ਇਲਾਵਾ ਹਰੇਕ ਪੰਜ ਸਾਲਾ ਯੋਜਨਾ ਵਿੱਚ ਮਿੱਟੀ ਦੀ ਸੁਰੱਖਿਆ ਲਈ ਟੀਚੇ ਮਿਥੇ ਜਾਂਦੇ ਹਨ। ਪੰਜਾਬ, ਹਰਿਆਣਾ, ਗੁਜਰਾਤ, ਰਾਜਸਥਾਨ, ਉੱਤਰਾਂਚਲ ਅਤੇ ਉੱਤਰ ਪ੍ਰਦੇਸ਼ ਵਿੱਚ ਪੌਣਾਂ ਦੀ ਰਫ਼ਤਾਰ ਨੂੰ ਘੱਟ ਕਰਨ ਵਾਸਤੇ ਦਰਖਤਾਂ ਦੀ ਕਤਾਰਾਂ ਖੜ੍ਹੀਆਂ ਕੀਤੀਆਂ ਜਾਂਦੀਆਂ ਹਨ ਤੇ ਢੱਕ, ਕਿੱਕਰ ਤੇ ਜੰਡ ਦੇ ਦਰਖਤ ਲਗਾਏ ਜਾਂਦੇ ਹਨ ਤੇ ਰੇਤ ਦੇ ਟਿੱਬਿਆਂ ਤੇ ਘਾਹ ਉਗਾ ਕੇ ਉਹਨਾਂ ਦੇ ਵਾਧੇ ਤੇ ਰੋਕ ਲਗਾਈ ਜਾਂਦੀ ਹੈ। ਦੇਸ਼ ਦੀ ਸੈਨਾ ਨੇ ਇਸ ਵਿੱਚ ਉੱਘਾ ਯੋਗਦਾਨ ਦਿੱਤਾ ਹੈ। ਇਸੇ ਤਰ੍ਹਾਂ ਪਹਾੜੀ ਭਾਗਾਂ ਤੇ ਪੌੜੀਦਾਰ ਖੇਤ, ਵੱਟ-ਵਹਾਈ ਤੇ ਛੋਟੇ ਛੋਟੇ ਜਲ ਭੰਡਾਰ ਬਣਾਏ ਜਾਂਦੇ ਹਨ। ਮੈਦਾਨੀ ਭਾਗਾਂ ਵਿੱਚ ਜ਼ਮੀਨ ਨੂੰ ਬਨਸਪਤੀ ਨਾਲ ਢੱਕਣ, ਫਸਲ ਫੇਰ, ਬਦਲ, ਤਿਰਛੀ ਵਾਹੀ ਤੇ ਦੇਸੀ ਖਾਦ ਆਦਿ ਰਾਹੀਂ ਮਿੱਟੀ ਦੇ ਉਪਜਾਊ ਤੱਤਾਂ ਦਾ ਵਾਧਾ ਕੀਤਾ ਹੈ। ਪਹਾੜੀ ਖੇਤਰਾਂ ਵਿੱਚ ਭੇਡਾਂ, ਬੱਕਰੀਆਂ ਤੇ ਊਠਾਂ ਦੁਆਰਾ ਬੇਰੋਕ-ਟੋਕ ਚਰਾਈ ਤੇ ਨਿਯੰਤਰਣ ਕਰਕੇ ਤੇ ਹੋਰ ਦਰਖਤ ਲਗਾਕੇ ਕੁਦਰਤੀ ਬਨਸਪਤੀ ਦੀ ਸੰਭਾਲ ਕੀਤੀ ਜਾ ਰਹੀ ਹੈ। ਝਾਰਖੰਡ ਸਰਕਾਰ ਨੇ ਛੋਟਾ ਨਾਗਪੁਰ ਦੀ ਪਠਾਰ ਤੇ ਸਥਾਨ ਅੰਤਰੀ ਖੇਤੀ (Shifting Cultivation) ਦੇ ਲਈ ਸਖ਼ਤ ਨਿਯਮ ਬਣਾਏ ਹਨ।

ਅੰਤ ਵਿੱਚ ਮਿੱਟੀ ਦੀ ਸੰਭਾਲ ਲਈ ਸਰਕਾਰ ਤੋਂ ਇਲਾਵਾ ਸਾਡੇ ਸਾਰਿਆਂ ਦਾ ਵੀ ਨੈਤਿਕ ਤੇ ਧਾਰਮਿਕ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੀ ਤੇ ਆਪਣੇ ਆਲੇ ਦੁਆਲੇ ਦੀ ਮਿੱਟੀ ਤੇ ਬਨਸਪਤੀ ਦੀ ਰਾਖ਼ੀ ਖ਼ੁਦ ਕਰੀਏ।

## ਅਭਿਆਸ

**I. ਹੇਠਾਂ ਲਿਖੇ ਹਰੇਕ ਪ੍ਰਸ਼ਨ ਦਾ ਸੰਖੇਪ ਉੱਤਰ ਇਕ ਸ਼ਬਦ ਜਾਂ ਇਕ ਲਾਈਨ ਵਿੱਚ ਦਿਓ—**

(ੳ) **ਕੁਦਰਤੀ ਬਨਸਪਤੀ :**

1. ਸਾਡੇ ਦੇਸ਼ ਵਿੱਚ ਮੌਜੂਦ ਕੁਦਰਤੀ ਬਨਸਪਤੀ ਦੇ ਵਿਦੇਸ਼ੀ ਜਾਤਾਂ ਦੇ ਨਾਂ ਤੇ ਮਾਤਰਾ ਦੱਸੋ।
2. 'ਬੰਗਾਲ ਦੀ ਦਹਿਸ਼ਤ' ਕਿਸ ਬਨਸਪਤੀ ਕਿਸਮ ਨੂੰ ਕਿਹਾ ਜਾਂਦਾ ਹੈ ?
3. ਸਾਡੇ ਦੇਸ਼ ਵਿੱਚ ਸੰਸਾਰ ਦੇ ਮੁਕਾਬਲੇ ਕਿੰਨੇ ਪ੍ਰਤੀਸ਼ਤ ਭੂਮੀ ਜੰਗਲਾਂ ਨਾਲ ਢੱਕੀ ਹੋਈ ਹੈ ?
4. ਦੇਸ਼ ਦੇ ਸਭ ਤੋਂ ਵੱਧ ਤੇ ਘੱਟ ਜੰਗਲੀ ਖੇਤਰ ਕਿਸ ਰਾਜ ਤੇ ਸੰਘੀ ਖੇਤਰ ਵਿੱਚ ਮਿਲਦੇ ਹਨ ?
5. ਰਾਜ ਵਣ (State Forests) ਕਿਸ ਨੂੰ ਕਹਿੰਦੇ ਹਨ ?
6. ਊਸ਼ਣ ਸਦਾ ਬਹਾਰ ਬਨਸਪਤੀ ਵਿੱਚ ਉੱਗਣ ਵਾਲੇ ਦਰਖਤਾਂ ਦੇ ਨਾਂ ਦੱਸੋ।
7. ਅਰਧ-ਖੁਸ਼ਕ ਪਤਝੜੀ ਬਨਸਪਤੀ ਦਾ ਵਿਨਾਸ਼ ਕਿਹੜੇ-ਕਿਹੜੇ ਤੱਤ ਕਰਦੇ ਹਨ ?
8. ਖੁਸ਼ਕ ਬਨਸਪਤੀ ਵਿੱਚ ਮਿਲਣ ਵਾਲੇ ਦਰਖਤਾਂ ਦੇ ਨਾਂ ਤੇ ਖੇਤਰ ਦੱਸੋ।
9. ਜਵਾਰੀ ਬਨਸਪਤੀ ਦੇ ਦੂਸਰੇ ਨਾਂ ਕੀ ਹਨ ?
10. ਪੂਰਬੀ ਹਿਮਾਲਿਆ ਵਿੱਚ 2500 ਮੀਟਰ ਤੋਂ ਵੱਧ ਉੱਚਾਈ ਤੇ ਮਿਲਣ ਵਾਲੇ ਦਰਖਤਾਂ ਦੇ ਨਾਂ ਦੱਸੋ।
11. ਦੱਖਣ ਦੀ ਪਠਾਰ ਵਿੱਚ ਪਰਬਤੀ ਬਨਸਪਤੀ ਕਿਹੜੇ-ਕਿਹੜੇ ਸਥਾਨਾਂ ਤੇ ਪੈਦਾ ਹੁੰਦੀ ਹੈ ?
12. ਕਿਹੜੇ-ਕਿਹੜੇ ਦਰਖਤਾਂ ਤੋਂ ਸਿਹਤ ਵਰਧਕ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ ?
13. ਚਮੜਾ ਰੰਗਣ ਲਈ ਕਿਹੜੇ ਦਰਖਤਾਂ ਦੀ ਸਹਾਇਤਾ ਲਈ ਜਾਂਦੀ ਹੈ ?

(ਅ) **ਜੀਵ-ਜੰਤੂ :**

1. ਜੀਵ-ਜੰਤੂ ਕਿੰਨੀ ਕਿਸਮ ਦੇ ਹੋ ਸਕਦੇ ਹਨ ?
2. ਹਾਥੀ ਕਿਸ ਤਰ੍ਹਾਂ ਦੇ ਖੇਤਰਾਂ ਵਿੱਚ ਰਹਿਣਾ ਪਸੰਦ ਕਰਦਾ ਹੈ ?
3. ਭਾਰਤ ਵਿੱਚ ਹਿਰਨਾਂ ਦੀਆਂ ਕਿਹੜੀਆਂ-ਕਿਹੜੀਆਂ ਕਿਸਮਾਂ ਮਿਲਦੀਆਂ ਹਨ ?
4. ਦੇਸ਼ ਵਿੱਚ ਸ਼ੇਰ ਕਿਹੜੇ ਸਥਾਨਾਂ ਤੇ ਵਧੇਰੇ ਮਿਲਦਾ ਹੈ ?
5. ਹਿਮਾਲਿਆ ਵਿੱਚ ਮਿਲਣ ਵਾਲੇ ਜੀਵਾਂ ਦੇ ਨਾਂ ਦੱਸੋ।
6. ਸਾਡੇ ਦੇਸ਼ ਦੇ ਰਾਸ਼ਟਰੀ ਪਸ਼ੂ ਤੇ ਪੰਛੀ ਦਾ ਕੀ ਨਾਂ ਹੈ ?
7. ਦੇਸ਼ ਵਿੱਚ ਕਿਹੜੇ ਕਿਹੜੇ ਜੀਵਾਂ ਦੇ ਖਤਮ ਹੋ ਜਾਣ ਦਾ ਡਰ ਹੈ ?

(ੲ) **ਮਿੱਟੀ :**

1. ਮਿੱਟੀ ਦੀ ਪ੍ਰੀਭਾਸ਼ਾ ਦਿਉ।

2. ਮਿੱਟੀ ਕਿਵੇਂ ਬਣਦੀ ਹੈ ?

3. ਮਿੱਟੀ ਦੇ ਮੂਲ ਪਦਾਰਥ ਕਿਹੜੇ-ਕਿਹੜੇ ਹਨ ?

4. ਕਾਲੀ ਮਿੱਟੀ ਵਿੱਚ ਕਿਹੜੇ-ਕਿਹੜੇ ਰਸਾਇਣਕ ਤੱਤ ਮਿਲਦੇ ਹਨ ?

5. ਲੇਟਰਾਈਟ ਮਿੱਟੀ ਦੇਸ਼ ਦੇ ਕਿਹੜੇ-ਕਿਹੜੇ ਭਾਗਾਂ ਵਿੱਚ ਮਿਲਦੀ ਹੈ ?

6. 'ਭੂੜ' ਮਿੱਟੀ ਕਿੱਥੇ ਮਿਲਦੀਆਂ ਹਨ ?

7. ਨਮਕੀਨ ਮਿੱਟੀਆਂ ਦੇਸ਼ ਦੇ ਵੱਖੋ-ਵੱਖਰੇ ਭਾਗਾਂ ਵਿੱਚ ਕਿਹੜੇ ਨਾਵਾਂ ਨਾਲ ਜਾਣੀਆਂ ਜਾਂਦੀਆਂ ਹਨ?

8. ਚਾਹ ਵਾਲੀਆਂ ਮਿੱਟੀਆਂ ਦੇਸ਼ ਦੇ ਕਿਹੜੇ ਭਾਗਾਂ ਵਿੱਚ ਹੁੰਦੀਆਂ ਹਨ ?

9. ਮਿੱਟੀ ਦੇ ਕਟਾਅ ਤੋਂ ਕੀ ਭਾਵ ਹੈ ?

10. ਮਾਰੂਥਲ ਦੇ ਵੱਧਣ ਨੂੰ ਰੋਕਣ ਲਈ ਕਿਹੜੇ ਉਪਾਅ ਕੀਤੇ ਜਾਂਦੇ ਹਨ ?

**II. ਹੇਠਾਂ ਲਿਖੇ ਹਰੇਕ ਪ੍ਰਸ਼ਨ ਦਾ ਸੰਖੇਪ ਉੱਤਰ ਦਿਓ—**

(ੳ) **ਕੁਦਰਤੀ ਬਨਸਪਤੀ :**

1. ਬਾਹਰੀ ਬਨਸਪਤੀ ਸਾਡੇ ਲਈ ਸਮੱਸਿਆ ਕਿਉਂ ਬਣ ਗਈ ਹੈ ? ਉਦਾਹਰਣਾਂ ਨਾਲ ਸਪੱਸ਼ਟ ਕਰੋ।

2. ਵਿਦੇਸ਼ੀ ਪੌਦਿਆਂ ਤੋਂ ਸਾਨੂੰ ਕੀ ਨੁਕਸਾਨ ਹੋ ਸਕਦੇ ਹਨ ?

3. ਸਾਡੀ ਕੁਦਰਤੀ ਬਨਸਪਤੀ ਦੇ ਅਸਲ ਵਿੱਚ ਕੁਦਰਤੀ ਨਾ ਰਹਿਣ ਦੇ ਕੀ ਕਾਰਨ ਹਨ ?

4. ਪਤਝੜੀ ਜਾਂ ਮਾਨਸੂਨੀ ਬਨਸਪਤੀ ਤੇ ਸੰਖੇਪ ਨੋਟ ਲਿਖੋ।

5. ਪੂਰਬੀ ਹਿਮਾਲਿਆ ਖੇਤਰਾਂ ਵਿੱਚ ਕਿਸ ਤਰ੍ਹਾਂ ਦੀ ਬਨਸਪਤੀ ਮਿਲਦੀ ਹੈ ?

6. ਕੁਦਰਤੀ ਬਨਸਪਤੀ ਉਦਯੋਗਾਂ ਲਈ ਕਿਸ ਤਰ੍ਹਾਂ ਜੀਵਨ-ਦਾਨ ਦਾ ਕੰਮ ਕਰਦੀ ਹੈ ?

7. ਦੇਸ਼ ਭਰ ਵਿੱਚ ਕੁਦਰਤੀ ਬਨਸਪਤੀ ਦੀ ਅੰਨ੍ਹੇਵਾਹ ਕਟਾਈ ਦੇ ਕੀ ਸਿੱਟੇ ਨਿਕਲੇ ਹਨ ?

(ਅ) **ਜੀਵ-ਜੰਤੂ :**

1. ਦੇਸ਼ ਵਿੱਚ ਜੀਵ ਜੰਤੂਆਂ ਦੀ ਸਾਂਭ ਤੇ ਸੰਭਾਲ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ ?

(ੲ) **ਮਿੱਟੀ :**

1. ਮਿੱਟੀ ਦੇ ਜਨਮ ਵਿੱਚ ਮੁੱਢਲੀ ਚਟਾਨ ਦਾ ਕੀ ਯੋਗਦਾਨ ਹੈ ?

2. ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਲਈ ਕੀ ਕਰਨਾ ਚਾਹੀਦਾ ਹੈ ?

3. ਪੀਟ ਤੇ ਦਲਦਲੀ ਮਿੱਟੀ ਤੇ ਸੰਖੇਪ ਨੋਟ ਲਿਖੋ।

4. ਮਿੱਟੀ ਦਾ ਕਟਾਅ ਕਿੰਨੀ ਤਰ੍ਹਾਂ ਦਾ ਹੁੰਦਾ ਹੈ ?

5. ਮਿੱਟੀ ਦੇ ਕਟਾਅ ਲਈ ਕਿਹੜੇ-ਕਿਹੜੇ ਕਾਰਕ ਜ਼ਿੰਮੇਵਾਰ ਹੁੰਦੇ ਹਨ ?

**III. ਹੇਠਾਂ ਲਿਖੇ ਪ੍ਰਸ਼ਨਾਂ ਦੇ ਵਿਸਤ੍ਰਿਤ ਉੱਤਰ ਦਿਓ—**

1. ਭਾਰਤ ਵਿੱਚ ਵੱਖੋ-ਵੱਖਰੇ ਅਧਾਰਾਂ ਰਾਹੀਂ ਕੁਦਰਤੀ ਬਨਸਪਤੀ ਦੇ ਵਰਗੀਕਰਨ ਦਾ ਵਰਣਨ ਕਰੋ।
2. ਦੇਸ਼ ਵਿੱਚ ਭੂਗੋਲਿਕ ਤੱਤਾਂ ਤੇ ਆਧਾਰਿਤ ਕੁਦਰਤੀ ਬਨਸਪਤੀ ਦਾ ਵਰਗੀਕਰਨ ਕੀ ਹੈ ?
3. ਕੁਦਰਤੀ ਬਨਸਪਤੀ ਦਾ ਦੇਸ਼ ਨੂੰ ਕੀ ਲਾਭ ਹੈ ?
4. ਮਿੱਟੀ ਦੀ ਬਣਤਰ ਕਿਹੜੇ-ਕਿਹੜੇ ਤੱਤਾਂ ਤੇ ਨਿਰਭਰ ਕਰਦੀ ਹੈ ?
5. ਭਾਰਤ ਵਿੱਚ ਮਿਲਣ ਵਾਲੀਆਂ ਮਿੱਟੀਆਂ ਦੀ ਵੱਖ-ਵੱਖ ਕਿਸਮਾਂ ਦਾ ਵਿਸ਼ੇਸ਼ਤਾਈਆਂ ਸਮੇਤ ਵਰਣਨ ਕਰੋ।
6. ਮਿੱਟੀ ਦਾ ਕਟਾਅ ਕੀ ਹੈ ਤੇ ਕਿਉਂ ਹੁੰਦਾ ਹੈ ? ਇਸ ਦੀ ਖੇਤਰੀ ਵੰਡ ਕੀ ਹੈ ? ਇਸ ਦੀ ਸੰਭਾਲ ਕਿਵੇਂ ਕੀਤੀ ਜਾ ਸਕਦੀ ਹੈ ?

**IV. ਭਾਰਤ ਦੇ ਨਕਸ਼ੇ ਵਿੱਚ ਭਰੋ—**

1. ਖੁਸ਼ਕ ਬਨਸਪਤੀ ਖੇਤਰ
2. ਮੈਂਗਰੋਵ ਬਨਸਪਤੀ ਖੇਤਰ
3. ਕਾਲੀ ਮਿੱਟੀ ਤੇ ਜਲੋਢ ਮਿੱਟੀ ਖੇਤਰ

ਪਾਠ 5

# ਭੂਮੀ ਵਰਤੋਂ ਅਤੇ ਖੇਤੀਬਾੜੀ

ਦੇਸ਼ ਦਾ ਕੁੱਲ ਖੇਤਰਫਲ ਲਗਭਗ 32.8 ਕਰੋੜ ਹੈਕਟੇਅਰ ਹੈ। ਇਸ ਖੇਤਰਫ਼ਲ ਦੇ ਲਗਪਗ 92.7% ਭਾਗ ਦੇ ਜ਼ਮੀਨ ਸੰਬੰਧੀ ਅੰਕੜੇ ਮਿਲਦੇ ਹਨ। ਭਾਰਤ ਦੁਨੀਆਂ ਦੇ ਉਹਨਾਂ ਗਿਣੇ ਚੁਣੇ ਦੇਸ਼ਾਂ ਵਿੱਚੋਂ ਇੱਕ ਹੈ ਜਿਥੇ ਨਦੀਆਂ ਦੇ ਸਮਤਲ ਮੈਦਾਨਾਂ ਤੇ ਹਜ਼ਾਰਾਂ ਸਾਲਾਂ ਤੋਂ ਖੇਤੀ ਕੀਤੀ ਜਾਂਦੀ ਰਹੀ ਹੈ। ਪੁਰਾਤਨ ਸਮੇਂ ਤੋਂ ਹੀ ਦੇਸ਼ ਦਾ ਇੱਕ ਬਹੁਤ ਵੱਡਾ ਭਾਗ ਖੇਤੀ ਕਰਨ ਯੋਗ ਹੈ। ਨਵੇਂ-ਅੰਕੜਿਆਂ ਦੇ ਅਨੁਸਾਰ ਸਾਲ 2019 ਵਿਚ ਦੇਸ਼ ਵਿੱਚ ਕੁੱਲ ਸ਼ੁੱਧ ਬੀਜਿਆ ਗਿਆ ਖੇਤਰਫਲ 14.16 ਕਰੋੜ ਹੈਕਟੇਅਰ ਸੀ। ਇਸ ਤੋਂ ਪਹਿਲਾਂ 1950-51 ਵਿੱਚ ਇਹ ਖੇਤਰਫਲ 11.88 ਕਰੋੜ ਹੈਕਟੇਅਰਸੀ। ਇਸ ਤਰ੍ਹਾਂ ਪਿਛਲੇ ਛੇ ਤੋਂ ਵੱਧ ਦਹਾਕਿਆਂ ਵਿੱਚ ਸ਼ੁੱਧ ਬੀਜੇ ਗਏ ਰਕਬੇ ਵਿੱਚ 2 ਕਰੋੜ ਹੈਕਟੇਅਰ ਤੋਂ ਵੱਧ ਰਕਬੇ ਦਾ ਵਾਧਾ ਹੋਇਆ ਹੈ। ਦੂਸਰੇ ਸ਼ਬਦਾਂ ਵਿੱਚ 2 ਕਰੋੜ ਹੈਕਟੇਅਰ ਤੋਂ ਵੱਧ ਜ਼ਮੀਨ ਨੂੰ ਖੇਤੀ ਯੋਗ ਬਣਾਇਆ ਗਿਆ ਹੈ। ਇਸ ਤਰ੍ਹਾਂ ਕੁੱਲ ਖੇਤਰਫਲ ਦਾ ਅੱਧੇ ਤੋਂ ਵੱਧ ਭਾਗ ਖੇਤੀ ਲਈ ਮਿਲ ਜਾਂਦਾ ਹੈ। ਸੰਸਾਰ ਦਾ ਕੋਈ ਵੀ ਦੂਸਰਾ ਵੱਡਾ ਦੇਸ਼ ਇਸ ਮਾਮਲੇ ਵਿੱਚ ਸਾਡੇ ਵਾਂਗ ਖੁਸ਼ ਕਿਸਮਤ ਨਹੀਂ ਹੈ।


**ਸਾਰਣੀ 6.1 : ਸੰਸਾਰ ਦੇ ਮੁੱਖ ਦੇਸ਼ਾਂ ਵਿੱਚ ਪ੍ਰਤੀਸ਼ਤ ਜ਼ਮੀਨ ਦੀ ਵਰਤੋਂ**

| ਦੇਸ਼ | ਖੇਤੀ ਖੇਤਰ | ਚਰਾਗਾਹ ਭੂਮੀ | ਵਣ ਭੂਮੀ | ਬੰਜਰ ਭੂਮੀ | ਕੁੱਲ ਜੋੜ |
|---|---|---|---|---|---|
| ਕੈਨੇਡਾ | 5.0 | 2.0 | 33.0 | 60 | 100 |
| ਚੀਨ | 11.0 | 30.0 | 14.0 | 45 | 100 |
| ਭਾਰਤ | 51.0 | 4.0 | 22.0 | 23 | 100 |
| ਜਾਪਾਨ | 13.0 | 2.0 | 68.0 | 26 | 100 |
| ਸੰਯੁਕਤ ਰਾਜ ਅਮਰੀਕਾ | 20.0 | 26.0 | 28.0 | 17 | 100 |
| ਪੂਰਬ ਸੋਵੀਅਤ ਸੰਘ | 10.0 | 17.0 | 42.0 | 31 | 100 |

## ਦੇਸ਼ ਦੇ ਭੂਮੀ ਪ੍ਰਯੋਗ ਦਾ ਸਰੂਪ

ਭਾਰਤ ਵਿੱਚ ਸਾਲ 1992-93 ਦੇ ਭੂਮੀ ਵਰਤੋਂ ਮਿਲਣ ਵਾਲੇ ਅੰਕੜਿਆਂ ਦੇ ਅਨੁਸਾਰ ਪਿਛਲੇ ਚਾਰ ਦਹਾਕਿਆਂ ਵਿੱਚ 2.38 ਕਰੋੜ ਹੈਕਟੇਅਰ ਵੱਧ ਜ਼ਮੀਨ ਸ਼ੁਧ ਬੀਜੇ ਗਏ ਖੇਤਰ (Net Area Sown) ਵਿੱਚ ਜੋੜੀ ਗਈ ਸੀ। ਕੁੱਲ ਰਿਪੋਰਟ ਅਤੇ ਖੇਤਰਫ਼ਲ ਦਾ ਹੁਣ ਕੇਵਲ 51.09% ਹਿੱਸਾ ਹੀ ਸ਼ੁੱਧ ਬਜਿਆ ਗਿਆ ਖੇਤਰ ਹੈ। ਭਾਰਤ ਦਾ 21.67 ਪ੍ਰਤੀਸ਼ਤ ਭੂ-ਭਾਗ (ਰਕਬਾ) ਜੰਗਲਾਂ ਦੇ ਹੇਠ ਹੈ। (ਫੌਰੈਸਟ ਸਟੇਟਸ ਰਿਪੋਰਟ 2019) 1.24 ਪ੍ਰਤੀਸ਼ਤ ਖੇਤਰਫਲ ਵਾਲੇ ਦਰੱਖਤਾਂ ਦੇ ਅਧੀਨ ਹੈ, 3.6 ਪ੍ਰਤੀਸ਼ਤ ਜ਼ਮੀਨ ਸੰਨਵੀਂ ਜ਼ਮੀਨ ਹੈ। ਸੰਨਵੀਂ ਜਮੀਨ (Fallow Land) ਵਿੱਚ ਹਰ ਸਾਲ ਫਸਲਾਂ ਨਹੀਂ ਪੈਦਾ ਕੀਤੀਆਂ ਜਾਂਦੀਆਂ ਬਲਕਿ ਦੋ ਜਾਂ ਤਿੰਨ ਸਾਲਾਂ ਵਿੱਚ ਕੇਵਲ ਇੱਕ ਫਸਲ ਹੀ ਲਈ ਜਾਂਦੀ ਹੈ। ਇਸ ਵਿੱਚ ਕੁਝ ਜ਼ਮੀਨ ਅਜਿਹੀ ਵੀ ਹੁੰਦੀ ਹੈ ਜੋ ਕੇਵਲ ਇਕ ਸਾਲ ਤੱਕ ਖਾਲੀ ਛੱਡੀ ਜਾਂਦੀ ਹੈ। ਉਸ ਨੂੰ ਚਾਲੂ ਸੰਨਵੀਂ ਜ਼ਮੀਨ (Current Fallow Land) ਕਿਹਾ ਜਾਂਦਾ ਹੈ। ਇੱਕ

ਸੰਸਾਰ ਦੇ ਪ੍ਰਮੁੱਖ ਦੇਸ਼ਾਂ ਵਿੱਚ ਭੂਮੀ ਦੀ ਵਰਤੋਂ ਦੀ ਭਾਰਤ ਨਾਲ ਤੁਲਨਾ



ਤੋਂ ਵੱਧ ਸਾਲਾਂ ਤੱਕ ਖਾਲੀ ਪਈ ਜ਼ਮੀਨ ਨੂੰ ਪੁਰਾਣੀ ਸੰਨਵੀ ਜ਼ਮੀਨ (Old Fallow Land) ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਪ੍ਰਕਾਰ ਲਗਭਗ 51% ਭਾਗ ਤੇ ਹੀ ਖੇਤੀ ਕੀਤੀ ਜਾਂਦੀ ਹੈ।

ਪਿਛਲੇ ਕਈ ਦਹਾਕਿਆਂ ਵਿੱਚ ਖੇਤੀ ਦੇ ਯੋਗ ਬੰਜਰ ਭੂਮੀ ਦਾ ਖੇਤਰਫਲ 5 ਤੋਂ 6 ਫਸਦੀ ਦੇ ਵਿਚਾਲੇ ਚਲਿਆ ਆ ਰਿਹਾ ਹੈ। ਪਰੰਤੂ ਚਰਾਗਾਹਾਂ ਹੇਠ ਜ਼ਮੀਨ ਘੱਟ ਰਹੀ ਹੈ। ਇਸ ਦਾ ਮੁੱਖ ਕਾਰਣ ਦੇਸ਼ ਵਿੱਚ ਵੱਧਦੀ ਹੋਈ ਆਬਾਦੀ ਹੈ ਜਿਸ ਨੂੰ ਖੁਰਾਕ ਸਮਗਰੀ ਪ੍ਰਧਾਨ ਕਰਨ ਲਈ ਚਰਾਗਾਹਾਂ ਤੋਂ ਖੇਤੀ ਜ਼ਮੀਨ ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਦੂਸਰੇ ਪਾਸੇ ਆਬਾਦੀ ਦੇ ਵੱਧਣ ਨਾਲ ਸ਼ਹਿਰੀ ਤੇ ਪੇਂਡੂ ਬਸਤੀਆਂ ਦਾ ਵਿਸਤਾਰ ਹੋ ਰਿਹਾ ਹੈ। ਨਾਲ ਹੀ ਵਿਕਾਸ ਕੰਮਾਂ ਵਿੱਚ ਤੇਜ਼ੀ ਆਉਣ ਕਰਕੇ ਬਹੁਤ ਵੱਡਾ ਖੇਤਰ ਸੜਕਾਂ, ਨਹਿਰਾਂ, ਉਦਯੋਗਿਕ ਤੇ ਸਿੰਜਾਈ ਖੇਤੀਕੰਮਾਂ ਵਿੱਚ ਵਰਤਿਆ ਜਾ ਰਿਹਾ ਹੈ। 1997 ਵਿੱਚ ਗੈਰ ਖੇਤੀ ਕੰਮਾਂ ਦੇ ਅਧੀਨ ਜ਼ਮੀਨ ਦਾ 7.0% ਹਿੱਸਾ ਆਉਂਦਾ ਸੀ ਜਦੋਂ ਕਿ 1950-51 ਵਿੱਚ ਇਹ ਖੇਤਰ ਕੇਵਲ 4.0 ਪ੍ਰਤੀਸ਼ਤ ਤੋਂ ਘੱਟ ਸੀ। ਭਾਵੇਂ ਇਸ ਤਰ੍ਹਾਂ ਦੇ ਕੰਮਾਂ ਲਈ ਜ਼ਮੀਨ ਮੰਗ ਨੂੰ ਠੁਕਰਾਇਆ ਨਹੀਂ ਜਾ ਸਕਦਾ ਪਰੰਤੂ ਖੇਤੀ ਯੋਗ ਉਪਜਾਊ ਜ਼ਮੀਨ ਨੂੰ ਯੋਜਨਾਬੱਧ ਤਰੀਕੇ ਨਾਲ ਬਚਾਏ ਰੱਖਣਾ ਬਹੁਤ ਹੀ ਜ਼ਰੂਰੀ ਹੈ।

**ਸਾਰਣੀ 6.2 : ਭਾਰਤ ਅਤੇ ਪੰਜਾਬ : ਪ੍ਰਤੀਸ਼ਤ ਭੂਮੀ ਵਰਤੋਂ ਤੁਲਨਾ**

| | ਭੂਮੀ ਵਰਤੋ ਸ਼੍ਰੇਣੀ (ਫ਼ੀਸਦ ਵਿੱਚ) | ਭਾਰਤ | ਪੰਜਾਬ |
|---|---|---|---|
| | ਕੁੱਲ (ਪ੍ਰਾਪਤ ਅੰਕੜਿਆਂ ਤੇ ਆਧਾਰਤ) ਰਕਬਾ | 100 | 100 |
| (i) | ਵਣ ਜ਼ਮੀਨ | 21.67 | 5.7 |
| (ii) | ਗੈਰ ਖੇਤੀ ਕੰਮਾ ਦੇ ਪ੍ਰਯੋਗ ਲਈ ਜ਼ਮੀਨ | 8.7 | 8.2 |
| (iii) | ਬੰਜਰ ਜ਼ਮੀਨ | 5.5 | 1.5 |
| (iv) | ਚਰਾਗਾਹ ਜ਼ਮੀਨ | 3.3 | ....* |
| (v) | ਦਰੱਖਤਾਂ ਤੇ ਝਾੜੀਆਂ ਦੇ ਹੇਠਾਂ ਆਈ ਜ਼ਮੀਨ | 1.0 | ....* |
| (vi) | ਖੇਤੀ ਯੋਗ ਬੰਜਰ ਜ਼ਮੀਨ | 4.0 | 0.5 |
| (vii) | ਸੰਨਵੀਂ ਭੂਮੀ | 3.6 | 1.9 |
| (viii) | ਸੁਧ ਬੀਜਿਆ ਗਿਆ ਖੇਤਰ | 45.5 | 82.0 |

ਸਰੋਤ : ਪੰਜਾਬ ਸਰਕਾਰ (1997) : ਪੰਜਾਬ ਦਾ ਅੰਕੜਾ ਸਾਰ, ਪੰਜਾਬ ਸਰਕਾਰ ਦਾ, ਆਰਥਿਕ ਸਰਵੇਖਣ, 2014-15.

* : ਬਹੁਤ ਹੀ ਘੱਟ ਖੇਤਰ ਆਰਥਿਕ ਸਲਾਹਕਾਰ,ਚੰਡੀਗੜ੍ਹ, ਪੰਨਾ 157-159.

ਦੇਸ਼ ਵਿੱਚ 21.67 ਪ੍ਰਤੀਸ਼ਤ ਜ਼ਮੀਨ ਜੰਗਲਾਂ ਹੇਠ ਹੈ ਜੋ ਕਿ ਵਿਗਿਆਨਕ ਨਜ਼ਰ ਤੋਂ ਬਹੁਤ ਘੱਟ ਹੈ। ਆਤਮ ਨਿਰਭਰ ਆਰਥਿਕ ਪ੍ਰਣਾਲੀ ਅਤੇ ਅਨੁਕੂਲ ਵਾਤਾਵਰਣ ਸੰਤੁਲਨ ਦੇ ਲਈ ਦੇਸ਼ ਦੇ ਇੱਕ ਤਿਹਾਈ ਖੇਤਰ ਵਿੱਚ ਵਣਾਂ ਅਤੇ ਕੁਦਰਤੀ ਬਨਸਪਤੀ ਦਾ ਹੋਣਾ ਬਹੁਤ ਜ਼ਰੂਰੀ ਹੈ। ਅੰਕੜਿਆਂ ਦੇ ਅਨੁਸਾਰ ਆਜ਼ਾਦੀ ਦੇ ਬਾਅਦ ਜੰਗਲੀ ਖੇਤਰ ਵਿੱਚ ਵਾਧਾ ਹੋਇਆ ਹੈ। ਜੰਗਲੀ ਖੇਤਰ 1950-51 ਵਿੱਚ ਕੇਵਲ 4 ਕਰੋੜ ਹੈਕਟੇਅਰ ਜਾਂ 14.2 ਪ੍ਰਤੀਸ਼ਤ ਸੀ ਜੋ ਕਿ ਵੱਧ ਕੇ 1997 ਵਿੱਚ 6.8 ਕਰੋੜ ਹੈਕਟੇਅਰ ਜਾਂ 22.3% ਹੋ ਗਿਆ। ਸੰਨ 2019 ਤੱਕ ਇਹ ਖੇਤਰ 7.12 ਕਰੋੜ ਹੈਕਟੇਅਰ ਹੈ। ਇਸ ਦੇ ਬਾਵਜੂਦ ਵੀ ਇਹ ਜੰਗਲੀ ਖੇਤਰ ਆਦਰਸ਼ ਵਣ ਖੇਤਰਫ਼ਲ ਤੋਂ 10% ਘੱਟ ਹੈ।


ਜੰਗਲ ਖੇਤਰ ਦੇ ਵੱਧਣ ਦੇ ਅਨੇਕਾਂ ਮਹੱਤਵਪੂਰਣ ਲਾਭ ਹਨ। ਵਣਾਂ ਦਾ ਵਾਤਾਵਰਣ ਸੰਤੁਲਨ ਬਣਾਏ ਰੱਖਣ ਨਾਲ ਕਾਰਬਨ-ਡਾਇਆਕਸਾਈਡ ਗੈਸ ਦੀ ਵਰਤੋਂ ਕਰਕੇ ਮਹੱਤਵਪੂਰਣ ਯੋਗਦਾਨ ਬਣਦਾ ਹੈ। ਸਾਡੇ

ਵਾਯੂਮੰਡਲ ਵਿੱਚ ਕਾਰਬਨ-ਡਾਇਆਕਸਾਈਡ ਦੀ ਮਾਤਰਾ ਦੇ ਵੱਧਣ ਨਾਲ ਗਰੀਨ ਹਾਊਸ ਅਸਰ ਵੱਧ ਜਾਂਦਾ ਹੈ ਜਿਸ ਦੇ ਨਤੀਜੇ ਵਜੋਂ ਸਾਰੇ ਸੰਸਾਰ ਵਿੱਚ ਤਾਪਮਾਨ ਵੱਧ ਸਕਦਾ ਹੈ। ਇਹ ਤਾਪਮਾਨ ਦਾ ਵਾਧਾ ਬਰਫ ਦੀਆਂ ਸਫੇਦ ਚਾਦਰਾਂ ਨੂੰ ਪਿਘਲਾ ਕੇ ਸਮੁੰਦਰਾਂ ਦੇ ਜਲ ਸਤਰ ਨੂੰ ਵਧਾ ਸਕਦੀ ਹੈ ਜਿਸ ਨਾਲ ਸਾਰੇ ਸੰਸਾਰ ਵਿੱਚ ਸਮੁੰਦਰੀ ਤੱਟਾਂ ਦੇ ਨੇੜੇ ਵੱਸੇ ਹੋਏ ਨੀਵੇਂ ਖੇਤਰ ਪਾਣੀ ਵਿੱਚ ਡੁੱਬ ਜਾਣਗੇ। ਇਸ ਤੋਂ ਇਲਾਵਾ ਵਣ ਜੰਗਲੀ ਜੀਵਾਂ ਦੇ ਘਰ ਵੀ ਹਨ ਜਿੱਥੇ ਉਹਨਾਂ ਨੂੰ ਆਸਰਾ ਮਿਲਦਾ ਹੈ। ਵਣਾਂ ਨਾਲ ਹੀ ਵਰਖਾ ਦੀ ਮਾਤਰਾ ਵਿੱਚ ਵਾਧਾ ਹੁੰਦਾ ਹੈ ਤੇ ਸੋਕਾ ਬਾਰ ਬਾਰ ਨਹੀਂ ਪੈਂਦਾ। ਜੰਗਲਾਂ ਨਾਲ ਕੇਵਲ ਪਾਣੀ ਦੀ ਹੀ ਸੰਭਾਲ ਹੀ ਨਹੀਂ ਹੁੰਦੀ ਬਲਕਿ ਇਹ ਮਿੱਟੀ ਦੀ ਰੱਖਿਆ ਵੀ ਕਰਦੇ ਹਨ। ਇਸ ਤਰ੍ਹਾਂ ਇਹ ਨਦੀਆਂ ਵਿੱਚ ਆਉਣ ਵਾਲੇ ਤਬਾਹਕੁਨ ਹੜ੍ਹਾਂ ਨੂੰ ਵੀ ਰੋਕਣ ਵਿੱਚ ਸਮਰੱਥ ਹਨ।

ਭਾਰਤ ਵਿੱਚ ਲਗਭਗ 2 ਕਰੋੜ ਹੈਕਟੇਅਰ ਜ਼ਮੀਨ ਅਜਿਹੀ ਹੈ ਜਿਸਦਾ ਇਸ ਸਮੇਂ ਪ੍ਰਯੋਗ ਨਹੀਂ ਹੋ ਰਿਹਾ ਹੈ। ਇਸ ਜ਼ਮੀਨ ਨੂੰ ਬੰਜਰ ਜ਼ਮੀਨ ਕਿਹਾ ਜਾਂਦਾ ਹੈ। ਇਸ ਵਿੱਚ ਖੁਸ਼ਕ ਚਟਾਨੀ ਅਤੇ ਰੇਤਲੇ ਮਾਰੂਥਲ ਸ਼ਾਮਲ ਹਨ। ਉੱਚੇ ਪਰਬਤ ਅਤੇ ਬੇਕਾਰ ਭੂਮੀ ਵੀ ਇਸੇ ਵਰਗ ਦੇ ਅਧੀਨ ਆਉਂਦਾ ਹੈ। ਕਦੇ ਕਦੇ ਮਨੁੱਖ ਵੀ ਆਪਣੀਆਂ ਵਿਨਾਸ਼ਕਾਰੀ ਕਿਰਿਆਵਾਂ ਜਿਵੇਂ ਵਣਾਂ ਦਾ ਵਿਨਾਸ਼ ਅਤੇ ਹਦੋਂ ਵੱਧ ਪਸ਼ੂ ਚਰਾਈ ਕਰਨ ਕਰਕੇ ਵੀ ਬੰਜਰ ਭੂਮੀ ਦਾ ਖੇਤਰ ਵਧਾਉਣ ਵਿੱਚ ਸਹਾਇਤਾ ਕਰਦੇ ਹਨ। ਆਜ਼ਾਦੀ ਦੇ ਬਾਅਦ ਦੇਸ਼ ਵਿੱਚ ਬੰਜਰ ਭੂਮੀ ਖੇਤਰਫ਼ਲ ਵਿੱਚ ਬਹੁਤ ਘਾਟ ਆਈ ਹੈ। ਇਸ ਤਰ੍ਹਾਂ ਜ਼ਮੀਨ ਦਾ ਹਿੱਸਾ 1950-51 ਵਿੱਚ 12.8% ਤੋਂ ਘੱਟ ਕੇ 1992-93 ਵਿੱਚ ਕੇਵਲ 6.3% ਰਹਿ ਗਿਆ ਜੋ ਕਿ 2014-15 ਵਿੱਚ 5.5% ਹੀ ਰਹਿ ਗਿਆ। ਦੂਸਰੇ ਸ਼ਬਦਾਂ ਵਿੱਚ ਪਿਛਲੇ ਸਾਢੇ 6 ਦਹਾਕਿਆਂ ਵਿੱਚ ਦੇਸ਼ ਵਿੱਚ ਬੰਜਰ ਭੂਮੀ ਘੱਟ ਕੇ ਅੱਧੀ ਰਹਿ ਗਈ ਹੈ।

ਸਾਡੇ ਆਪਣੇ ਪੰਜਾਬ ਰਾਜ ਵਿੱਚ 50.3 ਲੱਖ ਹੈਕਟੇਅਰ ਖੇਤਰਫ਼ਲ ਦੇ ਭੂਮੀ ਪ੍ਰਯੋਗ ਦੇ ਅੰਕੜੇ ਮਿਲਦੇ ਹਨ ਜੋ ਰਾਜ ਦੇ ਕੁੱਲ ਖੇਤਰਫਲ ਦਾ 99.9% ਹੈ। ਇੱਕ ਤਰ੍ਹਾਂ ਨਾਲ ਕੇਵਲ 3 ਹਜ਼ਾਰ ਹੈਕਟੇਅਰ ਖੇਤਰਫਲ ਨੂੰ ਛੱਡ ਕੇ ਸਾਰੇ ਪੰਜਾਬ ਦੇ ਭੂਮੀ ਸੰਬੰਧੀ ਅੰਕੜੇ ਮਿਲਦੇ ਹਨ। ਪੰਜਾਬ ਰਾਜ ਵਿੱਚ ਨਿਰੋਲ ਬੀਜਿਆ ਗਿਆ ਖੇਤਰ 82% ਹੈ ਜਦੋਂ ਕਿ ਸਮੁੱਚੇ ਭਾਰਤ ਵਿੱਚ ਇਹ ਮਾਤਰਾ 47 ਪ੍ਰਤੀਸ਼ਤ ਹੈ। ਇਸ ਦੇ ਕੁੱਲ ਜੰਗਲੀ ਖੇਤਰ ਕੇਵਲ 3.67% ਹੀ ਹੈ ਪਰ ਪੂਰੇ ਭਾਰਤ ਦੀ ਇਹ ਔਸਤ 22.3 ਹੈ। ਵਿਗਿਆਨਕ ਨਜ਼ਰ ਤੋਂ ਵੀ ਪੰਜਾਬ ਵਿੱਚ ਇਹ ਜੰਗਲੀ ਖੇਤਰ ਬਹੁਤ ਹੀ ਘੱਟ ਹੈ ਕਿਉਂਕਿ ਇਥੇ 27% ਵੱਧ ਜ਼ਮੀਨ ਤੇ ਜੰਗਲੀ ਖੇਤਰ ਹੋਣਾ ਚਾਹੀਦਾ ਹੈ। ਵਣ ਖੇਤਰ ਵਿੱਚ ਭਾਰੀ ਘਾਟ ਅਤੇ ਬਹੁਤ ਜ਼ਿਆਦਾ ਮਾਤਰਾ ਵਿੱਚ ਸ਼ੁੱਧ ਬੀਜਿਆ ਗਿਆ ਖੇਤਰਫਲ ਹੋਣ ਕਰਕੇ ਰਾਜ ਦੀ ਪਰਿਸਥਿਤਕ ਪ੍ਰਣਾਲੀ (Eco System) ਉੱਤੇ ਬੁਰਾ ਅਸਰ ਪੈਂਦਾ ਹੈ। ਰਾਜ ਦੀ ਸੰਘਣੇ ਵਪਾਰਕ ਖੇਤੀ ਪ੍ਰਣਾਲੀ (Commercial Agricultural System) ਨੂੰ ਪਿਛਲੇ ਸਾਲਾਂ ਦੌਰਾਨ ਕਈ ਤਰ੍ਹਾਂ ਦੀਆਂ ਪਰਿਸਥਿਤੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਹੈ। ਕੁਝ ਭਾਗਾਂ ਵਿੱਚ ਪਾਤਾਲੀ ਪਾਣੀ ਦੇ ਸਤਰ ਵਿੱਚ ਲਗਾਤਾਰ ਗਿਰਾਵਟ, ਮਿੱਟੀਆਂ ਵਿੱਚ ਖਾਰੇਪਣ ਦਾ ਵਾਧਾ, ਸਲ੍ਹਾਬੀ ਜ਼ਮੀਨ ਅਤੇ ਅਣ ਉਪਜਾਊਪਣ ਜਿਹੀਆਂ ਮੁੱਖ ਸਮੱਸਿਆਵਾਂ ਸਾਹਮਣੇ ਆ ਰਹੀਆਂ ਹਨ। ਰਾਜ ਵਿੱਚ ਉੱਚ ਜੀਵਨ ਸਤਰ ਅਤੇ ਆਰਥਿਕ ਵਿਕਾਸ ਉੱਚਾ ਹੋਣ ਕਰਕੇ ਗੈਰ ਖੇਤੀ ਕੰਮਾਂ ਲਈ ਭੂਮੀ ਪ੍ਰਯੋਗ ਦਾ ਹਿੱਸਾ 8.2% ਹੈ ਜਦੋਂ ਕਿ ਪੂਰੇ ਦੇਸ਼ ਲਈ ਇਹ ਔਸਤ 7.0% ਹੈ।

ਇਸ ਤੋਂ ਉਲਟ ਬੰਜਰ ਭੂਮੀ ਦਾ ਹਿੱਸਾ ਰਾਸ਼ਟਰੀ ਔਸਤ ਤੋਂ ਕਾਫੀ ਘੱਟ ਹੈ। ਪੰਜਾਬ ਵਿੱਚ ਬੰਜਰ ਭੂਮੀ ਦਾ ਖੇਤਰਫਲ ਕੁੱਲ ਭੂਮੀ ਉਪਯੋਗ ਦਾ 1.5% ਹੈ ਜਦੋਂ ਕਿ ਪੂਰੇ ਦੇਸ਼ ਦੇ ਲਈ ਇਹ ਔਸਤ 6.4% ਹੈ। ਇਸੇ ਤਰ੍ਹਾਂ ਰਾਜ ਵਿੱਚ ਖੇਤੀ ਯੋਗ ਬੰਜਰ ਜ਼ਮੀਨ ਵੀ ਕੇਵਲ ਅੱਧਾ ਪ੍ਰਤੀਸ਼ਤ ਹੈ ਜਦੋਂ ਕਿ ਦੇਸ਼ ਲਈ ਇਹ ਔਸਤ 4.7% ਹੈ। ਇਸ ਤਰ੍ਹਾਂ ਪੰਜਾਬ ਵਿੱਚ ਮਿਲਣ ਵਾਲੀ ਜ਼ਮਨ ਦਾ ਵੱਧ ਤੋਂ ਵੱਧ ਪ੍ਰਯੋਗੀ ਖੇਤੀ ਕੰਮਾਂ ਲਈ ਕੀਤਾ ਗਿਆ ਹੈ। ਜਿਸ ਤੋਂ ਇਸ ਰਾਜ ਦੇ ਖੇਤੀ ਪ੍ਰਧਾਨ ਰਾਜ ਹੋਣ ਦਾ ਪੱਕਾ ਸਬੂਤ ਮਿਲਦਾ ਹੈ।


ਭੂਮੀ ਦੀ ਆਮ ਵਰਤੋਂ ; 1960-61 (ਭਾਰਤ) ਭੂਮੀ ਦੀ ਆਮ ਵਰਤੋਂ ; 2014-15
46.26%
18.11%
18.11%
4.95%
4.71%
1.50%
6.23%
3.50%
3.73%
45.5%
23.3%
5.5%
8.7%
3.3%
1%
4.0%
3.6%
4.9%
ਜੰਗਲਾਂ ਅਧੀਨ
ਬੰਜਰ ਤੇ ਗ਼ੈਰਵਾਹੀਯੋਗ ਭੂਮੀ
ਗ਼ੈਰ-ਜ਼ਰਾਇਤੀ ਰਕਬਾ
ਪੱਕੀਆਂ ਚਰਾਗਾਹਾਂ ਹੇਠ ਰਕਬਾ
ਰੁੱਖਾਂ, ਫ਼ਸਲਾਂ ਤੇ ਝਾੜਾਂ ਹੇਠ ਰਕਬਾ
ਵਾਹੀਯੋਗ ਪਰ ਅਣਵਰਤੀ ਭੂਮੀ
ਸਥਾਈ ਪੂਰਤੀ ਭੂਮੀ
ਮੌਜੂਦਾ ਪਰਤੀ ਭੂਮੀ
ਵਾਹੀਯੋਗ ਅਸਲ ਰਕਬਾ

ਅੰਤ ਵਿੱਚ ਅਸੀਂ ਇਹੀ ਕਹਿ ਸਕਦੇ ਹਾਂ ਕਿ ਦੇਸ਼ ਵਿੱਚ ਸਹੀ ਜ਼ਮੀਨ ਸੀਮਤ ਹੈ। ਇਹ ਨਾ ਘੱਟ ਸਕਦੀ ਹੈ ਅਤੇ ਨਾ ਵੱਧ ਸਕਦੀ ਹੈ। ਜ਼ਮੀਨ ਦੇ ਵੱਧਦੇ ਹੋਏ ਦਬਾਅ ਨੂੰ ਦੇਖਦੇ ਹੋਏ ਸਾਰੀ ਮਿਲਣ ਵਾਲੀ ਜ਼ਮੀਨ ਦੇ ਪ੍ਰਯੋਗ ਲਈ ਅਨੁਕੂਲ ਯੋਜਨਾਵਾਂ ਬਣਾਉਣਾ ਬਹੁਤ ਹੀ ਜ਼ਰੂਰੀ ਹੈ। ਮਿੱਟੀਆਂ ਦੇ ਕਟਾਅ, ਮਾਰਬਲੀਕਰਨ, ਮਿੱਟੀਆਂ ਦਾ ਖਾਰਾਪਣ ਅਤੇ ਜਲ ਮਗਨਤਾ ਆਦਿ ਨੂੰ ਰੋਕਣ ਵਾਲੇ ਢੁਕਵੇਂ ਤਰੀਕਿਆਂ ਦੁਆਰਾ ਹੀ ਇਹ ਕੰਮ ਸੰਭਵ ਹੋ ਸਕਦਾ ਹੈ। ਅਜਿਹਾ ਕਰਨ ਨਾਲ ਬੰਜਰ ਜ਼ਮੀਨ ਨੂੰ ਦੂਸਰੇ ਪ੍ਰਯੋਗ ਕਰਨ ਵਾਲੇ ਕੰਮਾਂ ਵਿੱਚ ਵਰਤਿਆ ਜਾ ਸਕਦਾ ਹੈ। ਖੇਤ ਦੇ ਆਧੁਨਿਕ ਵਿਗਿਆਨਕ ਤਰਕੇ ਆਪਣਾ ਕੇ ਖੇਤੀਯੋਗ ਭੂਮੀ ਤੋਂ ਪੈਦਾਵਰ ਵਧਾਈ ਜਾ ਸਕਦੀ ਹੈ। ਜ਼ਮੀਨ ਦੇ ਵਿਭਿੰਨ ਪ੍ਰਯੋਗਾਂ ਦੇ ਦਰਮਿਆਨ ਆਪਸੀ ਸੰਤੁਲਨ ਬਣਾਏ ਰੱਖਣ ਲਈ ਕੋਸ਼ਿਸ਼ਾਂ ਕਰਨਾ ਵੀ ਜ਼ਰੂਰੀ ਹੋਵੇਗਾ। ਦੇਸ਼ ਦੇ ਖੇਤੀ ਵਿਕਾਸ ਦੇ ਲਈ ਇਹ ਬਹੁਤ ਜ਼ਰੂਰੀ ਹੈ। ਅਗਲੇ ਪੰਨਿਆਂ ਵਿੱਚ ਅਸੀਂ ਦੇਸ਼ ਦੇ ਖੇਤੀ ਵਿਕਾਸ ਬਾਰੇ ਅਧਿਐਨ ਕਰਦੇ ਹਾਂ।

## ਖੇਤੀ ਵਿਕਾਸ

### ਖੇਤੀਬਾੜੀ ਦਾ ਭਾਰਤੀ ਆਰਥਿਕ ਪ੍ਰਣਾਲੀ ਵਿੱਚ ਯੋਗਦਾਨ

ਖੇਤੀਬਾੜੀ ਦਾ ਭਾਰਤੀ ਆਰਥਿਕ ਪ੍ਰਣਾਲੀ ਵਿੱਚ ਬਹੁਤ ਹੀ ਮਹੱਤਵਪੂਰਨ ਸਥਾਨ ਹੈ। ਖੇਤੀਬਾੜੀ ਖੇਤਰ ਤੋਂ ਦੇਸ਼ ਦੇ ਲਗਭਗ  ਦੋ-ਤਿਹਾਈ ਮਜ਼ਦੂਰਾਂ ਨੂੰ ਰੁਜ਼ਗਾਰ ਮਿਲਦਾ ਹੈ। ਇਸ ਖੇਤਰ ਤੋਂ ਕੁਲ ਰਾਸ਼ਟਰੀ ਆਮਦਨ ਦਾ 19.9% ਹਿੱਸਾ ਪ੍ਰਾਪਤ ਹੁੰਦਾ ਹੈ। ਵਿਦੇਸ਼ੀ ਬਰਾਮਦਾਂ ਵਿੱਚ ਵੀ ਖੇਤੀ ਤੋਂ ਉਪਜੀਆਂ ਵਸਤੂਆਂ ਦਾ ਖਾਸ ਸਥਾਨ ਹੈ। ਇਸ ਖੇਤੀਬਾੜੀ ਤੋਂ ਅਨੇਕਾਂ ਉਤਪਾਦਤ ਵਸਤਾਂ ਸਾਡੇ ਕਾਰਖਾਨਿਆਂ ਵਿੱਚ ਕੱਚੇ ਮਾਲ ਦੇ ਤੌਰ ਤੇ ਵਰਤੀਆਂ ਜਾਂਦੀਆਂ ਹਨ। ਖੇਤੀਬਾੜੀ ਦੇ ਖੇਤਰ ਵਿੱਚ ਆਜ਼ਾਦੀ ਤੋਂ ਬਾਅਦ ਤਰੱਕੀ ਦੇ ਕਾਰਣ ਪ੍ਰਤੀ ਵਿਅਕਤੀ ਖ਼ੁਰਾਕ ਪਦਾਰਥਾਂ ਦੀ ਪ੍ਰਾਪਤੀ ਜੋ 1950 ਦੇ ਸਾਲਾਂ ਵਿੱਚ 395 ਗ੍ਰਾਮ ਸੀ, 1991 ਵਿੱਚ ਵੱਧ ਕੇ 510 ਗ੍ਰਾਮ ਪ੍ਰਤੀ ਵਿਅਕਤੀ ਤੱਕ ਪਹੁੰਚ ਗਈ। ਸੰਨ 2020 ਵਿੱਚ ਇਹ ਮਾਤਰਾ 14.90 ਕਿਲੋਗ੍ਰਾਮ ਪ੍ਰਤੀ ਵਿਅਕਤੀ ਹੈ। ਰਸਾਇਣਕ ਖਾਦਾਂ ਦੀ ਵਰਤੋਂ ਵਿੱਚ ਵੀ ਸੰਯੁਕਤ ਰਾਜ ਅਮਰੀਕਾ, ਪੂਰਵ ਸੋਵੀਅਤ ਰੂਸ ਅਤੇ ਚੀਨ ਤੋਂ ਬਾਅਦ ਭਾਰਤ ਦਾ ਚੌਥਾ ਸਥਾਨ ਹੈ। ਸਾਡੇ ਦੇਸ਼ ਵਿੱਚ ਦਾਲਾਂ ਹੇਠ ਰਕਬਾ ਸੰਸਾਰ ਵਿੱਚ ਸਭ ਤੋਂ ਵੱਧ ਹੈ। ਕਪਾਹ ਦੇ ਉਤਪਾਦਨ ਵਿਚ ਵੀ ਭਾਰਤ ਸੰਸਾਰ ਦਾ ਸਭ ਤੋਂ ਪਹਿਲਾ ਦੇਸ਼ ਹੈ। ਜਿਥੇ ਵਧੀਆ ਕਿਸਮ ਦੀ ਕਪਾਹ ਪੈਦਾ ਕਰਨ ਦੇ ਯਤਨ ਸਭ ਤੋਂ ਪਹਿਲਾਂ ਕੀਤੇ ਗਏ। ਦੇਸ਼ ਨੇ ਝੀਂਗਾ ਮੱਛੀ ਦਾ ਬੀਜ ਤਿਆਰ ਕਰਨ ਅਤੇ ਕੀਟ ਪਾਲਣ (Pest Culture) ਤਕਨੀਕੀ ਵਿਕਾਸ ਵਿੱਚ ਮਹੱਤਵਪੂਰਣ ਸਫਲਤਾਵਾਂ ਹਾਸਿਲ ਕੀਤੀਆਂ ਹਨ।

ਦੇਸ਼ ਵਿੱਚ ਖੇਤੀਬਾੜੀ ਉਤਪਾਦਨ ਵਿੱਚ ਵਾਧਾ ਦਰ 1949-50 ਤੋਂ 1997-98 ਦੇ ਵਿੱਚ 2.71 ਪ੍ਰਤੀਸ਼ਤ ਪ੍ਰਤੀ ਸਾਲ ਔਸਤ ਰਹੀ ਜਦੋਂਕਿ ਇਸੇ ਦੌਰਾਨ ਦੇਸ਼ ਦੀ ਵਸੋਂ ਦਾ ਵਾਧਾ 2.0 ਪ੍ਰਤੀਸ਼ਤ ਪ੍ਰਤੀ ਸਾਲ ਰਿਹਾ ਸੀ। ਖੇਤੀਬਾੜੀ ਦੀ  ਇਸ ਵਾਧਾ ਦਰ ਨੇ ਮਾਲਥਸ ਅਤੇ ਉਸਦੇ ਸ਼ਗਿਰਦਾਂ ਨੂੰ ਝੂਠਾ ਪਾ ਦਿੱਤਾ ਹੈ ਜੋ ਇਹ ਮੰਨਦੇ ਸਨ ਕਿ ਸੰਸਾਰ ਵਿੱਚ ਖੁਰਾਕ ਪਦਾਰਥਾਂ ਦਾ ਵਾਧਾ ਜਮ੍ਹਾਂ ਹੋਣ ਦੀ ਦਰ ਨਾਲ (2+2+2+....) ਅਤੇ ਜਨਸੰਖਿਆ ਵਾਧਾ ਗੁਣਨਦਰ ਨਾਲ (2×2×2×.....) ਹੁੰਦੇ ਹਨ। ਦੇਸ਼ ਵਿੱਚ ਖ਼ੁਰਾਕ ਪਦਾਰਥਾਂ ਦਾ ਉਤਪਾਦਨ ਆਜ਼ਾਦੀ ਦੇ ਬਾਅਦ ਤਿੰਨ ਗੁਣਾਂ ਤੋਂ ਵੀ ਵੱਧ ਵਧਿਆ ਹੈ, 1949-50 ਵਿੱਚ 549.2 ਲੱਖ ਟਨ ਵੱਧ ਕੇ 1997-98 ਵਿੱਚ 1933 ਲੱਖ ਟਨ  ਤੱਕ ਪਹੁੰਚ ਗਿਆ। ਫਸਲ ਚੱਕਰ ਵਿੱਚ ਵਿਭਿੰਨਤਾ ਆਈ ਹੈ। ਘਰੇਲੂ ਮੰਗ ਅਤੇ ਨਿਰਯਾਤ ਵਧਾਉਣ ਲਈ ਵਪਾਰਕ ਫਸਲਾਂ ਦਾ ਖੇਤਰਫਲ ਤੇਜ਼ੀ ਨਾਲ ਵਧਿਆ ਹੈ। ਦੇਸ਼ ਵਿੱਚ ਹਰੀ ਕਰਾਂਤੀ ਦੇ ਬਾਅਦ ਦੇ ਸਾਲਾਂ (1967-68 ਤੋਂ ਲੈ ਕੇ 1997-98) ਵਿੱਚ ਖੇਤੀਬਾੜੀ ਦੇ ਖੇਤਰ ਵਿੱਚ ਵਾਧਾ ਦਰ 2.84 ਪ੍ਰਤੀਸ਼ਤ ਹਰੇਕ ਸਾਲ ਔਸਤਨ ਹੋਈ ਹੈ।

ਇਸੇ ਦੌਰਾਨ ਖੁਰਾਕ ਪਦਾਰਥਾਂ ਦਾ ਉਤਪਾਦਨ 950.5 ਲੱਖ ਟਨ ਤੋਂ ਵੱਧ ਕੇ 1933 ਲੱਖ ਟਨ ਤੱਕ ਪਹੁੰਚ ਗਿਆ ਹੈ। ਫਸਲ ਚੱਕਰ ਵਿੱਚ ਗਰਮੀ ਦੇ ਮੌਸਮ ਦੀ ਮੂੰਗੀ, ਸੋਇਆਬੀਨ, ਸੂਰਜਮੁਖੀ ਆਦਿ ਫਸਲਾਂ ਦੀ ਮਹੱਤਤਾ ਕਾਫੀ ਵੱਧੀ ਹੈ। ਖੁਰਾਕੀ ਤੇਲਾਂ ਦੇ ਉਤਪਾਦਨ ਵਿੱਚ ਵੀ ਵਾਧਾ ਹੋਇਆ ਹੈ। ਇਹਨਾਂ ਦਾ ਉਤਪਾਦਨ ਸਾਲ 1987 ਵਿੱਚ 9.47 ਲੱਖ ਟਨ ਸੀ। ਖੇਤੀਬਾੜੀ ਸੰਬੰਧੀ ਕੁਝ ਮੁੱਖ ਅੰਕੜੇ ਅੱਗੇ ਦਿੱਤੀ ਸਾਰਣੀ ਵਿੱਚ ਦਿੱਤੇ ਗਏ ਹਨ।

**ਸਾਰਣੀ 6.3 : ਭਾਰਤ ਖੁਰਾਕ ਪਦਾਰਥਾਂ ਦੇ ਉਤਪਾਦਨ ਵਿੱਚ ਵਾਧਾ 1950-51 ਤੋਂ 1997-98**

*(ਉਤਪਾਦਨ ਲੱਖ ਟਨ)*

| ਫਸਲ | 1950-51 | 1970-71 | 1990-91 | 1994-95 | 1997-98 | 2020-21 |
|---|---|---|---|---|---|---|
| ਚੌਲ | 206 | 422 | 743 | 818 | 821 | 3,500 |
| ਕਣਕ | 65 | 238 | 551 | 658 | 660 | 3,900 |
| ਹੋਰ ਖੁਰਾਕੀ ਫਸਲਾਂ | 154 | 306 | 327 | 299 | 316 | 2,690 |
| ਕੁੱਲ ਅੰਨ | 425 | 966 | 1621 | 1775 | 1797 | — |
| ਕੁੱਲ ਦਾਲਾਂ | 84 | 118 | 143 | 141 | 133 | 250 |
| ਕੁੱਲ ਖੁਰਾਕ ਪਦਾਰਥ | 509 | 1084 | 1764 | 1916 | 1933 | 2966.5 |

ਸਰੋਤ : (i) ਇੰਡੀਆ, 1998 : ਏ ਰੈਫਰੈਂਸ ਮੈਨੂਅਲ, ਭਾਰਤ ਸਰਕਾਰ, ਨਵੀਂ ਦਿੱਲੀ, ਪੰਨਾ 388.

(ii) ਆਰਥਿਕ ਸਰਵੇਖਣ, 2020-21, ਭਾਰਤ ਸਰਕਾਰ, ਨਵੀਂ ਦਿੱਲੀ

ਉੱਪਰ ਸਾਰਣੀ ਵਿੱਚ ਕੇਵਲ ਖੁਰਾਕੀ ਫਸਲਾਂ ਦੀ ਹੀ ਗੱਲ ਕੀਤੀ ਗਈ ਹੈ। ਪਰੰਤੂ ਖੇਤੀ ਦਾ ਖੇਤਰ ਫਸਲ ਪੈਦਾ ਕਰਨ ਤੱਕ ਹੀ ਸੀਮਿਤ ਨਹੀਂ ਹੈ ਬਲਕਿ ਖੇਤੀਬਾੜੀ ਦੇ ਅਧੀਨ ਪਸ਼ੂ ਪਾਲਣ ਮੱਛੀ ਪਾਲਣ, ਬਾਗਵਾਨੀ ਤੇ ਜੰਗਲਾਤ ਨੂੰ ਵੀ ਸ਼ਾਮਲ ਕੀਤਾ ਜਾਂਦਾ ਹੈ। ਖੇਤੀ ਖੇਤਰ ਵਿੱਚ ਕੁਦਰਤੀ ਸਾਧਨਾਂ ਦਾ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਅਨੁਕੂਲ ਜਲਵਾਯੂ ਅਤੇ ਉਪਜਾਊ ਮਿੱਟੀਆਂ ਦੇ ਕਾਰਣ ਉੱਨਤ ਖੇਤੀ ਕੀਤੀ ਜਾ ਸਕਦੀ ਹੈ। ਇਸ ਪੱਖ ਤੋਂ ਕੁਦਰਤ ਭਾਰਤ ਦੇ ਪ੍ਰਤੀ ਬਹੁਤ ਦਇਆਵਾਨ ਹੈ। ਸੰਸਾਰ ਦੇ ਕੁੱਲ ਖੇਤਰਫਲ ਦਾ ਕੇਵਲ 10 ਪ੍ਰਤੀਸ਼ਤ ਹਿੱਸਾ ਹੀ ਖੇਤੀ ਯੋਗ ਹੈ। ਪਰੰਤੂ ਭਾਰਤ ਵਿੱਚ ਦੋ ਫਸਲਾਂ ਪੈਦਾ ਕੀਤੀਆਂ ਜਾ ਸਕਦੀਆਂ ਹਨ। ਭਾਰਤ ਦੇ ਖੇਤਰਫਲ ਦੇ ਜਿੰਨੇ ਭਾਗ ਨੂੰ ਸਿੰਜਿਆ ਜਾਣਾ ਸੰਭਵ ਹੈ, ਉਹ ਚੀਨ ਦੇ ਕੁੱਲ ਖੇਤੀਯੋਗ ਖੇਤਰਫਲ ਦੇ ਲਗਪਗ ਬਰਾਬਰ ਹੈ।

ਕੁਦਰਤੀ ਅਨੁਕੂਲਤਾ ਅਤੇ ਅੱਜ ਕੱਲ੍ਹ ਦੇ ਸਾਲਾਂ ਵਿੱਚ ਹੋਏ ਵਿਕਾਸ ਦੇ ਬਾਵਜੂਦ ਵੀ ਭਾਰਤੀ ਖੇਤੀਬਾੜੀ ਕੁਝ ਖਾਸ ਸਮੱਸਿਆਵਾਂ ਵਿੱਚ ਫਸੀ ਹੋਈ ਹੈ।

**ਭਾਰਤੀ ਖੇਤੀ ਦੀਆਂ ਮੁੱਖ ਸਮੱਸਿਆਵਾਂ**

ਭਾਰਤੀ ਖੇਤੀ ਦੀ ਸਭ ਤੋਂ ਵੱਡੀ ਸਮੱਸਿਆ ਜਨਸੰਖਿਆ ਦਾ ਭਾਰੀ ਦਬਾਅ ਹੈ। ਅੱਗੇ ਦਿੱਤੇ ਅੰਕੜਿਆ ਤੋਂ ਇਹ ਗੱਲ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਵੇਗੀ। ਦੇਸ਼ ਦੇ ਕੁੱਲ ਕਾਮਿਆਂ ਦਾ 65.0 ਪ੍ਰਤੀਸ਼ਤ ਭਾਗ ਅਤੇ ਉਹਨਾਂ ਦੇ ਪਰਿਵਾਰ ਆਪਣੇ ਜੀਵਨ ਦੇ ਗੁਜ਼ਾਰੇ ਦੇ ਲਈ ਖੇਤੀਬਾੜੀ ਤੇ ਨਿਰਭਰ ਕਰਦੇ ਹਨ। ਦੂਸਰੇ ਪਾਸੇ ਇੰਨਾ ਵੱਡਾ ਜਨ ਸਮੂਹ ਦੇਸ਼ ਦੀ ਕੁੱਲ ਆਮਦਨ ਦਾ ਕੇਵਲ 29.0 ਪ੍ਰਤੀਸ਼ਤ ਹਿੱਸਾ ਹੀ ਪ੍ਰਾਪਤ ਕਰ ਸਕਿਆ ਹੈ। ਜਨਸੰਖਿਆ

ਦਬਾਅ ਦਾ ਦੂਸਰਾ ਉਦਾਹਰਣ ਇਹ ਹੈ ਕਿ ਦੇਸ਼ ਵਿੱਚ ਜਨਸੰਖਿਆ ਦੀ ਘਣਤਾ 264 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ ਜੋ ਕਿ ਆਪਣੇ ਆਪ ਵਿੱਚ ਬਹੁਤ ਜ਼ਿਆਦਾ ਹੈ। ਪਰੰਤੂ ਖੇਤੀ ਘਣਤਾ (Agricultural Density) ਇਸ ਤੋਂ ਲਗਭਗ ਦੁਗਣੀ (432 ਵਿਅਕਤੀ ਪ੍ਰਤੀਵਰਗ ਕਿਲੋਮੀਟਰ ਹੈ।) ਇਹ ਜਨਸੰਖਿਆ ਦਬਾਅ ਦੇ ਕਾਰਣ ਹੀ ਅਣ-ਉਪਜਾਊ ਜ਼ਮੀਨ ਨੂੰ ਖੇਤਾਂ ਵਿੱਚ ਬਦਲਿਆ ਜਾ ਚੁੱਕਾ ਹੈ। ਪਹਾੜੀ ਖੇਤਰਾਂ ਵਿੱਚ ਉੱਚੇਰੇ ਭਾਗਾਂ ਤੱਕ ਪੌੜੀਨੁਮਾ ਖੇਤ ਦਿਖਾਈ ਦੇਣ ਲੱਗੇ ਹਨ। ਜੰਗਲਾਂ ਅਤੇ ਝਾੜੀਆਂ ਨੂੰ ਕੱਟ ਕੇ ਉਹਨਾਂ ਦੀ ਥਾਂ ਤੇ ਖੇਤੀ ਕੀਤੀ ਜਾਣ ਲੱਗੀ ਹੈ। ਉਦਾਹਰਣ ਤੇ ਉੱਤਰਾਂਚਲ ਦੇ ਉੱਤਰਾਖੰਡ ਖੇਤਰ ਵਿੱਚ 60.0% ਤੋਂ ਵੱਧ ਢਲਾਨ ਵਾਲੇ ਖੇਤਰਾਂ ਵਿੱਚ ਖੇਤੀ ਕੀਤੀ ਜਾ ਰਹੀ ਹੈ।

ਇਸ ਨਾਲ ਮਿੱਟੀਆਂ ਦੇ ਕਟਾਅ, ਹੜ੍ਹ, ਸੋਕਾ ਆਦਿ ਦੀਆਂ ਵਾਤਾਵਰਣ ਸਬੰਧੀ ਸਮੱਸਿਆਵਾਂ ਪੈਦਾ ਹੋ ਗਈਆਂ ਹਨ। ਖੇਤੀਯੋਗ ਜ਼ਮੀਨ ਦਾ ਪ੍ਰਤੀ ਵਿਅਕਤੀ ਔਸਤ ਘੱਟ ਕੇ ਲਗਭਗ 1/4 ਹੈਕਟੇਅਰ ਰਹਿ ਗਿਆ ਹੈ। ਸੰਨ 2026 ਵਿੱਚ ਜਦੋਂ ਸਾਡੇ ਦੇਸ਼ ਦੀ ਜਨਸੰਖਿਆ ਦੇ ਦੁਗਣਾ ਹੋਣ ਦਾ ਖਦਸ਼ਾ ਹੈ, ਇਹ ਖੇਤਰ ਘੱਟ ਕੇ 1/8 ਹੈਕਟੇਅਰ ਰਹਿ ਜਾਵੇਗਾ।

ਦੇਸ਼ ਵਿੱਚ ਇਕ ਪਾਸੇ ਤਾਂ ਜ਼ਿਆਦਾਤਰ ਖੇਤੀ ਜੋਤਾਂ ਛੋਟੇ ਆਕਾਰ ਦੀਆਂ ਹਨ ਤੇ ਦੂਸਰੇ ਪਾਸੇ ਉਹਨਾਂ ਦੀ ਵੰਡ ਵੀ ਬਹੁਤ ਹੀ ਅਸਮਾਨ ਹੈ ਜਿਸਦੇ ਨਤੀਜੇ ਵਜੋਂ ਸਮਾਜਿਤ ਤਨਾਓ, ਹਿੰਸਾ ਅਤੇ ਅਸੰਤੋਸ਼ ਪੈਦਾ ਹੋ ਰਹੇ ਹਨ। ਦੇਸ਼ ਵਿੱਚ 58 ਪ੍ਰਤੀਸ਼ਤ ਜੋਤਾਂ ਦਾ ਆਕਾਰ 1 ਹੈਕਟੇਅਰ ਤੋਂ ਵੀ ਘੱਟ ਹੈ। ਇਹਨਾਂ ਜੋਤਾਂ ਵਿੱਚ ਖੇਤੀ ਯੋਗ ਭੂਮੀ ਦਾ ਕੇਵਲ 2.0 ਪ੍ਰਤੀਸ਼ਤ ਖੇਤਰਫ਼ਲ ਆਉਂਦਾ ਹੈ। ਇਸ ਤੋਂ ਉਲਟ 10 ਹੈਕਟੇਅਰ ਜਾਂ ਇਸ ਤੋਂ ਵੱਧ ਹੈਕਟੇਅਰ ਵਾਲੀਆਂ ਜੋਤਾਂ ਦੀ ਸੰਖਿਆ ਕੇਵਲ 2.0 ਪ੍ਰਤੀਸ਼ਤ ਹੈ। ਪਰੰਤੂ ਇਹਨਾਂ ਦਾ ਕੁੱਲ ਖੇਤਰਫਲ ਕੁੱਲ ਖੇਤੀਯੋਗ ਭੂਮੀ ਦਾ ਇੱਕ ਚੌਥਾਈ ਤੋਂ ਵੀ ਵੱਧ ਹੈ।

ਜ਼ਿਆਦਾਤਰ ਜੋਤਾਂ ਦਾ ਆਕਾਰ ਛੋਟਾ ਜਾਂ ਬਹੁਤਾ ਛੋਟਾ ਹੋਣ ਕਰਕੇ ਆਰਥਿਕ ਪੱਖ ਤੋਂ ਘੱਟ ਲਾਭ ਪ੍ਰਾਪਤ ਹੁੰਦਾ ਹੈ। ਛੋਟੇ-ਛੋਟੇ ਕਿਸਾਨ ਆਪਣੇ ਖੇਤਾਂ ਤੇ ਮਿਹਨਤ ਤਾਂ ਕਾਫੀ ਕਰਦੇ ਹਨ ਤਾਂ ਕਿ ਪੈਦਾਵਾਰ ਨੂੰ ਵਧਾਇਆ ਜਾ ਸਕਦਾ ਹੈ, ਪਰੰਤੂ ਇਹਨਾਂ ਨੂੰ ਬੱਚਤ (Net Profit) ਘੱਟ ਹੁੰਦਾ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿ ਉਹਨਾਂ ਨੂੰ ਸਿੰਜਾਈ ਲਈ ਟਿਊਬਵੈੱਲ ਦਾ ਪਾਣੀ ਤੇ ਖੇਤੀ ਦੇ ਸੰਦ ਵੱਡੇ ਕਿਸਾਨਾਂ ਤੋਂ ਕਿਰਾਏ ਤੇ ਲੈਣੇ ਪੈਂਦੇ ਹਨ ਤੇ ਮਹਿੰਗੇ ਰਸਾਇਣਕ ਖਾਦ ਤੇ ਕੀੜੇਮਾਰ ਬਾਜ਼ਾਰ ਤੋਂ ਖਰੀਦਣੇ ਪੈਂਦੇ ਹਨ। ਇਸ ਸਭ ਕੁਝ ਨੂੰ ਜੋੜ ਕੇ ਅੰਤ ਵਿੱਚ ਛੋਟੇ ਕਿਸਾਨ ਦੀ ਅਸਲ ਬੱਚਤ ਬਹੁਤ ਘੱਟ ਜਾਂਦੀ ਹੈ। ਇਹਨਾਂ ਕਾਰਣਾਂ ਕਰਕੇ ਹੀ ਭਾਰਤੀ ਖੇਤੀ ਨੂੰ **ਗੁਜ਼ਾਰਾ ਖੇਤੀ** (Subsistence Agriculture) ਦਾ ਦਰਜਾ ਦਿੱਤਾ ਗਿਆ ਹੈ।

ਵਣਾਂ ਅਤੇ ਚਰਾਗਾਹਾਂ ਦੇ ਘੱਟ ਹੋਣ ਕਰਕੇ ਮਿੱਟੀ ਕਟਾਅ ਦੇ ਨਾਲ ਨਾਲ ਇਹਨਾਂ ਦੇ ਕੁਦਰਤੀ ਉਪਜਾਊਪਣ ਤੇ ਵੀ ਬੁਰਾ ਅਸਰ ਪੈਂਦਾ ਹੈ। ਨਾਲ ਹੀ ਜ਼ਿਆਦਾਤਰ ਕਿਸਾਨ ਅਨਪੜ੍ਹ ਹੋਣ ਕਰਕੇ ਵਿਗਿਆਨਕ ਤਰੀਕੇ ਨਾਲ ਫਸਲ ਚੱਕਰ ਤਿਆਰ ਨਹੀਂ ਕਰ ਸਕਦੇ ਜਿਸ ਨਾਲ ਵੀ ਮਿੱਟੀਆਂ ਦਾ ਕੁਦਰਤੀ ਉਪਜਾਊਪਣ ਘੱਟ ਜਾਂਦਾ ਹੈ। ਉਪਜਾਊਪਣ ਘੱਟ ਹੋਣ ਦਾ ਤੀਸਰਾ ਮੁੱਖ ਕਾਰਣ 'ਸੰਘਣੀ ਖੇਤੀ' ਦਾ ਸਿਲਸਿਲਾ ਅਪਣਾਉਣਾ ਹੈ ਜਿਸ ਵਿੱਚ ਖੇਤਾਂ ਵਿੱਚ ਸਾਰੇ ਸਾਲ ਹੀ ਕੋਈ ਨਾ ਕੋਈ ਫਸਲ ਖੜ੍ਹੀ ਰਹਿੰਦੀ ਹੈ। ਇਸ ਨਾਲ ਮਿੱਟੀ ਦੇ ਜ਼ਰੂਰ ਅੰਸ਼ ਜਿਵੇਂ ਜ਼ਿੰਕ, ਮੈਂਗਨੀਜ਼ ਤੇ ਲੋਹਾ ਆਦਿ ਬਾਹਰ ਨਿਕਲ ਜਾਂਦੇ ਹਨ। ਮਿੱਟੀਆਂ ਦੇ ਉਪਜਾਊਪਣ ਨੂੰ ਬਣਾਏ ਰੱਖੇ ਜਾਣ ਲਈ ਕਿਸਾਨ ਬਾਰ-ਬਾਰ ਰਸਾਇਣਕ ਖਾਦਾਂ ਦਾ ਪ੍ਰਯੋਗ ਕਰਦਾ ਹੈ ਜੋ ਲੰਬੇ ਸਮੇਂ ਤੋਂ ਬਾਅਦ ਮਿੱਟੀ ਦੇ ਕੁਦਰਤੀ ਉਪਜਾਊਪਣ ਤੇ ਬੁਰਾ ਅਸਰ ਪਾਉਂਦੀਆਂ ਹਨ।

ਦੇਸ਼ ਵਿੱਚ ਖੇਤੀਬਾੜੀ ਨੂੰ ਉੱਨਤ ਕਰਨ ਲਈ ਜੋਤਾਂ ਦੇ ਲਗਾਤਾਰ ਹੋਣ ਵਾਲੇ ਬਟਵਾਰੇ ਨੂੰ ਰੋਕਣ, ਚੱਕਬੰਦੀ ਨੂੰ ਪਹਿਲ ਦੇਣਾ ; ਵਿਗਿਆਨਕ ਢੰਗ ਨਾਲ ਖੇਤੀ ਕਰਨ ਜੈਵਿਕ ਖਾਦਾਂ ਤੇ ਵੱਧ ਜ਼ੋਰ ਦੇਣ ; ਮਿੱਟੀਆਂ ਦੇ ਥੋੜ੍ਹੇ-ਥੋੜ੍ਹੇ ਸਮੇਂ ਤੋ ਬਾਅਦ ਟੈਸਟ ਕਰਵਾਉਣ ; ਬਹੁ ਫਸਲੀ ਤੇ ਮਿਸ਼ਰਤ ਖੇਤੀ ਉਤਸ਼ਾਹਿਤ ਕਰਨ ਅਤੇ ਸਿੰਜਾਈ ਦੇ ਸਾਧਨਾਂ ਦਾ ਸਹੀ ਪ੍ਰਯੋਗ ਕਰਨ ਜਿਹੇ ਤਰੀਕੇ ਆਪਣਾ ਕੇ ਖੇਤੀ ਤੋਂ ਹੋਣ ਵਾਲੀ ਆਮਦਨ ਨੂੰ ਵਧਾਇਆ ਜਾ ਸਕਦਾ ਹੈ।

ਇੱਕ ਦੂਸਰੀ ਕਿਸਮ ਦੀ ਸਮੱਸਿਆ ਸਿੰਜਾਈ ਨੂੰ ਲੈ ਕੇ ਹੈ। ਰਾਸ਼ਟਰੀ ਤੌਰ ਤੇ ਜਿੱਥੇ ਹੁਣ ਤੱਕ ਇੱਕ ਪਾਸੇ ਕੁੱਲ ਵਾਹੀਯੋਗ ਖੇਤਰ ਦਾ ਕੇਵਲ 35.3% ਹਿੱਸਾ ਹੀ ਸਿੰਜਿਆ ਜਾ ਰਿਹਾ ਹੈ ਉਥੇ ਪੰਜਾਬ ਵਰਗੇ ਰਾਜਾਂ ਵਿੱਚ ਇਹ ਖੇਤਰ 92.3% ਹੈ। ਇਸ ਤਰ੍ਹਾਂ ਜਿੱਥੇ ਇੱਕ ਪਾਸੇ ਰਾਜਸਥਾਨ, ਮਹਾਂਰਾਸ਼ਟਰ, ਮੱਧ ਪ੍ਰਦੇਸ਼ ਤੇ ਕਰਨਾਟਕ ਵਰਗੇ ਵੱਡੇ ਰਾਜਾਂ ਵਿੱਚ ਸਿੰਜਾਈ ਸੁਵਿਧਾਵਾਂ ਵਧਾਉਣ ਦੀ ਜ਼ਿਆਦਾ ਗੁੰਜਾਇਸ਼ ਹੈ ਉਥੇ ਪੰਜਾਬ ਵਿੱਚ ਜ਼ਿਆਦਾ ਸਿੰਜਾਈ ਦੇ ਕਾਰਣ ਮਿੱਟੀਆਂ ਵਿੱਚ ਪਾਣੀ ਖੜ੍ਹਾ ਰਹਿਣ (Water Logging) ਕਰਕੇ ਰੇਹੀ ਖੇਤਰ (Salinity) ਬਣਨ ਦੀ ਸਮੱਸਿਆ ਵਧਦੀ ਜਾ ਰਹੀ ਹੈ। ਇਕੱਲੇ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਇਕ ਲੱਖ ਹੈਕਟੇਅਰ ਤੋਂ ਵੀ ਵੱਧ ਜ਼ਮੀਨ ਇਸ ਨਾਲ ਮਾਰੂ ਹੋਈ ਹੈ।

ਖੇਤ ਉਤਪਾਦਕਤਾ ਨੂੰ ਲੈ ਕੇ ਇੱਕ ਨਵੀਂ ਸਮੱਸਿਆ ਇਹ ਹੈ ਵੀ ਹੈ ਕਿ ਹਰੀ ਕਰਾਂਤੀ ਤੋਂ ਬਾਅਦ ਜਿੱਥੇ ਇੱਕ ਪਾਸੇ ਹਰੀ ਕਰਾਂਤੀ ਵਾਲੇ ਖੇਤਰ ਜਿਵੇਂ ਪੰਜਾਬ, ਹਰਿਆਣਾ ਅਤੇ ਉੱਤਰਾਂਚਲ ਆਦਿ ਦੇ ਖੇਤੀ ਉਤਪਾਦਨ ਵਿੱਚ ਤੇਜ਼ ਵਾਧਾ ਹੋਇਆ ਹੈ ਪਰ ਦੂਸਰੇ ਪਾਸੇ ਆਮਤੌਰ 'ਤੇ ਚੌਲ ਪੈਦਾ ਕਰਨ ਵਾਲੇ ਪੂਰਬੀ ਭਾਰਤ ਦੇ ਪੱਛਮੀ ਬੰਗਾਲ, ਉੜੀਸਾ, ਬਿਹਾਰ, ਝਾਰਖੰਡ ਤੇ ਆਸਾਮ ਰਾਜਾਂ ਦੇ ਖੇਤੀ ਉਤਪਾਦਨ ਵਿੱਚ ਘਾਟਾ ਨਜ਼ਰ ਆਇਆ ਹੈ। ਇਸ ਨਾਲ ਖੇਤੀ ਵਿਕਾਸ ਦੇ ਖੇਤਰੀ ਅਸੰਤੁਲਨ ਵਿੱਚ ਵਾਧਾ ਹੋਇਆ ਹੈ। ਸਰਕਾਰ ਸੱਤਵੀਂ ਪੰਜ ਸਾਲਾ ਯੋਜਨਾ (1985-90) ਤੋਂ ਇਸ ਪਾਸੇ ਕਈ ਕਦਮ ਚੁੱਕ ਰਹੀ ਹੈ। ਇੱਕ ਹੋਰ ਤੱਥ ਇਹ ਵੀ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਹਰੀ ਕਰਾਂਤੀ ਦੇ ਖੇਤਰਾਂ ਵਿੱਚ ਵੀ ਖੇਤੀ ਉਤਪਾਦਨ ਵਿੱਚ ਇੱਕ ਠਹਿਰਾਅ ਜਿਹਾ ਆ ਗਿਆ ਹੈ। ਉਤਪਾਦਿਕਤਾ ਜਿਸ ਤੇਜ਼ੀ ਨਾਲ ਸੱਤਵੇਂ ਤੇ ਅੱਠਵੇਂ ਦਹਾਕੇ ਦੇ ਸ਼ੁਰੂ ਦੇ ਸਾਲਾਂ ਵਿੱਚ ਵੱਧੀ, ਉਸ ਤੋਂ ਬਾਅਦ ਉਸੀ ਤੇਜ਼ੀ ਨਾਲ ਨਹੀਂ ਵੱਧ ਸਕੀ। ਇਸਦੇ ਲਈ ਖੇਤੀ ਖੇਤਰ ਵਿੱਚ ਇਕ ਹੋਰ ਤਕਨਕ ਖੋਜ (Technical Breakthrough) ਦੀ ਸਖਤ ਲੋੜ ਹੈ।

ਹਰੀ ਕਰਾਂਤੀ ਤੋਂ ਬਾਅਦ ਕਿਸਾਨਾਂ ਨੇ ਉਹਨਾਂ ਫਸਲਾਂ ਦੇ ਚੱਕਰ ਨੂੰ ਅਪਣਾ ਲਿਆ ਜੋ ਉਹਨਾਂ ਲਈ ਬਹੁਤ ਜ਼ਿਆਦਾ ਲਾਭਕਾਰੀ ਹਨ। ਲਗਾਤਾਰ ਖੇਤੀ ਵਿੱਚ ਵਿਸ਼ੇਸ਼ੀਕਰਣ ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਅਜਿਹੇ ਖਾਸ ਕਰਕੇ ਹਰੀ ਕਰਾਂਤੀ ਦੇ ਖੇਤਰ ਜਿਵੇਂ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਨੇ ਕਣਕ-ਚਾਵਲ ਦਾ ਅਤੇ ਪੱਛਮੀ ਉੱਤਰਾਂਚਲ ਦੇ ਕਿਸਾਨਾਂ ਨੇ ਕਣਕ-ਗੰਨੇ ਦਾ ਫਸਲੀ ਚੱਕਰ ਆਪਣਾ ਲਿਆ ਹੈ। ਇਸ ਨਾਲ ਇੱਕ ਤਾਂ ਬਦਲਵੇਂ ਫੱਸਲੀ ਚੱਕਰ ਨੂੰ ਨੁਕਸਾਨ ਪਹੁੰਚਿਆ ਹੈ ਤੇ ਦੂਸਰੇ ਪਾਸੇ ਦਾਲਾਂ ਅਤੇ ਤੇਲ ਦੇ ਬੀਜ ਵਾਲੀਆਂ ਫਸਲਾਂ ਦਾ ਉਤਪਾਦਨ ਕਾਫੀ ਘਟਿਆ ਹੈ। ਦੇਸ਼ ਵਿੱਚ ਅੰਨ ਦੀ ਹਰ ਰੋਜ਼ ਪ੍ਰਤੀ ਵਿਅਕਤੀ ਵਰਤੋਂ 1951 ਵਿੱਚ 334.2 ਗ੍ਰਾਮ ਤੋਂ ਵੱਧ ਕੇ 1995 ਵਿੱਚ 468.5 ਗ੍ਰਾਮ ਹੋ ਗਈ ਹੈ ਜਦ ਕਿ ਇਸੇ ਸਮੇਂ ਦੌਰਾਨ ਦਾਲਾਂ ਦੀ ਹਰੇਕ ਦਿਨ ਪ੍ਰਤੀ ਵਿਅਕਤੀ ਵਰਤੋਂ 60.7 ਗ੍ਰਾਮ ਤੋਂ ਘੱਟ ਕੇ 38.1 ਗ੍ਰਾਮ ਰਹਿ ਗਈ।

ਖੇਤੀ ਖੇਤਰ ਦੀ ਇੱਕ ਹੋਰ ਸਮੱਸਿਆ ਵਿੱਚ ਇਸ ਵਿੱਚ ਘਟਦੀ ਹੋਈ ਪੂੰਜੀਕਾਰੀ ਹੈ। ਇਸ ਨਿਵੇਸ਼ ਦੀ ਮਾਤਰਾ ਸਰਵਜਨਕ ਅਤੇ ਨਿੱਜੀ ਦੋਵੇਂ ਖੇਤਰਾਂ ਵਿੱਚ ਘਟੀ ਹੈ। ਪਿਛਲੇ ਕੁਝ ਸਾਲਾਂ ਤੋਂ ਕਿਸਾਨ ਵੀ ਆਪਣੇ

ਖੇਤੀ ਖੇਤਰ ਵਿੱਚ ਕੋਈ ਨਵੀਂ ਪੂੰਜੀ ਨਹੀਂ ਲਗਾ ਰਹੇ ਹਨ ਤੇ ਨਾ ਹੀ ਸਰਕਾਰਾਂ ਨੇ ਇਸ ਖੇਤਰ ਵਿੱਚ ਮੁੱਢਲੀਆਂ ਸਹੂਲਤਾਂ (Infra-structural Facilities) ਨੂੰ ਵਧਾਉਣ ਵਿੱਚ ਜ਼ਿਆਦਾ ਧਿਆਨ ਦਿੱਤਾ ਹੈ। ਸਾਲ 1980-81 ਵਿੱਚ ਖੇਤੀ ਖੇਤਰ ਵਿੱਚ ਕੁੱਲ ਸਰਕਾਰੀ ਨਿਵੇਸ਼ 1769 ਕਰੋੜ ਰੁਪਏ ਸੀ ਜੋ 1991-92 ਵਿੱਚ ਘੱਟ ਕੇ 1002 ਕਰੋੜ ਰੁਪਏ ਰਹਿ ਗਿਆ। ਇਹ ਇੱਕ ਚਿੰਤਾ ਦੀ ਗੱਲ ਹੈ। ਸਰਕਾਰ ਨੇ ਅੱਠਵੀਂ ਪੰਜ ਸਾਲਾਂ ਯੋਜਨਾ (1992-97) ਦੇ ਅਧੀਨ ਸਰਵਜਨਕ ਖੇਤਰ ਦਾ ਪੂੰਜੀ ਨਿਵੇਸ਼ ਖੇਤੀ ਖੇਤਰ ਵਿੱਚ ਵਧਾਉਣ ਲਈ ਬਹੁਤ ਮਹੱਤਵਪੂਰਣ ਕਦਮ ਉਠਾਏ ਹਨ।

ਇਸ ਤੋਂ ਇਲਾਵਾ ਵੀ ਸਰਕਾਰ ਨੇ ਅਲੱਗ-ਅਲੱਗ ਪੰਜ ਸਾਲਾ ਯੋਜਨਾਵਾਂ ਦੇ ਅਧੀਨ ਭਾਰਤੀ ਖੇਤੀਬਾੜੀ ਨੂੰ ਗੁਜ਼ਾਰਾ ਖੇਤੀ ਤੋਂ ਬਦਲ ਕੇ ਇੱਕ ਆਤਮਨਿਰਭਰ ਅਤੇ ਵਿਕਾਸਸ਼ੀਲ ਉਦਯੋਗ ਬਣਾਉਣ ਲਈ ਕਈ ਮਹੱਤਵਪੂਰਣ ਕਦਮ ਉਠਾਏ ਹਨ। ਜ਼ਿਮੀਂਦਾਰੀ ਪ੍ਰਥਾ ਕਾਨੂੰਨ ਬਣਾ ਕੇ ਖਤਮ ਕਰ ਦਿੱਤੀ ਗਈ ਹੈ। ਇਸ ਨਾਲ ਸਰਕਾਰ ਅਤੇ ਜ਼ਮੀਨ ਮਾਲਕਾਂ ਦੇ ਵਿਚਾਲੇ ਆਉਣ ਵਾਲੇ ਵਿਚੋਲਿਆਂ ਨੂੰ ਖਤਮ ਕਰ ਦਿੱਤਾ ਗਿਆ ਹੈ। ਚੱਕਬੰਦੀ ਲਾਗੂ ਕਰਕੇ ਦੇਸ਼ ਦੇ ਜ਼ਿਆਦਾਤਰ ਖੇਤਰਾਂ ਵਿੱਚ ਦੂਰ ਦੂਰ ਤੱਕ ਬਿਖਰੀ ਹੋਈ ਜ਼ਮੀਨ ਨੂੰ ਵੱਡੀਆਂ ਜੋਤਾਂ ਵਿੱਚ ਬਦਲ ਦਿੱਤਾ ਗਿਆ ਹੈ ਤਾਂ ਕਿ ਕਿਸਾਨ ਚੰਗੀ ਤਰ੍ਹਾਂ ਦੇਖਭਾਲ ਕਰ ਸਕਣ ਤੇ ਸਿੰਜਾਈ ਲਈ ਮੁੱਖ ਸਹੂਲਤਾਂ ਨੂੰ ਸਥਾਪਤ ਕਰ ਸਕਣ। ਸਹਿਕਾਰੀ ਅੰਦੋਲਨ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ ਤਾਂ ਕਿ ਕਿਸਾਨ ਆਪਣੇ ਕਰਜ਼ੇ ਅਤੇ ਖੇਤੀ ਉਪਜ ਦੀ ਵਿਕਰੀ ਸੰਬੰਧੀ ਸਮੱਸਿਆਵਾਂ ਨੂੰ ਹੱਲ ਕਰ ਸਕਣ। ਖੇਤੀ ਦੇ ਵਿਕਾਸ ਨੂੰ ਵਧਾਉਣ ਲਈ ਹਰੇਕ ਜ਼ਿਲ੍ਹੇ ਵਿੱਚ ਸੋਧ ਬੈਂਕ (Lead Bank) ਖੋਲ੍ਹੇ ਗਏ ਹਨ। ਸਹਿਕਾਰੀ ਬੈਂਕ, ਭੂਮੀ ਵਿਕਾਸ ਬੈਂਕ ਅਤੇ ਕੌਮੀਕਰਣ ਕੀਤੇ ਬੈਂਕ ਵੀ ਕਿਸਾਨਾਂ ਨੂੰ ਆਸਾਨ ਸ਼ਰਤਾਂ ਤੇ ਕਰਜ਼ਾ ਦੇ ਰਹੇ ਹਨ। ਇਹਨਾਂ ਤੋਂ ਬਿਨਾਂ ਰਾਸ਼ਟਰੀ ਖੇਤੀ ਅਤੇ ਪੇਂਡੂ ਵਿਕਾਸ ਬੈਂਕ ਦੀ ਸਥਾਪਨਾ ਕੀਤੀ ਗਈ ਹੈ ਤਾਂ ਕਿ ਪੇਂਡੂ ਅਤੇ ਖੇਤੀ ਵਿਕਾਸ ਦੇ ਲਈ ਦਿੱਤੇ ਕਰਜ਼ੇ ਤੇ ਨਿਗਰਾਨੀ ਰੱਖੀ ਜਾ ਸਕੇ ਅਤੇ ਇਸ ਕੰਮ ਨੂੰ ਹੋਰ ਜ਼ਿਆਦਾ ਉਤਸ਼ਾਹ ਦਿੱਤਾ ਜਾ ਸਕੇ। ਰਾਸ਼ਟਰੀ ਖਾਦ ਨਿਗਮ, ਭਾਰਤੀ ਖੇਤੀ ਖੋਜ ਪਰਿਸ਼ਦ, ਖੇਤੀਬਾੜੀ ਯੂਨੀਵਰਸਿਟੀ, ਖੇਤੀ ਪ੍ਰਦਰਸ਼ਨ ਫਾਰਮ, ਡੇਅਰੀ ਵਿਕਾਸ ਬੋਰਡ ਅਤੇ ਅਜਿਹੀਆਂ ਹੀ ਦੂਸਰੀਅੰ ਸੰਸਥਾਵਾਂ ਦਾ ਗਠਨ ਕੀਤਾ ਗਿਆ ਹੈ। ਖੇਤੀ ਉਤਪਾਦਨ ਲਾਗਤ ਅਤੇ ਕੀਮਤ ਕਮਿਸ਼ਨ (Agicultural Costs and Price Commission) ਉਪਜਾਂ ਦਾ ਉਤਪਾਦਨ ਮੁੱਲ ਉਤਪਾਦਨ ਖਰਚ ਨੂੰ ਧਿਆਨ ਵਿੱਚ ਰੱਖਦੇ ਹੋਏ ਲਾਭ ਦੇ ਤੌਰ 'ਤੇ ਨਿਸ਼ਚਿਤ ਕਰਦਾ ਹੈ ਤਾਂ ਕਿ ਕਿਸਾਨਾਂ ਨੂੰ ਮਜਬੂਰੀ ਵਿੱਚ ਆਪਣੀ ਉਪਜ ਨੂੰ ਘੱਟ ਕੀਮਤ ਤੇ ਵੇਚਣਾ ਨਾ ਪਵੇ। ਸਿੰਜਾਈ ਵਿੱਚ ਵੀ ਕਾਫ਼ੀ ਉੱਨਤੀ ਹੋਈ ਹੈ। ਕਿਸਾਨਾਂ ਨੂੰ ਰਾਜ ਸਰਕਾਰਾਂ ਰਿਆਇਤੀ ਦਰਾਂ ਤੇ ਰਸਾਇਣਕ ਖਾਦ ਅਤੇ ਬਿਜਲੀ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦੀਆਂ ਹਨ।

ਐਨਾ ਕੁਝ ਹੁੰਦੇ ਹੋਏ ਵੀ ਕੁਝ ਖਾਸ ਕਾਰਣਾਂ ਕਰਕੇ ਕਿਸਾਨ ਯੂਨੀਅਨਾਂ ਦਾ ਸੋਚਣਾ ਹੈ ਕਿ ਖੇਤੀ ਖੇਤਰ ਵੱਲ ਸਰਕਾਰ ਪੂਰਾ ਧਿਆਨ ਤੇ ਸਮਰਥਨ ਨਹੀਂ ਦੇ ਰਹੀ ਹੈ। ਉਹਨਾਂ ਅਨੁਸਾਰ ਪਿੰਡ ਅਤੇ ਸ਼ਹਿਰੀ ਉਤਪਾਦਨ ਦੇ ਮੁੱਲਾਂ ਵਿੱਚ ਕਾਫੀ ਅੰਤਰ ਰੱਖਿਆ ਜਾਂਦਾ ਹੈ। ਖੇਤੀ ਸਮਾਜ ਨੂੰ ਇੰਨੀ ਸੁਰੱਖਿਆ ਪ੍ਰਦਾਨ ਨਹੀਂ ਹੈ ਜਿੰਨੀ ਕਿ ਉਦਯੋਗ ਅਤੇ ਸੇਵਾਵਾਂ ਵਿੱਚ ਕੰਮ ਕਰ ਰਹੇ ਸਰਕਾਰ ਕਰਮਚਾਰੀਆਂ ਨੂੰ ਦਿੱਤੀ ਜਾਂਦੀ ਹੈ ਅਤੇ ਨਾਲ ਹੀ ਖੇਤੀ ਉਤਪਾਦਤ ਵਸਤਾਂ ਦੀ ਕੀਮਤ ਅਕਸਰ ਬਦਲਦੀ ਰਹਿੰਦੀ ਹੈ। ਭਾਰਤ ਦੀ ਦੋ-ਤਿਹਾਈ ਜਨ-ਸ਼ਕਤੀ ਕੁੱਲ ਰਾਸ਼ਟਰੀ ਉਤਪਾਦਨ ਵਿੱਚ ਇਕ ਤਿਹਾਈ ਤੋਂ ਘੱਟ ਯੋਗਦਾਨ ਦਿੰਦੀ ਹੈ। ਇਸ ਤੱਥ ਨੂੰ ਸਾਵਧਾਨੀ ਅਤੇ ਹਮਦਰਦੀ ਨਾਲ ਵਿਚਾਰਨ ਦੀ ਜ਼ਰੂਰਤ ਹੈ। ਭਾਰਤ ਅੱਜ ਵੀ ਖੇਤੀ ਪ੍ਰਧਾਨ ਦੇਸ਼ ਹੈ ਅਤੇ ਸਮਾਜ ਵੀ ਖੇਤੀ ਸਮਾਜ ਹੀ ਹੈ। ਇਸ ਵਿੱਚ ਹਮੇਸ਼ਾ ਹੀ ਸਮੂਹਿਕ ਹਿੱਤ ਦੀ ਭਾਵਨਾ ਰਹਿੰਦੀ ਹੈ। ਅਜਿਹੀ ਖੇਤੀ ਅਤੇ ਖੇਤੀ ਸਮਾਜ ਦੇ ਸੁਧਾਰ ਦੇ ਲਈ ਕੋਈ ਵੀ ਹੱਲ ਮਹਿੰਗਾ ਨਹੀਂ ਹੋ ਸਕਦਾ ਹੈ।

# ਫ਼ਸਲੀ ਰੁੱਤਾਂ

ਭਾਰਤ ਵਿੱਚ ਖੇਤੀਬਾੜੀ ਦੀਆਂ ਫਸਲਾਂ ਦੀਆਂ ਤਿੰਨ ਮੁੱਖ ਰੁੱਤਾਂ ਮਿਲਦੀਆਂ ਹਨ।

ਇਹ ਹਨ **ਰੱਬੀ (ਹਾੜੀ), ਖਰੀਫ਼ (ਸਾਉਣੀ) ਅਤੇ ਜੈਦ।** ਸਾਲ ਵਿੱਚ ਤਿੰਨ ਫਸਲਾਂ ਪੈਦਾ ਹੋਣ ਦਾ ਮੁੱਖ ਕਾਰਣ ਇੱਥੋਂ ਦੀ ਊਸ਼ਣ ਖੰਡੀ ਜਲਵਾਯੂ ਹੈ ਜਿਸ ਕਰਕੇ ਦੇਸ਼ ਦੇ ਜ਼ਿਆਦਾਤਰ ਭਾਗਾਂ ਵਿੱਚ ਪੂਰੇ ਸਾਲ ਵਿੱਚ ਫਸਲ ਪੈਦਾ ਕਰਨਾ ਸੰਭਵ ਹੋ ਸਕਿਆ ਹੈ। ਦੇਸ਼ ਵਿੱਚ ਮੌਨਸੂਨ ਪੌਣਾਂ ਦੀ ਵਾਛੜਾਂ ਦੇ ਨਾਲ ਖੇਤੀ ਦੇ ਕੰਮ-ਧੰਦੇ ਸ਼ੁਰੂ ਹੋ ਜਾਂਦੇ ਹਨ। ਕਿਸਾਨ ਖੇਤਾਂ ਦੀ ਵਾਹੀ ਸ਼ੁਰੂ ਕਰ ਦਿੰਦੇ ਹਨ ਅਤੇ ਝੋਨੇ ਦੇ ਪੌਦੇ ਬੀਜ ਕੇ ਵਰਖਾ ਦੀ ਉਡੀਕ ਕਰਨ ਲੱਗ ਜਾਂਦੇ ਹਨ। ਵਰਖਾ ਸ਼ੁਰੂ ਹੁੰਦੇ ਹੀ ਜੂਨ ਅਤੇ ਜੁਲਾਈ ਵਿੱਚ ਉਹ ਆਪਣੀਆਂ ਸਾਉਣੀ (ਖਰੀਫ਼) ਦੀਆਂ ਫਸਲਾਂ ਬੀਜ ਦਿੰਦੇ ਹਨ। ਸਿੰਜਾਈ ਵਾਲੇ ਖੇਤਰ ਜਿਵੇਂ ਪੰਜਾਬ ਅਤੇ ਹਰਿਆਣਾ ਵਿੱਚ ਜਿੱਥੇ ਮਾਨਸੂਨ ਜੁਲਾਈ ਵਿੱਚ ਸ਼ੁਰੂ ਹੋ ਜਾਂਦੀ ਹੈ, ਕਿਸਾਨ ਝੋਨੇ ਦੀ ਪਨੀਰੀ ਨੂੰ ਲਗਾਉਣ ਦਾ ਕੰਮ ਵਰਖਾ ਦੀ ਉਡੀਕ ਤੋਂ ਬਿਨਾਂ ਹੀ ਸਿੰਜਾਈ ਨਾਲ ਕਰ ਲੈਂਦੇ ਹਨ। ਮਾਨਸੂਨ ਵਰਖਾ ਦੀ ਸਮਾਪਤੀ ਤੱਕ ਇਹ ਪੱਕ ਕੇ ਤਿਆਰ ਹੋ ਜਾਂਦੀ ਹੈ। ਚੌਲ, ਜਵਾਰ-ਬਾਜਰਾ, ਮੱਕੀ, ਮੂੰਗਫਲੀ, ਪਟਸਨ ਅਤੇ ਕਪਾਹ ਖਰੀਫ਼ ਦੀਆਂ ਮੁੱਖ ਫਸਲਾਂ ਹਨ। ਇਸ ਰੁੱਤ ਵਿੱਚ ਦਾਲਾਂ ਵੀ ਪੈਦਾ ਕੀਤੀਆਂ ਜਾਂਦੀਆਂ ਹਨ। ਕੁੱਝ ਦਾਲਾਂ ਜਿਵੇਂ ਅਰਹਰ ਦੇ ਪੱਕਣ ਲਈ ਕਾਫੀ ਲੰਬੇ ਸਮੇਂ ਦੀ ਜ਼ਰੂਰਤ ਪੈਂਦੀ ਹੈ।

ਇਸ ਤੋਂ ਬਾਅਦ ਹਾੜੀ (ਰਬੀ) ਦੀਆਂ ਫਸਲਾਂ ਦਾ ਮੌਸਮ ਸ਼ੁਰੂ ਹੋ ਜਾਂਦਾ ਹੈ। ਰਬੀ ਦੀਆਂ ਫਸਲਾਂ ਮਿੱਟੀ ਦੀ ਨਮੀ ਤੇ ਨਿਰਭਰ ਕਰਦੀਆਂ ਹਨ। ਇਸ ਰੁੱਤ ਦੀਆਂ ਫਸਲਾਂ ਨਵੰਬਰ ਵਿੱਚ ਬੀਜੀਆਂ ਜਾਂਦੀਆਂ ਹਨ ਅਤੇ ਅਪ੍ਰੈਲ-ਮਈ ਵਿੱਚ ਕੱਟ ਲਈਆਂ ਜਾਂਦੀਆਂ ਹਨ। ਪਰੰਤੂ ਸਿੰਜਾਈ ਵਾਲੇ ਕਮਰਸ਼ੀਅਲ ਖੇਤੀ ਖੇਤਰਾਂ ਜਿਵੇਂ ਪੰਜਾਬ, ਹਰਿਆਣਾ, ਉੱਤਰਾਂਚਲ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿੱਚ ਮਿੱਟੀ ਵਿੱਚ ਨਮੀ ਬਣਾਏ ਰੱਖਣ ਲਈ ਸਿੰਜਾਈ ਦਾ ਸਹਾਰਾ ਲੈਣਾ ਪੈਂਦਾ ਹੈ। ਅੱਜਕੱਲ੍ਹ 100 ਦਿਨਾਂ ਦੀ ਘੱਟ ਸਮੇਂ ਵਿੱਚ ਪੱਕ ਕੇ ਤਿਆਰ ਹੋਣ ਵਾਲੀਆਂ ਕਣਕ ਦੀਆਂ ਕਈ ਕਿਸਮਾਂ ਵੀ ਭਾਰਤੀ ਖੇਤੀ ਵਿਗਿਆਨਕਾਂ ਨੇ ਤਿਆਰ ਕਰ ਲਈਆਂ ਹਨ ਜਿਸ ਕਰਕੇ ਪੂਰੇ ਦਸੰਬਰ ਅਤੇ ਅੱਧ ਜਨਵਰੀ ਤੱਕ ਬੀਜੀ ਗਈ ਕਣਕ ਦੀ ਫਸਲ ਵੀ ਅੱਧੀ ਮਈ ਤੱਕ ਪੱਕ ਕੇ ਤਿਆਰ ਹੋ ਜਾਂਦੀ ਹੈ। ਹਾੜੀ (ਰਬੀ) ਦੀ ਫਸਲਾਂ ਵਿੱਚ ਕਣਕ ਦੇ ਇਲਾਵਾ ਜੌਂ, ਛੋਲੇ, ਸਰੋਂ, ਤੋਰੀਆਂ ਆਦਿ ਮੁੱਖ ਫਸਲਾਂ ਹਨ।

ਇਹਨਾਂ ਦੇ ਮੁੱਖ ਫਸਲੀ ਰੁੱਤਾਂ ਤੋਂ ਬਿਨਾਂ ਬਰਸਾਤ ਦੇ ਦਿਨਾਂ ਵਿੱਚ ਸਾਗ, ਸਬਜ਼ੀਆਂ, ਖਰਬੂਜ਼ਾ, ਤਰਬੂਜ਼, ਤਰ, ਟਿੰਡਾ, ਕਰੇਲਾ, ਤੋਰੀ ਆਦਿ ਦੀਆਂ ਫਸਲਾਂ ਵੀ ਨਦੀਆਂ ਦੇ 'ਖਾਡਰ' ਖੇਤਰਾਂ ਵਿੱਚ ਕਿਸਾਨ ਪੈਦਾ ਕਰ ਲੈਂਦੇ ਹਨ ਹਨ ਜਿਨ੍ਹਾਂ ਨੂੰ 'ਜੈਦ' ਫਸਲਾਂ ਕਿਹਾ ਜਾਂਦਾ ਹੈ। ਅੱਜ ਕੱਲ੍ਹ ਸਿੰਜਾਈ ਵਾਲੇ ਖੇਤਰਾਂ ਵਿੱਚ ਇੱਕ ਛੋਟੇ ਸਮੇਂ ਦੀ ਫੱਸਲੀ ਰੁੱਤ ਵੀ ਸ਼ੁਰੂ ਹੋਈ ਹੈ। ਜਿਸ ਵਿੱਚ ਤੇਜ਼ੀ ਨਾਲ ਪੱਕਣ ਵਾਲੀਆਂ ਫਸਲਾਂ ਜਿਵੇਂ ਮੂੰਗੀ, ਉੜਦ (ਮਾਂਹ) ਆਦਿ ਬੀਜੇ ਜਾਂਦੇ ਹਨ। ਦਾਲਾਂ ਸਾਡੇ ਭੋਜਨ ਵਿੱਚ ਪ੍ਰੋਟੀਨ ਦੇ ਮੁੱਖ ਸੋਮੇ ਹਨ।

ਭਾਰਤ ਆਕਾਰ ਦੇ ਪੱਖੋਂ ਇੰਨਾ ਵੱਡਾ ਦੇਸ਼ ਹੈ ਜਿੱਥੇ ਇੱਕ ਭਾਗ ਤੋਂ ਦੂਸਰੇ ਭਾਗ ਵਿੱਚ ਮੌਸਮ ਦੀ ਬਹੁਤ ਜ਼ਿਆਦਾ ਭਿੰਨਤਾ ਮਿਲਦੀ ਹੈ। ਇਸੀ ਭਿੰਨਤਾ ਦੇ ਕਾਰਣ ਸੰਸਾਰ ਵਿੱਚ ਪੈਦਾ ਹੋਣ ਵਾਲੇ ਲਗਭਗ ਸਾਰੇ ਅਨਾਜ਼, ਦਾਲਾਂ, ਫੱਲ, ਸਬਜ਼ੀਆਂ, ਰੇਸ਼ੇਦਾਰ ਫਸਲਾਂ ਅਤੇ ਪੀਣ ਵਾਲੀਆਂ ਫਸਲਾਂ ਪੈਦਾ ਕੀਤੀਆਂ ਜਾ ਸਕਦੀਆਂ ਹਨ। ਹੇਠਾਂ ਅਸੀਂ ਕੁਝ ਖੁਰਾਕੀ ਤੇਲਾਂ ਦੇ ਬੀਜਾਂ ਵਾਲੀਆਂ, ਪੀਣ ਵਾਲੀਆਂ ਅਤੇ ਰੇਸ਼ੇਦਾਰ ਫਸਲਾਂ ਦਾ ਵਰਣਨ ਕਰਾਂਗੇ।

## ਖੁਰਾਕੀ (ਅਨਾਜ) ਫ਼ਸਲਾਂ

**ਝੋਨਾ (ਚਾਵਲ) : Paddy (Rice)**

ਇਹ ਦੇਸ਼ ਦੀ ਸਭ ਤੋਂ ਮਹੱਤਵਪੂਰਣ ਖੁਰਾਕੀ (ਅਨਾਜ) ਫਸਲ ਹੈ। ਸੰਸਾਰ ਵਿੱਚ ਭਾਰਤ ਦਾ ਝੋਨਾ ਉਤਪਾਦਨ ਵਿੱਚ ਦੂਸਰਾ ਨੰਬਰ ਹੈ। ਪਹਿਲੇ ਨੰਬਰ ਤੇ ਚੀਨ ਹੈ। ਸਾਲ 1997-98 ਵਿੱਚ ਕੁੱਲ 12.27 ਕਰੋੜ ਹੈਕਟੇਅਰ ਜ਼ਮੀਨ ਤੇ ਖੁਰਾਕੀ ਫਸਲਾਂ ਬੀਜੀਆਂ ਗਈਆਂ ਜਿਸ ਵਿੱਚੋਂ 4.34 ਕਰੋੜ ਹੈਕਟੇਅਰ ਜਾਂ 35.3% ਜ਼ਮੀਨ ਤੇ ਚੌਲ ਪੈਦਾ ਕੀਤਾ ਗਿਆ ਸੀ। ਦੇਸ਼ ਦੇ ਜ਼ਿਆਦਾਤਰ ਰਾਜਾਂ ਵਿੱਚ ਚੌਲ ਮੁੱਖ ਖੁਰਾਕੀ ਅੰਨ ਹੈ। ਦੇਸ਼ ਵਿੱਚ ਜਿੱਥੇ ਕਿਤੇ ਵੀ 100 ਸੈਂਟੀਮੀਟਰ ਤੋਂ ਵੱਧ ਵਰਖਾ ਹੁੰਦੀ ਹੈ ਉਥੇ ਦੇ ਲੋਕਾਂ ਦਾ ਚੌਲ ਮੁੱਖ ਭੋਜਨ ਹੈ। ਇੱਕ ਤਰ੍ਹਾਂ ਨਾਲ 100 ਸੈਂਟੀਮਟਰ ਦੀ ਸਮਵਰਖਾ ਰੇਖਾ (Isohyte) ਦੇਸ਼ ਵਿੱਚ ਮੁੱਖ ਚੌਲ ਖੇਤਰ ਦੀ ਸੀਮਾਂ ਬਣਾਉਂਦੀ ਹੈ। ਇਸਦੇ ਅਧੀਨ ਦੇਸ਼ ਦੇ ਪੂਰਬੀ ਅਤੇ ਪੱਛਮੀ ਤੱਟੀ ਮੈਦਾਨ ; ਡੈਲਟਾਈ ਖੇਤਰ, ਉੱਤਰ ਪੂਰਬੀ ਭਾਰਤ ਦੇ ਮੈਦਾਨ ਅਤੇ ਹੇਠਲੀ ਪਹਾੜੀਆਂ ; ਹਿਮਾਲਿਆ ਦੀਆਂ ਪਰਬਤ ਪੈਰੀ ਪਹਾੜੀਆਂ (Foot-hills) ਪੱਛਮੀ ਬੰਗਾਲ, ਬਿਹਾਰ, ਪੂਰਬੀ ਉੱਤਰ ਪ੍ਰਦੇਸ਼ ; ਪੂਰਬੀ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ, ਉੱਤਰੀ ਆਂਧਰਾ ਪ੍ਰਦੇਸ਼ ਦੇ ਉੜੀਸਾ ਦੇ ਖੇਤਰ ਆਉਂਦੇ ਹਨ।

ਅਸਲ ਵਿੱਚ ਝੋਨਾ (ਚਾਵਲ) ਇੱਕ ਊਸ਼ਣ ਖੰਡ ਦਾ ਪੌਦਾ ਹੈ। ਇਸ ਲਈ ਗਰਮ ਅਤੇ ਸਿੱਲ੍ਹੇ, ਜਲਵਾਯੂ ਵਿੱਚ ਪੂਰੀ ਤਰ੍ਹਾਂ ਵੱਧਦਾ ਫੁੱਲਦਾ ਹੈ। ਇਸ ਕਰਕੇ ਇਸ ਨੂੰ ਖਾਸ ਤੌਰ ਤੇ ਖਰੀਫ਼ (ਸਾਉਣੀ) ਰੁੱਤ ਵਿੱਚ ਪੈਦਾ ਕੀਤਾ ਜਾਂਦਾ ਹੈ। ਚੌਲ ਨੂੰ 250 ਸੈਲਸੀਅਸ ਤੋਂ ਵੱਧ ਤਾਪਮਾਨ ਅਤੇ 100 ਸੈਂਟੀਮੀਟਰ ਤੋਂ ਵੱਧ ਵਰਖਾ ਦੀ ਜ਼ਰੂਰਤ ਹੁੰਦੀ ਹੈ। ਇਸ ਤੋਂ ਘੱਟ ਵਰਖਾ ਵਾਲੇ ਖੇਤਰ ਜਿਵੇਂ ਉੱਤਰਾਂਚਲ, ਪੱਛਮੀ ਉੱਤਰ ਪ੍ਰਦੇਸ਼ ਦੇ ਮੈਦਾਨਾਂ, ਹਰਿਆਣਾ, ਪੰਜਾਬ ਅਤੇ ਪੰਜਾਬ-ਹਰਿਆਣਾ ਦੇ ਨਾਲ ਲਗਦੇ ਰਾਜਸਥਾਨ ਦੇ ਕੁਝ ਜ਼ਿਲ੍ਹਿਆਂ ਵਿੱਚ ਜਿੱਥੇ ਝੋਨੇ (ਚਾਵਲ) ਦੀ ਖੇਤੀ ਚੰਗੀ ਤਰ੍ਹਾਂ ਨਾਲ ਹੋਣ ਲੱਗੀ ਹੈ, ਸਿੰਜਾਈ ਦੀਆਂ ਸਹੂਲਤਾਂ ਦੇ ਜ਼ੋਰ ਤੇ ਹੀ ਝੋਨਾ (ਚਾਵਲ) ਪੈਦਾ ਕੀਤਾ ਜਾਂਦਾ ਹੈ।

ਦੇਸ਼ ਵਿੱਚ ਝੋਨੇ ਹੇਠਲਾ ਰਕਬਾ ਲਗਾਤਾਰ ਵੱਧ ਰਿਹਾ ਹੈ। ਸੰਨ 1950-51 ਵਿੱਚ ਕੁੱਲ 3 ਕਰੋੜ ਹੈਕਟੇਅਰ ਭੂਮੀ ਤੇ ਝੋਨਾ ਬੀਜਿਆ ਗਿਆ ਸੀ। ਜੋ 1997-98 ਵਿੱਚ ਵੱਧ ਕੇ 4.34 ਕਰੋੜ ਹੈਕਟੇਅਰ ਹੋ ਗਿਆ ਹੈ। ਇਸ ਦਾ ਮਤਲਬ ਇਹ ਹੋਇਆ ਕਿ ਪਿਛਲੇ 47 ਸਾਲਾਂ ਵਿੱਚ ਝੋਨਾ ਉਤਪਾਦਕ ਖੇਰਤਫਲ ਵਿੱਚ ਲਗਭਗ 44.6% ਦਾ ਵਾਧਾ ਹੋਇਆ। ਦੂਸਰੇ ਸ਼ਬਦਾਂ ਵਿੱਚ ਹਰ ਸਾਲ ਇੱਕ ਪ੍ਰਤੀਸ਼ਤ ਦੇ ਹਿਸਾਬ ਨਾਲ ਝੋਨੇ ਦਾ ਉਤਪਾਦਨ ਖੇਤਰ ਵੱਧਿਆ ਹੈ। ਇਸੇ ਤਰ੍ਹਾਂ ਝੋਨੇ ਦੇ ਉਤਪਾਦਨ ਵਿੱਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ। ਇਸੀ ਸਮੇਂ ਦੌਰਾਨ ਉਤਪਾਦਨ ਕੇਵਲ 2.5 ਕਰੋੜ ਟਨ ਤੋਂ ਵਧ ਕੇ 8 ਕਰੋੜ, 2 ਲੱਖ ਟਨ ਹੋ ਗਿਆ। ਇੰਨੇ ਜ਼ਿਆਦਾ ਵਾਧੇ ਦਾ ਕਾਰਣ ਪ੍ਰਤੀ ਹੈਕਟੇਅਰ ਝਾੜ ਵਿੱਚ ਵਾਧਾ ਹੋਣ ਤੋਂ ਹੈ। ਚੌਲ ਦਾ ਪ੍ਰਤੀ ਹੈਕਟੇਅਰ ਝਾੜ 1950-51 ਵਿੱਚ 6.7 ਕਵਿੰਟਲ ਪ੍ਰਤੀ ਹੈਕਟੇਅਰ ਤੋਂ ਵੱਧ ਕੇ 1997-98 ਵਿੱਚ 18.9 ਕੁਵਿੰਟਲ ਪ੍ਰਤੀ ਹੈਕਟੇਅਰ ਹੋ ਗਿਆ ਹੈ। ਇਸ ਤਰ੍ਹਾਂ ਝਾੜ ਤਿੰਨ ਗੁਣਾ ਦੇ ਲਗਭਗ ਵਧਿਆ। ਜੋ ਸੰਨ 2020-21 ਵਿਚ 35 ਕੁਇੰਟਲ ਪ੍ਰਤੀ ਹੈਕਟੇਅਰ ਹੋ ਗਿਆ।

ਝੋਨੇ ਦਾ ਸਭ ਤੋਂ ਵੱਧ ਉਤਪਾਦਨ ਪੱਛਮੀ ਬੰਗਾਲ ਰਾਜ ਵਿੱਚ ਹੁੰਦਾ ਹੈ। ਇਥੇ ਸਾਲ 1997-98 ਵਿੱਚ ਕੁੱਲ 1.21 ਕਰੋੜ ਟਨ ਝੋਨੇ ਦਾ ਉਤਪਾਦਨ ਕੀਤਾ ਗਿਆ। ਇਥੇ ਪ੍ਰਤੀ ਹੈਕਟੇਅਰ ਝਾੜ 1998 ਕਿਲੋਗ੍ਰਾਮ ਹੈ। ਇਸ ਤੋਂ ਬਾਅਦ ਅਣਵੰਡਿਆ ਉੱਤਰ ਪ੍ਰਦੇਸ਼, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਅਣਵੰਡਿਆ ਬਿਹਾਰ, ਪੰਜਾਬ ਅਤੇ ਉੜੀਸਾ ਨੰਬਰ ਆਉਂਦਾ ਹੈ ਜਿੱਥੇ ਕਿ ਹਰੇਕ ਰਾਜ ਵਿੱਚ 90 ਲੱਖ ਟਨ ਤੋਂ ਜ਼ਿਆਦਾ ਚਾਵਲ ਪੈਦਾ ਹੁੰਦਾ ਹੈ। ਪੂਰਬੀ ਉੱਤਰ ਪ੍ਰਦੇਸ਼ ਵਿੱਚ ਝੋਨੇ ਦਾ ਝਾੜ 1867 ਕਿਲੋਮਗ੍ਰਾਮ ਪ੍ਰਤੀ ਹੈਕਟਰ ਹੈ। ਪੰਜਾਬ ਵਿੱਚ ਝੋਨੇ ਦਾ

ਝਾੜ ਭਾਰਤ ਵਿੱਚ ਸੱਭ ਤੋਂ ਵੱਧ ਹੈ ਜਿਹੜਾ ਕਿ 3132 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਹੈ। ਇਹਨਾਂ ਤੋਂ ਇਲਾਵਾ ਮੱਧ ਪ੍ਰਦੇਸ਼, ਆਸਾਮ, ਕਰਨਾਟਕ, ਮਹਾਂਰਾਸ਼ਟਰ ਅਤੇ ਹਰਿਆਣਾ ਵਿੱਚ ਵੀ ਬਹੁਤ ਵੱਡੀ ਮਾਤਰਾ ਵਿੱਚ ਚੌਲਾਂ ਦਾ ਉਤਪਾਦਨ ਹੁੰਦਾ ਹੈ। ਕਾਵੇਰੀ, ਕ੍ਰਿਸ਼ਨਾ ਗੋਦਾਵਰੀ ਅਤੇ ਮਹਾਂਨਦੀ ਦੇ ਡੈਲਟਾਈ ਭਾਗਾਂ ਵਿੱਚ ਚੰਗੀ ਵਰਖਾ ਤੇ ਸਿੰਜਾਈ ਸਹੂਲਤਾਂ ਦੇ ਕਾਰਣ ਬਹੁਤ ਜ਼ਿਆਦਾ ਮਾਤਰਾ ਵਿੱਚ ਚੌਲਾਂ ਦਾ ਉਤਪਾਦਨ ਕੀਤਾ ਹੈ। ਇਹਨਾਂ ਭਾਗਾਂ ਵਿੱਚ ਸਾਲ ਦੇ ਬਹੁਤੇ ਮਹੀਨਿਆਂ ਵਿੱਚ ਤਾਪਮਾਨ ਅਤੇ ਵਰਖਾ ਜ਼ਿਆਦਾ ਰਹਿਣ ਦੇ ਕਾਰਣ ਕਿਸਾਨ ਇਥੇ ਚੌਲਾਂ ਦੀਆਂ ਦੋ ਤੋ ਤਿੰਨ ਫਸਲਾਂ ਪੈਦਾ ਕਰ ਲੈਂਦੇ ਹਨ। ਪੱਛਮੀ ਬੰਗਾਲ ਵਿੱਚ ਚੌਲਾਂ ਦੀਆਂ ਤਿੰਨ ਫਸਲਾਂ ਜੋ ਅਮਨ, ਬੋਰੋ ਤੇ ਔਸ ਦੇ ਨਾਂ ਨਾਲ ਜਾਣੀਆਂ ਜਾਂਦੀਆਂ ਹਨ, ਪੈਦਾ ਕੀਤੀਆਂ ਜਾਂਦੀਆਂ ਹਨ।

ਪੰਜਾਬ ਅਤੇ ਹਰਿਆਣੇ ਵਿੱਚ ਜਲਵਾਯੂ ਖੁਸ਼ਕ ਹੈ ਪਰੰਤੂ ਮਿਲਣ ਵਾਲੇ ਸਿੰਜਾਈ ਦੇ ਸਾਧਨਾਂ ਦੇ ਜ਼ੋਰ ਤੇ ਚੌਲ ਦੀ ਖੇਤੀ ਖੇਤੀ ਕਮਰਸ਼ੀਅਲ ਆਧਾਰ 'ਤੇ ਕੀਤੀ ਜਾਂਦੀ ਹੈ। ਇਹਨਾਂ ਰਾਜਾਂ ਵਿੱਚ ਚੋਲ ਕਿਉਂਕਿ ਲੋਕਾਂ ਦੇ ਭੋਜਨ ਦਾ ਮੁੱਖ ਆਧਾਰ ਨਹੀਂ ਹੈ ਪਰ ਇਥੇ 'ਬਾਸਮਤੀ' ਕਿਸਮ ਦਾ ਵਧੀਆ ਵੰਨਗੀ ਦਾ ਚਾਵਲ ਪੈਦਾ ਕਰਕੇ ਨਾ ਕੇਵਲ ਦੇਸ਼ ਦੇ ਹੋਰ ਭਾਗਾਂ ਨੂੰ ਬਲਕਿ ਵਿਦੇਸ਼ਾਂ ਵਿੱਚ ਨਿਰਯਾਤ ਕੀਤਾ ਜਾਂਦਾ ਹੈ। ਦੂਸਰੇ ਪਾਸੇ ਪੱਛਮੀ ਬੰਗਾਲ, ਉੱਤਰ ਪ੍ਰਦੇਸ਼, ਆਂਧਰਾ ਪ੍ਰਦੇਸ਼ ਅਤੇ ਉੜੀਸਾ ਜਿਹੇ ਰਾਜਾਂ ਵਿੱਚ ਘਰੇਲੂ ਖਪਤ ਦੇ ਉਤਪਾਦਨ ਤੋਂ ਵਧ ਹੋਣ ਕਰਕੇ ਚਾਵਲ ਪੰਜਾਬ ਤੇ ਹਰਿਆਣੇ ਵਰਗੇ ਰਾਜਾਂ ਪੰਜਾਬ ਤੇ ਹਰਿਆਣੇ ਵਰਗੇ ਰਾਜਾਂ ਤੋਂ ਮੰਗਵਾਉਣਾ ਪੈਂਦਾ ਹੈ। ਸਰਵਜਨਕ ਵੰਡ ਪ੍ਰਣਾਲੀ ਦੇ ਲਈ ਭਾਰਤੀ ਖੁਰਾਕ ਨਿਗਮ ਵਰਗੀਆਂ ਸਰਕਾਰੀ ਏਜੰਸੀਆਂ ਪੰਜਾਬ ਅਤੇ ਹਰਿਆਣੇ ਤੋਂ ਹੀ ਵੱਧ ਚਾਵਲ ਖਰੀਦ ਕੇ ਚਾਵਲ ਦੀ ਮੰਗ ਪੂਰਾ ਕਰਨ ਲਈ ਚੋਲ ਭੇਜਦੀਆਂ ਹਨ। ਉਦਾਹਰਣ ਦੇ ਲਈ ਸਾਲ 1993-94 ਵਿੱਚ ਪੰਜਾਬ ਤੋਂ ਕੇਂਦਰੀ ਭੰਡਾਰ (Central Pool) ਦੇ ਲਈ 54.9 ਲੱਖ ਟਨ ਚਾਵਲ ਖਰੀਦਿਆ ਗਿਆ ਸੀ ਜੋ ਉਸ ਸਾਲ ਪੰਜਾਬ ਵਿੱਚ ਚਾਵਲ ਉਤਪਾਦਨ ਦਾ ਲਗਭਗ 72.0 ਪ੍ਰਤੀਸ਼ਤ ਅਤੇ ਸਮੁੱਚੇ ਕੇਂਦਰੀ ਭੰਡਾਰ ਦਾ 40.2 % ਸੀ। ਇਸ ਪ੍ਰਕਾਰ ਚਾਵਲ ਦੇ ਕੇਂਦਰੀ ਭੰਡਾਰ ਵਿਚ ਹਰ 10 ਕੁਵਿੰਟਲ ਚਾਵਲ ਵਿੱਚ 4 ਕੁਇੰਟਲ ਹਿੱਸਾ ਪੰਜਾਬ ਰਾਜ ਦੁਆਰਾ ਭੇਜਿਆ ਜਾਂਦਾ ਹੈ। ਪੰਜਾਬ ਵਿੱਚ ਚੋਲਾਂ ਦਾ ਪ੍ਰਤੀ ਹੈਕਟੇਅਰ ਝਾੜ ਬਹੁਤ ਜ਼ਿਆਦਾ ਹੈ। ਉਦਾਹਰਣ ਦੇ ਤੌਰ ਤੇ ਚਾਵਲ ਦੇ ਸਭ ਤੋਂ ਵੱਡੇ ਉਤਪਾਦਕ ਰਾਜ ਪੱਛਮੀ ਬੰਗਾਲ ਵਿੱਚ 1997-98 ਵਿੱਚ ਪ੍ਰਤੀ ਹੈਕਟੇਅਰ ਝਾੜ 1998 ਕਿਲੋਗ੍ਰਾਮ ਸੀ ਜੋਂ ਕਿ ਪੰਜਾਬ ਵਿੱਚ ਇਹ ਔਸਤ 3132 ਕਿਲੋਗ੍ਰਾਮ ਸੀ। ਸਾਲ 2020-21 ਵਿੱਚ ਪੰਜਾਬ ਦਾ ਝਾੜ 6785 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਰਿਹਾ।

ਦੇਸ਼ ਦੇ ਉੱਤਰੀ ਪਹਾੜੀ ਭਾਗਾਂ ਵਿੱਚ ਵੀ ਪੌੜੀਨੁਮਾ ਖੇਤ ਬਣਾ ਕੇ ਚਾਵਲਾਂ ਦੀ ਖੇਤੀ ਕਸ਼ਮੀਰ ਤੋਂ ਲੈ ਕੇ ਆਸਾਮ ਤੱਕ ਕੀਤੀ ਜਾਂਦੀ ਹੈ। ਝੋਨੇ (ਚਾਵਲ) ਦੀ ਖੇਤੀ ਵਿੱਚ ਵੱਧ ਝਾੜ ਦੇਣ ਵਾਲੀਆਂ ਉੱਨਤ ਕਿਸਮਾਂ, ਖਾਦ ਤੇ ਚੰਗੇ ਤਕਨੀਕੀ ਗਿਆਨ ਦੁਆਰਾ ਦੇਸ਼ ਦੇ ਝੋਨੇ ਦੇ ਉਤਪਾਦਨ ਵਿੱਚ ਕਾਫੀ ਵਾਧਾ ਹੋਇਆ ਹੈ। ਪਿਛਲੇ ਸਾਲਾਂ ਵਿੱਚ ਭਾਰਤ ਸਰਕਾਰ ਦੀ ਨਵੀਂ ਆਰਥਿਕ ਨੀਤੀ ਦੁਆਰਾ ਖੇਤੀ ਵਸਤਾਂ ਦੇ ਨਿਰਯਾਤ ਨੂੰ ਵਧਾਉਣ ਦੇ ਯਤਨਾਂ ਸਦਕਾ ਹੀ ਇਸ ਖੇਤਰ ਤੋਂ ਨਿਰਯਾਤ ਵਿਚ ਕਾਫੀ ਵਾਧਾ ਹੋਇਆ ਹੈ।

ਭਾਰਤੀ ਝੋਨਾ ਸੰਸਾਰ ਦੇ ਬਾਜ਼ਾਰ ਵਿੱਚ ਕਾਫ਼ੀ ਲੋਕ ਪਸੰਦ ਬਣਦਾ ਜਾ ਰਿਹਾ ਹੈ। ਇਸ ਨਾਲ ਵਿਦੇਸ਼ੀ ਪੂੰਜੀ ਪ੍ਰਾਪਤ ਕਰਨ ਦਾ ਇੱਕ ਵਧੀਆ ਮੌਕਾ ਦਿਖਾਈ ਦੇਣ ਲੱਗਾ ਹੈ। ਨਿਰਯਾਤ ਨੂੰ ਉਤਸ਼ਾਹਿਤ ਕਰਨ ਨਾਲ ਖੇਤੀ ਖੇਤਰ ਵਿੱਚ ਵੱਧ ਉਤਪਾਦਨ ਅਤੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੁੰਦੇ ਹਨ।

**ਕਣਕ (Wheat) :**

ਕਣਕ ਦੇਸ਼ ਦੀ ਦੂਸਰੀ ਮਹੱਤਵਪੂਰਣ ਖੁਰਾਕ (ਅੰਨ) ਫਸਲ ਹੈ। ਕਣਕ ਉਤਪਾਦਨ ਵਿੱਚ ਭਾਰਤ ਸੰਸਾਰ ਭਰ ਵਿੱਚ ਪੰਜਵੇਂ ਨੰਬਰ 'ਤੇ ਹੈ। ਇਹਸੰਸਾਰ ਦੀ ਕਣਕ ਦੀ ਕੁਲ ਪੈਦਾਵਰ ਦਾ 9% ਪੈਦਾ ਕਰਦਾ ਹੈ। ਸਾਲ 1997-98 ਵਿੱਚ ਕਣਕ ਦਾ ਉਤਪਾਦਨ 5 ਕਰੋੜ 59 ਲੱਖ ਟਨ ਹੋਇਆ ਸੀ ਜਿਹੜਾ ਉਸ ਸਾਲ ਹੋਏ ਚਾਵਲ


ਉਤਪਾਦਨ ਦਾ 74.0% ਪ੍ਰਤੀਸ਼ਤ ਸੀ। ਲੇਕਿਨ ਦੋਹਾਂ ਦੇ ਉਤਪਾਦਨ ਖੇਤਰ ਵਿੱਚ ਅੰਤਰ ਇਸ ਤੋਂ ਵੱਧ ਹੈ। ਕਣਕ ਦਾ ਉਤਪਾਦਨ ਖੇਤਰ ਕੁੱਲ 3 ਕਰੋੜ 39 ਲੱਖ ਹੈਕਟੇਅਰ ਹੈ ਜੋ 97-98 ਵਿਚ 2 ਕਰੋੜ 67 ਲੱਖ ਹੈਕਟੇਅਰ ਸੀ ਉਥੇ ਝੋਨੇ ਦਾ ਉਤਪਾਦਨ ਖੇਤਰ 4 ਕਰੋੜ 34 ਲੱਖ ਹੈਕਟੇਅਰ ਸੀ। ਇਹ ਕਣਕ ਖੇਤਰ ਝੋਨੇ ਦੇ ਕੁੱਲ ਉਤਪਾਦਨ ਖੇਤਰ ਦਾ 59.0% ਖੇਤਰ ਬਣਦਾ ਹੈ। ਇਸ ਪ੍ਰਕਾਰ ਝੋਨੇ ਦੇ ਕੁੱਲ ਉਤਪਾਦਨ ਖੇਤਰ ਦੇ 59.0% ਖੇਤਰ ਤੇ ਕਣਕ ਦੀ ਖੇਤੀ ਕਤੀ ਗਈ ਪਰੰਤੂ ਇਸ ਜ਼ਮੀਨ ਤੇ ਝੋਨੇ ਤੇ ਕੁੱਲ ਉਤਪਾਦਨ ਸੀ 74.0% ਖੇਤਰ ਤੇ ਕਣਕ ਪੈਦਾ ਕੀਤੀ ਜਾਂਦੀ ਹੈ। ਇਸ ਨਾਲ ਇਸ ਗੱਲ ਦਾ ਅੰਦਾਜ਼ਾ ਆਸਾਨੀ ਨਾਲ ਲਗਾਇਆ ਜਾ ਸਕਦਾ ਹੈ ਕਿ ਕਣਕ ਦੀ ਪ੍ਰਤੀ ਹੈਕਟੇਅਰ ਪੈਦਾਵਾਰ ਝੋਨੇ ਤੋਂ ਕਾਫੀ ਜ਼ਿਆਦਾ ਹੈ। ਸਾਲ 1997-98 ਵਿੱਚ ਜਿਥੇ ਇੱਕ ਪਾਸੇ ਕਣਕ ਦਾ ਪ੍ਰਤੀ ਹੈਕਟੇਅਰ ਝਾੜ 24 ਕੁਇੰਟਲ 70 ਕਿਲੋਗ੍ਰਾਮ ਸੀ, ਝੋਨੇ ਲਈ ਇਹ ਔਸਤ ਕੇਵਲ 18 ਕੁਇੰਟਲ 93 ਕਿਲੋਗ੍ਰਾਮ ਸੀ। ਇਸ ਤਰ੍ਹਾਂ ਝੋਨੇ ਦਾ ਪ੍ਰਤੀ ਹੈਕਟੇਅਰ ਝਾੜ ਕਣਕ ਦੇ ਪ੍ਰਤੀ ਹੈਕਟੇਅਰ ਝਾੜ ਤੋਂ 21 % ਘੱਟ ਸੀ।


ਕਣਕ ਦੇ ਉਤਪਾਦਨ ਵਿੱਚ ਹਰੀ ਕਰਾਂਤੀ (Green Revolution) ਦੇ ਬਾਅਦ ਦੇ ਸਾਲਾਂ ਵਿੱਚ ਕਰਾਂਤੀਕਾਰੀ ਪਰਿਵਰਤਨ ਆਇਆ ਹੈ। ਹਰੀ ਕਰਾਂਤੀ ਦੀ ਸ਼ੁਰੂਆਤ ਭਾਰਤ ਵਿੱਚ 1966-67 ਦੇ ਸਾਲ ਤੋਂ ਮੰਨੀ ਜਾਂਦੀ ਹੈ। ਕਣਕ ਦਾ ਉਤਪਾਦਨ ਸਾਲ 1960-61 ਵਿੱਚ 1 ਕਰੋੜ 10 ਲੱਖ ਟਨ ਸੀ, ਸਾਲ 1970-71 ਵਿੱਚ ਵੱਧਕੇ 2 ਕਰੋੜ 38 ਲੱਖ ਟਨ ਹੋ ਗਿਆ ਤੇ 1996-97 ਵਿੱਚ ਇਹ ਹੋਰ ਵੱਧ ਕੇ 6 ਕਰੋੜ 94 ਲੱਖ ਟਨ ਹੋ ਗਿਆ। ਐਨਾ ਅਧਿਕ ਉਤਪਾਦਨ ਵਿੱਚ ਵਾਧਾ ਕਿਸੇ ਹੋਰ ਖੁਰਾਕ ਅੰਨ ਉਤਪਾਦਨ ਵਿਚ ਹਰੀ ਕਰਾਂਤੀ ਦੇ ਬਾਅਦ ਨਹੀਂ ਹੋਇਆ ਹੈ। ਜਿਥੇ ਇੱਕ ਪਾਸੇ ਕਣਕ ਦਾ ਉਤਪਾਦਨ ਵਾਧਾ 1960-61 ਤੋਂ 1996-97 ਦੇ ਵਿਚਕਾਰ ਲਗਭਗ ਪੰਜ ਗੁਣਾ ਤੋਂ ਵੱਧ ਹੋਇਆ ਹੈ ਉਥੇ ਝੋਨੇ ਦੇ ਉਤਪਾਦਨ ਵਿੱਚ ਇਹ ਵਾਧਾ ਢਾਈ ਗੁਣਾ ਤੋਂ ਵੀ ਘੱਟ ਹੈ। ਕਣਕ ਦੇ ਉਤਪਾਦਨ ਵਿਚ ਹੋਏ ਬੇਹੱਦ ਵਾਧੇ ਦੇ ਕਾਰਣ ਹੀ ਕਈ ਲੋਕ 'ਹਰੀ ਕਰਾਂਤੀ' ਨੂੰ ਕਈ ਵਾਰ 'ਕਣਕ ਕਰਾਂਤੀ' (Wheat Revolution) ਦਾ ਦਰਜਾ ਵੀ ਦਿੰਦੇ ਹਨ। ਪੰਜਾਬ ਵਿਚ ਸਾਲ 2019-20 ਵਿੱਚ ਕਣਕ ਦਾ ਕੁਲ ਉਤਪਾਦਨ 17,616 ਹਜ਼ਾਰ ਮੀਟ੍ਰਿਕ ਟਨ ਰਿਹਾ।

ਕਣਕ ਅਤੇ ਝੋਨੇ ਦੇ ਮੁੱਖ ਉਤਪਾਦਨ ਖੇਤਰਾਂ ਵਿੱਚ ਕਾਫੀ ਭਿੰਨਤਾ ਹੈ। ਜਿੱਥੇ ਇੱਕ ਪਾਸੇ ਝੋਨੇ ਦੇ ਮੁੱਖ ਉਤਪਾਦਨ ਖੇਤਰ ਪੂਰਬੀ ਅਤੇ ਦੱਖਣੀ ਭਾਰਤ ਦੇ ਤੱਟਵਰਤੀ ਮੈਦਾਨ ਹਨ, ਉੱਥੇ ਕਣਕ ਦਾ ਮੁੱਖ ਉਤਪਾਦਨ ਖੇਤਰ ਉੱਤਰ ਅਤੇ ਉੱਤਰ-ਪੱਛਮੀ ਭਾਰਤ ਹੈ। ਇਥੇ ਪੰਜਾਬ, ਹਰਿਆਣਾ, ਉੱਤਰਾਂਚਲ, ਪੱਛਮੀ ਉੱਤਰ ਪ੍ਰਦੇਸ਼, ਰਾਜਸਥਾਨ ਦੇ ਪੰਜਾਬ ਅਤੇ ਹਰਿਆਣੇ ਦੇ ਨਾਲ ਲੱਗਣ ਵਾਲੇ ਜ਼ਿਲ੍ਹੇ ਅਤੇ ਮੱਧ ਪ੍ਰਦੇਸ਼ ਆਦਿ ਕਣਕ ਉਤਪਾਦਨ ਦੇ ਮੁੱਖ ਖੇਤਰ ਹਨ। ਇਸ ਤੋਂ ਇਲਾਵਾ ਬਿਹਾਰ, ਗੁਜਰਾਤ ਅਤੇ ਮਹਾਂਰਾਸ਼ਟਰ ਦੇ ਕੁਝ ਖੇਤਰਾਂ ਵਿੱਚ ਕਣਕ ਦਾ ਉਤਪਾਦਨ ਕੀਤਾ ਜਾਂਦਾ ਹੈ।

ਦੇਸ਼ ਵਿਚ ਕਣਕ ਦਾ ਸਭ ਤੋਂ ਵੱਡਾ ਉਤਪਾਦਕ ਰਾਜ ਅਣਵੰਡਿਆ ਉੱਤਰ ਪ੍ਰਦੇਸ਼ ਹੈ। ਜਿੱਥੇ 1996-97 ਵਿੱਚ 2 ਕਰੋੜ, 22 ਲੱਖ ਟਨ ਤੋਂ ਵੀ ਵੱਧ ਉਤਪਾਦਨ ਹੋਇਆ ਸੀ। ਇਸ ਰਾਜ ਤੋਂ ਬਾਅਦ ਦੂਸਰੇ ਤੇ ਤੀਸਰੇ ਸਥਾਨ ਤੇ ਕ੍ਰਮਵਾਰ ਪੰਜਾਬ ਤੇ ਹਰਿਆਣਾ ਹਨ। ਇਹਨਾਂ ਤੋਂ ਬਾਅਦ ਮੱਧ ਪ੍ਰਦੇਸ਼, ਰਾਜਸਥਾਨ ਤੇ ਬਿਹਾਰ ਦਾ ਸਥਾਨ ਆਉਂਦਾ ਹੈ। ਇਹ 6 ਰਾਜ ਮਿਲਕੇ ਦੇਸ਼ ਦੇ ਕੁੱਲ ਕਣਕ ਉਤਪਾਦਨ ਦਾ 94.0% ਹਿੱਸਾ ਪੈਦਾ ਕਰਦੇ ਹਨ। ਉੱਤਰ ਪ੍ਰਦੇਸ਼, ਪੰਜਾਬ ਤੇ ਹਰਿਆਣੇ ਦਾ ਕੁੱਲ ਉਤਪਾਦਨ ਹੀ 70 % ਦੇ ਲਗਪਗ ਹੋ ਜਾਂਦਾ ਹੈ। ਇਸ ਤਰ੍ਹਾਂ ਝੋਨੇ ਦੇ ਮੁਕਾਬਲੇ ਕਣਕ ਉਤਪਾਦਨ ਦਾ ਮੁੱਖ ਖੇਤਰ ਦੇਸ਼ ਦੇ ਇਹਨਾਂ ਤਿੰਨ ਰਾਜਾਂ ਤੱਕ ਹੀ ਸੀਮਤ (Highly Concentrated) ਹੈ ਜਦੋਂ ਕਿ ਝੋਨੇ ਦਾ ਉਤਪਾਦਨ ਖੇਤਰ ਜ਼ਿਆਦਾ ਫੈਲਿਆ ਹੋਇਆ ਹੈ।

ਪੰਜਾਬ ਉਤਪਾਦਨ ਦੇ ਪੱਖੋਂ ਭਾਵੇਂ ਦੂਸਰੇ ਸਥਾਨ ਤੇ ਆਉਂਦਾ ਹੈ ਪਰ ਕਣਕ ਦਾ ਪ੍ਰਤੀ ਹੈਕਟੇਅਰ ਝਾੜ ਅਤੇ ਕੇਂਦਰੀ ਭੰਡਾਰ ਨੂੰ ਕਣਕ ਦੇਣ ਦਾ ਇਸ ਰਾਜ ਦਾ ਸਭ ਤੋਂ ਪਹਿਲਾਂ ਸਥਾਨ ਹੈ। ਪੰਜਾਬ ਵਿੱਚ ਕਣਕ ਦਾ


ਝੋਨਾ (ਚਾਵਲ)
ਪ੍ਰਮੁੱਖ ਖੇਤਰ
45.75% ਫਸਲ ਹੇਠ ਧਰਤੀ
ਗੌਣ ਖੇਤਰ
15.45% ਫਸਲ ਹੇਠ ਧਰਤੀ
0
500 ਕਿ.ਮੀ.


INDIA
Wheat Concentration
ਭਾਰਤ
ਕਣਕ ਦੀ ਵੰਡ
Ladakh
Ganganagar
Dimapur
PRODUCTION OF WHEAT
(2000–01)
ਹੋਰ
ਉੱਤਰ ਪ੍ਰਦੇਸ਼
ਰਾਜਸਥਾਨ
ਹਰਿਆਣਾ
ਪੰਜਾਬ
0
200
400
Km

ਪ੍ਰਤੀ ਹੈਕਟੇਅਰ ਝਾੜ 38.77 ਕੁਇੰਟਲ ਹੈ ਜਦੋਂ ਕਿ ਰਾਸ਼ਟਰੀ ਔਸਤ 24.7 ਕੁਇੰਟਲ ਹੈ। ਪੰਜਾਬ ਵਿੱਚ ਕਣਕ ਦੀ ਖੇਤੀ ਵੱਡੇ ਆਕਾਰ ਵਿੱਚ ਕੀਤੀ ਜਾਂਦੀ ਹੈ। ਇੱਥੋਂ ਦੇ ਕਿਸਾਨ ਇਸ ਨੂੰ ਵਪਾਰਕ ਫਸਲ ਦੇ ਰੂਪ ਵਿੱਚ ਪੈਦਾ ਕਰਦੇ ਹਨ। ਸਾਲ 1996-97 ਵਿੱਚ ਪੰਜਾਬ ਨੇ 64.9 ਲੱਖ ਟਨ ਕਣਕ ਕੇਂਦਰੀ ਭੰਡਾਰ ਵਿੱਚ ਭੇਜੀ ਸੀ ਜੋ ਕਿ ਦੇਸ਼ ਵਿੱਚ ਇਕੱਠੀ ਕੀਤੀ ਕੁੱਲ ਕਣਕ ਦਾ 50.6 ਪ੍ਰਤੀਸ਼ਤ (ਅੱਧ ਤੋਂ ਵੀ ਵੱਧ) ਹੈ। ਇਸ ਪ੍ਰਕਾਰ ਸਰਵਜਨਕ ਵੰਡ ਪ੍ਰਣਾਲੀ ਦੇ ਕੇਂਦਰੀ ਭੰਡਾਰ ਨੂੰ ਭੇਜੀ ਗਈ ਕਣਕ ਦਾ ਅੱਧੇ ਤੋਂ ਵੀ ਵੱਧ ਹਿੱਸਾ ਪੰਜਾਬ ਦੇ ਕਿਸਾਨਾ ਦੁਆਰਾ ਭੇਜਿਆ ਜਾਂਦਾ ਹੈ। ਇਹ ਪੰਜਾਬ ਦੇ ਕਿਸਾਨਾਂ ਦਾ ਰਾਸ਼ਟਰੀ ਸੇਵਾ ਦੇ ਲਈ ਇੱਕ ਮਹੱਤਵਪੂਰਨ ਯੋਗਦਾਨ ਹੈ।

ਕਣਕ ਨੂੰ ਬੀਜਣ ਦੇ ਸਮੇਂ ਠੰਡੀ ਅਤੇ ਸਿੱਲ੍ਹੀ ਅਤੇ ਪੱਕਦੇ ਸਮੇਂ ਗਰਮ ਤੇ ਖੁਸ਼ਕ ਜਲਵਾਯੂ ਹੋਣੀ ਚਾਹੀਦੀ ਹੈ। 50 ਸੈਂਟੀਮਟੀਰ ਤੋਂ ਲੈ ਕੇ 75 ਸੈਂਟੀਮੀਟਰ ਤੱਕ ਵਰਖਾ ਇਸਦੇ ਲਈ ਅਨੁਕੂਲ ਹੁੰਦੀ ਹੈ ਇਸ ਲਈ ਰੱਬੀ ਦੀ ਰੁੱਤ ਕਣਕ ਦੀ ਫਸਲ ਲਈ ਉੱਤਮ ਹੈ।

ਸਰਦੀ ਦੀ ਰੁੱਤ ਵਿੱਚ ਵਰਖਾ ਤੇ ਨਿਸਚਿਤ ਸਿੰਜਾਈ ਦੀਆਂ ਸਹੂਲਤਾਂ ਨਾਲ ਇਸਦੀ ਭਰਪੂਰ ਫਸਲ ਹੁੰਦੀ ਹੈ। ਉੱਤਰ-ਪੱਛਮ ਭਾਰਤ ਵਿੱਚ ਭੂ-ਮੱਧ ਸਾਗਰ ਤੋਂ ਆਉਣ ਵਾਲੇ ਚੱਕਰਵਾਤਾਂ ਨਾਲ ਸਰਦੀਆਂ ਵਿੱਚ ਕਈ ਵਾਰ ਬਹੁਤ ਚੰਗੀ ਵਰਖਾ ਹੋ ਜਾਂਦੀ ਹੈ, ਜੋ ਕਣਕ ਦ ਫਸਲ ਦੇ ਲਈ ਬਹੁਤ ਜ਼ਿਆਦਾ ਲਾਭਕਾਰੀ ਸਾਬਿਤ ਹੁੰਦੀ ਹੈ। ਪਰੰਤੂ ਕਈ ਵਾਰ ਗੜੇ ਪੈਣ ਅਤੇ ਸਰਦੀ ਵਿੱਚ ਜ਼ਿਆਦਾ ਕੋਰਾ ਜਾਂ ਪਾਲਾ ਪੈਣ ਕਰਕੇ ਫਸਲ ਨੂੰ ਭਾਰੀ ਨੁਕਸਾਨ ਵੀ ਪਹੁੰਚਦਾ ਹੈ। ਪੰਜਾਬ, ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼ ਦੇ ਕਿਸਾਨਾਂ ਨੇ ਟਿਊਬਵੈੱਲ ਦੁਆਰਾ ਸਿੰਜਾਈ ਕਰਨ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਹੋਇਆ ਹੈ ਜਿਸ ਕਰਕੇ ਕਣਕ ਦੀ ਫਸਲ ਆਮ ਤੌਰ ਤੇ ਬਹੁਤ ਚੰਗੀ ਹੁੰਦੀ ਹੈ। ਇੱਕ ਤਰ੍ਹਾਂ ਨਾਲ ਇੱਥੋਂ ਦੇ ਕਿਸਾਨਾਂ ਨੇ ਸਿੰਜਾਈ ਸਹੂਲਤਾਂ ਦੇ ਆਧਾਰ ਤੇ ਕਣਕ ਦ ਭਰਪੂਰ ਫਸਲ ਲੈਣ ਕਰਕੇ ਭਾਰਤੀ ਮਾਨਸੂਨ ਦੀਆਂ ਅਸਮਾਨਤਾਵਾਂ ਨੂੰ ਕਾਫੀ ਹੱਦ ਤੱਕ ਦੂਰ ਕਰ ਦਿੱਤਾ ਹੈ। ਭਾਵੇਂ ਇਹ ਗੱਲ ਚਾਵਲਾਂ ਦੇ ਖੇਤਰ ਵਿੱਚ ਸੱਚ ਨਹੀਂ ਹੈ। ਦੇਸ਼ ਵਿੱਚ ਚਾਵਲਾਂ ਦੇ ਜ਼ਿਆਦਾਤਰ ਫ਼ਸਲ ਅਜੇ ਵੀ ਮਾਨਸੂਨ ਹੀ ਨਿਰਭਰ ਕਰਦੀ ਹੈ।

**ਮੋਟੇ ਅਨਾਜ (Cereals) :**

ਜਵਾਰ, ਬਾਜਰਾ, ਗੁਆਰਾ, ਮੱਕੀ ਆਦਿ ਮੋਟੇ ਅਨਾਜਾਂ ਦੇ ਨਾਂ ਹਨ ਜੋ ਖਰੀਫ਼ (ਸਾਉਣੀ) ਦੀ ਫਸਲ ਵਿੱਚ ਬੀਜੇ ਜਾਂਦੇ ਹਨ। ਜਵਾਰ ਤੇ ਬਾਜਰਾ ਅਕਸਰ ਖੁਸ਼ਕ ਭਾਗਾਂ ਵਿੱਚ ਪੈਦਾ ਕੀਤੇ ਜਾਂਦੇ ਹਨ। ਬਾਜਰਾ ਮਹਾਂਰਾਸ਼ਟਰ, ਮੱਧ ਪ੍ਰਦੇਸ਼, ਕਰਨਾਟਕ ਅਤੇ ਗੁਜਰਾਤ ਦੇ ਵਰਖਾ ਓਟ (Rain Shadow) ਖੇਤਰਾਂ ਅਤੇ ਰਾਜਸਥਾਨ ਦੇ ਘੱਟ ਵਰਖਾ ਵਾਲੇ ਖੁਸ਼ਕ ਖੇਤਰਾਂ ਵਿੱਚੋਂ ਜ਼ਿਆਦਾਤਰ ਬੀਜਿਆ ਜਾਂਦਾ ਹੈ। ਇਹਨਾਂ ਤੋਂ ਬਿਨਾਂ ਦੱਖਣੀ-ਪੱਛਮੀ ਉੱਤਰ ਪ੍ਰਦੇਸ਼ ਵਿੱਚ ਝਾਂਸੀ, ਜਾਲੌਨ, ਹਮੀਰਪੁਰ ਤੇ ਬਾਂਦਾ ਆਦਿ ਦੇ ਜ਼ਿਲ੍ਹਿਆਂ ਵਿੱਚ ਪੈਦਾ ਕੀਤਾ ਜਾਂਦਾ ਹੈ। ਜਵਾਰ ਮੁੱਖ ਤੌਰ ਤੇ ਕਰਨਾਟਕ, ਆਂਧਰਾ ਪ੍ਰਦੇਸ਼, ਮਹਾਂਰਾਸ਼ਟਰ ਤੇ ਮੱਧ ਪ੍ਰਦੇਸ਼ ਵਿੱਚ ਪੈਦਾ ਹੁੰਦੀ ਹੈ।

ਪੰਜਾਬ ਵਿੱਚ ਪਹਿਲਾਂ ਜਵਾਰ, ਬਾਜਰਾ ਤੇ ਗੁਆਰਾ ਜਿਹੇ ਮੋਟੇ ਅਨਾਜ ਕਾਫੀ ਪੈਦਾ ਹੁੰਦੇ ਸਨ। ਪਰੰਤੂ ਸਿੰਚਾਈ ਦੀ ਸਹੂਲਤਾਂ ਦੇ ਫੈਲਣ ਤੋਂ ਬਾਅਦ ਇਥੋਂ ਦੇ ਕਿਸਾਨਾਂ ਨੇ ਘੱਟ ਉਪਜ ਦੇਣ ਵਾਲੇ ਮੋਟੇ ਅਨਾਜਾਂ ਨੂੰ ਛੱਡ ਕੇ ਕਣਕ ਤੇ ਚਾਵਲ ਜਿਹੀਆਂ ਵੱਧ ਉਪਜ ਦੇਣ ਵਾਲੀਆਂ ਖਾਦ ਫਸਲਾਂ ਨੂੰ ਆਪਣਾ ਲਿਆ ਹੈ। ਇਸ ਕਰਕੇ ਬਾਜਰਾ ਵਰਗੀਆਂ ਫਸਲਾਂ ਹੇਠਾਂ ਬੀਜੇ ਗਏ ਰਕਬੇ ਵਿੱਚ ਪਿਛਲੇ ਸਾਲਾਂ ਦੌਰਾਨ ਭਾਰੀ ਗਿਰਾਵਟ ਆਈ ਹੈ। ਪੰਜਾਬ ਵਿੱਚ 1960-61 ਵਿੱਚ 1 ਲੱਖ 23 ਹਜ਼ਾਰ ਹੈਕਟੇਅਰ ਜ਼ਮੀਨ ਤੇ ਬਾਜਰਾ ਬੀਜਿਆ ਗਿਆ ਸੀ ਜੋ ਕਿ

1994-95 ਵਿੱਚ ਘੱਟ ਕੇ 9 ਹਜ਼ਾਰ ਹੈਕਟੇਅਰ ਹੀ ਰਹਿ ਗਿਆ। ਇਸ ਤਰ੍ਹਾਂ ਪੰਜਾਬ ਵਿੱਚੋ ਬਾਜਰੇ ਦੇ ਰਕਬੇ ਵਿੱਚ ਲਗਭਗ 1400 ਪ੍ਰਤੀਸ਼ਤ ਦੀ ਘਾਟ ਆਈ। ਇਸੇ ਤਰ੍ਹਾਂ ਜਵਾਰ ਦਾ ਖੇਤਰਫਲ ਵੀ ਇਸ ਸਮੇਂ ਦੌਰਾਨ 6000 ਹੈਕਟੇਅਰ ਤੋਂ ਘੱਟ ਕੇ 500 ਹੈਕਟੇਅਰ ਤੋਂ ਵੀ ਘੱਟ ਰਹਿ ਗਿਆ ਹੈ । ਸਾਰੇ ਦੇਸ਼ ਵਿੱਚ ਵੀ ਜਵਾਰ ਤੇ ਬਾਜਰੇ ਦਾ ਖੇਤਰਫਲ ਘਟਿਆ ਹੈ। ਜਵਾਰ 1960-61 ਵਿੱਚ 1 ਕਰੋੜ 84 ਲੱਖ ਹੈਕਟੇਅਰ ਸੀ ਜੋ ਘੱਟ ਕੇ 1994-95 ਵਿੱਚ 1 ਕਰੋੜ 15 ਲੱਖ ਹੈਕਟੇਅਰ ਰਹਿ ਗਿਆ। ਬਾਜਰੇ ਦਾ ਖੇਤਰਫ਼ਲ ਵੀ ਇਸ ਸਮੇਂ ਦੌਰਾਨ ਨੂੰ 1 ਕਰੋੜ 15 ਲੱਖ ਹੈਕਟੇਅਰ ਤੋਂ ਘੱਟ ਕੇ 94 ਲੱਖ ਹੈਕਟੇਅਰ ਰਹਿ ਗਿਆ ਹੈ। ਦੇਸ਼ ਵਿੱਚ 1994-95 ਵਿੱਚ ਪ੍ਰਤੀ ਹੈਕਟੇਅਰ ਝਾੜ ਬਾਜਰੇ ਲਈ 700 ਤੇ ਜਵਾਰ ਲਈ 779 ਕਿਲੋਗ੍ਰਾਮ ਸੀ।

ਮੱਕੀ ਜੋ ਅਸਲ ਵਿੱਚ ਅਮਰੀਕੀ ਫਸਲ ਹੈ। ਭਾਰਤ ਵਿੱਚ ਸਾਲ 1994-95 ਵਿੱਚ 61 ਲੱਖ ਹੈਕਟੇਅਰ ਜ਼ਮੀਨ ਤੇ ਬੀਜੀ ਗਈ ਜਦੋਂ ਕਿ 1960-61 ਵਿੱਚ ਇਹ ਫਸਲ ਕੇਵਲ 44 ਲੱਖ ਹੈਕਟੇਅਰ ਜ਼ਮੀਨ ਤੇ ਬੀਜੀ ਗਈ ਸੀ। ਇਸਦੇ ਖੇਤਰਫਲ ਵਿੱਚ ਭਾਵੇਂ ਪਿਛਲੇ 34 ਸਾਲਾਂ ਵਿੱਚ ਕੁਝ ਵਾਧਾ ਹੋਇਆ ਹੈ ਪਰ ਇਹ ਕੇਵਲ ਕੁਝ ਖੇਤਰਾਂ ਤੱਕ ਹੀ ਸੀਮਤ ਹੈ। ਉਦਾਹਰਣ ਦੇ ਲਈ ਪੰਜਾਬ ਜਿਹੇ ਖੇਤੀ ਵਾਲੇ ਅਗਾਂਹਵਧੂ ਰਾਜ ਵਿੱਚ ਇਸਦੇ ਖੇਤਰਫਲ ਵਿੱਚ ਭਾਰੀ ਗਿਰਾਵਟ ਆ ਹੈ। ਇਥੇ 1960-61 ਵਿੱਚ ਮੱਕੀ 3 ਲੱਖ 27 ਹਜ਼ਾਰ ਹੈਕਟੇਅਰ ਜ਼ਮੀਨ ਤੇ ਬੀਜੀ ਗਈ ਜੋ 1994-95 ਵਿੱਚੋਂ ਘੱਟ ਕੇ 1 ਲੱਖ 73 ਹਜ਼ਾਰ ਹੈਕਟੇਅਰ ਤੱਕ ਹੀ ਰਹਿ ਗਈ। ਪੰਜਾਬ ਵਿੱਚ ਘੱਟ ਖੇਤਰਫ਼ਲ ਬੀਜੇ ਜਾਣ ਕਾਰਨ ਹੀ ਕੁੱਲ ਉਤਪਾਦਨ ਵਿੱਚ ਗਿਰਾਵਟ ਆਈ ਹੈ। ਪੰਰਤੂ ਉਤਪਾਦਨ ਵਿੱਚ ਗਿਰਾਵਟ ਬਹੁਤ ਹੋਲੀ ਰਫਤਾਰ ਨਾਲ ਆਈ ਹੈ। ਇਸਦਾ ਮੁੱਖ ਕਾਰਨ ਪ੍ਰਤੀ ਹੈਕਟੇਅਰ ਝਾੜ ਦੇ ਵੱਧਣ ਕਰਕੇ ਹੈ। ਪੰਜਾਬ ਵਿੱਚ ਮੱਕੀ ਪ੍ਰਤੀ ਹੈਕਟੇਅਰ ਉਤਪਾਦਨ 1960-61 ਵਿੱਚ 11.3 ਕੁਵਿੰਟਲ ਸੀ ਜੋ 1994-95 ਵਿੱਚ ਵੱਧ ਕੇ 18.6 ਕੁਵਿੰਟਲ ਪ੍ਰਤੀ ਹੈਕਟੇਅਰ ਹੋ ਗਿਆ ਹੈ। ਇਸ ਤਰ੍ਹਾਂ ਪੂਰੇ ਭਾਰਤ ਵਿੱਚ ਵੀ ਮੱਕੀ ਦੀ ਪ੍ਰਤੀ ਹੈਕਟੇਅਰ ਪੈਦਾਵਾਰ ਇਸੀ ਸਮੇਂ ਦੌਰਾਨ ਵੱਧ ਕੇ 15.7 ਕੁਵਿੰਟਲ ਹੋ ਗਈ ਹੈ। ਇਸ ਤਰ੍ਹਾਂ ਭਾਵੇਂ ਮੱਕੀ ਦੇ ਪ੍ਰਤੀ ਹੈਕਟੇਅਰ ਝਾੜ ਵਿੱਚ ਕਾਫ਼ੀ ਵਾਧਾ ਹੋਇਆ ਹੈ ਪਰ ਇਹ ਵਾਧਾ ਕਣਕ ਅਤੇ ਚਾਵਲ ਦੇ ਮੁਕਾਬਲੇ ਬਹੁਤ ਘੱਟ ਹੈ। ਦੂਸਰੇ ਮੱਕੀ ਦੇ ਪ੍ਰਤੀ ਹੈਕਟੇਅਰ ਝਾੜ ਵਿੱਚ ਵਾਧਾ ਪੰਜਾਬ ਨੂੰ ਛੱਡ ਕੇ ਦੇਸ਼ ਦੇ ਹੋਰ ਭਾਗਾਂ ਵਿੱਚ ਕਾਫ਼ੀ ਜਿਆਦਾ ਹੋਇਆ ਹੈ। ਪਰੰਤੂ ਕਣਕ ਤੇ ਚਾਵਲ ਦੇ ਝਾੜ ਦੇ ਸੰਬੰਧ ਵਿੱਚ ਇਹ ਸਥਿਤੀ ਉਲਟ ਜਾਂਦੀ ਹੈ। ਇਹਨਾਂ ਦੋਵੇਂ ਫਸਲਾਂ ਦਾ ਪ੍ਰਤੀ ਹੈਕਟੇਅਰ ਝਾੜ ਪੰਜਾਬ ਵਿੱਚ ਦੇਸ਼ ਦੇ ਹੋਰ ਭਾਗਾਂ ਤੋਂ ਕਾਫੀ ਵੱਧ ਹੈ। ਸਾਲ 2019-20 ਦੌਰਾਨ ਪੰਜਾਬ ਵਿੱਚ ਮੱਕੀ ਦਾ ਉਤਪਾਦਨ 410 ਹਜ਼ਾਰ ਮੀਟ੍ਰਿਕ ਟਨ ਰਿਹਾ।

**ਦਾਲਾਂ (Pulses) :**

ਭਾਰਤ ਦਾਲਾਂ ਦਾ ਸਭ ਤੋਂ ਵੱਡਾ ਉਤਪਾਦਕ ਤੇ ਖਪਤਕਾਰ ਦੇਸ਼ ਹੈ। ਦਾਲਾਂ ਹੀ ਜ਼ਿਆਦਾਤਰ ਜਨਤਾ ਦੇ ਲਈ ਪ੍ਰੋਟੀਨ ਦਾ ਮੁੱਖ ਸੋਮਾ ਹਨ। ਜ਼ਿਆਦਾਤਰ ਲੋਕ ਗਰੀਬ ਹਨ ਅਤੇ ਸ਼ਾਕਾਹਾਰੀ ਭੋਜਨ ਖਾਣ ਵਾਲੇ ਹਨ। ਦਾਲਾਂ ਮਾਸ ਦੇ ਮੁਕਾਬਲੇ ਸਸਤੀਆਂ ਵੀ ਹਨ ਅਤੇ ਸ਼ਾਕਾਹਾਰੀ ਭੋਜਨ ਖਾਣ ਵਾਲੇ ਲੋਕਾਂ ਨੂੰ ਪ੍ਰੋਟੀਨ ਪ੍ਰਦਾਨ ਕਰਨ ਦਾ ਮਹੱਤਵਪੂਰਣ ਸੋਮਾ ਵੀ ਹਨ। ਛੋਲੇ, ਅਰਹਰ, ਮੂੰਗੀ, ਮਾਂਹ, ਮੱਸਰ ਅਤੇ ਮਟਰ ਮੁੱਖ ਦਾਲਾਂ ਮੰਨੀਆਂ ਜਾਂਦੀਆਂ ਹਨ। ਭਾਰੀ ਵਰਖਾ ਵਾਲੇ ਖੇਤਰਾਂ ਨੂੰ ਛੱਡ ਕੇ ਦੇਸ਼ ਦੇ ਸਾਰੇ ਭਾਗਾਂ ਵਿਚ ਦਾਲਾਂ ਪੈਦਾ ਕੀਤੀਆਂ ਜਾਂਦੀਆਂ ਹਨ। ਨਾਲ ਹੀ ਮੂੰਗੀ ਮਾਂਹ ਅਤੇ ਮੱਸਰ ਹਾੜੀ (ਰੱਬੀ) ਤੇ ਸਾਉਣੀ (ਖਰੀਫ਼) ਦੋਨਾਂ ਫਸਲਾਂ ਵਿੱਚ ਪੈਦਾ ਕੀਤੀਆਂ ਜਾਂਦੀਆਂ ਹਨ। ਦਾਲਾਂ ਵਾਲੀਆਂ ਸਾਰੀਆਂ ਫਸਲਾਂ ਮਿੱਟੀਆਂ ਦੇ ਉਪਜਾਊਪਣੇ ਨੂੰ ਵਧਾਉਣ ਵਿੱਚ ਵੀ ਸਹਾਇਤਾ ਕਰਦੀਆਂ ਹਨ। ਦਾਲਾਂ ਆਮ ਤੌਰ 'ਤੇ ਦੂਸਰੀਆਂ ਫਸਲਾਂ ਦੇ ਨਾਲ ਪੈਦਾ ਕੀਤੀਆਂ ਜਾਂਦੀਆਂ ਹਨ। ਪੱਛਮੀ ਉੱਤਰ ਪ੍ਰਦੇਸ਼ ਦੇ ਕਿਸਾਨ ਗੰਨੇ ਦੇ ਨਾਲ ਮੂੰਗੀ, ਮਾਂਹ ਅਤੇ ਮੱਸਰ ਦੀਆਂ ਜਲਦੀ ਪੱਕਣ ਵਾਲੀਆਂ ਫਸਲਾਂ ਬੀਜਦੇ ਹਨ।

ਦੇਸ਼ ਵਿੱਚ ਦਾਲਾਂ ਦੇ ਉਤਪਾਦਨ ਹੇਠ ਰਕਬੇ ਵਿੱਚ ਵਾਧਾ ਨਹੀਂ ਹੋਇਆ ਹੈ। ਇਸ ਦਾ ਮੁੱਖ ਕਾਰਣ ਦਾਲਾਂ ਵਾਲੇ ਖੇਤਰਫਲ ਨੂੰ ਹਰੀ ਕਰਾਂਤੀ ਦੇ ਬਾਅਦ ਜ਼ਿਆਦਾ ਉਤਪਾਦਨ ਦੇਣ ਵਾਲੀਆਂ ਕਣਕ ਅਤੇ ਚੌਲ ਦੀ ਫਸਲਾਂ ਵੱਲ ਬਦਲ ਦੇਣ ਤੋਂ ਹੈ। ਦੇਸ਼ ਦੇ ਸਾਲ 1960-61 ਵਿੱਚ ਦਾਲਾਂ ਦਾ ਉਤਪਾਦਨ 2 ਕਰੋੜ 60 ਲੱਖ ਹੈਕਟੇਅਰ ਜ਼ਮੀਨ ਤੇ ਕੀਤਾ ਗਿਆ ਹੈ ਜੋ 1994-95 ਵਿੱਚ ਘੱਟ ਕੇ 2 ਕਰੋੜ 30 ਲੱਖ ਹੈਕਟੇਅਰ ਰਹਿ ਗਿਆ। ਇਸ ਤਰ੍ਹਾਂ ਪਿਛਲੇ 34 ਸਾਲਾਂ ਵਿੱਚ ਦਾਲਾਂ ਦੇ ਖੇਤਰਫਲ ਵਿੱਚ 30 ਲੱਖ ਹੈਕਟੇਅਰ ਦੀ ਘਾਟ ਆਈ ਹੈ। ਇਸੀ ਕਾਰਣ ਦਾਲਾਂ ਦੇ ਉਤਪਾਦਨ ਵਿੱਚ ਵੀ ਮਾਮੂਲੀ ਜਿਹਾ ਵਾਧਾ ਹੋਇਆ ਹੈ। ਪ੍ਰਤੀ ਹੈਕਟੇਅਰ ਦਾਲਾਂ ਦੇ ਉਤਪਾਦਨ ਵਿੱਚ ਵੀ ਮਾਮੂਲੀ ਜਿਹਾ ਹੀ ਵਾਧਾ ਹੋਇਆ ਹੈ। ਦਾਲਾਂ ਦਾ ਪ੍ਰਤੀ ਹੈਕਟੇਅਰ ਝਾੜ 5.39 ਕੁਵਿੰਟਲ ਤੋਂ ਵੱਧ ਕੇ 6.10 ਕੁਵਿੰਟਲ ਤੱਕ ਹੀ ਇਸ ਸਮੇਂ ਦੌਰਾਨ ਹੋਇਆ ਹੈ। ਇਸ ਵਿੱਚ ਸਭ ਤੋਂ ਮਾੜੀ ਗੱਲ ਇਹ ਹੈ ਕਿ ਪ੍ਰਤੀ ਵਿਅਕਤੀ ਦਾਲਾਂ ਦੀ ਖਪਤ ਲਗਭਗ ਅੱਧੀ ਰਹਿ ਗਈ ਹੈ। ਸਾਲ 1955 ਵਿੱਚ ਪ੍ਰਤੀ ਵਿਅਕਤੀ ਪ੍ਰਤੀ ਦਿਨ ਦਾਲਾਂ ਦੀ ਖਪਤ 71.1 ਗ੍ਰਾਮ ਸੀ ਜੋ 1994 ਵਿੱਚ ਘੱਟ ਕੇ 37.2 ਗ੍ਰਾਮ ਰਹਿ ਗਈ।

ਸਾਡੇ ਪੰਜਾਬ ਰਾਜ ਵਿਚ ਸਥਿਤੀ ਹੋਰ ਵੀ ਚਿੰਤਾਜਨਕ ਹੈ। ਇੱਥੇ ਕਣਕ ਤੇ ਚਾਵਲ ਦੇ ਫਸਲ ਚੱਕਰ ਨੇ ਹੋਰ ਸਾਰੀਆਂ ਫਸਲਾਂ ਦਾ ਸਫਾਇਆ ਹੀ ਕਰ ਦਿੱਤਾ ਹੈ। ਸਾਲ 1960-61 ਵਿੱਚ ਪੰਜਾਬ ਵਿੱਚ 9 ਲੱਖ 3 ਹਜ਼ਾਰ ਹੈਕਟੇਅਰ ਜ਼ਮੀਨ ਤੇ ਦਾਲਾਂ ਦੀ ਖੇਤੀ ਕੀਤੀ ਜਾਂਦੀ ਸੀ ਜੋ 1997-98 ਵਿੱਚ ਘੱਟ ਕੇ ਕੇਵਲ 95 ਹਜ਼ਾਰ ਹੈਕਟੇਅਰ ਰਹਿ ਗਈ। ਇਸ ਪ੍ਰਕਾਰ ਦਾਲਾਂ ਦੀ ਪ੍ਰਤੀ ਵਿਅਕਤੀ ਵਰਤੋਂ ਵਿੱਚ ਵੀ ਭਾਰੀ ਗਿਰਾਵਟ ਆਈ ਹੈ। ਪੰਜਾਬ ਵਿੱਚ ਪ੍ਰਤੀ ਵਿਅਕਤੀ ਦਾਲਾਂ ਦੀ ਵਰਤੋਂ 1960-61 ਵਿਚ 175 ਗ੍ਰਾਮ ਪ੍ਰਤੀ ਦਿਨ ਤੋਂ 1997-98 ਵਿੱਚ ਘੱਟ ਕੇ ਕੇਵਲ 10 ਗ੍ਰਾਮ ਪ੍ਰਤੀ ਦਿਨ ਹੀ ਰਹਿ ਗਈ ਹੈ।

ਦਾਲਾਂ ਦੀ ਪ੍ਰਤੀ ਵਿਅਕਤੀ ਵਰਤੋਂ ਵਿੱਚ ਪੰਜਾਬ ਅਤੇ ਦੇਸ਼ ਦੇ ਹੋਰ ਭਾਗਾਂ ਵਿੱਚ ਆਈ ਇੰਨੀ ਗਿਰਾਵਟ ਇਕ ਬਹੁਤ ਹੀ ਚਿੰਤਾ ਦੀ ਗੱਲ ਹੈ। ਇਹ ਇਸ ਰਕਕੇ ਹੈ ਕਿ ਹਰੀ ਕਰਾਂਤੀ ਦੀ ਲਹਿਰ ਜਿਸਨੇ ਦੇਸ਼ ਵਿੱਚ ਕਣਕ ਤੇ ਚੌਲ ਤੇ ਉਤਪਾਦਨ ਵਿੱਚ ਕਰਾਂਤੀਕਾਰ ਪਰਿਵਰਤਨ ਲਿਆ ਦਿੱਤਾ ਹੈ, ਦਾਲਾਂ ਫ਼ਸਲਾਂ ਦੇ ਉਤਪਾਦਨ ਨੂੰ ਵਧਾਉਣ ਲਈ ਕੋਈ ਸਹਾਇਤਾ ਨਹੀਂ ਕਰ ਸਕੀ ਹੈ। ਅਸਲ ਵਿੱਚ ਜੇਕਰ ਇਹ ਕਿਹਾ ਜਾਵੇ ਕਿ ਨੁਕਸਾਨ ਪਹੁੰਚਾਇਆ ਹੈ ਤਾਂ ਕੋਈ ਗਲਤ ਗੱਲ ਨਹੀਂ ਹੋਵੇਗੀ ਕਿਉਂਕਿ ਹਰੀ ਕਰਾਂਤੀ ਦੇ ਬਾਅਦ ਦੇ ਸਾਲਾਂ ਵਿੱਚ ਦਾਲਾਂ ਹੇਠਲਾ ਬਹੁਤ ਵੱਡਾ ਖੇਤਰ ਕਾਫ਼ੀ ਮਾਤਰਾ ਵਿੱਚ ਕਣਕ ਤੇ ਚੌਲਾਂ ਜਿਹੀਆਂ ਵੱਧ ਉਤਪਾਦਨ ਦੇਣ ਵਾਲੀਆਂ ਫਸਲਾਂ ਵੱਲ ਨੂੰ ਮੋੜ ਦਿੱਤਾ ਹੈ। ਅਜਿਹਾ ਵਿਸ਼ੇਸ਼ ਤੌਰ ਤੇ ਪੰਜਾਬ ਜਿਹੇ ਵਪਾਰਕ ਖੇਤੀ ਪ੍ਰਧਾਨ ਰਾਜਾਂ ਵਿੱਚ ਵੱਡੇ ਪੱਧਰ ਤੇ ਹੋਇਆ ਹੈ।

ਦਾਲਾਂ ਤੇ ਉਤਪਾਦਨ ਨੂੰ ਵਧਾਉਣ ਦੇ ਵੱਲ ਸਾਡੀ ਸਰਕਾਰ ਨੇ ਪਿਛਲੇ ਸਾਲਾਂ ਦੌਰਾਨ ਕੁਝ ਧਿਆਨ ਜ਼ਰੂਰ ਦਿੱਤਾ ਹੈ। ਪਰੰਤੂ ਜ਼ਿਆਦਾ ਉਤਪਾਦਨ ਕਰਨ ਵਾਲੇ ਨਵੇਂ ਬੀਜਾਂ ਦੀ ਖੋਜ ਕਰਨ ਲਈ ਭਾਰੀ ਕਦਮ ਉਠਾਉਣ ਦੀ ਸਖਤ ਲੋੜ ਹੈ। ਪਿਛਲੇ ਸਾਲਾਂ ਵਿੱਚ ਹਾੜੀ ਦੀ ਫਸਲ ਵਿੱਚ ਜਲਦੀ ਪੱਕਣ ਵਾਲੀਆਂ ਮੂੰਗ, ਮਾਂਹ ਤੇ ਮੋਠ ਦੀਆਂ ਫਸਲ ਵਿੱਚ ਵਾਧਾ ਹੋਣਿਆ ਹੈ। ਸਾਲ 1994-95 ਵਿੱਚ ਦਾਲਾਂ ਦੇ ਕੁੱਲ ਉਤਪਾਦਨ ਵਿੱਚ ਹਾੜੀ ਮੌਸਮ ਦੀਆਂ ਦਾਲਾਂ ਦਾ ਹਿੱਸਾ ਸਾਉਣੀ ਮੌਸਮ ਦੀਆਂ ਦਾਲਾਂ ਦੇ ਮੁਕਾਬਲੇ ਦੁਗਣਾ ਸੀ। ਇਸ ਸਮੇਂ ਹਾੜੀ ਦੀ ਫਸਲ ਦਾ ਉਤਪਾਦਨ 94 ਲੱਖ ਟਨ ਸੀ ਜਦੋਂ ਕਿ ਸਾਉਣੀ ਦਾ 47 ਲੱਖ ਟਨ ਸੀ। ਭਾਰਤ ਵਿੱਚ ਸਾਲ 2020-21 ਵਿੱਚ ਦਾਲਾਂ ਦਾ ਕੁੱਲ ਉਤਪਾਦਨ 25 ਕਰੋੜ ਟਨ ਰਿਹਾ ਹੈ।

ਅੱਗੇ ਸਾਰਣੀ ਵਿੱਚ ਦੇਸ਼ ਦੇ ਖੁਰਾਕ ਅੰਨ ਉਤਪਾਦਨ ਦੇ ਅੰਕੜੇ ਲੰਬੇ ਸਮੇਂ ਵਿੱਚ ਪੇਸ਼ ਕੀਤੇ ਗਏ ਹਨ। ਆਪਣੀ ਕਲਾਸ ਵਿੱਚ ਇਹਨਾਂ ਅੰਕੜਿਆਂ ਦਾ ਅਧਿਐਨ ਕਰੋ। ਇਸ ਸਮੇਂ ਦੌਰਾਨ ਖੁਰਾਕ-ਅੰਨ ਪਦਾਰਥਾਂ ਦੇ ਉਤਪਾਦਨ ਦਾ ਵਾਧਾ ਸਭ ਤੋਂ ਜ਼ਿਆਦਾ ਰਿਹਾ ਹੈ ? ਕੇਵਲ ਕਣਕ ਦੇ ਉਤਪਾਦਨ ਦਾ ਵਾਧਾ ਸਭ ਤੋਂ ਅਧਿਕ ਕਿਸ ਸਮੇਂ ਵਿੱਚ ਹੋਇਆ ਹੈ? ਚੌਲ ਤੇ ਕਣਕ ਦੇ ਉਤਪਾਦਨ ਵਿੱਚ ਹੋਏ ਵਾਧੇ ਦੇ ਤੁਲਨਾਤਮਕ ਅਧਿਐਨ ਤੋਂ ਕੀ ਨਤੀਜਾ ਨਿਕਲਦਾ ਹੈ ? ਦਾਲਾਂ ਦੇ ਉਤਪਾਦਨ ਵਿੱਚ ਸਭ ਤੋਂ ਜ਼ਿਆਦਾ ਵਾਧਾ ਕਿਸ ਸਮੇਂ ਵਿੱਚ ਹੋਇਆ ਹੈ ? ਇਸ ਤਰ੍ਹਾਂ ਦੇ ਪ੍ਰਸ਼ਨਾਂ ਦੇ ਉੱਤਰ ਲੱਭਣ ਦਾ ਯਤਨ ਕਰੋ।

**ਸਾਰਣੀ 6.4 : ਭਾਰਤ ਖੁਰਾਕ ਅੰਨ ਉਤਪਾਦਨ ਦਾ ਸਾਲਾਨਾ ਔਸਤ ਵਾਧਾ (ਪ੍ਰਤੀਸ਼ਤ)**

| ਸਮਾਂ ਅੰਤਰਾਲ | ਚੌਲ | ਕਣਕ | ਦਾਲਾਂ | ਕੁੱਲ ਖੁਰਾਕੀ ਵਾਧਾ |
|---|---|---|---|---|
| ਔਸਤ ਸੰਯੁਕਤ ਵਾਧਾ ਦਰ (ਫੀਸਦ) | | | | |
| 1967-68 ਤੋਂ 1995-96 | 2.90 | 4.72 | 0.93 | 2.67 |
| 1980 ਤੋਂ 1995-96 | 3.35 | 3.62 | 1.21 | 2.86 |
| 1990-91 ਤੋਂ 1996-97 | 1.52 | 3.62 | 1.07 | 1.70 |

ਨੋਟ—ਵਾਧਾ ਦਰ ਮਾਪਣ ਲਈ 1981-82 ਵਿੱਚ ਅੰਤ ਹੋਣ ਵਾਲੇ ਤ੍ਰੈਵਾਰਸ਼ਿਕ ਚੱਕਰ ਨੂੰ ਆਧਾਰ ਸਾਲ ਮੰਨਿਆ ਗਿਆ ਹੈ।

## ਦੇਸ਼ ਦੀ ਖੁਰਾਕ ਸਮੱਗਰੀ ਦਾ ਲੇਖਾ ਜੋਖਾ (Food Budget of India)

ਕਿਸੇ ਵੀ ਦੇਸ਼ ਵਿੱਚ ਖੁਰਾਕ-ਅੰਨ ਪਦਾਰਥਾਂ ਦੀ ਜ਼ਰੂਰੀ ਮਾਤਰਾ ਦਾ ਨਿਰਧਾਰਣ ਜਨਸੰਖਿਆ ਦੇ ਆਕਾਰ ਅਤੇ ਉਸਦੇ ਜੀਵਨ ਪੱਧਰ ਦੇ ਦੁਆਰਾ ਹੁੰਦਾ ਹੈ। ਜਨਸੰਖਿਆ ਵਿੱਚ ਵਾਧਾ ਜੇਕਰ ਤੇਜ਼ੀ ਨਾਲ ਹੋ ਰਿਹਾ ਹੈ ਤਾਂ ਵਧੇਰੇ ਪਦਾਰਥਾਂ ਦੀ ਜ਼ਰੂਰਤ ਪੈਂਦੀ ਹੈ। ਪੰਰਤੂ ਜੀਵਨ ਪੱਧਰ ਉੱਚਾ ਹੋਣ ਤੇ ਮਨੁੱਖ ਦੀਆਂ ਭੋਜਨ ਦੀਆਂ ਆਦਤਾਂ ਵਿੱਚ ਤਬਦੀਲੀ ਆ ਜਾਂਦੀ ਹੈ। ਇਸ ਨਾਲ ਅਨਾਜਾਂ ਦਾ ਪ੍ਰਯੋਗ ਘੱਟਣ ਲੱਗ ਜਾਂਦਾ ਹੈ ਅਤੇ ਅੰਡੇ, ਦੁੱਧ, ਮਾਸ ਤੇ ਫੱਲ ਆਦਿ ਦੀ ਵਰਤੋਂ ਵਧਣ ਲਗਦੀ ਹੈ। ਨਾਲ ਹੀ ਪੇਂਡੂ ਲੋਕਾਂ ਦੇ ਭੋਜਨ ਵਿੱਚ ਅਨਾਜਾਂ ਦੀ ਮਾਤਰਾ ਸ਼ਹਿਰੀ ਤੁਲਨਾ ਵਿੱਚ ਵੱਧ ਹੁੰਦੀ ਹੈ। ਇਸ ਕਰਕੇ ਜੇਕਰ ਦੇਸ਼ ਵਿੱਚ ਸ਼ਹਿਰੀ ਜਨਸੰਖਿਆ ਦਾ ਅਨੁਪਾਤ ਵੱਧ ਹੈ ਤਾਂ ਖੁਰਾਕ ਅੰਨ ਦੀ ਖਪਤ ਦੂਸਰੀਆਂ ਵਸਤਾਂ ਦੇ ਮੁਕਾਬਲੇ ਘੱਟ ਹੁੰਦੀ ਹੈ।

2001 ਦੇ ਮਰਦਮ ਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਭਾਰਤ ਦੀ ਕੁੱਲ ਜਨਸੰਖਿਆ 102 ਕਰੋੜ 70 ਲੱਖ ਸੀ। ਇਹ ਜਨਸੰਖਿਆ ਆਜ਼ਾਦੀ ਦੇ ਸਮੇਂ ਵਾਲੀ ਦੇਸ਼ ਦੀ ਕੁੱਲ ਆਬਾਦੀ ਦਾ ਤਿੰਨ ਗੁਣਾ ਹੈ। ਦੇਸ਼ ਦੀ ਆਬਾਦੀ 54 ਸਾਲਾਂ ਵਿੱਚ ਤਿਗੁਣੀ ਹੋ ਗਈ ਹੈ। ਜਨਸੰਖਿਆ ਦੀ ਵਾਧਾ ਦਰ ਵਿੱਚੋਂ ਪਿਛਲੇ ਦਹਾਕੇ ਵਿੱਚ ਕੁਝ ਘਾਟ ਜ਼ਰੂਰ ਆਈ ਹੈ। ਫੇਰ ਵੀ ਇੱਕੀਵੀਂ ਸਦੀ ਦੇ ਅੱਧ ਤੱਕ ਵੱਸੋਂ ਦੇ 150 ਕਰੋੜ ਤੱਕ ਪਹੁੰਚ ਜਾਣ ਦੀ ਸੰਭਾਵਨਾ ਹੈ। 21ਵੀਂ ਸਦੀ ਦੇ ਆਖਰੀ ਸਾਲਾਂ ਵਿੱਚ ਭਾਰਤ ਦੀ ਜਨਸੰਖਿਆ 160 ਤੋਂ 170 ਕਰੋੜ ਦਰਮਿਆਨ ਹੋਵੇਗੀ।

ਐਨੀ ਵੱਡੀ ਜਨਸੰਖਿਆ ਦੇ ਲਈ ਸਾਨੂੰ ਲਗਭਗ 40 ਕਰੋੜ ਟਨ ਖੁਰਾਕ ਅੰਨ ਪਦਾਰਥਾਂ ਦੀ ਜ਼ਰੂਰਤ ਪਵੇਗੀ। ਅਜੋਕਾ ਉਤਪਾਦਨ ਲਗਭਗ 9 ਕਰੋੜ ਟਨ ਹੈ। ਇਸ ਤਰ੍ਹਾਂ, ਸਾਨੂੰ ਆਪਣਾ ਉਤਪਾਦਨ ਕਾਫੀ ਮਾਤਰਾ ਵਿੱਚ ਵਧਾਉਣ ਦੀ ਜ਼ਰੂਰਤ ਹੈ। ਇਸੇ ਦੌਰਾਨ ਸ਼ੁੱਧ ਕਾਸ਼ਤ ਯੋਗ ਖੇਤਰ (Net Sown Area) ਦੇ

ਵੱਧਣ ਦੀ ਗੁੰਜਾਇਸ਼ ਵੀ ਘੱਟ ਹੀ ਹੈ, ਜਦੋਂ ਕਿ ਖੇਤੀਬਾੜੀ ਤੋਂ ਬਗੈਰ ਕੰਮਾਂ ਲਈ ਜ਼ਮੀਨ ਦਾ ਪ੍ਰਯੋਗ ਵੱਧ ਰਿਹਾ ਹੈ। ਸਾਡੀਆਂ ਉਮੀਦਾਂ ਉਤਪਾਦਨ ਵਾਧੇ ਹੀ ਨਿਰਭਰ ਕਰ ਸਕਦੀਆਂ ਹਨ। 1990-91 ਤੋਂ 1996-97 ਦੇ ਦੌਰਾਨ ਸਾਡੇ ਖੁਰਾਕ (ਅੰਨ) ਪਦਾਰਥਾਂ ਵਿੱਚ 1.7 ਪ੍ਰਤੀਸ਼ਤ ਸਾਲਨਾ ਔਸਤ ਵਾਧਾ ਰਿਹਾ ਹੈ ਜਦੋਂ ਕਿ ਇਸ ਦੌਰਾਨ ਜਨਸੰਖਿਆ ਦਾ ਵਾਧਾ 1.9 ਪ੍ਰਤੀਸ਼ਤ ਨਾਲ ਹੋਇਆ ਹੈ। ਇਹ ਇੱਕ ਚਿੰਤਾ ਦਾ ਵਿਸ਼ਾ ਹੈ। ਜੇਕਰ ਖੁਰਾਕ ਅੰਨ ਪਦਾਰਥਾਂ ਦੇ ਉਤਪਾਦਨ ਵਿੱਚ 3-4 ਪ੍ਰਤੀਸ਼ਤ ਦੀ ਮਾਮੂਲੀ ਜਿਹੀ ਗਿਰਾਵਟ ਵੀ ਆ ਜਾਂਦੀ ਹੈ ਤਾਂ ਵੀ ਸਾਨੂੰ ਭਾਰੀ ਮਾਤਰਾ ਵਿੱਚ ਖੁਰਾਕ ਪਦਾਰਥ ਆਯਾਤ ਕਰਨ ਲਈ ਮਜਬੂਰ ਹੋਣਾ ਪਵੇਗਾ। ਦੂਸਰੀ ਮਹੱਤਵਪੂਰਣ ਗੱਲ ਇਹ ਹੈ ਕਿ ਸਾਡੇ ਖੁਰਾਕ-ਪਦਾਰਥਾਂ ਦੀ ਪੂਰਤੀ ਮੰਗ ਤੇ ਆਧਾਰਿਤ (Demand Based) ਹੈ ਨਾ ਕਿ ਲੋੜ ਤੇ ਆਧਾਰਿਤ (Need Based)। ਦੂਸਰੇ ਸ਼ਬਦਾਂ ਵਿੱਚ ਦੇਸ਼ ਦੀ ਜਨਸੰਖਿਆ ਦਾ ਇਕ ਭਾਗ ਅਜਿਹਾ ਹੈ ਕਿ ਜਿਸਨੂੰ ਭੋਜਨ ਲਈ ਖੁਰਾਕ ਪਦਾਰਥਾਂ ਦ ਜ਼ਰੂਰਤ ਤਾਂ ਹੈ ਪਰ ਖਰੀਦਣ ਸ਼ਕਤੀ (Purchasing Power) ਨਾ ਹੋਣ ਕਰਕੇ ਇਹਨਾਂ ਪਦਾਰਥਾਂ ਦੀ ਪ੍ਰਾਪਤ ਨਹੀਂ ਕਰ ਸਕਦਾ। ਇਸ ਤਰ੍ਹਾਂ ਕਾਫੀ ਲੋਕ ਦੇਸ਼ ਵਿੱਚ ਖੁਰਾਕ (ਅੰਨ) ਪਦਾਰਥਾਂ ਦੇ ਹੁੰਦੇ ਹੋਏ ਖੁਰਾਕ ਵੀ ਪ੍ਰਾਪਤ ਨਹੀਂ ਕਰ ਸਕਦੇ ਹਨ। ਜੇਕਰ ਇਸ ਦੱਬੀ ਹੋਈ ਮੰਗ ਦਾ ਅੰਦਾਜ਼ਾ ਲਗਾਇਆ ਜਾਵੇ ਤਾਂ ਖੁਰਾਕ ਪਦਾਰਥਾਂ ਦੀ ਹੋਰ ਵੱਧ ਜ਼ਰੂਰਤ ਦੇਸ਼ ਨੂੰ ਹੈ।


ਦੇਸ਼ ਦੀ ਖੇਤੀ ਦੀਆਂ ਕੁਝ ਗੰਭੀਰ ਸਮੱਸਿਆਵਾਂ ਹਨ ਜਿਹਨਾਂ ਵੱਲ ਧਿਆਨ ਦੇਣਾ ਜ਼ਰੂਰੀ ਹੋਵੇਗਾ। ਇਨ੍ਹਾਂ ਵਿੱਚੋਂ ਤਿੰਨ ਮੁੱਖ ਸਮੱਸਿਆਵਾਂ ਹਨ। ਸਭ ਤੋਂ ਪਹਿਲਾਂ ਖੇਤੀ ਵਿੱਚ ਘਟਦਾ ਹੋਇਆ ਸਰਵਜਨਕ ਖੇਤਰ ਦਾ ਪੂੰਜੀ ਨਿਵੇਸ਼ ਅਤੇ ਵਰਤਮਾਨ ਖੇਤੀ ਦੇ ਮੂਲ ਢਾਂਚੇ (Agricultural Infrastructure) ਦੀ ਸਮਰੱਥਾ ਦਾ ਘੱਟ ਪ੍ਰਯੋਗ। ਦੂਸਰੀ, ਸਮੱਸਿਆ ਉੱਨਤ ਕਿਸਮ ਦੇ ਨਵੇਂ ਬੀਜਾਂ ਦੀਆਂ ਨਵੀਆਂ ਕਿਸਮਾਂ ਨੂੰ ਪੈਦਾ ਕਰਨ ਨਾਲ ਸੰਬੰਧਿਤ ਹੈ। ਇਸ ਖੇਤਰ ਵਿੱਚ ਤਰੱਕੀ ਲਗਭਗ ਨਹੀਂ ਦੇ ਬਰਾਬਰ ਹੈ। ਪਿਛਲੇ ਸਾਲਾਂ ਵਿੱਚ ਉੱਤਮ ਕਿਸਮ ਦੇ ਨਵੇਂ ਬੀਜਾਂ ਦੀ ਖੋਜ ਬੇਹੱਦ ਮੱਠੀ ਚਾਲ ਨਾਲ ਹੋ ਰਹੀ ਹੈ। ਦਾਲ, ਤੇਲ ਦੇ ਬੀਜ, ਸਬਜ਼ੀਆਂ ਤੇ ਫਲਾਂ ਦੇ ਸੰਬੰਧ ਵਿੱਚ ਇਸ ਤਰ੍ਹਾਂ ਦੀ ਖੋਜ ਦੀ ਵੱਧ ਜ਼ਰੂਰਤ ਹੈ। ਤੀਸਰੀ, ਮੁੱਖ ਗੱਲ ਖੇਤੀ ਖੇਤਰ ਵਿੱਚ ਬਹੁਤ ਹੀ ਹੌਲੀ ਵਾਧਾ ਦਰ ਅਤੇ ਖੇਤੀ ਫਸਲਾਂ ਦੀਆਂ ਵਿਭਿੰਨ ਫਸਲਾਂ (Divesification) ਨੂੰ ਲੈ ਕੇ ਹੈ। ਸਾਨੂੰ ਉਦਯੋਗਿਕ ਖੇਤਰ ਦੀ ਤਰ੍ਹਾਂ ਦੀ ਖੇਤੀ ਖੇਤਰ ਵਿੱਚ ਵੀ ਸੁਧਾਰ ਦੇ ਕੰਮਾਂ ਵਧਾਉਣਾ ਹੋਵੇਗਾ ਕਿਉਂਕਿ ਇਹਨਾਂ ਦੋਵੇ ਖੇਤਰਾਂ ਦੇ ਸੁਧਾਰ ਕੰਮਾਂ (Reforms) ਨੂੰ ਅਲੱਗ-ਅਲੱਗ ਨਹੀਂ ਰੱਖਿਆ ਜਾ ਸਕਦਾ। ਖੁਰਾਕ (ਅੰਨ) ਪਦਾਰਥਾਂ ਦੀ ਵੱਧਦੀ ਮੰਗ ਤੇ ਖੇਤੀ ਵਿਕਾਸ ਵਿੱਚ ਤੇਜ਼ੀ ਲਿਆਉਣ ਲਈ ਸਭ ਗੱਲਾਂ ਤੇ ਧਿਆਨ ਦੇਣਾ ਬਹੁਤ ਜ਼ਰੂਰੀ ਹੈ।

**ਵਪਾਰਕ ਫਸਲਾਂ (Commercial Crops) :**

ਇਹਨਾਂ ਨੂੰ ਅਸੀਂ ਨਕਦੀ ਜਾਂ ਕੀਮਤੀ ਫਸਲਾਂ ਦੇ ਨਾਂ ਨਾਲ ਵੀ ਸੱਦਦੇ ਹਾਂ। ਇਸ ਵਿੱਚ ਗੰਨਾ, ਤੇਲ ਦੇ ਬੀਜ, ਕਪਾਹ, ਪਟਸਨ, ਰਬੜ, ਉੱਨ ਤੇ ਤੰਬਾਕੂ ਆਦਿ ਮੁੱਖ ਹਨ। ਇਹਨਾਂ ਵਿੱਚ ਕਪਾਹ, ਪਟਸਨ ਅਤੇ ਉਨ ਨੂੰ ਰੇਸ਼ੇਦਾਰ ਫਸਲਾਂ ਵੀ ਕਿਹਾ ਜਾਂਦਾ ਹੈ। ਹੇਠਾਂ ਗੰਨਾ, ਤੇਲ ਦੇ ਬੀਜ ਤੇ ਕਪਾਹ ਦਾ ਵਿਸਥਾਰ ਵਿੱਚ ਵਰਣਨ ਕੀਤਾ ਗਿਆ ਹੈ।

**ਗੰਨਾ (Sugarcane) :**

ਖੰਡ ਸਾਡੇ ਹਰ ਰੋਜ਼ ਦੇ ਭੋਜਨ ਦਾ ਮੁੱਖ ਅੰਗ ਹੈ। ਪਿੰਡਾਂ ਵਿੱਚ ਲੋਕ ਜ਼ਿਆਦਾਤਰ ਗੁੜ ਤੇ ਸ਼ੱਕਰ ਨੂੰ ਜ਼ਿਆਦਾ ਚਾਓ ਨਾਲ ਖਾਂਦੇ ਹਨ। ਸੁਭਾਵਕ ਤੌਰ ਤੇ ਭਾਰਤ ਹੀ ਗੰਨੇ ਦਾ ਮੂਲ ਸਥਾਨ ਹੈ ਅਤੇ ਉਤਪਾਦਨ ਦੇ ਪੱਖੋਂ ਭਾਰਤ ਸੰਸਾਰ ਵਿੱਚ ਪੰਜਵੇਂ ਸਥਾਨ ਤੇ ਆਉਂਦਾ ਹੈ। ਗੰਨਾ ਭਾਵੇਂ ਦੇਸ਼ ਦੇ ਕਾਫੀ ਭਾਗਾਂ ਵਿੱਚ ਬੀਜਿਆ


ਭਾਰਤ
ਪ੍ਰਮੁੱਖ ਨਕਦੀ ਫਸਲਾਂ
ਚਾਹ
ਪਟਸਨ
ਕਪਾਹ
ਕਾਹਵਾ
C ਨਾਰੀਅਲ
T ਤੰਬਾਕੂ
S ਗੰਨਾ
0
500 ਕਿ ਮੀ.

ਜਾਂਦਾ ਹੈ ਪਰ ਉੱਤਰ ਪ੍ਰਦੇਸ਼, ਮਹਾਂਰਾਸ਼ਟਰ, ਪੰਜਾਬ, ਆਂਧਰਾ ਪ੍ਰਦੇਸ਼ ਤਾਮਿਲਨਾਡੂ ਕਰਨਾਟਕ, ਗੁਜਰਾਤ, ਹਰਿਆਣਾ ਤੇ ਬਿਹਾਰ ਮੁੱਖ ਰਾਜ ਹਨ। ਇਹਨਾਂ ਵਿੱਚੋਂ ਬਿਹਾਰ ਵਿੱਚੋਂ ਸੱਭ ਤੋਂ ਘੱਟ 44.0 ਲੱਖ ਟਨ ਤੇ ਉੱਤਰ ਪ੍ਰਦੇਸ਼ ਵਿੱਚ ਸਭ ਤੋਂ ਵੱਧ 10.5 ਕਰੋੜ ਟਨ ਗੰਨਾ 1993-94 ਵਿੱਚ ਪੈਦਾ ਕੀਤਾ ਗਿਆ। ਦੇਸ਼ ਵਿੱਚ ਕੁੱਲ 22.7 ਕਰੋੜ ਟਨ ਗੰਨਾ ਇਸ ਸਮੇਂ ਦੌਰਾਨ ਪੈਦਾ ਹੋਇਆ ਸੀ।

ਦੇਸ਼ ਵਿੱਚ ਸਾਲ 1960-61 ਵਿੱਚ ਕੁੱਲ 24 ਲੱਖ ਹੈਕਟੇਅਰ ਜ਼ਮੀਨ ਤੇ ਗੰਨਾ ਬੀਜਿਆ ਗਿਆ ਸੀ। 1997-98 ਵਿੱਚ ਇਸ ਦਾ ਖੇਤਰਫਲ ਵੱਧਕੇ 40 ਲੱਖ ਹੈਕਟੇਅਰ ਹੋ ਗਿਆ। ਇਸੇ ਸਮੇਂ ਦੌਰਾਨ ਉਤਪਾਦਨ ਵੀ 11 ਕਰੋੜ ਟਨ ਤੋਂ ਵੱਧ ਕੇ 27 ਕਰੋੜ 63 ਲੱਖ ਟਨ ਹੋ ਗਿਆ। ਇਸ ਤਰ੍ਹਾਂ ਇਸ ਸਮੇਂ ਵਿੱਚ ਪ੍ਰਤੀ ਹੈਕਟੇਅਰ ਝਾੜ ਵੀ 46 ਕੁਵਿੰਟਲ ਤੋਂ ਵੱਧ ਕੇ 70 ਕੁਵਿੰਟਲ ਤੱਕ ਪਹੁੰਚ ਗਿਆ। ਗੰਨੇ ਦੇ ਬੀਜੇ ਗਏ ਖੇਤਰਫਲ, ਉਤਪਾਦਨ ਤੇ ਝਾੜ ਵਿੱਚ ਬਹੁਤ ਤੇਜ਼ੀ ਨਾਲ ਤਬਦੀਲੀ ਆਉਂਦੀ ਰਹਿੰਦੀ ਹੈ। ਅਜਿਹੀ ਚੀਨੀ ਦੀ ਬਾਜ਼ਾਰੀ ਕੀਮਤ ਵਿੱਚ ਤੇਜ਼ੀ ਨਾਲ ਫਸਲ-ਦਰ-ਫਸਲ ਬਦਲਾਓ, ਗੰਨੇ ਦੀ ਫਸਲ ਵਿੱਚ ਹੋਣ ਵਾਲੀਆਂ ਬਿਮਾਰੀਆਂ ਤੋਂ ਨੁਕਸਾਨ ਅਤੇ ਖਰਾਬ ਮੌਸਮ ਹੋਣ ਕਰਕੇ ਗੰਨੇ ਦੇ ਝਾੜ ਤੇ ਬੁਰਾ ਪ੍ਰਭਾਵ ਪੈਂਦਾ ਹੈ।

ਸਾਡੇ ਪੰਜਾਬ ਰਾਜ ਵਿੱਚ ਗੰਨੇ ਦੀ ਫਸਲ ਦਾ ਖੇਤਰ ਸਾਲ 1995-96 ਵਿੱਚ 1 ਲੱਖ 50 ਹਜ਼ਾਰ ਹੈਕਟੇਅਰ (ਅੰਦਾਜ਼ਨ) ਸੀ। ਇਸ ਤੋਂ ਪਹਿਲਾਂ ਸਾਲ 1994-95 ਵਿੱਚ ਇਹ ਖੇਤਰਫਲ ਕੇਵਲ 80 ਹਜ਼ਾਰ ਹੈਕਟੇਅਰ ਸੀ। ਪਿਛਲੇ 35 ਸਾਲਾਂ ਵਿੱਚ ਪੰਜਾਬ ਵਿੱਚ ਗੰਨੇ ਦੇ ਖੇਤਰਫ਼ਲ ਵਿੱਚ ਕਾਫ਼ੀ ਤਬਦੀਲੀਆਂ ਆਈਆਂ ਹਨ। ਜਿਥੇ 1960-61 ਵਿੱਚ ਗੰਨੇ ਹੇਠ ਰਕਬਾ 1 ਲੱਖ 33 ਹਜ਼ਾਰ ਹੈਕਟੇਅਰ ਸੀ। ਇਹ 1980-81 ਵਿੱਚ ਘੱਟਕੇ ਕੇਵਲ 71 ਹਜ਼ਾਰ ਹੈਕਟੇਅਰ ਰਹਿ ਗਿਆ। ਇਸ ਤੋਂ ਬਾਅਦ ਵੀ ਇਸਦੇ ਖੇਤਰਫਲ ਵਿੱਚ ਤਬਦੀਲੀ ਆਉਂਦੀ ਰਹੀ ਹੈ। ਗੰਨੇ ਦੇ ਝਾੜ ਵਿੱਚ ਵੀ ਇਸੇ ਤਰ੍ਹਾਂ ਦੀ ਤਬਦੀਲੀ ਆਈ ਹੈ। ਗੰਨੇ ਦਾ ਉਤਪਾਦਨ ਸਾਲ 1995-96 ਵਿੱਚ ਲਗਪਗ 9 ਲੱਖ 72 ਹਜ਼ਾਰ ਟਨ ਸੀ ਜਦੋਂ ਕਿ ਇਹ ਉਤਪਾਦਨ ਇਸ ਤੋਂ ਪਿਛਲੇ ਸਾਲ 1994-95 ਵਿੱਚ ਕੇਵਲ 4 ਲੱਖ 95 ਹਜ਼ਾਰ ਟਨ ਸੀ। ਸਾਲ 1960-61 ਵਿੱਚ ਕੁਲ ਉਤਪਾਦਨ 4 ਲੱਖ 86 ਹਜ਼ਾਰ ਟਨ ਸੀ। ਪੰਜਾਬ ਵਿਚ ਸਾਲ 2019-20 ਦੌਰਾਨ ਗੰਨੇ ਦਾ ਉਤਪਾਦਨ 73 ਲੱਖ ਮੀਟ੍ਰਿਕ ਟਨ ਤੋਂ ਵੱਧ ਰਿਹਾ। ਗੰਨੇ ਦੀ ਫਸਲ ਦੇ ਉਤਪਾਦਨ ਅਤੇ ਖੇਤਰਫਲ ਦੋਨਾਂ ਦੇ ਰਾਜ ਵਿੱਚ ਤੇਜ਼ੀ ਨਾਲ ਫਸਲੀ ਚੱਕਰ ਵਿੱਚ ਹੋਈ ਤਬਦੀਲੀ ਨਾਲ ਭਾਰੀ ਨੁਕਸਾਨ ਪੁੱਜਾ ਹੈ। ਕਿਸਾਨਾਂ ਨੇ 70 ਅਤੇ 80 ਦੇ ਦਹਾਕੇ ਵਿੱਚ ਹੋਰ ਫਸਲਾਂ ਨੂੰ ਛੱਡ ਕੇ ਕਣਕ-ਚੌਲ ਦਾ ਫਸਲ ਚੱਕਰ ਆਪਣਾ ਲਿਆ। ਪੰਜਾਬ ਸਰਕਾਰ ਇਸ ਤਰ੍ਹਾਂ ਦੀ ਫਸਲ ਚੱਕਰ ਤਬਦੀਲੀ ਨੂੰ ਬਦਲਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਦਿਸ਼ਾ ਵਿੱਚ ਰਾਜ ਸਰਕਾਰ ਗੰਨੇ ਦੀ ਫਸਲ ਨੂੰ ਉਤਸ਼ਾਹਿਤ ਕਰਨਾ ਚਾਹੁੰਦੀ ਹੈ। ਪੰਜਾਬ ਸਰਕਾਰ ਆਪਣੇ ਕਿਸਾਨਾਂ ਨੂੰ ਉੱਤਰ ਭਾਰਤ ਦੇ ਸਾਰੇ ਰਾਜਾਂ ਤੋਂ ਵੱਧ ਗੰਨੇ ਦਾ ਪਤੀ ਕੁਵਿੰਟਲ ਮੁੱਲ ਦੇ ਰਹੀ ਹੈ ਤਾਂ ਕਿ ਰਾਜ ਦੇ ਕਿਸਾਨਾਂ ਦਾ ਧਿਆਨ ਇਸ ਦੀ ਖੇਤੀ ਕਰਨ ਵੱਲ ਵੱਧੇ। ਸਾਲ 1995-96 ਵਿੱਚ ਇਸ ਤੋਂ ਪਹਿਲਾਂ ਸਾਲ ਦੀ ਤੁਲਨਾ ਵਿਚ ਗੰਨਾ ਉਤਪਾਦਨ ਖੇਤਰਫਲ ਵਿੱਚ ਤੇਜ਼ੀ ਨਾਲ ਵਾਧਾ ਹੋਣਾ ਇਸੇ ਕੋਸ਼ਿਸ਼ ਦਾ ਨਤੀਜਾ ਹੈ। ਸਰਕਾਰ ਹੋਰ ਹੱਲ ਵੀ ਲੱਭ ਰਹੀ ਹੈ ਤਾਂ ਕਿ ਗੰਨੇ ਦੀ ਖੇਤੀ ਦਾ ਵਿਸਤਾਰ ਹੋ ਸਕੇ।

ਗੰਨੇ ਦੀ ਫਸਲ ਲਈ ਵਧੀਆ ਜਲ ਨਿਕਾਸ ਵਾਲੀ ਉਪਜਾਊ ਮਿੱਟੀ ਦੀ ਜ਼ਰੂਰੀ ਹੁੰਦੀ ਹੈ। ਇਸ ਦੇ ਲਈ ਭਾਰੀ ਮਾਤਰਾ ਮਾਤਰਾ ਵਿੱਚ ਰਸਾਇਣਕ ਖਾਦ ਤੇ ਉਪਜਾਊ ਕੱਚੀ ਖਾਦ ਚਾਹੀਦੀ ਹੈ। ਗਰਮ ਤੇ ਸਿੱਲ੍ਹੀ ਜਲਵਾਯੂ ਇਸ ਦੇ ਭਾਰੀ ਝਾੜ ਲਈ ਅਨੁਕੂਲ ਹੈ। ਇਹ ਲਗਪਗ 100 ਸੈਂਟੀਮੀਟਰ ਵਰਖਾ ਵਾਲੇ ਖੇਤਰਾਂ ਵਿੱਚ ਬਹੁਤ ਚੰਗੀ ਤਰ੍ਹਾਂ ਵਧਦਾ ਫਲਦਾ ਹੈ। ਅਸਲ ਵਿੱਚ ਭਰਪੂਰ ਧੁੱਪ ਵਾਲੇ ਸਿੰਜਿਤ ਖੇਤਰਾਂ ਵਿੱਚ ਗੰਨੇ ਦੀ ਵਧੀਆ ਫਸਲ ਹੁੰਦੀ ਹੈ। ਊਸ਼ਣ ਖੰਡੀ ਜਲਵਾਯੂ ਦਾ ਪੌਦਾ ਹੋਣ ਕਰਕੇ ਦੇਸ਼ ਦੇ ਤਾਮਿਲਨਾਡੂ ਰਾਜ ਦੀ

ਜਲਵਾਯੂ ਇਸ ਦੇ ਲਈ ਢੁਕਵੀਂ ਹੈ। ਇਸ ਰਾਜ ਦੇ ਗੰਨੇ ਦਾ ਪ੍ਰਤੀ ਹੈਕਟੇਅਰ ਝਾੜ ਦੇਸ਼ ਦੀ ਰਾਸ਼ਟਰੀ ਔਸਤ 40.0% ਤੋਂ ਵੱਧ ਹੈ।

**ਤੇਲਾਂ ਦੇ ਬੀਜ (Oil Seeds)**

ਤੇਲ ਦੇ ਬੀਜ ਜਿਵੇਂ ਮੂੰਗਫਲੀ, ਸਰ੍ਹੋਂ, ਤੋਰੀਆ, ਸੂਰਜਮੁਖੀ, ਵੜੇਵੇਂ, ਨਾਰੀਅਲ ਆਦਿ ਤੋਂ ਖੁਰਾਕੀ ਤੇਲ ਪ੍ਰਾਪਤ ਹੁੰਦੇ ਹਨ। ਤੁਹਾਨੂੰ ਪਤਾ ਹੀ ਹੈ ਕਿ ਖੁਰਾਕ ਤੇਲ ਸਾਡੇ ਭੋਜਨ ਦਾ ਮੁੱਖ ਅੰਗ ਹੈ। ਲਗਭਗ ਸਾਰੀਆਂ ਸਬਜ਼ੀਆਂ ਤੇ ਹੋਰ ਖੁਰਾਕ ਪਦਾਰਥਾਂ ਨੂੰ ਰਸੋਈ ਵਿੱਚ ਖੁਰਾਕੀ ਤੇਲ ਵਿੱਚ ਤਲਿਆ ਜਾਂਦਾ ਹੈ। ਮੂੰਗਫਲੀ ਸਾਉਣੀ (ਖਰੀਫ) ਦੀ ਫਸਲ ਹੈ ਜੋ ਲਗਭਗ ਸਾਧਾਰਣ ਪਰੰਤੂ ਸਮੇਂ-ਸਮੇਂ ਤੇ ਨਿਸਚਿਤ ਰੂਪ ਨਾਲ ਹੋਣ ਵਾਲੀ ਵਰਖਾ ਤੇ ਨਿਰਭਰ ਕਰਦੀ ਹੈ। ਸਰ੍ਹੋਂ ਅਤੇ ਤੋਰੀਆ ਹਾੜ੍ਹੀ (ਰਬੀ) ਦੀ ਫਸਲ ਹੈ ਅਤੇ ਇਹ ਮੁੱਖ ਤੌਰ ਤੇ ਬਿਨਾਂ ਸਿੰਜਿਤ ਖੇਤਰਾਂ ਵਿੱਚ ਪੈਦਾ ਕੀਤੀ ਜਾਂਦੀ ਹੈ। ਪ੍ਰਤੀ ਹੈਕਟੇਅਰ ਪੈਦਾਵਾਰ, ਕੁੱਲ ਉਤਪਾਦਨ ਅਤੇ ਇਹਨਾਂ ਦੀਆਂ ਬਾਜ਼ਾਰੀ ਕੀਮਤਾਂ ਆਦਿ ਵਿੱਚ ਲਗਾਤਾਰ ਤਬਦੀਲੀ ਇਹਨਾਂ ਫਸਲਾਂ ਦੀ ਮੁੱਖ ਵਿਸ਼ੇਸ਼ਤਾ ਬਣ ਗਈ ਹੈ।

ਸਰ੍ਹੋਂ ਤੇ ਤੋਰੀਆ, ਉੱਤਰ ਅਤੇ ਮੱਧ ਭਾਰਤ ਵਿੱਚ ਕਣਕ ਦੇ ਖੇਤਰਾਂ ਜਿਵੇਂ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਮੱਧ ਪ੍ਰਦੇਸ਼ ਦੀ ਫਸਲ ਹੈ। ਮੂੰਗਫਲੀ ਪੱਛਮੀ ਤੇ ਦੱਖਣੀ ਭਾਰਤ ਵਿੱਚ ਖਾਸ ਕਰਕੇ ਗੁਜਰਾਤ ਅਤੇ ਮਹਾਂਰਾਸ਼ਟਰ ਵਿੱਚ ਮੁੱਖ ਤੌਰ ਤੇ ਪੈਦਾ ਕੀਤੀ ਜਾਂਦੀ ਹੈ।

ਖੁਰਾਕੀ ਤੇਲਾਂ ਦੀ ਮੰਗ ਦੇਸ਼ ਵਿੱਚ ਤੇਜ਼ੀ ਨਾਲ ਵੱਧ ਰਹੀ ਹੈ ਜੋ ਘਰੇਲੂ ਉਤਪਾਦਨ ਤੋਂ ਪੂਰੀ ਨਹੀਂ ਹੋਣ ਕਰਕੇ ਭਾਰੀ ਮਾਤਰਾ ਵਿੱਚ ਇਹਨਾਂ ਨੂੰ ਖੁਰਾਕੀ ਤੇਲ ਦੀ ਦਰਾਮਦ ਕਰਨ ਦੇ ਮਜਬੂਰ ਹੋਣਾ ਪੈਂਦਾ ਹੈ। ਦੇਸ਼ ਵਿੱਚ ਖੁਰਾਕੀ ਤੇਲਾਂ ਦੀ ਮੰਗ 5.0 ਪ੍ਰਤੀਸ਼ਤ ਸਾਲਾਨਾ ਦਰ ਅਤੇ ਜਨਸੰਖਿਆ ਵਾਧਾ 2.0% ਦੀ ਦਰ ਤੇ ਹੈ। ਤੁਸੀਂ ਆਪਣੀ ਕਲਾਸ ਵਿੱਚ ਜਾਣਨ ਦੀ ਕੋਸ਼ਿਸ਼ ਕਰੋ ਕਿ ਇਸ ਅਸਮਾਨਤਾ ਦਾ ਕੀ ਕਾਰਣ ਹੈ। ਦੇਸ਼ ਦੇ ਕੁੱਲ ਤੇਲ ਬੀਜ ਉਤਪਾਦਨ ਮੂੰਗਫਲੀ ਅਤੇ ਸਰ੍ਹੋਂ ਦੋਵੇਂ ਲਗਭਗ 60.0% ਹਿੱਸਾ ਪੈਦਾ ਕਰਦੇ ਹਨ। ਅੱਜ ਕੱਲ ਸੋਇਆਬੀਨ ਤੇ ਸੂਰਜਮੁੱਖੀ ਦਾ ਉਤਪਾਦਨ ਖੇਤਰ ਵੱਧਦਾ ਜਾ ਰਿਹਾ ਹੈ।

ਦੇਸ਼ ਵਿੱਚ ਸਾਲ 1997-98 ਵਿੱਚ ਕੁੱਲ 2 ਕਰੋੜ 63 ਲੱਖ ਹੈਕਟੇਅਰ ਜ਼ਮੀਨ ਤੇ ਤੇਲ ਬੀਜਾਂ ਦੀਆਂ ਅਲੱਗ-ਅਲੱਗ ਫਸਲਾਂ ਬੀਜੀਆਂ ਗਈਆਂ। ਇਸ ਤੋਂ ਪਹਿਲਾਂ 1960-61 ਵਿੱਚ ਕੁੱਲ 1 ਕਰੋੜ 38 ਲੱਖ ਹੈਕਟੇਅਰ ਜ਼ਮੀਨ ਤੇ ਤੇਲ-ਬੀਜ ਫਸਲਾਂ ਨੂੰ ਉਗਾਇਆ ਗਿਆ। ਦੇਸ਼ ਵਿਚ 1980 ਤੋਂ 1990 ਤੱਕ ਦੇ ਦਹਾਕੇ ਵਿੱਚ ਤੇਲ ਬੀਜ ਉਤਪਾਦਨ ਖੇਤਰਫਲ 1 ਕਰੋੜ 76 ਲੱਖ ਹੈਕਟੇਅਰ ਤੋਂ ਵਧ ਕੇ 41 ਲੱਖ ਹੈਕਟੇਅਰ ਤੱਕ ਪਹੁੰਚ ਗਿਆ। ਤੇਲ ਬੀਜ ਉਤਪਾਦਨ ਵਿੱਚ ਇਸੇ ਦਹਾਕੇ ਦੌਰਾਨ (1980-90) ਹੈਰਾਨੀਜਨਕ ਵਾਧਾ ਹੋਇਆ। ਕੁੱਲ ਉਤਪਾਦਨ 1980-81 ਵਿੱਚ 94 ਲੱਖ ਟਨ ਸੀ ਜੋ 1990-91 ਵਿੱਚ ਵੱਧ ਕੇ 1 ਕਰੋੜ 86 ਲੱਖ ਟਨ ਹੋ ਗਿਆ। ਇਸ ਤੋਂ ਪਹਿਲਾਂ 1960-61 ਵਿੱਚ ਉਤਪਾਦਨ ਕੇਵਲ 70 ਲੱਖ ਟਨ ਸੀ ਜੋ 1997-98 ਵਿੱਚ 2 ਕਰੋੜ 20 ਲੱਖ ਟਨ ਤੱਕ ਪਹੁੰਚ ਗਿਆ ਹੈ।

ਇਸ ਦੇ ਉਲਟ ਪੰਜਾਬ ਵਿੱਚ ਤੇਲ ਬੀਜ ਉਤਪਾਦਨ ਹੇਠ ਰਕਬੇ ਵਿਚ ਕਮੀ ਆਈ ਹੈ। ਤੇਲ ਬੀਜ ਉਤਪਾਦਨ ਖੇਤਰਫਲ ਜੋ 1975-76 ਵਿੱਚ 3 ਲੱਖ 15 ਹਜ਼ਾਰ ਦੇ ਆਪਣੇ ਉੱਚੇ ਸਥਾਨ ਤੇ ਸੀ, 1990-91 ਤੱਕ 1 ਲੱਖ 4 ਹਜ਼ਾਰ ਹੈਕਟੇਅਰ ਦੇ ਹੇਠਲੇ ਸਥਾਨ ਤੇ ਪਹੁੰਚ ਗਿਆ। ਇਸ ਤੋਂ ਬਾਅਦ ਭਾਵੇਂ ਇਸਦੇ ਖੇਤਰਫਲ ਵਿੱਚ ਕੁਝ ਵਾਧਾ ਜ਼ਰੂਰ ਹੋਇਆ ਪਰ ਉਤਪਾਦਨ ਖੇਤਰ ਜ਼ਿਆਦਾਤਰ ਸਥਿਰ ਹੀ ਰਿਹਾ। 1994-95 ਵਿੱਚ ਕੁੱਲ ਉਤਪਾਦਨ ਖੇਤਰਫਲ 1 ਲੱਖ 48 ਹਜ਼ਾਰ ਹੈਕਟੇਅਰ ਸੀ। 1995-96 ਵਿੱਚ ਅਨੁਮਾਨਤ ਖੇਤਰਫਲ 2 ਲੱਖ 70

ਹਜ਼ਾਰ ਹੈਕਟੇਅਰ ਹੈ। ਤੇਲ ਬੀਜ ਉਤਪਾਦਨ ਵਿੱਚ ਵੀ ਭਾਰੀ ਤਬਦੀਲੀ ਦਿਖਾਈ ਦਿੰਦੀ ਹੈ। 1975-76 ਦਾ ਕੁੱਲ ਤੇਲ ਬੀਜ ਉਤਪਾਦਨ 2 ਲੱਖ 63 ਹਜ਼ਾਰ ਟਨ ਸੀ। 1990-91 ਵਿੱਚ 93 ਹਜ਼ਾਰ ਟਨ ਦੇ ਹੇਠਲੇ ਸਥਾਨ ਤੇ ਪਹੁੰਚ ਗਿਆ। ਸਾਲ 1994-95 ਵਿੱਚ ਉਤਪਾਦਨ 1 ਲੱਖ 85 ਹਜ਼ਾਰ ਟਨ ਸੀ ਜਦੋਂ ਕਿ 1995-96 ਦਾ ਅਨੁਮਾਨਤ ਉਤਪਾਦਨ 3 ਲੱਖ 26 ਹਜ਼ਾਰ ਦੱਸਿਆ ਗਿਆ ਹੈ। ਪੰਜਾਬ ਵਿੱਚ ਤੇਲਾਂ ਦੇ ਬੀਜਾਂ ਦਾ 2019-20 ਦਾ ਉਤਪਾਦਨ 5 ਲੱਖ 90 ਹਜ਼ਾਰ ਮੀਟ੍ਰਿਕ ਟਨ ਰਿਹਾ।

ਦੇਸ਼ ਵਿੱਚ ਤੇਲ ਬੀਜ ਉਤਪਾਦਨ ਵਿਚ ਮੋਹਰੀ ਸਥਾਨ ਮੱਧ ਪ੍ਰਦੇਸ਼ ਦਾ ਹੈ। ਇੱਥੇ 45 ਲੱਖ 77 ਹਜ਼ਾਰ ਟਨ ਤੇਲ ਬੀਜਾਂ ਦਾ ਉਤਪਾਦਨ ਕੀਤਾ ਗਿਆ। ਦੂਸਰਾ ਸਥਾਨ ਮਹਾਂਰਾਸ਼ਟਰ ਦਾ ਆਉਂਦਾ ਹੈ। ਜਿਥੇ ਕਿ 23 ਲੱਖ 46 ਹਜ਼ਾਰ ਟਨ ਉਤਪਾਦਨ ਸੀ। ਇਸ ਤੋਂ ਬਾਅਦ ਕਰਨਾਟਕ ਵਿੱਚ 19 ਲੱਖ 40 ਹਜ਼ਾਰ ਟਨ ਅਤੇ ਗੁਜਰਾਤ ਵਿੱਚ 15 ਲੱਖ 72 ਹਜਾਰ ਟਨ ਅਤੇ ਤੇਲ ਬੀਜਾਂ ਦਾ ਉਤਪਾਦਨ ਹੋਇਆ। ਇਨ੍ਹਾਂ ਚਾਰੇ ਰਾਜਾਂ ਵਿੱਚੋਂ ਕੁੱਲ ਮਿਲਾ ਕੇ ਦੇਸ਼ ਦੇ ਉਤਪਾਦਨ ਦੇ ਲਗਭਗ ਅੱਧੇ ਹਿੱਸੇ ਦੇ ਬਰਾਬਰ ਤੇਲ ਬੀਜ ਪੈਦਾ ਕੀਤੇ ਗਏ। ਸਾਲ 2019-20 ਦੌਰਾਨ ਭਾਰਤ ਵਿਚ ਤੇਲਾਂ ਦੇ ਬੀਜਾਂ ਦਾ ਉਤਪਾਦਨ 3 ਕਰੋੜ 42 ਲੱਖ ਟਨ ਰਿਹਾ।

**ਕਪਾਹ (Cotton) :**

ਭਾਰਤ ਕਪਾਹ ਦੇ ਪੌਦੇ ਦਾ ਮੂਲ ਸਥਾਨ ਹੈ। ਸਿੰਧੂ ਘਾਟੀ ਸਭਿਅਤਾ ਦੇ ਖੰਡਰਾਂ ਦੇ ਅਧਿਐਨ ਨਾਲ ਉਸ ਸਮੇਂ ਵਿੱਚ ਕਪਾਹ ਦੀ ਪੈਦਾਵਾਰ ਦੇ ਸਬੂਤ ਮਿਲਦੇ ਹਨ। ਉਸ ਸਮੇਂ ਲੋਕ ਕਪਾਹ ਤੋਂ ਸੂਤ ਕੱਤਦੇ ਸਨ ਅਤੇ ਕੱਪੜਾ ਬੁਣਕੇ ਮੱਧ ਪੂਰਬ ਏਸ਼ੀਆ ਦੇ ਦੇਸ਼ਾਂ ਨੂੰ ਬਰਾਮਦ ਕਰਦੇ ਸਨ। ਉਸ ਕਾਲ ਵਿੱਚ ਬੇਬੀਲੋਨ ਦੇ ਲੋਕ ਇੱਥੋਂ ਦੀ ਕਪਾਹ ਨੂੰ 'ਸਿੰਧੂ' ਤੇ ਯੂਨਾਨੀ 'ਸ਼ਿੰਦੋ' ਨਾਂ ਨਾਲ ਬੋਲਦੇ ਸਨ।

ਕਪਾਹ ਦੇਸ਼ ਵਿੱਚ ਦੱਖਣ ਦੀ ਪਠਾਰ ਦੀ ਦੀ ਕਾਲੀ ਮਿੱਟੀ ਵਾਲੇ ਭਾਗਾਂ ਵਿੱਚ ਬਹੁਤ ਜ਼ਿਆਦਾ ਪੈਦਾ ਹੁੰਦੀ ਹੈ। ਗੁਜਰਾਤ ਅਤੇ ਮਹਾਰਾਸ਼ਟਰ ਕਪਾਹ ਦੇ ਮੁੱਖ ਉਤਪਾਦਕ ਰਾਜ ਹਨ। ਇਹਨਾਂ ਤੋਂ ਇਲਾਵਾ ਆਂਧਰਾ ਪ੍ਰਦੇਸ਼, ਪੰਜਾਬ, ਹਰਿਆਣਾ, ਰਾਜਸਥਾਨ, ਕਰਨਾਟਕ, ਮੱਧ ਪ੍ਰਦੇਸ਼ ਤੇ ਤਾਮਿਲਨਾਡੂ ਮੁੱਖ ਰਾਜ ਹਨ। ਇਹਨਾਂ ਰਾਜਾਂ ਵਿੱਚ ਕੁੱਲ ਜੋੜ ਕੇ ਦੇ ਕੁੱਲ ਉਤਪਾਦਨ ਦਾ 99.5% ਭਾਗ ਕਪਾਹ ਪੈਦਾ ਕੀਤੀ ਜਾਂਦੀ ਹੈ। ਮਹਾਂਰਾਸ਼ਟਰ ਵਿੱਚ ਸਭ ਤੋਂ ਵੱਧ 26 ਲੱਖ 25 ਹਜ਼ਾਂਰ ਗੰਢਾਂ ਦਾ ਉਤਪਾਦਨ ਹੁੰਦਾ ਹੈ। ਇਸ ਤੋਂ ਬੱਦ ਦੂਸਰੇ ਸਥਾਨ ਤੇ ਗੁਜਰਾਤ ਵਿੱਚ 16 ਲੱਖ 23 ਹਜ਼ਾਰ ਗੰਢਾਂ, ਤੀਸਰਾ ਸਥਾਨ ਪੰਜਾਬ ਦਾ ਹੈ ਜਿਥੇ 15 ਲੱਖ 15 ਹਜ਼ਾਰ ਗੰਢਾਂ ਦਾ ਉਤਪਾਦਨ ਹੁੰਦਾ ਹੈ। ਚੌਥੇ ਤੇ ਪੰਜਵੇਂ ਸਥਾਨ ਤੇ ਕ੍ਰਮਵਾਰ ਆਂਧਰਾ ਪ੍ਰਦੇਸ਼ ਤੇ ਹਰਿਆਣਾ ਆਉਂਦੇ ਹਨ ਜਿਥੇ 13 ਲੱਖ 40 ਹਜ਼ਾਰ ਤੇ 11 ਲੱਖ 24 ਹਜ਼ਾਰ ਗੰਢਾਂ ਕ੍ਰਮਵਾਰ ਪੈਦਾ ਕੀਤੀ ਜਾਂਦੀਆਂ ਹਨ। ਇਹ ਸਾਰੇ ਅੰਕੜੇ ਸਾਲ 1993-94 ਦੇ ਹਨ ਜਦੋਂ ਇਹਨਾਂ ਪੰਜ ਰਾਜਾਂ ਨੇ ਕੁੱਲ ਮਿਲਾ ਕੇ ਕੁੱਲ ਕਪਾਹ ਉਤਪਾਦਨ ਦਾ ਲਗਭਗ 77.0% ਜਾਂ ਤਿੰਨ-ਚੌਥਾ ਤੋਂ ਵੀ ਜ਼ਿਆਦਾ ਕਪਾਹ ਪੈਦਾ ਕੀਤੀ।

ਨੋਟ : (ਕਪਾਹ ਦੀ ਇੱਕ ਗੰਢ ਵਿੱਚ 170 ਕਿਲੋਗਰਾਮ ਕਪਾਹ ਹੁੰਦੀ ਹੈ)

ਸਾਲ 1997-98 ਵਿੱਚ ਦੇਸ਼ ਵਿੱਚ 89 ਲੱਖ ਹੈਕਟੇਅਰ ਜ਼ਮੀਨ ਤੇ ਕਪਾਹ ਦੀ ਖੇਤੀ ਕੀਤੀ ਗਈ। ਉਸ ਸਾਲ ਕੁੱਲ ਕਪਾਹ ਉਤਪਾਦਨ 1 ਕਰੋੜ 11 ਲੱਖ ਗੰਢਾਂ ਦਾ ਹੋਇਆ ਸੀ। ਇਸ ਤੋਂ ਪਹਿਲਾਂ 1985-86 ਵਿੱਚ ਕਪਾਹ ਉਤਪਾਦਨ ਦਾ ਖੇਤਰਫਲ 75 ਲੱਖ ਹੈਕਟੇਅਰ ਸੀ ਅਤੇ ਉਤਪਾਦਨ 30 ਲੱਖ ਗੰਢਾਂ ਸੀ। ਇਸ ਤੋਂ ਪਹਿਲਾਂ 1960-61 ਵਿੱਚ ਕੁਲ ਬੀਜਿਆ ਗਿਆ ਖੇਤਰਫ਼ਲ 76 ਲੱਖ ਹੈਕਟੇਅਰ ਸੀ ਅਤੇ ਉਤਪਾਦਨ 56 ਲੱਖ ਗੰਢਾਂ ਦਾ ਸੀ। 1960-61 ਵਿੱਚ ਕਪਾਹ ਦਾ ਪ੍ਰਤੀ ਹੈਕਟੇਅਰ ਝਾੜ 125 ਕਿਲੋਗ੍ਰਾਮ ਤੋਂ ਵੱਧ ਕੇ 249 ਕਿਲੋਗ੍ਰਾਮ ਹੋ ਗਿਆ ਹੈ। ਸਾਲ 2019-20 ਵਿੱਚ ਭਾਰਤ ਨੇ 390 ਲੱਖ ਗੰਢਾਂ ਕਪਾਹ ਉਤਪਾਦਨ ਕੀਤਾ।

ਪੰਜਾਬ ਵਿੱਚ ਕਪਾਹ ਤੇ ਉਤਪਾਦਨ ਖੇਤਰ ਅਤੇ ਉਤਪਾਦਨ ਦੋਵਾਂ ਵਿੱਚ ਹੀ ਪਿਛਲੇ ਕਈ ਸਾਲਾਂ ਵਿੱਚ ਕਾਫੀ ਵਾਧਾ ਹੋਇਆ ਹੈ। ਕਪਾਹ ਉਤਪਾਦਨ ਖੇਤਰ ਜੋ 1960-61 ਵਿੱਚ ਕੇਵਲ 4 ਲੱਖ 47 ਹਜ਼ਾਰ ਹੈਕਟੇਅਰ ਸੀ। 1992-93 ਵੱਧਕੇ 7 ਲੱਖ 2 ਹਜ਼ਾਰ ਹੈਕਟੇਅਰ ਹੋ ਗਿਆ। ਸਾਲ 1993-94 ਵਿੱਚ ਇਹ ਖੇਤਰਫਲ 5 ਲੱਖ 77 ਹਜ਼ਾਰ ਹੈਕਟੇਅਰ ਸੀ। ਉਤਪਾਦਨ ਵਿੱਚ ਵੀ ਇਸੇ ਤਰ੍ਹਾਂ ਕਾਫ਼ੀ ਵਾਧਾ ਹੋਇਆ। 1960-61 ਵਿੱਚ ਉਤਪਾਦਨ ਕੇਵਲ 7 ਲੱਖ 9 ਹਜ਼ਾਰ ਗੰਢਾਂ ਸੀ ਪਰੰਤੂ 1993-94 ਵਿੱਚ ਇਹ ਘੱਟ ਕੇ 15 ਲੱਖ 16 ਹਜ਼ਾਰ ਗੰਢਾ ਰਹਿ ਗਿਆ। ਇਹਨਾਂ ਅੰਕੜਿਆਂ ਤੋਂ ਪਤਾ ਚਲਦਾ ਹੈ ਕਿ ਕਪਾਹ ਤੇ ਉਤਪਾਦਨ ਵਿੱਚ ਕਾਫੀ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ। ਅਜਿਹਾ ਕਿਉਂ ਹੁੰਦਾ ਹੈ ? ਕੀ ਇਸ ਤਰ੍ਹਾਂ ਫਸਲ ਨੂੰ ਲੱਗਣ ਵਾਲੀਆਂ ਬਿਮਾਰੀਆਂ ਦੇ ਕਰਕੇ ਹੁੰਦਾ ਹੈ ? ਜਾਂ ਫਿਰ ਕੁਦਰਤੀ ਕਾਰਣ ਕਰਕੇ ਅਜਿਹਾ ਹੁੰਦਾ ਹੈ। ਜਾਂ ਫਿਰ ਕਪਾਹ ਦੇ ਬਾਜ਼ਾਰੀ ਮੁੱਲ ਦੇ ਅਸਥਿਰ ਹੋਣ ਕਰਕੇ ਜਾਂ ਕਿਸੇ ਹੋਰ ਕਾਰਣ ਕਰਕੇ ਹੁੰਦਾ ਹੈ। ਉਂਞ ਸਾਲ 2019-20 ਵਿੱਚ ਪੰਜਾਬ ਦਾ ਕਪਾਹ ਉਤਪਾਦਨ 6.5 ਲੱਖ ਗੰਢਾਂ ਰਿਹਾ ਹੈ।

**ਆਲੂ (Potatoes) :**

16ਵੀਂ ਸਦੀ ਵਿੱਚ ਪੁਰਤਗਾਲੀ ਆਲੂ ਨੂੰ ਭਾਰਤ ਵਿੱਚ ਲਿਆਏ ਸਨ। ਅੱਜ ਇਕ ਘਰੇਲੂ ਸਬਜ਼ੀ ਬਣ ਗਿਆ ਹੈ। ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਬਿਹਾਰ ਅਤੇ ਪੰਜਾਬ ਇਸ ਦੇ ਮੁੱਖ ਉਤਪਾਦਕ ਰਾਜ ਹਨ। ਦੇਸ਼ ਵਿੱਚ ਕੁੱਲ 10 ਲੱਖ 80 ਹਜ਼ਾਰ ਹੈਕਟੇਅਰ ਜ਼ਮੀਨ ਤੇ 1.80 ਕਰੋੜ ਟਨ ਤੋਂ ਵੱਧ ਆਲੂ ਪੈਦਾ ਕੀਤਾ ਜਾਂਦਾ ਹੈ। ਇਸ ਵਿੱਚੋਂ 1.52 ਕਰੋੜ ਟਨ ਜਾਂ 85% ਹਿੱਸਾ ਇਹਨਾਂ ਚਾਰ ਰਾਜਾਂ ਦਾ ਹੈ। ਸਾਡੇ ਦੇਸ਼ ਵਿੱਚ ਹਿਮਾਚਲ ਪ੍ਰਦੇਸ਼ ਦੀ ਲਾਹੂਲ ਤੇ ਸਪਿਤੀ ਘਾਟੀ ਵਿੱਚ ਆਲੂ ਦਾ ਬਹੁਤ ਵਧੀਆ ਬੀਜ ਪੈਦਾ ਹੁੰਦਾ ਹੈ ਜੋ ਕਿ ਬੀਮਾਰੀ ਰਹਿਤ ਮੰਨਿਆ ਗਿਆ ਹੈ।

ਪਿਛਲੇ ਸਾਲਾਂ ਦੌਰਾਨ ਪੰਜਾਬ ਦੇ ਕਿਸਾਨਾਂ ਨੇ ਵੀ ਆਲੂ ਪੈਦਾ ਕਰਨ ਵਿੱਚ ਬਹੁਤ ਰੁੱਚੀ ਦਿਖਾਈ ਹੈ। ਸਾਲ 1960-61 ਵਿੱਚ ਲਗਾਤਾਰ ਆਲੂ ਉਤਪਾਦਨ ਦਾ ਖੇਤਰਫ਼ਲ ਪੰਜਾਬ ਰਾਜ ਵਿੱਚ ਵੱਧ ਰਿਹਾ ਹੈ। 1960-61 ਵਿੱਚ ਇਹ ਖੇਤਰ ਕੇਵਲ 9 ਹਜ਼ਾਰ ਹੈਕਟੇਅਰ ਸੀ ਜੋ ਵੱਧ ਕੇ 1994-95 ਵਿੱਚ 30 ਹਜ਼ਾਰ ਹੈਕਟੇਅਰ ਹੋ ਗਿਆ। ਇਸੇ ਤਰ੍ਹਾਂ ਉਤਪਾਦਨ 1.29 ਲੱਖ ਤੋਂ ਵੱਧ ਕੇ 6.03 ਲੱਖ ਟਨ ਹੋ ਗਿਆ। ਪੰਜਾਬ ਦੇ ਕਿਸਾਨ ਹੁਣ ਹਿਮਾਚਲ ਦੇ ਕਿਸਾਨਾਂ ਦੀ ਤੁਲਨਾ ਵਿਚ ਸਸਤੀ ਕੀਮਤ ਤੇ ਵਧੀਆ ਕਿਸਮ ਦੇ ਆਲੂ ਦਾ ਬੀਜ ਪੈਦਾ ਕਰਦੇ ਹਨ। ਪਿਛਲੇ ਸਾਲਾਂ ਵਿੱਚ ਪੰਜਾਬ ਤੋਂ ਪੈਦਾ ਹੋਣ ਵਾਲੇ ਆਲੂ ਦੇ ਬੀਜ ਦੀ ਮੰਗ ਵੱਧਦੀ ਹੀ ਜਾ ਰਹੀ ਹੈ। ਪੰਜਾਬ ਵਿੱਚ ਜਲੰਧਰ, ਹੁਸ਼ਿਆਰਪੁਰ, ਪਟਿਆਲਾ ਤੇ ਲੁਧਿਆਣਾ ਜ਼ਿਲ੍ਹਿਆਂ ਵਿੱਚ ਸਭ ਤੋਂ ਵੱਧ ਮਾਤਰਾ ਵਿੱਚ ਆਲੂ ਦਾ ਉਤਪਾਦਨ ਕੀਤਾ ਜਾਂਦਾ ਹੈ।

## ਪਸ਼ੂ ਪਾਲਣ (Animal Husbandry)

ਭਾਰਤ ਵਿੱਚ ਖੇਤ, ਕਿਸਾਨ ਅਤੇ ਉਸਦੇ ਪਸ਼ੂਆਂ ਨੂੰ ਮਿਲਾ ਕੇ ਇੱਕ ਖੇਤੀ ਪ੍ਰਣਾਲੀ (Agricultural System) ਬਣਦੀ ਹੈ। ਪਸ਼ੂ ਸਚਮੁੱਚ ਹੀ ਕਿਸਾਨਾਂ ਦੇ ਸੱਚੇ ਸਾਥੀ ਹਨ। ਪਿਛਲੇ ਸਾਲਾਂ ਵਿੱਚ ਪਸ਼ੂ ਪਾਲਣ ਛੋਟੇ ਕਿਸਾਨਾਂ ਅਤੇ ਕਾਮਿਆਂ ਲਈ ਬਹੁਤ ਲਾਭਕਾਰੀ ਸਿੱਧ ਹੋਇਆ ਹੈ। ਪੇਂਡੂ ਅਤੇ ਛੋਟੇ ਕਸਬੇ ਦੇ ਲੋਕਾਂ ਨੂੰ ਖਾਸ ਕਰਕੇ ਸੋਕੇ ਵਾਲੇ, ਪਹਾੜੀ ਹੋਰ ਪਿਛਲੇ ਇਲਾਕਿਆਂ ਵਿੱਚ ਬਹੁਤ ਵੱਡੀ ਜਨਸੰਖਿਆ ਦੇ ਸਮੂਹ ਲਈ ਇਹ ਪਸ਼ੂ ਰੁਜ਼ਗਾਰ ਤੇ ਵਾਧੂ ਆਮਦਨ ਦਾ ਸਾਧਨ ਬਣ ਗਏ ਹਨ। 1987-88 ਦੇ ਰਾਸ਼ਟਰੀ ਸੈਂਪਲ ਸਰਵੇਖਣ (National Sample Survey) ਦੇ ਅੰਕੜਿਆਂ ਅਨੁਸਾਰ ਪਸ਼ੂ ਪਾਲਣ ਖੇਤਰ ਵਿੱਚ ਰੁਜ਼ਗਾਰ ਵਾਧਾ ਦਰ 1972 ਤੋਂ 88 ਤਕ 4.15 ਪ੍ਰਤੀਸ਼ਤ ਰਹੀ ਜਦੋਂ ਕਿ ਸਾਰੇ ਖੇਤੀ ਖੇਤਰ ਦੀ ਰੁਜ਼ਗਾਰ ਵਾਧਾ ਦਰ ਕੇਵਲ 1.1% ਰਹੀ।

ਪਿਛਲੇ ਸਾਲਾਂ ਵਿੱਚ ਦੁੱਧ ਦੇਣ ਵਾਲੇ ਪਸ਼ੂਆਂ ਦਾ ਭਾਰ ਵਾਧਾ ਵੱਧਦੀ ਹੋਈ ਦੁੱਧ ਖੇਤੀ ਦੀ ਉੱਨਤੀ ਦਾ ਸੂਚਕ ਹੈ। ਪੰਜਾਬ, ਹਰਿਆਣਾ ਤੇ ਰਾਜਸਥਾਨ ਵਿੱਚ ਦੁੱਧ ਖੇਤੀ (Dairy Farming) ਵਿੱਚ ਵਿਸ਼ੇਸ਼ ਤੌਰ 'ਤੇ ਵਾਧਾ ਹੋਇਆ ਹੈ। ਅਜਿਹਾ ਅੰਦਾਜ਼ਾ ਹੈ ਕਿ ਖੇਤੀ ਖੇਤਰ ਤੋਂ ਸਾਰੀ ਉਤਪਾਦਤ ਆਮਦਨ ਦਾ ਇੱਕ-ਚੌਥਾਈ ਤੋਂ ਵੀ ਵੱਧ ਹਿੱਸਾ ਪਸ਼ੂ ਪਾਲਣ ਖੇਤਰ ਤੋਂ ਪ੍ਰਾਪਤ ਹੁੰਦਾ ਹੈ। ਗਊ ਕਿਸਾਨਾਂ ਨੂੰ ਦੁੱਧ ਤੇ ਖਾਦ ਤੋਂ ਇਲਾਵਾ ਖੇਤਾਂ ਵਿੱਚ ਕੰਮ ਕਰਨ ਵਾਸਤੇ ਬਲਦ ਪ੍ਰਦਾਨ ਕਰਦੀ ਹੈ। ਇਸ ਮਹੱਤਵਪੂਰਨ ਫਾਇਦੇ ਕਰਕੇ ਹੀ ਗਊ ਦੀ ਭਾਰਤ ਵਿੱਚ ਪੂਜਨੀਕ ਮੰਨਿਆ ਜਾਂਦਾ ਹੈ। ਪਾਲਤੂ ਪਸ਼ੂਆਂ ਵਿੱਚ ਲਗਪਗ ਇੱਕ ਚੌਥਾਈ ਜਾਂ 24 ਪ੍ਰਤੀਸ਼ਤ ਬਲਦ ਅਤੇ ਤਿੰਨ-ਚੌਥਾਈ ਜਾਂ 76% ਗਊਆਂ ਆਉਂਦੀਆਂ ਹਨ।

ਦੇਸ਼ ਵਿੱਚ ਸਭ ਤੋਂ ਵੱਧ ਪਸ਼ੂ ਧਨ (611 ਕਰੋੜ) ਉੱਤਰ ਪ੍ਰਦੇਸ਼ ਵਿੱਚ ਹੈ। ਇਸ ਤੋਂ ਬਾਅਦ ਪੱਛਮੀ ਬੰਗਾਲ, ਮੱਧ ਪ੍ਰਦੇਸ਼, ਬਿਹਾਰ, ਰਾਜਸਥਾਨ, ਮਹਾਂਰਾਸ਼ਟਰ ਅਤੇ ਆਂਧਰਾ ਪ੍ਰਦੇਸ਼ ਦੇ ਸਥਾਨ ਆਉਂਦੇ ਹਨ। ਇਹਨਾਂ ਸੱਤ ਰਾਜਾਂ ਵਿੱਚ ਕੁੱਲ ਮਿਲਾ ਕੇ ਪੂਰੇ ਦੇਸ਼ ਦਾ 68.3% ਜਾਂ ਦੋ ਤਿਹਾਈ ਤੋਂ ਵੀ ਵੱਧ ਪਸ਼ੂ ਧਨ ਜਦਕਿ ਜਨਸੰਖਿਆ ਦੇ ਹਿਸਾਬ ਨਾਲ ਸਥਾਨ ਚੌਦ੍ਹਵਾਂ ਹੈ।

ਦੇਸ਼ ਵਿੱਚ ਪਸ਼ੂਧਨ ਬਹੁਤ ਵੱਡੀ ਸੰਖਿਆ ਵਿੱਚ ਮਿਲਦਾ ਹੈ। ਸਾਲ 2019-20 ਵਿੱਚ ਪਸ਼ੂਆਂ ਦੀ ਸੰਖਿਆ ਲਗਪਗ 53.58 ਕਰੋੜ ਹੈ। ਇਸ ਵਿੱਚ ਲਗਪਗ 20 ਕਰੋੜ ਗਊਆਂ ਲਗਪਗ 11 ਕਰੋੜ ਮੱਝਾਂ, ਲਗਪਗ 7.5 ਕਰੋੜ ਭੇਡਾਂ, 14.9 ਕਰੋੜ ਬੱਕਰੀਆਂ ਅਤੇ ਬਾਕੀ ਗਿਣਤੀ ਘੋੜਿਆਂ, ਊਠਾਂ, ਖੱਚਰਾਂ ਤੇ ਸੂਰਾਂ ਆਦਿ ਜਾਨਵਰਾਂ ਦੀ ਹੈ।

**ਬਾਗਵਾਨੀ (Horticulture) :**

ਭਾਰਤ ਦਾ ਫਲਾਂ ਅਤੇ ਸਬਜ਼ੀਆਂ ਦੇ ਉਤਪਾਦਨ ਵਿੱਚ, ਸੰਸਾਰ ਵਿੱਚ ਦੂਸਰਾ ਸਥਾਨ ਹੈ। ਬਰਾਜ਼ੀਲ ਅਤੇ ਚੀਨ ਦੋਵੇਂ ਸੰਸਾਰ ਦੇ ਸਭ ਤੋਂ ਵੱਡੇ ਫਲ ਅਤੇ ਸਬਜ਼ੀਆਂ ਉਤਪਾਦਕ ਦੇਸ਼ ਹਨ। ਸਾਡੇ ਦੇਸ਼ ਵਿੱਚ ਫਲਾਂ ਦਾ ਉਤਪਾਦਨ ਲਗਪਗ 3.9 ਕਰੋੜ ਟਨ ਅਤੇ ਸਬਜ਼ੀਆਂ ਦਾ ਉਤਪਾਦਨ 6.5 ਕਰੋੜ ਟਨ ਤੱਕ ਪਹੁੰਚ ਚੁੱਕਿਆ ਹੈ। ਸਾਲ 2019-20 ਵਿੱਚ ਦੇਸ਼ ਦਾ ਫ਼ਲ ਉਤਪਾਦਨ 32 ਕਰੋੜ ਟਨ ਤੋਂ ਵੱਧ ਰਿਹਾ ਹੈ।

ਸਾਡੇ ਦੇਸ਼ ਵਿੱਚ ਭਿੰਨ-ਭਿੰਨ ਪ੍ਰਕਾਰ ਦੀਆਂ ਖੇਤੀ ਜਲਵਾਯੂ ਅਵਸਥਾਵਾਂ ਪ੍ਰਾਪਤ ਹਨ। ਇਸ ਕਰਕੇ ਇੱਥੇ ਭਿੰਨ-ਭਿੰਨ ਪ੍ਰਕਾਰ ਦੀ ਬਾਗਵਾਨੀ ਫਸਲਾਂ ਜਿੰਨ੍ਹਾਂ ਵਿੱਚ ਫੱਲ, ਸਬਜ਼ੀਆਂ, ਫੁੱਲ, ਮਸਾਲੇ ਅਤੇ ਬਾਗਵਾਨੀ ਫਸਲਾਂ ਸ਼ਾਮਿਲ ਹਨ, ਉਗਾਉਣਾ ਸੰਭਵ ਹੈ। ਉੱਚ ਪਹਾੜੀ ਭਾਗਾਂ ਤੇ ਚਾਹ ਅਤੇ ਕਾਹਵਾ ਉਗਾਉਣ ਤੋਂ ਲੈ ਕੇ ਸਮੁੰਦਰ ਦੇ ਤੱਟ ਦੇ ਭਾਗਾਂ ਤੱਕ ਨਾਰੀਅਲ ਆਦਿ ਦੇ ਦਰੱਖਤ ਭਾਰਤ ਵਿੱਚ ਉਗਾਏ ਜਾਂਦੇ ਹਨ। ਇਸ ਤੋਂ ਸਾਫ ਪਤਾ ਲਗਦਾ ਹੈ ਕਿ ਦੇਸ਼ ਵਿੱਚ ਭਿੰਨ-ਭਿੰਨ ਪ੍ਰਕਾਰ ਦੀ ਬਾਗਾਨੀ ਖੇਤੀ ਦੀਆਂ ਸੰਭਾਵਨਾਵਾਂ ਹਨ।

ਭਾਰਤ ਦਾ ਕੇਲਾ, ਅੰਬ, ਨਾਰੀਅਲ ਅਤੇ ਕਾਜੂ ਉਤਪਾਦਨ ਵਿੱਚ ਸੰਸਾਰ ਵਿੱਚ ਪਹਿਲੇ ਨੰਬਰ 'ਤੇ ਹੈ। ਇਸਦੇ ਇਲਾਵਾ ਮੌਸਮੀ, ਸੇਬ, ਸੰਤਰਾ, ਕਿੰਨੂ, ਅਨਾਰ ਆਦਿ ਦੇ ਉਤਪਾਦਨ ਵਿੱਚ ਭਾਰਤ ਸੰਸਾਰ ਦੇ ਦਸ ਵੱਡੇ ਉਤਪਾਦਕ ਦੇਸ਼ਾਂ ਵਿੱਚੋਂ ਇੱਕ ਹੈ। ਗੋਭੀ ਉਤਪਾਦਨ ਵਿੱਚ ਪਹਿਲੇ ਅਤੇ ਆਲੂ, ਟਮਾਟਰ, ਪਿਆਜ਼ ਅਤੇ ਹਰੇ ਮਟਰ ਉਤਪਾਦਨ ਵਿਚ ਦਸ ਵੱਡੇ ਦੇਸ਼ਾਂ ਵਿੱਚੋਂ ਇਕ ਹੈ। ਬਾਗਵਾਨੀ ਉਤਪਾਦ ਜਿਵੇਂ ਫਲ ਸਬਜ਼ੀਆਂ ਫੁੱਲ, ਕਾਜੂ, ਮਸਾਲੇ ਆਦਿ ਦਾ ਹਿੱਸਾ ਪੂਰੇ ਖੇਤੀ ਨਿਰਯਾਤਾਂ ਵਿੱਚ ਲਗਭਗ 25.0 ਪ੍ਰਤੀਸ਼ਤ ਹੈ।

ਦੇਸ਼ ਵਿੱਚ ਇਹਨਾਂ ਸਾਲਾਂ ਵਿੱਚ ਫੁੱਲਾਂ ਦੇ ਉਤਪਾਦਨ ਨੂੰ ਭਾਰੀ ਉਤਸ਼ਾਹ ਮਿਲਿਆ ਹੈ। ਇਸਦਾ ਮੁੱਖ ਕਾਰਨ ਫੁੱਲਾਂ ਦੀ ਬਾਹਰਲੇ ਦੇਸ਼ਾਂ ਵਿੱਚ ਵੱਧਦੀ ਮੰਗ ਹੈ। ਵਿਦੇਸ਼ਾਂ ਵਿੱਚ ਫੁੱਲਾਂ ਦੀ ਬਹੁਤ ਮੰਗ ਹੈ। ਹੈ। 1994-95 ਦੇ ਅਨੁਮਾਨ ਦੇ ਅਨੁਸਾਰ ਭਾਰਤ ਵਿੱਚ 30 ਕਰੋੜ ਰੁਪਿਆ ਦੇ ਫੁੱਲਾਂ ਦੇ ਨਿਰਯਾਤ ਹੋਇਆ। ਫੁੱਲਾਂ ਦੇ ਨਿਰਯਾਤ ਨੂੰ ਵਧਾਉਣ ਲਈ 200 ਨਿਰਯਾਤ ਮੁੱਖੀ ਇਕਾਈਆਂ ਨੂੰ ਚੁਣ ਲਿਆ ਹੈ। ਅਠਵੀਂ ਪੰਜ ਸਾਲਾਂ ਯੋਜਨਾ (1992-97) ਦੌਰਾਨ ਗਰੀਨਹਾਊਸ ਨੂੰ ਉਤਸ਼ਾਹ ਦੇਣ ਲਈ, ਪਲਾਸਟਿਕ ਪਲਵਾਰ ਅਤੇ ਡਰਿਪ ਸਿੰਜਾਈ ਦੇ ਲਈ 250 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ।

ਸੇਬ ਦੇ ਉਤਪਾਦਨ ਵਿੱਚ ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਦਾ ਨਾਮ ਸਭ ਤੋਂ ਉਪਰ ਹੈ ਜਦੋਂ ਕਿ ਸੰਤਰਿਆਂ ਅਤੇ ਕੇਲਿਆਂ ਦੇ ਉਤਪਾਦਨ ਵਿੱਚ ਮਹਾਂਰਾਸ਼ਟਰ, ਅੰਬ ਉਤਪਾਦਨ ਵਿੱਚ ਆਂਧਰਾ ਪ੍ਰਦੇਸ਼ ਤਾਮਿਲਨਾਡੂ ਅਤੇ ਮਹਾਂਰਾਸ਼ਟਰ, ਕਾਜੂ ਉਤਪਾਦਨ ਵਿੱਚ ਕਰਨਾਟਕ, ਤਾਮਿਲਨਾਡੂ ਅਤੇ ਕੇਰਲ ਸਭ ਤੋਂ ਪ੍ਰਮੁੱਖ ਹਨ। ਆਪਣੇ ਰਾਜ ਪੰਜਾਬ ਵਿੱਚ ਫਲਾਂ ਦੇ ਉਤਪਾਦਨ ਵਿੱਚ ਅਜੋਕੇ ਸਾਲਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਸਾਲ 1995-96 ਵਿੱਚ ਪੰਜਾਬ ਵਿੱਚ ਪੰਜਾਬ ਵਿੱਚ ਫਲਾਂ ਦਾ ਕੁੱਲ ਉਤਪਾਦਨ 7.6 ਲੱਖ ਟਨ ਹੋਇਆ, ਜਦੋਂਕਿ ਇਸ ਤੋਂ ਪਹਿਲਾਂ 1985-86 ਵਿੱਚ ਇਹ ਉਤਪਾਦਨ ਕੇਵਲ 4.3 ਲੱਖ ਟਨ ਦਾ ਸੀ। ਹੁਸ਼ਿਆਰਪੁਰ, ਫਿਰੋਜ਼ਪੁਰ, ਅੰਮ੍ਰਿਤਸਰ ਅਤੇ ਫਰੀਦਕੋਟ ਫਲਾਂ ਦੇ ਸਭ ਤੋਂ ਵੱਡੇ ਉਤਪਾਦਕ ਜ਼ਿਲ੍ਹੇ ਹਨ। ਫਲਾਂ ਦੀ ਖੇਤੀ ਦਾ ਵਿਸਥਾਰ ਤੇਜ਼ੀ ਨਾਲ ਹੋ ਰਿਹਾ ਹੈ। ਜਿੱਥੇ 1981-82 ਵਿੱਚ ਰਾਜ ਵਿੱਚ ਕੇਵਲ 28.8 ਹਜ਼ਾਰ ਹੈਕਟੇਅਰ ਭੂਮੀ ਤੇ ਫਲਾਂ ਦੀ ਖੇਤੀ ਕੀਤੀ ਗਈ ਹੈ, ਉੱਥੇ 1995-96 ਵਿੱਚ ਇਹ ਖੇਤਰਫਲ 84.4 ਹਜ਼ਾਰ ਹੈਕਟੇਅਰ ਤੱਕ ਪਹੁੰਚ ਗਿਆ। ਰਾਜ ਵਿੱਚ ਸਭ ਤੋਂ ਵੱਧ 26.6 ਹੈਕਟੇਅਰ ਭੂਮੀ ਦੇ ਕਿਨੂੰ ਦੇ ਬਾਗ ਹਨ। ਇਸਦੇ ਬਾਅਦ ਦੂਸਰਾ ਸਥਾਨ ਸੰਤਰਿਆਂ ਅਤੇ ਮਾਲਟਿਆਂ ਦਾ ਹੈ।

**ਜੰਗਲ ਲਾਉਣੇ :**

ਪਰਿਸਥਿਤਕ ਸੰਤੁਲਨ ਅਤੇ ਕੁਦਰਤੀ ਸੰਤੁਲਨ ਨੂੰ ਕਾਇਮ ਰੱਖਣ ਵਿੱਚ ਵਣਾਂ ਦਾ ਯੋਗਦਾਨ ਬਹੁਤ ਜ਼ਿਆਦਾ ਹੈ। ਵਣ (ਜੰਗਲ) ਇਕ ਆਰਥਿਕ ਸਾਧਨ ਹੈ। ਇਸ ਤੋਂ ਇਮਾਰਤੀ ਲੱਕੜੀ, ਬਾਲਣ ਲਈ ਲੱਕੜੀ ਮਿਲਦੀ ਹੈ। ਮਾਨਸੂਨੀ ਖੇਤਰਾਂ ਵਿੱਚ ਫੈਲੇ ਸਾਗਵਾਨ ਦੇ ਵਣਾਂ ਤੋਂ ਉੱਤਮ ਕਿਸਮ ਦੀ ਇਮਾਰਤੀ ਲੱਕੜੀ ਮਿਲਦੀ ਹੈ। ਇਹ ਪਤਝੜੀ ਵਣ ਦੱਖਣ ਵਿੱਚ ਪੱਛਮੀ ਘਾਟ ਪਰਬਤਾਂ ਤੋਂ ਲੈ ਕੇ ਉੱਤਰ ਵਿੱਚ ਹਿਮਾਲਿਆ ਤੱਕ ਫੈਲੇ ਹਨ। ਸਾਲ ਇਨ੍ਹਾਂ ਵਣਾਂ ਵਿੱਚ ਪਾਇਆ ਜਾਣ ਵਾਲਾ ਦੂਸਰਾ ਪ੍ਰਮੁੱਖ ਅਤੇ ਉਪਯੋਗੀ ਰੁੱਖ ਹੈ। ਮਾਲਟੇ ਰੁੱਖ ਪੂਰਬੀ ਭਾਗ ਵਿੱਚ ਜ਼ਿਆਦਾ ਕਰਕੇ ਪਾਏ ਜਾਂਦੇ ਸਾਲ ਵਣਾਂ ਦਾ ਖੇਤਰ ਸਾਗੌਨ ਵਣਾਂ ਦੇ ਖੇਤਰ ਦੀ ਤੁਲਨਾ ਵਿੱਚ ਜ਼ਿਆਦਾ ਹੈ।

ਭਾਰਤ ਦੇ ਜ਼ਿਆਦਾ ਵਰਖਾ ਵਾਲੇ ਖੇਤਰਾਂ ਵਿੱਚ ਬਾਂਸ, ਮਹਾਂਗਨੀ ਅਤੇ ਰੋਜ਼ਵੁੱਡ ਦੇ ਦਰੱਖਤ ਮਿਲਦੇ ਹਨ। ਇਨ੍ਹਾਂ ਦਾ ਵਿਸਤਾਰ ਕੇਰਲ ਅਤੇ ਅਸਾਮ ਰਾਜਾਂ ਵਿੱਚ ਹੈ। ਸੁੰਦਰ ਵਣ ਖੇਤਰ ਵਿੱਚ ਮੈਂਗਰੋਵ ਜਾਤ ਦੇ ਸੁੰਦਰ ਦਰੱਖਤਾਂ ਦੀ ਲੱਕੜੀ ਦੀਆਂ ਕਿਸ਼ਤੀਆਂ ਅਤੇ ਬਕਸੇ ਬਣਾਏ ਜਾਂਦੇ ਹਨ।

ਹਿਮਾਲਿਆ ਦੇ ਕੋਨਧਾਰੀ ਵਣਾਂ ਦੀ ਮੁਲਾਇਮ ਲੱਕੜ ਫਰਨੀਚਰ ਬਣਾਉਣ ਅਤੇ ਪੈਕਿੰਗ ਦੇ ਬਕਸੇ ਬਣਾਉਣ ਅਤੇ ਭਵਨ ਨਿਰਮਾਣ ਦੇ ਕੰਮਾਂ ਵਿੱਚ ਵਰਤੀ ਜਾਂਦੀ ਹੈ। ਮੁਲਾਇਮ ਲੱਕੜ ਤੋਂ ਲੁਗਦੀ ਬਣਾਈ ਜਾਂਦੀ ਹੈ, ਜਿਸਦੀ ਪੇਪਰ ਉਦਯੋਗ ਵਿੱਚ ਬਹੁਤ ਮੰਗ ਹੈ।

ਇਮਾਰਤੀ ਲੱਕੜੀ ਦੇ ਇਲਾਵਾ ਵਣਾਂ ਤੋਂ ਲਾਖ, ਬੈਠ ਲੁਗਦੀ, ਕੱਚਾ ਕੋਲਾ, ਬਾਲਣ ਲਈ ਲੱਕੜੀ. ਗੂੰਦ, ਜੜ੍ਹੀਆਂ-ਬੂਟੀਆਂ, ਚਾਰਾ ਅਤੇ ਘਾਹ ਵੀ ਮਿਲਦੀ ਹੈ। ਅੱਜਕਲ੍ਹ ਸਾਡੇ ਦੇਸ਼ ਵਿਚ ਯੋਜਨਾਬੱਧ ਤਰੀਕੇ ਨਾਲ

ਸਮਾਜਿਕ ਜੰਗਲੀਣ (Social forestry) ਦਾ ਕੰਮ ਚਲਾਇਆ ਜਾ ਰਿਹਾ ਹੈ। ਇਸਦਾ ਪ੍ਰਮੁੱਖ ਉਦੇਸ਼ ਬੰਜਰ ਭੂਮੀ ਨੂੰ ਹਰਿਆ ਭਰਿਆ ਕਰਨਾ, ਪਿੰਡਾਂ ਵਿਚ ਰੋਜ਼ਗਾਰ ਦੇ ਮੌਕਿਆਂ ਨੂੰ ਉਤਸ਼ਾਹ ਦੇਣਾ ਅਤੇ ਪਿੰਡਾਂ ਵਿਚ ਬਾਲਣ ਦੀ ਸਮੱਸਿਆ ਦਾ ਹਲ ਢੂੰਡਣਾ ਪ੍ਰਮੁੱਖ ਹੈ।

## ਅਭਿਆਸ

**I. ਹੇਠਾਂ ਲਿਖੇ ਹਰੇਕ ਪ੍ਰਸ਼ਨ ਦਾ ਸੰਖੇਪ ਉੱਤਰ ਇਕ ਸ਼ਬਦ ਵਿਚ ਜਾਂ ਇਕ ਵਾਕ ਵਿਚ ਦਿਓ—**

1. ਸਾਉਣੀ (ਖ਼ਰੀਫ਼) ਦੇ ਮੌਸਮ ਵਿਚ ਬੀਜਣ ਵਾਲੀਆਂ ਫ਼ਸਲਾਂ ਦੇ ਨਾਂ ਲਿਖੋ।
2. ਹਾੜ੍ਹੀ (ਰਬੀ) ਮੌਸਮ ਵਿਚ ਕਿਹੜੀਆਂ ਫ਼ਸਲਾਂ ਬੀਜੀਆਂ ਜਾਂਦੀਆਂ ਹਨ ?
3. ਹਰੀ ਖਾਦ ਕੀ ਹੁੰਦੀ ਹੈ ?
4. ਦੁਧਾਰੂ ਪਸ਼ੂ ਕੀ ਹੁੰਦੇ ਹਨ ?
5. ਸੰਨ੍ਹਵੀ ਜ਼ਮੀਨ (Fallow Land) ਕੀ ਹੁੰਦੀ ਹੈ ?
6. ਦੇਸ਼ ਦੇ ਕਿੰਨੇ ਪ੍ਰਤੀਸ਼ਤ ਹਿੱਸੇ ਵਿਚ ਵਣ ਮਿਲਦੇ ਹਨ ?
7. ਵਿਗਿਆਨਿਕ ਪੱਖ ਤੋਂ ਦੇਸ਼ ਦੇ ਕਿੰਨੇ ਹਿੱਸੇ ਤੇ ਜੰਗਲਾਂ ਦਾ ਹੋਣਾ ਜ਼ਰੂਰੀ ਹੈ ?
8. ਪੰਜਾਬ ਵਿਚ ਜੰਗਲਾਂ ਹੇਠ ਕਿੰਨੇ ਪ੍ਰਤੀਸ਼ਤ ਰਕਬਾ ਆਉਂਦਾ ਹੈ ?
9. ਭਾਰਤ ਵਿਚ ਕਿੰਨੇ ਪ੍ਰਤੀਸ਼ਤ ਜ਼ਮੀਨ ਖੇਤੀ ਕਰਨ ਯੋਗ ਹੈ ?
10. ਦੇਸ਼ ਵਿਚ ਸਭ ਤੋਂ ਵੱਧ ਕਣਕ ਕਿਸ ਰਾਜ ਵਿਚ ਪੈਦਾ ਕੀਤੀ ਜਾਂਦੀ ਹੈ ?
11. ਸਰਵਜਨਕ ਵੰਡ ਪ੍ਰਣਾਲੀ ਦੇ ਲਈ ਦੇਸ਼ ਵਿਚ ਸਭ ਤੋਂ ਵੱਧ ਕਣਕ ਕਿਹੜਾ ਰਾਜ ਪ੍ਰਦਾਨ ਕਰਦਾ ਹੈ ?
12. ਚਰਾਗਾਹਾਂ ਹੇਠ ਜ਼ਮੀਨ ਘੱਟ ਜਾਣ ਦਾ ਇਕ ਪ੍ਰਮੁੱਖ ਕਾਰਣ ਕੀ ਹੈ ?
13. ਚੌਲਾਂ ਦੇ ਉਤਪਾਦਨ ਵਿਚ ਸਭ ਤੋਂ ਵੱਡੇ ਰਾਜ ਦਾ ਕੀ ਨਾਂ ਹੈ ?
14. ਪੰਜਾਬ ਪ੍ਰਤੀ ਹੈਕਟੇਅਰ ਕਣਕ ਦੀ ਪੈਦਾਵਾਰ ਦੇ ਹਿਸਾਬ ਨਾਲ ਦੇਸ਼ ਵਿਚ ਕਿਹੜੇ ਸਥਾਨ ਤੇ ਆਉਂਦਾ ਹੈ ?
15. ਦਾਲਾਂ ਦੇ ਉਤਪਾਦਨ ਵਿਚ ਭਾਰਤ ਦਾ ਸੰਸਾਰ ਵਿਚ ਕਿਹੜਾ ਸਥਾਨ ਹੈ ?
16. ਪੰਜਾਬ ਵਿਚ ਹਰੀ ਕ੍ਰਾਂਤੀ ਤੋਂ ਬਾਅਦ ਦਾਲਾਂ ਦੇ ਉਤਪਾਦਨ ਖੇਤਰਾਂ ਵਿਚ ਕਿਸ ਤਰ੍ਹਾਂ ਦੀ ਤਬਦੀਲੀ ਆਈ ਹੈ ?
17. 21ਵੀਂ ਸਦੀ ਦੇ ਅੰਤ ਤੱਕ ਭਾਰਤ ਦੀ ਜਨਸੰਖਿਆ ਨੂੰ ਕਿੰਨੇ ਖਾਧ ਅੰਨ ਪਦਾਰਥਾਂ ਦੀ ਜ਼ਰੂਰਤ ਪਵੇਗੀ ?
18. ਭਾਰਤੀ ਖੇਤੀ ਦੀਆਂ ਅਜੋਕੇ ਸਮੇਂ ਵਿਚ ਕੋਈ ਮੁੱਖ ਤਿੰਨ ਸਮੱਸਿਆਵਾਂ ਦੱਸੋ।
19. ਸੰਸਾਰ ਵਿਚ ਭਾਰਤ ਦਾ ਗੰਨੇ ਦੇ ਉਤਪਾਦਨ ਵਿਚ ਕੀ ਸਥਾਨ ਹੈ ?
20. ਤੇਲ-ਬੀਜ ਫਸਲਾਂ ਦੇ ਨਾਂ ਦੱਸੋ।
21. ਮੂੰਗਫਲੀ ਦਾ ਸਭ ਤੋਂ ਵੱਧ ਉਤਪਾਦਨ ਕਰਨ ਵਾਲੇ ਦੋ ਰਾਜਾਂ ਦੇ ਨਾਂ ਲਿਖੋ।

22. ਤੇਲ-ਬੀਜ ਉਤਪਾਦਨ ਦੇ ਖੇਤਰਫਲ ਵਿਚ ਕਿਹੜੇ ਦਹਾਕੇ ਵਿਚ ਦੇਸ਼ ਵਿਚ ਸਭ ਤੋਂ ਵੱਧ ਵਾਧਾ ਹੋਇਆ ਹੈ ?
23. ਦੇਸ਼ ਦੇ ਮੁੱਖ ਕਪਾਹ ਉਤਪਾਦਕ ਰਾਜ ਕਿਹੜੇ-ਕਿਹੜੇ ਹਨ ?
24. ਕਪਾਹ ਦੀ ਪ੍ਰਤੀ ਹੈਕਟੇਅਰ ਪੈਦਾਵਾਰ ਕਿੰਨੀ ਹੈ ?
25. ਆਲੂ ਦੇ ਮੁੱਖ ਉਤਪਾਦਕ ਰਾਜ ਕਿਹੜੇ-ਕਿਹੜੇ ਹਨ ?
26. ਪੰਜਾਬ ਵਿਚ ਮੁੱਖ ਆਲੂ ਪੈਦਾ ਕਰਨ ਵਾਲੇ ਜ਼ਿਲ੍ਹਿਆਂ ਦੇ ਨਾਂ ਦੱਸੋ।
27. ਪਸ਼ੂ ਧਨ ਵਿਚ ਪੰਜਾਬ ਦਾ ਦੇਸ਼ ਵਿਚ ਕੀ ਸਥਾਨ ਹੈ ?
28. ਸਭ ਤੋਂ ਵੱਧ ਪਸ਼ੂਧਨ ਦੇਸ਼ ਦੇ ਕਿਹੜੇ ਰਾਜ ਵਿਚ ਮਿਲਦਾ ਹੈ ?
29. ਫ਼ਲਾਂ ਤੇ ਸਬਜ਼ੀਆਂ ਦੇ ਉਤਪਾਦਨ ਵਿਚ ਭਾਰਤ ਦਾ ਸੰਸਾਰ ਵਿਚ ਕਿਹੜਾ ਸਥਾਨ ਹੈ ?
30. ਸੇਬ ਉਤਪਾਦਨ ਵਿਚ ਮੁੱਖ ਰਾਜਾਂ ਦੇ ਨਾਂ ਦੱਸੋ।

**II. ਹੇਠਾਂ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ—**

1. ਖੇਤੀ ਨੂੰ ਆਰਥਿਕ ਪ੍ਰਣਾਲੀ ਦਾ ਮੁੱਖ ਆਧਾਰ ਕਿਉਂ ਕਿਹਾ ਜਾਂਦਾ ਹੈ ?
2. ਹਰੀ ਕ੍ਰਾਂਤੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਕੀ ਹਨ ?
3. ਖੇਤੀ ਖੇਤਰ ਵਿਚ ਕਿਹੜੀਆਂ-ਕਿਹੜੀਆਂ ਚੀਜ਼ਾਂ ਸ਼ਾਮਿਲ ਹੁੰਦੀਆਂ ਹਨ ?
4. ਦੁਧਾਰੂ ਪਸ਼ੂ ਤੇ ਭਾਰਵਾਹਕ ਪਸ਼ੂਆਂ ਵਿਚ ਕੀ ਅੰਤਰ ਹੈ ?
5. ਚਾਲੂ ਸੰਨਵੀ ਜ਼ਮੀਨ (Current Fallow Land) ਅਤੇ ਪੁਰਾਣੀ ਸੰਨਵੀ ਜ਼ਮੀਨ (Old Fallow Land) ਵਿਚ ਅੰਤਰ ਸਪੱਸ਼ਟ ਕਰੋ।
6. ਕਣਕ ਦੀ ਫ਼ਸਲ ਪੈਦਾ ਕਰਨ ਲਈ ਢੁਕਵੀਆਂ ਜਲਵਾਯੂ ਹਾਲਤਾਂ ਦਾ ਵਰਣਨ ਕਰੋ।
7. ਝੋਨਾ (ਚਾਵਲ) ਪੈਦਾ ਕਰਨ ਵਾਲੇ ਮੁੱਖ ਖੇਤਰਾਂ ਦੇ ਨਾਂ ਲਿਖੋ।
8. ਗੰਨਾ ਪੈਦਾ ਕਰਨ ਲਈ ਢੁਕਵੀਆਂ ਹਾਲਤਾਂ ਦਾ ਵਰਣਨ ਕਰੋ।
9. ਜੰਗਲਾਂ ਦੇ ਮੁੱਖ ਲਾਭ ਕੀ ਹਨ ?
10. ਭਾਰਤੀ ਖੇਤੀ ਨੂੰ ਨਿਰਬਾਹ ਖੇਤੀ ਕਿਉਂ ਕਹਿੰਦੇ ਹਨ ?
11. ਦੇਸ਼ ਵਿਚ ਪਸ਼ੂਧਨ ਦੇ ਵਿਕਾਸ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਦੀ ਵਿਆਖਿਆ ਕਰੋ।
12. 'ਹਰੀ ਕ੍ਰਾਂਤੀ' ਨੂੰ ਕੁਝ ਲੋਕ 'ਕਣਕ ਕ੍ਰਾਂਤੀ' ਦਾ ਨਾਂ ਕਿਉਂ ਦਿੰਦੇ ਹਨ ?
13. ਗ਼ੈਰ ਖੇਤੀ ਕੰਮਾਂ ਲਈ ਵਧਦੀ ਹੋਈ ਜ਼ਮੀਨ ਦੀ ਵਰਤੋਂ ਦੇ ਕੀ ਕਾਰਣ ਹਨ ?
14. ਵਣਾਂ ਦੇ ਮਹੱਤਵ ਬਾਰੇ ਸੰਖੇਪ ਵਿਚ ਲਿਖੋ।
15. ਆਜ਼ਾਦੀ ਦੇ ਬਾਦ ਖਾਧ ਅੰਨ ਪਦਾਰਥਾਂ ਦੀ ਪ੍ਰਤੀ ਵਿਅਕਤੀ ਪ੍ਰਾਪਤੀ ਤੇ ਕੀ ਅਸਰ ਪਿਆ ਹੈ ?
16. ਦੇਸ਼ ਵਿਚ ਖੇਤੀ ਜੋਤਾਂ ਦੇ ਛੋਟੇ ਹੋਣ ਦੇ ਕੀ ਕਾਰਣ ਹਨ ਅਤੇ ਇਹਨਾਂ ਦਾ ਭਾਰਤੀ ਖੇਤੀਬਾੜੀ ਤੇ ਕੀ ਅਸਰ ਪੈਂਦਾ ਹੈ ?
17. ਝੋਨਾ ਪੈਦਾ ਕਰਨ ਵਾਲੇ ਮੁੱਖ ਰਾਜਾਂ ਦੇ ਨਾਂ ਲਿਖੋ।
18. ਪੰਜਾਬ ਵਿਚ ਕਣਕ ਦੀ ਪ੍ਰਤੀ ਹੈਕਟੇਅਰ ਪੈਦਾਵਾਰ ਵੱਧ ਹੋਣ ਦੇ ਕੀ ਕਾਰਨ ਹਨ ?

19. ਦਾਲਾਂ ਦੇ ਪੈਦਾਵਾਰ ਖੇਤਰ ਵਿਚ ਘਾਟ ਆਉਣ ਦੇ ਕੀ ਕਾਰਨ ਹਨ ?
20. ਡੇਅਰੀ ਉਦਯੋਗ ਦੇ ਲਾਭ ਲਿਖੋ।
21. ਦਾਲਾਂ ਅਤੇ ਤੇਲ-ਬੀਜਾਂ ਦਾ ਉਤਪਾਦਨ ਅਜੇ ਘੱਟ ਕਿਉਂ ਹੈ ?
22. ਪੰਜਾਬ ਦੀ ਖੇਤੀਬਾੜੀ ਦੀਆਂ ਮੁੱਖ ਸਮੱਸਿਆਵਾਂ ਕੀ ਹਨ ?
23. ਹਰੀ ਕ੍ਰਾਂਤੀ ਦੇ ਬਾਅਦ ਦੇ ਸਾਲਾਂ ਵਿਚ ਆਏ ਫਸਲ ਚੱਕਰ ਵਿਚ ਤੇਜ਼ੀ ਨਾਲ ਆਏ ਪ੍ਰੀਵਰਤਨ ਦਾ ਵਰਣਨ ਕਰੋ।
24. ਉਹ ਕਿਹੜੇ ਸੰਕੇਤ ਹਨ ਜਿਹਨਾਂ ਤੋਂ ਇਹ ਪਤਾ ਚਲਦਾ ਹੈ ਕਿ ਭਾਰਤੀ ਖੇਤੀ ਨਿਰਬਾਹ ਖੇਤੀ ਤੋਂ ਹੱਟ ਕੇ ਵਪਾਰਿਕ ਖੇਤੀ ਵੱਲ ਵੱਧ ਰਹੀ ਹੈ।
25. ਖੇਤੀਬਾੜੀ ਦੇ ਵਿਕਾਸ ਦੇ ਲਈ ਭਾਰਤ ਸਰਕਾਰ ਦੁਆਰਾ ਕੀ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ ?

**III. ਹੇਠਾਂ ਲਿਖੇ ਪ੍ਰਸ਼ਨਾਂ ਦੇ ਵਿਸਤ੍ਰਿਤ ਉੱਤਰ ਦਿਓ—**

1. ਭਾਰਤੀ ਖੇਤੀਬਾੜੀ ਦੀਆਂ ਮੁੱਖ ਸਮੱਸਿਆਵਾਂ ਦਾ ਵਿਸਥਾਰਪੂਰਵਕ ਵਰਣਨ ਕਰੋ।
2. ਦੇਸ਼ ਵਿਚ 'ਹਰੀ ਕ੍ਰਾਂਤੀ' ਤੇ ਵਿਸਥਾਰ ਪੂਰਵਕ ਲੇਖ ਲਿਖੋ।
3. ਦੇਸ਼ ਵਿਚ ਝੋਨੇ (ਚਾਵਲ) ਦੀ ਖੇਤੀ ਦਾ ਵਿਸਥਾਰ ਪੂਰਵਕ ਵਰਣਨ ਕਰੋ।
4. ਦੇਸ਼ ਵਿਚ ਕਣਕ ਦੀ ਖੇਤੀ ਬਾਰੇ ਵਿਸਥਾਰ ਸਹਿਤ ਵਰਣਨ ਕਰੋ।
5. ਦੇਸ਼ ਵਿਚ ਦਾਲਾਂ ਦੀ ਖੇਤੀ ਬਾਰੇ ਲੇਖ ਲਿਖੋ।
6. ਤੇਲ-ਬੀਜ ਉਤਪਾਦਕ ਖੇਤਰਫਲ ਵਿਚ 'ਹਰੀ ਕ੍ਰਾਂਤੀ' ਦੇ ਬਾਅਦ ਆਈ ਘਾਟ ਦੇ ਕਾਰਣਾਂ ਤੇ ਚਾਨਣਾ ਪਾਓ ਅਤੇ ਸਰਕਾਰ ਦੁਆਰਾ ਤੇਲ-ਬੀਜਾਂ ਦੀ ਖੇਤੀ ਨੂੰ ਵਧਾਉਣ ਲਈ ਕੀ ਕਦਮ ਉਠਾਏ ਗਏ ਹਨ ?
7. ਦੇਸ਼ ਵਿਚ ਕਪਾਹ ਦੇ ਉਤਪਾਦਨ ਬਾਰੇ ਵਿਸਥਾਰਪੂਰਵਕ ਲੇਖ ਲਿਖੋ।
8. ਭਾਰਤ ਵਿਚ ਬਾਗਬਾਨੀ ਦੀਆਂ ਮੁੱਖ ਵਿਸ਼ੇਸ਼ਤਾਈਆਂ ਦਾ ਵਰਣਨ ਕਰੋ।

**IV. ਹੇਠਾਂ ਲਿਖਿਆਂ ਨੂੰ ਨਕਸ਼ੇ ਤੇ ਦਰਸਾਓ—**

1. ਮੁੱਖ ਕਣਕ ਉਤਪਾਦਕ ਖੇਤਰ
2. ਮੁੱਖ ਜਵਾਰ-ਬਾਜਰਾ ਉਤਪਾਦਕ ਖੇਤਰ
3. ਮੁੱਖ ਕਪਾਹ ਉਤਪਾਦਕ ਖੇਤਰ
4. ਮੁੱਖ ਚਾਵਲ ਉਤਪਾਦਕ ਖੇਤਰ
5. ਤੇਲ ਬੀਜ ਪੈਦਾ ਕਰਨ ਵਾਲੇ ਮੁੱਖ ਖੇਤਰ
6. ਗੰਨਾ ਉਤਪਾਦਕ ਖੇਤਰ
7. ਦਾਲਾਂ ਦੇ ਮੁੱਖ ਉਤਪਾਦਕ ਰਾਜ
8. ਮੱਕੀ ਪੈਦਾ ਕਰਨ ਵਾਲੇ ਖੇਤਰ

# ਪਾਠ 6

# ਖਣਿਜ ਪਦਾਰਥ ਅਤੇ ਊਰਜਾ ਸਾਧਨ

ਅਨੇਕਾਂ ਸਾਧਨ ਧਰਤੀ ਹੇਠ ਛੁਪੇ ਹੋਏ ਹਨ। ਇਹਨਾਂ ਵਿਚੋਂ ਕੁਝ ਤਾਂ ਬਹੁਤ ਹੀ ਨੀਚੇ ਸਮੁੰਦਰ ਦੇ ਫਰਸ਼ ਹੇਠ ਛੁਪੇ ਹਨ। ਅੱਜ ਕਲ੍ਹ ਦੇਸ਼ਾਂ ਦੇ ਆਰਥਿਕ ਵਿਕਾਸ ਵਿਚ ਇਹਨਾਂ ਖਣਿਜ ਸਾਧਨਾਂ ਦਾ ਬੇਹੱਦ ਮਹੱਤਵ ਹੈ। ਆਧੁਨਿਕ ਯੁੱਗ ਵਿਚ ਉਦਯੋਗਿਕ ਉੱਨਤੀ ਦੇ ਜਨਮਦਾਤਾ ਇੰਗਲੈਂਡ ਦੀ ਆਰਥਿਕ ਤੇ ਉਦਯੋਗਿਕ ਉੱਨਤੀ ਦੇ ਜਨਮਦਾਤਾ ਇੰਗਲੈਂਡ ਦੀ ਆਰਥਿਕ ਤੇ ਉਦਯੋਗਿਕ ਸ਼ਕਤੀ ਦਾ ਆਧਾਰ, ਇਸ ਦੇਸ਼ ਵਿਚ ਮਿਲਣ ਵਾਲੇ ਖਣਿਜ ਜਿਵੇਂ ਲੋਹਾ, ਕੋਲਾ, ਤਾਂਬਾ, ਸੋਨਾ, ਐਲੂਮੀਨੀਅਮ ਆਦਿ ਦਾ ਆਸਾਨੀ ਨਾਲ ਵੱਡੀ ਮਾਤਰਾ ਵਿਚ ਉਪਲੱਬਧ ਹੋਣਾ ਹੈ।


ਸਾਡਾ ਦੇਸ਼ ਵੀ ਖਣਿਜ ਸੰਪਤੀ ਦੇ ਪੱਖੋਂ ਕਾਫ਼ੀ ਸੰਪੰਨ ਦੇਸ਼ ਮੰਨਿਆ ਜਾਂਦਾ ਹੈ। ਇਕ ਅਨੁਮਾਨ ਦੇ ਅਨੁਸਾਰ ਦੇਸ਼ ਵਿਚ ਸੰਸਾਰ ਦੇ ਕੁੱਲ ਲੋਹਾ-ਧਾਤ (Iron Ore) ਭੰਡਾਰ ਦਾ ਇਕ ਚੌਥਾਈ ਹਿੱਸਾ ਮੌਜੂਦ ਹੈ। ਲੋਹਾ ਤੇ ਇਸਪਾਤ ਉਦਯੋਗ ਵਿਚ ਕੰਮ ਆਉਣ ਵਾਲੇ ਮੁੱਖ ਖਣਿਜ ਮੈਂਗਨੀਜ਼ ਦੇ ਵੀ ਵਿਸ਼ਾਲ ਭੰਡਾਰ ਭਾਰਤ ਵਿਚ ਮਿਲਦੇ ਹਨ। ਦੇਸ਼ ਵਿਚ ਕੋਲਾ, ਚੂਨੇ ਦਾ ਪੱਥਰ, ਬਾਕਸਾਈਟ ਅਤੇ ਅਬਰਕ ਦੇ ਵੀ ਕਾਫ਼ੀ ਭੰਡਾਰ ਮੌਜੂਦ ਹਨ। ਪਰੰਤੂ ਅਲੋਹ ਖਣਿਜ (Non Ferrous) ਜਿਵੇਂ ਸੀਸਾ, ਜਿਸਤ, ਤਾਂਬਾ ਅਤੇ ਸੋਨਾ ਆਦਿ ਦੇ ਭੰਡਾਰ ਬਹੁਤ ਹੀ ਘੱਟ ਮਾਤਰਾ ਵਿਚ ਮਿਲਦੇ ਹਨ। ਦੇਸ਼ ਵਿਚ ਗੰਧਕ ਦਾ ਭੰਡਾਰ ਲਗਪਗ ਨਹੀਂ ਦੇ ਬਰਾਬਰ ਹੈ ਜਦੋਂ ਕਿ ਆਧੁਨਿਕ ਰਸਾਇਣ ਉਦਯੋਗ ਦਾ ਮੁੱਖ ਆਧਾਰ ਗੰਧਕ ਹੀ ਹੈ।

ਸਾਡੇ ਦੇਸ਼ ਵਿਚ ਜਲ-ਸ਼ਕਤੀ ਦੇ ਸਾਧਨ ਅਤੇ ਪ੍ਰਮਾਣੂ-ਸ਼ਕਤੀ ਦੇ ਖਣਿਜ ਵੀ ਕਾਫ਼ੀ ਮਾਤਰਾ ਵਿਚ ਮਿਲਦੇ ਹਨ। ਇਹਨਾਂ ਦਾ ਪ੍ਰਯੋਗ ਇਹਨਾਂ ਦੀ ਸ਼ਕਤੀ ਸਮਰੱਥਾ ਅਤੇ ਵਾਤਾਵਰਨ ਦੇ ਨਾਲ ਬਹੁਤ ਘੱਟ ਛੇੜ-ਛਾੜ ਕਰਨ ਕਰਕੇ ਸ਼ਕਤੀ ਸਾਧਨਾਂ ਦੇ ਤੌਰ ਤੇ ਕਾਫ਼ੀ ਤੇਜ਼ੀ ਨਾਲ ਵੱਧ ਰਿਹਾ ਹੈ। ਇਸੇ ਕਾਰਨ ਸੌਰ ਊਰਜਾ ਵੀ ਸ਼ਕਤੀ ਸਾਧਨ ਦੇ ਤੌਰ ਤੇ ਵਰਤੀ ਜਾ ਰਹੀ ਹੈ। ਸੌਰ-ਸ਼ਕਤੀ ਤਾਂ ਕੁਦਰਤ ਵਲੋਂ ਪ੍ਰਦਾਨ ਕੀਤੀ ਗਈ ਅਮੁਲ-ਸ਼ਕਤੀ ਭੰਡਾਰ ਦੀ ਇਕ ਦੇਣ ਹੈ। ਇਸ ਦਾ ਪ੍ਰਯੋਗ ਤੇਜ਼ੀ ਨਾਲ ਭਵਿੱਖ ਵਿਚ ਸ਼ਕਤੀ ਦੇ ਸਾਧਨ ਦੇ ਤੌਰ ਤੇ ਹੋਰ ਵਧੇਗਾ।

ਭਾਰਤੀ ਸੰਵਿਧਾਨ ਦੇ ਅਨੁਸਾਰ ਖਣਿਜਾਂ ਦੀ ਵਰਤੋਂ ਅਤੇ ਇਹਨਾਂ ਦੇ ਕਾਨੂੰਨ ਬਣਾਉਣ ਆਦਿ ਦਾ ਕੰਮ ਰਾਜ ਸਰਕਾਰਾਂ ਦੇ ਕੋਲ ਹੈ। ਪਰੰਤੂ ਕੇਂਦਰ ਸਰਕਾਰ ਖਾਣ ਅਤੇ ਖਣਿਜ ਉਦਯੋਗ ਐਕਟ, 1957 ਦੇ ਅਧੀਨ ਖਣਿਜਾਂ ਦੇ ਵਿਕਾਸ ਨੂੰ ਸੇਧ ਦੇਣ ਲਈ ਕਾਨੂੰਨ ਬਣਾਉਂਦੀ ਹੈ। ਇਸ ਐਕਟ ਦੇ ਅਨੁਸਾਰ ਭਾਰਤ ਸਰਕਾਰ ਦਾ ਇਹ ਹੱਕ ਹੈ ਕਿ (*i*) ਛੋਟੇ ਖਣਿਜਾਂ ਨੂੰ ਛੱਡ ਕੇ ਸਾਰੇ ਖਣਿਜਾਂ ਨੂੰ ਕੱਢਣ ਲਈ ਲਾਇਸੈਂਸ ਬਣਾਉਣਾ ਅਤੇ ਖਾਣਾਂ ਦੇ ਠੇਕੇ ਦੇਣਾ; (*ii*) ਖਣਿਜਾਂ ਦੀ ਸੰਭਾਲ ਅਤੇ ਵਿਕਾਸ; ਅਤੇ (*iii*) ਪੁਰਾਣੇ ਦਿੱਤੇ ਗਏ ਖਾਣ ਠੇਕਿਆਂ ਵਿਚ ਥੋੜ੍ਹੇ ਸਮੇਂ ਤੋਂ ਬਾਅਦ ਫੇਰਬਦਲ ਕਰਨਾ ਹੈ। ਇਹ ਐਕਟ 1 ਜੂਨ, 1958 ਵਿਚ ਲਾਗੂ ਕੀਤਾ ਗਿਆ ਸੀ ਜਿਸ ਵਿਚ 1972 ਅਤੇ 1986 ਵਿਚ ਕਈ ਤਬਦੀਲੀਆਂ ਕੀਤੀਆਂ ਜਾ ਚੁੱਕੀਆਂ ਹਨ। ਅੱਗੇ ਭਾਰਤ ਦੇ ਮੁੱਖ ਖਣਿਜ ਪਦਾਰਥਾਂ ਦਾ ਉਲੇਖ ਕੀਤਾ ਜਾ ਰਿਹਾ ਹੈ;

**1. ਲੋਹਾ (Iron) :**

ਵਧੀਆ ਵੰਨਗੀ ਦਾ ਹੈਮੇਟਾਈਟ ਅਤੇ ਮੈਗਨੇਟਾਈਟ ਲੋਹਾ ਸਾਡੇ ਦੇਸ਼ ਵਿਚ ਮਿਲਦਾ ਹੈ। ਇਸ ਵਿਚ 60-70% ਤੱਕ ਲੋਹ ਅੰਸ਼ ਹੁੰਦਾ ਹੈ। ਹੈਮੇਟਾਈਟ ਕਿਸਮ ਦਾ ਲੋਹਾ ਮੁੱਖ ਤੌਰ ਤੇ ਬਿਹਾਰ, ਝਾਰਖੰਡ, ਉੜੀਸਾ, ਮੱਧ ਪ੍ਰਦੇਸ਼, ਛੱਤੀਸਗੜ੍ਹ, ਮਹਾਂਰਾਸ਼ਟਰ, ਗੋਆ ਅਤੇ ਕਰਨਾਟਕ ਵਿਚ ਮਿਲਦਾ ਹੈ ਜਦੋਂ ਕਿ ਮੈਗਨੇਟਾਈਟ ਕਿਸਮ


ਭਾਰਤ
ਖਣਿਜ
▲ ਕੱਚਾ ਲੋਹਾ
△ ਮੈਂਗਨੀਜ਼
• ਕਰੋਮਾਈਟ
* ਅਬਰਕ
• ਤਾਂਬਾ
◦ ਬਾਕਸਾਈਟ
0
500 ਕਿ.ਮੀ.

ਮੁੱਖ ਤੌਰ ਤੇ ਪੱਛਮੀ ਤੱਟ ਦੇ ਨਾਲ ਨਾਲ ਮਹਾਂਰਾਸ਼ਟਰ ਅਤੇ ਕਰਨਾਟਕ ਵਿਚ ਮਿਲਦੀ ਹੈ। ਇਸ ਤੋਂ ਇਲਾਵਾ ਲੋਹਾ ਕੇਰਲ, ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ਼ ਵਿਚ ਵੀ ਮਿਲਦਾ ਹੈ।

ਦੇਸ਼ ਵਿਚ ਇਕ ਅੰਦਾਜ਼ੇ ਅਨੁਸਾਰ ਵਰਤਣ ਯੋਗ ਲੋਹੇ ਦਾ ਕੁੱਲ ਭੰਡਾਰ 12 ਅਰਬ 74 ਕਰੋੜ ਟਨ ਹੈ ਜਿਸ ਵਿਚੋਂ ਹੈਮੇਟਾਈਟ 9 ਅਰਬ 60 ਕਰੋੜ ਟਨ ਅਤੇ ਮੈਗਨੇਟਾਈਟ 3 ਅਰਬ 14 ਕਰੋੜ ਟਨ ਹੈ। ਦੇਸ਼ ਦਾ 50% ਤੋਂ ਵੀ ਵੱਧ ਕੱਚਾ ਲੋਹਾ ਬਿਹਾਰ, ਝਾਰਖੰਡ ਦੇ ਸਿੰਘਭੂਮ ਜ਼ਿਲ੍ਹੇ ਅਤੇ ਆਸ ਪਾਸ ਤੇ ਉੜੀਸਾ ਦੇ ਕਿਉਂਝਰ, ਬੋਨਾਈ ਅਤੇ ਮਯੂਰਭੰਜ ਜ਼ਿਲ੍ਹਿਆਂ ਵਿਚ ਮਿਲਦਾ ਹੈ। ਇਹਨਾਂ ਤੋਂ ਇਲਾਵਾ ਝਾਰਖੰਡ ਦੇ ਹਜ਼ਾਰੀਬਾਗ਼, ਪਲਾਮਊ ਅਤੇ ਸਾਹਿਬਗੰਜ ਜ਼ਿਲ੍ਹਿਆਂ ਵਿਚ ਵੀ ਕੱਚਾ ਲੋਹਾ ਮਿਲਦਾ ਹੈ।

ਛੱਤੀਸਗੜ੍ਹ ਵਿਚ ਰਾਇਪੁਰ, ਦੁਰਗ, ਰਾਜਨੰਦ ਗਾਓਂ, ਬਸਤਰ, ਰਾਇਗੜ੍ਹ, ਬਿਲਾਸਪੁਰ, ਮੱਧ ਪ੍ਰਦੇਸ਼ ਵਿਚ ਬਾਲਾਘਾਟ ਅਤੇ ਜੱਬਲਪੁਰ ਜ਼ਿਲ੍ਹਿਆਂ ਵਿਚ ਕੱਚਾ ਲੋਹਾ ਮਿਲਦਾ ਹੈ। ਬੈਲਾਡਿਲਾ ਖੇਤਰ ਦੀਆਂ ਲੋਹਾ ਖਾਣਾਂ ਦਾ ਕੱਚਾ ਲੋਹਾ ਵੱਧ ਉਤਪਾਦਨ ਤੇ ਨਿਰਯਾਤ ਲਈ ਮਸ਼ਹੂਰ ਹੈ। ਕਰਨਾਟਕ ਦੇ ਬੇਲਾਰੀ ਚਿਤਰਦੁਰਗ ਅਤੇ ਚਿਕਮਗਲੂਰ ਜ਼ਿਲ੍ਹੇ ਵੀ ਕੱਚੇ ਲੋਹੇ ਦੇ ਮੁੱਖ ਕੇਂਦਰ ਹਨ। ਕਰਨਾਟਕ ਦੀ ਕੁਦਰੇਮੁੱਖ ਖਾਣ ਕੱਚੇ ਲੋਹੇ ਦੇ ਨਿਰਯਾਤ ਲਈ ਬਹੁਤ ਮਸ਼ਹੂਰ ਹੈ।

ਦੇਸ਼ ਵਿਚ ਕੱਚੇ ਲੋਹੇ ਦਾ ਉਤਪਾਦਨ ਲਗਾਤਾਰ ਵੱਧ ਰਿਹਾ ਹੈ। 1951 ਵਿਚ ਉਤਪਾਦਨ ਕੇਵਲ 40 ਲੱਖ (4 ਮਿਲੀਅਨ) ਟਨ ਸੀ ਜੋ 1987 ਵਿਚ ਵੱਧ ਕੇ 5 ਕਰੋੜ (50 ਮਿਲੀਅਨ) ਟਨ ਹੋ ਗਿਆ। ਸਾਲ 1997-98 ਵਿਚ ਇਹ ਉਤਪਾਦਨ 71.5 ਮਿਲੀਅਨ ਟਨ ਅਤੇ 2019 ਵਿੱਚ 21 ਕਰੋੜ ਟਨ ਹੋ ਗਿਆ। ਖਾਣ ਉਦਯੋਗ ਵਿਚ ਵਿਦੇਸ਼ੀ ਤੇ ਨਿੱਜੀ ਪੂੰਜੀ ਨਿਵੇਸ਼ ਨੂੰ ਵਧਾਉਣ ਕਰਕੇ ਹੀ ਅਪਣਾਈ ਗਈ ਸਰਕਾਰੀ ਨੀਤੀ ਦੇ ਨਤੀਜੇ ਵਜੋਂ ਪਿਛਲੇ ਸਾਲਾਂ ਵਿਚ ਲੋਹਾ ਉਤਪਾਦਨ ਵਿਚ ਤੇਜ਼ ਵਾਧਾ ਰਿਕਾਰਡ ਹੋਇਆ ਹੈ। ਜਾਪਾਨ ਸਾਡੇ ਦੇਸ਼ ਦੀ ਕੱਚੇ ਲੋਹੇ ਦੀ ਧਾਤ ਦੀ ਬਰਾਮਦ ਦਾ ਮੁੱਖ ਦੇਸ਼ ਹੈ। ਇਸ ਤੋਂ ਇਲਾਵਾ ਈਰਾਨ ਨੇ ਕਰਨਾਟਕ ਦੀ ਕੁਦਰੇਮੁੱਖ ਖਾਣ ਵਿਚ ਨਿਵੇਸ਼ ਕੀਤਾ ਸੀ ਜਿਸ ਰਾਹੀਂ ਭਾਰਤ ਤੋਂ ਲੋਹ ਪਦਾਰਥ ਦਰਾਮਦ ਕੀਤੇ ਜਾਣੇ ਸਨ।

**2. ਮੈਗਨੀਜ਼ (Manganese) :**

ਇਸ ਦਾ ਪ੍ਰਯੋਗ ਇਸਪਾਤ ਬਣਾਉਣ ਲਈ ਕੀਤਾ ਜਾਂਦਾ ਹੈ। ਇਸਦਾ ਮਿਸ਼ਰਣ ਇਸਪਾਤ ਨੂੰ ਮਜ਼ਬੂਤੀ ਦੇਣ ਲਈ ਕੀਤਾ ਜਾਂਦਾ ਹੈ। ਦੇਸ਼ ਵਿਚ ਮੈਂਗਨੀਜ਼ ਦੇ ਵਿਸ਼ਾਲ ਭੰਡਾਰ ਹਨ। ਕੁੱਲ ਭੰਡਾਰ ਦਾ ਅਨੁਮਾਨ 95 ਕਰੋੜ ਟਨ ਹੈ। ਓਡੀਸ਼ਾ ਇਸ ਖਣਿਜ ਦਾ ਸਭ ਤੋਂ ਵੱਡਾ ਉਤਪਾਦਕ ਰਾਜ ਹੈ। ਇਸ ਤੋਂ ਬਾਦ ਮੱਧ ਪ੍ਰਦੇਸ਼, ਛੱਤੀਸਗੜ੍ਹ, ਮਹਾਰਾਸ਼ਟਰ ਅਤੇ ਕਰਨਾਟਕ ਦਾ ਸਥਾਨ ਹੈ। ਆਂਧਰਾ ਪ੍ਰਦੇਸ਼, ਗੋਆ, ਗੁਜਰਾਤ ਅਤੇ ਬਿਹਾਰ ਰਾਜਾਂ ਵਿਚ ਵੀ ਮੈਂਗਨੀਜ਼ ਦਾ ਉਤਪਾਦਨ ਹੁੰਦਾ ਹੈ।

ਮੈਂਗਨੀਜ਼ ਦੀਆਂ ਖਾਣਾਂ ਦੇ ਮੁੱਖ ਕੇਂਦਰ ਕਿਉਂਝਰ, ਕਾਲਾਹਾਂਡੀ, ਮਯੂਰਭੰਜ (ਉੜੀਸਾ), ਬਾਲਾਘਾਟ, ਛਿੰਦਵਾੜਾ, ਜੱਬਲਪੁਰ, ਝਬੂਆ (ਮੱਧ ਪ੍ਰਦੇਸ਼), ਨਾਗਪੁਰ, ਭੰਡਾਰਾ ਤੇ ਰਤਨਾਗਿਰੀ (ਮਹਾਂਰਾਸ਼ਟਰ), ਪੰਚ ਮਹੱਲ (ਗੁਜਰਾਤ), ਚਿੱਤਰਦੁਰਗ, ਤੁਮਕੁਰ, ਸ਼ਿਮੋਗਾ, ਚਿਕਮਗਲੂਰ, ਬੈਲਗਾਂਵ, ਉੱਤਰ ਕਨਾਰਾ ਅਤੇ ਧਾਰਵਾੜ (ਕਰਨਾਟਕ) ਹਨ। ਇਹਨਾਂ ਤੋਂ ਇਲਾਵਾ ਸਿੰਘਭੂਮ (ਝਾਰਖੰਡ), ਵਿਸ਼ਾਖਾਪਟਨਮ, ਨਿਜ਼ਾਮਾਬਾਦ (ਆਂਧਰਾ ਪ੍ਰਦੇਸ਼), ਬਾਂਸਵਾੜਾ ਅਤੇ ਉਦੇਪੁਰ (ਰਾਜਸਥਾਨ) ਵਿਚ ਵੀ ਕੁਝ ਭੰਡਾਰ ਮੌਜੂਦ ਹਨ।

ਮੈਂਗਨੀਜ਼ ਕੱਚੀ ਧਾਤ ਦੇ ਉਤਪਾਦਨ ਵਿਚ ਭਾਰਤ ਦਾ ਸੰਸਾਰ ਵਿਚ ਬ੍ਰਾਜ਼ੀਲ, ਦੱਖਣੀ ਅਫ਼ਰੀਕਾ ਅਤੇ ਪੂਰਵ ਸੋਵੀਅਤ ਸੰਘ ਤੋਂ ਬਾਅਦ ਚੌਥਾ ਸਥਾਨ ਹੈ। 1996-97 ਵਿਚ ਦੇਸ਼ ਦਾ ਕੁੱਲ ਉਤਪਾਦਨ 18 ਲੱਖ ਟਨ ਸੀ। ਇਸ ਤੋਂ ਪਹਿਲਾਂ 1991-92 ਵਿਚ ਕੁੱਲ ਉਤਪਾਦਨ 15 ਲੱਖ 52 ਹਜ਼ਾਰ ਟਨ ਸੀ।

**3. ਅਬਰਕ (Mica) :**

ਇਸ ਖਣਿਜ ਵਿਚ ਭਾਰਤ ਸੰਸਾਰ ਵਿਚ ਸਭ ਤੋਂ ਵੱਡਾ ਉਤਪਾਦਕ ਦੇਸ਼ ਹੈ। ਸੰਸਾਰ ਦੇ ਵਪਾਰ ਦਾ 60.0 ਪ੍ਰਤੀਸ਼ਤ ਭਾਗ ਇਕੱਲਾ ਭਾਰਤ ਨਿਰਯਾਤ ਕਰਦਾ ਹੈ। ਇਸ ਦੇ ਮੁੱਖ ਉਤਪਾਦਕ ਰਾਜਾਂ ਵਿਚ ਬਿਹਾਰ, ਝਾਰਖੰਡ, ਆਂਧਰਾ ਪ੍ਰਦੇਸ਼ ਅਤੇ ਰਾਜਸਥਾਨ ਹੈ। ਕੁੱਲ ਅਬਰਕ ਦਾ ਅੱਧਾ ਹਿੱਸਾ ਬਿਹਾਰ ਰਾਜ ਤੋਂ ਮਿਲਦਾ ਹੈ। ਝਾਰਖੰਡ (ਹਜ਼ਾਰੀ ਬਾਗ), ਗਯਾ, ਮੁੰਘੇਰ (ਬਿਹਾਰ), ਨੈਲੋਰ (ਆਂਧਰਾ ਪ੍ਰਦੇਸ਼), ਅਜਮੇਰ, ਟੌਂਕ, ਭੀਲਵਾੜਾ ਅਤੇ ਜੈਪੁਰ (ਰਾਜਸਥਾਨ) ਜਿਹੇ ਮੁੱਖ ਜ਼ਿਲ੍ਹੇ ਉਤਪਾਦਨ ਕਰਦੇ ਹਨ। 1995-96 ਵਿਚ ਕੱਚੇ ਅਬਰਕ ਦਾ ਕੁੱਲ ਉਤਪਾਦਨ ਲਗਪਗ 1962 ਟਨ ਸੀ ਜੋ ਕਿ ਸੰਨ 2020 ਵਿੱਚ 95 ਹਜ਼ਾਰ ਟਨ ਹੋ ਗਿਆ। ਅਬਰਕ ਬਿਜਲੀ ਉਦਯੋਗ ਵਿਚ ਕੰਮ ਆਉਂਦਾ ਹੈ। ਦੇਸ਼ ਇਸ ਦੇ ਨਿਰਯਾਤ ਤੋਂ ਲਗਪਗ 150 ਕਰੋੜ ਰੁਪਏ ਦੇ ਬਰਾਬਰ ਦੀ ਵਿਦੇਸ਼ੀ ਪੂੰਜੀ ਪ੍ਰਾਪਤ ਕਰਦਾ ਹੈ।

**4. ਬਾਕਸਾਈਟ (ਐਲੂਮੀਨੀਅਮ) :**

ਬਾਕਸਾਈਟ ਕੱਚੀ ਧਾਤ ਤੋਂ ਐਲੂਮੀਨੀਅਮ ਧਾਤ ਤਿਆਰ ਕੀਤੀ ਜਾਂਦੀ ਹੈ ਜਿਸਦੀ ਖਪਤ ਮੁੱਖ ਤੌਰ ਤੇ ਬਿਜਲੀ ਸੰਬੰਧੀ ਉਦਯੋਗ ਵਿਚ ਕੀਤੀ ਜਾਂਦੀ ਹੈ।

ਐਲੂਮੀਨੀਅਮ ਹਲਕੀ ਅਤੇ ਤਾਪਮਾਨ ਦੀ ਸੁਚਾਲਕ ਧਾਤ ਹੋਣ ਕਰਕੇ ਹਵਾਈ ਜਹਾਜ਼ ਅਤੇ ਬਿਜਲੀ ਸਾਮਾਨ ਵਿਚ ਵੱਧ ਵਰਤੀ ਜਾਂਦੀ ਹੈ। ਭਾਰਤ ਇਸ ਕੱਚੀ ਧਾਤ ਦੇ ਉਤਪਾਦਨ ਵਿਚ ਸੰਸਾਰ ਵਿਚ ਪੰਜਵੇਂ ਨੰਬਰ ਤੇ ਆਉਂਦਾ ਹੈ। ਦੇਸ਼ ਦੇ ਕੁੱਲ ਭੰਡਾਰਾਂ ਦਾ ਅੰਦਾਜ਼ਾ 253 ਕਰੋੜ ਟਨ ਲਿਆ ਗਿਆ ਹੈ। ਮੁੱਖ ਉਤਪਾਦਕ ਰਾਜ, ਆਂਧਰਾ ਪ੍ਰਦੇਸ਼, ਬਿਹਾਰ, ਝਾਰਖੰਡ, ਗੋਆ, ਗੁਜਰਾਤ, ਜੰਮੂ ਅਤੇ ਕਸ਼ਮੀਰ, ਕਰਨਾਟਕ, ਕੇਰਲ, ਮੱਧ ਪ੍ਰਦੇਸ਼, ਛੱਤੀਸਗੜ੍ਹ, ਮਹਾਰਾਸ਼ਟਰ, ਉੜੀਸਾ, ਤਾਮਿਲਨਾਡੂ ਅਤੇ ਉੱਤਰ ਪ੍ਰਦੇਸ਼ ਹਨ।

ਪਾਲਾਮਊ (ਝਾਰਖੰਡ), ਖੇੜਾ (ਗੁਜਰਾਤ) ਅਤੇ ਜੱਬਲਪੁਰ (ਮੱਧ ਪ੍ਰਦੇਸ਼) ਵਿਚ ਬਾਕਸਾਈਟ ਦੀਆਂ ਉੱਤਮ ਵੰਨਗੀ ਦੀਆਂ ਖਾਣਾਂ ਹਨ। ਇਸ ਤੋਂ ਇਲਾਵਾ ਬਾਲਾਘਾਟ (ਮੱਧ ਪ੍ਰਦੇਸ਼), ਬਿਲਾਸਪੁਰ ਤੇ ਬਸਤਰ (ਛੱਤੀਸਗੜ੍ਹ), ਸੇਲਮ (ਤਾਮਿਲਨਾਡੂ), ਚਿੱਤਰਦੁਰਗ ਤੇ ਬੈਲਗਾਂਵ (ਕਰਨਾਟਕ), ਕੋਹਲਾਪੁਰ (ਮਹਾਂਰਾਸ਼ਟਰ) ਅਤੇ ਜੰਮੂ (ਜੰਮੂ ਤੇ ਕਸ਼ਮੀਰ) ਵਿਚ ਵੀ ਵਧੀਆ ਕਿਸਮ ਦਾ ਬਾਕਸਾਈਟ ਮਿਲਦਾ ਹੈ।

ਸਾਲ 1951 ਵਿਚ ਕੁੱਲ ਉਤਪਾਦਨ 68 ਹਜ਼ਾਰ ਟਨ ਸੀ ਜੋ 1979 ਵਿਚ ਵੱਧ ਕੇ 19 ਲੱਖ ਟਨ ਅਤੇ 1996-97 ਵਿਚ 59 ਲੱਖ ਟਨ ਤੇ ਸੰਨ 2019 ਵਿੱਚ 2 ਕਰੋੜ 30 ਲੱਖ ਟਨ ਤੱਕ ਪਹੁੰਚ ਗਿਆ। ਭਾਰਤ, ਜਾਪਾਨ ਅਤੇ ਯੂਰਪੀ ਦੇਸ਼ਾਂ ਨੂੰ ਬਾਕਸਾਈਟ ਨਿਰਯਾਤ ਕਰਦਾ ਹੈ।

**5. ਤਾਂਬਾ (Copper) :**

ਘਰੇਗੀ ਵਰਤੋਂ ਲਈ ਬਰਤਨ ਬਣਾਉਣ ਹਿੱਤ ਤਾਂਬੇ ਦਾ ਪ੍ਰਯੋਗ ਹੁੰਦਾ ਹੈ। ਇਹ ਤਾਪ ਦਾ ਵਧੀਆ ਚਾਲਕ ਹੋਣ ਕਰਕੇ ਬਿਜਲੀ ਉਦਯੋਗ ਲਈ ਬਹੁਤ ਫ਼ਾਇਦੇਮੰਦ ਸਾਬਤ ਹੋਇਆ ਹੈ। ਦੇਸ਼ ਵਿਚ ਤਾਂਬੇ ਦੇ ਮੁੱਖ ਉਤਪਾਦਕ ਬਿਜਲੀ ਸਿੰਘਭੂਮ (ਝਾਰਖੰਡ), ਬਾਲਾਘਾਟ (ਮੱਧ ਪ੍ਰਦੇਸ਼), ਝੁਨਝੁਨੂ ਅਤੇ ਅਲਵਰ (ਰਾਜਸਥਾਨ) ਹਨ। ਇਹਨਾਂ ਤੋਂ ਇਲਾਵਾ ਖਮਾਮ (ਆਂਧਰਾ ਪ੍ਰਦੇਸ਼), ਚਿੱਤਰਦੁਰਗ ਤੇ ਹਸਨ (ਕਰਨਾਟਕ) ਅਤੇ ਸਿੱਕਿਮ ਵਿਚ ਵੀ ਕੁਝ ਮਾਤਰਾ ਵਿਚ ਤਾਂਬਾ ਕੱਢਿਆ ਜਾਂਦਾ ਹੈ। ਦੇਸ਼ ਵਿਚ ਤਾਂਬੇ ਦੀ ਕੱਚੀ ਧਾਤ ਦਾ ਕੁੱਲ ਉਤਪਾਦਨ ਦਾ ਅੰਦਾਜ਼ਾ 28.3 ਕਰੋੜ ਟਨ ਹੈ ਜਿਸ ਵਿਚੋਂ 28.5 ਲੱਖ ਟਨ ਧਾਤ ਪੈਦਾ ਕਰਨ ਦਾ ਅਨੁਮਾਨ ਹੈ। 1997-98 ਵਿਚ 44.96 ਲੱਖ ਟਨ ਤਾਂਬੇ ਦੀ ਕੱਚੀ ਧਾਤ ਦਾ ਉਤਪਾਦਨ ਹੋਇਆ ਸੀ ਜੋ ਕਿ ਸੰਨ 2020 ਤੱਕ ਘੱਟ ਕੇ 3.35 ਲੱਖ ਟੱਨ ਰਹਿ ਗਿਆ।

**6. ਸੋਨਾ (Gold) :**

ਇਹ ਬਹੁਤ ਹੀ ਮਹੱਤਵਪੂਰਣ ਤੇ ਮਹਿੰਗੀ ਧਾਤ ਹੈ। ਇਸਦਾ ਪ੍ਰਯੋਗ ਗਹਿਣੇ ਬਨਾਉਣ, ਬੈਂਕਾਂ ਵਿਚ ਜਮ੍ਹਾਂ ਕੀਤੇ ਸਰਮਾਏ ਦੇ ਭੰਡਾਰ ਦੇ ਰੂਪ ਵਿਚ ਰੱਖਣ, ਲੋੜ ਪੈਣ ਤੇ ਵਿਦੇਸ਼ੀ ਵਪਾਰ ਤੇ ਘਾਟੇ ਨੂੰ ਘਟਾਉਣ ਲਈ ਅਦਾ ਕੀਤੀ ਜਾਂਦੀ ਅਮਾਨਤੀ ਧਾਤ ਆਦਿ ਦੇ ਕੰਮ ਲੈਣ ਵਿਚ ਵੀ ਕੀਤਾ ਜਾਂਦਾ ਹੈ।

ਸਾਡੇ ਦੇਸ਼ ਵਿਚ ਸੋਨੇ ਦਾ ਭੰਡਾਰ ਬਹੁਤ ਘੱਟ ਹੈ। ਦੇਸ਼ ਵਿਚ ਸੋਨਾ ਮੁੱਖ ਤੌਰ ਤੇ ਕਰਨਾਟਕ ਰਾਜ ਦੀ **ਕੋਲਾਰ ਫੀਲਡ ਖਾਣ** (ਕੋਲਾਰ ਜ਼ਿਲ੍ਹੇ) ਤੇ ਹੱਟੀ ਫੀਲਡ (ਰਾਏਚੂਰ ਜ਼ਿਲ੍ਹਾ) ਤੋਂ ਕੱਢਿਆ ਜਾਂਦਾ ਹੈ। ਇਸ ਤੋਂ ਇਲਾਵਾ ਆਂਧਰਾ ਪ੍ਰਦੇਸ਼ ਦੇ ਅਨੰਤਪੁਰ ਜ਼ਿਲ੍ਹੇ ਦੇ ਰਾਮਗਿਰੀ ਸੋਨਾ ਖੇਤਰ ਤੋਂ ਵੀ ਕੁਝ ਮਾਤਰਾ ਵਿਚ ਸੋਨਾ ਕੱਢਿਆ ਜਾਂਦਾ ਹੈ। ਕੋਲਾਰ ਖਾਣਾਂ ਸੰਸਾਰ ਦੀ ਸਭ ਤੋਂ ਡੂੰਘੀਆਂ ਖਾਣਾਂ ਵਿਚੋਂ ਇਕ ਹੈ ਜਿਸ ਕਰਕੇ ਇਥੇ ਖਾਣ ਖੁਦਾਈ ਦੇ ਕੰਮ ਤੇ ਸਭ ਤੋਂ ਵੱਧ ਖਰਚ ਆਉਂਦਾ ਹੈ। ਦੇਸ਼ ਵਿਚ ਕੁੱਲ ਸੋਨੇ ਦੀ ਕੱਚੀ ਧਾਤ ਦੇ ਭੰਡਾਰ 88 ਲੱਖ ਟਨ ਹੋਣ ਦਾ ਅੰਦਾਜ਼ਾ ਹੈ। ਦੇਸ਼ ਵਿਚ ਸੋਨੇ ਦਾ ਉਤਪਾਦਨ ਘੱਟ ਰਿਹਾ ਹੈ। 1951 ਵਿਚ ਸੋਨੇ ਦਾ ਕੁੱਲ ਉਤਪਾਦਨ 7000 ਕਿਲੋਗ੍ਰਾਮ ਸੀ ਜੋ 1979 ਵਿਚ ਘੱਟ ਕੇ 2636 ਕਿਲੋਗ੍ਰਾਮ, 1986 ਵਿਚ ਹੋਰ ਘੱਟ ਕੇ 1931 ਕਿਲੋਗ੍ਰਾਮ ਰਹਿ ਗਿਆ ਸੀ। ਪਰੰਤੂ ਇਸ ਤੋਂ ਬਾਅਦ ਉਤਪਾਦਨ ਵਿਚ ਕੁਝ ਵਾਧਾ ਹੋਇਆ ਹੈ। 1991-92 ਵਿਚ ਵੱਧ ਕੇ 2032 ਕਿਲੋਗ੍ਰਾਮ ਅਤੇ 1996-97 ਵਿਚ 2710 ਕਿਲੋਗ੍ਰਾਮ ਹੋ ਗਿਆ। ਜਦੋਂ ਕਿ ਸੰਨ 2019 ਵਿੱਚ 757 ਮੀਟ੍ਰਿਕ ਟਨ ਉਤਪਾਦਨ ਰਿਹਾ।

**7. ਚੂਨੇ ਦਾ ਪੱਥਰ (Lime Stone) :**

ਦੇਸ਼ ਵਿਚ ਚੂਨੇ ਦਾ ਪੱਥਰ ਬਹੁਤ ਜ਼ਿਆਦਾ ਮਾਤਰਾ ਵਿਚ ਮਿਲਦਾ ਹੈ। ਇਸ ਦਾ ਪ੍ਰਯੋਗ ਸੀਮਿੰਟ ਉਦਯੋਗ ਅਤੇ ਘਰੇਗੀ ਪੱਧਰ 'ਤੇ ਕੀਤਾ ਜਾਂਦਾ ਹੈ। ਵੈਸੇ ਤਾਂ ਲਗਪਗ ਸਾਰੇ ਰਾਜਾਂ ਵਿਚ ਇਸਦਾ ਉਤਪਾਦਨ ਹੁੰਦਾ ਹੈ ਪਰੰਤੂ ਮੁੱਖ ਉਤਪਾਦਨ ਖੇਤਰਾਂ ਵਿਚ ਮੱਧ ਪ੍ਰਦੇਸ਼, ਛੱਤੀਸਗੜ੍ਹ, ਤਾਮਿਲਨਾਡੂ, ਆਂਧਰਾ ਪ੍ਰਦੇਸ਼, ਗੁਜਰਾਤ, ਝਾਰਖੰਡ, ਓਡੀਸ਼ਾ, ਰਾਜਸਥਾਨ ਅਤੇ ਕਰਨਾਟਕ ਆਉਂਦੇ ਹਨ। ਦੇਸ਼ ਵਿਚ ਚੂਨੇ ਦੇ ਪੱਥਰ ਦਾ ਕੁੱਲ ਭੰਡਾਰ 76 ਅਰਬ 45 ਕਰੋੜ ਟਨ ਹੋਣ ਦਾ ਅੰਦਾਜ਼ਾ ਹੈ। 1996-97 ਵਿਚ 7 ਕਰੋੜ 64 ਲੱਖ ਟਨ ਦਾ ਉਤਪਾਦਨ ਹੋਇਆ।

ਉੱਪਰ ਦਿੱਤੇ ਖਣਿਜ ਪਦਾਰਥਾਂ ਦੇ ਵਿਤਰਣ ਵਿਚ ਇਕ ਗੱਲ ਧਿਆਨ ਦੇਣ ਯੋਗ ਇਹ ਵੀ ਹੈ ਕਿ ਸਾਡਾ ਪੰਜਾਬ ਰਾਜ ਕਿਸੇ ਵੀ ਖਣਿਜ ਉਤਪਾਦਨ ਵਿਚ ਕੋਈ ਸਥਾਨ ਨਹੀਂ ਰੱਖਦਾ। ਅਜਿਹਾ ਇਸ ਲਈ ਹੈ ਕਿ ਇਸ ਦਾ ਜ਼ਿਆਦਾ ਹਿੱਸਾ ਨਦੀਆਂ ਦੁਆਰਾ ਲਿਆਂਦੀ ਗਈ ਮਿੱਟੀ ਦੇ ਨਿਖੇਪਣ ਬਣੇ ਸਮਤਲ ਜਲੋਢੀ ਮੈਦਾਨ ਕਰਕੇ ਹੈ ਜੋ ਖੇਤੀਬਾੜੀ ਲਈ ਬਹੁਤ ਉਪਜਾਊ ਹੈ। ਖਣਿਜ ਸੰਪਤੀ ਅਗਨ ਅਤੇ ਪਰਿਵਰਤਿਤ ਚਟਾਨਾਂ ਵਾਲੇ ਖੇਤਰਾਂ ਵਿਚ ਹੀ ਮਿਲਦੀ ਹੈ।

## ਊਰਜਾ ਦੇ ਸਾਧਨ (Sources of Energy)

ਹੁਣ ਅਸੀਂ ਸੰਖੇਪ ਵਿਚ ਕੁਝ ਮੁੱਖ ਸ਼ਕਤੀ ਦੇ ਸਾਧਨਾਂ ਦੀ ਵੰਡ ਅਤੇ ਵਰਣਨ ਯੋਗ ਭੰਡਾਰਾਂ ਦਾ ਵਰਣਨ ਕਰਾਂਗੇ। **ਕੋਲਾ, ਖਣਿਜ ਤੇਲ** ਅਤੇ **ਪਣ-ਬਿਜਲੀ ਸ਼ਕਤੀ** ਪ੍ਰਾਪਤ ਕਰਨ ਦੇ ਤਿੰਨ ਮੁੱਖ ਸਾਧਨ ਹਨ। ਸ਼ਕਤੀ ਪ੍ਰਾਪਤ ਕਰਨ ਦਾ ਚੌਥਾ ਸਥਾਨ **ਪ੍ਰਮਾਣੂ ਊਰਜਾ** ਵੀ ਹੁੰਦਾ ਹੈ।

**1. ਕੋਲਾ (Coal) :**

ਇਹ ਸਾਧਨ ਉਦਯੋਗਕ ਬਾਲਣ ਵਿਚ ਅੱਜ ਵੀ ਸਭ ਤੋਂ ਵੱਧ ਮਹੱਤਵਪੂਰਣ ਹੈ। ਨਾਲ ਹੀ ਲੋਹਾ ਤੇ ਇਸਪਾਤ ਅਤੇ ਰਸਾਇਣ ਉਦਯੋਗਾਂ ਵਿਚ ਕੱਚੇ ਮਾਲ ਦੇ ਤੌਰ ਤੇ ਜ਼ਰੂਰੀ ਅੰਸ਼ ਵਜੋਂ ਵਰਤਿਆ ਜਾਂਦਾ ਹੈ। ਦੇਸ਼ ਵਿਚ ਕੁੱਲ ਕਾਰਬੋਨਿਕ ਸ਼ਕਤੀ ਦੀ ਮੰਗ ਦੀ 60.0% ਪੂਰਤੀ ਕੋਲੇ ਤੇ ਲਿਗਨਾਈਟ ਤੋਂ ਹੀ ਕੀਤੀ ਜਾਂਦੀ ਹੈ।

ਖਣਿਜ ਭੰਡਾਰਾਂ ਦੇ ਹਿਸਾਬ ਤੋਂ ਕੋਲਾ ਦੇਸ਼ ਦਾ ਸਭ ਤੋਂ ਵੱਡਾ ਖਣਿਜ ਸਾਧਨ ਹੈ। ਸਾਡਾ ਦੇਸ਼ ਸੰਸਾਰ ਦੇ ਸਭ ਤੋਂ ਵੱਡੇ ਤਿੰਨ ਕੋਲਾ ਉਤਪਾਦਕ ਦੇਸ਼ਾਂ ਵਿਚੋਂ ਇਕ ਹੈ। ਚੀਨ ਅਤੇ ਸੰਯੁਕਤ ਰਾਜ ਅਮਰੀਕਾ ਹੀ ਕੇਵਲ ਅਜਿਹੇ ਦੇਸ਼ ਹਨ ਜਿਥੇ ਭਾਰਤ ਤੋਂ ਵੱਧ ਕੋਲੇ ਦਾ ਉਤਪਾਦਨ ਹੁੰਦਾ ਹੈ। ਦੇਸ਼ ਦੇ ਲਗਪਗ ਸਾਰੇ ਕੋਲਾ ਭੰਡਾਰ

ਗੋਂਡਵਾਨਾ ਯੁੱਗ ਵਿਚ ਬਣੀਆਂ ਦੱਖਣੀ ਭਾਰਤ ਦੀਆਂ ਚਟਾਨਾਂ ਵਿਚ ਮਿਲਦੇ ਹਨ। ਦੇਸ਼ ਵਿਚ ਕੋਲਾ ਭੰਡਾਰ ਦੀ ਵੰਡ ਨੂੰ ਦੇਖ ਕੇ ਇਹ ਪਤਾ ਚੱਲਦਾ ਹੈ ਕਿ ਇਸਦਾ ਤਿੰਨ-ਚੌਥਾਈ ਹਿੱਸਾ ਦਮੋਦਰ ਨਦੀ ਘਾਟੀ ਖੇਤਰ ਵਿਚ ਸਥਿਤ ਹੈ। ਇਥੇ ਰਾਣੀਗੰਜ, ਝਰੀਆ, ਗਿਰਿਡੀਹ, ਬੋਕਾਰੋ ਅਤੇ ਕਰਨਪੁਰ ਕੋਲੇ ਦੇ ਮੁੱਖ ਖੇਤਰ ਹਨ। ਇਹ ਸਾਰੇ ਬੰਗਾਲ, ਬਿਹਾਰ ਅਤੇ ਝਾਰਖੰਡ ਰਾਜਾਂ ਵਿਚ ਸਥਿਤ ਹਨ। ਇਸਦੇ ਇਲਾਵਾ ਮੱਧ ਪ੍ਰਦੇਸ਼ ਛੱਤੀਸਗੜ੍ਹ ਦੇ ਸਿੰਗਰੌਲੀ, ਉਮਰੀਆ, ਸਹਾਗੁਪੁਰ, ਸੋਲਹਾਟ, ਕੋਰਵਾ ਅਤੇ ਰਾਮਗੜ੍ਹ (ਓਡੀਸ਼ਾ) ਦੇ ਦੇਵਗੜ੍ਹ ਅਤੇ ਤੇਲਚਿਰ, ਮਹਾਂਰਾਸ਼ਟਰ ਦੇ ਚਾਂਦਾ ਅਤੇ ਤੇਲੰਗਾਨਾ ਵਿਚ ਸਿੰਗਰੇਨੀ ਮੁੱਖ ਖਾਣ ਖੇਤਰ ਹਨ।

ਆਜ਼ਾਦੀ ਦੇ ਬਾਅਦ ਕੋਲਾ ਖਾਣ ਉਦਯੋਗ ਦਾ ਰਾਸ਼ਟਰੀਕਰਣ ਕਰ ਦਿੱਤਾ ਗਿਆ ਸੀ। ਮਜ਼ਦੂਰਾਂ ਨੂੰ ਅਤਿਆਚਾਰ ਤੋਂ ਬਚਾਉਣਾ, ਖਾਣ ਦਾ ਕੰਮ ਯੋਜਨਾਬੱਧ ਤਰੀਕੇ ਨਾਲ ਕਰਨ ਲਈ ਖੇਤਰਾਂ ਵਿਚ ਵਾਤਾਵਰਣ ਨੂੰ ਬਣਾਏ ਰੱਖਣ ਲਈ ਅਜਿਹਾ ਕੀਤਾ ਗਿਆ ਹੈ। ਹੁਣ ਦੇਸ਼ ਦੇ ਮੁੱਖ ਕੋਲਾ ਖੇਤਰ ਪ੍ਰਕਾਰ ਹਨ; ਰਾਣੀਗੰਜ, ਝਰੀਆ, ਪੂਰਬੀ ਅਤੇ ਪੱਛਮੀ ਬਕਾਰੋ; ਪੰਚਕਾਨਹਾਂ ਅਤੇ ਤਵਾ ਘਾਟੀ, ਸਿੰਗਰੌਲੀ, ਚਾਂਦਾ-ਵਾਰਧਾ; ਤੇਲਚਿਰ ਅਤੇ ਗੋਦਾਵਰੀ ਘਾਟੀ ਆਦਿ ਹਨ।

ਦੇਸ਼ ਵਿਚ ਮਿਲਣ ਵਾਲੇ ਕੁਲ ਕੋਲਾ ਭੰਡਾਰਾਂ ਦਾ ਅੰਦਾਜ਼ਾ 72 ਕਰੋੜ 90 ਲੱਖ ਟਨ ਹੈ। ਇਸ ਵਿਚੋਂ ਨਾਨ ਕੋਕਿੰਗ (Non-Coking) ਕੋਲਾ ਵੱਧ ਤੇ ਅਤੇ ਕੋਕਿੰਗ ਕੋਲਾ ਘੱਟ ਹੈ। 1997 ਵਿਚ ਭਾਰਤ ਦੇ ਕੁੱਲ ਜਮ੍ਹਾਂ ਭੰਡਾਰ 20623.9 ਕਰੋੜ ਟਨ ਹਨ। ਕੋਲ ਇੰਡੀਆ ਲਿਮਿਟਡ (CIL) ਜੋ ਇਕ ਸਰਕਾਰੀ ਸੰਸਥਾ ਹੈ ਅਤੇ ਕੋਲੇ ਦੇ ਸੰਬੰਧਿਤ ਪ੍ਰਬੰਧ ਅਤੇ ਪ੍ਰਸ਼ਾਸਨ ਇਸ ਦੇ ਹੱਥ ਵਿਚ ਹਨ। ਇਹ ਸੰਸਾਰ ਦੀ ਦੂਸਰੀ ਸਭ ਤੋਂ ਵੱਡੀ ਕੰਮ ਪ੍ਰਦਾਨ ਵਾਲੀ ਸੰਸਥਾ ਹੈ ਜਿਸ ਵਿਚੋਂ 6.46 ਲੱਖ ਕਾਮੇ ਕੰਮ ਕਰਦੇ ਹਨ। ਬਿਜਲੀ ਅਤੇ ਗੈਸ ਬਣਾਉਣ ਦੇ ਕੰਮ ਵਿਚ ਇਹ ਕੋਲਾ ਕਾਫ਼ੀ ਫ਼ਾਇਦੇਮੰਦ ਸਿੱਧ ਹੋਇਆ ਹੈ। ਦੇਸ਼ ਦੇ ਤਾਪ ਬਿਜਲੀਘਰ (ਥਰਮਲ ਪਲਾਂਟ) ਕੋਲੇ ਨਾਲ ਹੀ ਚਲਾਏ ਜਾਂਦੇ ਹਨ। ਇਸ ਨਾਲ ਉਦਯੋਗਾਂ ਦੇ ਵਿਕੇਂਦਰੀਕਰਣ ਵਿਚ ਵੀ ਮਦਦ ਮਿਲਦੀ ਹੈ ਅਤੇ ਦੂਸਰੇ ਆਵਾਜਾਈ ਦਾ ਖਰਚਾ ਵੀ ਬੱਚ ਜਾਂਦਾ ਹੈ।

ਇਸੇ ਸਮੇਂ ਦੇ ਦੌਰਾਨ ਕੋਲੇ ਦੀ ਖਪਤ ਵਿਚ ਵੀ ਤੇਜ਼ੀ ਨਾਲ ਵਾਧਾ ਹੋਇਆ ਹੈ। 1991 ਦੇ ਬਾਅਦ ਦੇਸ਼ ਦੀ ਆਰਥਿਕ ਨੀਤੀ ਵਿਚ ਤਬਦੀਲੀ ਦੇ ਨਾਲ ਹੀ ਖਾਣ ਉਦਯੋਗ ਵਿਚ ਵਿਦੇਸ਼ੀ ਪੂੰਜੀ ਨਿਵੇਸ਼ ਨੂੰ ਉਤਸ਼ਾਹਤ ਕਰਕੇ ਉਤਪਾਦਨ ਵਧਾਉਣ ਵਿਚ ਤੇਜ਼ੀ ਲਿਆਂਦੀ ਗਈ ਹੈ।

**ਲਿਗਨਾਈਟ ਜੋ ਕਾਫ਼ੀ ਘਟੀਆ ਕਿਸਮ ਦਾ ਕੋਲਾ ਹੁੰਦਾ ਹੈ, ਭੂਰਾ ਕੋਲਾ ਵੀ ਕਹਾਉਂਦਾ ਹੈ।** ਇਸਦਾ ਜਮ੍ਹਾਂ ਭੰਡਾਰ ਤੁਲਨਾ ਵਿਚ ਘੱਟ ਹੈ ਜੋ ਕਿ ਅੰਦਾਜ਼ਨ ਪੌਣੇ ਤਿੰਨ ਕਰੋੜ (27.5 ਮਿਲੀਅਨ) ਟਨ ਦੱਸਿਆ ਗਿਆ ਹੈ। ਇਸ ਦਾ ਮੁੱਖ ਹਿੱਸਾ ਲਗਪਗ 90% ਤਾਮਿਲਨਾਡੂ ਵਿਚ ਨਵੇਲੀ ਅਤੇ ਆਸਪਾਸ ਦੇ ਖੇਤਰਾਂ ਵਿਚ ਮਿਲਦਾ ਹੈ। ਲਿਗਨਾਈਟ ਕੋਲੇ ਦੇ ਤਾਮਿਲਨਾਡੂ ਵਿਚ ਮਿਲਣ ਕਰਕੇ ਇਸ ਰਾਜ ਨੂੰ ਬੇਹੱਦ ਫ਼ਾਇਦਾ ਹੋਇਆ ਹੈ ਜਿਸ ਵਿਚ ਨਵੇਲੀ ਸਥਾਨ ਤੇ ਬਿਜਲੀ ਘਰ ਬਣਾ ਕੇ ਪੂਰੇ ਰਾਜ ਵਿਚ ਬਿਜਲੀ ਭੇਜੀ ਜਾਂਦੀ ਹੈ।

ਭਾਰਤ ਵਿਚ ਕੋਲੇ ਦਾ ਉਤਪਾਦਨ ਦਾ ਲਗਪਗ 90% ਹਿੱਸਾ ਥਰਮਲ ਬਿਜਲੀ ਕੇਂਦਰਾਂ ਵਿਚ ਵਰਤਿਆ ਜਾਂਦਾ ਹੈ। ਸਾਡੇ ਪੰਜਾਬ ਵਿਚ ਕੋਲੇ ਤੇ ਆਧਾਰਤ ਤਿੰਨ ਥਰਮਲ ਪਲਾਂਟ ਇਕਾਈਆਂ (units) ਇਕ ਰੋਪੜ ਤੇ ਦੋ ਬਠਿੰਡਾ ਸ਼ਹਿਰਾਂ ਵਿਚ ਲੱਗੇ ਹੋਏ ਹਨ ਜਿਸ ਨਾਲ ਇਸ ਰਾਜ ਵਿਚ ਬਿਜਲੀ ਦੀ ਪੂਰਤੀ ਦੀ ਸਮੱਸਿਆ ਕਾਫ਼ੀ ਹੱਦ ਤੱਕ ਘੱਟ ਗਈ ਹੈ। ਪੰਜਾਬ ਵਿਚ ਤਿੰਨ ਹੋਰ ਛੋਟੇ ਤਾਪ ਬਿਜਲੀ ਘਰ (ਥਰਮਲ ਪਲਾਂਟ) ਨਿਜੀ ਭਾਈਵਾਲੀ ਨਾਲ ਵੀ ਸਥਾਪਤ ਕੀਤੇ ਜਾ ਰਹੇ ਹਨ। ਲੋਹਾ ਤੇ ਇਸਪਾਤ ਉਦਯੋਗ ਵਿਚ ਵੀ ਕੋਲੇ ਦੀ ਭਾਰੀ ਮੰਗ ਹੈ। ਕੁੱਲ

ਉਤਪਾਦਨ ਦਾ ਪੰਜਵਾਂ ਹਿੱਸਾ ਇਸ ਉਦਯੋਗ ਵਿਚ ਪ੍ਰਯੋਗ ਹੁੰਦਾ ਹੈ। ਬਾਕੀ ਵਿਚੋਂ ਕਾਫ਼ੀ ਹਿੱਸਾ ਇੱਟਾਂ ਦੇ ਭੱਠਿਆਂ, ਰੇਲ ਇੰਜਣ, ਸੀਮਿੰਟ ਤੇ ਖਾਦ ਕਾਰਖਾਨਿਆਂ ਆਦਿ ਨੂੰ ਸ਼ਕਤੀ ਪ੍ਰਦਾਨ ਕਰਨ ਲਈ ਵਰਤਿਆ ਜਾਂਦਾ ਹੈ।

**2. ਖਣਿਜ ਤੇਲ ਅਤੇ ਕੁਦਰਤੀ ਗੈਸ (Mineral Oil and Natural Gas) :**

ਖਣਿਜ ਤੇਲ ਦੀ ਖਪਤ ਸ਼ਕਤੀ ਸਾਧਨਾਂ ਦੇ ਤੌਰ ਤੇ ਕਾਫ਼ੀ ਵੱਧ ਗਈ ਹੈ। ਜਿਹਨਾਂ ਦੇਸ਼ਾਂ ਦੇ ਕੋਲ ਇਸਦੇ ਵਾਧੂ ਮਾਤਰਾ ਵਿਚ ਭੰਡਾਰ ਹਨ, ਇਸ ਦੀ ਬਰਾਮਤ ਕਰਕੇ ਧਨੀ ਦੇਸ਼ਾਂ ਦੀ ਸ਼੍ਰੇਣੀ ਵਿਚ ਪਹੁੰਚ ਗਏ ਹਨ। ਇਸਦਾ ਮੁੱਖ ਕਾਰਨ ਮੱਧ ਪੂਰਬ ਦੇ ਦੇਸ਼ ਜਿਵੇਂ ਸੰਯੁਕਤ ਅਰਬ ਅਮੀਰਾਤ, ਕੁਵੈਤ, ਬਹਿਰੀਨ, ਈਰਾਨ ਤੇ ਈਰਾਕ ਆਦਿ ਹਨ।

ਭਾਰਤ ਵਿਚ ਤੇਲ ਸਾਧਨਾਂ ਦੀ ਸੰਭਾਵਨਾ ਤਾਂ ਬਹੁਤ ਵੱਡੀ ਲਗਾਈ ਜਾਂਦੀ ਹੈ। ਪਰੰਤੂ ਖੁਦਾਈ ਦਾ ਕੰਮ ਦੂਸਰੇ ਪਾਸੇ ਬਹੁਤ ਹੀ ਘੱਟ ਖੇਤਰ ਵਿਚ ਚੱਲਦਾ ਹੈ। ਇਕ ਅੰਦਾਜ਼ੇ ਰਾਹੀਂ ਦੇਸ਼ ਦੇ ਖਣਿਜ ਤੇਲ ਦੀ ਸੰਭਾਵਨਾ 10 ਲੱਖ ਵਰਗ ਕਿਲੋਮੀਟਰ ਹੈ। ਜੋ ਦੇਸ਼ ਦੇ ਇਕ ਤਿਹਾਈ ਖੇਤਰਫਲ ਦੇ ਬਰਾਬਰ ਹੈ। ਇਸ ਤੋਂ ਇਲਾਵਾ ਗੰਗਾ ਤੇ ਬ੍ਰਹਮਪੁੱਤਰ ਦਾ ਮੈਦਾਨ, ਤੱਟੀ ਪੱਟੀਆਂ ਅਤੇ ਤੱਟ ਦੇ ਪਾਸ ਡੁੱਬਿਆ ਹੋਇਆ ਮਹਾਂਦੀਪੀ ਮਗਨ ਤੱਟ (Continential Shelf) ਗੁਜਰਾਤ ਦੇ ਮੈਦਾਨ, ਥਾਰ ਮਾਰੂਥਲ ਤੇ ਅੰਡੇਮਾਨ ਨਿਕੋਬਾਰ ਦੀਪ ਸਮੂਹ ਦੇ ਖੇਤਰ ਆਉਂਦੇ ਹਨ।

ਆਜ਼ਾਦੀ ਦੇ ਸਮੇਂ ਕੇਵਲ ਉੱਤਰ ਪੂਰਬ ਦੇ ਰਾਜ ਆਸਾਮ ਵਿਚ ਹੀ ਖਣਿਜ ਤੇਲ ਕੱਢਿਆ ਜਾਂਦਾ ਹੈ। ਜੋ ਕਿ ਕਾਫ਼ੀ ਛੋਟੇ ਤੇਲ ਖੇਤਰ ਵਿਚ ਫੈਲਿਆ ਹੋਇਆ ਸੀ। ਪਰੰਤੂ 100 ਸਾਲ ਤੱਕ ਚੱਲਣ ਵਾਲਾ ਇਹੀ ਇਕੱਲਾ ਤੇਲ ਦਾ ਇਲਾਕਾ ਹੈ। ਪਾਸ ਇਸ ਦੇ ਨੇੜੇ ਹੀ ਡਿਗਬੋਈ ਦੇ ਸਥਾਨ ਤੇ ਤੇਲ ਸੋਧਕ ਕਾਰਖਾਨਿਆਂ ਵਿਚ ਤੇਲ ਸਾਫ਼ ਕਰਕੇ ਪਾਈਪ ਲਾਈਨ ਰਾਹੀਂ ਦੇਸ਼ ਦੇ ਹੋਰ ਭਾਗਾਂ ਵਿਚ ਭੇਜਿਆ ਜਾਂਦਾ ਹੈ।

ਆਜ਼ਾਦੀ ਤੋਂ ਬਾਅਦ ਦੇ ਸਾਲਾਂ ਵਿਚ ਗੁਜਰਾਤ ਦੇ ਮੈਦਾਨ ਅਤੇ ਤੱਟਵਰਤੀ ਖੇਤਰਾਂ ਵਿਚ ਖਣਿਜ ਤੇਲ ਤੇ ਕੁਦਰਤੀ ਗੈਸ ਦੀ ਖੋਜ ਕੀਤੀ ਗਈ। ਇਥੇ ਅੰਕਲੇਸ਼ਵਰ ਵਿਚ ਤੇਲ ਭੰਡਾਰਾਂ ਤੋਂ ਤੇਲ ਪ੍ਰਾਪਤ ਹੋਣ ਲੱਗਾ। ਇਸ ਤੋਂ ਬਾਅਦ ਮੁੰਬਈ ਤੱਟ ਦੇ ਨੇੜੇ 115 ਕਿਲੋਮੀਟਰ ਦੂਰ ਖਣਿਜ ਤੇਲ ਦੇ ਵਿਸ਼ਾਲ ਭੰਡਾਰਾਂ ਦਾ ਪਤਾ ਲਗਾਇਆ ਜਾਣਾ ਦੇਸ਼ ਲਈ ਇਕ ਸੁਖਮਈ ਘਟਨਾ ਸੀ। ਇਹ ਖੇਤਰ 'ਬੰਬੇ-ਹਾਈ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਜਾਪਾਨ ਤੋਂ ਵਿਸ਼ੇਸ਼ ਤੌਰ ਤੇ ਨਿਰਮਤ ਕੀਤਾ ਗਿਆ 'ਸਾਗਰ ਸਮਰਾਟ' ਜਹਾਜ਼ ਖੋਜ ਦੇ ਕੰਮ ਵਿਚ ਲਗਾਇਆ ਗਿਆ। ਇਹ ਇਕ ਚੁਣੌਤੀ ਭਰਿਆ ਕੰਮ ਸੀ ਜਿਸ ਵਿਚ ਦੇਸ਼ ਨੂੰ ਅੰਤ ਵਿਚ ਸਫ਼ਲਤਾ ਮਿਲੀ। ਦੇਸ਼ ਦੀਆਂ ਵਿਸ਼ਾਲ ਤੇਲ ਜ਼ਰੂਰਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਖੋਜ ਦਾ ਕੰਮ ਨਵੇਂ ਖੇਤਰਾਂ ਵਿਚ ਜਾਰੀ ਹੈ। ਇਹ ਖੇਤਰ : ਗੋਦਾਵਰੀ, ਕ੍ਰਿਸ਼ਨਾ, ਕਾਵੇਰੀ ਅਤੇ ਮਹਾਂਨਦੀ ਦੇ ਡੈਲਟਾਈ ਤੱਟਾਂ ਦੇ ਪਾਸ ਡੂੰਘੇ ਸਮੁੰਦਰ ਵਿਚ ਫੈਲੇ ਹੋਏ ਹਨ। ਆਸਾਮ ਰਾਜ ਵਿਚ ਨਵੇਂ ਭੰਡਾਰਾਂ ਦਾ ਪਤਾ ਲੱਗਾ ਹੈ।

ਦੇਸ਼ ਦੇ ਖਣਿਜ ਤੇਲ ਦਾ ਕੁੱਲ ਉਤਪਾਦਨ 1950-51 ਵਿਚ ਲਗਪਗ 3 ਲੱਖ ਟਨ ਸੀ। ਜੋ 1970-71 ਵਿਚ 68 ਲੱਖ ਟਨ, 1990-91 ਵਿਚ 3 ਕਰੋੜ 30 ਲੱਖ ਟਨ ਅਤੇ 1996-97 ਵਿਚ 3 ਕਰੋੜ 28 ਲੱਖ ਟਨ ਤੱਕ ਪਹੁੰਚ ਗਿਆ ਸੀ। ਇਸ ਤੋਂ ਪਹਿਲਾਂ 1988-89 ਵਿਚ ਖਣਿਜ ਤੇਲ ਦਾ ਉਤਪਾਦਨ 3 ਕਰੋੜ 41 ਲੱਖ ਟਨ ਸੀ ਜੋ ਸੰਨ 2020 ਵਿੱਚ 3 ਕਰੋੜ 21 ਲੱਖ ਟਨ ਤੋਂ ਵੱਧ। ਇਸੇ ਦੌਰਾਨ ਦੇਸ਼ ਵਿਚ ਤੇਲ ਦੀ ਖਪਤ ਲਗਾਤਾਰ ਵੱਧਦੀ ਜਾ ਰਹੀ ਹੈ। ਇਸ ਕਰਕੇ ਸਰਕਾਰ ਤੇਲ ਉਦਯੋਗ ਨੂੰ ਤੇਲ ਖੋਜ ਨੂੰ ਵੱਧ ਤੋਂ ਵੱਧ ਉਤਸ਼ਾਹਤ ਕਰ ਰਹੀ ਹੈ। ਸਰਕਾਰ ਨੇ ਪੰਜ ਤੇਲ ਵਿਕਾਸ ਪਰਿਯੋਜਨਾਵਾਂ ਨੂੰ ਮਨਜ਼ੂਰੀ ਪ੍ਰਦਾਨ ਕੀਤੀ ਸੀ। ਇਹਨਾਂ ਪਰਿਯੋਜਨਾਵਾਂ ਵਿਚ ਪੱਛਮੀ ਤੱਟਵਰਤੀ ਖੇਤਰਾਂ ਵਿਚ ਨੀਲਮ, ਮੁਕਤਾ ਤੇ ਪੰਨਾ ਤੇਲ ਖੇਤਰਾਂ ਦਾ ਵਿਕਾਸ ਕਰਨਾ ਅਤੇ ਬੰਬੇ-ਹਾਈ ਵਿਚੋਂ L-II ਅਤੇ L-III ਦਾ ਬੱਚਦਾ ਵਿਕਾਸ ਕਰਨਾ ਸ਼ਾਮਿਲ ਹੈ ਜੋ ਕਿ ਕੁੱਲ 8000 ਕਰੋੜ ਰੁਪਏ ਦੇ ਮੁੱਲ ਦੇ ਬਰਾਬਰ ਹੈ।

ਤੇਲ ਖੋਜ ਵਿਚ ਤੇਜ਼ੀ ਲਿਆਉਣ ਲਈ ਭਾਰਤ ਸਰਕਾਰ ਨੇ ਦੇਸ਼ ਦੀਆਂ ਦੋ ਵਰਤਮਾਨ ਕੰਪਨੀਆਂ 'ਤੇਲ ਅਤੇ ਪ੍ਰਾਕ੍ਰਿਤਕ ਗੈਸ ਕਮਿਸ਼ਨ' (ONGC) ਅਤੇ 'ਭਾਰਤੀ ਤੇਲ ਲਿਮਿਟਡ' (OIL) ਤੋਂ ਇਲਾਵਾ ਕਈ ਭਾਰਤੀ ਅਤੇ ਵਿਦੇਸ਼ੀ ਕੰਪਨੀਆਂ ਤੋਂ ਦੇਸ਼ ਦੇ 72 ਖੰਡਾਂ (39 ਤੱਟ ਤੋਂ ਦੂਰ ਅਤੇ 33 ਤੱਟ ਦੇ ਨਾਲ) ਦੇ ਬਾਰੇ ਤੇਲ ਤੇ ਕੁਦਰਤੀ ਗੈਸ ਦੀ ਖੋਜ ਲਈ ਟੈਂਡਰ ਮੰਗੇ ਸਨ ਜਿਸ ਵਿਚੋਂ 31 ਕੰਪਨੀਆਂ ਦੇ 24 ਟੈਂਡਰ ਪ੍ਰਾਪਤ ਹੋਏ ਸਨ। ਇਹਨਾਂ ਵਿਚੋਂ 4 ਖੰਡਾਂ (Blocks) ਵਿਚ ਤੇਲ ਖੋਜ ਦੇ ਠੇਕਿਆਂ ਦੀ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ। ਨਾਲ ਹੀ ਸਰਕਾਰ ਮੱਧਮ ਅਤੇ ਛੋਟੇ ਪੱਧਰ ਦੇ ਤੇਲ ਖੇਤਰਾਂ ਵਿਚ ਵੀ ਤੇਲ ਖੁਦਾਈ ਦਾ ਕੰਮ ਕਰਨਾ ਚਾਹੁੰਦੀ ਹੈ ਅਤੇ ਇਸ ਲਈ ਵੀ ਟੈਂਡਰ ਮੰਗਵਾਏ ਗਏ ਹਨ।

ਘਰੇਗੀ ਮੰਗ ਨੂੰ ਪੂਰਾ ਕਰਨ ਲਈ ਭਾਰੀ ਮਾਤਰਾ ਵਿਚ ਤੇਲ ਬਾਹਰੋਂ ਮੰਗਵਾਇਆ ਜਾਂਦਾ ਹੈ। 1990-91 ਵਿਚ ਕੱਚੇ ਤੇਲ ਅਤੇ ਪੈਟਰੋਲੀਅਮ ਪਦਾਰਥਾਂ ਦੀ ਕੁਲ ਦਰਾਮਦ 2 ਕਰੋੜ 94 ਲੱਖ ਟਨ ਸੀ ਜਿਸ ਦੀ ਕੁੱਲ ਕੀਮਤ 1 ਖ਼ਰਬ 7 ਅਰਬ 79 ਕਰੋੜ ਰੁਪਏ ਹਿਸਾਬ ਨਾਲ ਦੇਸ਼ ਨੂੰ ਵਿਦੇਸ਼ੀ ਪੂੰਜੀ ਦੇ ਰੂਪ ਵਿਚ ਜਮ੍ਹਾਂ ਕਰਵਾਉਣੇ ਪਏ। ਪੈਟਰੋਲੀਅਮ ਪਦਾਰਥਾਂ ਦੀ ਦਰਾਮਦ ਵਿਚ ਲਗਾਤਾਰ ਵਾਧਾ ਚਿੰਤਾ ਦੀ ਗੱਲ ਹੈ। 1996-97 ਦੇ ਵਿਚ ਪੈਟਰੋਲੀਅਮ ਪਦਾਰਥਾਂ ਦੇ ਆਯਾਤ 5 ਕਰੋੜ 41 ਲੱਖ ਟਨ ਹੋਇਆ, ਜਿਸ ਨਾਲ ਪੰਜ ਸਾਲਾਂ ਵਿਚ ਦਰਾਮਦ ਦੁਗਣੀ ਹੋ ਗਈ। ਸੰਨ 2020 ਵਿਚ 20 ਕਰੋੜ ਟਨ ਤੋਂ ਵੱਧ ਦਰਾਮਦ ਕੀਤੀ ਗਈ। ਆਯਾਤ ਤੇ ਨਿਰਯਾਤ ਦੇ ਘਾਟੇ ਵਿਚ ਖਣਿਜ ਤੇਲ ਅਤੇ ਪੈਟਰੋਲੀਅਮ ਪਦਾਰਥਾਂ ਦੇ ਦਰਾਮਦ ਦਾ ਬਹੁਤ ਹੀ ਮਹੱਤਵਪੂਰਣ ਸਥਾਨ ਹੈ। ਭਾਰਤ ਪੈਟਰੋਲੀਅਮ ਪਦਾਰਥਾਂ ਦੀ ਕੁਲ ਵਰਤੋਂ ਦਾ 82% ਦਰਾਮਦ ਕਰਦਾ ਹੈ।

ਸੰਨ 1999 ਦੇ ਅੰਤ ਤੱਕ ਸਾਡੇ ਦੇਸ਼ ਵਿਚ ਇਸ ਵੇਲੇ 12 ਤੇਲ ਸੋਧਕ ਕਾਰਖਾਨੇ ਸਨ ਜਿਨ੍ਹਾਂ ਦੀ ਤੇਲ ਸੋਧਣ ਦੀ ਸਮਰਥਾ ਲਗਪਗ 5.74 ਕਰੋੜ ਟਨ ਸਲਾਨਾ ਹੋ ਗਈ ਸੀ। ਇਨ੍ਹਾਂ ਦੇ ਵਿਸਥਾਰ ਨਾਲ ਇਹ ਸਮਰਥਾ ਹੁਣ 82 ਲੱਖ ਟਨ ਸਾਲਾਨਾ ਹੋਰ ਵਧਾ ਲਈ ਗਈ ਹੈ ਤੇ ਤੇਲ ਸੋਧਕ ਕਾਰਖਾਨਿਆਂ ਦੀ ਗਿਣਤੀ ਸੰਨ 2020 ਵਿਚ 23 ਸੀ।

ਇਹਨਾਂ ਵਿੱਚ 125 ਲੱਖ ਟਨ ਦੀ ਸਮਰੱਥਾ ਵਾਲੇ ਚਾਰ ਨਵੇਂ ਕਾਰਖਾਨੇ ਕਾਵੇਰੀ ਬੇਸਿਨ (ਤਾਮਿਲਨਾਡੂ), ਨੂਮਾਲਿਗੜ੍ਹ (ਆਸਾਮ), ਕਰਨਾਲ (ਹਰਿਆਣਾ) ਅਤੇ ਮੰਗਲੌਰ (ਕਰਨਾਟਕ) ਹਨ। ਤਿੰਨ ਨਵੀਆਂ ਤੇਲ ਸੋਧਕ ਕੰਪਨੀਆਂ ਪੂਰਬੀ, ਮੱਧਵਰਤੀ ਅਤੇ ਪੱਛਮੀ ਭਾਰਤ ਵਿਚ ਲਗਾਈਆਂ ਗਈਆਂ ਹਨ ਤੇ ਨਾਲ ਹੀ ਨਿੱਜੀ ਖੇਤਰ ਵਿਚ ਵੀ ਨਵੀਂ ਤੇਲ ਸੋਧਕ ਕੰਪਨੀਆਂ ਸਥਾਪਿਤ ਕਰਨ ਦੇ ਪ੍ਰਸਤਾਵਾਂ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ।

ਕੁਦਰਤੀ ਗੈਸ ਦਾ ਸਾਡੇ ਜੀਵਨ ਵਿਚ ਬਹੁਤ ਜ਼ਿਆਦਾ ਮਹੱਤਵ ਹੈ। ਇਸ ਦੇ ਭੰਡਾਰ ਆਮ ਤੌਰ ਤੇ ਤੇਲ ਖੇਤਰ ਦੇ ਨਾਲ ਹੀ ਮਿਲਦੇ ਹਨ। ਇਸ ਪ੍ਰਕਾਰ ਜਿਥੇ ਕਿਤੇ ਵੀ ਖਣਿਜ ਤੇਲ ਦੇ ਭੰਡਾਰ ਹਨ, ਕੁਦਰਤੀ ਗੈਸ ਵੀ ਉੱਥੋਂ ਹੀ ਮਿਲਦੀ ਹੈ। ਭਾਵੇਂ ਕੁਝ ਖੇਤਰਾਂ ਵਿਚ ਕੁਦਰਤੀ ਗੈਸ ਖਣਿਜ ਤੇਲ ਖੇਤਰਾਂ ਤੋਂ ਦੂਰ ਤੇ ਅਲੱਗ ਵੀ ਮਿਲ ਜਾਂਦੀ ਹੈ। ਅਜਿਹੇ ਅਲੱਗ ਖੇਤਰ ਤ੍ਰਿਪੁਰਾ ਅਤੇ ਰਾਜਸਥਾਨ ਵਿਚ ਨਵੀਂ ਖੋਜ ਤੋਂ ਬਾਅਦ ਮਿਲੇ ਹਨ। ਇਹਨਾਂ ਤੋਂ ਬਿਨਾਂ ਗੁਜਰਾਤ, ਮਹਾਂਰਾਸ਼ਟਰ, ਤਾਮਿਲਨਾਡੂ, ਆਂਧਰਾ ਪ੍ਰਦੇਸ਼ ਅਤੇ ਉੜੀਸਾ ਦੇ ਤੱਟਵਰਤੀ ਭਾਗਾਂ ਤੋਂ ਦੂਰ ਡੂੰਘੇ ਸਮੁੰਦਰੀ ਖੇਤਰਾਂ ਵਿਚ ਵੀ ਕੁਦਰਤੀ ਗੈਸ ਦੇ ਭੰਡਾਰ ਮਿਲੇ ਹਨ।

ਸਾਲ 1980-81 ਵਿਚ ਕੁਦਰਤੀ ਗੈਸ ਦਾ ਕੁੱਲ ਉਤਪਾਦਨ 235.80 ਕਰੋੜ ਘਣ ਮੀਟਰ ਸੀ ਜੋ 1995-96 ਵਿਚ ਵੱਧ ਕੇ 2231 ਕਰੋੜ ਘਣ ਮੀਟਰ ਹੋ ਗਿਆ। ਇਸ ਗੈਸ ਦੇ ਉਤਪਾਦਨ ਵਿਚ ਬਹੁਤ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਉਦਾਹਰਣ ਦੇ ਲਈ ਸਾਲ 1994-95 ਅਤੇ 1995-96 ਦੇ ਵਿਚ 15.1 ਪ੍ਰਤੀਸ਼ਤ ਵਾਧਾ ਦਰ ਰਿਕਾਰਡ ਕੀਤੀ ਗਈ। ਸਾਲ 2019-20 ਵਿੱਚ ਕੁਦਰਤੀ ਗੈਸ ਦਾ ਉਤਪਾਦਨ 2 ਅਰਬ 41 ਕਰੋੜ ਕਿਊਬਿਕ ਮੀਟਰ ਸੀ।

ਕੁਦਰਤੀ ਗੈਸ-ਸ਼ਕਤੀ ਦਾ ਇਕ ਵਧੀਆ ਸਾਧਨ ਹੈ ਜੋ ਕਿ ਪੈਟਰੋ-ਰਸਾਇਣ ਉਦਯੋਗ ਲਈ ਕੱਚੇ ਮਾਲ ਦੇ ਤੌਰ ਤੇ ਵੀ ਕੰਮ ਆਉਂਦੀ ਹੈ। ਕੁਦਰਤੀ ਗੈਸ ਤੇ ਆਧਾਰਿਤ ਬਿਜਲੀ ਘਰ ਬਣਾਉਣ ਤੇ ਹੋਰ ਸਾਧਨਾਂ ਦੇ ਲਿਹਾਜ਼ ਨਾਲ ਘੱਟ ਸਮਾਂ ਲੱਗਦਾ ਹੈ। ਇਹ ਭਾਰਤੀ ਖੇਤੀਬਾੜੀ ਦਾ ਉਤਪਾਦਨ ਵਧਾਉਣ ਵਿਚ ਵੀ ਸਹਾਇਕ ਹੁੰਦੀ ਹੈ। ਅੱਜਕਲ੍ਹ, ਕੁਦਰਤੀ ਗੈਸ ਤੋਂ ਖਾਦ ਬਣਾਈ ਜਾਂਦੀ ਹੈ। ਪਾਈਪ ਲਾਈਨਾਂ ਦੁਆਰਾ ਗੈਸ ਨੂੰ ਇਕ ਸਥਾਨ ਤੋਂ ਦੂਸਰੇ ਸਥਾਨ ਤੱਕ ਲੰਬੀ ਦੂਰੀ ਪਾਰ ਕਰਕੇ ਆਸਾਨੀ ਨਾਲ ਭੇਜਿਆ ਜਾ ਸਕਦਾ ਹੈ। ਹੁਣ ਮੁੰਬਈ ਅਤੇ ਗੁਜਰਾਤ ਦੇ ਗੈਸ ਖੇਤਰਾਂ ਤੋਂ ਗੈਸ ਮੱਧ ਪ੍ਰਦੇਸ਼, ਰਾਜਸਥਾਨ ਤੇ ਉੱਤਰਾਂਚਲ, ਉੱਤਰ ਪ੍ਰਦੇਸ਼ ਤੱਕ ਭੇਜੀ ਜਾ ਰਹੀ ਹੈ। "**ਹਜ਼ੀਰਾ-ਵਿਜੈਪੁਰ—ਜਗਦੀਸ਼ਪੁਰ**" ਗੈਸ ਪਾਈਪ ਲਾਈਨ 1730 ਕਿਲੋਮੀਟਰ ਲੰਬੀ ਹੈ। ਇਸ ਦੇ ਦੁਆਰਾ ਖਾਦ ਬਣਾਉਣ ਵਾਲੇ 6 ਕਾਰਖਾਨੇ ਅਤੇ ਤਿੰਨ ਬਿਜਲੀ ਘਰਾਂ ਵਿਚ ਗੈਸ ਪਹੁੰਚਾਈ ਜਾਂਦੀ ਹੈ। ਇਸ ਕੰਮ ਦੀ ਪੂਰੀ ਜ਼ਿੰਮੇਵਾਰੀ 'Gas Authority of India' ਦੇ ਸਰਕਾਰੀ ਅਦਾਰੇ ਨੂੰ 1984 ਵਿਚ ਸੌਂਪੀ ਗਈ ਹੈ। ਇਸ ਅਦਾਰੇ ਦਾ ਕੰਮ ਕੁਦਰਤੀ ਗੈਸ ਨੂੰ ਬਣਾਉਣ ਅਤੇ ਵੰਡ ਕਰਨ ਲਈ ਵੀ ਕੀਤਾ ਜਾਂਦਾ ਹੈ। ਭਾਰਤੀ ਗੈਸ ਅਥਾਰਟੀ ਨੇ ਕਈ ਹੋਰ ਪਾਈਪ ਲਾਈਨਾਂ ਨੂੰ ਬਣਾਉਣ ਦਾ ਕੰਮ ਵੀ ਆਪਣੇ ਹੱਥ ਵਿਚ ਲੈ ਲਿਆ ਹੈ। ਇਸ ਵਿਚ ਟੋਟੀਪਾਕਾ-ਕਾਕੀਨਾੜਾ (ਆਂਧਰਾ ਪ੍ਰਦੇਸ਼) ਅਤੇ ਹੋਰ ਕਈ ਲਾਈਨਾਂ ਮਹਾਂਰਾਸ਼ਟਰ ਅਤੇ ਦਿੱਲੀ ਦੇ ਆਸ ਪਾਸ ਦੇ ਖੇਤਰਾਂ ਵਿਚ ਵਿਛਾਈਆਂ ਜਾ ਸਕਦੀਆਂ ਹਨ।

ਖਾਣਾ ਬਣਾਉਣ ਲਈ ਵਰਤੀ ਗਈ ਗੈਸ ਨੂੰ ਲਿਕੁਈਫਾਈਡ ਪੈਟਰੋਲੀਅਮ ਗੈਸ (LPG) ਕਿਹਾ ਜਾਂਦਾ ਹੈ। ਇਸ ਦਾ ਪ੍ਰਯੋਗ ਅਤੇ ਸ਼ਹਿਰਾਂ ਵਿਚ ਖਾਣਾ ਪਕਾਉਣ ਲਈ ਲਗਾਤਾਰ ਵੱਧ ਰਿਹਾ ਹੈ। ਇਹ ਇਕ ਤੇਜ਼ ਤੇ ਸਾਫ਼-ਸੁਥਰਾ ਬਾਲਣ ਹੈ। ਇਸ ਨਾਲ ਰਸੋਈ ਅਤੇ ਹੋਰ ਸਥਾਨਾਂ ਤੇ ਬਾਲਣ ਲਈ ਕੀਤੀ ਗਈ ਮੰਗ ਦਾ ਅਸਰ ਸਾਡੇ ਵਣਾਂ ਦੀ ਅੰਨ੍ਹੇਵਾਹ ਕਟਾਈ ਘੱਟ ਕਰਨ ਤੇ ਵੀ ਪਵੇਗਾ ਕਿਉਂਕਿ ਖਾਣਾ ਪਕਾਉਣ ਵਾਲੀ ਗੈਸ ਦੀ ਮੰਗ ਅਤੇ ਘਰੇਲੂ ਸਾਧਨਾਂ ਰਾਹੀਂ ਕੀਤੀ ਗਈ ਪੂਰਤੀ ਵਿਚ ਬਹੁਤ ਵੱਡਾ ਅੰਤਰ ਹੁੰਦਾ ਹੈ। ਇਸ ਲਈ LPG ਗੈਸ ਦੀ ਦਰਾਮਦ ਕਰਨੀ ਪੈਂਦੀ ਹੈ। ਇਸ ਖੇਤਰ ਵਿਚ ਭਾਰਤੀ ਗੈਸ ਸੰਸਥਾ (Gail) ਦੇ ਨਾਲ ਨਾਲ ਤੇਲ ਅਤੇ ਕੁਦਰਤੀ ਗੈਸ ਕਮਿਸ਼ਨ (ONGC), ਭਾਰਤੀ ਤੇਲ ਨਿਗਮ (IOC) ਅਤੇ ਹਿੰਦੁਸਤਾਨ ਪੈਟਰੋਲੀਅਮ ਨਿਗਮ (HPC) ਮਿਲਜੁਲ ਕੇ ਕੰਮ ਕਰ ਰਹੀਆਂ ਹਨ। ਇਸ ਖੇਤਰ ਵਿਚ ਹੁਣ ਨਿੱਜੀ ਪੂੰਜੀ ਨਿਵੇਸ਼ ਦਾ ਵੀ ਸਵਾਗਤ ਕੀਤਾ ਜਾ ਰਿਹਾ ਹੈ। ਇਹ ਨੀਤੀ ਸਾਡੇ ਦੇਸ਼ ਦੀ 1991 ਤੋਂ ਪਹਿਲਾਂ ਵਾਲੀ ਨੀਤੀ ਤੋਂ ਹੱਟ ਕੇ ਬਣਾਈ ਗਈ ਹੈ। ਇਸ ਤੋਂ ਪਹਿਲਾਂ ਇਹ ਉਦਯੋਗ ਪੂਰੀ ਤਰ੍ਹਾਂ ਸਰਕਾਰ ਦੇ ਅਧੀਨ ਸੀ।

**3. ਤਾਪ (ਥਰਮਲ) ਅਤੇ ਪ੍ਰਮਾਣੂ ਸ਼ਕਤੀ (Thermal and Nuclear Power) :**

ਕੋਲੇ, ਪੈਟਰੋਲੀਅਮ ਅਤੇ ਕੁਦਰਤੀ ਗੈਸ ਦਾ ਪ੍ਰਯੋਗ ਕਰਕੇ ਤਾਪ-ਬਿਜਲੀ ਘਰਾਂ ਵਿਚ ਤਾਪ-ਬਿਜਲੀ (Thermal Power) ਪੈਦਾ ਕੀਤੀ ਜਾਂਦੀ ਹੈ। ਇਹ ਨਾ ਖਣਿਜ ਸਾਧਨਾਂ ਨੂੰ ਜੋ ਤਾਪ-ਬਿਜਲੀ ਪੈਦਾ ਕਰਨ ਲਈ ਕੱਚੇ ਮਾਲ ਦੇ ਤੌਰ ਤੇ ਵਰਤੇ ਜਾਂਦੇ ਹਨ, ਜੈਵਿਕ ਬਾਲਣ (Fossil Fuel) ਵੀ ਕਿਹਾ ਜਾਂਦਾ ਹੈ। ਇਹਨਾਂ ਨੂੰ ਇਕ ਤੋਂ ਵੱਧ ਵਾਰ ਪ੍ਰਯੋਗ ਨਹੀਂ ਕੀਤਾ ਜਾ ਸਕਦਾ। ਇਹ ਇਹਨਾਂ ਦੀ ਮੁੱਖ ਘਾਟ ਜਾਂ ਔਗੁਣ ਹੈ। ਵਰਤ ਲਏ ਜਾਣ ਤੋਂ ਬਾਅਦ ਤਾਪ ਬਿਜਲੀ ਘਰਾਂ ਕੋਲ ਢੇਰ ਸਾਰੀ ਕੋਲਾ ਰਾਖ ਬੱਚ ਜਾਂਦੀ ਹੈ ਜਿਸ ਨਾਲ ਆਸ-ਪਾਸ ਪ੍ਰਦੂਸ਼ਣ ਫੈਲਣ ਦਾ ਖਤਰਾ ਬਣਿਆ ਰਹਿੰਦਾ ਹੈ। ਦੂਸਰੇ ਪਾਸੇ ਕੋਲਾ ਤੇ ਪੈਟਰੋਲੀਅਮ ਦੇ ਜਲਣ ਨਾਲ ਵੀ ਪ੍ਰਦੂਸ਼ਣ ਹੁੰਦਾ ਹੈ। ਇਸ ਪ੍ਰਕਾਰ, ਦੂਰ-ਦੁਰਾਡੇ ਦੇ ਖੇਤਰਾਂ ਲਈ ਤਾਪ-ਬਿਜਲੀ ਪਣ-ਬਿਜਲੀ ਦੀ ਤਰ੍ਹਾਂ ਪ੍ਰਦੂਸ਼ਣ ਰਹਿਤ ਹੁੰਦੀ ਹੈ।

ਕੋਲੇ, ਪੈਟਰੋਲੀਅਮ ਅਤੇ ਗੈਸ ਤੋਂ ਬਿਨਾਂ ਵੀ ਪ੍ਰਮਾਣੂ ਬਾਲਣ (Atomic Fuel) ਜਾਂ ਭਾਰੀ ਪਾਣੀ (Heavy Water) ਤੋਂ ਵੀ ਬਿਜਲੀ ਪੈਦਾ ਕੀਤੀ ਜਾਂਦੀ ਹੈ। ਪਣ-ਬਿਜਲੀ (Hydel Power) ਦੇ ਬਾਰੇ ਤੁਹਾਨੂੰ ਪੂਰੀ ਜਾਣਕਾਰੀ ਹੋਵੇਗੀ। ਪਾਣੀ ਤੋਂ ਪੈਦਾ ਕੀਤੀ ਗਈ ਬਿਜਲੀ ਨੂੰ ਪਣ-ਬਿਜਲੀ ਸ਼ਕਤੀ, ਕੋਲੇ, ਪੈਟਰੋਲੀਅਮ ਤੇ ਗੈਸ ਤੋਂ ਪੈਦਾ ਕੀਤੀ ਬਿਜਲੀ ਨੂੰ ਥਰਮਲ ਬਿਜਲੀ ਸ਼ਕਤੀ (Thermal Power) ਅਤੇ ਪ੍ਰਮਾਣੂ ਪਦਾਰਥਾਂ ਜਾਂ ਭਾਰੀ ਜਲ ਤੋਂ ਪੈਦਾ ਹੋਣ ਵਾਲੀ ਬਿਜਲੀ ਨੂੰ ਪ੍ਰਮਾਣੂ ਸ਼ਕਤੀ (Atomic Power) ਕਿਹਾ ਜਾਂਦਾ ਹੈ।

ਬਿਜਲੀ ਦਾ ਸਾਡੀ ਖੇਤੀਬਾੜੀ, ਉਦਯੋਗ, ਆਵਾਜਾਈ, ਸੰਚਾਰ ਅਤੇ ਘਰੇਲੂ ਕੰਮਾਂ ਵਿਚ ਬਹੁਤ ਜ਼ਿਆਦਾ ਪ੍ਰਯੋਗ ਕੀਤਾ ਜਾਂਦਾ ਹੈ। ਇਕ ਤਰ੍ਹਾਂ ਨਾਲ ਬਿਜਲੀ ਤੋਂ ਬਿਨਾਂ ਸਾਡਾ ਅੱਜ ਦਾ ਜੀਵਨ ਅਸੰਭਵ ਜਿਹਾ ਲੱਗਦਾ ਹੈ।

ਸਾਲ 1995-96 ਵਿਚ ਇਹਨਾਂ ਤਿੰਨਾਂ ਹੀ ਮੁੱਖ ਸਰੋਤਾਂ ਤੋਂ ਕੁੱਲ ਬਿਜਲੀ ਉਤਪਾਦਨ ਸਾਢੇ ਤਿੰਨ ਖਰਬ (351 ਬਿਲੀਅਨ) ਕਿਲੋਵਾਟ ਸੀ। ਇਸ ਵਿਚੋਂ ਲਗਪਗ ਤਿੰਨ-ਚੌਥਾਈ (74.9%) ਥਰਮਲ ਬਿਜਲੀ ਘਰਾਂ ਵਿਚ ਪੈਦਾ ਕੀਤਾ ਗਿਆ। ਬਾਕੀ ਦਾ 23.50% ਪਣ-ਬਿਜਲੀ ਘਰਾਂ ਵਿਚੋਂ ਅਤੇ ਬਾਕੀ ਬੱਚਦਾ 1.60% ਪ੍ਰਮਾਣੂ-ਸ਼ਕਤੀ ਵਿਚ ਪੈਦਾ ਕੀਤਾ ਗਿਆ। ਸਮੇਂ ਦੇ ਨਾਲ ਨਾਲ ਥਰਮਲ ਬਿਜਲੀ ਦਾ ਹਿੱਸਾ ਬਹੁਤ ਤੇਜ਼ੀ ਨਾਲ ਵੱਧ ਰਿਹਾ ਹੈ।

ਦੇਸ਼ ਵਿਚ ਬਿਜਲੀ ਦੀ ਸਥਾਪਤ ਸਮਰੱਥਾ (Installed Capacity) 1994-95 ਵਿਚ 8.18 ਹਜ਼ਾਰ ਮੈਗਾਵਾਟ ਸੀ। ਅੱਠਵੀਂ ਪੰਜ ਸਾਲਾ ਯੋਜਨਾ (1992-97) ਦੇ ਦੌਰਾਨ ਸਮਰੱਥਾ ਵਿਚ 30858 ਮੈਗਾਵਾਟ ਯੂਨਿਟਾਂ ਹੋਰ ਵਧਾਉਣ ਦਾ ਟੀਚਾ ਸੀ ਪਰੰਤੂ ਯੋਜਨਾ ਦੇ ਪਹਿਲੇ ਚਾਰ ਸਾਲਾਂ ਵਿਚ ਕੇਵਲ 14799 ਮੈਗਾਵਾਟ ਯੂਨਿਟ ਜਾਂ 48.0 ਪ੍ਰਤੀਸ਼ਤ ਦਾ ਹੀ ਵਾਧਾ ਹੋ ਸਕਿਆ। ਇਸ ਪ੍ਰਕਾਰ ਦੇਸ਼ ਵਿਚ ਕੁਲ ਅਸਲੀ ਬਿਜਲੀ ਉਤਪਾਦਨ ਅਤੇ ਸਥਾਪਤ ਸਮਰੱਥਾ ਵਿਚ ਕਾਫ਼ੀ ਅੰਤਰ ਮਿਲਦਾ ਹੈ। ਹੁਣ ਸੰਨ 2020 ਵਿੱਚ ਇਹ ਸਮਰਥਾ 379130 ਮੈਗਾਵਾਟ ਰਹੀ ਹੈ। ਰਾਸ਼ਟਰੀ ਗਰਿਡ ਪ੍ਰਣਾਲੀ ਦੇ ਦੁਆਰਾ ਦੇਸ਼ ਦੇ ਅਲੱਗ-ਅਲੱਗ ਹਿੱਸਿਆਂ ਵਿਚ ਬਿਜਲੀ ਸਪਲਾਈ ਦਾ ਕੰਮ ਕੀਤਾ ਜਾਂਦਾ ਹੈ। ਇਸ ਵਿਚ ਆਪਣਾ ਪੰਜਾਬ ਰਾਜ ਰਾਸ਼ਟਰੀ ਗਰਿਡ ਪ੍ਰਣਾਲੀ ਦੇ ਉੱਤਰੀ ਖੇਤਰ ਵਿਚ ਆਉਂਦਾ ਹੈ। ਰਾਸ਼ਟਰੀ ਥਰਮਲ ਪਾਵਰ ਕਾਰਪੋਰੇਸ਼ਨ ਦੇਸ਼ ਵਿਚ ਥਰਮਲ ਪਾਵਰ ਸਟੇਸ਼ਨਾਂ ਦੇ ਨਿਰਮਾਣ ਅਤੇ ਬਿਜਲੀ ਉਤਪਾਦਨ ਦੇ ਕੰਮ ਦੀ ਦੇਖਭਾਲ, ਆਦਿ ਦੇ ਕੰਮ ਕਰਦਾ ਹੈ। ਪੰਜਾਬ ਵਿਚ ਰੋਪੜ ਤੇ ਬਠਿੰਡਾ ਵਿਚ ਥਰਮਲ ਪਾਵਰ ਸਟੇਸ਼ਨ ਸਨ। ਬਠਿੰਡਾ ਦੇ ਲਹਿਰਾ ਮੋਹੱਬਤ ਦੇ ਸਥਾਨ ਉੱਤੇ ਸ਼੍ਰੀ ਹਰਗੋਬਿੰਦਪੁਰ ਥਰਮਲ ਪਾਵਰ ਦੇ ਨਾਂ ਨਾਲ ਇਕ ਨਵੇਂ ਪਲਾਂਟ ਨੂੰ 29 ਦਸੰਬਰ, 1997 ਨੂੰ ਸ਼ੁਰੂ ਕੀਤਾ ਗਿਆ। ਇਸਦੇ ਪਹਿਲੇ ਯੂਨਿਟ ਦੀ ਉਤਪਾਦਨ ਸਮਰੱਥਾ 210 ਮੈਗਾਵਾਟ ਹੈ।

ਇਹਨਾਂ ਤੋਂ ਇਲਾਵਾ ਪਣ-ਬਿਜਲੀ ਦੀਆਂ ਹੋਰ ਵੀ ਅਨੇਕਾਂ ਯੋਜਨਾਵਾਂ ਹਨ ਜਿਸ ਵਿਚ ਭਾਖੜਾ-ਨੰਗਲ ਬਿਜਲੀ ਯੋਜਨਾ ਸਭ ਤੋਂ ਮਹੱਤਵਪੂਰਣ ਤੇ ਵੱਡੀ ਸਮਰੱਥਾ ਵਾਲੀ ਹੈ। ਇਸਦੀ ਸਥਾਪਨਾ 1966 ਵਿਚ ਪੰਜਾਬ ਪੁਨਰਗਠਨ ਐਕਟ ਦੇ ਅਧੀਨ ਕੀਤੀ ਗਈ ਸੀ।

ਦੇਸ਼ ਵਿਚ ਬਿਜਲੀ ਸ਼ਕਤੀ ਦੇ ਟਰਾਂਸਮਿਸ਼ਨ ਅਤੇ ਵੰਡ ਵਿਚ ਕਾਫ਼ੀ ਉੱਨਤੀ ਹੋਈ ਹੈ। 1950 ਵਿਚ ਕੁੱਲ 10,000 ਸਰਕਿਟ ਕਿਲੋਮੀਟਰ ਸੀ ਜੋ ਮਾਰਚ 1992 ਵਿਚ ਵੱਧ ਕੇ 2.18 ਲੱਖ ਸਰਕਿਟ ਕਿਲੋਮੀਟਰ ਤੱਕ ਪਹੁੰਚ ਗਈ। ਇਸ ਤੋਂ ਬਿਨਾਂ 400 ਕਿਲੋਵਾਟ ਦੇ ਉੱਚ ਵੋਲਟੇਜ ਦੀ ਟਰਾਂਸਮਿਸ਼ਨ ਲਾਈਨਾਂ ਵੀ ਹਨ। ਇਹਨਾਂ ਦੀ ਲੰਬਾਈ ਮਾਰਚ 1992 ਵਿਚ 26000 ਸਰਕਿਟ ਕਿਲੋਮੀਟਰ ਹੈ। ਇਸ ਤੋਂ ਇਲਾਵਾ ਪਹਿਲੀ 500 ਕਿਲੋਵਾਟ HVDC ਬਾਈਪੋਲ (Bipole) ਰਿਹੰਦ-ਦਾਦਰੀ ਟਰਾਂਸਮਿਸ਼ਨ ਲਾਈਨ 820 ਕਿਲੋਮੀਟਰ ਦੀ ਲੰਬਾਈ ਵਿਚ ਕੰਮ

ਕਰ ਰਹੀ ਹੈ। ਨਾਲ ਹੀ ਅੰਤਰ-ਰਾਜੀ (Inter-regional) ਜੋੜ ਲਾਈਨ ਜੋ ਪੱਛਮੀ ਤੇ ਉੱਤਰੀ ਖੇਤਰਾਂ ਨੂੰ ਜੋੜਦੀ ਹੈ, ਇਸ ਸਮੇਂ ਕੰਮ ਕਰ ਰਹੀ ਹੈ। ਰਾਸ਼ਟਰੀ ਪਾਵਰ ਗਰਿਡ ਪ੍ਰਣਾਲੀ ਦੇ ਸ਼ੁਰੂ ਕਰਨ ਦਾ ਮੁੱਖ ਉਦੇਸ਼ ਬਿਜਲੀ ਸ਼ਕਤੀ ਦੇ ਖੇਤਰ ਵਿਚ ਏਕੀਕ੍ਰਿਤ ਪ੍ਰਚਾਲਨ ਪ੍ਰਣਾਲੀ ਨੂੰ ਉਤਸ਼ਾਹਤ ਕਰਨਾ ਅਤੇ ਬਿਜਲੀ ਸ਼ਕਤੀ ਦਾ ਇਕ ਤੰਤਰ ਤੋਂ ਦੂਸਰੇ ਤੰਤਰ ਨੂੰ ਭੇਜਣਾ ਹੈ ਤਾਂ ਕਿ ਦੇਸ਼ ਵਿਚ ਮੌਜੂਦ ਸਾਧਨਾਂ ਦਾ ਵੱਧ ਤੋਂ ਵੱਧ ਪ੍ਰਯੋਗ ਕੀਤਾ ਜਾ ਸਕੇ। ਅਜੇ ਵੀ ਦੇਸ਼ ਦੇ ਸ਼ਕਤੀ ਉਤਪਾਦਨ ਕੇਂਦਰਾਂ ਵਿਚ ਸਥਾਪਤ ਸਮਰੱਥਾ ਦੇ 60-62% ਦਾ ਹੀ ਪ੍ਰਯੋਗ ਹੁੰਦਾ ਹੈ। ਚੰਗੀ ਤਰ੍ਹਾਂ ਕੀਤੀ ਦੇਖਭਾਲ ਹੀ ਕੰਮ ਨਿਪੁੰਨਤਾ (Work Efficiency) ਨੂੰ ਵਧਾ ਸਕਦੀ ਹੈ।

ਪੰਜ ਸਾਲਾ ਯੋਜਨਾਵਾਂ ਵਿਚ ਪੇਂਡੂ ਖੇਤਰਾਂ ਵਿਚ ਬਿਜਲੀ ਸ਼ਕਤੀ ਦੇ ਫੈਲਾਅ ਤੇ ਵੱਧ ਧਿਆਨ ਦਿੱਤਾ ਗਿਆ ਹੈ। ਪੇਂਡੂ ਬਿਜਲੀਕਰਣ ਦੀਆਂ ਯੋਜਨਾਵਾਂ ਰਾਜ ਸਰਕਾਰ ਅਤੇ ਪੇਂਡੂ ਬਿਜਲੀਕਰਨ ਨਿਗਮ ਦੋਹਾਂ ਵੱਲੋਂ ਮਿਲ ਕੇ ਚਲਾਇਆ ਜਾਂਦਾ ਹੈ। ਸਾਲ 1991-92 ਤੱਕ 4.88 ਲੱਖ ਪਿੰਡਾਂ ਨੂੰ ਬਿਜਲੀ ਦਿੱਤੀ ਜਾ ਚੁੱਕੀ ਹੈ ਅਤੇ ਇਹਨਾਂ ਵਿਚੋਂ 96 ਲੱਖ ਟਿਊਬਵੈੱਲ ਲਗਾਏ ਜਾ ਚੁੱਕੇ ਹਨ। ਕੁੱਲ ਮਿਲਾ ਕੇ 84.0 ਪ੍ਰਤੀਸ਼ਤ ਪਿੰਡਾਂ ਵਿਚ ਬਿਜਲੀ ਪਹੁੰਚ ਚੁੱਕੀ ਹੈ। ਪੰਜਾਬ ਇਕ ਅਜਿਹਾ ਰਾਜ ਹੈ ਜਿਥੇ ਸਾਰੇ ਪਿੰਡਾਂ ਵਿਚ ਬਿਜਲੀ ਪਹੁੰਚ ਚੁੱਕੀ ਹੈ। ਪਿੰਡਾਂ ਵਿਚ ਬਿਜਲੀ ਪਹੁੰਚਾਣਾ ਅਤੇ ਆਦਿ ਵਾਸੀ ਖੇਤਰਾਂ ਨੂੰ ਬਿਜਲੀ ਦੇਣਾ ਪੇਂਡੂ ਬਿਜਲੀਕਰਣ ਯੋਜਨਾ ਦੇ ਅਧੀਨ ਵਿਸ਼ੇਸ਼ ਧਿਆਨ ਦੇਣ ਦਾ ਉਦੇਸ਼ ਹੈ।

## ਪ੍ਰਮਾਣੂ ਸ਼ਕਤੀ (Nuclear Power)

ਪ੍ਰਮਾਣੂ ਸ਼ਕਤੀ ਕੇਂਦਰ ਅਜਿਹੇ ਖੇਤਰਾਂ ਵਿਚ ਆਸਾਨੀ ਨਾਲ ਸਥਾਪਤ ਕੀਤੇ ਜਾ ਸਕਦੇ ਹਨ ਜਿਥੇ ਸ਼ਕਤੀ ਦੇ ਹੋਰ ਦੂਸਰੇ ਸਾਧਨ ਜਾਂ ਤਾਂ ਹੈ ਹੀ ਨਹੀਂ ਜਾਂ ਉਹਨਾਂ ਦੇ ਪ੍ਰਯੋਗ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿਚ ਸਮਰੱਥ ਨਹੀਂ ਹਨ। ਭਾਰਤ ਦੁਆਰਾ ਪ੍ਰਮਾਣੂ ਸ਼ਕਤੀ ਨੂੰ ਮੈਡੀਕਲ ਅਤੇ ਖੇਤੀਬਾੜੀ ਜਿਹੇ ਖੇਤਰਾਂ ਵਿਚ ਸ਼ਾਂਤੀਪੂਰਣ ਪ੍ਰਯੋਗ ਦੇ ਲਈ ਸੰਸਾਰ ਦੇ ਅਗਾਂਹਵਧੂ ਦੇਸ਼ਾਂ ਵਿਚ ਮੰਨਿਆ ਜਾਂਦਾ ਹੈ।

ਦੇਸ਼ ਵਿਚ ਕੁਝ ਪ੍ਰਮਾਣੂ ਖਣਿਜਾਂ ਦੇ ਵੱਧ ਮਾਤਰਾ ਵਿਚ ਭੰਡਾਰ ਮਿਲਦੇ ਹਨ। ਬਿਹਾਰ ਤੇ ਰਾਜਸਥਾਨ ਦੇ ਕੁਝ ਭਾਗਾਂ ਵਿਚ ਯੂਰੇਨੀਅਮ ਦੀਆਂ ਖਾਣਾਂ ਹਨ। ਕੇਰਲ ਰਾਜ ਵਿਚ ਸਮੁੰਦਰੀ ਤੱਟ ਉੱਤੇ ਮਿਲਣ ਵਾਲਾ ਮੋਨਜਾਈਟ ਰੇਤ ਪ੍ਰਮਾਣੂ ਸ਼ਕਤੀ ਦਾ ਮੁੱਢਲਾ ਸਾਧਨ ਹੈ ਜਿਸ ਵਿਚੋਂ ਯੂਰੇਨੀਅਮ ਕੱਢਿਆ ਜਾਂਦਾ ਹੈ। ਚੇਰੋਲਿਟ, ਜੈਕੋਨਿਯਮ ਅਤੇ ਪਲੇਸਰ ਵੀ ਪ੍ਰਮਾਣੂ ਖਣਿਜ ਹਨ। ਭਾਰਤ ਵਿਚ ਇਸ ਦੇ ਵੱਡੇ ਭੰਡਾਰ ਹਨ। ਪੂਰਬੀ ਭਾਰਤ ਦੇ ਪਹਾੜੀ ਭਾਗਾਂ ਵਿਚ ਗ੍ਰੇਫ਼ਾਈਟ ਦੇ ਭੰਡਾਰ ਵੀ ਮਿਲੇ ਹਨ।

ਦੇਸ਼ ਵਿਚ ਪ੍ਰਮਾਣੂ ਸ਼ਕਤੀ ਦੇ ਚਾਰ ਕੇਂਦਰ ਹਨ। ਇਹਨਾਂ ਵਿਚ ਮਹਾਂਰਾਸ਼ਟਰ-ਗੁਜਰਾਤ ਸੀਮਾ ਤੇ ਤਾਰਾਪੁਰ; ਰਾਜਸਥਾਨ ਵਿਚ ਕੋਟਾ ਦਾ ਪਾਸ ਰਾਵਟਭਾਟਾ; ਤਾਮਿਲਨਾਡੂ ਵਿਚ ਕਲਪਕਮ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਬੁਲੰਦ ਸ਼ਹਿਰ ਜ਼ਿਲ੍ਹੇ ਵਿਚ ਨੌਰੰਗ ਹਨ। ਸਾਲ 1994-95 ਵਿਚ ਇਹਨਾਂ ਸਭ ਦਾ ਕੁੱਲ ਉਤਪਾਦਨ 5.6 ਬਿਲੀਅਨ ਕਿਲੋਵਾਟ ਸੀ ਜੋ ਦੇਸ਼ ਦੇ ਕੁੱਲ ਬਿਜਲੀ ਉਤਪਾਦਨ ਦਾ 2.0% ਤੋਂ ਕੁਝ ਘੱਟ ਸੀ। ਦੇਸ਼ ਵਿਚ ਲਗਾਤਾਰ ਖੋਜ ਅਤੇ ਵਿਕਾਸ ਦੇ ਕੰਮ ਚਲ ਰਹੇ ਹਨ ਤਾਂ ਕਿ ਪ੍ਰਮਾਣੂ ਬਿਜਲੀ ਘਰਾਂ ਦੀ ਦੇਖ ਰੇਖ, ਮੁਰੰਮਤ ਅਤੇ ਪ੍ਰਮਾਣੂ ਬਾਲਣ ਬਣਾਉਣ ਦਾ ਕੰਮ ਪੂਰੀ ਤਰ੍ਹਾਂ ਨਾਲ ਦੇਸ਼ ਵਿਚ ਹੀ ਪੂਰਾ ਕੀਤਾ ਜਾ ਸਕੇ। ਪ੍ਰਮਾਣੂ ਬਾਲਣ ਤੋਂ ਬਿਜਲੀ ਬਣਾਉਣ ਵਿਚ ਨਿਊਕਲੀਅਰ ਰਿਐਕਟਰਾਂ ਦੀ ਜ਼ਰੂਰਤ ਹੁੰਦੀ ਹੈ ਜਿਹਨਾਂ ਨੂੰ ਬਾਹਰਲੇ ਦੇਸ਼ਾਂ ਤੋਂ ਮੰਗਵਾਉਣਾ ਪੈਂਦਾ ਹੈ। ਕੁਝ ਪਰਮਾਣੂ ਸ਼ਕਤੀ ਨਾਲ ਭਰਪੂਰ ਦੇਸ਼ ਚਾਹੁੰਦੇ ਹਨ ਕਿ ਭਾਰਤ ਜਿਹੇ ਦੇਸ਼ ਸੁਤੰਤਰ ਤੌਰ ਤੇ ਇਸ ਦੀ ਵਰਤੋਂ ਆਪਣੇ ਦੇਸ਼ ਵਿਚ ਨਾ ਕਰਨ। ਇਸ ਕਰਕੇ ਭਾਰਤ ਦੇ ਪ੍ਰਮਾਣੂ ਕੰਮ ਨੂੰ ਅੰਤਰ-ਰਾਸ਼ਟਰੀ

ਨਿਗਰਾਨੀ ਹੇਠ ਲਿਆਉਣ ਦੀ ਉਹ ਕੋਸ਼ਿਸ਼ ਕਰ ਰਹੇ ਹਨ। ਉਹਨਾਂ ਨੇ ਭਾਰਤ ਕੋਲੋਂ ਅੰਤਰ ਰਾਸ਼ਟਰੀ ਸੰਧੀ ਤੇ ਦਸਤਖਤ ਕਰਵਾਉਣ ਦਾ ਅਜੇ ਹੁਣੇ ਹੀ ਫਿਰ ਜ਼ੋਰਦਾਰ ਯਤਨ ਕੀਤਾ ਹੈ। ਭਾਰਤ ਦਾ ਇਹ ਸੁਝਾਅ ਤੇ ਪੱਖ ਹੈ ਕਿ ਇਹ ਸੰਧੀ ਭੇਦਭਾਵ ਪੂਰਣ ਹੈ ਅਤੇ ਇਸ ਨਾਲ ਭਾਰਤ ਵਰਗੇ ਹੋਰ ਗਰੀਬ ਦੇਸ਼ ਪ੍ਰਮਾਣੂ ਸ਼ਕਤੀ ਦਾ ਸ਼ਾਂਤੀਪੂਰਣ ਕੰਮਾਂ ਲਈ ਪ੍ਰਯੋਗ ਨਹੀਂ ਕਰ ਸਕਣਗੇ। ਇਸ ਤਰ੍ਹਾਂ ਦੀ ਅੰਤਰ-ਰਾਸ਼ਟਰੀ ਨੀਤੀ ਤੇ ਜ਼ੋਰ ਕਾਰਣ ਹੀ ਦੇਸ਼ ਨੂੰ ਇਸ ਕੰਮ ਵਿਚ ਜ਼ਰੂਰੀ ਯੰਤਰਾਂ ਦੀ ਸਪਲਾਈ ਵਿਚ ਲਗਾਤਾਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੇਸ਼ ਦੇ ਵਿਗਿਆਨੀ ਖੋਜ ਦੁਆਰਾ ਵਿਕਲਪਿਕ ਪ੍ਰਣਾਲੀ ਦੀ ਖੋਜ ਕਰ ਰਹੇ ਹਨ। ਹੁਣੇ ਜਿਹੇ ਭਾਰਤ ਵਿਗਿਆਨੀਆਂ ਨੇ ਇਕ ਬਹੁਤ ਵੱਡੀ ਸਫਲਤਾ ਉਦੋਂ ਹਾਸਲ ਕੀਤੀ ਜਦੋਂ ਉਹਨਾਂ ਨੇ ਰਾਜਸਥਾਨ ਵਿਚ ਕਾਫ਼ੀ ਦੇਰ ਤੋਂ ਬੰਦ ਪਏ ਰਾਵਟਭਾਟਾ ਦੇ ਪ੍ਰਮਾਣੂ ਰਿਐਕਟਰ ਦੀ ਇਕ ਇਕਾਈ ਨੂੰ ਦੇਸੀ ਤਰੀਕੇ ਨਾਲ ਮੁਰੰਮਤ ਕਰਕੇ ਚਾਲੂ ਕਰ ਦਿੱਤਾ। ਇਸ ਨਾਲ ਨਾ ਕੇਵਲ ਕਰੋੜਾਂ ਰੁਪਏ ਦੀ ਵਿਦੇਸ਼ੀ ਪੂੰਜੀ ਦੀ ਬਚਤ ਹੋਈ ਬਲਕਿ ਭਾਰਤੀ ਪ੍ਰਮਾਣੂ ਤਕਨੀਕ ਦੇ ਇਤਿਹਾਸ ਨੂੰ ਚਾਰ ਚੰਦ ਵੀ ਲੱਗ ਗਏ। ਇਹ ਸੱਚਮੁਚ ਹੀ ਦੇਸ਼ ਲਈ ਮਾਣ ਦੀ ਗੱਲ ਹੈ।

**ਸ਼ਕਤੀ ਦੇ ਗੈਰ ਰਵਾਇਤੀ ਸਾਧਨ (Non-Conventional Energy Sources)**

ਇਹਨਾਂ ਸਾਧਨਾਂ ਵਿਚ ਸੌਰ-ਸ਼ਕਤੀ, ਪੌਣ-ਸ਼ਕਤੀ, ਜਵਾਰੀ-ਸ਼ਕਤੀ, ਭੂ-ਥਰਮਲ ਸ਼ਕਤੀ ਅਤੇ ਜੈਵ-ਪਦਾਰਥਾਂ ਤੋਂ ਪ੍ਰਾਪਤ ਸ਼ਕਤੀ ਆਦਿ ਦੀ ਵਰਤੋਂ ਸ਼ਕਤੀ ਦੇ ਸਾਧਨਾਂ ਦੇ ਤੌਰ ਤੇ ਬਹੁਤ ਪੁਰਾਣੀ ਹੈ। ਕਿਸ਼ਤੀ ਚਲਾਉਣ ਲਈ ਪੌਣ, ਵਗਦਾ ਪਾਣੀ ਤੇ ਮਨੁੱਖੀ ਸ਼ਕਤੀ ਦਾ ਪ੍ਰਯੋਗ ਪਹਿਲਾਂ ਤੋਂ ਹੋ ਰਿਹਾ ਹੈ। ਆਟਾ ਬਣਾਉਣ ਵਾਲੀਆਂ ਪਣ-ਚੱਕੀਆਂ ਪਹਿਲਾਂ ਬਹੁਤ ਜ਼ਿਆਦਾ ਹੁੰਦੀਆਂ ਹਨ। ਪਾਣੀ ਦੀ ਸਿੰਜਾਈ ਲਈ ਵਰਤੋਂ ਵਿਚ ਵੀ ਪਣ-ਚੱਕੀਆਂ ਦਾ ਪ੍ਰਯੋਗ ਕੀਤਾ ਜਾਂਦਾ ਸੀ।

ਅੱਜ ਦੇ ਯੁੱਗ ਵਿਚ ਇਹਨਾਂ ਦਾ ਮਹੱਤਵ, ਇਹਨਾਂ ਦੀਆਂ ਕੁਝ ਵਿਸ਼ੇਸ਼ਤਾਵਾਂ ਅਤੇ ਰਵਾਇਤੀ ਸਾਧਨਾਂ ਦੀਆਂ ਕੁਝ ਘਾਟਾਂ ਕਰਕੇ ਦਿਨੋਂ ਦਿਨ ਵੱਧਦਾ ਜਾ ਰਿਹਾ ਹੈ। ਇਹਨਾਂ ਸਾਧਨਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਸਾਰੇ ਨਾ ਖਤਮ ਹੋਣ ਵਾਲੇ ਸਾਧਨ ਜਾਂ ਤਾਂ ਨਵੀਨ ਕਰਨ ਯੋਗ ਹਨ ਜਾਂ ਫਿਰ ਅਣ ਵਰਤੇ ਪਏ ਹਨ। ਸਭ ਤੋਂ ਵੱਡੀ ਗੱਲ ਅਜਿਹੇ ਗੈਰ-ਰਸਮੀ ਸਾਧਨਾਂ ਦੇ ਘੱਟ ਖਰਚੀਲੇ ਹੋਣ ਦੀ ਹੈ। ਇਸ ਤੋਂ ਬਿਨਾਂ ਇਹਨਾਂ ਦਾ ਪ੍ਰਯੋਗ ਸਮੁੰਦਰੀ ਤੱਟ, ਪਹਾੜੀ ਤੇ ਰੇਗਸਤਾਨੀ ਜਿਹੇ ਦੂਰ ਦੁਰਾਡੇ ਦੇ ਅਤੇ ਬੰਜਰ ਖੇਤਰਾਂ ਵਿਚ ਹੁੰਦਾ ਹੈ। ਅਜਿਹੀਆਂ ਥਾਵਾਂ ਤੇ ਬਿਜਲੀ ਦੀਆਂ ਲਾਈਨਾਂ ਵਿਛਾਉਣਾ ਅਤੇ ਇਹਨਾਂ ਦੀ ਸੰਭਾਲ ਬਹੁਤ ਹੀ ਖਰਚੀਲੀ ਪੈਂਦੀ ਹੈ। ਇਹਨਾਂ ਸਥਾਨਾਂ ਤੇ ਗੈਰ-ਰਸਮੀ ਸਾਧਨਾਂ ਦੀ ਵਰਤੋਂ ਕਰਕੇ ਉਦਯੋਗੀਕਰਨ ਨੂੰ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ ਜਿਸ ਨਾਲ ਵਿਕੇਂਦਰੀਕਰਨ ਦੇ ਸਿਧਾਂਤ ਨੂੰ ਵੀ ਸ਼ਕਤੀ ਪ੍ਰਦਾਨ ਹੁੰਦੀ ਹੈ।

ਬਿਜਲੀ ਦੀ ਕੇਂਦਰੀ ਪ੍ਰਣਾਲੀ ਹੋਣ ਨਾਲ ਕੁਝ ਲਾਭਾਂ ਤੋਂ ਇਲਾਵਾ ਕੁਝ ਹਾਨੀਆਂ ਵੀ ਹੁੰਦੀਆਂ ਹਨ। ਵੱਡੀ-ਵੱਡੀ ਟਰਾਂਸਮਿਸ਼ਨ ਲਾਈਨਾਂ ਅਤੇ ਬਿਜਲੀ ਦੀ ਵੰਡ ਦੇ ਕੇਂਦਰ ਬਣਾਉਣ ਆਦਿ ਤੇ ਵੀ ਭਾਰੀ ਖਰਚਾ ਹੁੰਦਾ ਹੈ, ਨਾਲ ਹੀ ਕਈ ਪ੍ਰਬੰਧਕੀ ਸਮੱਸਿਆਵਾਂ ਵੀ ਪੈਦਾ ਹੁੰਦੀਆਂ ਹਨ। ਵਿਕੇਂਰੀਕਰਨ ਦੀ ਘਾਟ ਅਤੇ ਪ੍ਰਦੂਸ਼ਣ ਆਦਿ ਦੀਆਂ ਸਮੱਸਿਆਵਾਂ ਸਾਹਮਣੇ ਆਉਂਦੀਆਂ ਹਨ। ਇਹਨਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖਕੇ ਹੀ ਸ਼ਕਤੀ ਦੇ ਗੈਰ-ਰਸਮੀ ਸਾਧਨਾਂ ਦੀ ਵਰਤੋਂ ਉੱਤੇ ਅੱਜਕਲ੍ਹ ਬਹੁਤ ਜ਼ੋਰ ਦਿੱਤਾ ਜਾ ਰਿਹਾ ਹੈ। ਸਰਕਾਰ ਨੇ ਗੈਰ-ਰਸਮੀ ਸ਼ਕਤੀ ਦੀ ਵਰਤੋਂ ਨੂੰ ਵਧਾਉਣ ਲਈ ਵੱਧ ਤੋਂ ਵੱਧ ਪਹਿਲ ਦਿੱਤੀ ਹੈ। ਵਿਕੇਂਦਰੀਕਰਨ ਤੋਂ ਬਿਨਾਂ ਇਸ ਸ਼ਕਤੀ ਦਾ ਵਣ ਲਗਾਉਣ, ਵਾਤਾਵਰਨ ਦੀ ਸੰਭਾਲ, ਸ਼ਕਤੀ ਬਚਾਅ, ਰੁਜ਼ਗਾਰ ਦਾ ਵਾਧਾ, ਸਿਹਤ ਤੇ ਸਫ਼ਾਈ ਵਿਚ ਸੁਧਾਰ, ਸਮਾਜਿਕ ਤੇ ਇਸਤਰੀ ਕਲਿਆਣ, ਖੇਤੀ ਵਿਚ ਸਿੰਜਾਈ ਅਤੇ ਜੈਵਿਕ ਖਾਦ ਉਤਪਾਦਨ ਆਦਿ ਵਿਚ ਵਿਸ਼ੇਸ਼ ਯੋਗਦਾਨ ਹੈ। ਮਾਰਚ 1981 ਵਿਚ ਕੇਂਦਰ ਸਰਕਾਰ ਨੇ ਇਕ ਉੱਚ ਅਧਿਕਾਰ ਪ੍ਰਾਪਤ

ਆਯੋਗ ਦੀ ਸਥਾਪਨਾ ਕੀਤੀ ਸੀ ਤਾਂ ਕਿ ਹੋਰ ਸ਼ਕਤੀ ਦੇ ਸਾਧਨਾਂ ਦਾ ਪਤਾ ਲਗਾਇਆ ਜਾ ਸਕੇ। 1982 ਵਿਚ ਗੈਰ-ਰਸਮੀ ਸ਼ਕਤੀ ਸਾਧਨਾਂ ਦਾ ਵਿਭਾਗ ਕੇਂਦਰ ਵਿਚ ਸ਼ਕਤੀ ਮੰਤਰੀ ਦੇ ਵਿਭਾਗ ਦੇ ਰੂਪ ਵਿਚ ਸਥਾਪਤ ਕੀਤਾ ਗਿਆ। ਰਾਜ ਸਰਕਾਰਾਂ ਨੇ ਵੀ ਆਪਣੇ ਪਾਸ ਗੈਰ-ਰਸਮੀ ਸ਼ਕਤੀ ਸਾਧਨਾਂ ਦੇ ਲਈ ਅਲੱਗ ਤੋਂ ਏਜੰਸੀਆਂ ਸਥਾਪਤ ਕੀਤੀਆਂ ਹੋਈਆਂ ਹਨ। ਸਥਾਨਕ ਲੋਕਾਂ ਦੀ ਮਿਲੀ-ਜੁਲੀ ਮਦਦ ਨਾਲ ਸਥਾਨਕ ਪੱਧਰ ਤੇ ਖਾਣਾ ਪਕਾਉਣ ਦੀ ਗੈਸ, ਛੋਟੀਆਂ ਸਿੰਜਾਈ ਯੋਜਨਾਵਾਂ, ਪੀਣ ਦਾ ਪਾਣੀ ਤੇ ਸੜਕਾਂ ਤੇ ਰੋਸ਼ਨੀ ਦਾ ਪ੍ਰਬੰਧ ਆਦਿ ਦੇ ਕੰਮਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ। ਇਹਨਾਂ ਕੰਮਾਂ ਦਾ ਦੂਰ ਦੁਰਾਡੇ ਖੇਤਰਾਂ ਵਿਚ, ਪਰਬਤੀ ਭਾਗਾਂ ਤੇ ਗਰੀਬਾਂ ਦੇ ਲਈ ਬਹੁਤ ਜ਼ਿਆਦਾ ਮਹੱਤਵ ਹੈ।

**ਪੌਣ-ਸ਼ਕਤੀ** ਨਾਲ ਪੇਂਡੂ ਖੇਤਰਾਂ ਵਿਚ ਸਿੰਜਾਈ ਦੇ ਪ੍ਰਬੰਧ ਵਿਚ ਬਹੁਤ ਸਹਾਇਤਾ ਮਿਲਦੀ ਹੈ। ਅਜਿਹਾ ਅੰਦਾਜ਼ਾ ਹੈ ਕਿ ਪੌਣ ਦਾ ਪ੍ਰਯੋਗ 2000 ਮੈਗਾਵਾਟ ਬਿਜਲੀ ਬਣਾਉਣ ਵਿਚ ਮਦਦ ਕਰਦਾ ਹੈ। ਗੁਜਰਾਤ, ਤਾਮਿਲਨਾਡੂ, ਮਹਾਰਾਸ਼ਟਰ ਤੇ ਉੜੀਸਾ ਇਸ ਦੇ ਲਈ ਸਭ ਤੋਂ ਵੱਧ ਸਹੀ ਖੇਤਰ ਹਨ ਜਿਹੜੇ ਕਈ ਸਥਾਨਾਂ ਤੇ ਪੌਣ ਕੇਂਦਰ ਕੰਮ ਕਰ ਰਹੇ ਹਨ, ਉਹਨਾਂ ਤੋਂ ਤਿਆਰ ਕੀਤੀ ਗਈ ਬਿਜਲੀ ਨੂੰ ਗਰਿਡ ਪ੍ਰਣਾਲੀ ਵਿਚ ਸ਼ਾਮਲ ਕਰ ਲਿਆ ਜਾਂਦਾ ਹੈ।

**ਜਵਾਰੀ-ਸ਼ਕਤੀ** ਸਸਤਾ ਤੇ ਨਾ ਖਤਮ ਹੋਣ ਵਾਲਾ ਸਾਧਨ ਹੈ। ਕੱਛ ਤੇ ਖੰਬਾਤ ਦੀਆਂ ਖਾੜੀਆਂ ਜਵਾਰੀ ਸ਼ਕਤੀ ਤੋਂ ਬਿਜਲੀ ਬਣਾਉਣ ਲਈ ਸਹੀ ਸਥਾਨ ਹਨ ਕਿਉਂਕਿ ਇਹਨਾਂ ਤੰਗ ਖਾੜੀਆਂ ਵਿਚ ਜਵਾਰ ਦਾ ਪਾਣੀ ਬਹੁਤ ਤੇਜ਼ੀ ਨਾਲ ਚੜ੍ਹ ਜਾਂਦਾ ਹੈ।

**ਭੂ-ਥਰਮਲ ਸ਼ਕਤੀ** ਅੱਜੇ ਚੰਗੀ ਤਰ੍ਹਾਂ ਨਾਲ ਦੇਸ਼ ਦੇ ਸ਼ਕਤੀ ਉਤਪਾਦਨ ਵਿਚ ਨਹੀਂ ਲਿਆਂਦੀ ਜਾ ਸਕੀ ਹੈ ਕਿਉਂਕਿ ਇਹ ਦੇਸ਼ ਅੰਦਰ ਘੱਟ ਮਾਤਰਾ ਵਿਚ ਮਿਲਦੀ ਹੈ। ਹਿਮਾਚਲ ਵਿਚ ਮਨੀਕਰਨ ਵਿਖੇ ਸਥਿਤ ਗਰਮ ਜਲ ਸਰੋਤਾਂ ਤੋਂ ਸ਼ਕਤੀ ਉਤਪਾਦਨ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

**ਸ਼ਕਤੀ ਦੇ ਲਈ ਰੁੱਖ** ਲਗਾਉਣ ਦਾ ਕੰਮ ਬੰਜਰ ਤੇ ਭੂਮੀ ਕਟਾਅ ਵਾਲੇ ਖੇਤਰਾਂ ਵਿਚ ਕੀਤਾ ਜਾ ਰਿਹਾ ਹੈ। ਇਹਨਾਂ ਖੇਤਰਾਂ ਵਿਚ ਤੇਜ਼ੀ ਨਾਲ ਵਿਕਸਤ ਹੋਣ ਵਾਲੇ ਦਰੱਖਤਾਂ ਦੀਆਂ ਕਿਸਮਾਂ ਜਿਹਨਾਂ ਦਾ ਪ੍ਰਯੋਗ ਘਰੇਲੂ ਬਾਲਣ ਦੇ ਤੌਰ ਤੇ ਹੋ ਸਕੇ, ਨੂੰ ਲਗਾਇਆ ਜਾ ਰਿਹਾ ਹੈ ਇਸ ਨਾਲ ਪੇਂਡੂ ਰੁਜ਼ਗਾਰ ਤੇ ਬਾਲਣ ਦੀ ਸਮੱਸਿਆ ਦੇ ਹੱਲ ਨੂੰ ਲੱਭਣ ਵਿਚ ਮਦਦ ਮਿਲਦੀ ਹੈ।

**ਸ਼ਹਿਰੀ ਕੱਚਰੇ ਤੋਂ ਸ਼ਕਤੀ** ਬਣਾਉਣ ਦਾ ਕੰਮ ਵੱਡੇ ਸ਼ਹਿਰਾਂ ਵਿਚ ਚਲ ਰਿਹਾ ਹੈ। ਸਾਡੇ ਦੇਸ਼ ਵਿਚ ਬਹੁਤਾ ਕੂੜਾ-ਕਰਕਟ ਕੀਟਾਣੂ-ਨਾਸ਼ਕ ਯੋਗ (Bio-degradable) ਹੁੰਦਾ ਹੈ। ਦਿੱਲੀ ਵਿਚ ਸ਼ਹਿਰੀ ਕੂੜੇ-ਕਰਕਟ ਤੋਂ ਸ਼ਕਤੀ ਪ੍ਰਾਪਤ ਕਰਨ ਵਾਲੀ ਇਕ ਮਸ਼ੀਨ ਪਹਿਲਾਂ ਹੀ ਕੰਮ ਕਰ ਰਹੀ ਹੈ। ਹੋਰ ਸ਼ਹਿਰਾਂ ਵਿਚ ਵੀ ਅਜਿਹੇ ਯਤਨ ਚਲ ਰਹੇ ਹਨ। ਇਸ ਨਾਲ ਇਕ ਤਾਂ ਕੂੜੇ-ਕਰਕਟ ਨੂੰ ਇਕੱਠਾ ਕਰ ਕੇ ਦਬਾ ਦੇਣ ਦੀ ਸਮੱਸਿਆ ਹੱਲ ਹੋ ਜਾਂਦੀ ਹੈ ਤੇ ਦੂਸਰੇ ਪਾਸੇ ਬਿਜਲੀ-ਸ਼ਕਤੀ ਵੀ ਪ੍ਰਾਪਤ ਹੁੰਦੀ ਹੈ। ਇਸ ਯੋਜਨਾ ਦੀ ਸਫਲਤਾ ਤੋਂ 'ਅੰਬ ਦੇ ਅੰਬ ਤੇ ਗੁਠਲੀਆਂ ਦੇ ਦੰਮੜੇ' ਵਾਲੀ ਕਹਾਵਤ ਸੱਚ ਸਾਬਿਤ ਹੋਵੇਗੀ।

**ਸ਼ਕਤੀ ਪਿੰਡ** ਯੋਜਨਾ ਦਾ ਕੰਮ ਭਾਰਤ ਸਰਕਾਰ ਨੇ ਦੂਰ ਦੁਰਾਡੇ ਦੇ ਬੰਜਰ ਜ਼ਮੀਨ ਵਾਲੇ ਪੇਂਡੂ ਖੇਤਰਾਂ ਵਿਚ ਸ਼ਕਤੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਉਦੇਸ਼ ਨਾਲ ਲਾਗੂ ਕੀਤਾ ਗਿਆ ਹੈ। ਇਸ ਯੋਜਨਾ ਵਿਚ ਜੈਵਿਕ ਪਦਾਰਥ, ਲੋਹਾ, ਮੁਰਗੀਆਂ ਦੇ ਅੰਸ਼ ਤੇ ਮਨੁੱਖੀ ਮਲ-ਮੂਤਰ ਦੀ ਵਰਤੋਂ ਦੁਆਰਾ 'ਗੋਬਰ ਗੈਸ ਪਲਾਂਟ' ਲਗਾਏ ਗਏ ਹਨ। ਇਹਨਾਂ ਦੀ ਸਥਾਪਨਾ ਵਿਅਕਤੀਗਤ, ਸਮੂਹਿਕ ਤੇ ਪਿੰਡ ਪੱਧਰ ਤੇ ਕੀਤੀ ਗਈ ਹੈ। ਵੱਡੇ ਸ਼ਹਿਰਾਂ ਵਿਚ ਗੰਦੇ ਪਾਣੀ (ਸੀਵਰੇਜ) ਤੋਂ ਵੀ ਬਾਇਓ ਗੈਸ ਮਸ਼ੀਨਾਂ ਨੂੰ ਚਲਾਇਆ ਜਾਂਦਾ ਹੈ। 'ਊਰਜਾ ਗ੍ਰਾਮ ਯੋਜਨਾ'

ਮਾਰਚ 1993 ਤੱਕ 184 ਪਿੰਡਾਂ ਵਿਚ ਪੂਰੀ ਕੀਤੀ ਜਾ ਚੁੱਕੀ ਸੀ। ਇਸ ਤੋਂ ਇਲਾਵਾ ਦੂਸਰੇ 222 ਪਿੰਡਾਂ ਵਿਚ ਇਹ ਯੋਜਨਾ ਪੂਰਾ ਹੋਣ ਦੇ ਭਿੰਨ-ਭਿੰਨ ਪੜਾਵਾਂ ਵਿਚ ਸੀ। ਇਸ ਸੰਬੰਧੀ 1680 ਪਿੰਡਾਂ ਦਾ ਸਰਵੇਖਣ ਪੂਰਾ ਹੋ ਚੁੱਕਿਆ ਹੈ ਤੇ 344 ਪਿੰਡਾਂ ਵਿਚ ਇਹ ਸਰਵੇਖਣ ਚਲ ਰਿਹਾ ਹੈ।

**ਧੂੰਆਂ ਰਹਿਤ ਚੁੱਲ੍ਹਿਆਂ** ਦਾ ਰਾਸ਼ਟਰੀ ਪੱਧਰ ਤੇ ਪ੍ਰੋਗਰਾਮ ਬਣਾਇਆ ਜਾ ਰਿਹਾ ਹੈ। ਇਸ ਦਾ ਮੁੱਖ ਉਦੇਸ਼ ਬਾਲਣ ਦੀ ਬੱਚਤ ਅਤੇ ਪੇਂਡੂ ਇਸਤਰੀਆਂ ਦੁਆਰਾ ਬਾਲਣ ਇਕੱਠਾ ਕਰਨ ਦੀਆਂ ਸਮੱਸਿਆਵਾਂ ਨੂੰ ਘੱਟ ਕਰਨਾ ਹੈ। ਦੇਸ਼ ਵਿਚ ਸ਼ਕਤੀ ਦੀ ਸਭ ਤੋਂ ਵੱਧ ਵਰਤੋਂ ਰਸੋਈ ਘਰ ਵਿਚ ਹੀ ਹੁੰਦੀ ਹੈ ਜਿਸ ਵਿਚ ਸ਼ਕਤੀ ਦੇ ਸਾਧਨ ਦੇ ਤੌਰ ਤੇ ਲੱਕੜੀ ਅਤੇ ਕੰਡਿਆਂ ਦਾ ਵੱਡੇ ਪੱਧਰ ਤੇ ਪ੍ਰਯੋਗ ਹੁੰਦਾ ਰਿਹਾ ਹੈ। ਦੇਸੀ ਰਵਾਇਤ ਚੁਲ੍ਹਿਆਂ ਵਿਚ ਇਕ ਬਾਲਣ ਵੱਧ ਖਰਚ ਹੁੰਦਾ ਹੈ ਤੇ ਦੂਸਰਾ ਧੂੰਆਂ ਵੀ ਵੱਧ ਨਿਕਲਦਾ ਹੈ। ਦਸੰਬਰ 1983 ਵਿਚ ਧੂੰਆਂ ਰਹਿਤ ਚੁੱਲ੍ਹਿਆਂ ਦੀ ਯੋਜਨਾ ਸ਼ੁਰੂ ਕੀਤੀ ਗਈ ਹੈ। ਅਜਿਹਾ ਅੰਦਾਜ਼ਾ ਹੈ ਕਿ ਇਕ ਧੂੰਆਂ ਰਹਿਤ ਚੁੱਲ੍ਹਾ ਸਾਲ ਵਿਚ ਲਗਪਗ 700 ਕਿਲੋਗ੍ਰਾਮ ਬਾਲਣ ਬਚਾ ਸਕਦਾ ਹੈ। ਇਹਨਾਂ ਚੁੱਲ੍ਹਿਆਂ ਦੇ ਪ੍ਰਯੋਗ ਨਾਲ 20–35% ਜਲਾਉਣ ਵਾਲੀ ਲੱਕੜੀ ਦੀ ਬੱਚਤ ਹੋ ਜਾਂਦੀ ਹੈ। ਦੇਸ਼ ਵਿਚ ਮਾਰਚ 1993 ਤੱਕ ਲਗਪਗ 142 ਲੱਖ ਉੱਨਤ ਕਿਸਮ ਦੇ ਚੁੱਲ੍ਹਿਆਂ ਨੂੰ ਸਥਾਪਤ ਕੀਤਾ ਜਾ ਚੁੱਕਾ ਸੀ।

## ਸੂਰਜੀ-ਤਾਪ ਸ਼ਕਤੀ (Solar Power)

ਕਦੇ ਵੀ ਨਾ ਸਮਾਪਤ ਹੋਣ ਵਾਲਾ ਇਕ ਸ਼ਕਤੀ ਸਰੋਤ ਹੈ। ਇਹ ਇਕ ਤਾਂ ਸਰਵ ਵਿਆਪਕ ਹੈ। ਦੂਸਰੇ ਵੱਡੀਆਂ ਸੰਭਾਵਨਾਵਾਂ ਵਾਲਾ ਸਾਧਨ ਹੈ। ਪਾਣੀ ਗਰਮ ਕਰਨ, ਭੋਜਨ ਬਣਾਉਣ, ਕਮਰਿਆਂ ਨੂੰ ਗਰਮ ਰੱਖਣ, ਪਾਣੀ ਨੂੰ ਲੂਣ ਤੋਂ ਸਾਫ਼ ਰੱਖਣ, ਫ਼ਸਲਾਂ ਨੂੰ ਕਟਾਈ ਤੋਂ ਬਾਅਦ ਸੁਕਾਉਣ ਆਦਿ ਵਿਚ ਸੂਰਜੀ ਤਾਪ-ਸ਼ਕਤੀ ਦਾ ਪ੍ਰਯੋਗ ਬਹੁਤ ਹੀ ਘੱਟ ਖਰਚ ਤੇ ਕੀਤਾ ਜਾ ਸਕਦਾ ਹੈ। ਇਹਨਾਂ ਕੰਮਾਂ ਲਈ ਦੇਸ਼ ਵਿਚ ਮਾਰਚ 1993 ਤੱਕ 2.80 ਲੱਖ ਵਰਗ ਕਿਲੋਮੀਟਰ ਦਾ ਖੇਤਰ ਸੌਰ-ਸ਼ਕਤੀ ਨੂੰ ਇਕੱਠਾ ਕਰਨ ਦੇ ਖੇਤਰ ਦੇ ਰੂਪ ਵਿਚ ਸਥਾਪਤ ਕੀਤਾ ਜਾ ਚੁੱਕਾ ਸੀ ਜਿੱਥੇ ਕਿ ਉਪਰੋਕਤ ਕੰਮ ਕਰਨ ਲਈ ਇਸ ਦੀ ਵਰਤੋਂ ਕੀਤੀ ਗਈ। ਮਾਰਚ 1993 ਤੱਕ ਦੇਸ਼ ਵਿਚ 2.40 ਲੱਖ ਤੋਂ ਵੀ ਵੱਧ ਸੌਰ ਚੁੱਲ੍ਹੇ ਵੇਚੇ ਜਾ ਚੁੱਕੇ ਸਨ। ਰਾਜਸਥਾਨ ਵਰਗੇ ਰਾਜ ਵਿਚ ਜਿਥੇ ਸੂਰਜ ਦਾ ਪ੍ਰਕਾਸ਼ ਸਾਲ ਦੇ ਵਧੇਰੇ ਹਿੱਸੇ ਵਿਚ ਬਿਨਾਂ ਕਿਸੇ ਮੌਸਮੀ ਰੁਕਾਵਟ ਤੋਂ ਪ੍ਰਾਪਤ ਹੁੰਦਾ ਰਹਿੰਦਾ ਹੈ ਉਥੇ ਇਹ ਸ਼ਕਤੀ ਬਿਨਾਂ ਕਿਸੇ ਰੁਕਾਵਟ ਦੇ ਦੂਰ ਦੂਰ ਬਿਖਰੇ ਪਿੰਡਾਂ ਨੂੰ ਜਾਣ ਵਿਚ ਬਹੁਤ ਸਹਾਇਕ ਸਿੱਧ ਹੋਵੇਗੀ। ਇਹ ਭਵਿੱਖ ਲਈ ਸ਼ਕਤੀ ਦਾ ਸਾਧਨ ਹੈ ਕਿਉਂਕਿ ਕੋਲਾ ਤੇ ਖਣਿਜ ਤੇਲ ਵਰਗੇ ਸ਼ਕਤੀ ਸਾਧਨ ਭਵਿੱਖ ਵਿਚ ਖਤਮ ਹੋ ਜਾਣਗੇ।

### ਅਭਿਆਸ

**I. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ ਜਾਂ ਇਕ ਲਾਈਨ ਵਿਚ ਦਿਓ—**

1. ਮੁੱਖ ਖਣਿਜ ਪਦਾਰਥਾਂ ਦੇ ਨਾਂ ਦੱਸੋ।
2. ਮੈਂਗਨੀਜ਼ ਖਣਿਜ ਦੀ ਵਰਤੋਂ ਕਿਸ ਕੰਮ ਲਈ ਕੀਤੀ ਜਾਂਦੀ ਹੈ ?
3. ਮੈਂਗਨੀਜ਼ ਦੀ ਕੱਚੀ ਧਾਤ ਦੇ ਉਤਪਾਦਨ ਵਿਚ ਭਾਰਤ ਦਾ ਸੰਸਾਰ ਵਿਚ ਕੀ ਸਥਾਨ ਹੈ ?
4. ਅਬਰਕ ਦੇ ਉਤਪਾਦਨ ਵਿਚ ਭਾਰਤ ਦਾ ਸੰਸਾਰ ਵਿਚ ਕੀ ਸਥਾਨ ਹੈ ?
5. ਕੁੱਲ ਅਬਰਕ ਉਤਪਾਦਨ ਦਾ ਅੱਧੇ ਤੋਂ ਵੱਧ ਉਤਪਾਦਨ ਕਰਨ ਵਾਲੇ ਰਾਜ ਦਾ ਨਾਂ ਦੱਸੋ।
6. ਅਬਰਕ ਦਾ ਪ੍ਰਯੋਗ ਕਿਸ ਉਦਯੋਗ ਵਿਚ ਹੁੰਦਾ ਹੈ ?

7. ਬਾਕਸਾਈਟ ਕੱਚੀ ਧਾਤ ਤੋਂ ਕਿਹੜੀ ਧਾਤ ਪੈਦਾ ਹੁੰਦੀ ਹੈ ?
8. ਤਾਂਬੇ ਦੀ ਧਾਤ ਦੀ ਵਰਤੋਂ ਕਿਹੜੇ ਕੰਮਾਂ ਵਿਚ ਕੀਤੀ ਜਾਂਦੀ ਹੈ ?
9. ਸੋਨਾ ਉਤਪਾਦਨ ਦਾ ਮੁੱਖ ਖੇਤਰ ਕਿੱਥੇ ਅਤੇ ਕਿਸ ਰਾਜ ਵਿਚ ਹੈ ?
10. ਚੂਨੇ ਦੇ ਪੱਥਰ ਦਾ ਪ੍ਰਯੋਗ ਕਿਹੜੇ ਉਦਯੋਗ ਵਿਚ ਸਭ ਤੋਂ ਵੱਧ ਹੁੰਦਾ ਹੈ ?
11. ਕੋਲੇ ਦੇ ਉਤਪਾਦਨ ਵਿਚ ਭਾਰਤ ਦਾ ਸੰਸਾਰ ਵਿਚ ਕੀ ਸਥਾਨ ਹੈ ?
12. ਦਮੋਦਰ ਗਾਟੀ ਵਿਚ ਦੇਸ਼ ਦੇ ਕੁੱਲ ਭੰਡਾਰ ਦਾ ਕਿੰਨਾ ਹਿੱਸਾ ਕੋਲਾ ਮਿਲਦਾ ਹੈ ?
13. ਕੋਲੇ ਉਤਪਾਦਨ ਦੇ ਪ੍ਰਬੰਧ ਅਤੇ ਪ੍ਰਸ਼ਾਸਨ ਦਾ ਕੰਮ ਦੇਸ਼ ਦੀ ਕਿਸ ਸੰਸਥਾ ਕੋਲ ਹੈ ?
14. ਪ੍ਰਮਾਣੂ ਸ਼ਕਤੀ ਦੇ ਚਾਰ ਮੁੱਖ ਕੇਂਦਰ ਕਿਥੇ ਸਥਿਤ ਹਨ ?
15. ਪੌਣ-ਸ਼ਕਤੀ ਕੀ ਹੁੰਦੀ ਹੈ ?
16. ਬੈਲਾਡਿਲਾ ਖਾਣਾਂ ਤੋਂ ਕਿਸ ਖਣਿਜ ਪਦਾਰਥ ਦੀ ਖੁਦਾਈ ਕੀਤੀ ਜਾਂਦੀ ਹੈ ?
17. ਕੋਲਾਰ ਖਾਣਾਂ ਤੋਂ ਕਿਹੜਾ ਖਣਿਜ ਕੱਢਿਆ ਜਾਂਦਾ ਹੈ ?
18. ਲਿਗਨਾਈਟ ਨੂੰ ਕਿਹੜੇ ਦੂਸਰੇ ਨਾਂ ਨਾਲ ਜਾਣਿਆ ਜਾਂਦਾ ਹੈ ?
19. 'ਸਾਗਰ ਸਮਰਾਟ' ਨਾਂ ਦੇ ਸਮੁੰਦਰੀ ਜਹਾਜ਼ ਤੋਂ ਕੀ ਕੰਮ ਲਿਆ ਜਾਂਦਾ ਹੈ ?
20. ਯੂਰੇਨੀਅਮ ਤੋਂ ਕਿਸ ਤਰ੍ਹਾਂ ਦੀ ਸ਼ਕਤੀ ਬਣਾਈ ਜਾਂਦੀ ਹੈ ?

**II. ਹੇਠਾਂ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ—**

1. ਖਣਿਜ ਪਦਾਰਥਾਂ ਦਾ ਰਾਸ਼ਟਰੀ ਅਰਥ ਵਿਵਸਥਾ ਵਿਚ ਕੀ ਯੋਗਦਾਨ ਹੈ ?
2. ਭਾਰਤ ਵਿਚ ਮੈਂਗਨੀਜ਼ ਦੇ ਉਤਪਾਦਨ ਵਾਲੇ ਮੁੱਖ ਰਾਜ ਕਿਹੜੇ-ਕਿਹੜੇ ਹਨ ?
3. ਬਾਕਸਾਈਟ ਉਤਪਾਦਨ ਦੇ ਮੁੱਖ ਖੇਤਰਾਂ ਦੇ ਨਾਂ ਦੱਸੋ।
4. ਤਾਂਬਾ ਉਤਪਾਦਕ ਖੇਤਰਾਂ ਦੇ ਨਾਂ ਦੱਸੋ।
5. ਪੰਜਾਬ ਵਿਚ ਖਣਿਜ ਪਦਾਰਥਾਂ ਦੇ ਨਾ ਮਿਲਣ ਦਾ ਕੀ ਕਾਰਣ ਹੈ ?
6. ਕੋਲਾ ਉਤਪਾਦਨ ਦੇ ਮੁੱਖ ਖੇਤਰਾਂ ਦੇ ਨਾਂ ਦੱਸੋ।
7. ਉੜੀਸਾ ਵਿਚ ਕੋਲਾ ਉਤਪਾਦਨ ਦੇ ਮੁੱਖ ਕੇਂਦਰਾਂ ਦੇ ਨਾਂ ਦੱਸੋ।
8. ਕੋਲਾ ਉਦਯੋਗ ਦੇ ਰਾਸ਼ਟਰੀਕਰਣ ਕਰਨ ਦੇ ਮੁੱਖ ਮੰਤਵ ਕੀ ਸਨ ?
9. ਊਰਜਾ ਦੇ ਗ਼ੈਰ-ਪਰੰਪਰਾਗਤ ਸਰੋਤਾਂ ਦੇ ਨਾਂ ਦੱਸੋ।
10. ਭਾਰਤ ਵਿਚ ਪੌਣ-ਸ਼ਕਤੀ ਦਾ ਕੀ ਮਹੱਤਵ ਹੈ ?
11. ਖਾਣ ਖੁਦਾਈ ਉਦਯੋਗ ਵਿਚ ਭਾਰਤ ਸਰਕਾਰ ਦੀ ਕੀ ਭੂਮਿਕਾ ਹੈ ?
12. ਮੱਧ ਪ੍ਰਦੇਸ਼ ਦੇ ਕਿਹੜੇ ਜ਼ਿਲ੍ਹਿਆਂ ਵਿਚ ਕੱਚੇ ਲੋਹੇ ਦੀ ਖੁਦਾਈ ਕੀਤੀ ਜਾਂਦੀ ਹੈ ?
13. ਦੇਸ਼ ਦੇ ਉਹਨਾਂ ਸਭ ਅਦਾਰਿਆਂ ਦੇ ਨਾਂ ਦੱਸੋ ਜੋ ਆਜ਼ਾਦੀ ਤੋਂ ਬਾਅਦ ਤੇਲ ਖੋਜ, ਤੇਲ ਸੋਧਨ ਅਤੇ ਤੇਲ ਦੀ ਖੇਤਰੀ ਵੰਡ ਦੇ ਕੰਮ ਵਿਚ ਲੱਗੇ ਹੋਏ ਹਨ।

14. ਸੌਰ ਊਰਜਾ ਨੂੰ ਭਵਿੱਖ ਦੀ ਸ਼ਕਤੀ ਦਾ ਸਰੋਤ ਕਿਉਂ ਕਿਹਾ ਜਾਂਦਾ ਹੈ ?
15. ਕੁਦਰਤੀ ਗੈਸ ਦਾ ਖਾਦ ਉਦਯੋਗ ਵਿਚ ਕੀ ਮਹੱਤਵ ਹੈ ?
16. ਦੇਸ਼ ਵਿਚ ਪਣ-ਬਿਜਲੀ ਸ਼ਕਤੀ ਦੀ ਖੇਤਰੀ ਵੰਡ ਵਿਚ ਕੀ ਸਮੱਸਿਆਵਾਂ ਆਉਂਦੀਆਂ ਹਨ ?
17. ਦੇਸ਼ ਵਿਚ ਖਣਿਜ ਸੰਪਤੀ ਦੀ ਪ੍ਰਾਪਤੀ ਦੇ ਮਹੱਤਵ ਦਾ ਸੰਖੇਪ ਵਰਣਨ ਕਰੋ।
18. ਲੋਹੇ ਦੀ ਕੱਚੀ ਧਾਤ ਦੇ ਮੁੱਖ ਉਤਪਾਦਕ ਖੇਤਰਾਂ ਦਾ ਵਰਣਨ ਕਰੋ।
19. ਆਜ਼ਾਦੀ ਦੇ ਬਾਅਦ ਖਣਿਜ ਤੇਲ ਦੀ ਖੋਜ ਅਤੇ ਉਤਪਾਦਨ ਦੇ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਦੀ ਜਾਣਕਾਰੀ ਦਿਓ।
20. ਆਜ਼ਾਦੀ ਦੇ ਬਾਅਦ ਪਿੰਡਾਂ ਵਿਚ ਹੋਏ ਬਿਜਲੀਕਰਣ ਦੇ ਵਿਕਾਸ ਦਾ ਵਰਣਨ ਕਰੋ।
21. 'ਸ਼ਕਤੀ ਪਿੰਡ ਯੋਜਨਾ' ਦੇ ਬਾਰੇ ਵਿਸਥਾਰ ਪੂਰਵਕ ਵੇਰਵਾ ਦਿਓ।
22. ਧੂੰਆਂ ਰਹਿਤ ਚੁਲ੍ਹਿਆਂ ਦੀ ਰਾਸ਼ਟਰੀ ਯੋਜਨਾ ਦਾ ਵਰਣਨ ਕਰੋ।
23. ਸੂਰਜੀ ਤਾਪ-ਸ਼ਕਤੀ ਦਾ ਕਦੇ ਵੀ ਨਾ ਸਮਾਪਤ ਹੋਣ ਵਾਲੀ ਸ਼ਕਤੀ ਦੇ ਰੂਪ ਵਿਚ ਵਰਣਨ ਕਰੋ ਅਤੇ ਦੱਸੋ ਕਿ ਭਾਰਤ ਦੇ ਕਿਹੜੇ ਭਾਗਾਂ ਵਿਚ ਇਸ ਸ਼ਕਤੀ ਦੇ ਪ੍ਰਯੋਗ ਦੀਆਂ ਵੱਧ ਸੰਭਾਵਨਾਵਾਂ ਹਨ।
24. ਪਣ-ਬਿਜਲੀ ਉਤਪਾਦਨ ਦੀ ਤਰੱਕੀ ਤੇ ਇਕ ਸੰਖੇਪ ਨੋਟ ਲਿਖੋ।
25. ਭਾਰਤ ਦੇ ਪ੍ਰਮਾਣੂ ਸ਼ਕਤੀ ਦੇ ਸ਼ਾਂਤੀਪੂਰਣ ਪ੍ਰਯੋਗ ਨਾਲ ਸੰਬੰਧਿਤ ਵਿਚਾਰ ਅਤੇ ਇਸ ਨਾਲ ਸੰਬੰਧਿਤ ਪੈਣ ਵਾਲੇ ਅੰਤਰ-ਰਾਸ਼ਟਰੀ ਦਬਾਅ ਦਾ ਵਰਣਨ ਕਰੋ।

**III. ਹੇਠਾਂ ਲਿਖੇ ਪ੍ਰਸ਼ਨਾਂ ਦੇ ਵਿਸਤ੍ਰਿਤ ਉੱਤਰ ਦਿਓ—**

1. ਕੋਲੇ ਦੇ ਉਤਪਾਦਨ ਦਾ ਵਿਸਥਾਰ ਨਾਲ ਵਰਣਨ ਕਰਦੇ ਹੋਏ ਮੁੱਖ ਸਮੱਸਿਆਵਾਂ ਦੀ ਵਿਸ਼ੇਸ਼ ਤੌਰ ਤੇ ਵਿਆਖਿਆ ਕਰੋ।
2. ਤਾਪ ਤੇ ਪ੍ਰਮਾਣੂ ਸ਼ਕਤੀ ਦੇ ਵਿਸਤਾਰ ਉੱਤੇ ਭਾਰਤ ਵਿਚ ਕੀਤੇ ਗਏ ਵਿਕਾਸ ਦਾ ਵਰਣਨ ਕਰੋ।
3. ਸ਼ਕਤੀ ਦੇ ਗੈਰ-ਪਰੰਪਰਾਗਤ ਸਾਧਨਾਂ ਦੇ ਵਿਕਾਸ ਅਤੇ ਮਹੱਤਵ ਨੂੰ ਵਿਸਥਾਰ ਵਿਚ ਲਿਖੋ।
4. ਦੇਸ਼ ਦੇ ਉਦਯੋਗੀਕਰਣ ਵਿਚ ਸ਼ਕਤੀ ਦਾ ਕੀ ਮਹੱਤਵ ਹੈ ?

**IV. ਹੇਠਾਂ ਲਿਖਿਆਂ ਨੂੰ ਭਾਰਤ ਦੇ ਨਕਸ਼ੇ 'ਤੇ ਦਰਸਾਓ—**

1. ਕੱਚੇ ਲੋਹੇ ਦੇ ਉਤਪਾਦਕ ਖੇਤਰ,
2. ਮੈਂਗਨੀਜ਼ ਦੇ ਉਤਪਾਦਕ ਖੇਤਰ,
3. ਕੋਲੇ ਦੇ ਉਤਪਾਦਕ ਖੇਤਰ,
4. ਪ੍ਰਮਾਣੂ ਸ਼ਕਤੀ ਦੇ ਕੇਂਦਰ,
5. ਦਮੋਦਰ ਘਾਟੀ ਖੇਤਰ ਵਿਚ ਲੋਹੇ ਦੇ ਉਤਪਾਦਕ ਖੇਤਰ,
6. ਬਾਕਸਾਈਟ ਦੇ ਚਾਰ ਮੁੱਖ ਭੰਡਾਰਾਂ ਦੇ ਖੇਤਰ,
7. ਕੋਲਾਰ ਸੋਨਾ ਖੇਤਰ,
8. ਲਿਗਨਾਈਟ ਕੋਲਾ ਉਤਪਾਦਕ ਖੇਤਰ,

## ਪਾਠ 7
# ਜਨਸੰਖਿਆ

**ਜਨਸੰਖਿਆ : ਇੱਕ ਸਾਧਨ ਦੀ ਦ੍ਰਿਸ਼ਟੀ ਤੋਂ**—ਬੌਧਿਕ ਤੇ ਸਰੀਰਕ ਤੌਰ ਤੇ ਮਜ਼ਬੂਤ ਨਾਗਰਿਕ ਹੀ ਕਿਸੇ ਦੇਸ਼ ਦਾ ਸੱਭ ਤੋਂ ਮਹੱਤਵਪੂਰਣ ਅਤੇ ਵੱਡਮੁੱਲਾ ਸਾਧਨ ਹੁੰਦਾ ਹੈ। ਚਾਹੇ ਦੇਸ਼ ਦੀ ਸਰਹੱਦਾਂ ਦੀ ਸੁਰੱਖਿਆ ਦਾ ਮਾਮਲਾ ਹੋਵੇ ਜਾਂ ਫਿਰ ਆਰਥਿਕ ਵਿਕਾਸ ਨੂੰ ਅੱਗੇ ਵਧਾਉਣਾ ਹੋਵੇ, ਸੁਹਿਰਦ ਅਤੇ ਨਿਪੁੰਨ ਨਾਗਰਿਕ ਹੀ ਠੋਸ ਅਤੇ ਯੋਜਨਾਬੱਧ ਤਰੀਕੇ ਨਾਲ ਭਰਪੂਰ ਸਹਾਰਾ ਦੇ ਸਕਦੇ ਹਨ।

ਅੱਜ ਦੇ ਜਾਣਕਾਰੀ ਅਤੇ ਸੂਚਨਾ ਤੇ ਆਧਾਰਤ ਸੰਸਾਰ (Knowledge and Information based World) ਵਿੱਚ ਮਨੁੱਖੀ ਸਾਧਨਾਂ ਦਾ ਦੇਸ਼ ਦੇ ਨਿਰਮਾਣ ਅਤੇ ਵਿਕਾਸ ਵਿੱਚ ਪਹਿਲਾਂ ਤੋਂ ਵੱਧ ਅਸਰਦਾਨ ਸਥਾਨ ਮਹਿਸੂਸ ਕੀਤਾ ਜਾ ਰਿਹਾ ਹੈ। ਹੁਣ ਸੰਸਾਰ ਦੇ ਸਾਰੇ ਦੇਸ਼ ਖਾਸ ਕਰਕੇ ਵਿਕਾਸਸ਼ੀਲ ਦੇਸ਼ ਮਨੁੱਖੀ ਸਾਧਨਾਂ ਦੇ ਵਿਕਾਸ ਵੱਲ ਪਹਿਲਾਂ ਤੋਂ ਵੱਧ ਧਿਆਨ ਦੇਣ ਲੱਗ ਪਏ ਹਨ। ਬੱਚਿਓ ਕੀ ਤੁਸੀਂ ਸੋਚ ਸਕਦੇ ਹੋ, ਅਜਿਹਾ ਕਿਉਂ ਹੈ ? 'ਏਸ਼ੀਅਨ ਟਾਈਗਰ' ਦੇ ਨਾਂ ਨਾਲ ਜਾਣੇ ਵਾਲੇ ਦੱਖਣੀ ਕੋਰੀਆ, ਤਾਈਵਾਨ ਹਾਂਗਕਾਂਗ, ਸਿੰਘਾਪੁਰ ਤੇ ਮਲੇਸ਼ੀਆ ਆਦਿ ਦੇਸ਼ਾਂ ਵਿੱਚ ਬੜੀ ਤੇਜ਼ੀ ਨਾਲ ਹੋ ਰਹੇ ਆਰਥਿਕ ਵਿਕਾਸ ਦਾ ਸਿਹਰਾ ਪਿਛਲੇ ਦਹਾਕਿਆਂ ਵਿੱਚ ਉੱਥੇ ਹੋਏ ਮਨੁੱਖੀ ਸਾਧਨਾਂ ਤੇ ਕੀਤੇ ਗਏ ਭਾਰੀ ਨਿਵੇਸ਼ ਨੂੰ ਦਿੱਤਾ ਜਾ ਰਿਹਾ ਹੈ। ਮਨੁੱਖੀ ਸਾਧਨ ਵਿਕਾਸ ਵਿੱਚ ਨਾ ਕੇਵਲ ਸਿੱਖਿਆ, ਤਕਨੀਕੀ ਨਿਪੁੰਨਤਾ, ਸਿਹਤ ਅਤੇ ਪਾਲਣ-ਪੋਸ਼ਣ ਜਿਹੇ ਸੂਚਕਾਂ ਨੂੰ ਬਲਕਿ ਮਨੁੱਖੀ ਚਾਲਚਲਨ ਤੇ ਸੋਚ ; ਸਭਿਅਤਾ ਤੇ ਸੰਸਕ੍ਰਿਤੀ, ਜਾਤਾਂ ਅਤੇ ਰਾਸ਼ਟਰੀ ਮਾਣ ਜਿਹੇ ਸੂਚਕਾਂ ਨੂੰ ਵੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਇਸਦੇ ਬਾਅਦ ਹੀ ਮਨੁੱਖੀ ਸਾਧਨ ਵਿਕਾਸ ਵਿੱਚ ਸੰਪੂਰਨ ਵਿਚਾਰਧਾਰਾ ਬਣ ਸਕੇਗਾ।

ਸਾਡੇ ਦੇਸ਼ ਭਾਰਤ ਵਿੱਚ ਵੀ ਹੁਣ ਮਨੁੱਖੀ ਸਾਧਨਾਂ ਦੇ ਵਿਕਾਸ ਵੱਲ ਪਹਿਲਾਂ ਨਾਲੋਂ ਵੱਧ ਤਵੱਜੋ ਦਿੱਤੀ ਜਾ ਰਹੀ ਹੈ। ਅਮਰੀਕਾ ਵਿੱਚ ਕੰਮ ਕਰਦੇ ਭਾਰਤੀ ਆਧਾਰ ਵਾਲੇ ਅਰਥਸ਼ਾਸਤਰੀ ਪ੍ਰੋਫੈਸਰ ਅਮਰਤਿਆ ਸੇਨ ਤੇ ਮੁਤਾਬਕ ਮਨੁੱਖੀ ਸਾਧਨਾਂ ਦੇ ਵਿਕਾਸ ਵਲ ਪੂਰਨ ਧਿਆਨ ਨਾ ਦੇਣਾ ਭਾਰਤੀ ਯੋਜਨਾਵਾਂ (Indian Planning) ਦੀ ਸਭ ਮਹੱਤਵਪੂਰਣ ਅਤੇ ਦੁਖਦਾਈ ਭੁੱਲ ਹੈ। ਉਹ ਇਸ ਨੂੰ ਸਾਡੀਆਂ ਆਰਥਿਕ ਅਸਫਲਤਾਵਾਂ ਦੇ ਮੁੱਖ ਕਾਰਣਾਂ ਵਿੱਚੋਂ ਸੱਭ ਤੋਂ ਵੱਧ ਮੰਨਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਸਮਾਜਿਕ ਨਿਆਂ ਦੇ ਮੁੱਦਿਆਂ ਤੇ ਪੂਰਾ ਧਿਆਨ ਦੇਣ ਕਰਕੇ ਆਜ਼ਾਦ ਭਾਰਤ ਵਿੱਚ ਹੋਏ ਆਰਥਿਕ ਵਿਕਾਸ ਦਾ ਲਾਭ ਗ਼ਰੀਬਾਂ, ਇਸਤਰੀਆਂ ਅਤੇ ਸਮਾਜਕ ਦੇ ਕਮਜ਼ੋਰ ਅਤੇ ਦੱਬੇ-ਕੁਚਲੇ ਵਰਗਾਂ ਤੱਕ ਪਹੁੰਚ ਨਹੀਂ ਸਕਿਆ। ਇਸੇ ਕਰਕੇ ਆਰਥਿਕ ਵਿਕਾਸ ਦੇ ਨਾਲ ਨਾਲ ਵੱਡੀ ਗਿਣਤੀ ਵਿੱਚ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਅਸਮਾਨਤਾਵਾਂ ਪੈਦਾ ਹੋ ਗਈਆਂ ਹਨ। ਅੱਜ ਕੱਲ੍ਹ ਜੋ ਜਾਤ, ਧਾਰਮਿਕ ਅਤੇ ਖੇਤਰੀ ਅੰਦੋਲਨ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਦੇਖਣ ਨੂੰ ਮਿਲ ਰਹੇ ਹਨ ਇਹਨਾਂ ਦਾ ਇੱਕ ਮੁੱਖ ਕਾਰਣ ਮਨੁੱਖੀ ਸਾਧਨਾਂ ਦੇ ਵਿਕਾਸ ਵੱਲ ਪੂਰਾ ਧਿਆਨ ਨਾ ਦੇਣਾ ਵੀ ਹੈ।

ਮਨੁੱਖੀ ਸਾਧਨਾਂ ਦੇ ਦੇਸ਼ ਦੇ ਸਮੁੱਚੇ ਵਿਕਾਸ ਵਿੱਚ ਮਹੱਤਵਪੂਰਣ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਇਸ ਪਾਠ ਵਿੱਚ ਭਾਰਤ ਦੀ ਜਨਸੰਖਿਆ ਦੀਆਂ ਅਨੇਕਾਂ ਵਿਸ਼ੇਸ਼ਤਾਵਾਂ ਜਿਵੇਂ ਵੰਡ, ਘਣਤਾ, ਵਾਧਾ, ਉਮਰ, ਲਿੰਗ ਅਨੁਪਾਤ, ਪੇਂਡੂ-ਸ਼ਹਿਰੀ ਵੰਡ, ਸਿੱਖਿਆ, ਆਰਥਿਕ ਬਣਤਰ ਆਦਿ ਦਾ ਅਧਿਐਨ ਕੀਤਾ ਗਿਆ ਹੈ।

## ਭਾਰਤ : ਜਨਸੰਖਿਅਕ ਗਿਣਤੀ

**ਜਨਸੰਖਿਆ ਦਾ ਵਾਧਾ ਤੇ ਵੰਡ :**

ਭਾਰਤ ਉਪਮਹਾਂਦੀਪ ਸੰਸਾਰ ਦੇ ਕੁਝ ਗਿਣੇ ਚੁਣੇ ਉਹਨਾਂ ਖੇਤਰਾਂ ਵਿੱਚੋਂ ਹੈ ਜਿੱਥੇ ਜਨਸੰਖਿਆ ਦਾ ਵਸੇਬਾ ਬਹੁਤ ਹੀ ਪ੍ਰਾਚੀਨ ਸਮੇਂ ਤੋਂ ਹੈ। ਭਾਰਤੀ-ਮਹਾਂਦੀਪ ਵਿੱਚ ਸੰਸਾਰ ਦੀ ਪੁਰਾਤਨ ਸਭਿਅਤਾ ਵਿੱਚੋਂ ਸਿੰਧ ਘਾਟੀ ਦੀ ਸਭਿਅਤਾ ਦੇ ਨਾਂ ਨਾਲ ਜਾਣੀ ਜਾਂਦੀ ਇੱਕ ਸਭਿਅਤਾ ਦਾ ਜਨਮ ਤੇ ਵਿਕਾਸ ਹੋਇਆ ਹੈ। ਇੱਕ ਅੰਦਾਜ਼ੇ ਦੇ ਅਨੁਸਾਰ ਅਕਬਰ ਦੀ ਮੌਤ ਦੇ ਸਮੇਂ ਭਾਰਤ ਦੀ ਜਨਸੰਖਿਆ ਸੰਨ 1605 ਈ: ਵਿੱਚ) 10 ਕਰੋੜ ਸੀ। 1750 ਵਿੱਚ 19 ਕਰੋੜ ਅਤੇ 1850 ਵਿੱਚ 23.3 ਕਰੋੜ ਹੋਣ ਦਾ ਅੰਦਾਜ਼ਾ ਹੈ। ਇਹ ਜਨਸੰਖਿਆ ਸਧਾਰਣ ਹਾਲਤਾਂ ਵਿੱਚ ਹੌਲੀ ਹੌਲੀ ਵੱਧਦੀ ਰਹਿੰਦੀ ਸੀ ਪਰੰਤੂ ਲੜਾਈਆਂ, ਮਹਾਂਮਾਰੀਆਂ ਅਤੇ ਕਾਲ (ਸੋਕਾ) ਪੈਣ ਤੇ ਬਹੁਤ ਤੇਜ਼ੀ ਨਾਲ ਘੱਟ ਜਾਂਦੀ ਸੀ। ਅਜੋਕੇ ਸਮੇਂ ਵਿੱਚ ਇਹਨਾਂ ਸਮੱਸਿਆਵਾਂ ਵਿੱਚ ਬਹੁਤ ਤੇਜ਼ੀ ਨਾਲ ਤਬਦੀਲੀ ਆਈ ਹੈ। ਮਹਾਂਮਾਰੀ ਤੇ ਭੁੱਖਮਰੀ ਨਾਲ ਹੋਣ ਵਾਲੀਆਂ ਮੌਤਾਂ ਉੱਤੇ ਆਧੁਨਿਕ ਡਾਕਟਰੀ ਵਿਗਿਆਨ ਅਤੇ ਤਕਨਾਲੋਜੀ ਨੇ ਕਾਬੂ ਪਾ ਲਿਆ ਹੈ। ਇਸ ਕਾਰਨ ਭਾਰਤ ਦੀ ਜਨਸੰਖਿਆ ਜੋ 1901 ਵਿੱਚ 23.8 ਕਰੋੜ ਸੀ, 1951 ਤੱਕ 35.9 ਕਰੋੜ, 2001 ਤੱਕ 102.7 ਕਰੋੜ ਤੇ 2011 ਤੱਕ 121 ਕਰੋੜ ਤੱਕ ਪਹੁੰਚ ਚੁੱਕੀ ਹੈ। ਇਸ ਤਰ੍ਹਾਂ ਇਸ ਸਦੀ ਦੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਭਾਰਤ ਦੀ ਜਨਸੰਖਿਆ ਵਿੱਚ ਲਗਪਗ 5 ਗੁਣਾ ਅਤੇ ਆਜ਼ਾਦੀ ਤੋਂ ਲੈ ਕੇ ਹੁਣ ਤੱਕ ਲਗਪਗ ਤਿੰਨ ਗੁਣਾ ਵਾਧਾ ਹੋਇਆ ਹੈ ਜੋ ਕਿ ਸਾਰਣੀ ਤੋਂ ਸਪਸ਼ਟ ਹੈ—

**ਸਾਰਣੀ 10.1 ਭਾਰਤ : ਜਨ ਸੰਖਿਆ, 1901-2011**

| ਸਾਲ | ਜਨਸੰਖਿਆ | ਦਹਾਕੇ ਵਾਲੀ ਵਾਧਾ ਦਰ (ਪ੍ਰਤੀਸ਼ਤ) | ਔਸਤ ਸਾਲਾਨਾ ਐਕਸਪੋਨੇਸ਼ੀਅਲ ਵਾਦਾ ਦਰ (ਪ੍ਰਤੀਸ਼ਤ) | 1901 ਤੋਂ ਬਾਅਦ ਵੱਧਦੀ ਹੋਈ ਵਾਧਾ ਦਰ |
|---|---|---|---|---|
| 1901 | 23,83,96,327 | — | — | — |
| 1911 | 25,20,93,390 | +0.75 | 0.56 | +5.75 |
| 1921 | 25,13,21,213 | −0.31 | −0.03 | +5.42 |
| 1931 | 27,89,77,238 | +11.00 | 1.04 | +17.02 |
| 1941 | 31,86,60,580 | +14.22 | 1.33 | 33.67 |
| 1951 | 36,10,88,090 | +13.31 | 1.25 | +51.47 |
| 1961 | 43,92,34,771 | +21.51 | 1.96 | +84.25 |
| 1971 | 54,81,59,652 | +24.80 | 2.20 | +129.94 |
| 1981 | 68,33,29,097 | +24.66 | 2.22 | +186.64 |
| 1991 | 84,63,02,688 | +23.86 | 2.14 | +255.00 |
| 2001 | 1.02,70,15,421 | +21.34 | 1.93 | +330.80 |
| 2011 | 1,21.01.93.422 | +17.64 | 1.79 | +366.74 |

ਸਰੋਤ : ਸੈਨਸਿਜ਼ ਆਫ਼ ਇੰਡੀਆ, 2001, ਫਾਈਨਲ ਪਾਪੂਲੇਸ਼ਨ ਟੋਟਲਜ਼।

ਇਸ ਸਾਰਣੀ ਤੋਂ ਕੁਝ ਨਤੀਜੇ ਕੱਢੋ। ਦੇਖੋ ਕਿ 1921 ਤੇ 1951 ਦੇ ਸਾਲਾਂ ਤੋਂ ਬਾਅਦ ਵੱਸੋਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਸੇ ਕਰਕੇ ਸਾਲ 1921 ਤੇ 1951 ਨੂੰ 'ਜਨਸੰਖਿਅਕ ਵਿਭਾਜਕ' ਦੇ ਸਾਲ ਮੰਨਿਆ ਗਿਆ ਹੈ। ਇਹਨਾਂ ਜਨਸੰਖਿਅਕ ਦਹਾਕਿਆਂ ਦੇ ਬਾਅਦ ਮੌਤ ਦਰ ਦਾ ਕਾਫ਼ੀ ਘੱਟਣਾ ਵੀ ਇੱਕ ਮੁੱਖ ਕਾਰਣ ਮੰਨਿਆ ਗਿਆ ਹੈ।

ਇਥੇ ਸਾਡੇ ਦੇਸ਼ ਵਿੱਚ ਐਨੀ ਵਿਸ਼ਾਲ ਜਨਸੰਖਿਆ ਹੈ ਕਿ ਇਸ ਦੇ ਪੱਖ ਤੋਂ ਭਾਰਤ ਦਾ ਸੰਸਾਰ ਵਿੱਚ ਚੀਨ ਤੋਂ ਬਾਅਦ ਦੂਸਰਾ ਨੰਬਰ ਬਣਦਾ ਹੈ। ਇਹ ਜਨਸੰਖਿਆ ਸੰਯੁਕਤ ਰਾਜ ਅਮਰੀਕਾ ਅਤੇ ਰੂਸ ਸੰਘ ਦੋਵਾਂ ਦੀ ਕੁੱਲ ਜਨਸੰਖਿਆ ਤੋਂ ਵੀ ਵੱਧ ਹੈ। ਸਾਡੇ ਗੁਆਂਢੀ ਦੇਸ਼ ਪਾਕਿਸਤਾਨ ਦੀ ਕੁੱਲ ਜਨਸੰਖਿਆ ਦੇ ਸੱਤ ਗੁਣਾਂ ਤੋਂ ਵੀ ਵੱਧ ਜਨਸੰਖਿਆ ਭਾਰਤ ਵਿੱਚ ਵੱਸਦੀ ਹੈ।

**ਵਿਸ਼ਾਲ ਜਨ ਸੰਖਿਆ ਦੇ ਨਤੀਜੇ :**

ਐਨੀ ਵੱਡੀ ਤੇ ਵਿਸ਼ਾਲ ਜਨਸੰਖਿਆ ਦੇ ਬਹੁਤ ਸਾਰੇ ਨਤੀਜੇ ਨਿਕਲਦੇ ਹਨ ਜਿਹਨਾਂ ਵਿੱਚ ਕੁੱਝ ਲਾਭਕਾਰੀ ਤੇ ਕੁਝ ਹਾਨੀਕਾਰਕ ਹਨ। ਲਾਭਕਾਰੀ ਨਤੀਜਿਆਂ ਵਿੱਚ ਸਭ ਤੋਂ ਪਹਿਲਾਂ ਇੰਨੀ ਵੱਡੀ ਜਨਸੰਖਿਆ ਦੇ ਕਾਰਣ ਹੀ ਭਾਰਤ ਦੀ ਸੰਸਾਰ ਵਿੱਚ ਰਾਜਨੀਤਿਕ ਧਾਕ ਬਣ ਜਾਂਦੀ ਹੈ। ਨਾਲ ਹੀ ਇਸ ਨਾਲ ਇੱਕ ਤਾਂ ਬਹੁਤ ਵੱਡਾ ਬਾਜ਼ਾਰ ਭਾਰਤੀ ਸਾਮਾਨ ਨੂੰ ਵਿਕਰੀ ਲਈ ਭਾਰਤ ਵਿੱਚ ਹੀ ਮਿਲ ਜਾਂਦਾ ਹੈ ਤੇ ਦੂਸਰੇ ਬਹੁਤ ਵੱਡੀ ਜਨ ਸ਼ਕਤੀ ਵੀ ਪ੍ਰਾਪਤ ਹੁੰਦੀ ਹੈ। ਵਿਸ਼ਾਲ ਦੇਸੀ ਬਾਜ਼ਾਰ ਤੇ ਜਨਸ਼ਕਤੀ ਮਿਲ ਕੇ ਤੇਜ਼ ਆਰਥਿਕ ਵਿਕਾਸ ਵਿੱਚ ਵਾਧਾ ਕਰਦੇ ਹਨ। ਦੂਸਰੇ ਪਾਸੇ ਇੰਨੀ ਵੱਡੀ ਵੱਸੋਂ ਦੇ ਹਾਨੀਕਾਰਕ ਪ੍ਰਭਾਵਾਂ ਵਿੱਚ ਜਨਸੰਖਿਆ ਦਾ ਸਾਧਨਾਂ ਤੇ ਵੱਧ ਤੋਂ ਵੱਧ ਦਬਾਅ, ਪ੍ਰਤੀ ਵਿਅਕਤੀ ਆਧਾਰ ਤੇ ਆਮਦਨ ਤੇ ਆਵਾਸ ਸਹੂਲਤਾਂ ਦੀ ਘਾਟ, ਲੰਬੀਆਂ ਕਤਾਰਾਂ, ਵੱਡੇ ਜਨਸੰਖਿਅਕ ਸਮੂਹ ਦੀਆਂ ਪ੍ਰਬੰਧਕ ਸਮੱਸਿਆਵਾਂ ਆਦਿ ਮੁੱਖ ਹਨ।

**ਜਨ ਸੰਖਿਆ ਦੇ ਅੰਤਰ ਸੂਬਾਈ ਵਖਰੇਵੇਂ :**

ਭਾਰਤ ਵਿੱਚ ਕੁੱਲ 28 ਰਾਜ ਹਨ ਅਤੇ 8 ਕੇਂਦਰੀ ਸ਼ਾਸਤ ਖੇਤਰ ਹਨ। ਇਹਨਾਂ ਦੀ ਕੁੱਲ ਜਨਸੰਖਿਆ 121 ਕਰੋੜ ਤੋਂ ਵੱਧ ਹੈ। ਇਸ ਆਧਾਰ ਤੇ ਇੱਕ ਰਾਜ ਦੀ ਔਸਤ ਜਨਸੰਖਿਆ ਲਗਪਗ 4 ਕਰੋੜ ਤੋਂ ਵੱਧ ਬਣਦੀ ਹੈ। ਉੱਤਰ ਪ੍ਰਦੇਸ਼ ਭਾਰਤ ਦਾ ਸਭ ਤੋਂ ਵੱਧ ਜਨਸੰਖਿਆ ਵਾਲਾ ਰਾਜ ਹੈ ਜਿੱਥੇ ਲਗਪਗ 20 ਕਰੋੜ ਲੋਕ ਵਸਦੇ ਹਨ। ਦੂਸਰੇ ਪਾਸੇ ਸਭ ਤੋਂ ਘੱਟ ਜਨਸੰਖਿਆ ਵਾਲਾ ਰਾਜ ਸਿੱਕਿਮ ਹੈ ਜਿਥੇ ਕੇਵਲ 6 ਲੱਖ ਲੋਕ ਹੀ ਵਸਦੇ ਹਨ। ਭਾਰਤ ਵਿੱਚ 5 ਕਰੋੜ ਤੋਂ ਵੱਧ ਜਨਸੰਖਿਆ ਵਾਲੇ ਦੱਸ ਰਾਜ ਹਨ। ਇਹਨਾਂ ਵਿੱਚ ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਮਹਾਂਰਾਸ਼ਟਰ, ਪੱਛਮੀ ਬੰਗਾਲ, ਆਂਧਰਾ-ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ, ਕਰਨਾਟਕ ਅਤੇ ਤਾਮਿਲਨਾਡੂ ਸ਼ਾਮਿਲ ਹਨ। ਇਹਨਾਂ ਤੋਂ ਇਲਾਵਾ ਰਾਸ਼ਟਰੀ ਰਾਜਧਾਨੀ ਖੇਤਰ (National Capital Region) ਦਿੱਲੀ ਜੋ ਇੱਕ ਕੇਂਦਰ ਸਾਸਤਰ ਪ੍ਰਦੇਸ਼ ਹੈ, ਵਿੱਚ ਵੀ ਜਨਸੰਖਿਆ ਇਕ ਕਰੋੜ ਤੋਂ ਵੱਧ ਹੈ। ਇਸੇ ਤਰ੍ਹਾਂ ਦੂਸਰੇ ਨੰਬਰ ਤੇ ਅੱਠ ਰਾਜ ਅਜਿਹੇ ਹਨ ਜਿਥੇ ਕੁੱਲ ਜਨਸੰਖਿਆ 50 ਲੱਖ ਤੋਂ ਵੀ ਘੱਟ ਮਿਲਦੀ ਹੈ। ਇਹਨਾਂ ਰਾਜਾਂ ਵਿੱਚ ਸਿੱਕਿਮ ਤੋਂ ਇਲਾਵਾ ਮਿਜ਼ੋਰਮ, ਅਰੁਣਾਚਲ ਪ੍ਰਦੇਸ਼, ਨਾਗਾਲੈਂਡ, ਮੇਘਾਲਿਆ, ਮਣੀਪੁਰ, ਗੋਆ ਤੇ ਤ੍ਰਿਪੁਰਾ ਸ਼ਾਮਿਲ ਹਨ। ਸਾਡੇ ਆਪਣੇ ਪੰਜਾਬ ਰਾਜ ਵਿੱਚ ਕੁੱਲ ਜਨਸੰਖਿਆ 2.75 ਕਰੋੜ ਤੋਂ ਕੁੱਝ ਵੱਧ ਹੈ। ਜਨਸੰਖਿਆ ਦੇ ਆਧਾਰ ਤੇ ਪੰਜਾਬ ਭਾਰਤ ਦੇ 28 ਰਾਜਾਂ ਵਿੱਚੋਂ 16ਵੇਂ ਸਥਾਨ ਤੇ ਹੈ ਅਤੇ ਦੇਸ਼ ਦੀ ਲਗਪਗ 2.5% ਜਨਸੰਖਿਆ ਸਾਡੇ ਪੰਜਾਬ ਰਾਜ ਵਿੱਚ ਵਸਦੀ ਹੈ।

ਅੱਗਲੇ ਪੰਨੇ ਤੇ ਦਿੱਤੀ ਸਾਰਣੀ ਵਿੱਚ ਵਰਣਨ ਕੀਤੀ ਗਈ ਅੰਤਰ-ਰਾਜੀ ਜਨਸੰਖਿਅਕ ਵੰਡ ਤੋਂ ਇਹ ਸਪਸ਼ਟ ਹੈ ਕਿ ਅੰਤਰਰਾਜੀ ਵੰਡ ਵਿੱਚ ਭਾਰੀ ਅਸਮਾਨਤਾਵਾਂ ਹਨ। ਉਦਾਹਰਣ ਦੇ ਲਈ ਜਨਸੰਖਿਆ ਦੇ ਆਧਾਰ ਤੇ ਸੱਭ ਤੋਂ ਵੱਡੇ ਰਾਜ ਉੱਤਰ ਪ੍ਰਦੇਸ਼ ਦੀ ਜਨਸੰਖਿਆ ਇਸੀ ਆਧਾਰ ਤੇ ਸਭ ਤੋਂ ਛੋਟੇ ਰਾਜ ਸਿੱਕਿਮ ਤੋਂ ਲਗਭਗ

374 ਗੁਣਾ ਵੱਧ ਹੈ। ਕੀ ਤੁਸੀਂ ਇੰਨੀ ਵਿਸ਼ਾਲ ਜਨਸੰਖਿਆ ਦੀ ਵੰਡ ਵਿੱਚ ਅਸਮਾਨਤਾਵਾਂ ਦੇ ਨਤੀਜਿਆਂ ਦਾ ਕੁਝ ਅੰਦਾਜ਼ਾ ਲਗਾ ਸਕਦੇ ਹੋ। ਦੂਸਰੇ ਪਾਸੇ ਕੇਂਦਰ ਦੁਆਰਾ ਜਨਸੰਖਿਆ ਦੇ ਆਧਾਰ ਤੇ ਰਾਜਾਂ ਵਿੱਚ ਵਿੱਤੀ ਸਾਧਨਾਂ ਦੀ ਵੰਡ ; ਵੱਡੇ ਰਾਜਾਂ ਵਿੱਚ ਰਾਜ ਪ੍ਰਬੰਧ ਦੀ ਸਮੱਸਿਆ ਅਤੇ ਵਿਸ਼ਾਲ ਰਾਜਾਂ ਵਿੱਚ ਅਲੱਗ ਤੌਰ ਤੇ ਛੋਟੇ ਰਾਜ ਬਣਾਉਣ ਲਈ ਉੱਠਣ ਵਾਲੀਆਂ ਆਵਾਜ਼ਾਂ ਆਦਿ ਦੀਆਂ ਕਈ ਸਮੱਸਿਆਵਾਂ ਇਸ ਜਨਸੰਖਿਆ ਦੀ ਅਸਮਾਨ ਵੰਡ ਦਾ ਸਿੱਟਾ ਹਨ।

**ਸਾਰਣੀ 10.2 ਭਾਰਤ ਦੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਅੰਕੜੇ**

| ਲੜੀ ਨੰ. | ਰਾਜਾਂ ਦੇ ਨਾਂ | ਖੇਤਰਫਲ (ਵਰਗ ਕਿਲੋਮੀਟਰ) | ਕੁੱਲ ਜਨਸੰਖਿਆ | ਘਣਤਾ (ਵਿਅਕਤੀ ਪ੍ਰਤੀ ਵ. ਕਿਮੀ.) | ਸਾਖਰਤਾ ਪ੍ਰਤੀਸ਼ਤ | ਲਿੰਗ ਅਨੁਪਾਤ ਔਰਤਾਂ ਦੀ ਸੰਖਿਆ ਪ੍ਰਤੀ 1000 ਪੁਰਸ਼ |
|---|---|---|---|---|---|---|
| | ਭਾਰਤ | 32,87,263 | 1,210,193,422 | 382 | 74.04 | 940 |
| | ਰਾਜ | | | | | |
| 1. | ਆਂਧਰਾ ਪ੍ਰਦੇਸ | 1,60,205 | 4,93,18,668 | 306 | 67.84 | - |
| 2. | ਅਰੁਣਾਚਲ ਪ੍ਰਦੇਸ਼ | 83,743 | 13,82,611 | 17 | 66.95 | 920 |
| 3. | ਅਸਾਮ | 78,438 | 31,1,69,272 | 397 | 73.18 | 954 |
| 4. | ਬਿਹਾਰ | 94,180 | 10,38,04, 637 | 1102 | 63.82 | 916 |
| 5. | ਛੱਤੀਸਗੜ੍ਹ | 135,039 | 25,54,0196 | 189 | 71.04 | 991 |
| 6. | ਗੋਆ | 3,702 | 14,56,723 | 394 | 87.04 | 968 |
| 7. | ਗੁਜਰਾਤ | 1,96,024 | 6,03,83,628 | 308 | 79.31 | 918 |
| 8. | ਹਰਿਆਣਾ | 44,212 | 2,53,58,081 | 573 | 76.64 | 877 |
| 9. | ਹਿਮਾਚਲ ਪ੍ਰਦੇਸ਼ | 55,673 | 68,56,509 | 123 | 83.78 | 974 |
| 10. | ਝਾਰਖੰਡ | 79,614, | 3,29,66,238, | 414 | 67.63 | 947 |
| 11. | ਕਰਨਾਟਕ | 191,791 | 6,11,30,704 | 319 | 75.60 | 968 |
| 12. | ਕੇਰਲ | 38,863 | 3,33,87,677 | 859 | 93.91 | 1084 |
| 13. | ਮੱਧ ਪ੍ਰਦੇਸ | 308,087 | 7,25,97,565 | 236 | 70.63 | 930 |
| 14. | ਮਹਾਰਾਸ਼ਟਰ | 307,713 | 11,23,72,972 | 365 | 82.91 | 946 |
| 15. | ਮਨੀਪੁਰ | 22,327 | 27,21,756 | 122 | 79.85 | 987 |
| 16. | ਮੇਘਾਲਿਆ | 22.492 | 29,64,007 | 132 | 755 | 986 |
| 17. | ਮਿਜ਼ੋਰਮ | 21,081 | 10,91,014 | 52 | 91,58 | 975 |
| 18. | ਨਾਗਾਲੈਂਡ | 16,579 | 19,80,602 | 119 | 80.11 | 931 |
| 19. | ਓਡੀਸ਼ਾ | 1,55,707 | 4,19,47,358 | 269 | 73.45 | 978 |
| 20. | ਪੰਜਾਬ | 50,362 | 2,77,04,236 | 550 | 76.68 | 893 |
| 21. | ਰਾਜਸਥਾਨ | 342,239 | 6,86,21, 012 | 201 | 67.06 | 926 |

| | | | | | |
|---|---|---|---|---|---|
| 22. ਸਿੱਕਿਮ | 70,96 | 6,07,688 | 86 | 82.20 | 889 |
| 23. ਤਾਮਿਲਨਾਡੂ | 130,058 | 7,21,38,958 | 555 | 80.33 | 997 |
| 24. ਤੇਲੰਗਾਨਾ | 1,14,840 | 3,53,46,865 | – | – | – |
| 25. ਤ੍ਰਿਪੁਰਾ | 10,486 | 36,71,032 | 250 | 87.75 | 961 |
| 26. ਉਤਰਾਖੰਡ | 5,3331 | 1,01,16,752 | 189 | 79.63 | 991 |
| 27. ਉੱਤਰ ਪ੍ਰਦੇਸ | 240,928 | 19,95,81,477 | 828 | 69.72 | 908 |
| 28. ਪੱਛਮੀ ਬੰਗਾਲ | 88,752 | 9,13,47,736 | 1102 | 77.08 | 947 |
| **ਕੇਂਦਰ ਸ਼ਾਸਤ ਪ੍ਰਦੇਸ਼** | | | | | |
| 1. ਅੰਡੇਮਾਨ ਅਤੇ ਨਿਕੋਬਾਰ | 8,249 | 79,944 | 46 | 86.27 | 878 |
| 2. ਚੰਡੀਗੜ੍ਹ | 114 | 10,54,686 | 9252 | 86.43 | 818 |
| 3. ਦਾਦਰ ਤੇ ਨਗਰ ਹਵੇਲੀ ਅਤੇ ਦਮਨ ਤੇ ਦੀਵ | 603 | 5,85,764 | 972 | 82.36 | 713 |
| 4. ਦਿੱਲੀ (N.C.T) (ਨੈਸ਼ਨਲ ਕੈਪੀਟਲ ਟੈਰੀਟਰੀ) (N.C.T.) | 1,483 | 1,67,53,235 | 9340 | 86.34 | 866 |
| 5. ਲਕਸਦੀਪ | 32 | 64,429 | 2013 | 92.28 | 946 |
| 6. ਪੁਡੂਚੇਰੀ | 492 | 1,244,464 | 2598 | 86.55 | 1038 |
| 7. ਜੰਮੂ ਅਤੇ ਕਸਮੀਰ<br>8. ਲਦਾਖ | 222,236 (ਮਿਸਰਤ) | 1,25,48,926 (ਮਿਸਰਤ) | 56 (ਮਿਸਰਤ) | 68.74 (ਮਿਸਰਤ) | 883 (ਮਿਸਰਤ) |

**ਮੁੱਢਲਾ ਸਾਧਨ** : ਸੈਂਨਸਿਜ਼ ਆਫ ਇੰਡੀਆ 2011 : ਪ੍ਰਾਵੀਜ਼ਨਲ ਪਾਪੂਲੇਸ਼ਨ ਟੋਟਲਜ਼ ਸੀਰੀਜ਼—1 ਪੇਪਰ—1 ਆਫ਼ 2001 ਇੰਡੀਆ ਰਜਿਸਟਰਾਰ ਜਨਰਲ ਐਂਡ ਸੈਨਸਿਜ਼ ਕਮਿਸ਼ਨਰ ਨਵੀਂ ਦਿੱਲੀ ਭਾਰਤ,

### ਜਨ ਸੰਖਿਆ ਵੰਡ ਅਤੇ ਘਣਤਾ :

ਜਨਸੰਖਿਆ ਦੀ ਵੰਡ ਦੇ ਖੇਤਰੀ ਸਰੂਪ ਦਾ ਅਧਿਐਨ ਜਨਸੰਖਿਆ ਦੇ ਸਾਰੇ ਜਨਸੰਖਿਅਕ ਤੱਤਾਂ ਨੂੰ ਸਮਝਣ ਲਈ ਆਧਾਰ ਪ੍ਰਦਾਨ ਕਰਦਾ ਹੈ। ਇਸ ਕਾਰਨ ਨਾਲ ਜਨਸੰਖਿਆ ਦੀ ਵੰਡ ਦੇ ਖੇਤਰੀ ਸਰੂਪ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਥੇ ਸਭ ਤੋਂ ਪਹਿਲਾਂ ਸਾਨੂੰ ਜਨਸੰਖਿਆ ਦਾ ਧਰਾਤਲੀ ਵਿਸਤਾਰ ਅਤੇ ਇਸ ਦੀ ਘਣਤਾ ਦੇ ਦਰਮਿਆਨ ਅੰਤਰ ਬਾਰੇ ਸਪਸ਼ਟ ਰੂਪ ਵਿੱਚ ਪਤਾ ਹੋਣਾ ਬਹੁਤ ਹੀ ਜ਼ਰੂਰੀ ਹੈ।

ਵੱਸੋਂ ਦੀ ਵੰਡ ਦਾ ਸੰਬੰਧ ਸਥਾਨ, ਸਾਲ ਅਤੇ ਘਣਤਾ ਦਾ ਸੰਬੰਧ ਅਨੁਪਾਤ ਤੋਂ ਬਣਦਾ ਹੈ। ਜਨਸੰਖਿਆ ਦੀ ਵੰਡ ਤੋਂ ਇਹੀ ਅਰਥ ਨਿਕਲਦਾ ਹੈ ਕਿ ਦੇਸ਼ ਦੇ ਕਿਸੇ ਇੱਕ ਹਿੱਸੇ ਵਿੱਚ ਜਨਸੰਖਿਆ ਦਾ ਖੇਤਰੀ ਰੂਪ (Pattern) ਕਿਸ ਤਰ੍ਹਾਂ ਦਾ ਹੈ ਜਿਵੇਂ ਕਿ ਕੀ ਇਹ ਇੱਕ ਜਗ੍ਹਾਂ ਤੇ ਕੇਂਦਰਿਤ (Nucleated) ਹੈ ਜਾਂ ਗੁੱਛੇਦਾਰ ਇਕੱਠਾ ਜਮਾਓ (Agglomerated) ਹੈ ਜਾਂ ਫਿਰ ਲਾਈਨਦਾਰ (Linear) ਹੈ, ਆਦਿ। ਦੂਸਰੇ ਪਾਸੇ ਘਣਤਾ ਵਿੱਚ ਮਨੁੱਖ ਅਤੇ ਖੇਤਰ ਵਿਚਲੇ ਅਨੁਪਾਤ ਤੇ ਧਿਆਨ ਦਿੱਤਾ ਜਾਂਦਾ ਹੈ ਜਿਸਦਾ ਸੰਬੰਧ ਜਨਸੰਖਿਆ ਦੇ ਆਕਾਰ ਤੇ ਖੇਤਰ ਤੋਂ ਹੁੰਦਾ ਹੈ।

ਭਾਰਤ ਵਿੱਚ ਮਨੁੱਖੀ ਬਸਤੀਆਂ ਦਾ ਇਤਿਹਾਸ ਬਹੁਤ ਪੁਰਾਣਾ ਹੈ। ਇਸ ਕਰਕੇ ਦੇਸ਼ ਦੇ ਮਨੁੱਖੀ ਨਿਵਾਸਯੋਗ ਖੇਤਰ ਵਿੱਚ ਜਨਸੰਖਿਆ ਰਹਿੰਦੀ ਹੈ। ਪਰ ਫਿਰ ਵੀ ਜਨਸੰਖਿਆ ਦੀ ਵੰਡ ਜ਼ਮੀਨ ਦੇ ਉਪਜਾਊਪਣ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੁੰਦੀ ਹੈ। ਭਾਰਤ ਇੱਕ ਖੇਤੀ ਪ੍ਰਧਾਨ ਦੇਸ਼ ਹੋਣ ਕਰਕੇ ਇਸ ਦੀ ਜਨਸੰਖਿਅਕ ਵੰਡ ਦਾ ਖੇਤਰੀ ਰੂਪ ਖੇਤੀ ਉਤਪਾਦਕਤਾ (Agricultural Productivity) ਤੇ ਨਿਰਭਰ ਕਰਦਾ ਹੈ। ਇਸੇ ਕਰਕੇ ਜਿਹੜੇ ਖੇਤਰਾਂ ਵਿੱਚ ਖੇਤੀ ਉਤਪਾਦਕਤਾ ਵੱਧ ਹੈ ਵੱਸੋਂ ਵੀ ਉਨੀ ਹੀ ਵੱਧ ਗਿਣਤੀ ਵਿੱਚ ਮਿਲਦੀ ਹੈ। ਖੇਤੀ ਉਤਪਾਦਕਤਾ ਤੋਂ ਇਲਾਵਾ ਕੁਦਰਤੀ ਤੱਤਾਂ (Natural Physical Factors) ਦਾ ਵੀ ਜਨਸੰਖਿਆ ਦੀ ਵੰਡ ਦੇ ਖੇਤਰੀ ਰੂਪ ਨੂੰ ਪ੍ਰਭਾਵਿਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਹੁੰਦਾ ਹੈ।

ਭਾਰਤ ਵਿੱਚ ਜਨਸੰਖਿਅਕ ਵੰਡ ਦੀਆਂ ਕੁਝ ਮਹੱਤਵਪੂਰਨ ਗੱਲਾਂ ਹੇਠ ਲਿਖੀਆਂ ਹਨ—

1. ਜਨਸੰਖਿਆ ਦੀ ਵੰਡ ਬਹੁਤ ਅਸਮਾਨ ਹੈ। ਜਿਥੇ ਨਦੀਆਂ ਦੀਆਂ ਘਾਟੀਆਂ ਅਤੇ ਸਮੁੰਦਰ ਤੇ ਤੱਟਵਰਤੀ ਮੈਦਾਨਾਂ ਵਿੱਚ ਜਨਸੰਖਿਆ ਦੀ ਵੰਡ ਬਹੁਤ ਸੰਘਣੀ ਹੈ ਉਥੇ ਪਰਬਤੀ, ਮਾਰੂਥਲੀ ਅਤੇ ਕਾਲ ਪੀੜਤ ਖੇਤਰਾਂ ਵਿੱਚ ਜਨਸੰਖਿਆ ਦੀ ਵੰਡ ਬਹੁਤ ਵਿਰਲੀ ਹੈ। ਇਥੇ ਇਹ ਦੱਸਣਾ ਜ਼ਰੂਰੀ ਹੋਵੇਗੀ ਕਿ ਉੱਤਰੀ ਪਹਾੜੀ ਭਾਗਾਂ ਵਿੱਚ ਦੇਸ਼ ਦੇ 16% ਖੇਤਰ ਤੇ ਕੇਵਲ 3 ਪ੍ਰਤੀਸ਼ਤ ਜਨਸੰਖਿਆ ਰਹਿੰਦੀ ਹੈ ਜਦੋਂ ਕਿ ਉੱਤਰੀ ਮੈਦਾਨਾਂ ਦੇ 18% ਖੇਤਰ ਤੇ 40% ਜਨਸੰਖਿਆ ਵਸਦੀ ਹੈ। ਇਸੇ ਤਰ੍ਹਾਂ ਰਾਜਸਥਾਨ ਵਿੱਚ ਦੇਸ਼ ਦੇ 9% ਖੇਤਰ ਤੇ ਕੇਵਲ 6 ਪ੍ਰਤੀਸ਼ਤ ਵਸੋਂ ਨਿਵਾਸ ਕਰਦੀ ਹੈ। ਦੂਸਰੇ ਸ਼ਬਦਾਂ ਵਿੱਚ ਅੱਧੇ ਤੋਂ ਵੱਧ ਜ਼ਿਲ੍ਹਿਆਂ ਵਿੱਚ ਜਾਂ ਤਾਂ ਔਸਤ ਤੋਂ ਵੱਧ ਜਾਂ ਇਸ ਤੋਂ ਘੱਟ ਵਸੋਂ ਵਸਦੀ ਹੈ।

2. ਜ਼ਿਆਦਾਤਰ ਜਨਸੰਖਿਆ ਪੇਂਡੂ ਖੇਤਰਾਂ ਵਿੱਚ ਰਹਿੰਦੀ ਹੈ। ਦੇਸ਼ ਦੀ ਕੁੱਲ ਜਨਸੰਖਿਆ ਦਾ ਲਗਪਗ ਤਿੰਨ-ਚੌਥਾਈ ਭਾਗ ਪੇਂਡੂ ਖੇਤਰਾਂ ਵਿੱਚ ਅਤੇ ਕੇਵਲ ਇੱਕ ਚੌਥਾਈ ਸ਼ਹਿਰਾਂ ਵਿੱਚ ਵਸਦਾ ਹੈ। ਪੇਂਡੂ ਜਨਸੰਖਿਆ ਸਾਢੇ ਪੰਜ ਲੱਖ ਪੇਂਡੂ ਬਸਤੀਆਂ (Rural Settlements) ਵਿੱਚ ਦੂਰ ਦੂਰ ਤੱਕ ਫੈਲੀ ਹੋਈ ਹੈ। ਸ਼ਹਿਰੀ ਜਨਸੰਖਿਆ ਦਾ ਭਾਰੀ ਵਾਸਾ ਵੱਡੇ ਸ਼ਹਿਰਾਂ ਵਿੱਚ ਹੈ। ਕੁੱਲ ਸ਼ਹਿਰੀ ਜਨਸੰਖਿਆ ਦਾ ਦੋ-ਤਿਹਾਈ ਹਿੱਸਾ ਇੱਕ ਲੱਖ ਤੋਂ ਵੱਧ ਆਬਾਦੀ ਵਾਲੇ 302 ਸ਼ਹਿਰਾਂ ਵਿੱਚ ਮਿਲਦਾ ਹੈ।

ਇਸ ਤਰ੍ਹਾਂ ਦੀ ਜਨਸੰਖਿਅਕ ਵੰਡ ਤੋਂ ਕੋਈ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਦੂਰ ਦੂਰ ਫੈਲੇ ਵੱਖ ਵੱਖ ਆਕਾਰ ਦੇ ਪਿੰਡਾਂ ਨੂੰ ਸੜਕਾਂ ਦੁਆਰਾ ਆਪਸ ਵਿੱਚ ਜੋੜਨਾ ਅਤੇ ਨਾਲ ਲੱਗਦੇ ਸ਼ਹਿਰਾਂ ਨਾਲ ਸੰਬੰਧ ਬਣਾਉਣਾ, ਸਿੱਖਿਆ, ਪਾਣੀ ਦੀ ਪੂਰਤੀ, ਸੁਰੱਖਿਆ ਤੇ ਸਿਹਤ ਵਰਗੀਆਂ ਅਨੇਕਾਂ ਮੌਲਿਕ ਸਹੂਲਤਾਂ ਪ੍ਰਦਾਨ ਕਰਨਾ ਨਾ ਕੇਵਲ ਬਹੁਤ ਹੀ ਮਹਿੰਗਾ ਪੈਂਦਾ ਹੈ, ਬਲਕਿ ਬੇਹੱਦ ਮੁਸ਼ਕਲ ਵੀ ਹੁੰਦਾ ਹੈ। ਦੂਸਰੇ ਪਾਸੇ ਵੱਡੇ ਸ਼ਹਿਰਾਂ ਵਿੱਚ ਪ੍ਰਦੂਸ਼ਣ, ਆਵਾਜਾਈ ਵਿੱਚ ਵਿਘਨਤਾ, ਮਕਾਨਾਂ ਦੀ ਘਾਟ, ਪਾਣੀ ਦੀ ਘਾਟ ਵਰਗੀਆਂ ਮੁੱਖ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ।

3. ਇਸ ਤਰ੍ਹਾਂ ਦੀ ਵੰਡ ਦੀ ਇੱਕ ਹੋਰ ਮਹੱਤਵਪੂਰਣ ਵਿਸ਼ੇਸ਼ਤਾ ਘੱਟ ਗਿਣਤੀ, ਫਿਰਕਿਆਂ ਦਾ ਰਣਨੀਤੀ ਦੇ ਪੱਖੋਂ ਬਹੁਤ ਹੀ ਸੰਵੇਦਨਸ਼ੀਲ ਅਤੇ ਮਹੱਤਵਪੂਰਣ ਬਾਹਰਲੇ ਸੀਮਾਵਰਤੀ ਇਲਾਕਿਆਂ ਵਿੱਚ ਵਸਣਾ ਹੈ। ਉਦਾਹਰਣ ਦੇ ਤੌਰ ਤੇ ਉੱਤਰ-ਪੱਛਮੀ ਭਾਰਤ ਵਿੱਚ ਭਾਰਤ-ਪਾਕ ਸਰਹੱਦ ਦੇ ਪਾਸ ਪੰਜਾਬ ਵਿੱਚ ਸਿੱਖਾਂ ਅਤੇ ਜੰਮੂ-ਕਸ਼ਮੀਰ ਵਿੱਚ ਮੁਸਲਮਾਨਾਂ ਦੀ ਗਿਣਤੀ ਵਧੇਰੇ ਹੈ। ਇਸੇ ਤਰ੍ਹਾਂ ਉੱਤਰ-ਪੂਰਬ ਵਿੱਚ ਚੀਨ ਤੇ ਬਰਮਾ (ਮਿਆਂਮਾਰ) ਦੀਆਂ ਸਰਹੱਦਾਂ ਨੇ ਨਾਲ ਈਸਾਈ ਧਰਮ ਦੇ ਲੋਕਾਂ ਦਾ ਵਧੇਰੇ ਇਕੱਠ ਹੈ। ਇਸ ਤਰ੍ਹਾਂ ਦੀ ਵੰਡ ਦੀਆਂ ਅਨੇਕਾਂ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਗੁੰਝਲਾਂ ਬਣ ਜਾਂਦੀਆਂ ਹਨ।

4. ਇੱਕ ਪਾਸੇ ਤਾਂ ਤੱਟਵਰਤੀ ਮੈਦਾਨਾਂ ਅਤੇ ਨਦੀ ਘਾਟੀਆਂ ਵਿੱਚ ਜਨਸੰਖਿਆ ਦੀ ਭਰਮਾਰ ਮਿਲਦੀ ਹੈ ਤੇ ਦੂਸਰੇ ਪਾਸੇ ਪਹਾੜੀ, ਪਠਾਰੀ ਅਤੇ ਰੇਗਸਤਾਨੀ ਭਾਗਾਂ ਵਿੱਚ ਜਨਸੰਖਿਆ ਦੀ ਵੰਡ ਵਿਰਲੀ ਹੈ। ਜਨਸੰਖਿਆ

ਦੀ ਵੰਡ ਨੂੰ ਨਕਸ਼ੇ ਤੋਂ ਦੇਖਣ ਤੋਂ ਬਾਦ ਇਹ ਜਨਸੰਖਿਅਕ ਵਿਭਾਜਨ' (Demographic Divide) ਵਰਗੀ ਲੱਗਦੀ ਹੈ।

**ਜਨਸੰਖਿਆ ਦੀ ਘਣਤਾ (Density of Population)**

ਭਾਰਤ ਦੀ 12101 ਲੱਖ ਜਾਂ 121.0 ਕਰੋੜ ਜਨਸੰਖਿਆ ਦੇਸ਼ ਦੇ 32.8 ਲੱਖ ਵਰਗ ਕਿਲੋਮੀਟਰ ਦੇ ਖੇਤਰ ਤੇ ਵਸਦੀ ਹੈ। ਇਸ ਹਿਸਾਬ ਨਾਲ ਜੇਕਰ ਅਸੀਂ ਇਹ ਮੰਨ ਕੇ ਚਲੀਏ ਕਿ ਜਨਸੰਖਿਆ ਪੂਰੇ ਦੇਸ਼ ਵਿੱਚ ਇੱਕ ਸਮਾਨ ਤੌਰ ਤੇ ਫੈਲੀ ਹੋਈ ਹੈ ਤਾਂ ਜਨਸੰਖਿਆ ਦੀ ਘਣਤਾ 382 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਬਣਦੀ ਹੈ। ਦੂਸਰੇ ਸ਼ਬਦਾਂ ਵਿੱਚ ਇਸ ਨੂੰ ਜਨਸੰਖਿਆ ਦੀ ਔਸਤ ਘਣਤਾ ਵੀ ਕਿਹਾ ਜਾ ਸਕਦਾ ਹੈ। ਪਰੰਤੂ ਖੇਤਰੀ ਪੱਧਰ ਤੇ ਜਨਸੰਖਿਆ ਦੀ ਘਣਤਾ ਵਿੱਚ ਭਾਰੀ ਅੰਤਰ ਮਿਲਦਾ ਹੈ। ਜਨਸੰਖਿਆ ਦੀ ਘਣਤਾ ਬਿਹਾਰ ਵਿੱਚ ਸਭ ਤੋਂ ਵੱਧ 1102 ਹੈ ਅਤੇ ਸਭ ਤੋਂ ਘੱਟ 17 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਅਰੁਣਾਚਲ ਪ੍ਰਦੇਸ਼ ਵਿੱਚ ਹੈ। ਕੇਂਦਰ ਸ਼ਾਸ਼ਨ ਵਾਲੇ ਖੇਤਰਾਂ ਵਿੱਚ ਇਹ ਅੰਤਰ ਹੋਰ ਵੀ ਤਿੱਖਾ ਹੈ ਜਿਵੇਂ ਦਿੱਲ੍ਹੀ ਸੰਘੀ ਖੇਤਰ ਵਿੱਚ ਵੱਸੋਂ ਦੀ ਘਣਤਾ 9340 ਵਿਅਕਤੀ ਹੈ ਜਦੋਂ ਕਿ ਅੰਡਮਾਨ ਅਤੇ ਨਿਕੋਬਾਰ ਦੀਪ ਸਮੂਹ ਵਿੱਚ ਕੇਵਲ 46 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ।

ਸਾਰਣੀ 10.2 ਨੂੰ ਜਨਸੰਖਿਆ ਦੀ ਘਣਤਾ ਵਾਲੇ ਨਕਸ਼ੇ ਨੂੰ ਦੇਖਣ ਤੋਂ ਪਤਾ ਲਗਦਾ ਹੈ ਕਿ ਜ਼ਿਆਦਾ ਘਣਤਾ ਵਾਲੇ ਖੇਤਰਾਂ ਦਾ ਵਿਸਥਾਰ ਉੱਤਰ ਪੱਛਮ ਵਿੱਚ ਪੰਜਾਬ ਤੋਂ ਲੈ ਕੇ ਪੂਰਬ ਵਿੱਚ ਪੱਛਮੀ ਬੰਗਾਲ ਦੇ ਗੰਗਾ ਦੇ ਡੈਲਟਾਈ ਖੇਤਰਾਂ ਤੱਕ ਹੈ। ਇਸਦੇ ਨਾਲ ਹੀ ਪੂਰਬੀ ਅਤੇ ਪੱਛਮੀ ਤੱਟਵਰਤੀ ਮੈਦਾਨਾਂ ਵਿੱਚ ਵੀ ਜਨਸੰਖਿਆ ਦੀ ਘਣਤਾ ਬਹੁਤ ਜ਼ਿਆਦਾ ਹੈ। ਇਸ ਤੋਂ ਉੱਲਟ ਦੇਸ਼ ਦੇ ਮੱਧਵਰਤੀ ਹਿੱਸਿਆਂ ਵਿੱਚ ਮੱਧ ਪ੍ਰਦੇਸ਼ ਅਤੇ ਇਸਦੇ ਨਾਲ ਲਗਣ ਵਾਲੇ ਛੱਤੀਸਗੜ੍ਹ, ਰਾਜਸਥਾਨ, ਆਂਧਰਾ ਪ੍ਰਦੇਸ਼, ਮਹਾਰਾਸ਼ਟਰ, ਉੜੀਸਾ ਜਿਹੇ ਰਾਜਾਂ ਦੇ ਭਾਗਾਂ ਵਿੱਚ ਘੱਟ ਘਣਤਾ ਮਿਲਦੀ ਹੈ। ਉੱਤਰ ਵਿੱਚ ਹਿਮਾਲਿਆਈ ਖੇਤਰ ਵੀ ਕੁੱਲ ਮਿਲਾ ਕੇ ਘੱਟ ਜਨਸੰਖਿਆ ਵਾਲਾ ਖੇਤਰ ਬਣਦਾ ਹੈ।

ਖੇਤਰੀ ਵੰਡ ਅਨੁਸਾਰ ਜਨਸੰਖਿਆ ਦੀ ਵੱਧ ਘਣਤਾ (400 ਵਿਅਕਤੀ ਪ੍ਰਤੀ ਕਿਲੋਮੀਟਰ ਤੋਂ ਜ਼ਿਆਦਾ) ਵਾਲੇ ਖੇਤਰ ਸਤਲੁਜ, ਗੰਗਾ, ਬ੍ਰਹਮਪੁੱਤਰ, ਮਹਾਂਨਦੀ, ਗੋਦਾਵਰੀ ਕ੍ਰਿਸ਼ਨਾ ਅਤੇ ਕਾਵੇਰੀ ਨਦੀਆਂ ਦੇ ਡੈਲਟਾਈ ਭਾਗ ਹਨ ਜਿਥੇ ਉਪਜਾਊ ਮਿੱਟੀ ਅਤੇ ਚੰਗੀ ਵਰਖਾ ਹੋਣ ਕਰਕੇ ਖੇਤੀ ਦਾ ਬਹੁਤ ਜ਼ਿਆਦਾ ਵਿਕਾਸ ਹੋਇਆ ਹੈ। ਇਹਨਾਂ ਤੋਂ ਬਿਨਾਂ ਵੱਡੇ ਉਦਯੋਗਿਕ ਅਤੇ ਪ੍ਰਬੰਧਕੀ ਸ਼ਹਿਰਾਂ ਜਿਵੇਂ ਲੁਧਿਆਣਾ, ਗੁੜਗਾਓਂ, ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ, ਕਾਨ੍ਹਪੁਰ, ਪਟਨਾ, ਕੋਲਕਾਤਾ, ਮੁੰਬਈ, ਚੇਨੱਈ, ਅਹਿਮਾਦਾਬਦ, ਬੰਗਲੌਰ ਅਤੇ ਹੈਦਰਾਬਾਦ ਦੇ ਆਸਪਾਸ ਵੀ ਜਨਸੰਖਿਆ ਦੀ ਵੱਧ ਘਣਤਾ ਮਿਲਦੀ ਹੈ। ਇਸ ਤਰ੍ਹਾਂ ਸਮਤਲ ਮੈਦਾਨਾਂ ਵਿੱਚ ਜਿਥੇ ਚੰਗੀ ਵਰਖਾ ਅਤੇ ਸਿੰਜਾਈ ਨਾਲ ਸੰਘਣੀ ਖੇਤੀ ਸੰਭਵ ਹੋ ਸਕੀ ਹੈ ਅਤੇ ਉਦਯੋਗਿਕ ਸ਼ਹਿਰ ਵਿਕਸਤ ਹੋਏ ਹਨ ਉਥੇ ਹੀ ਜਨਸੰਖਿਆ ਦੀ ਘਣਤਾ ਵੱਧ ਹੀ ਮਿਲਦੀ ਹੈ। ਕੀ ਤੁਸੀਂ ਨਕਸ਼ੇ ਤੇ ਜਨਸੰਖਿਆ ਦੀ ਜ਼ਿਆਦਾ ਘਣਤਾ ਵਾਲੇ ਖੇਤਰਾਂ ਦੀ ਪਛਾਣ ਕਰ ਸਕਦੇ ਹੋ ? ਪਛਾਣ ਕਰਨ ਤੋਂ ਬਾਅਦ ਇਹਨਾਂ ਦੇ ਕਾਰਣ ਲੱਭ ਸਕਦੇ ਹੋ ਕਿ ਇੱਥੇ ਵੱਧ ਜਨਸੰਖਿਅਕ ਘਣਤਾ ਕਿਉਂ ਹੈ ? ਕੀ ਤੁਹਾਨੂੰ ਦੇਸ਼ ਦੀ ਭੌਤਿਕ ਬਣਤਰ, ਵਰਖਾ ਵੰਡ, ਉਦਯੋਗਿਕ ਸ਼ਹਿਰੀ ਵਿਕਾਸ ਅਤੇ ਜਨਸੰਖਿਆ ਦੀ ਘਣਤਾ ਦੇ ਵਿਚਾਲੇ ਕੋਈ ਅੰਤਰ ਸੰਬੰਧ ਦਿਖਾਈ ਦਿੰਦਾ ਹੈ ?

ਇਸ ਤੋਂ ਉਲਟ ਜਨਸੰਖਿਆ ਦੀ ਘੱਟ ਘਣਤਾ (200 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਤੋਂ ਘੱਟ) ਵਾਲੇ ਖੇਤਰ ਅਜਿਹੇ ਹਨ ਜੋ ਭੌਤਿਕ ਕਮਜ਼ੋਰੀਆਂ (Physically handicapped) ਨਾਲ ਭਰੇ ਪਏ ਹਨ। ਇਹਨਾਂ ਖੇਤਰਾਂ ਵਿੱਚ ਉੱਤਰ ਵਿੱਚ ਹਿਮਾਲਿਆ ਪਰਬਤ ਸ਼੍ਰੇਣੀਆਂ ਵਿੱਚ ਜੰਮੂ ਕਸ਼ਮੀਰ, ਹਿਮਾਚਲ ਪ੍ਰਦੇਸ਼, ਉੱਤਰਾਂਚਲ, ਅਰੁਣਾਚਲ ਪ੍ਰਦੇਸ਼, ਸਿੱਕਿਮ, ਨਾਗਾਲੈਂਡ, ਮਨੀਪੁਰ, ਮਿਜ਼ੋਰਮ, ਮੇਘਾਲਿਆ ਤੇ ਪੱਛਮ ਵਿੱਚ ਰਾਜਸਥਾਨ ਦੇ ਮਾਰੂਥਲੀ ਭਾਗ,

ਗੁਜਰਾਤ ਦੇ ਦਲਦਲੀ ਖੇਤਰ; ਅਤੇ ਮੱਧ ਭਾਰਤ ਅਤੇ ਅੰਦਰੂਨੀ ਪ੍ਰਾਇਦੀਪ ਪਠਾਰ ਵਿੱਚ ਮੱਧ ਪ੍ਰਦੇਸ਼, ਛੱਤੀਸਗੜ੍ਹ, ਪੂਰਬੀ ਮਹਾਂਰਾਸ਼ਟਰ, ਪੱਛਮੀ ਆਂਧਰਾ ਪ੍ਰਦੇਸ਼ ਅਤੇ ਤਾਮਿਲਨਾਡੂ ਦੇ ਕੁਝ ਭਾਗ ਹਨ।

ਇਹਨਾਂ ਖੇਤਰਾਂ ਤੋਂ ਇਲਾਵਾ ਜੋ ਭਾਗ ਵੱਧ ਵਸੋਂ ਘਣਤਾ ਵਾਲੇ ਖੇਤਰਾਂ ਦੇ ਬਾਹਰਲੇ ਪਾਸੇ ਮੌਜੂਦ ਹਨ ਉਹਨਾਂ ਨੂੰ ਅਸੀਂ ਔਸਤ ਜਨਸੰਖਿਆ ਘਣਤਾ (200-300 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ) ਦੇ ਖੇਤਰ ਕਹਿੰਦੇ ਹਨ। ਆਮਤੌਰ ਤੇ ਇਹ ਖੇਤਰ ਜਨਸੰਖਿਆ ਦੇ ਘੱਟ ਅਤੇ ਵੱਧ ਘਣਤਾ ਵਾਲੇ ਖੇਤਰਾਂ ਦੇ ਵਿਚ ਆ ਜਾਂਦੇ ਹਨ ਜਿਹਨਾਂ ਦੀ ਸੰਖਿਆ ਘੱਟ ਹੈ। ਇਸ ਤੋਂ ਇਸ ਗੱਲ ਦਾ ਅੰਦਾਜ਼ਾ ਆਸਾਨੀ ਨਾਲ ਲੱਗ ਜਾਂਦਾ ਹੈ ਕਿ ਭਾਰਤ ਵਿੱਚ ਜਨਸੰਖਿਆ ਦੀ ਵੰਡ ਅਤੇ ਘਣਤਾ ਵਿੱਚ ਭਾਰੀ ਖੇਤਰੀ ਅਸਮਾਨਤਾਵਾਂ ਮਿਲਦੀਆਂ ਹਨ।

1. ਦੇਸ਼ ਦੇ ਰਵਾਇਤੀ ਚਾਵਲ ਉਤਪਾਦਕ ਖੇਤਰ (Traditional rice producin) ਲੋਕਤੰਤਰ ਪ੍ਰਣਾਲੀ ਵੱਧ ਸੰਘਣੀ ਜਨਸੰਖਿਅਕ ਘਣਤਾ ਵਾਲੇ ਖੇਤਰ ਹਨ। 54% ਵੋਟਰ

2. ਇਸ ਤੋਂ ਬਾਅਦ ਦੂਸਰਾ ਸਥਾਨ ਕਣਕ ਉਤਪਾਦਿਕ ਖੇਤਰਾਂ ਦਾ ਆਉਂਦਾ ਹੈ। ਪਿਛਲੇ ਕੁਝ ਸਮੇਂ ਵਿੱਚ ਚਾਵਲ ਅਤੇ ਕਣਕ ਉਤਪਾਦਕ ਖੇਤਰਾਂ ਦੇ ਵਿਚਕਾਰ ਜਨਸੰਖਿਆ ਦੀ ਘਣਤਾ ਦਾ ਅੰਤਰ ਹੌਲੀ ਹੌਲੀ ਘੱਟ ਰਿਹਾ ਹੈ ਕਿਉਂਕਿ ਚਾਵਲ ਪੈਦਾ ਕਰਨ ਵਾਲੇ ਪੂਰਬੀ ਰਾਜ ਜਿਵੇਂ ਉੱਤਰ ਪ੍ਰਦੇਸ਼, ਬਿਹਾਰ ਉੜੀਸਾ ਅਤੇ ਪੱਛਮੀ ਬੰਗਾਲ ਤੋਂ ਜਨਸੰਖਿਆ ਭਾਰੀ ਮਾਤਰਾ ਵਿੱਚ ਕਾਮਿਆਂ ਦੇ ਤੌਰ ਤੇ ਪ੍ਰਵਾਸ ਕਰ ਰਹੀ ਹੈ ਇਸ ਕਰਕੇ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਕਣਕ ਉਤਪਾਦਕ ਖੇਤਰਾਂ ਵਿੱਚ ਮਜ਼ਦੂਰਾਂ ਨੂੰ ਕੰਮ ਆਸਾਨੀ ਨਾਲ ਮਿਲ ਜਾਂਦਾ ਹੈ।

3. ਜਨਸੰਖਿਆ ਦੀ ਘਣਤਾ ਵਿੱਚ ਤੀਸਰਾ ਸਥਾਨ ਬਾਜਰਾ ਅਤੇ ਜਵਾਰ ਉਤਪਾਦਨ ਕਰਨ ਵਾਲੇ ਖੇਤਰਾਂ ਦਾ ਹੈ ਜਿਥੇ ਕਿ ਘੱਟ ਘਣਤਾ ਮਿਲਦੀ ਹੈ। ਕੁੱਲ ਮਿਲਾ ਕੇ ਦੇਸ਼ ਦੇ ਅਲੱਗ ਅਲੱਗ ਖੇਤਰਾਂ ਵਿਚ ਜਨਸੰਖਿਆ ਦੀ ਘਣਤਾ ਅਤੇ ਉਪਜ-ਸਮਰੱਥਾ ਦੇ ਵਿਚਕਾਰ ਗੂੜ੍ਹਾ ਸੰਬੰਧ ਬਣ ਜਾਂਦਾ ਹੈ।

4. ਭਾਰਤ ਦੇ ਵੱਖ ਵੱਖ ਖੇਤਰਾਂ ਵਿੱਚ ਜਨਸੰਖਿਆ ਦੀ ਘਣਤਾ ਅਤੇ ਆਰਥਿਕ ਵਿਕਾਸ ਦੇ ਵਿਚਾਲੇ ਆਪਸੀ ਤੇ ਮਜ਼ਬੂਤ ਆਪਸੀ ਅੰਤਰ ਸੰਬੰਧਾਂ ਦੀ ਘਾਟ ਹੈ। ਦੂਸਰੇ ਸ਼ਬਦਾਂ ਵਿੱਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਵੱਧ ਜਨਸੰਖਿਅਕ ਦਬਾਅ ਵਾਲੇ ਸਾਰੇ ਖੇਤਰ ਆਰਥਿਕ ਤੌਰ ਤੇ ਪਿਛੜੇ ਹੋਏ ਹਨ ਜਾਂ ਵਿਕਸਤ ਹਨ। ਉਦਾਹਰਣ ਦੇ ਲਈ ਪੰਜਾਬ ਅਤੇ ਹਰਿਆਣੇ ਦੇ ਮੈਦਾਨੀ ਭਾਗਾਂ ਵਿੱਚ ਜਨਸੰਖਿਆ ਦੀ ਘਣਤਾ ਤੇ ਵਿਕਾਸ ਦੋਵੇਂ ਉੱਚੇ ਪੱਧਰ ਦੇ ਹਨ ਪਰ ਦੂਸਰੇ ਪਾਸੇ ਗੰਗਾ ਦੇ ਮੱਧਵਰਤੀ ਮੈਦਾਨੀ ਖੇਤਰਾਂ ਵਿੱਚ ਜਨਸੰਖਿਆ ਦੀ ਘਣਤਾ ਤਾਂ ਬਹੁਤ ਉੱਚੀ ਹੈ ਪਰ ਆਰਥਿਕ ਵਿਕਾਸ ਬਹੁਤ ਹੀ ਨੀਂਵੇ ਪੱਧਰ ਤੇ ਹੈ।

### ਜਨਸੰਖਿਆ ਦੀ ਬਣਤਰ

ਸਭ ਤੋਂ ਪਹਿਲਾਂ ਸਾਨੂੰ ਇਹ ਜਾਣਨ ਦੀ ਲੋੜ ਕਿ ਕਿਸੇ ਦੇਸ਼ ਦੀ ਜਨਸੰਖਿਅਕ ਬਣਤਰ ਨੂੰ ਜਾਣਨਾ ਕਿਉਂ ਜ਼ਰੂਰੀ ਹੈ। ਸਮਾਜਿਕ ਅਤੇ ਆਰਥਿਕ ਯੋਜਨਾ (Socio-Economic Planning) ਦੇ ਲਈ ਕਿਸੇ ਵੀ ਦੇਸ਼ ਦੀ ਜਨਸੰਖਿਆ ਦੇ ਭਿੰਨ-ਭਿੰਨ ਗੁਣਾਂ ਜਿਵੇਂ ਵਸੋਂ ਦੀ ਉਮਰ ਬਣਤਰ (Age Structure), ਲਿੰਗ ਬਣਤਰ (Gender Composition) ਕੰਮ-ਧੰਦਿਆਂ ਦੀ ਬਣਤਰ (Occupation Composition) ਆਦਿ ਦੇ ਅੰਕੜਿਆਂ ਦੀ ਜ਼ਰੂਰਤ ਪੈਂਦੀ ਹੈ। ਜਨਸੰਖਿਆ ਦੀ ਬਣਤਰ ਦੇ ਵੱਖ ਵੱਖ ਤੱਤਾਂ ਦਾ ਦੇਸ਼ ਦੇ ਆਰਥਿਕ ਵਿਕਾਸ ਨਾਲ ਗੂੜ੍ਹਾ ਸੰਬੰਧ ਹੁੰਦਾ ਹੈ ਜਿਥੇ ਇੱਕ ਪਾਸੇ ਇਹ ਜਨਸੰਖਿਅਕ ਬਣਤਰ ਦੇ ਤੱਤ ਖ਼ੁਦ ਆਰਥਿਕ ਵਿਕਾਸ ਤੋਂ ਪ੍ਰਭਾਵਿਤ ਹੁੰਦੇ ਹਨ, ਦੂਸਰੇ ਪਾਸੇ ਆਰਥਿਕ ਵਿਕਾਸ ਦੀ ਉੱਨਤੀ ਅਤੇ ਪੱਧਰ ਉਤੇ ਵੀ ਅਸਰ ਪਾਉਂਦੇ ਹਨ। ਉਦਾਹਰਣ ਦੇ ਲਈ ਜੇਕਰ ਕਿਸੇ ਦੇਸ਼ ਦੀ ਜਨਸੰਖਿਆ ਵਿੱਚ ਉਮਰ ਬਣਤਰ ਦੇ ਪੱਖ ਤੋਂ ਬੱਚਿਆਂ ਅਤੇ ਬੁੱਢਿਆਂ ਦੀ ਪ੍ਰਤੀਸ਼ਤ ਬਹੁਤ ਜ਼ਿਆਦਾ ਹੈ ਤਾਂ ਦੇਸ਼ ਨੂੰ ਸਿੱਖਿਆ ਅਤੇ ਸਿਹਤ ਵਰਗੀਆਂ ਮੁੱਢਲੀਆਂ ਸਹੂਲਤਾਂ ਉੱਤੇ ਜ਼ਿਆਦਾਤਰ ਵਿੱਤੀ ਸਾਧਨਾਂ ਨੂੰ ਖਰਚ ਕਰਨਾ ਪਵੇਗਾ। ਦੂਸਰੇ ਪਾਸੇ ਜੇਕਰ ਉਮਰ ਬਣਤਰ ਵਿੱਚ ਕਾਮੇ ਲੋਕਾਂ ਦੇ ਵਰਗ (Working Age Group) ਦੀ

ਮਾਤਰਾ ਵੱਧ ਹੈ ਤਾਂ ਦੇਸ਼ ਦੇ ਆਰਥਿਕ ਵਿਕਾਸ ਵਿੱਚ ਵਧੀਆ ਤੇ ਵੱਧ ਯੋਗਦਾਨ ਦੀ ਆਸ ਕੀਤੀ ਜਾ ਸਕਦੀ ਹੈ। ਹੇਠਾਂ-ਸੰਖੇਪ ਵਿੱਚ ਅਸੀਂ ਭਾਰਤੀ ਜਨਸੰਖਿਆ ਦੀ ਉਮਰ, ਲਿੰਗ ਅਤੇ ਆਰਥਿਕ ਬਣਤਰ ਦਾ ਕ੍ਰਮਵਾਰ ਅਧਿਐਨ ਕਰਾਂਗੇ।

### (ੳ) ਉਮਰ ਬਣਤਰ (Age based Composition)

ਕਿਸੇ ਵੀ ਦੇਸ਼ ਜਾਂ ਖੇਤਰ ਦੀ ਉਮਰ ਬਣਤਰ ਦਾ ਮਾਪ ਤਿੰਨ ਤੱਤਾਂ ਦੁਆਰਾ ਕੀਤਾ ਜਾਂਦਾ ਹੈ। ਇਹਨਾਂ ਤੱਤਾਂ ਵਿੱਚ ਪੈਦਾਇਸ਼ (Fertility), ਮ੍ਰਿਤਕਤਾ (Mortality) ਅਤੇ ਪ੍ਰਵਾਸ (Migration) ਆਉਂਦੇ ਹਨ। ਇਸ ਵਿੱਚੋਂ ਕਿਸੇ ਇੱਕ ਵਿੱਚ ਤਬਦੀਲੀ ਬਾਕੀ, ਦੋਹਾਂ ਉਤੇ ਅਸਰ ਪਾਉਂਦੀ ਹੈ। ਇਹਨਾਂ ਤਿੰਨਾਂ ਦਾ ਮਿਲਿਆ-ਜੁਲਿਆ ਅਸਰ ਦੇਸ਼ ਦੀ ਆਰਥਿਕ, ਸਮਾਜਿਕ ਹਾਲਤ ਅਤੇ ਉਮਰ ਬਣਤਰ ਤੇ ਵੀ ਪੈਂਦਾ ਹੈ। ਉਦਾਹਰਣ ਦੇ ਲਈ ਜਿਹਨਾਂ ਦੇਸ਼ਾਂ ਵਿੱਚ ਜਨਮ ਦਰ (Birth Rate) ਉੱਚੀ ਹੈ ਉੱਥੋਂ ਦੀ ਜਨਸੰਖਿਆ ਵਿੱਚ ਜੁਆਨ ਵਰਗ ਦੀ ਮਾਤਰਾ ਵੱਧ ਹੋਵੇਗੀ। ਇਸ ਤੋਂ ਉੱਲਟ ਜਿਹਨਾਂ ਦੇਸ਼ਾਂ ਵਿੱਚ ਮੌਤ ਦਰ ਘੱਟ ਅਤੇ ਜੀਵਨ ਆਸ (Life expectency) ਵੱਧ ਹੈ ਉੱਥੇ ਬਾਲ ਉਮਰ ਦੇ ਵਰਗ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ। ਅਮੀਰ ਦੇਸ਼ਾਂ ਵਿੱਚ ਬਾਲ ਉਮਰ ਵਰਗ (Child-Age Group) (0-14 ਸਾਲ) ਕੁੱਲ ਜਨਸੰਖਿਆ ਵਿੱਚ ਕੇਵਲ 20.5 ਪ੍ਰਤੀਸ਼ਤ ਹੈ। ਜਦੋਂ ਕਿ ਗਰੀਬ ਦੇਸ਼ਾਂ ਵਿੱਚ ਇਹ ਗਿਣਤੀ 35.7 ਪ੍ਰਤੀਸ਼ਤ ਹੈ। ਦੂਸਰੇ ਪਾਸੇ 65 ਪ੍ਰਤੀਸ਼ਤ ਅਤੇ ਇਸ ਤੋਂ ਵੱਧ ਵਾਲੇ ਉਮਰ ਵਰਗ ਵਿੱਚ ਅਮੀਰ ਦੇਸ਼ਾਂ ਵਿੱਚ 12.7% ਅਤੇ ਗਰੀਬ ਦੇਸ਼ਾਂ ਵਿੱਚ ਕੇਵਲ 4.5% ਮਾਤਰਾ ਹੈ।

ਸਾਰਣੀ 10.3 : ਸੰਸਾਰ : ਉਮਰ-ਬਣਤਰ

| ਖੇਤਰ | ਉਮਰ ਵਰਗ ਵਿੱਚ ਜਨ ਸੰਖਿਆ (ਪ੍ਰਤੀਸ਼ਤ) | | |
|---|---|---|---|
| | 0-14 | 15-64 | 65+ |
| ਸੰਸਾਰ | 33.4 | 60.7 | 5.9 |
| ਉੱਚੀ ਆਮਦਨ ਵਾਲੇ ਦੇਸ਼ | 20.5 | 66.8 | 12.7 |
| ਸਾਧਾਰਣ ਆਮਦਨ ਵਾਲੇ ਦੇਸ | 36.6 | 58.6 | 4.8 |
| ਘੱਟ ਆਮਦਨ ਵਾਲੇ ਦੇਸ | 35.7 | 59.8 | 4.5 |
| ਸੰਯੁਕਤ ਰਾਜ ਅਮਰੀਕਾ | 21.6 | 66.0 | 12.4 |
| ਚੀਨ | 27.2 | 66.7 | 6.1 |
| ਭਾਰਤ | 35.7 | 59.5 | 4.8 |

ਭਾਰਤ ਜੋ ਗਰੀਬ ਦੇਸ਼ਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ, ਵਿੱਚ 0-14 ਸਾਲ ਤੱਕ ਦੇ ਉਮਰ ਵਰਗ ਵਿੱਚ 35.7% ਜਨਸੰਖਿਆ ਹੈ ਅਤੇ 65 ਸਾਲ ਦੇ ਇਸ ਤੋਂ ਵੱਧ ਵਾਲੇ ਵਰਗ ਵਿੱਚ ਕੇਵਲ ਦੇਸ਼ ਵਿੱਚ 4.8% ਹੀ ਜਨਸੰਖਿਆ ਮਿਲਦੀ ਹੈ। ਬਾਕੀ ਦੀ 59.5% ਜਨਸੰਖਿਆ 15-64 ਸਾਲ ਦੇ ਉਮਰ ਵਰਗ ਵਿੱਚ ਰਹਿੰਦੀ ਹੈ। ਸੰਸਾਰ ਵਿੱਚ 15-64 ਸਾਲ ਦੇ ਉਮਰ ਵਰਗ ਵਿੱਚ 60.7% ਅਤੇ ਅਮੀਰ ਦੇਸ਼ਾਂ ਵਿੱਚ 66.8% ਜਨਸੱਖਿਆ ਮਿਲਦੀ ਹੈ। ਸਾਡੇ ਗੁਆਂਢੀ ਦੇਸ਼ ਚੀਨ ਵਿੱਚ ਇਸ ਉਮਰ ਵਰਗ ਵਿੱਚ 66.7% ਜਨਸੱਖਿਆ ਹੈ।

15 ਤੋਂ 64 ਸਾਲ ਦਾ ਉਮਰ ਵਰਗ ਅਸਲ ਵਿੱਚ ਕਾਮਿਆਂ ਦਾ ਵਰਗ ਮੰਨਿਆ ਜਾਂਦਾ ਹੈ ਜਦ ਕਿ ਬਾਕੀ ਬੱਚਦੇ ਦੋਵੇਂ ਵਰਗਾਂ ਦੀ ਜਨਸੰਖਿਆ ਨੂੰ ਆਸ਼ਰਿਤ ਜਨਸੰਖਿਆ ਦਾ ਦਰਜਾ ਮਿਲਿਆ ਹੋਇਆ ਹੈ। ਪਿੱਛੇ

ਸਾਰਣੀ 10.3 ਤੋਂ ਪ੍ਰਾਪਤ ਅੰਕੜਿਆਂ ਨੂੰ ਘੋਖਣ ਤੋਂ ਬਾਅਦ ਇਹ ਪਤਾ ਚਲਦਾ ਹੈ ਕਿ ਭਾਰਤ ਵਿੱਚ ਇਸ ਕਾਮੇ ਵਰਗ ਦੀ ਜਨਸੰਖਿਆ ਨਾ ਕੇ ਸੰਸਾਰ ਵਿੱਚ ਬਲਕਿ ਸਾਡੇ ਗੁਆਂਢੀ ਦੇਸ਼ ਚੀਨ ਅਤੇ ਅਮੀਰ ਦੇਸ਼ਾਂ ਦੇ ਮੁਕਾਬਲੇ ਬਹੁਤ ਹੀ ਘੱਟ ਹੈ ਜਿਸ ਕਰਕੇ ਦੇਸ਼ ਤੇ ਆਸ਼ਰਿਤ ਜਨਸੰਖਿਅਕ ਵਰਗ ਦਾ ਦਬਾਅ ਬਹੁਤ ਜ਼ਿਆਦਾ ਹੈ।


ਇਸ ਉਮਰ ਬਣਤਰ ਦੇ ਅਧਿਐਨ ਦੇ ਕਈ ਫ਼ਾਇਦੇ ਹਨ। ਬਾਲ ਉਮਰ ਵਰਗ (0-14) ਦੀ ਕੁੱਲ ਜਨਸੰਖਿਆ ਬਾਰੇ ਜਾਣਕਾਰੀ ਹੋਣ ਕਰਕੇ ਸਰਕਾਰ ਨੂੰ ਇਹਨਾਂ ਗੱਲਾਂ ਦਾ ਸਾਫ਼ ਤੌਰ ਤੇ ਪਤਾ ਲੱਗ ਜਾਂਦਾ ਹੈ ਕਿ ਸਿੱਖਿਆ, ਸਿਹਤ ਅਤੇ ਸਮਾਜਿਕ ਸੇਵਾਵਾਂ ਦੇ ਖੇਤਰ ਵਿੱਚ ਕਿੰਨੀਆਂ ਸਹੂਲਤਾਂ ਦੀ ਜ਼ਰੂਰਤ ਹੈ। ਉਸ ਅਨੁਸਾਰ ਨਵੇਂ ਸਕੂਲ, ਸਿਹਤ ਕੇਂਦਰ, ਜਨਤਕ ਕੇਂਦਰ ਆਦਿ ਦਾ ਨਿਰਮਾਣ ਕਰਵਾਇਆ ਜਾ ਸਕਦਾ ਹੈ।

ਨਾਲ ਹੀ ਦੇਸ਼ ਵਿੱਚ ਕਿੰਨੇ ਲੋਕ ਮੱਤ ਅਧਿਕਾਰ/ਵੋਟਰ ਵਰਗ ਵਿੱਚ ਹਨ, ਦੀ ਜਾਣਕਾਰੀ ਲੋਕਤੰਤਰ ਪ੍ਰਣਾਲੀ ਲਈ ਬਹੁਤ ਹੀ ਜ਼ਰੂਰੀ ਹੈ। ਉਮਰ ਬਣਤਰ ਦੇ ਅੰਕੜਿਆਂ ਦੇ ਅਨੁਸਾਰ ਦੇਸ਼ ਵਿੱਚ ਲਗਪਗ 54% ਵੋਟਰ ਹੋਣੇ ਚਾਹੀਦੇ ਹਨ ਪਰ ਦੇਸ਼ ਵਿੱਚ ਇਹਨਾਂ ਦੀ ਮਾਤਰਾ 60% ਹੈ।

### (ਅ) ਲਿੰਗ-ਬਣਤਰ (Gender based Compositon)

ਕਿਸੇ ਵੀ ਦੇਸ਼ ਦੀ ਜਨਸੰਖਿਆ ਤੋਂ ਉਸ ਦੇਸ਼ ਦੀ ਸਮਾਜਿਕ, ਸਭਿਆਚਾਰਕ, ਆਰਥਿਕ ਅਤੇ ਰਾਜਨੀਤਿਕ ਹਾਲਤਾਂ ਦਾ ਪਤਾ ਲਗਦਾ ਹੈ। ਲਿੰਗ ਅਨੁਪਾਤ ਦਾ ਭਾਰਤ ਵਿੱਚ ਮਤਲਬ ਇੱਕ ਹਜ਼ਾਰ ਆਦਮੀਆਂ ਪਿੱਛੇ ਔਰਤਾਂ ਦੀ ਕਿੰਨੀ ਸੰਖਿਆ ਹੈ, ਤੋਂ ਲਿਆ ਜਾਂਦਾ ਹੈ। ਅੱਜ ਕੱਲ੍ਹ ਸਮਾਜ ਵਿੱਚ ਇਸਤਰੀਆਂ ਨੂੰ ਇੱਕ ਸਮਾਨ ਨਜ਼ਰ ਨਾਲ ਦੇਖਿਆ ਜਾਂਦਾ ਹੈ। ਜ਼ਿਆਦਾਤਰ ਅਮੀਰ ਦੇਸ਼ਾਂ ਵਿੱਚ ਔਰਤਾਂ ਦੀ ਸੰਖਿਆ ਪੁਰਸ਼ਾਂ ਦੇ ਬਰਾਬਰ ਹੈ ਜਾਂ ਉਸ ਤੋਂ ਵੱਧ ਵੀ ਹੈ। ਵਿਕਸਤ ਦੇਸ਼ਾਂ ਦਾ ਔਸਤ 1050 ਇਸਤਰੀਆਂ ਪ੍ਰਤੀ 1000 ਆਦਮੀ ਹੈ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ 964 ਹੈ। ਭਾਰਤ ਵਿੱਚ 2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ ਲਿੰਗ ਅਨੁਪਾਤ 940 ਇਸਤਰੀਆਂ ਪ੍ਰਤੀ 1000 ਆਦਮੀ ਹੈ। ਇਹ ਔਸਤ ਸੰਸਾਰ ਵਿੱਚ ਸੱਭ ਤੋਂ ਘੱਟ ਔਸਤਾਂ ਵਿੱਚ ਇੱਕ ਹੈ। ਹਾਲਾਂਕਿ ਸਾਡੇ ਗੁਆਂਢੀ ਦੇਸ਼ ਪਾਕਿਸਤਾਨ ਵਿੱਚ ਇਹ ਅਨੁਪਾਤ 910 ਇਸਤਰੀਆਂ ਪ੍ਰਤੀ 1000 ਆਦਮੀ ਹੈ ਪਰੰਤੂ ਫਿਰ ਵੀ ਇਨਾ ਘੱਟ ਇਸਤਰੀ-ਆਦਮੀ ਅਨੁਪਾਤ ਦਾ ਹੋਣਾ ਚਿੰਤਾ ਦੀ ਗੱਲ ਹੈ। ਇਸ ਤੋਂ ਵੱਧ ਚਿੰਤਾ ਦੀ ਗੱਲ ਇਸ ਦਾ ਲਗਾਤਾਰ ਘੱਟ ਹੋਣਾ ਹੈ।

ਸਾਲ 1901 ਵਿੱਚ ਭਾਰਤ ਵਿੱਚ ਲਿੰਗ ਅਨੁਪਾਤ 972 ਸੀ। ਪੇਂਡੂ ਖੇਤਰਾਂ ਵਿੱਚ ਇਹ ਔਸਤ 980 ਅਤੇ ਸ਼ਹਿਰਾਂ ਵਿੱਚ 910 ਸੀ। ਆਜ਼ਾਦੀ ਤੋਂ ਬਾਅਦ 1951 ਵਿੱਚ ਇਹ ਔਸਤ ਗਿਰ ਕੇ 946 ਤੱਕ ਪਹੁੰਚ ਗਿਆ। ਉਸ ਸਮੇਂ ਪੇਂਡੂ ਖੇਤਰਾਂ ਵਿੱਚ ਇਹ ਔਸਤ 965 ਅਤੇ ਸ਼ਹਿਰਾਂ ਵਿੱਚ 859 ਸੀ। 1991 ਵਿੱਚ ਜਦੋਂ ਇਹ ਔਸਤ ਪੂਰੇ ਦੇਸ਼ ਵਿੱਚ 927 ਸੀ, ਪੇਂਡੂ ਖੇਤਰਾਂ ਵਿੱਚ 939 ਅਤੇ ਸ਼ਹਿਰਾਂ ਵਿੱਚ 894 ਸੀ। 2001 ਵਿਚ ਇਹ ਵੱਧ ਕੇ 933 ਤੇ 2011 ਵਿਚ 94 ਹੋ ਗਿਆ। ਇਸ ਤਰ੍ਹਾਂ ਸ਼ਹਿਰੀ ਖੇਤਰਾਂ ਵਿੱਚ ਤਾਂ ਲਿੰਗ-ਅਨੁਪਾਤ ਆਜ਼ਾਦੀ ਤੋਂ ਬਾਦ ਥੋੜ੍ਹਾ-ਬਹੁਤ ਸੁਧਰਿਆ ਹੈ ਪਰ ਪੇਂਡੂ ਖੇਤਰਾਂ ਵਿੱਚ ਤੇਜ਼ੀ ਨਾਲ ਘੱਟ ਰਿਹਾ ਹੈ ਭਾਵੇਂ ਸ਼ਹਿਰਾਂ ਦੇ ਮੁਕਾਬਲੇ ਪੇਂਡੂ ਖੇਤਰਾਂ ਦਾ ਲਿੰਗ ਅਨੁਪਾਤ ਅਜੇ ਵੀ ਜ਼ਿਆਦਾ ਹੈ।


ਅੰਕੜੇ ਪ੍ਰਾਪਤ
ਨਹੀਂ
ਭਾਰਤ
ਲਿੰਗ ਅਨੁਪਾਤ
ਇਸਤਰੀਆਂ ਦੀ ਸਿੱਖਿਆ
1000 ਤੋਂ ਵੱਧ
ਇਸਤਰੀਆਂ ਪੁਰਸ਼ਾਂ ਨਾਲੋਂ ਵੱਧ
950-1000
900-950
ਰਾਸ਼ਟਰੀ ਔਸਤ ਦੇ ਲਗਭਗ
850-900
850 ਤੋਂ ਘੱਟ
ਇਸਤਰੀਆਂ ਦੀ ਸਿੱਖਿਆ
ਵਿੱਚ ਭਾਰੀ ਘਾਟਾ
ਰਾਸ਼ਟਰੀ ਔਸਤ -

ਭਾਰਤ ਵਿੱਚ ਲਿੰਗ ਅਨੁਪਾਤ ਘੱਟ ਹੋਣ ਦੇ ਕਾਰਣਾਂ ਦੇ ਬਾਰੇ ਵਿੱਚ ਨਿਸ਼ਚਿਤ ਤੌਰ ਤੇ ਕੁਝ ਵੀ ਕਹਿਣਾ ਸੰਭਵ ਨਹੀਂ ਹੈ। ਪਰੰਤੂ ਭਾਰਤੀ ਸਮਾਜ ਵਿੱਚ ਇਸਤਰੀ ਦਾ ਦਰਜਾ ਛੋਟਾ ਹੋਣਾ ਇੱਕ ਮੁੱਖ ਕਾਰਣ ਮੰਨਿਆ ਜਾਂਦਾ ਹੈ। ਪਰਿਵਾਰ ਪ੍ਰਣਾਲੀ ਵਿੱਚ ਵੀ ਉਸ ਨੂੰ ਛੋਟਾ ਦਰਜਾ ਦਿੱਤਾ ਗਿਆ ਹੈ ਅਤੇ ਆਦਮੀ ਨੂੰ ਉੱਚਾ ਸਥਾਨ। ਇਸੇ ਕਰਕੇ ਛੋਟੀ ਉਮਰ ਦੇ ਵਰਗ ਵਿੱਚ ਲੜਕੀਆਂ ਦੀ ਸਿਹਤ, ਖ਼ੁਰਾਕ ਅਤੇ ਦੇਖ-ਭਾਲ ਜਿਹੇ ਮੁੱਦਿਆਂ ਤੇ ਘੱਟ ਧਿਆਨ ਦਿੱਤਾ ਜਾਂਦਾ ਹੈ। ਇਸ ਕਰਕੇ ਛੋਟੀ ਉਮਰ ਵਰਗ (0-6 ਸਾਲ) ਲੜਕਿਆਂ ਦੀ ਬਜਾਏ ਲੜਕੀਆਂ ਦੀ ਮੌਤ ਦਰ ਜ਼ਿਆਦਾ ਹੈ।

ਇਸ ਉਮਰ ਵਰਗ ਵਿੱਚ ਲਿੰਗ ਅਨੁਪਾਤ ਸਾਲ 1961 ਵਿੱਚ 976 ਤੋਂ ਘੱਟ ਕੇ ਸਾਲ 1991 ਵਿੱਚ 945 ਤੇ ਪਹੁੰਚ ਗਿਆ ਹੈ। ਹੋਰ ਕਾਰਣਾਂ ਵਿੱਚ ਲੋਕ ਗਿਣਤੀ ਦੇ ਸਮੇਂ ਇਸਤਰੀਆਂ ਦੀ ਹੋਰਾਂ ਦੀ ਮੁਕਾਬਲੇ ਘੱਟ ਗਿਣਤੀ ਕਰਨਾ ਜਾਂ ਆਦਮੀਆਂ ਦੀ ਗਿਣਤੀ ਵਧਾ ਕੇ ਕਰਨਾ, ਜਨਮ ਦੇ ਸਮੇਂ ਹੀ ਲੜਕੀਆਂ ਦਾ ਘੱਟ ਪੈਦਾ ਹੋਣਾ, ਸਮਾਜਿਕ ਦਬਾਅ ਦੇ ਕਾਰਣ ਇਸਤਰੀ ਗਰਭ ਹੱਤਿਆ (Female Foeticide) ਆਦਿ ਹਨ। ਸਾਲ 2001 ਵਿੱਚ 927 ਅਜੇ ਕਿ 7 ਸਾਲਾਂ ਤੋਂ ਜ਼ਿਆਦਾ ਉਮਰ ਵਰਗ ਵਿੱਚ ਪਿਛਲੇ ਦਸ ਸਾਲਾਂ ਵਿੱਚ 923 ਤੋਂ 935 ਹੋ ਜਾਣ ਸੁਧਾਰ ਨਜ਼ਰ ਆ ਰਿਹਾ ਹੈ। ਸੰਨ 2011 ਵਿਚ ਇਹ ਔਸਤ 940 ਹੋ ਗਈ ਹੈ।

ਹੇਠਾਂ ਲਿਖੇ ਜਨਸੰਖਿਅਕ ਵਰਗਾਂ ਦੇ ਆਧਾਰ ਤੇ ਲਿੰਗ-ਅਨੁਪਾਤ ਬਾਰੇ ਕੀਤੇ ਗਏ ਅਧਿਐਨ ਤੋਂ ਇਹ ਪਤਾ ਚਲਦਾ ਹੈ ਕਿ ਈਸਾਈ ਧਰਮ ਦੇ ਲੋਕਾਂ ਵਿੱਚ ਲਿੰਗ ਅਨੁਪਾਤ ਸਭ ਤੋਂ ਵੱਧ (1009/1000) ਹੈ। ਦੂਸਰੇ ਪਾਸੇ ਸਭ ਤੋਂ ਘੱਟ ਲਿੰਗ ਅਨੁਪਾਤ (893 ਇਸਤਰੀਆਂ ਪ੍ਰਤੀ 1000 ਆਦਮੀ) ਸਿੱਖਾਂ ਵਿਚ ਹੈ। ਹਿੰਦੂਆਂ ਵਿੱਚ ਲਿੰਗ ਅਨੁਪਾਤ 931 ਅਤੇ ਮੁਸਲਮਾਨਾਂ ਵਿੱਚ 936 ਹੈ। ਜੈਨ ਧਰਮ ਦੇ ਸ਼ਰਧਾਲੂਆਂ ਵਿੱਚ ਇਹ ਅਨੁਪਾਤ 940 ਅਤੇ ਬੁੱਧ ਧਰਮ ਵਿੱਚ 953 ਹੈ। ਇਸ ਤਰ੍ਹਾਂ ਜਿਵੇਂ ਕਿ ਸੋਚਿਆ ਜਾਂਦਾ ਹੈ ਕਿ ਭਾਰਤ ਵਿੱਚ ਲਿੰਗ ਅਨੁਪਾਤ ਘੱਟ ਹੋਣ ਦਾ ਕਾਰਣ ਮੁਸਲਿਮ ਜਨਸੰਖਿਆ ਹੈ ਜਿਥੇ ਇਸਤਰੀਆਂ ਨੂੰ ਘੱਟ ਅਧਿਕਾਰ ਪ੍ਰਾਪਤ ਹੁੰਦੇ ਹਨ ਪਰ ਇਸ ਸੋਚ ਦੇ ਉਲਟ ਭਾਰਤ ਵਿਚਲੇ ਮੁਸਲਮਾਨਾਂ ਦੇ ਘਰਾਂ ਵਿੱਚ ਇਸਤਰੀਆਂ ਦੀ ਸੰਖਿਆ ਹਿੰਦੂਆਂ ਦੇ ਘਰਾਂ ਤੋਂ ਥੋੜ੍ਹੀ ਜਿਹੀ ਜ਼ਿਆਦਾ ਹੈ।

**ਸਾਰਣੀ 10.4 : ਭਾਰਤ : ਲਿੰਗ ਅਨੁਪਾਤ ਦਾ ਵੇਰਵਾ**

| ਲੋਕ ਗਿਣਤੀ ਸਾਲ/ਧਾਰਮਿਕ ਵਰਗ (Census Years) | ਲਿੰਗ ਅਨੁਪਾਤ (Gender Ratio) (ਇਸਤਰੀਆਂ ਪ੍ਰਤੀ ਹਜ਼ਾਰ ਆਦਮੀ) |
|---|---|
| 1901 | 972 (ਪੇਂਡੂ-980, ਸ਼ਹਿਰੀ-910) |
| 1911 | 964 |
| 1921 | 955 |
| 1931 | 950 |
| 1941 | 945 |
| 1951 | 946 (ਪੇਂਡੂ-965, ਸ਼ਹਿਰੀ-859) |
| 1961 | 941 |
| 1971 | 930 |
| 1981 | 934 |
| 1991 | 927 (ਪੇਂਡੂ-939, ਸ਼ਹਿਰੀ-894) |
| 2001 | 933 |
| 2011 | 940 |


| ਧਾਰਮਿਕ ਵਰਗ | |
|---|---|
| ਈਸਾਈ | 1009 |
| ਬੋਧੀ | 953 |
| ਜੈਨੀ | 940 |
| ਮੁਸਲਿਮ | 936 |
| ਹਿੰਦੂ | 931 |
| ਸਿੱਖ | 893 |

ਰਾਜ ਪੱਧਰ ਤੇ ਕੇਰਲਾ ਵਿੱਚ ਲਿੰਗ ਅਨੁਪਾਤ ਸੱਭ ਤੋਂ ਵੱਧ (1084) ਹੈ ਪਰ ਰਾਸ਼ਟਰੀ ਰਾਜਧਾਨੀ ਖੇਤਰ ਦਿੱਲ੍ਹੀ ਵਿੱਚ ਸਭ ਤੋਂ 866 ਘੱਟ ਹੈ। ਦਿੱਲ੍ਹੀ ਤੋਂ ਇਲਾਵਾ ਘੱਟ ਲਿੰਗ ਅਨੁਪਾਤ ਵਾਲੇ ਰਾਜ ਹਰਿਆਣਾ, ਪੰਜਾਬ ਤੇ ਦੇਸ਼ ਤੇ ਕਸ਼ਮੀਰ ਹਨ ਜਿਥੇ ਕਿ ਇਹ ਅਨੁਪਾਤ 900 ਤੋਂ ਵੀ ਘੱਟ ਹੈ। 950 ਤੋਂ ਵੱਧ ਲਿੰਗ-ਅਨੁਪਾਤ ਵਾਲੇ ਰਾਜਾਂ ਵਿੱਚ ਕੇਰਲ ਤੋਂ ਬਿਨਾਂ ਉੱਤਰਾਂਚਲ, ਛੱਤੀਸਗੜ੍ਹ, ਗੋਆ, ਹਿਮਾਚਲ ਪ੍ਰਦੇਸ਼, ਮਨੀਪੁਰ, ਪਾਂਡੀਚੇਰੀ, ਆਂਧਰਾ ਪ੍ਰਦੇਸ਼, ਕਰਨਾਟਕ, ਉੜੀਸਾ ਅਤੇ ਤਾਮਿਲਨਾਡੂ ਸ਼ਾਮਿਲ ਹੁੰਦੇ ਹਨ। ਸਾਡੇ ਪੰਜਾਬ ਰਾਜ ਦਾ ਲਿੰਗ ਅਨੁਪਾਤ 893 ਹੈ ਜੋ ਕਿ ਗਵਾਂਢੀ ਰਾਜ ਹਰਿਆਣਾ, ਦਿੱਲ੍ਹੀ ਅਤੇ ਉੱਤਰ ਪ੍ਰਦੇਸ਼ ਤੋਂ ਵੱਧ ਪਰ ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਤੋਂ ਘੱਟ ਹੈ। ਕੁੱਲ ਮਿਲਾ ਕੇ ਦੱਖਣੀ ਭਾਰਤ ਵਿੱਚ ਉੱਤਰ ਭਾਰਤ ਦੇ ਮੁਕਾਬਲੇ ਲਿੰਗ ਅਨੁਪਾਤ ਵੱਧ ਹੈ। ਉੱਤਰ-ਪੂਰਬ ਅਤੇ ਮੱਧ ਭਾਰਤ ਦੇ ਆਦਿਵਾਸੀ ਖੇਤਰਾਂ ਵਿੱਚ ਇਸਤਰੀ-ਆਦਮੀ ਅਨੁਪਾਤ ਹੋਰ ਖੇਤਰਾਂ ਦੇ ਮੁਕਾਬਲੇ ਜ਼ਿਆਦਾ ਉੱਚਾ ਹੈ। ਉੱਤਰ ਭਾਰਤ ਦੇ ਰਾਜਾਂ ਵਿਸ਼ੇਸ਼ ਤੌਰ ਹਰਿਆਣਾ, ਪੰਜਾਬ, ਪੱਛਮੀ ਉੱਤਰ ਪ੍ਰਦੇਸ਼, ਪੱਛਮੀ ਰਾਜਸਥਾਨ, ਉੱਤਰ-ਪੱਛਮੀ ਮੱਧ ਪ੍ਰਦੇਸ਼ ਕੇਂਦਰੀ ਸ਼ਾਸਨ ਵਾਲੇ ਖੇਤਰ ਅਤੇ ਵੱਡੇ ਸ਼ਹਿਰਾਂ ਵਿੱਚ ਹੋਰਾਂ ਦੇ ਮੁਕਾਬਲੇ ਇਸਤਰੀ-ਆਦਮੀ ਅਨੁਪਾਤ ਘੱਟ ਹੈ।

**(ੲ) ਆਰਥਿਕ ਬਣਤਰ (Economic Structure)**

ਜਨਸੰਖਿਆ ਦੇ ਆਰਥਿਕ ਢਾਂਚੇ ਦੇ ਅਧਿਐਨ ਦਾ ਬਹੁਤ ਜ਼ਿਆਦਾ ਮਹੱਤਵ ਹੁੰਦਾ ਹੈ। ਇਹ ਬਣਤਰ ਕਿਸੇ ਖੇਤਰ ਦੇ ਉਹਨਾਂ ਆਰਥਿਕ ਜਨਸੰਖਿਅਕ ਅਤੇ ਸਭਿਆਚਾਰਕ ਗੁਣਾਂ ਨੂੰ ਸਪਸ਼ਟ ਕਰਦੀ ਹੈ ਜੋ ਕਿ ਖੇਤਰ ਦੇ ਭਵਿੱਖ ਵਿੱਚ ਸਮਾਜਿਕ ਅਤੇ ਆਰਥਿਕ ਵਿਕਾਸ ਦੇ ਫੈਲਾਅ ਨੂੰ ਨਿਰਧਾਰਿਤ ਕਰਦੇ ਹਨ।

ਭਾਰਤ ਵਿੱਚ ਆਰਥਿਕ ਆਧਾਰ ਤੇ ਜਨਸੰਖਿਆ ਨੂੰ ਦੋ ਭਾਗਾਂ ਕ੍ਰਮਵਾਰ ਕਾਮੇ ਅਤੇ ਅਕਾਮੇ ਵਿੱਚ ਵੰਡਿਆ ਜਾ ਸਕਦਾ ਹੈ। ਭਾਰਤੀ ਮਰਦਮਸ਼ੁਮਾਰੀ ਅਨੁਸਾਰ ਵਿੱਚ ਜੋ ਵਿਅਕਤੀ ਭੌਤਿਕ ਅਤੇ ਮਾਨਸਿਕ ਤੌਰ ਤੇ ਕਿਸੇ ਵੀ ਆਰਥਿਕ ਲਾਭ ਲੈਣ ਦੇ ਕੰਮ ਵਿੱਚ ਲੱਗਾ ਹੋਇਆ ਹੈ ਉਸ ਨੂੰ ਕਾਮਿਆਂ ਦੇ ਵਰਗ ਵਿੱਚ ਮੰਨਿਆ ਜਾਂਦਾ ਹੈ। ਇਸ ਕਾਮਿਆਂ ਵਾਲੀ ਸ਼੍ਰੇਣੀ ਨੂੰ ਫਿਰ ਦੋ ਭਾਗਾਂ ਵਿੱਚ ਵੰਡਦੇ ਹਨ ਜਿਵੇਂ ਮੁੱਖ ਕਾਮੇ ਅਤੇ ਛੋਟੇ ਕਾਮੇ। ਮੁੱਖ ਕਾਮੇ (Main Worker) ਉਹ ਕਾਮਗਾਰ ਲੋਕ ਹਨ ਜਿਹਨਾਂ ਨੇ ਪਿਛਲੇ ਸਾਲ ਵਿੱਚ 6 ਮਹੀਨੇ ਜਾਂ (183 ਦਿਨ) ਉਸ ਤੋਂ ਵੱਧ ਦਿਨ ਤੱਕ ਕਿਸੇ ਵੀ ਆਰਥਿਕ ਕਿਰਿਆ ਵਿੱਚ ਕੰਮ ਕੀਤਾ ਹੋਵੇ। ਛੋਟੇ ਕਾਮੇ (Marginal Workers) ਉਹ ਕਾਮੇ ਹੁੰਦੇ ਹਨ ਜਿਹਨਾਂ ਨੇ ਪਿਛਲੇ ਸਾਲ ਵਿੱਚ ਕੁਝ ਸਮੇਂ ਤੱਕ ਕੰਮ ਕੀਤਾ ਹੋਵੇ ਪਰ ਮੁੱਖ ਤੌਰ ਤੇ ਆਰਥਿਕ ਕੰਮ ਵਿੱਚ ਹਿੱਸਾ ਨਹੀਂ ਲਿਆ। ਇਸ ਸ਼੍ਰੇਣੀ ਵਿੱਚ, ਵਿਦਿਆਰਥੀ ਅਤੇ ਘਰੇਲੂ ਇਸਤਰੀਆਂ ਜੋ ਕੁਝ ਸਮੇਂ ਤੱਕ ਘਰੇਲੂ ਉਦਯੋਗ ਜਿਵੇਂ ਖੇਤੀ ਜਾਂ ਘਰ ਉਦਯੋਗ ਵਿੱਚ ਕੰਮ ਕਰਦੇ ਹਨ, ਸ਼ਾਮਿਲ ਹੋ ਜਾਂਦੇ ਹਨ। ਮੁੱਖ ਕਾਮਿਆ ਨੂੰ ਅੱਗੇ ਫਿਰ ਨੌਂ ਉਪ-ਭਾਗਾਂ ਵਿੱਚ ਵੰਡਿਆ ਜਾਂਦਾ ਹੈ ਜੋ ਕਿ ਹੇਠਾਂ ਦਿੱਤੇ ਚਾਰਟ ਤੋਂ ਜ਼ਿਆਦਾ ਸਪਸ਼ਟ ਹੋ ਜਾਂਦਾ ਹੈ।




ਭਾਰਤ ਵਿੱਚ ਜਨਸੰਖਿਆ ਦੀ ਆਰਥਿਕ ਬਣਤਰ ਦੇ ਆਧਾਰ ਤੇ ਵੰਡ ਕਰਨ ਲਈ ਕਈ ਤਰ੍ਹਾਂ ਵਿਚਾਰ ਬਦਲਦੇ ਗਏ ਹਨ। ਜੇਕਰ ਇਹ ਕਿਹਾ ਜਾਵੇ ਕਿ 1951 ਵਿੱਚ ਹੁਣ ਤੱਕ ਕੀਤੀਆਂ ਗਈਆਂ, ਹੋਈਆਂ ਸਾਰੀਆਂ ਲੋਕਗਿਣਤੀਆਂ (Censuses) ਵਿੱਚ ਇਸ ਵਿਚਾਰ ਵਿੱਚ ਹਰ ਬਾਰ ਕੁਝ ਨਾ ਕੁਝ ਪ੍ਰੀਵਰਤਨ ਆਇਆ ਹੈ ਤਾਂ ਗ਼ਲਤ ਨਹੀਂ ਹੋਵੇਗਾ। ਕੰਮ ਦੇ ਆਧਾਰ ਤੇ ਵਿਅਕਤੀਆਂ ਦੀਆਂ ਕਾਮੇ ਅਤੇ ਅਕਾਮੇ ਸ਼੍ਰੇਣੀਆਂ ਵਿੱਚ ਵੰਡਣ ਦਾ ਵਿਚਾਰ ਪਹਿਲੀ ਬਾਰ 1961 ਦੀ ਲੋਕ ਗਿਣਤੀ ਦੇ ਸਮੇਂ ਜੋੜਿਆ ਗਿਆ ਸੀ। ਇਸ ਤੋਂ ਬਾਅਦ ਵੀ ਇਸ ਵਿੱਚ ਥੋੜ੍ਹਾ ਬਹੁਤ ਬਦਲਾਅ ਆਉਂਦਾ ਰਹਿੰਦਾ ਹੈ। ਇਸ ਕਾਰਣ ਤੋਂ ਆਰਥਿਕ ਬਣਤਰ ਦੇ ਅੰਕੜਿਆਂ ਦਾ ਤੁਲਨਾਤਮਕ ਅਧਿਐਨ ਕਰਨਾ ਕਠਿਨ ਹੋ ਜਾਂਦਾ ਹੈ।

ਭਾਰਤ ਵਿੱਚ ਕੁੱਲ ਮੁੱਖ ਕਾਮਿਆਂ ਦੀ ਗਿਣਤੀ (ਆਸਾਮ ਅਤੇ ਜੰਮੂ-ਕਸ਼ਮੀਰ ਨੂੰ ਛੱਡ ਕੇ) 37.50% ਸੀ। ਪੇਂਡੂ ਖੇਤਰਾਂ ਵਿੱਚ ਇਹ ਗਿਣਤੀ 40.1% ਅਤੇ ਸ਼ਹਿਰਾਂ ਵਿਚ 30.2% ਸੀ। ਇਸ ਤਰ੍ਹਾਂ ਦੇਸ਼ ਦੀ ਕੁੱਲ ਆਬਾਦੀ ਦਾ ਇੱਕ ਤਿਹਾਈ ਤੋਂ ਕੁਝ ਜ਼ਿਆਦਾ ਹਿੱਸਾ ਹੀ ਆਰਥਿਕ ਤੌਰ ਤੇ ਕੰਮ ਕਰ ਰਿਹਾ ਹੈ। ਦੂਸਰੇ ਸ਼ਬਦਾਂ ਵਿੱਚ ਲਗਪਗ ਦੋ-ਤਿਹਾਈ ਜਨਸੰਖਿਆ ਆਰਥਿਕ ਰੂਪ ਨਾਲ ਇੱਕ ਤਿਹਾਈ ਕੰਮ ਕਰਦੀ ਜਨਸੰਖਿਆ ਤੇ ਨਿਰਭਰ ਕਰਦੀ ਹੈ। ਮਜ਼ਦੂਰ ਸ਼ਕਤੀ ਦੇ ਘੱਟ ਅਨੁਪਾਤ ਜਾਂ ਜਨਸੰਖਿਆ ਨਿਰਭਰਤਾ ਦੇ ਉੱਚੇ ਅਨੁਪਾਤ ਦਾ ਕਾਰਣ ਤੇਜ਼ ਜਨਸੰਖਿਆ ਦੀ ਵਾਧਾ ਦਰ ਹੈ। ਬੱਚਿਆਂ ਦੀ ਸੰਖਿਆ ਵੱਧ ਹੋਣਾ ਅਤੇ ਇਸਤਰੀਆਂ ਨੂੰ ਸਮਾਜਿਕ ਬੰਧਨਾਂ ਦੇੱ ਕਾਰਣ ਘਰ ਤੋਂ ਬਾਹਰ ਕੰਮ ਕਰਨ ਨੂੰ ਉਤਸ਼ਾਹਤ ਨਾ ਕਰਨਾ, ਸਿੱਖਿਆ ਦੀ ਘਾਟ ਅਤੇ ਆਮ ਜਾਣਕਾਰੀ ਦੀ ਥੁੜ੍ਹ ਆਦਿ ਦੇ ਕਾਰਣ ਨਜੰਸਖਿਆ ਵਿੱਚ ਨਿਰਭਰਤਾ ਦਰ ਵੱਧ ਜਾਂਦੀ ਹੈ।

ਆਰਥਿਕ ਬਣਤਰ ਦੀ ਦੂਸਰੀ ਵਿਸ਼ੇਸ਼ਤਾ ਮੁਢਲੇ ਖੇਤਰ (Primary Sector) ਵਿੱਚ ਕੁੱਲ ਕਾਮਿਆਂ ਦੀ ਸੰਖਿਆ ਦਾ ਬਹੁਤ ਵੱਡਾ ਭਾਗ ਰੁੱਝਿਆ ਰਹਿੰਦਾ ਹੈ। ਭਾਰਤੀ ਆਰਥਿਕ ਪ੍ਰਣਾਲੀ ਖੇਤੀ ਆਧਾਰਤ ਹੋਣ ਕਰਕੇ ਕੁੱਲ ਮੁੱਖ ਕਾਮਿਆਂ ਦਾ ਲਗਪਗ ਦੋ-ਤਿਹਾਈ ਹਿੱਸਾ, ਖੇਤੀ ਅਤੇ ਸੰਬੰਧਿਤ ਉਦਯੋਗਾਂ ਤੋਂ ਰੋਜ਼ੀ ਰੋਟੀ ਕਮਾਉਂਦਾ

ਹੈ। ਉਦਯੋਗਾਂ ਦੇ ਕੇਵਲ 11.96% ਕਾਮੇ ਹੀ ਲੱਗੇ ਹਨ ਜੋ ਕੁਲ ਜਨਸੰਖਿਆ ਦਾ ਕੇਵਲ 10% ਹੈ। ਵਪਾਰ ਤੇ ਵਣਜ ਆਵਾਜਾਈ ਤੇ ਸੰਚਾਰ ਅਤੇ ਹੋਰ ਸੇਵਾਵਾਂ ਵਰਗੀਆਂ ਨਵੀਆਂ ਸੇਵਾਵਾਂ (Tertiary Services) ਵਿੱਚ ਬਾਕੀ ਦਾ 20.5% ਕਾਮੇ ਕੰਮ ਕਰਦੇ ਹਨ। ਦੇਸ਼ ਦੀਆਂ ਨਿਰਮਾਣ ਕ੍ਰਿਆਵਾਂ (Manufacturing Activities) ਘੱਟ ਹੋਣ ਕਰਕੇ ਇੱਕ ਪਾਸੇ ਤਾਂ ਖੇਤੀ ਖੇਤਰ ਤੇ ਜਨਸੰਖਿਆ ਦਾ ਭਾਰੀ ਦਬਾਅ ਬਣਿਆ ਹੋਇਆ ਹੈ ਤੇ ਦੂਸਰੇ ਪਾਸੇ ਬਹੁਤ ਸਾਰੀਆਂ ਨਵੀਆਂ ਸੇਵਾਵਾਂ ਦੇਸ਼ ਦੀ ਆਰਥਿਕ ਪ੍ਰਣਾਲੀ ਤੇ ਬੋਝ ਬਣ ਗਈਆਂ ਹਨ। ਸਰਕਾਰੀ ਤੇ ਫੁੱਟਕਲ ਸੇਵਾਵਾਂ ਵਿੱਚ ਜ਼ਰੂਰਤ ਤੋਂ ਵੱਧ ਕਾਮੇ ਹਨ ਜੋ ਭਾਰਤੀ ਆਰਥਿਕ ਪ੍ਰਣਾਲੀ ਤੇ ਹੋਰ ਬੋਝ ਪਾ ਦਿੰਦੇ ਹਨ। ਇਸ ਕਰਕੇ ਸਥਿਤੀ ਤੋਂ ਨਿਕਲਣ ਲਈ ਸਾਨੂੰ ਆਪਣੇ ਉਦਯੋਗਿਕ ਵਿਕਾਸ ਵਿੱਚ ਨਾ ਕੇਵਲ ਇਸ ਤਰ੍ਹਾਂ ਵਾਧਾ ਕਰਨਾ ਹੋਵੇਗਾ ਕਿ ਉਹਨਾਂ ਵਿੱਚ ਵੱਧ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਦਿੱਤਾ ਜਾ ਸਕੇ। ਬਲਕਿ ਉਦਯੋਗਿਕ ਵਿਕਾਸ ਦਾ ਖੇਤਰੀ ਵਿਸਤਾਰ ਵੀ ਵੱਡੇ ਵੱਡੇ ਉਦਯੋਗਿਕ ਸ਼ਹਿਰਾਂ ਤੋਂ ਹੱਟ ਕੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਕਰਨਾ ਹੋਵੇਗਾ। ਇਸ ਦਿਸ਼ਾ ਵਿੱਚ ਪਿਛੜੇ ਖੇਤਰਾਂ ਵਿੱਚੋਂ ਉਦਯੋਗਾਂ ਦੇ ਲਈ ਮੁੱਢਲਾ ਢਾਂਚਾ ਪਹਿਲ ਦੇ ਆਧਾਰ ਤੇ ਪ੍ਰਦਾਨ ਕਰਨਾ ਬਹੁਤ ਜ਼ਰੂਰੀ ਹੈ।

ਇਸ ਸਮੇਂ ਰਾਸ਼ਟਰੀ ਸੰਪਤੀ ਵਿੱਚ ਤੇਜ਼ ਵਾਧਾ, ਖੇਤਰੀ ਅਤੇ ਸਮਾਜਿਕ ਅਸੰਤੁਲਨ ਦੂਰ ਕਰਨਾ, ਵੱਧ ਤੋਂ ਵੱਧ ਰੁਜ਼ਗਾਰ ਵਿੱਚ ਵਾਧਾ ਕਰਨਾ, ਵਾਤਾਵਰਣ ਦੀ ਸੁਰੱਖਿਆ ਕਰਨੀ ਆਦਿ ਅਜਿਹੇ ਮੁੱਦੇ ਹਨ ਜਿਹਨਾਂ ਤੇ ਆਰਥਿਕ ਤੇ ਸਮਾਜਿਕ ਉੱਨਤੀ ਲਈ ਦੇਸ਼ ਨੂੰ ਧਿਆਨ ਦੇਣਾ ਬਹੁਤ ਜ਼ਰੂਰੀ ਹੈ। ਇਹਨਾਂ ਟੀਚਿਆਂ ਦੀ ਪ੍ਰਾਪਤੀ ਦੇ ਲਈ ਰਾਸ਼ਟਰ ਕਿੰਨਾ ਕੁ ਸਮਰੱਥ ਹੈ, ਇਸਦਾ ਗਿਆਨ ਕੁੱਲ ਜਨਸੰਖਿਆ, ਇਸਦੀ ਘਣਤਾ ਤੇ ਵੰਡ ਦੇ ਆਧਾਰ ਤੇ ਸੰਭਵ ਨਹੀਂ ਹੈ। ਇਸ ਨੂੰ ਜਾਣਨ ਤੇ ਸਮਝਣ ਲਈ ਜਨਸੰਖਿਆ ਦੀ ਆਰਥਿਕ ਬਣਤਰ, ਇਸਤਰੀ-ਆਦਮੀ ਅਨੁਪਾਤ ਉਮਰ ਬਣਤਰ, ਵਾਧਾ ਦਰ, ਸਿਹਤ ਅਤੇ ਸਿੱਖਿਆ ਦਾ ਗਿਆਨ ਹੋਣਾ ਲਾਜ਼ਮੀ ਹੈ।

**(ਸ) ਪਿੰਡ-ਸ਼ਹਿਰੀ ਵੰਡ (ਆਵਾਸ) (Residence) :**

ਅੱਜ ਵੀ ਭਾਰਤ ਨੂੰ ਪਿੰਡਾਂ ਦਾ ਦੇਸ਼ ਹੀ ਕਿਹਾ ਜਾਂਦਾ ਹੈ। ਇਥੇ ਕਰੀਬ 5 ਲੱਖ 50 ਹਜ਼ਾਰ ਪਿੰਡ ਹਨ। ਇਸ 20ਵੀਂ ਸਦੀ ਦੇ ਸ਼ੁਰੂ ਵਿੱਚ 10 ਵਿੱਚੋਂ 9 ਭਾਰਤੀ ਪਿੰਡ ਵਿੱਚ ਵਸਦੇ ਸਨ। ਕੁੱਲ ਸ਼ਹਿਰੀ ਆਬਾਦੀ ਦੀ ਸੰਖਿਆ 1901 ਵਿੱਚ ਕੇਵਲ 2 ਕਰੋੜ 60 ਲੱਖ (ਸਾਡੇ ਇਸ ਸਮੇਂ ਦੇ ਪੰਜਾਬ ਜਿੰਨੀ) ਸੀ। ਸਾਲ 1991 ਵਿੱਚ ਲੋਕ ਗਿਣਤੀ ਦੇ ਅੰਕੜਿਆਂ ਅਨੁਸਾਰ ਸ਼ਹਿਰੀ ਆਬਾਦੀ ਵੱਧ ਕੇ 21 ਕਰੋੜ 50 ਲੱਖ ਹੋ ਗਈ ਹੈ। ਇਸ ਤਰ੍ਹਾਂ, ਭਾਰਤ ਦੀ ਸ਼ਹਿਰੀ ਆਬਾਦੀ ਵਿੱਚ ਪਿਛਲੇ 90 ਸਾਲਾਂ ਵੱਚ ਅੱਠ ਗੁਣਾ ਵਾਧਾ ਹੋਇਆ ਹੈ। ਇਸ ਤੋਂ ਉੱਲਟ ਦੇਸ਼ ਦੀ ਕੁੱਲ ਆਬਾਦੀ ਵਿੱਚ ਇਹਨਾਂ ਨੌਂ ਦਹਾਕਿਆਂ ਵਿੱਚ ਲਗਪਗ ਸਾਢੇ ਤਿੰਨ ਗੁਣਾ ਵਾਧਾ ਹੋਇਆ ਹੈ। 1901 ਵਿੱਚ ਜਿਥੇ ਸ਼ਹਿਰੀ ਪੇਂਡੂ ਜਨਸੰਖਿਆ ਦਾ ਔਸਤ 1 : 9 ਸੀ, 1991 ਵਿੱਚ ਇਹ ਔਸਤ 1 : 3 ਦਾ ਹੋ ਗਿਆ। ਆਜ਼ਾਦੀ ਤੋਂ ਬਾਅਦ ਉਦਯੋਗਿਕ ਵਿਕਾਸ ਅਤੇ ਪ੍ਰਬੰਧਕੀ ਸੇਵਾਵਾਂ ਵਿੱਚ ਵਾਧੇ ਦੇ ਨਾਲ ਸ਼ਹਿਰੀ ਆਬਾਦੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ।

ਸਾਰਣੀ ਵਿੱਚ ਤੁਸੀਂ ਦੇਖੋਗੇ ਕਿ ਭਾਵੇਂ ਭਾਰਤ ਵਿੱਚ ਸ਼ਹਿਰੀ ਜਨਸੰਖਿਆ ਦੀ ਮਾਤਰਾ ਕੇਵਲ 25.6% ਹੈ ਪਰ ਕੁਲ ਸ਼ਹਿਰੀ ਜਨਸੰਖਿਆ (215 ਮਿਲੀਅਨ) ਦਾ ਆਧਾਰ ਬਹੁਤ ਵਿਸ਼ਾਲ ਹੈ ਜੋ ਕਿ ਸੰਯੁਕਤ ਰਾਜ ਅਮਰੀਕਾ ਦੀ ਪੂਰੀ ਜਨਸੰਖਿਆ ਤੋਂ ਵੱਧ ਹੈ। ਵੱਡੇ ਆਧਾਰ ਦੇ ਨਾਲ ਨਾਲ ਸ਼ਹਿਰੀ ਜਨਸੰਖਿਆ ਵਿੱਚ ਬਹੁਤ ਤੇਜ਼ ਵਾਧਾ ਹੋ ਗਿਆ ਹੈ। ਸ਼ਹਿਰੀ ਜਨਸੰਖਿਆ ਪੇਂਡੂ ਜਨਸੰਖਿਆ ਤੋਂ ਦੋ-ਗੁਣਾ ਵੱਧ ਤੇਜ਼ੀ ਨਾਲ ਵੱਧ ਰਹੀ ਹੈ। ਇਸੇ ਤਰ੍ਹਾਂ ਵੱਡੇ ਸ਼ਹਿਰਾਂ ਵਿੱਚ ਵੱਸੋਂ ਦਾ ਵਾਧਾ ਮੱਧਵਰਤੀ ਅਤੇ ਛੋਟੇ ਦਰਜੇ ਦੇ ਸ਼ਹਿਰਾਂ ਤੇ ਕਸਬਿਆਂ ਦੀ ਤੁਲਨਾ ਵਿੱਚ ਬਹੁਤ ਤੇਜ਼ੀ ਨਾਲ ਹੋ ਰਿਹਾ ਹੈ। ਇਸ ਗੱਲ ਦਾ ਅੰਦਾਜ਼ਾ ਤੁਸੀਂ ਇਸ ਤਰ੍ਹਾਂ ਲਗਾ ਸਕਦੇ ਹੋ ਕਿ 1996 ਵਿੱਚ ਦੇਸ਼ ਦੀ ਕੁੱਲ ਸ਼ਹਿਰੀ ਜਨਸੰਖਿਆ ਦਾ ਲਗਪਗ 65% ਭਾਗ, ਇੱਕ ਲੱਖ ਜਾਂ ਇਸ ਤੋਂ ਵੱਧ ਜਨਸੰਖਿਆ ਵਾਲੇ ਪਹਿਲੇ

ਦਰਜੇ (Class I) ਸ਼ਹਿਰਾਂ ਵਿੱਚ ਰਹਿੰਦਾ ਹੈ। ਦੇਸ਼ ਵਿੱਚ ਅਜਿਹੇ ਸ਼ਹਿਰਾਂ ਦੀ ਸੰਖਿਆ 300 ਹੈ। 30 ਸਾਲ ਪਹਿਲਾਂ 1961 ਵਿੱਚ ਇਸ ਸ਼੍ਰੇਣੀ ਦੇ ਸ਼ਹਿਰਾਂ ਦੀ ਸੰਖਿਆ ਕੇਵਲ 106 ਸੀ। ਵੱਡੇ ਸ਼ਹਿਰਾਂ ਵਿੱਚ ਸ਼ਹਿਰੀ ਜਨਸੰਖਿਆ ਦਾ ਭਾਰੀ ਕੇਂਦਰੀਕਰਣ ਚਿੰਤਾ ਦੀ ਗੱਲ ਹੋ ਗਈ ਹੈ। ਇਹਨਾਂ 300 ਪਹਿਲੀ ਸ਼੍ਰੇਣੀ ਦੇ ਸ਼ਹਿਰਾਂ ਵਿੱਚ 23 ਸ਼ਹਿਰ ਮਹਾਂਨਗਰਾਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ। ਮਹਾਂਨਗਰ ਉਹ ਸ਼ਹਿਰ ਹੁੰਦਾ ਹੈ ਜਿਥੇ 10 ਲੱਖ ਜਾਂ ਉਸ ਤੋਂ ਵੱਧ ਜਨਸੰਖਿਆ ਰਹਿੰਦੀ ਹੈ। ਇਹਨਾਂ 23 ਮਹਾਂਨਗਰਾਂ ਵਿੱਚ 7 ਕਰੋੜ ਵਿਅਕਤੀ ਵਸਦੇ ਹਨ ਜੋ ਮਹਾਂਨਗਰਾਂ ਦੀ ਕੁੱਲ ਜਨਸੰਖਿਆ ਦਾ (13 ਕਰੋੜ 10 ਲੱਖ ਵਿਅਕਤੀ) ਦਾ ਅੱਧਾ ਹਿੱਸਾ ਹੈ। ਵੱਡੇ ਸ਼ਹਿਰਾਂ ਵਿੱਚ ਜਨਸੰਖਿਆ ਦੇ ਬਹੁਤ ਤੇਜ਼ੀ ਨਾਲ ਵੱਧਣ ਕਰਕੇ ਮਿਲਣ ਵਾਲੇ ਸਾਧਨਾਂ ਅਤੇ ਆਮ ਜਨ ਸਹੂਲਤਾਂ ਤੇ ਭਾਰੀ ਦਬਾਅ ਪੈ ਜਾਂਦਾ ਹੈ। ਕਦੇ ਕਦੇ ਤਾਂ ਇਥੇ ਲੋਕਾਂ ਨੂੰ ਜ਼ਰੂਰੀ ਸਹੂਲਤਾਂ ਵੀ ਨਹੀਂ ਮਿਲਦੀਆਂ। ਇੱਕ ਅੰਦਾਜ਼ੇ ਦੇ ਅਨੁਸਾਰ, ਭਾਰਤ ਵਿੱਚ ਕੁੱਲ ਸ਼ਹਿਰੀ ਜਨਸੰਖਿਆ ਦਾ ਇੱਕ ਚੌਥਾਈ ਤੋਂ ਵੀ ਵੱਧ ਭਾਗ ਝੁੱਗੀ-ਝੌਂਪੜੀਆਂ, ਬਸਤੀਆਂ (Slums) ਵਿੱਚ ਵਸਦਾ ਹੈ ਜਿਥੇ ਜਨ-ਸਹੂਲਤਾਂ ਦੀ ਭਾਰੀ ਘਾਟ ਹੈ। ਬਾਲ-ਮਜ਼ਦੂਰੀ, ਅਧੂਰਾ ਪਾਲਣ-ਪੋਸ਼ਣ (ਖੁਰਾਕ), ਬੇਰੁਜ਼ਗਾਰੀ, ਅਪਰਾਧ, ਗੈਰ ਕਾਨੂੰਨੀ ਕੰਮ ਆਦਿ ਦੀਆਂ ਸਮੱਸਿਆਵਾਂ ਝੁੱਗੀ-ਬਸਤੀਆਂ ਦੇ ਨਾਲ ਜੁੜੀਆਂ ਹੋਈਆਂ ਹਨ।

ਦੂਸਰੇ ਪਾਸੇ, ਪਿੰਡਾਂ ਵਿੱਚ ਵੀ ਬੇਰੁਜ਼ਗਾਰੀ ਦੀ ਸਮੱਸਿਆ ਵਿਕਰਾਲ ਰੂਪ ਧਾਰਨ ਕਰਦੀ ਜਾ ਰਹੀ ਹੈ। ਇਸ ਕਰਕੇ ਵੱਡੀ ਸੰਖਿਆ ਵਿੱਚ ਜੁਆਨ ਵਰਗ ਦੇ ਲੋਕ ਸ਼ਹਿਰਾਂ ਵੱਲ ਰੁਜ਼ਗਾਰ ਦੀ ਤਲਾਸ਼ ਵਿੱਚ ਪ੍ਰਵਾਸ ਕਰ ਰਹੇ ਹਨ। ਆਬਾਦੀ ਵੱਧਣ ਨਾਲ ਖੇਤੀ ਜੋਤਾਂ ਦਾ ਆਕਾਰ ਛੋਟਾ ਹੁੰਦਾ ਜਾ ਰਿਹਾ ਹੈ। ਨਾਲ ਹੀ ਪੇਂਡੂ ਨੌਜੁਆਨਾਂ ਦੀ ਸਹਿਰੀ ਜੀਵਨ ਦੇ ਪ੍ਰਤੀ ਖਿੱਚ ਅਤੇ ਖੇਤੀ ਦੇ ਕੰਮ ਵੱਲ ਉਦਾਸੀਨਤਾ ਵੱਧਦੀ ਜਾ ਰਹੀ ਹੈ। ਇਹਨਾਂ ਕਾਰਣਾਂ ਕਰਕੇ ਪਿੰਡਾਂ ਦੇ ਨੌਜੁਆਨ ਭਾਰੀ ਸੰਖਿਆ ਵਿੱਚ ਰੁਜ਼ਗਾਰ ਦੀ ਤਲਾਸ਼ ਵਿੱਚ ਸ਼ਹਿਰਾਂ ਵੱਲ ਪ੍ਰਵਾਸ ਕਰ ਰਹੇ ਹਨ। ਦੇਸ਼ ਵਿੱਚ ਮਹਾਂਨਗਰਾਂ ਦੀ ਸੰਖਿਆ ਤੇਜ਼ੀ ਨਾਲ ਵੱਧ ਰਹੀ ਹੈ। 1981 ਵਿੱਚ 12 ਮਹਾਂਨਗਰਾਂ ਦੀ ਤੁਲਨਾ ਵਿੱਚ 1991 ਵਿੱਚ ਵੱਧ ਕੇ 23 ਹੋ ਗਈ ਹੈ।

**(ਹ) ਜਨਸੰਖਿਆ ਦੀ ਸਭਿਆਚਾਰਕ ਬਣਤਰ**

ਭਾਰਤ ਅਨੇਕਤਾਵਾਂ ਦਾ ਦੇਸ਼ ਹੈ। ਇਥੇ ਅਨੇਕਾਂ ਨਸਲੀ-ਜਾਤਾਂ ਦੇ ਲੋਕ ਵਸਦੇ ਹਨ। ਇਹਨਾਂ ਵਿੱਚ ਦ੍ਰਾਵਿੜ, ਮੰਗੋਲ ਅਤੇ ਆਰੀਆ ਮੁੱਖ ਨਸਲਾਂ ਹਨ। ਇਹਨਾਂ ਤੋਂ ਬਿਨਾਂ ਕੁਝ ਲੋਕ ਕਾਕੇਸ਼ੀਅਨ ਨਸਲ ਦੇ ਵੀ ਹਨ। ਸਮਾਂ ਬੀਤ ਜਾਣ ਕਰਕੇ ਇਹ ਨਸਲਾਂ ਆਪਸ ਵਿੱਚ ਇੱਕ ਦੂਸਰੇ ਨਾਲ ਇਸ ਤਰ੍ਹਾਂ ਘੁੱਲ-ਮਿਲ ਗਈਆਂ ਹਨ ਕਿ ਇਹਨਾਂ ਦੇ ਅਸਲੀ ਚਿੰਨ ਹੁਣ ਖਤਮ ਹੁੰਦੇ ਨਜ਼ਰ ਆ ਰਹੇ ਹਨ ਅਤੇ ਇਹਨਾਂ ਦੇ ਨਾਲ ਨਵੇਂ ਚਿੰਨ ਦਿਖਾਈ ਦੇਣ ਲੱਗੇ ਹਨ। ਫਿਰ ਵੀ ਭਾਰਤ ਵਾਸੀਆਂ ਵਿੱਚ ਕਾਫ਼ੀ ਭਿੰਨਤਾ ਦਿਖਾਈ ਦਿੰਦੀ ਹੈ ਅਤੇ ਇਹ ਹੀ ਦੇਸ਼ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਅਸਲ ਵਿੱਚ ਸਭਿਆਚਾਰ ਦੀ ਪੂਰਣਤਾ ਅਤੇ ਸ਼ੋਭਾ ਇਸ ਦੀ ਅਨੇਕਤਾ ਵਿੱਚ ਹੀ ਮੌਜੂਦ ਹੈ। ਇੱਕ ਦੂਸਰੇ ਫਿਰਕੇ ਦਾ ਸਨਮਾਨ ਕਰਨਾ, ਆਦਾਨ-ਪ੍ਰਦਾਨ ਅਤੇ ਮੇਲ ਮਿਲਾਪ ਹੀ ਭਾਰਤੀ ਸਭਿਆਚਾਰ ਦੇ ਵਿਸ਼ਿਸ਼ਟ ਗੁਣ ਹਨ। ਭਾਰਤ ਸੰਸਕ੍ਰਿਤੀ ਅਤੇ ਨਸਲਾਂ ਦੇ ਸੰਗਮ ਦਾ ਸੰਸਾਰ ਵਿੱਚ ਇੱਕ ਅਨੋਖਾ ਉਦਾਹਰਣ ਮਿਲਦਾ ਹੈ।

ਇੱਕ ਹੀ ਧਰਮ ਨੂੰ ਮੰਨਣ ਵਾਲੇ ਲੋਕ ਅਲੱਗ ਅਲੱਗ ਭਾਸ਼ਾਵਾਂ ਬੋਲਦੇ ਹਨ। ਭਾਸ਼ਾਵਾਂ, ਨਸਲਾਂ, ਧਰਮਾਂ, ਅਤੇ ਜਾਤੀਆਂ ਖੇਤਰਾਂ ਦੀਆਂ ਸੀਮਾਵਾਂ ਵਿੱਚ ਬੰਨ੍ਹੀਆਂ ਹੋਈਆਂ ਨਹੀਂ ਹਨ। ਇਹਨਾਂ ਨਸਲੀ, ਧਾਰਮਿਕ, ਭਾਸ਼ਾਈ ਅਤੇ ਖੇਤਰੀ ਭਿੰਨਤਾਵਾਂ ਦੇ ਬਾਵਜੂਦ ਅਸੀਂ ਸਭ ਭਾਰਤਵਾਸੀ ਹਾਂ। ਸਾਡਾ ਸਮਾਜ ਇੱਕ ਮਿਲੀ ਜੁਲੀ ਸੰਸਕ੍ਰਿਤੀ ਅਤੇ ਸਭਿਆਚਾਰ ਦਾ ਗੁਲਦਸਤਾ ਹੈ। ਇਸ ਦੀ ਤੁਲਨਾ ਇੱਕ ਅਜਿਹੇ ਬਾਗ ਨਾਲ ਕੀਤੀ ਜਾ ਸਕਦੀ ਹੈ ਜਿਸ ਵਿੱਚ ਭਾਂਤ ਭਾਂਤ ਦੇ ਰੰਗਾਂ ਅਤੇ ਝਲਕਾਂ ਦੇ ਫੁੱਲ ਖਿੜੇ ਹਨ ਜਿਥੇ ਕਿ ਹਰੇਕ ਫੁੱਲ ਦੀ ਅਲੱਗ ਪਹਿਚਾਣ ਹੈ। ਪਰੰਤੂ ਸਭ ਮਿਲਾ ਕੇ ਭਾਰਤ ਦੇ ਸੰਪੂਰਨ ਸਭਿਆਚਾਰਕ ਨਜ਼ਾਰੇ ਨੂੰ ਰੰਗੀਨ ਤੇ ਸ਼ੋਭਾਮਈ ਬਣਾ ਦਿੰਦੇ ਹਨ।

ਭਾਰਤ ਹਿੰਦੂ, ਇਸਲਾਮ, ਸਿੱਖ, ਈਸਾਈ, ਬੁੱਧ, ਜੈਨ, ਪਾਰਸੀ ਅਤੇ ਹੋਰ ਧਰਮਾਂ ਦੇ ਸ਼ਰਧਾਲੂਆਂ ਦਾ ਘਰ ਹੈ। ਕਾਨੂੰਨ ਦੇ ਸਾਹਮਣੇ ਸਭ ਬਰਾਬਰ ਹਨ ਅਤੇ ਉਹਨਾਂ ਨੂੰ ਸੱਭ ਤਰ੍ਹਾਂ ਦੀ ਸੁਤੰਤਰਤਾ ਹੈ। ਸੱਭ ਨੂੰ ਇਕ ਸਮਾਨ ਅਧਿਕਾਰ ਦਿੱਤੇ ਗਏ ਹਨ ਅਤੇ ਇੱਕੋ ਜਿਹੇ ਕਰਤੱਵਾਂ ਦਾ ਪਾਲਣ ਕਰਨਾ ਪੈਂਦਾ ਹੈ।

ਭਾਰਤ ਵਿੱਚ ਅਨੇਕਾਂ ਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਹਨ। ਇਹਨਾਂ ਵਿੱਚੋ ਕੁਝ ਦਾ ਜਨਮ ਸੰਸਕ੍ਰਿਤ ਤੋਂ ਅਤੇ ਕੁਝ ਦਾ ਦ੍ਰਾਵਿੜ ਤੋਂ ਹੈ। ਆਸਾਮੀ, ਉੜੀਸਾ, ਉਰਦੂ, ਕੰਨੜ, ਕਸ਼ਮੀਰੀ, ਗੁਜਰਾਤੀ, ਤਾਮਿਲ, ਤੇਲਗੂ, ਪੰਜਾਬੀ, ਬੰਗਲਾ, ਮਰਾਠੀ, ਮਲਿਯਾਲਮ, ਸੰਸਕ੍ਰਿਤ, ਸਿੰਧੀ ਤੇ ਹਿੰਦੀ ਭਾਰਤ ਦੀਆਂ ਮੁੱਖ ਭਾਸ਼ਾਵਾਂ ਹਨ। ਇਹਨਾਂ ਸਾਰਿਆਂ ਨੂੰ ਸੰਵਿਧਾਨਕ ਦਰਜਾ ਦਿੱਤਾ ਗਿਆ ਹੈ। ਦੱਖਣੀ ਭਾਰਤ ਦੀਆਂ ਚਾਰ ਭਾਸ਼ਾਵਾਂ ਤਾਮਿਲ, ਤੇਲਗੂ, ਕੰਨੜ ਤੇ ਮਲਿਆਲਮ ਦਾ ਜਨਮ ਦ੍ਰਾਵਿੜ ਤੋਂ ਹੈ। ਇਥੇ ਇਹ ਸੋਚਣਾ ਗ਼ਲਤ ਹੋਵੇਗਾ ਕਿ ਇਹਨਾਂ ਭਾਸ਼ਾਵਾਂ ਨੂੰ ਬੋਲਣ ਵਾਲੇ ਸਾਰੇ ਲੋਕ ਦ੍ਰਾਵਿੜ ਨਸਲ ਦੇ ਹਨ ਜਾਂ ਸੰਸਕ੍ਰਿਤ ਤੋਂ ਪੈਦਾ ਹੋਣ ਵਾਲੀਆਂ ਭਾਸ਼ਾਵਾਂ ਨੂੰ ਬੋਲਣ ਵਾਲੇ ਸਾਰੇ ਲੋਕ ਆਰੀਆ ਵੰਸ਼ ਵਿੱਚੋਂ ਹਨ। ਪਤਾ ਲਗਾਓ ਕਿ ਭਾਰਤ ਦੇ ਕਿਸ ਖੇਤਰ ਵਿੱਚ ਕਿਹੜੀ ਭਾਸ਼ਾ ਬੋਲੀ ਜਾਂਦੀ ਹੈ।

ਭਾਰਤ ਵਿੱਚ ਬਹੁਤ ਵੱਡੀ ਸੰਖਿਆ ਵਿੱਚ ਲੋਕ ਹਿੰਦੀ ਬੋਲਦੇ ਹਨ। ਨਾਲ ਹੀ ਅਨੇਕ ਲੋਕ ਇਸ ਭਾਸ਼ਾ ਨੂੰ ਸਮਝ ਵੀ ਲੈਂਦੇ ਹਨ, ਭਲੇ ਹੀ ਇਹ ਉਹਨਾਂ ਦੀ ਮਾਤ ਭਾਸ਼ਾ ਨਾ ਹੋਵੇ। ਹਿੰਦੀ ਨੂੰ ਰਾਜ ਭਾਸ਼ਾ (State Language) ਦਾ ਸਥਾਨ ਵੀ ਮਿਲਿਆ ਹੋਇਆ ਹੈ। ਭਾਸ਼ਾ ਵਿਗਿਆਨੀਆਂ ਦਾ ਮੱਤ ਹੈ ਕਿ ਭਾਰਤ ਦੀਆਂ ਵਿਭਿੰਨ ਭਾਸ਼ਾਵਾਂ ਅਤੇ ਉਹਨਾਂ ਦੇ ਸਾਹਿਤ ਵਿੱਚ ਉਪਰੀ ਅੰਤਰ ਦੇ ਬਾਵਜੂਦ ਕਈ ਗੱਲਾਂ ਵਿੱਚ ਬਹੁਤ ਸਾਰੀਆਂ ਸਮਾਨਤਾਵਾਂ ਹਨ। ਸਾਰੀਆਂ ਭਾਰਤੀ ਭਾਸ਼ਾਵਾਂ ਦਾ ਗੁਣ ਸਾਂਝੇ ਸਵਰ ਤੋਂ ਹੈ ਅਰਥਾਤ ਉਹਨਾਂ ਦਾ ਸੰਬੰਧ ਧੁਨੀ ਤੋਂ ਹੈ। ਸਭ ਦੀ ਬਣਤਰ ਵੀ ਲਗਪਗ ਇਕੋ ਜਿਹੀ ਹੈ। ਸੱਭ ਤੋਂ ਅਨੋਖੀ ਗੱਲ ਇਹ ਹੈ ਕਿ

ਸਾਰੀਆਂ ਭਾਸ਼ਾਵਾਂ ਦੇ 'ਸ਼ਬਦ ਭੰਡਾਰ' ਵਿੱਚ ਵੀ ਸਮਾਨਤਾ ਹੈ। ਬਹੁਤ ਕੋਈ ਬਹੁਤਾ ਅੰਤਰ ਨਹੀਂ ਹੈ। ਇਸ ਦੇ ਬਾਵਜੂਦ ਵੀ ਕੁਝ ਲੋਕ ਭਾਸ਼ਾਈ ਭਾਸ਼ਾਈ ਅਤੇ ਜਾਤੀ ਆਧਾਰ ਤੇ ਵੰਡਣ ਦਾ ਕੰਮ ਆਪਣੇ ਖਾਸ ਸਵਾਲ ??

ਸਾਨੂੰ ਸਭ ਨੂੰ ਮਿਲ ਕੇ ਲੋਕਤੰਤਰ ਅਤੇ ਸਮਾਜਵਾਦ ਦੇ ਅਸੂਲ ?? ਸੰਗਠਿਤ ਅਤੇ ਧਨਵਾਨ ਭਾਰਤ ਦਾ ਨਿਰਮਾਣ ਕਰਨਾ ਹੈ। ਸਾਨੂੰ ਆ ?? ਚੁੱਕੇ ਹਨ। ਇਹਨਾਂ 55 ਸਾਲਾਂ ਵਿੱਚ ਸਾਡੀਆਂ ਸਫਲਤਾਵਾਂ ਘੱਟ ਨਹੀਂ ?? ਕਰਕੇ ਸਮਾਜਿਕ ਅਤੇ ਖੇਤਰੀ ਅਸਤੁੰਲਨ, ਬੇਰੁਜ਼ਗਾਰੀ, ਜਨਸੰਖਿਆ ?? ਦੇ ਹੱਲ ਲੱਭਣੇ ਹੋਣਗੇ। ਇਸ ਦਿਸ਼ਾ ਵਿੱਚ ਮਾਨਸਿਕ ਤੌਰ ਤੇ ਬੌਧਿਕ ?? ਮਨੁੱਖੀ ਸਾਧਨਾਂ ਦਾ ਵਿਕਾਸ ਹੋਣਾ ਬਹੁਤ ਜ਼ਰੂਰੀ ਹੈ।

**(ਕ) ਜਨਸੰਖਿਆ ਦਾ ਵਾਧਾ (Growth of Population) :**


ਅਕਸਰ ਕਿਹਾ ਜਾਂਦਾ ਹੈ ਕਿ ਭਾਰਤ ਦੀ ਜਨਸੱਖਿਆ ਬਹੁਤ ਤੇਜ਼ ਗਤੀ ਨਾਲ ਵੱਧ ਰਹੀ ਹੈ। ਅਜਿਹਾ ਕਿਉਂ? ਇਸ ਤੇ ਵਿਚਾਰ ਕਰਨਾ ਹੋਵੇਗਾ। ਜਨਸੰਖਿਆ ਦੀ ਕੁਦਰਤੀ ਵਾਧਾ ਦਰ (Natural Growth Rate), ਜਨਮ ਦਰ ਅਤੇ ਮੌਤ ਦਰ ਦੇ ਅੰਤਰ ਤੇ ਨਿਰਭਰ ਕਰਦੀ ਹੈ। ਮੌਤ ਦਰ ਤੋਂ ਜਨਮ ਦਰ ਜਿੰਨਾ ਵਧੇਰੇ ਹੋਵੇਗੀ, ਵਾਧਾ ਦਰ ਉਨੀ ਹੀ ਵੱਧ ਹੋਵੇਗੀ। ਦੋਨਾਂ ਵਿੱਚ ਘੱਟ ਅੰਤਰ ਹੋਣ ਕਰਕੇ ਵਾਧਾ ਦਰ ਵੀ ਘੱਟ ਹੋਵੇਗੀ। ਜਨਸੰਖਿਆ ਦੇ ਵਾਧੇ ਨੂੰ ਪ੍ਰਭਾਵਿਤ ਕਰਨ ਵਾਲਾ ਤੀਸਰਾ ਤੱਤ ਪ੍ਰਵਾਸ (Migration) ਹੈ। ਜਨਸੰਖਿਆ ਦਾ ਕੁਦਰਤੀ ਵਾਧਾ ਘੱਟ ਹੋਣ ਤੇ ਵੀ ਪ੍ਰਵਾਸ ਦੇ ਕਰਕੇ ਕਿਸੇ ਜਗ੍ਹਾ ਦੀ ਵਾਧਾ ਦਰ ਜ਼ਿਆਦਾ ਹੋ ਸਕਦੀ ਹੈ। ਉਦਾਹਰਣ ਦੇ ਲਈ ਦੇਸ਼ ਦੀ ਸ਼ਹਿਰੀ ਜਨਸੱਖਿਆ ਦੇ ਜਨਮ ਅਤੇ ਮੌਤ ਦਰ ਦੋਵੇਂ ਹੀ ਪੇਂਡੂ ਜਨਸੰਖਿਆ ਦੀ ਤੁਲਨਾ ਵਿੱਚ ਕਾਫੀ ਘੱਟ ਹਨ। ਪਰੰਤੂ ਸ਼ਹਿਰੀ ਜਨਸੱਖਿਆ ਵਾਧਾ ਦਰ ਪੇਂਡੂ ਜਨਸੰਖਿਆ ਦੀ ਤੁਲਨਾ ਵਿੱਚ ਲਗਪਗ ਦੋ ਗੁਣਾ ਹੈ। ਇਸਦਾ ਮੁੱਖ ਕਾਰਣ ਪੇਂਡੂ ਖੇਤਰਾਂ ਤੋਂ ਸ਼ਹਿਰਾਂ ਦੇ ਵੱਲ ਵੱਡੇ ਪੱਧਰ ਤੇ ਹੋਣ ਵਾਲਾ ਜਨਸੰਖਿਆ ਦਾ ਪ੍ਰਵਾਸ (Migration) ਹੈ।

**ਸਾਰਣੀ 10.5 : ਭਾਰਤ : : ਜਨਸੰਖਿਆ ਵਾਧਾ, 1901-2011**

| ਦਹਾਕਾ | ਜਨਮ ਦਰ (ਪ੍ਰਤੀ ਹਜ਼ਾਰ) | ਮੌਤ ਦਰ (ਪ੍ਰਤੀ ਹਜ਼ਾਰ) | ਕੁਦਰਤੀ (ਦਹਾਕਾ) ਵਾਧਾ ਦਰ (%) | ਸਾਲਾਨਾ ਵਾਧਾ ਦਰ (%) |
|---|---|---|---|---|
| 1901-11 | 49.2 | 42.6 | 6.6 | 0.6 |
| 1911-21 | 48.1 | 47.2 | 0.9 | 0.09 |
| 1921-31 | 46.4 | 36.3 | 10.1 | 1.01 |
| 1931-41 | 45.2 | 31.2 | 14.0 | 1.40 |
| 1941-51 | 39.7 | 27.4 | 12.5 | 1.25 |
| 1951-61 | 41.7 | 22.8 | 18.9 | 1.89 |
| 1961-71 | 41.2 | 19.0 | 22.2 | 2.22 |
| 1971-81 | 37.2 | 15.0 | 22.2 | 2.22 |
| 1981-91 | 32.7 | 11.7 | 21.0 | 2.14 |
| 1991-2001 | - | - | - | - |
| 2001-2011 | - | - | - | 1.79 |

ਉਪਰੋਕਤ ਸਾਰਣੀ ਨੂੰ ਦੇਖਣ ਤੋਂ ਪਤਾ ਚਲਦਾ ਹੈ ਕਿ ਸਭ ਤੋਂ ਉੱਚੀ ਜਨਮ ਦਰ 1901-11 ਦੇ ਦਹਾਕੇ ਵਿੱਚ ਸੀ। ਉਦੋਂ ਤੋਂ ਲੈ ਕੇ ਇਹ ਜਨਮ ਦਰ ਹੌਲੀ ਹੌਲੀ ਘੱਟਦੀ ਗਈ ਹੈ। ਕਿਤੇ ਕਿਤੇ ਵਿਚਕਾਰ ਵਿੱਚ ਫਿਰ ਤੋਂ ਵੱਧਣ ਦਾ ਸੰਕੇਤ ਵੀ ਮਿਲਦਾ ਹੈ। ਪਿਛਲੇ 40 ਸਾਲਾਂ ਵਿੱਚ (1951 ਤੋਂ 1991) ਵਿੱਚ ਇਹ 1981-91 ਵਿੱਚ ਸੱਭ ਤੋਂ ਘੱਟ 32.7 ਵਿਅਕਤੀ ਪ੍ਰਤੀ ਹਜ਼ਾਰ ਸੀ। ਇਸ ਵਿੱਚ ਕੁੱਲ ਮਿਲਾ ਕੇ ਪਿਛਲੇ 90 ਸਾਲਾਂ ਵਿਚ ਇੱਕ ਤਿਹਾਈ ਦੀ ਘਾਟ ਆਈ ਹੈ। ਇਸ ਤੋਂ ਉੱਲਟ ਮੌਤ ਦਰ ਵਿੱਚ ਘਾਟਾ ਬਹੁਤ ਤੇਜ਼ੀ ਨਾਲ ਹੋਇਆ ਹੈ। ਮੌਤ ਦਰ ਇਹਨਾਂ 9 ਦਹਾਕਿਆਂ ਵਿੱਚ 47.2 ਵਿਅਕਤੀ ਪ੍ਰਤੀ ਹਜ਼ਾਰ ਤੋਂ ਘੱਟ ਕੇ ਕੇਵਲ 11.7 ਵਿਅਕਤੀ ਪ੍ਰਤੀ ਹਜ਼ਾਰ ਰਹਿ ਗਈ ਹੈ। ਇਸ ਤਰ੍ਹਾਂ ਜਿਥੇ ਇੱਕ ਪਾਸੇ ਜਨਮ ਦਰ ਵਿੱਚ ਹੌਲੀ ਹੌਲੀ ਘਾਟ ਆ ਰਹੀ ਹੈ ਉਥੇ ਮੌਤ ਦਰ ਵਿੱਚ ਭਾਰੀ ਗਿਰਾਵਟ ਆਈ ਹੈ। ਹੁਣ ਇਹੀ ਲਗਦਾ ਹੈ ਕਿ ਜੇਕਰ ਸਾਨੂੰ ਆਪਣੀ ਜਨਸੰਖਿਆ ਦੀ ਵਾਧਾ ਦਰ ਨੂੰ ਘੱਟ ਕਰਨਾ ਹੈ ਤਾਂ ਜਨਮ ਦਰ ਘੱਟ ਕਰਨ ਤੇ ਹੀ ਧਿਆਨ ਦੇਣਾ ਪਵੇਗਾ।

ਮੌਤ ਦਰ ਵਿੱਚ ਤੇਜ਼ੀ ਨਾਲ ਗਿਰਾਵਟ ਦਾ ਮੁੱਖ ਕਾਰਣ ਸੰਪੂਰਣ ਵਾਤਾਵਰਣ ਵਿੱਚ ਸੁਧਾਰ ਦੇ ਨਾਲ ਨਾਲ ਸਿਹਤ ਸੇਵਾਵਾਂ ਦੇ ਫੈਲਾਅ ਤੋਂ ਹੈ। ਨਾਲ ਹੀ ਸਿੱਖਿਆ ਦਾ ਫੈਲਾਓ, ਪੁਰਾਣੇ ਰੀਤੀ ਰਿਵਾਜਾਂ ਵਿੱਚ ਬਦਲਾਓ, ਅਤੇ ਲੋਕਾਂ ਵਿੱਚ ਜਾਗਰੂਕਤਾ ਆਉਣਾ ਵੀ ਮੁੱਖ ਕਾਰਣ ਰਹੇ ਹਨ। ਮੌਤ ਦਰ ਹੁਣ ਕਾਫੀ ਹੇਠਲੇ ਪੱਧਰ ਤੇ ਪਹੁੰਚ ਗਈ ਹੈ। ਇਸ ਤੋਂ ਅੱਗੇ ਇਸ ਵਿੱਚ ਹੋਰ ਗਿਰਾਵਟ ਘੱਟ ਅਤੇ ਬਹੁਤ ਹੌਲੀ ਹੋਣ ਦੀ ਸੰਭਾਵਨਾ ਹੈ। ਇਸ ਕਰਕੇ ਜੰਨਸੰਖਿਆ ਦੇ ਵੱਧਣ ਤੇ ਰੋਕ ਲਗਾਉਣ ਲਈ ਸਾਨੂੰ ਜਨਮ ਦਰ ਘੱਟ ਕਰਨ ਤੇ ਜ਼ੋਰ ਦੇਣਾ ਹੋਵੇਗਾ। ਸਮਾਜ ਤੇ ਗਰੀਬ ਵਰਗਾਂ ਵਿੱਚ ਜਿਥੇ ਅੱਜੇ ਵੀ ਮੌਤ ਦਰ ਕਾਫੀ ਉੱਚੀ ਹੈ : ਉਥੇ ਉਸ ਨੂੰ ਘੱਟ ਕਰਨ ਤੇ ਜ਼ੋਰ ਦੇਣਾ ਹੋਵੇਗਾ। ਨਾਲ ਹੀ ਗਰੀਬੀ, ਬੇਰੁਜ਼ਗਾਰੀ, ਇਸਤਰੀ ਅਨਪੜ੍ਹਤਾ ਵਿੱਚ ਕਮੀ ਕਰਕੇ ਲੋਕਾਂ ਨੂੰ ਸਮੱਸਿਆਵਾਂ ਦੇ ਪ੍ਰਤੀ ਜਾਗਰੂਕ ਬਣਾਉਣਾ ਪਵੇਗਾ। ਸਰਕਾਰ ਦਾ ਧਿਆਨ ਹੁਣ ਨਸਬੰਦੀ ਜਿਹੇ ਪ੍ਰੋਗ੍ਰਾਮਾਂ ਤੋਂ ਹੱਟ ਕੇ ਮਾਂ-ਬੱਚਾ ਸਿਹਤ ਸੇਵਾਵਾਂ (Mother-Child Health Care) ਵਿੱਚ ਸੁਧਾਰ, ਇਸਤਰੀ ਸਿੱਖਿਆ, ਇਸਤਰੀ ਅਧਿਕਾਰ


ਭਾਰਤ
ਜਨਸੰਖਿਆ ਵਿੱਚ ਵਾਧਾ
ਅੰਕੜੇ ਪ੍ਰਾਪਤ
ਨਹੀਂ ਹਨ।
ਪ੍ਰਤੀਸ਼ਤ
40
30
20
10
ਭਾਰਤੀ ਔਸਤ 22 ਪ੍ਰਤੀਸ਼ਤ

ਅਤੇ ਜਨ-ਜਾਗਰਣ ਜਿਹੇ ਕੰਮਾਂ ਉੱਤੇ ਹੈ। ਦੋ ਬੱਚਿਆਂ ਦੇ ਪ੍ਰੀਵਾਰ ਨੂੰ ਰਾਸ਼ਟਰੀ ਆਦਰਸ਼ ਮੰਨਿਆ ਗਿਆ ਹੈ। ਸਚਮੁੱਚ ਹੀ ਜੇਕਰ ਸਾਨੂੰ ਵਿਕਾਸ ਦੀ ਗਤੀ ਵਿੱਚ ਤੇਜ਼ੀ ਲਿਆਉਣੀ ਹੈ; ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਲਿਆਉਣਾ ਹੈ ਅਤੇ ਗਰੀਬੀ ਅਤੇ ਬੇਰੁਜ਼ਗਾਰੀ ਉੱਤੇ ਕਾਬੂ ਪਾਉਣਾ ਹੈ ਤਾਂ ਜਨਸੰਖਿਆ ਦੇ ਵਾਧੇ ਤੇ ਰੋਕ ਲਗਾਉਣੀ ਹੀ ਪਵੇਗੀ।

**(ਖ) ਸਿੱਖਿਆ ਅਤੇ ਸਿਹਤ (Education and Health)**

ਸਿੱਖਿਆ ਮਨੁੱਖ ਦੇ ਸੰਪੂਰਨ ਵਿਕਾਸ ਦੇ ਲਈ ਬਹੁਤ ਜ਼ਰੂਰੀ ਹੈ। ਆਜ਼ਾਦੀ ਦੇ ਸਮੇਂ ਦੇਸ਼ ਵਿੱਚ ਕੇਵਲ 14% ਹੀ ਲੋਕ ਪੜ੍ਹੇ-ਲਿਖੇ ਸਨ। ਸਿੱਖਿਆ ਦਾ ਅਰਥ ਘੱਟ ਤੋਂ ਘੱਟ ਨਾਂ ਲਿਖਣ ਅਤੇ ਪੜ੍ਹਨ ਤੱਕ ਹੀ ਸੀਮਤ ਹੈ। ਸਾਲ 2011 ਵਿਚ ਹੋਈ ਲੋਕ ਗਿਣਤੀ ਦੇ ਅਨੁਸਾਰ ਦੇਸ਼ ਵਿੱਚ ਪੜ੍ਹੇ-ਲਿਖੇ ਲੋਕਾਂ ਦੀ ਗਿਣਤੀ 74.04% ਹੈ। ਪਹਿਲਾਂ ਸਾਡੇ ਦੇਸ਼ ਵਿੱਚ ਕੇਵਲ 6 ਕਰੋੜ ਲੋਕ ਹੀ ਪੜ੍ਹੇ-ਲਿਖੇ ਸਨ ਪਰ ਹੁਣ ਇਹਨਾਂ ਦੀ ਸੰਖਿਆ ਵੱਧ ਕੇ 67.37 ਕਰੋੜ ਹੋ ਗਈ ਹੈ ਜਿਸਦਾ ਮਤਲਬ ਪੜ੍ਹੇ-ਲਿਖਿਆਂ ਦੀ ਮਾਤਰਾ ਵਿੱਚ 11 ਗੁਣਾ ਵਾਧਾ ਹੋਇਆ ਹੈ। ਪਰੰਤੂ ਵਿਚਾਰ ਕਰਨ ਵਾਲੀ ਗੱਲ ਇਹ ਹੈ ਕਿ ਇਸੀ ਸਮੇਂ ਦੌਰਾਨ ਅਨਪੜ੍ਹ ਲੋਕਾਂ ਦੀ ਸੰਖਿਆ ਵੀ ਵੱਧੀ ਹੈ। 1951 ਵਿੱਚ ਕੁੱਲ 30 ਕਰੋੜ ਲੋਕ ਅਨਪੜ੍ਹ ਸਨ ਪਰ 50 ਸਾਲ ਬਾਅਦ 2001 ਵਿੱਚ ਅਨਪੜ੍ਹਾਂ ਦੀ ਸੰਖਿਆ ਵੱਧ ਕੇ 35 ਕਰੋੜ ਤੱਕ ਜਾ ਪਹੁੰਚੀ ਹੈ।

ਸਾਡੇ ਦੇਸ਼ ਦੇ ਸੰਵਿਧਾਨ ਵਿੱਚ ਨਿਰਦੇਸ਼ ਸਿਧਾਤਾਂ (Directive Principles) ਦੇ ਅਨੁਸਾਰ 14 ਸਾਲ ਦੀ ਉਮਰ ਦੇ ਸਾਰੇ ਬੱਚਿਆਂ ਨੂੰ ਸਿੱਖਿਆ ਦੇਣੀ ਸਰਕਾਰ ਦੀ ਜ਼ਿੰਮੇਵਾਰੀ ਮੰਨਿਆ ਗਿਆ ਹੈ। ਪਰ ਆਜ਼ਾਦੀ ਦੇ 50 ਸਾਲ ਪੂਰੇ ਹੋਣ ਤੋਂ ਬਾਅਦ ਵੀ ਇਹ ਇੱਕ ਦਿਨ ਦਾ ਸੁਪਨਾ (Daylight Dream) ਬਣ ਕੇ ਰਹਿ ਗਿਆ ਹੈ।

ਇਸ ਮਾਮਲੇ ਵਿੱਚ ਕੁਝ ਸਮੱਸਿਆਵਾਂ ਵੀ ਹਨ। ਦੇਸ਼ ਵਿੱਚ ਦੂਰ ਦੁਰਾਡੇ ਖੇਤਰਾਂ ਵਿੱਚ ਫੈਲੇ ਹੋਏ 51/2 ਲੱਖ ਪਿੰਡਾਂ ਵਿੱਚ ਸਿੱਖਿਆ ਸਹੂਲਤਾਂ ਮੁਹੱਈਆ ਕਰਾਉਣਾ ਵੀ ਇੱਕ ਸਮੱਸਿਆ ਹੈ। ਹਰ ਪਿੰਡ ਵਿੱਚ ਸਕੂਲ ਖੋਲ੍ਹਣਾ, ਅਤੇ ਹਰ ਮਾਂ-ਬਾਪ ਨੂੰ ਆਪਣੇ ਬੱਚੇ ਨੂੰ ਸਕੂਲ ਭੇਜਣ ਲਈ ਰਜ਼ਾਮੰਦ ਕਰਨਾ ਇੱਕ ਬਹੁਤ ਹੀ ਮੁਸ਼ਕਲ ਕੰਮ ਹੈ। ਚਾਹੇ ਦੇਸ਼ ਵਿੱਚ ਹਰੇਕ ਪਿੰਡ ਵਿੱਚ ਸਕੂਲ ਖੋਲ੍ਹਣ ਨੂੰ ਪਹਿਲ ਦਿੱਤੀ ਗਈ ਹੈ। ਹੁਣ ਦੇਸ਼ ਵਿੱਚ 5 ਲੱਖ ਤੋਂ ਵੀ ਵੱਧ ਪ੍ਰਾਇਮਰੀ ਸਕੂਲ ਹਨ। ਸਾਲ 1951 ਵਿੱਚ ਇਹਨਾਂ ਦੀ ਸੰਖਿਆ ਕੇਵਲ ਦੋ ਲੱਖ ਸੀ। ਇਸੇ ਦੌਰਾਨ ਮਿਡਲ ਸਕੂਲਾਂ ਦੀ ਸੰਖਿਆ ਵੀ ਦਸ ਗੁਣਾ ਵੱਧ ਗਈ ਹੈ। ਪਹਿਲਾਂ 15 ਪ੍ਰਾਇਮਰੀ ਸਕੂਲਾਂ ਦੇ ਪਿੱਛੇ ਇੱਕ ਮਿਡਲ ਸਕੂਲ ਸੀ ਹੁਣ ਚਾਰ ਦੇ ਪਿੱਛੇ ਇੱਕ ਹੈ। ਇਸ ਤੋਂ ਬਿਨਾਂ ਕਈ ਰਾਜ ਸਰਕਾਰਾਂ ਨੇ ਚਲਦੇ ਫਿਰਦੇ ਅਤੇ ਰਾਤ ਦੇ ਸਕੂਲਾਂ ਦੇ ਪ੍ਰਬੰਧ ਵੀ ਕੀਤੇ ਹੋਏ ਹਨ। ਲੜਕੀਆਂ ਦੀ ਸਿੱਖਿਆ ਤੇ ਵਿਸ਼ੇਸ਼ ਜ਼ੋਰ ਦੇਣ ਲਈ ਲੜਕੀਆਂ ਲਈ ਹੋਸਟਲ ਆਦਿ ਦਾ ਵੀ ਪ੍ਰਬੰਧ ਵੀ ਕੀਤੇ ਹੋਏ ਹਨ। ਲੜਕੀਆਂ ਦੀ ਸਿੱਖਿਆ ਤੇ ਵਿਸ਼ੇਸ਼ ਜ਼ੋਰ ਦੇਣ ਲਈ ਲੜਕੀਆਂ ਲਈ ਹੋਸਟਲ ਆਦਿ ਦਾ ਵੀ ਪ੍ਰਬੰਧ ਅਤੇ ਆਕਰਸ਼ਨ ਦਿੱਤਾ ਜਾ ਰਿਹਾ ਹੈ। ਪਰੰਤੂ ਕਈ ਰਾਜਾਂ ਵਿੱਚ ਬੱਚਿਆਂ ਦਾ ਵੱਡੀ ਪੱਧਰ ਤੇ ਅੱਧ ਵਿਚਕਾਰ ਹੀ ਸਕੂਲੀ ਸਿੱਖਿਆ ਛੱਡ ਦੇਣਾ ਚਿੰਤਾ ਦੀ ਗੱਲ ਬਣੀ ਹੋਈ ਹੈ। ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਬਿਹਾਰ, ਝਾਰਖੰਡ ਅਤੇ ਰਾਜਸਥਾਨ ਜਿਹੇ ਅਜਿਹੇ ਮੁੱਖ ਰਾਜ ਹਨ। ਇਹਨਾਂ ਪੰਜ ਹੀ ਰਾਜਾਂ ਵਿੱਚ ਪੜ੍ਹੇ-ਲਿਖਿਆਂ ਦੀ ਮਾਤਰਾ ਹੋਰ ਸਾਰੇ ਰਾਜਾਂ ਤੋਂ ਘੱਟ ਹੈ। ਇਸ ਤੋਂ ਉਲਟ ਕੇਰਲ ਦੇਸ਼ ਦਾ ਇੱਕ ਅਜਿਹਾ ਰਾਜ ਹੈ ਜਿਥੇ ਪੜ੍ਹੇ-ਲਿਖਿਆਂ ਦੀ ਦਰ ਨਾ ਕੇਵਲ ਉੱਚੀ ਹੈ ਬਲਕਿ ਸਭ ਤੋਂ ਵੱਧ ਹੈ।

ਅਜੇ ਵੀ ਦੇਸ਼ ਵਿੱਚ 100 ਬੱਚਿਆਂ ਵਿੱਚ ਕੇਵਲ 25 ਬੱਚੇ ਹੀ ਅੱਠਵੀਂ ਜਮਾਤ ਤੱਕ ਪਹੁੰਚਦੇ ਹਨ। ਇਸ ਤਰ੍ਹਾਂ ਦੇਸ਼ ਦੇ ਤਿੰਨ-ਚੌਥਾਈ ਬੱਚੇ ਸਿੱਖਿਆ ਦੇ ਅਸਲੀ ਲਾਭ ਤੋਂ ਵਾਂਝੇ ਰਹਿ ਜਾਂਦੇ ਹਨ। ਉੱਚ ਅਤੇ ਉਦਯੋਗਿਕ ਸਿੱਖਿਆ ਦੀ ਭਾਰੀ ਘਾਟ ਹੈ।

ਸਿਹਤ ਸੇਵਾਵਾਂ ਬਾਰੇ ਦੇਸ਼ ਵਿੱਚੋਂ ਆਜ਼ਾਦੀ ਤੋਂ ਬਾਅਦ ਕਾਫ਼ੀ ਵਿਸਤਾਰ ਹੋਇਆ ਹੈ। ਜੀਵਨ ਸੰਭਾਵਨਾ (Life Expectancy) ਵਿੱਚ ਵੀ ਕਾਫ਼ੀ ਵਾਧਾ ਹੋਇਆ ਹੈ। ਸਿੱਖਿਆ ਦਾ ਫੈਲਾਅ ਤੇ ਵੱਧਦੀ ਜਾਗਰੂਕਤਾ ਦੇ

ਕਾਰਣ ਵੀ ਸਿਹਤ ਸੇਵਾਵਾਂ ਵਿੱਚ ਤਬਦੀਲੀ ਆਈ ਹੈ। ਖਾਦ ਪਦਾਰਥਾਂ ਦੇ ਵਾਧੇ ਨਾਲ ਪ੍ਰਤੀ ਵਿਅਕਤੀ ਖਾਦ ਪਦਾਰਥਾਂ ਦੀ ਵਰਤੋਂ ਵਧੀ ਹੈ। ਪਰੰਤੂ ਖਰੀਦ ਸ਼ਕਤੀ (Purchasing Power) ਦੀ ਘਾਟ ਕਰਕੇ ਦੇਸ਼ ਦੇ ਕਾਫ਼ੀ ਲੋਕਾਂ ਨੂੰ ਦੋ ਸਮੇਂ ਦਾ ਭੋਜਨ ਵੀ ਠੀਕ ਤਰ੍ਹਾਂ ਨਹੀਂ ਮਿਲਦਾ ਹੈ।

ਦੇਸ਼ ਵਿੱਚ ਇਸ ਸਮੇਂ ਇੱਕ ਲੱਖ ਲੋਕਾਂ ਦੇ ਪਿਛੇ ਇੱਕ ਹਸਪਤਾਲ ਅਤੇ 1400 ਲੋਕਾਂ ਦੇ ਪਿਛੇ ਇਕ ਬਿਸਤਰ (Hospital Bed) ਮਿਲਦਾ ਹੈ। ਕੋਈ ਉਤਸ਼ਾਹਜਨਕ ਸਥਿਤੀ ਨਹੀਂ ਹੈ। ਪਿੰਡਾਂ ਅਤੇ ਸ਼ਹਿਰਾਂ ਦੀਆਂ ਝੁੱਗੀ ਝੋਪੜੀਆਂ ਵਿੱਚ ਸ਼ੁਧ ਪੀਣ ਵਾਲੇ ਪਾਣੀ ਦੀ ਘਾਟ ਦੇ ਕਾਰਣ ਅਨੇਕਾਂ ਲੋਕ ਪੀਣ-ਵਾਲੇ ਜਲ ਦੀਆਂ ਬੀਮਾਰੀਆਂ ਤੋਂ ਪੀੜਿਤ ਦਿਖਾਈ ਦਿੰਦੇ ਹਨ। ਸ਼ੁੱਧ ਪਾਣੀ ਪੀਣ ਲਈ ਪ੍ਰਬੰਧ ਕਰਨਾ ਇੱਕ ਰਾਸ਼ਟਰੀ ਮੱਸਿਆ ਹੈ। ਸਰਕਾਰ ਰਾਜੀਵ ਗਾਂਧੀ ਰਾਸ਼ਟਰੀ ਪੀਣ ਵਾਲੇ ਪਾਣੀ ਦੀ ਯੋਜਨਾ ਦੇ ਅਧੀਨ ਇਸ ਸਮੱਸਿਆ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਭਾਵੇਂ ਪਿਛਲੇ ਸਮਿਆਂ ਵਿੱਚ ਹੋਣ ਵਾਲੀਆਂ ਚੇਚਕ, ਹੈਜ਼ਾ ਅਤੇ ਪਲੇਗ ਵਰਗੀਆਂ ਭਿਅੰਕਰ ਮਹਾਂਮਾਰੀਆਂ ਤੇ ਕਾਬੂ ਪਾ ਲਿਆ ਗਿਆ ਹੈ। ਪਰੰਤੂ ਦੇਸ਼ ਦੇ ਕੁਝ ਭਾਗਾਂ ਵਿੱਚ ਮਲੇਰੀਏ ਦਾ ਫਿਰ ਤੋਂ ਉੱਭਰ ਆਉਣਾ ਇੱਕ ਚਿੰਤਾ ਦਾ ਵਿਸ਼ਾ ਬਣ ਗਿਆ ਹੈ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਕਾਫ਼ੀ ਉੱਨਤੀ ਹੋਣ ਦੇ ਬਾਅਦ ਵੀ ਸੱਭ ਨੂੰ ਸੁਚੱਜੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਦਾ ਭਾਰਤ ਸਰਕਾਰ ਦਾ ਟੀਚਾ ਪੂਰਾ ਹੋਣ ਦੀਆਂ ਸੰਭਾਵਨਾਵਾਂ ਘੱਟ ਹੀ ਦਿਖਾਈ ਦਿੰਦੀਆਂ ਹਨ।

ਦੇਸ਼ ਦੀ ਜਨਸੰਖਿਆ ਇਥੇ ਮਿਲਣ ਵਾਲੇ ਸਾਧਨਾਂ ਦੀ ਤੁਲਨਾ ਵਿੱਚ ਨਾ ਕੇਵਲ ਵੱਧ ਹੈ ਬਲਕਿ ਇਸ ਵਿੱਚ ਬਹੁਤ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਲੋਕਾਂ ਨੂੰ ਨਾ ਕੇਵਲ ਭੋਜਨ ਮੁਹੱਈਆ ਕਰਵਾਉਣਾ ਹੀ ਜ਼ਰੂਰੀ ਹੈ ਸਗੋਂ ਲੋਕਾਂ ਦੇ ਜੀਵਨ ਪੱਧਰ ਨੂੰ ਵੀ ਉੱਚਾ ਚੁੱਕਣ ਦੀ ਜ਼ਰੂਰਤ ਹੈ। ਇਸ ਦੇ ਲਈ ਸਿਹਤ, ਸਿੱਖਿਆ, ਸਮਾਜਿਕ ਸੇਵਾਵਾਂ, ਸਮਾਜਿਕ ਸੁਰੱਖਿਆ, ਤਕਨੀਕੀ ਗਿਆਨ ਆਦਿ ਦੇ ਮੁੱਦਿਆਂ ਤੇ ਵੀ ਜ਼ੋਰ ਦੇਣਾ ਹੋਵੇਗਾ।

ਇਸ ਤੋਂ ਬਾਅਦ ਹੀ ਮਨੁੱਖੀ ਸਾਧਨਾਂ ਦੀ ਵਿਸ਼ੇਸ਼ਤਾ ਵਧਾਈ ਜਾ ਸਕੇਗੀ। ਇਹ ਕੀਮਤੀ ਵਿਸ਼ਤਾ ਇੱਕ ਸੰਪੂਰਨ ਨਾਗਰਿਕ ਵਿੱਚ ਹੀ ਮਿਲਦੀ ਹੈ ਜੋ ਕਿਸੇ ਵੀ ਦੇਸ਼ ਦਾ ਸੱਭ ਤੋਂ ਮਹੱਤਵਪੂਰਨ ਸਾਧਨ ਹੈ। ਗੁਣਾਂ ਨਾਲ ਭਰਪੂਰ ਨਾਗਰਿਕਾਂ ਵਿੱਚ ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੀ ਕੁਦਰਤੀ ਸੋਚ ਤੇ ਪ੍ਰਬਲ ਇੱਛਾ ਵੀ ਹੁੰਦੀ ਹੈ। ਇਸ ਨਾਲ ਸਾਡੇ ਸੀਮਿਤ ਸਾਧਨਾਂ ਦੇ ਜ਼ਿਆਦਾ ਤੋਂ ਜ਼ਿਆਦਾ ਪ੍ਰਯੋਗ ਦੀ ਭਾਵਨਾ ਸਮਾਈ ਹੁੰਦੀ ਹੈ। ਇਸ ਲਈ ਸਾਡੇ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਅਸੀਂ ਆਪਣੇ ਵਾਤਾਵਰਨ ਅਤੇ ਸੀਮਿਤ ਸਾਧਨਾਂ ਦੀ ਪੂਰੀ ਸੰਭਾਲ ਕਰੀਏ। ਵਾਤਾਵਰਨ ਅਤੇ ਸਾਧਨਾਂ ਦੇ ਵੱਲ ਸਾਡਾ ਨਜ਼ਰੀਆ ਵਿਗਿਆਨਕ ਹੋਣਾ ਚਾਹੀਦਾ ਹੈ।

## ਅਭਿਆਸ

**I. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ ਜਾਂ ਇਕ ਲਾਈਨ ਵਿੱਚ ਲਿਖੋ :**

1. ਕਿਸੇ ਦੇਸ਼ ਦਾ ਸੱਭ ਤੋਂ ਵਡਮੁੱਲਾ ਸਾਧਨ ਕੀ ਹੈ ?
2. ਆਜ਼ਾਦੀ ਤੋਂ ਪਹਿਲਾਂ ਦੇਸ਼ ਦੀ ਜਨਸੰਖਿਆ ਦੇ ਹੌਲੀ ਹੌਲੀ ਵੱਧਣ ਦੇ ਕੀ ਕਾਰਣ ਸਨ ?
3. ਸਾਲ 1901 ਵਿੱਚ ਭਾਰਤ ਦੀ ਆਬਾਦੀ ਕਿੰਨੀ ਸੀ ?
4. ਸਾਲ 1921 ਤੇ 1951 ਨੂੰ ਜਨ ਸੰਖਿਅਕ ਵੰਡ ਸਾਲ ਕਿਉਂ ਮੰਨਿਆ ਜਾਂਦਾ ਹੈ ?
5. ਸਾਲ 2001 ਵਿੱਚ ਭਾਰਤ ਦੀ ਜਨ ਸੰਖਿਆ ਕਿੰਨੀ ਹੈ ?
6. ਭਾਰਤ ਦਾ ਜਨ ਸੰਖਿਆ ਦੀ ਨਜ਼ਰ ਤੋਂ ਸੰਸਾਰ ਵਿਚ ਕੀ ਸਥਾਨ ਹੈ ?
7. ਭਾਰਤ ਦੇ ਕਿੰਨੇ ਰਾਜਾਂ ਦੀ ਸੰਖਿਆ 5 ਕਰੋੜ ਤੋਂ ਵੱਧ ਹੈ ?

8. ਦੇਸ਼ ਦੇ ਸੱਭ ਤੋਂ ਵੱਧ ਅਤੇ ਸੱਭ ਤੋਂ ਘੱਟ ਜਨ ਸੰਖਿਆ ਵਾਲੇ ਰਾਜਾਂ ਦੇ ਨਾਂ ਲਿਖੋ।

9. ਪੰਜਾਬ ਵਿੱਚ 2001 ਵਿੱਚ ਕਿੰਨੀ ਜਨ ਸੰਖਿਆ ਹੈ ਅਤੇ ਜਨ ਸੰਖਿਆ ਦੀ ਨਜ਼ਰ ਤੋਂ ਪੰਜਾਬ ਦਾ ਦੇਸ਼ ਵਿੱਚ ਕਿਹੜਾ ਸਥਾਨ ਹੈ ?

10. ਪੰਜਾਬ ਵਿੱਚ ਸਾਰੇ ਦੇਸ਼ ਦੀ ਕਿੰਨੇ ਪ੍ਰਤੀਸ਼ਤ ਵਸੋਂ ਰਹਿੰਦੀ ਹੈ ?

11. ਮੈਦਾਨੀ ਭਾਗਾਂ ਵਿੱਚ ਦੇਸ਼ ਦੇ ਕਿੰਨੇ ਪ੍ਰਤੀਸ਼ਤ ਲੋਕ ਰਹਿੰਦੇ ਹਨ ?

12. ਦੇਸ਼ ਦੇ ਪਿੰਡਾਂ ਵਿੱਚ ਕਿੰਨੇ ਪ੍ਰਤੀਸ਼ਤ ਲੋਕ ਰਹਿੰਦੇ ਹਨ ?

13. ਦੇਸ਼ ਵਿੱਚ ਜਨ ਸੰਖਿਆ ਦੀ ਔਸਤ ਘਣਤਾ ਕਿੰਨੀ ਹੈ ?

14. ਦੇਸ਼ ਦੇ ਸੱਭ ਤੋਂ ਵੱਧ ਅਤੇ ਸੱਭ ਤੋਂ ਘੱਟ ਜਨ ਸੰਖਿਆ ਘਣਤਾ ਵਾਲੇ ਰਾਜਾਂ ਦੇ ਨਾਂ ਦੱਸੋ।

15. ਪੰਜਾਬ ਵਿੱਚ ਵਸੋਂ ਦੀ ਘਣਤਾ ਕੀ ਹੈ ?

16. ਕਿਹੜੇ ਕੇਂਦਰ ਸਾਸਤ ਪ੍ਰਦੇਸ਼ ਦੀ ਜਨ ਸੰਖਿਅਕ ਘਣਤਾ ਸੱਭ ਤੋਂ ਵੱਧ ਹੈ ?

17. ਉਮਰ ਬਣਤਰ ਨੂੰ ਨਿਰਧਾਰਿਤ ਕਰਨ ਵਾਲੇ ਤੱਤਾਂ ਦਾ ਨਾਂ ਦੱਸੋ।

18. ਦੇਸ਼ ਵਿੱਚ 0-14 ਸਾਲ ਤੱਕ ਦੇ ਉਮਰ ਵਰਗ ਵਿੱਚ ਕਿੰਨੇ ਪ੍ਰਤੀਸ਼ਤ ਜਨਸੰਖਿਆ ਮਿਲਦੀ ਹੈ ?

19. ਦੇਸ਼ ਵਿੱਚ 15 ਤੋਂ 65 ਸਾਲ ਤੱਕ ਦੇ ਉਮਰ ਵਰਗ ਵਿੱਚ ਕਿੰਨੇ ਪ੍ਰਤੀਸ਼ਤ ਲੋਕ ਰਹਿੰਦੇ ਹਨ ?

20. ਦੇਸ਼ ਦੀ ਜਨ-ਸੰਖਿਆ ਵਿੱਚ ਕਿੰਨੇ ਪ੍ਰਤੀਸ਼ਤ ਵੋਟਰ ਹਨ ?

21. ਲਿੰਗ-ਅਨੁਪਾਤ ਤੋਂ ਤੁਹਾਡਾ ਕੀ ਭਾਵ ਹੈ ?

22. ਸਾਲ 2001 ਵਿੱਚ ਦੇਸ਼ ਦੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਦਾ ਅਲੱਗ-ਅਲੱਗ ਲਿੰਗ ਅਨੁਪਾਤ ਕੀ ਸੀ ?

23. ਦੇਸ਼ ਦੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਲਿੰਗ-ਅਨੁਪਾਤ ਦੇ ਤੇਜ਼ੀ ਨਾਲ ਘੱਟਣ ਦੇ ਕੀ ਕਾਰਣ ਹਨ ?

24. ਦੇਸ਼ ਦੇ ਸਿੱਖ ਫ਼ਿਰਕੇ ਦੇ ਲੋਕਾਂ ਦਾ ਲਿੰਗ-ਅਨੁਪਾਤ ਕੀ ਹੈ ?

25. ਆਰਥਿਕ ਆਧਾਰ ਤੇ ਭਾਰਤ ਦੀ ਜਨ-ਸੰਖਿਆ ਨੂੰ ਕਿਹੜੇ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ?

26. ਦੇਸ਼ ਦੇ ਕਿ ਰਾਜ ਵਿੱਚ ਮੁੱਖ ਕਾਮਿਆਂ ਦੀ ਪ੍ਰਤੀਸ਼ਤ ਮਾਤਰਾ ਸੱਭ ਤੋਂ ਵੱਧ ਹੈ ?

27. ਕੰਮ ਦੇ ਆਧਾਰ ਤੇ ਜਨ ਸੰਖਿਆ ਦਾ ਕਾਮਿਆਂ ਤੇ ਅਕਾਮਿਆਂ ਦੇ ਵਰਗਾਂ ਵਿੱਚ ਵੰਡਣ ਦਾ ਵਿਚਾਰ

28. ਭਾਰਤੀ ਲੋਕ ਗਿਣਤੀ ਵਿੱਚ ਪਹਿਲੀ ਵਾਰ ਕਿਸ ਸਾਲ ਵਿੱਚ ਆਇਆ ?

29. ਪੇਂਡੂ ਖੇਤਰਾਂ ਵਿੱਚ ਮਜ਼ਦੂਰਾਂ ਦੀ ਕਿੰਨੇ ਪ੍ਰਤੀਸ਼ਤ ਮਾਤਰਾ ਹੈ ?

**II. ਹੇਠਾਂ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :—**

1. ਰਾਜਾਂ ਵਿੱਚ ਬਹੁਤ ਜ਼ਿਆਦਾ ਅਸ਼ਮਾਨ ਜਨ ਸੰਖਿਅਕ ਵੰਡ ਨਾਲ ਦੇਸ਼ ਵਿੱਚ ਕਿਹੜੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ ?

2. ਭਾਰਤ ਵਿੱਚ ਜਨ ਸੰਖਿਆ ਦੀ ਵੰਡ ਤੇ ਕਿਹੜੇ ਕਿਹੜੇ ਤੱਤਾਂ ਦਾ ਜ਼ਿਆਦਾ ਪ੍ਰਭਾਵ ਹੈ ?

3. ਜਨ ਸੰਖਿਆ ਦੇ ਆਰਥਿਕ ਢਾਂਚੇ ਦੇ ਅਧਿਐਨ ਦਾ ਕੀ ਮਹੱਤਵ ਹੈ ?

4. ਮੁੱਖ ਮਜ਼ਦੂਰਾਂ ਨੂੰ ਕਿੰਨੀਆਂ ਉਦਯੋਗਿਕ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ। ਉਹਨਾਂ ਦੇ ਨਾਂ ਦੱਸੋ ?
5. ਭਾਰਤ ਵਿੱਚ ਇਸਤਰੀ ਮਜ਼ਦੂਰਾਂ ਦੀ ਪ੍ਰਤੀਸ਼ਤ ਮਾਤਰਾ ਮਰਦ ਮਜ਼ਦੂਰਾਂ ਤੋਂ ਘੱਟ ਕਿਉਂ ਹੈ ?
6. ਭਾਰਤ ਨੂੰ ਪਿੰਡਾਂ ਦਾ ਦੇਸ਼ ਕਿਉਂ ਕਹਿੰਦੇ ਹਨ ?
7. ਦੇਸ਼ ਵਿੱਚ ਬੋਲੀਆਂ ਜਾਣ ਵਾਲੀਆਂ ਮੁੱਖ ਭਾਸ਼ੰਾਵਾਂ ਦੇ ਨਾਂ ਦੱਸੋ।
8. ਭਾਰਤ ਵਿੱਚ ਜਨਸੰਖਿਆ ਦੀ ਖੇਤਰੀ ਵੰਡ ਦੀਆਂ ਮਹੱਤਵਪੂਰਣ ਵਿਸ਼ੇਸ਼ਤਾਵਾਂ ਕੀ ਹਨ ?
9. ਦੇਸ਼ ਦੇ ਵੱਧ ਜਨਸੰਖਿਅਕ ਘਣਤਾ ਵਾਲੇ ਖੇਤਰ ਕਿਹੜੇ ਹਨ ?
10. ਦੇਸ਼ ਦੇ ਮੈਦਾਨੀ ਭਾਗਾਂ ਵਿੱਚ ਵੱਧ ਜਨਸੰਖਿਆ ਦੀ ਘਣਤਾ ਹੋਣ ਦੇ ਕੀ ਕਾਰਣ ਹਨ ?
11. ਦੇਸ਼ ਵਿੱਚ ਘੱਟ ਜਨਸੰਖਿਆ ਵਾਲੇ ਖੇਤਰ ਕਿਹੜੇ ਹਨ ?
12. ਦੇਸ਼ ਦੇ ਚੌਲ ਉਤਪਾਦਿਕ ਖੇਤਰਾਂ ਵਿੱਚ ਜਨਸੰਖਿਆ ਦੀ ਘਣਤਾ ਵੱਧ ਕਿਉਂ ਹੈ ?
13. ਦੇਸ਼ ਦੀ ਜਨਸੰਖਿਆ ਦੀ ਬਣਤਰ ਦਾ ਅਧਿਐਨ ਕਰਨਾ ਕਿਉਂ ਜ਼ਰੂਰੀ ਹੈ ?
14. ਉਮਰ ਬਣਤਰ ਤੇ ਅਧਿਐਨ ਤੋਂ ਕੀ ਲਾਭ ਹੈ ?
15. ਭਾਰਤ ਵਿੱਚ ਲਿੰਗ-ਅਨੁਪਾਤ ਘੱਟ ਹੋਣ ਦੇ ਕੀ ਕਾਰਣ ਹਨ ?
16. ਭਾਰਤ ਵਿੱਚ ਸ਼ਹਿਰੀ ਆਬਾਦੀ ਦੇ ਪਿਛਲੇ ਸਾਲਾਂ ਵਿੱਚ ਤੇਜ਼ੀ ਨਾਲ ਵੱਧਣ ਦੇ ਕੀ ਕਾਰਣ ਹਨ ?

**III. ਹੇਠਾਂ ਲਿਖੇ ਪ੍ਰਸ਼ਨਾਂ ਦੇ ਵਿਸਤ੍ਰਿਤ ਉੱਤਰ ਦਿਓ :—**

1. ਭਾਰਤ ਵਿੱਚ ਜਨਸੰਖਿਆ ਦੀ ਘਣਤਾ ਦੇ ਖੇਤੀ ਰੂਪ ਦਾ ਵਰਣਨ ਕਰੋ।
2. ਭਾਰਤ ਵਿੱਚ ਲਿੰਗ-ਅਨੁਪਾਤ ਦੇ ਰਾਜ ਪੱਧਰ ਦੇ ਰੂਪ ਦਾ ਵਿਸਥਾਰ ਪੂਰਵਕ ਵਰਣਨ ਕਰੋ।
3. ਦੇਸ਼ ਵਿੱਚ ਜਨਸੰਖਿਆ ਦੀ ਵੰਡ ਦੇ ਖੇਤਰੀ ਰੂਪ ਦੀਆਂ ਮੁੱਖ ਵਿਸ਼ੇਸ਼ਤਾਵਾਂ ਸਹਿਤ ਵਿਆਖਿਆ ਕਰੋ।
4. ਵੱਡੇ ਸ਼ਹਿਰਾਂ ਵਿੱਚ ਤੇਜ਼ੀ ਨਾਲ ਆਬਾਦੀ ਵੱਧਣ ਕਰਕੇ ਕਿਹੜੀਆਂ ਸਮੱਸਿਆਵਾਂ ਪੈਦਾ ਹੋ ਗਈਆਂ ਹਨ ?
5. ਭਾਰਤ ਦੀ ਜਨਸੰਖਿਆ ਦੀ ਸੰਸਕ੍ਰਿਤਕ ਬਣਤਰ ਤੇ ਇੱਕ ਨੋਟ ਲਿਖੋ।
6. ਭਾਰਤ ਵਿੱਚ ਜਨਸੰਖਿਆ ਦੇ ਵਾਧੇ ਦੀ ਸਮੱਸਿਆ ਦੇ ਇੱਕ ਲੇਖ ਲਿਖੋ ਅਤੇ ਇਸ ਸਮੱਸਿਆ ਦੇ ਹੱਲ ਬਾਰੇ ਵੀ ਚਾਨਣਾ ਪਾਉ।
7. ਦੇਸ਼ ਵਿੱਚ ਸਿੱਖਿਆ ਦੇ ਫੈਲਾਅ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਦਾ ਆਲੋਚਨਾਤਮਕ ਅਧਿਐਨ ਕਰੋ।

**IV. ਹੇਠਾਂ ਲਿਖਿਆਂ ਨੂੰ ਭਾਰਤ ਦੇ ਨਕਸ਼ੇ ਵਿੱਚ ਦਰਸਾਓ :—**

1. ਵੱਧ ਜਨਸੰਖਿਆ ਦੀ ਘਣਤਾ ਵਾਲੇ ਖੇਤਰ
2. ਵੱਧ ਸਾਖਰਤਾ ਦੀ ਦਰ ਵਾਲੇ ਦੋ ਰਾਜ
3. ਸੱਭ ਤੋਂ ਵੱਧ ਅਤੇ ਸਭ ਤੋਂ ਘੱਟ ਆਬਾਦੀ ਵਾਲੇ ਦੋ ਰਾਜ
4. ਵੱਧ ਜਨ ਸੰਖਿਅਕ ਵਾਧਾ ਦਰ ਵਾਲੇ ਖੇਤਰ।

# ਅਰਥ-ਸ਼ਾਸਤਰ-ਭਾਗ

## ਪਾਠ 1
## ਮੁੱਢਲੀਆਂ ਧਾਰਨਾਵਾਂ
## (Basic Concepts)

ਅਰਥਸ਼ਾਸਤਰ ਵਿੱਚ ਕੁੱਝ ਸ਼ਬਦਾਂ ਦਾ ਪ੍ਰਯੋਗ ਖਾਸ ਅਰਥਾਂ ਵਿੱਚ ਲਿਆ ਜਾਂਦਾ ਹੈ, ਇਨ੍ਹਾਂ ਸ਼ਬਦਾਂ ਨੂੰ ਮੁੱਢਲੀਆਂ ਧਾਰਨਾਵਾਂ ਕਿਹਾ ਜਾਂਦਾ ਹੈ। ਅਰਥਸ਼ਾਸਤਰ ਦੀਆਂ ਕੁੱਝ ਮਹੱਤਵਪਰਣ ਮੁੱਢਲੀਆਂ ਧਾਰਨਾਵਾਂ ਹੇਠ ਲਿਖੀਆਂ ਹਨ :—

**1. ਰਾਸ਼ਟਰੀ ਆਮਦਨ (National Income)**

ਰਾਸ਼ਟਰੀ ਆਮਦਨ ਦਾ ਅਰਥ, ਇੱਕ ਦੇਸ਼ ਦੇ ਨਿਵਾਸੀਆਂ ਨੂੰ ਕਿਸੇ ਖਾਸ ਅਵਧੀ ਦੌਰਾਨ ਉਹਨਾਂ ਦੀਆਂ ਉਤਪਾਦਿਕ ਸੇਵਾਵਾਂ ਦੇ ਬਦਲੇ ਪ੍ਰਾਪਤ ਹੋਣ ਵਾਲੀ ਕੁੱਲ ਆਮਦਨ ਭਾਵ ਮਜ਼ਦੂਰੀ, ਵਿਆਜ, ਲਗਾਨ ਅਤੇ ਲਾਭ ਦੇ ਕੁੱਲ ਜੋੜ ਤੋਂ ਹੈ। ਆਮਦਨ ਇੱਕ ਪ੍ਰਵਾਹ ਹੈ। ਇਸ ਲਈ ਇਸਦਾ ਸੰਬੰਧ ਸਮੇਂ ਦੀ ਇੱਕ ਵਿਸ਼ੇਸ਼ ਅਵਧੀ ਨਾਲ ਹੈ। ਆਮਤੌਰ ਤੇ ਇਹ ਅਵਧੀ ਇੱਕ ਵਰ੍ਹਾ ਮੰਨੀ ਜਾਂਦੀ ਹੈ। ਇਸ ਤਰ੍ਹਾਂ 'ਰਾਸ਼ਟਰੀ ਆਮਦਨ ਇੱਕ ਦੇਸ਼ ਦੇ ਆਮ ਨਿਵਾਸੀਆਂ ਦੀ ਇੱਕ ਵਰ੍ਹੇ ਦੌਰਾਨ ਅਰਜਿਤ ਆਮਦਨ ਹੁੰਦੀ ਹੈ।'

ਰਾਸ਼ਟਰੀ ਉਤਪਾਦ ਰਾਸ਼ਟਰੀ ਆਮਦਨ ਦਾ ਪ੍ਰਤੀਰੂਪ ਹੈ। ਇਸ ਤਰ੍ਹਾਂ ਜਦੋਂ ਅਸੀਂ ਕਿਸੇ ਦੇਸ਼ ਦੀਆਂ ਆਰਥਿਕ ਕਿਰਿਆਵਾਂ ਦੇ ਪ੍ਰਤੀਫਲ ਨੂੰ ਇੱਕ ਵਰ੍ਹੇ ਦੌਰਾਨ ਉਤਪਾਦਿਤ ਅੰਤਿਮ ਵਸਤਾਂ ਅਤੇ ਸੇਵਾਵਾਂ ਦੇ ਜੋੜ ਨੂੰ ਬਾਜ਼ਾਰ ਕੀਮਤਾਂ ਦੇ ਰੂਪ ਵਿੱਚ ਪ੍ਰਗਟ ਕਰਦੇ ਹਾਂ ਤਾਂ ਉਸਨੂੰ ਰਾਸ਼ਟਰੀ ਉਤਪਾਦ ਕਿਹਾ ਜਾਂਦਾ ਹੈ। ਦੂਜੇ ਪਾਸੇ ਜਦੋਂ ਇਸ ਨੂੰ ਇੱਕ ਵਰ੍ਹੇ ਦੌਰਾਨ ਅਰਜਿਤ ਸਾਧਨਾਂ ਦੀ ਆਮਦਨ ਭਾਵ ਮਜ਼ਦੂਰੀ, ਲਗਾਨ, ਵਿਆਜ ਅਤੇ ਲਾਭ ਦੇ ਜੋੜ ਵਿੱਚ ਪ੍ਰਗਟ ਕਰਦੇ ਹਾਂ ਤਾਂ ਇਸਨੂੰ ਰਾਸ਼ਟਰੀ ਆਮਦਨ ਕਿਹਾ ਜਾਂਦਾ ਹੈ।

**1.1 ਪਰਿਭਾਸ਼ਾ (Definition)**

ਡਰਨਬਰਗ ਦੇ ਅਨੁਸਾਰ, "ਰਾਸ਼ਟਰੀ ਆਮਦਨ ਇੱਕ ਦੇਸ਼ ਦੇ ਆਮ ਨਿਵਾਸੀਆਂ ਦੀ ਇੱਕ ਵਰ੍ਹੇ ਦੌਰਾਨ ਮਜ਼ਦੂਰੀ, ਵਿਆਜ, ਲਗਾਨ ਅਤੇ ਲਾਭ ਦੇ ਰੂਪ ਵਿੱਚ ਸ਼ੁੱਧ ਅਰਜਿਤ ਸਾਧਨ ਆਮਦਨ ਹੈ। ਇਹ ਘਰੇਲੂ ਸਾਧਨ ਆਮਦਨ ਅਤੇ ਵਿਦੇਸ਼ਾਂ ਤੋਂ ਅਰਜਿਤ ਸ਼ੁੱਧ ਸਾਧਨ ਆਮਦਨ ਦਾ ਜੋੜ ਹੈ।"

**1.2 ਉਦਾਹਰਣ (Example)**

ਰਾਸ਼ਟਰੀ ਆਮਦਨ ਦਾ ਅਨੁਮਾਨ ਲਗਾਉਂਦੇ ਸਮੇਂ ਵਸਤਾਂ ਅਤੇ ਸੇਵਾਵਾਂ ਨੂੰ ਉਹਨਾਂ ਦੀਆਂ ਕੀਮਤਾਂ ਨਾਲ ਗੁਣਾ ਕੀਤਾ ਜਾਂਦਾ ਹੈ। ਜੇਕਰ ਰਾਸ਼ਟਰੀ ਉਤਪਾਦ ਦੀ ਮਾਤਰਾ ਨੂੰ ਚਾਲੂ ਕੀਮਤਾਂ ਨਾਲ ਗੁਣਾ ਕੀਤਾ ਜਾਂਦਾ ਹੈ ਤਾਂ ਉਸਨੂੰ ਚਾਲੂ ਕੀਮਤਾਂ ਤੇ ਰਾਸ਼ਟਰੀ ਆਮਦਨ ਜਾਂ ਮੌਦਰਿਕ ਆਮਦਨ ਕਿਹਾ ਜਾਂਦਾ ਹੈ। ਇਸਦੇ ਉਲਟ ਜੇਕਰ ਰਾਸ਼ਟਰੀ ਉਤਪਾਦ ਦੀ ਮਾਤਰਾ ਨੂੰ ਕਿਸੇ ਹੋਰ ਵਰ੍ਹੇ (ਜਿਵੇਂ ਆਧਾਰ ਸਾਲ) ਦੀਆਂ ਕੀਮਤਾਂ ਨਾਲ ਗੁਣਾ ਕੀਤਾ ਜਾਵੇ ਤਾਂ ਜੋ ਫਲ ਪ੍ਰਾਪਤ ਹੋਵੇਗਾ ਉਸਨੂੰ ਸਥਿਰ ਕੀਮਤਾਂ ਤੇ ਰਾਸ਼ਟਰੀ ਆਮਦਨ ਜਾਂ ਅਸਲ ਰਾਸ਼ਟਰੀ ਆਮਦਨ (National Income at Constant Prices or Real National Income) ਕਿਹਾ ਜਾਂਦਾ ਹੈ। ਕੀਮਤਾਂ ਵਿੱਚ ਅਕਸਰ ਪਰਿਵਰਤਨ ਹੁੰਦਾ ਰਹਿੰਦਾ ਹੈ, ਜਿਸਦੇ ਸਿੱਟੇ ਵਜੋਂ ਵਸਤੂਆਂ ਅਤੇ ਸੇਵਾਵਾਂ ਦੀ ਮਾਤਰਾ ਵਿੱਚ ਬਿਨਾਂ ਕੋਈ ਪਰਿਵਰਤਨ ਹੋਇਆ ਰਾਸ਼ਟਰੀ ਆਮਦਨ ਵੱਧ ਜਾਂ ਘੱਟ ਹੋ ਸਕਦੀ ਹੈ। ਇੱਕ ਦੇਸ਼ ਦੀ ਅਸਲ ਆਰਥਿਕ ਤਰੱਕੀ ਦਾ ਅਨੁਮਾਨ ਲਗਾਉਣ ਲਈ ਵੱਖ-ਵੱਖ ਵਰ੍ਹਿਆਂ ਦੀ ਰਾਸ਼ਟਰੀ ਆਮਦਨ ਇੱਕ ਖਾਸ ਸਾਲ ਦੀਆਂ ਕੀਮਤਾਂ ਤੇ ਮਾਪੀ ਜਾਣੀ ਚਾਹੀਦੀ ਹੈ।

ਕੀਮਤਾਂ ਸਥਿਰ ਰਹਿਣ ਕਰਕੇ ਅਸਲ ਆਮਦਨ ਵਿੱਚ ਹੋਣ ਵਾਲੇ ਪਰਿਵਰਤਨ ਸਿਰਫ ਵਸਤਾਂ ਅਤੇ ਸੇਵਾਵਾਂ ਵਿੱਚ ਹੋਣ ਵਾਲੇ ਪਰਿਵਰਤਨਾਂ ਕਾਰਣ ਹੀ ਹੋਣਗੇ। ਇੱਕ ਦੇਸ਼ ਦੀ ਰਾਸ਼ਟਰੀ ਆਮਦਨ ਵਿੱਚ ਜਦੋਂ ਘਿਸਾਵਟ ਖਰਚ ਸ਼ਾਮਲ ਰਹਿੰਦਾ ਹੈ ਤਾਂ ਉਸਨੂੰ ਕੁੱਲ ਰਾਸ਼ਟਰੀ ਆਮਦਨ (Gross National Income) ਕਿਹਾ ਜਾਂਦਾ ਹੈ। ਇਸ ਦੇ ਉਲਟ ਜਦੋਂ ਘਿਸਾਵਟ ਖਰਚ (Depreciation) ਨੂੰ ਘਟਾ ਦਿੱਤਾ ਜਾਂਦਾ ਹੈ ਤਾਂ ਉਸਨੂੰ ਸ਼ੁੱਧ ਰਾਸ਼ਟਰੀ ਆਮਦਨ (Net National Income) ਕਿਹਾ ਜਾਂਦਾ ਹੈ। ਰਾਸ਼ਟਰੀ ਆਮਦਨ ਵਿੱਚੋਂ ਜੇਕਰ ਵਿਦੇਸ਼ਾਂ ਤੋਂ ਪ੍ਰਾਪਤ ਸ਼ੁੱਧ ਸਾਧਨ ਆਮਦਨ ਨੂੰ ਘਟਾ ਦਿੱਤਾ ਜਾਵੇ ਤਾਂ ਜੋ ਆਮਦਨ ਬੱਚਦੀ ਹੈ ਉਸਨੂੰ ਘਰੇਲੂ ਆਮਦਨ (Domestic Income) ਕਿਹਾ ਜਾਵੇਗਾ।

ਸ਼ੁੱਧ ਰਾਸ਼ਟਰੀ ਆਮਦਨ = ਕੁੱਲ ਰਾਸ਼ਟਰੀ ਆਮਦਨ – ਘਿਸਾਵਟ ਖਰਚ

(Net National Income = Gross National Income – Depreciation)

## 2. ਪ੍ਰਤੀ ਵਿਅਕਤੀ ਆਮਦਨ (Per Capita Income)

ਪ੍ਰਤੀ ਵਿਅਕਤੀ ਆਮਦਨ ਕਿਸੇ ਦੇਸ਼ ਦੇ ਆਰਥਿਕ ਕਲਿਆਣ ਜਾਂ ਲੋਕਾਂ ਦੇ ਜੀਵਨ ਪੱਧਰ ਸੰਬੰਧੀ ਇੱਕ ਮਹੱਤਵਪੂਰਣ ਧਾਰਨਾ ਹੈ।

### 2.1 ਪਰਿਭਾਸ਼ਾ (Definition)

ਪ੍ਰਤੀ ਵਿਅਕਤੀ ਆਮਦਨ ਤੋਂ ਭਾਵ ਕਿਸੇ ਦੇਸ਼ ਦੇ ਲੋਕਾਂ ਨੂੰ ਇੱਕ ਨਿਸ਼ਚਿਤ ਅਵਧੀ ਵਿੱਚ ਪ੍ਰਾਪਤ ਹੋਣ ਵਾਲੀ ਔਸਤ ਆਮਦਨ ਤੋਂ ਹੈ।

### 2.2 ਉਦਾਹਰਣ (Example)

ਪ੍ਰਤੀ ਵਿਅਕਤੀ ਆਮਦਨ ਇੱਕ ਔਸਤ ਆਮਦਨ ਹੈ। ਇਸ ਤੋਂ ਭਾਵ ਇਹ ਨਹੀਂ ਹੈ ਕਿ ਦੇਸ਼ ਦੇ ਹਰ ਵਿਅਕਤੀ ਦੀ ਆਮਦਨ ਇਸ ਦੇ ਬਰਾਬਰ ਹੈ। ਕੁੱਝ ਵਿਅਕਤੀਆਂ ਦੀ ਆਮਦਨ ਇਸ ਤੋਂ ਵਧੇਰੇ ਵੀ ਹੋ ਸਕਦੀ ਹੈ ਅਤੇ ਕੁੱਝ ਦੀ ਘੱਟ ਵੀ ਹੋ ਸਕਦੀ ਹੈ। ਉਦਾਹਰਣ ਵਜੋਂ 1994-95 ਵਿੱਚ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ 8,237 ਰੁਪਏ ਸੀ ਅਤੇ 2010-11 ਵਿੱਚ ਪੰਜਾਬ ਦੀ 68,998 ਰੁਪਏ ਹੈ। ਪ੍ਰਤੀ ਵਿਅਕਤੀ ਆਮਦਨ ਦਾ ਅਨੁਮਾਨ ਰਾਸ਼ਟਰੀ ਆਮਦਨ ਨੂੰ ਜਨਸੰਖਿਆ ਨਾਲ ਵੰਡ ਕਰਕੇ ਲਗਾਇਆ ਜਾ ਸਕਦਾ ਹੈ, ਭਾਵ—

$$\text{ਪ੍ਰਤੀ ਵਿਅਕਤੀ ਆਮਦਨ} = \frac{\text{ਰਾਸ਼ਟਰੀ ਆਮਦਨ}}{\text{ਜਨਸੰਖਿਆ}}$$

ਚਾਲੂ ਕੀਮਤਾਂ ਤੇ ਪ੍ਰਤੀ ਵਿਅਕਤੀ ਆਮਦਨ ਨੂੰ ਮੌਦਰਿਕ ਪ੍ਰਤੀ ਵਿਅਕਤੀ ਆਮਦਨ ਜਾਂ ਸਥਿਰ ਕੀਮਤਾਂ ਤੇ ਪ੍ਰਤੀ ਵਿਅਕਤੀ ਆਮਦਨ ਨੂੰ ਅਸਲ ਪ੍ਰਤੀ ਵਿਅਕਤੀ ਆਮਦਨ ਕਿਹਾ ਜਾਂਦਾ ਹੈ।

ਇਹ ਜ਼ਰੂਰੀ ਨਹੀਂ ਹੈ ਕਿ ਕਿਸੇ ਦੇਸ਼ ਦੀ ਰਾਸ਼ਟਰੀ ਆਮਦਨ ਵੱਧਣ ਨਾਲ ਉਸ ਦੇਸ਼ ਦੇ ਲੋਕਾਂ ਦਾ ਜੀਵਨ ਪੱਧਰ ਵੀ ਜ਼ਰੂਰੀ ਤੌਰ ਤੇ ਬੇਹਤਰ ਹੋਵੇਗਾ। ਲੋਕਾਂ ਦਾ ਜੀਵਨ ਪੱਧਰ ਪ੍ਰਤੀ ਵਿਅਕਤੀ ਆਮਦਨ ਤੇ ਨਿਰਭਰ ਕਰਦਾ ਹੈ। ਉਦਾਹਰਣ ਵਜੋਂ, ਮੰਨ ਲਓ ਕਿਸੇ ਦੇਸ਼ ਦੀ ਅਸਲ ਰਾਸ਼ਟਰੀ ਆਮਦਨ ਵਿੱਚ 4% ਸਾਲਾਨਾ ਵਾਧਾ ਹੋਇਆ ਹੈ ਅਤੇ ਜਨਸੰਖਿਆ ਵਿੱਚ ਵੀ 4% ਸਾਲਾਨਾ ਵਾਧਾ ਹੋਇਆ ਹੈ ਤਾਂ ਪ੍ਰਤੀ ਵਿਅਕਤੀ ਆਮਦਨ ਵਿੱਚ ਕੋਈ ਵਾਧਾ ਨਹੀਂ ਹੋਵੇਗਾ। ਭਾਵ ਲੋਕਾਂ ਦੇ ਜੀਵਨ ਪੱਧਰ ਜਾਂ ਦੇਸ਼ ਦੇ ਆਰਥਿਕ ਵਿਕਾਸ ਦੀ ਦਰ ਵਿੱਚ ਕੋਈ ਵਾਧਾ ਨਹੀਂ ਹੋਵੇਗਾ। ਇਸ ਲਈ ਦੇਸ਼ ਦੀ ਵਿਕਾਸ ਦਰ ਵਿੱਚ ਵਾਧਾ ਤਾਂ ਹੀ ਹੋਵੇਗਾ ਜਦੋਂ ਪ੍ਰਤੀ ਵਿਅਕਤੀ ਅਸਲ ਆਮਦਨ ਵਿੱਚ ਲਗਾਤਾਰ ਵਾਧਾ ਹੁੰਦਾ ਰਹੇ।

## 3. ਉਪਭੋਗ (Consumption)

ਉਪਭੋਗ ਸ਼ਬਦ ਦਾ ਪ੍ਰਯੋਗ ਦੋ ਅਰਥਾਂ ਵਿੱਚ ਕੀਤਾ ਜਾਂਦਾ ਹੈ। ਇੱਕ ਕਿਰਿਆ ਦੇ ਰੂਪ ਵਿੱਚ ਅਤੇ ਦੂਜੇ ਖਰਚ ਦੇ ਰੂਪ ਵਿੱਚ ਕਿਰਿਆ ਰੂਪ ਵਿੱਚ। ਉਪਭੋਗ ਉਹ ਕਿਰਿਆ ਹੈ ਜਿਸ ਰਾਹੀਂ ਮਨੁੱਖ ਦੀਆਂ ਲੋੜਾਂ ਨੂੰ ਪ੍ਰਤੱਖ ਸੰਤੁਸ਼ਟੀ ਹੁੰਦੀ

ਹੈ, ਜਿਵੇਂ ਪਿਆਸ ਬੁਝਾਉਣ ਲਈ ਪਾਣੀ ਦਾ ਪ੍ਰਯੋਗ ਕਰਨਾ ਅਤੇ ਭੁੱਖ ਮਿਟਾਉਣ ਲਈ ਰੋਟੀ ਦਾ ਪ੍ਰਯੋਗ ਕਰਨਾ ਆਦਿ। ਇਸ ਲਈ ਉਪਭੋਗ ਉਹ ਕਿਰਿਆ ਹੈ। ਜਿਸ ਰਾਹੀਂ ਕੋਈ ਮਨੁੱਖ ਆਪਣੀਆਂ ਲੋੜਾਂ ਦੀ ਸੰਤੁਸ਼ਟੀ ਲਈ ਕਿਸੇ ਵਸਤੂ ਦੀ ਉਪਯੋਗਤਾ ਕਰਦਾ ਹੈ। ਖ਼ਰਚ ਦੇ ਰੂਪ ਵਿੱਚ ਉਪਭੋਗ ਤੋਂ ਭਾਵ ਉਸ ਕੁੱਲ ਖ਼ਰਚ ਤੋਂ ਹੈ ਜੋ ਉਪਭੋਗ ਵਸਤਾਂ ਤੇ ਕੀਤਾ ਜਾਂਦਾ ਹੈ।

ਰਾਸ਼ਟਰੀ ਆਮਦਨ ਵਿੱਚ ਲੋਕ ਆਪਣੀਆਂ ਲੋੜਾਂ ਦੀ ਪ੍ਰਤੱਖ ਸੰਤੁਸ਼ਟੀ ਲਈ ਵਸਤਾਂ ਅਤੇ ਸੇਵਾਵਾਂ ਨੂੰ ਖਰੀਦਣ ਲਈ ਜੋ ਮੁਦਰਾ ਰਾਸ਼ੀ ਖਰਚ ਕਰਦੇ ਹਨ ਉਸਨੂੰ ਉਪਭੋਗ ਜਾਂ ਕੁੱਲ ਉਪਭੋਗ ਖਰਚ ਕਹਿੰਦੇ ਹਨ। ਮੰਨ ਲਓ ਕਿਸੇ ਅਰਥ ਵਿਵਸਥਾ ਦੀ ਕੁੱਲ ਆਮਦਨ 2,000 ਕਰੋੜ ਰੁਪਏ ਹੈ, ਉਸ ਵਿਚੋਂ 1,500 ਰੁਪਏ ਉਪਭੋਗ ਵਸਤਾਂ ਅਤੇ ਸੇਵਾਵਾਂ ਨੂੰ ਖਰੀਦਣ ਲਈ ਖਰਚ ਕੀਤਾ ਜਾਂਦਾ ਹੈ ਤਾਂ ਇਹ ਕਿਹਾ ਜਾਵੇਗਾ ਕਿ ਅਰਥ ਵਿਵਸਥਾ ਦਾ ਕੁੱਲ ਉਪਭੋਗ ਖਰਚ 1,500 ਕਰੋੜ ਰੁਪਏ ਹੈ ਅਤੇ ਬੱਚਤ 500 ਕਰੋੜ ਰੁਪਏ ਹੈ ਕਿਉਂਕਿ—

ਆਮਦਨ = ਉਪਭੋਗ + ਬੱਚਤ ਜਾਂ 2000 = 1500 + 500 ਕਰੋੜ ਰੁਪਏ

ਇਥੇ ਅਸੀਂ ਉਪਭੋਗ ਸ਼ਬਦ ਦਾ ਪ੍ਰਯੋਗ ਕੁੱਲ ਖਰਚੇ ਦੇ ਰੂਪ ਵਿੱਚ ਕਰਦੇ ਹਾਂ।

### 3.1 ਪਰਿਭਾਸ਼ਾ (Definition)

ਉਪਭੋਗ ਤੋਂ ਭਾਵ ਕਿਸੇ ਅਰਥਵਿਵਸਥਾ ਵਿੱਚ ਇੱਕ ਵਰ੍ਹੇ ਦੌਰਾਨ ਉਪਭੋਗ ਉੱਤੇ ਕੀਤੇ ਜਾਣ ਵਾਲੇ ਖਰਚ ਤੋਂ ਲਿਆ ਜਾਂਦਾ ਹੈ।

### 3.2 ਉਦਾਹਰਣ (Example)

ਉਪਭੋਗ ਕਈ ਤੱਤਾਂ ਜਿਵੇਂ ਆਮਦਨ, ਵਸਤੂ ਦੀ ਕੀਮਤ, ਫੈਸ਼ਨ ਆਦਿ ਤੇ ਨਿਰਭਰ ਕਰਦਾ ਹੈ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਉਪਭੋਗ ਕਈ ਤੱਤਾਂ ਦਾ ਫਲਨ ਹੈ, ਭਾਵ ਕਈ ਤੱਤਾਂ ਤੇ ਨਿਰਭਰ ਕਰਦਾ ਹੈ। ਪਰੰਤੂ ਉਪਭੋਗ ਉੱਤੇ ਸਭ ਤੋਂ ਵਧੇਰੇ ਪ੍ਰਭਾਵ ਆਮਦਨ ਦਾ ਪੈਂਦਾ ਹੈ। ਇਸ ਲਈ ਕੇਨਜ਼ (Keynes) ਦਾ ਇਹ ਮੱਤ ਸੀ ਕਿ ਕਿਸੇ ਅਰਥਵਿਵਸਥਾ ਦਾ ਕੁੱਲ ਉਪਭੋਗ ਖਰਚ ਮੁੱਖ ਰੂਪ ਨਾਲ ਆਮਦਨ ਤੇ ਨਿਰਭਰ ਕਰਦਾ ਹੈ। ਇਹ ਕਿਹਾ ਜਾ ਸਕਦਾ ਹੈ ਕਿ ਉਪਭੋਗ ਆਮਦਨ ਦਾ ਫਲਨ ਹੈ ਭਾਵ ਆਮਦਨ ਤੇ ਨਿਰਭਰ ਕਰਦਾ ਹੈ। ਆਮ ਤੌਰ ਤੇ ਆਮਦਨ ਵੱਧਣ ਨਾਲ ਉਪਭੋਗ ਵੱਧਦਾ ਹੈ ਪਰੰਤੂ ਉਪਭੋਗ ਵਿੱਚ ਹੋਣ ਵਾਲਾ ਵਾਧਾ ਆਮਦਨ ਵਿੱਚ ਹੋਣ ਵਾਲੇ ਵਾਧੇ ਨਾਲੋਂ ਘੱਟ ਹੁੰਦਾ ਹੈ। ਆਮਦਨ ਵਿੱਚ ਹੋਣ ਵਾਲੇ ਪਰਿਵਰਤਨ ਦੀ ਤੁਲਨਾ ਵਿੱਚ ਉਪਭੋਗ ਵਿੱਚ ਕਿੰਨਾ ਪਰਿਵਰਤਨ ਹੋਵੇਗਾ ਇਹ ਉਪਭੋਗ ਪ੍ਰਵਿਰਤੀ ਤੇ ਨਿਰਭਰ ਕਰਦਾ ਹੈ। ਉਪਭੋਗ ਪ੍ਰਵਿਰਤੀ ਦੋ ਪ੍ਰਕਾਰ ਦੀ ਹੁੰਦੀ ਹੈ। ਜਿਵੇਂ :—

**(i) ਔਸਤ ਉਪਭੋਗ ਪ੍ਰਵਿਰਤੀ (Average Propensity to Consume)**

ਕੁੱਲ ਖਰਚੇ ਅਤੇ ਕੁੱਲ ਆਮਦਨ ਦੇ ਅਨੁਪਾਤ ਨੂੰ ਔਸਤ ਉਪਭੋਗ ਪ੍ਰਵਿਰਤੀ ਕਿਹਾ ਜਾਂਦਾ ਹੈ। ਇਸ ਤੋਂ ਪਤਾ ਚਲਦਾ ਹੈ ਕਿ ਲੋਕ ਆਪਣੀ ਕੁੱਲ ਆਮਦਨ ਦਾ ਕਿੰਨਾ ਹਿੱਸਾ ਉਪਭੋਗ ਤੇ ਖਰਚ ਕਰਨਗੇ ਅਤੇ ਕਿੰਨਾ ਹਿੱਸਾ ਬਚਾਉਣਗੇ। ਇਸਨੂੰ ਗਿਆਤ ਕਰਨ ਲਈ ਉਪਭੋਗ ਨੂੰ ਆਮਦਨ ਨਾਲ ਵੰਡ ਕਰਕੇ ਪ੍ਰਾਪਤ ਕੀਤਾ ਜਾਂਦਾ ਹੈ ਅਰਥਾਤ :—

$$\text{ਔਸਤ ਉਪਭੋਗ ਪ੍ਰਵਿਰਤੀ} = \frac{\text{ਉਪਭੋਗ}}{\text{ਆਮਦਨ}}$$

ਉਦਾਹਰਣ ਵਜੋਂ, ਜੇਕਰ 100 ਕਰੋੜ ਰੁਪਏ ਦੀ ਕੁੱਲ ਆਮਦਨ ਵਿਚੋਂ 80 ਕਰੋੜ ਰੁਪਏ ਉਪਭੋਗ ਤੇ ਖਰਚ ਕੀਤੇ ਜਾਂਦੇ ਹਨ, ਤਾਂ—

ਔਸਤ ਉਪਭੋਗ ਪ੍ਰਵਿਰਤੀ $= \frac{80}{100} = \frac{8}{10} = 0.8$ ਜਾਂ 80%

ਇਸ ਤੋਂ ਇਹ ਪਤਾ ਚਲਦਾ ਹੈ ਕਿ ਲੋਕ ਆਪਣੀ ਆਮਦਨ ਦਾ 80% ਹਿੱਸਾ ਉਪਭੋਗ ਤੇ ਖਰਚ ਕਰਦੇ ਹਨ ਅਤੇ 20% ਹਿੱਸਾ ਬਚਾਉਂਦੇ ਹਨ।

**(ii) ਸੀਮਾਂਤ ਉਪਭੋਗ ਪ੍ਰਵਿਰਤੀ (Marginal Propensity to Consume)**

ਆਮਦਨ ਵਿੱਚ ਹੋਣ ਵਾਲੇ ਪਰਿਵਰਤਨ ਵਜੋਂ ਉਪਭੋਗ ਵਿੱਚ ਹੋਣ ਵਾਲੇ ਪਰਿਵਰਤਨ ਦੇ, ਅਨੁਪਾਤ ਨੂੰ ਸੀਮਾਂਤ ਉਪਭੋਗ ਪ੍ਰਵਿਰਤੀ ਕਹਿੰਦੇ ਹਨ ਅਰਥਾਤ :—

ਸੀਮਾਂਤ ਉਪਭੋਗ ਪ੍ਰਵਿਰਤੀ $= \frac{\text{ਉਪਭੋਗ ਵਿੱਚ ਪਰਿਵਰਤਨ}}{\text{ਆਮਦਨ ਵਿੱਚ ਪਰਿਵਰਤਨ}}$

ਉਦਾਹਰਣ ਵਜੋਂ, ਜੇਕਰ ਆਮਦਨ 100 ਕਰੋੜ ਤੋਂ ਵੱਧ ਕੇ 200 ਕਰੋੜ ਰੁਪਏ ਹੋ ਜਾਂਦੀ ਹੈ ਤਾਂ ਆਮਦਨ ਵਿੱਚ 100 ਕਰੋੜ ਰੁਪਏ ਦਾ ਪਰਿਵਰਤਨ ਹੋਇਆ। ($\Delta Y = 200$ ਕਰੋੜ ਰੁਪਏ − 100 ਕਰੋੜ ਰੁਪਏ = 100 ਕਰੋੜ ਰੁਪਏ)। ਮੰਨ ਲਓ ਆਮਦਨ ਵਿੱਚ ਪਰਿਵਰਤਨ ਹੋਣ ਦੇ ਕਾਰਣ ਉਪਭੋਗ 80 ਕਰੋੜ ਰੁਪਏ ਤੋਂ ਵੱਧ ਕੇ 120 ਕਰੋੜ ਰੁਪਏ ਹੋ ਜਾਂਦਾ ਹੈ, ਇਸ ਤਰ੍ਹਾਂ ਉਪਭੋਗ ਵਿੱਚ 40 ਕਰੋੜ ਰੁਪਏ ਦਾ ਪਰਿਵਰਤਨ ਹੋਇਆ ($\Delta C = 120$ ਕਰੋੜ ਰੁਪਏ − 80 ਕਰੋੜ ਰੁਪਏ = 40 ਕਰੋੜ ਰੁਪਏ)

ਇਸ ਲਈ ਸੀਮਾਂਤ ਉਪਭੋਗ ਪ੍ਰਵਿਰਤੀ $= \frac{40}{100} = 0.4$ ਜਾਂ 40%

ਇਸ ਤੋਂ ਇਹ ਪਤਾ ਚਲਦਾ ਹੈ ਕਿ ਆਮਦਨ ਦੇ ਵੱਧਣ ਨਾਲ ਲੋਕ ਉਸਦਾ 40% ਹਿੱਸਾ ਖਰਚ ਕਰਨਗੇ ਅਤੇ 60% ਹਿੱਸਾ ਬੱਚਤ ਕਰਨਗੇ। ਸੀਮਾਂਤ ਉਪਭੋਗ ਪ੍ਰਵਿਰਤੀ ਸਿਫ਼ਰ ਤੋਂ ਵਧੇਰੇ ਅਤੇ ਇਕਾਈ ਤੋਂ ਘੱਟ ਹੁੰਦੀ ਹੈ। ਆਮਦਨ ਦੇ ਵਧਣ ਨਾਲ ਲੋਕਾਂ ਦੇ ਖਰਚ ਵਿੱਚ ਵੀ ਵਾਧਾ ਹੁੰਦਾ ਹੈ ਪਰੰਤੂ ਉਨਾਂ ਵਾਧਾ ਨਹੀਂ ਹੁੰਦਾ ਜਿੰਨੀ ਆਮਦਨ ਵੱਧਦੀ ਹੈ, ਭਾਵ ਆਮਦਨ ਵਿੱਚ ਹੋਣ ਵਾਲੇ ਵਾਧੇ ਦੀ ਤੁਲਨਾ ਵਿੱਚ ਉਪਭੋਗ ਵਿੱਚ ਘੱਟ ਵਾਧਾ ਹੁੰਦਾ ਹੈ।

**4. ਬੱਚਤ (Saving)**

ਆਮਦਨ ਵਿੱਚੋਂ ਉਪਭੋਗ ਸੰਬੰਧੀ ਖਰਚ ਨੂੰ ਘਟਾਉਣ ਪਿੱਛੋਂ ਜੋ ਧਨ ਬਾਕੀ ਬਚਦਾ ਹੈ ਉਸਨੂੰ ਬੱਚਤ ਕਿਹਾ ਜਾਂਦਾ ਹੈ। ਬੱਚਤ, ਆਮਦਨ ਅਤੇ ਉਪਭੋਗ ਖਰਚ ਦੇ ਅੰਤਰ ਨੂੰ ਕਹਿੰਦੇ ਹਨ। ਜਿਵੇਂ —

ਬੱਚਤ = ਆਮਦਨ − ਉਪਭੋਗ

**4.1 ਪਰਿਭਾਸ਼ਾ (Definition)**

ਕੇਨਜ਼ (Keynes) ਦੇ ਅਨੁਸਾਰ, "ਵਾਸਤਵ ਵਿੱਚ ਬੱਚਤ ਆਮਦਨ ਦੇ ਖਰਚਿਆਂ ਨਾਲੋਂ ਵਧੇਰੇ ਹੁੰਦੀ ਹੈ।"

ਉਦਾਹਰਣ ਵਜੋਂ, ਜੇਕਰ ਕਿਸੇ ਅਰਥਵਿਵਸਥਾ ਦੀ ਆਮਦਨ 2,000 ਕਰੋੜ ਰੁਪਏ ਹੈ ਅਤੇ ਉਪਭੋਗ ਖਰਚ 1,500 ਕਰੋੜ ਰੁਪਏ ਹੈ ਤਾਂ ਬੱਚਤ 500 ਕਰੋੜ ਰੁਪਏ (2,000 ਕਰੋੜ ਰੁਪਏ − 1,500 ਕਰੋੜ ਰੁਪਏ = 500 ਕਰੋੜ ਰੁਪਏ) ਹੋਵੇਗੀ।

ਉਪਭੋਗ ਦੀ ਤਰ੍ਹਾਂ ਬੱਚਤ ਵੀ ਆਮਦਨ ਦਾ ਫਲਨ ਹੈ। ਭਾਵ ਬੱਚਤ, ਆਮਦਨ ਦੇ ਪੱਧਰ ਤੇ ਨਿਰਭਰ ਕਰਦੀ ਹੈ। ਆਮ ਤੌਰ ਤੇ ਆਮਦਨ ਵੱਧਣ ਨਾਲ ਬੱਚਤ ਵੱਧਦੀ ਹੈ ਅਤੇ ਆਮਦਨ ਦੇ ਘੱਟ ਹੋਣ ਨਾਲ ਘੱਟ ਹੁੰਦੀ ਹੈ। ਆਮਦਨ ਅਤੇ ਬੱਚਤ ਦੇ ਸੰਬੰਧ ਨੂੰ ਬੱਚਤ ਪ੍ਰਵਿਰਤੀ ਰਾਹੀਂ ਦਰਸਾਇਆ ਜਾ ਸਕਦਾ ਹੈ। ਬੱਚਤ ਪ੍ਰਵਿਰਤੀ ਦੋ ਤਰ੍ਹਾਂ ਦੀ ਹੁੰਦੀ ਹੈ— (i) ਔਸਤ ਬੱਚਤ ਪ੍ਰਵਿਰਤੀ ਅਤੇ (ii) ਸੀਮਾਂਤ ਬੱਚਤ ਪ੍ਰਵਿਰਤੀ।

**(i) ਔਸਤ ਬੱਚਤ ਪ੍ਰਵਿਰਤੀ (Average Propensity to Save)**

ਔਸਤ ਬੱਚਤ ਪ੍ਰਵਿਰਤੀ ਇੱਕ ਵਿਸ਼ੇਸ਼ ਆਮਦਨ ਪੱਧਰ ਤੇ ਬੱਚਤ ਅਤੇ ਆਮਦਨ ਦਾ ਅਨੁਪਾਤ ਹੈ।

ਔਸਤ ਬੱਚਤ ਪ੍ਰਵਿਰਤੀ = $\frac{\text{ਬੱਚਤ}}{\text{ਆਮਦਨ}}$

ਉਦਾਹਰਣ ਵਜੋਂ, ਜੇਕਰ ਆਮਦਨ 100 ਕਰੋੜ ਰੁਪਏ ਹੈ ਅਤੇ ਬੱਚਤ 20 ਕਰੋੜ ਰੁਪਏ ਹੈ ਤਾਂ ਔਸਤ ਬੱਚਤ ਪ੍ਰਵਿਰਤੀ $\frac{20}{100} = 0.2$ ਭਾਵ 20% ਹੋਵੇਗੀ।

**(ii) ਸੀਮਾਂਤ ਬੱਚਤ ਪ੍ਰਵਿਰਤੀ (Marginal Propensity of Save)**

ਆਮਦਨ ਵਿੱਚ ਹੋਣ ਵਾਲੇ ਪਰਿਵਰਤਨਾਂ ਕਾਰਣ ਬੱਚਤ ਵਿੱਚ ਹੋਣ ਵਾਲੇ ਪਰਿਵਰਤਨ ਦੇ ਅਨੁਪਾਤ ਨੂੰ ਸੀਮਾਂਤ ਬੱਚਤ ਪ੍ਰਵਿਰਤੀ ਕਹਿੰਦੇ ਹਨ :—

ਸੀਮਾਂਤ ਬੱਚਤ ਪ੍ਰਵਿਰਤੀ = $\frac{\text{ਬੱਚਤ ਵਿੱਚ ਪਰਿਵਰਤਨ}}{\text{ਆਮਦਨ ਵਿੱਚ ਪਰਿਵਰਤਨ}}$

ਉਦਾਹਰਣ ਵਜੋਂ, ਜੇਕਰ ਆਮਦਨ 100 ਕਰੋੜ ਰੁਪਏ ਤੋਂ ਵੱਧ ਕੇ 200 ਕਰੋੜ ਰੁਪਏ ਹੋ ਜਾਂਦੀ ਹੈ ਤਾਂ ਆਮਦਨ ਵਿੱਚ 100 ਕਰੋੜ ਰੁਪਏ ($\Delta Y$ = 200 ਕਰੋੜ ਰੁਪਏ − 100 ਕਰੋੜ ਰੁਪਏ = 100 ਕਰੋੜ ਰੁਪਏ) ਦਾ ਪਰਿਵਰਤਨ ਹੋਇਆ ਹੈ। ਇਸਦੇ ਸਿੱਟੇ ਵਜੋਂ ਜੇਕਰ ਬੱਚਤ 20 ਕਰੋੜ ਤੋਂ ਵੱਧ ਕੇ 80 ਕਰੋੜ ਰੁਪਏ ਹੋ ਜਾਂਦੀ ਹੈ ਤਾਂ ਬੱਚਤ ਵਿੱਚ ($\Delta S$ = 80 ਕਰੋੜ ਰੁਪਏ − 20 ਕਰੋੜ ਰੁਪਏ = 60) 60 ਕਰੋੜ ਰੁਪਏ ਦਾ ਪਰਿਵਰਤਨ ਹੋਇਆ ਹੈ।

ਇਸ ਲਈ ਸੀਮਾਂਤ ਬੱਚਤ ਪ੍ਰਵਿਰਤੀ = $\frac{60}{100} = 0.6$ ਜਾਂ 60%

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ 60% ਆਮਦਨ ਦੀ ਬੱਚਤ ਹੋ ਗਈ ਹੈ।

## 5. ਨਿਵੇਸ਼ (Investment)

ਅਰਥਸ਼ਾਸਤਰ ਵਿੱਚ "ਪੂੰਜੀ ਵਿੱਚ ਹੋਣ ਵਾਲੇ ਵਾਧੇ ਨੂੰ ਨਿਵੇਸ਼ ਕਿਹਾ ਜਾਂਦਾ ਹੈ।" ਇਕ ਵਰ੍ਹੇ ਦੌਰਾਨ ਆਮਦਨ ਦਾ ਜੋ ਭਾਗ ਉਪਭੋਗ ਤੇ ਖਰਚ ਨਹੀਂ ਕੀਤਾ ਜਾਂਦਾ ਬਲਕਿ ਬਚਾ ਕੇ ਪੂੰਜੀ ਨਿਰਮਾਣ ਲਈ ਪ੍ਰਯੋਗ ਕੀਤਾ ਜਾਂਦਾ ਹੈ, ਉਸਨੂੰ ਨਿਵੇਸ਼ ਕਿਹਾ ਜਾਂਦਾ ਹੈ ਭਾਵ ਇੱਕ ਲੇਖਾ ਸਾਲ ਵਿੱਚ ਉਤਪਾਦਨ ਦਾ ਉਪਭੋਗ ਨਾਲੋਂ ਵਧੇਰੇ ਹੋਣਾ ਨਿਵੇਸ਼ ਕਹਿਲਾਉਂਦਾ ਹੈ।

### 5.1 ਉਦਾਹਰਣ (Example)

ਮਸ਼ੀਨਾਂ, ਯੰਤਰ, ਕੱਚਾ-ਮਾਲ, ਰੇਲ, ਸੜਕਾਂ, ਭਵਨ, ਕਾਰਖਾਨੇ, ਆਵਾਜਾਈ ਦੇ ਸਾਧਨਾਂ ਆਦਿ ਨਿਵੇਸ਼ ਦੀਆਂ ਉਦਾਹਰਨਾਂ ਹਨ। ਨਿਵੇਸ਼ ਉਤਪਾਦਨ ਦਾ ਉਹ ਹਿੱਸਾ ਹੈ ਜੋ ਵਸਤਾਂ ਅਤੇ ਸੇਵਾਵਾਂ ਦੇ ਵਧੇਰੇ ਉਤਪਾਦਨ ਲਈ ਪ੍ਰਯੋਗ ਹੁੰਦਾ ਹੈ। ਨਿਵੇਸ਼ ਦਾ ਅਰਥ ਹੈ, "ਅਸਲ ਪੂੰਜੀ ਵਿੱਚ ਵਾਧਾ ਜਿਸ ਰਾਹੀਂ ਆਮਦਨ ਦੀ ਸਿਰਜਨਾ ਹੁੰਦੀ ਹੈ।"

### 5.2 ਪਰਿਭਾਸ਼ਾ (Definition)

ਪ੍ਰੋ: ਹਿੱਕਸ (Prof. Hicks) ਦੇ ਅਨੁਸਾਰ, "ਪੂੰਜੀ ਵਿੱਚ ਹੋਣ ਵਾਲੇ ਵਾਧੇ ਨੂੰ ਨਿਵੇਸ਼ ਕਿਹਾ ਜਾਂਦਾ ਹੈ।"

### 5.3 ਨਿਵੇਸ਼ ਨੂੰ ਨਿਰਧਾਰਿਤ ਕਰਨ ਵਾਲੇ ਤੱਤ (Determinants of Investment)

ਨਿਵੇਸ਼ ਮੁੱਖ ਰੂਪ ਵਿੱਚ ਦੋ ਤੱਤਾਂ ਤੇ ਨਿਰਭਰ ਕਰਦਾ ਹੈ ਇੱਕ ਲਾਭ ਦਾ ਦਰ (Rate of Profit) ਅਤੇ ਦੂਜਾ ਵਿਆਜ ਦੀ ਦਰ (Rate of Interest) ਲਾਭ ਦੀ ਦਰ ਨੂੰ ਪੂੰਜੀ ਦੀ ਸੀਮਾਂਤ ਕੁਸ਼ਲਤਾ (Marginal Efficiency of Capital) ਵੀ ਕਿਹਾ ਜਾਂਦਾ ਹੈ।

ਹਰੇਕ ਉੱਦਮੀ ਨਿਵੇਸ਼ ਕਰਦੇ ਸਮੇਂ ਨਿਵੇਸ਼ ਦੀ ਲਾਭ ਦਰ ਭਾਵ ਨਿਵੇਸ਼ ਦੀ ਸੀਮਾਂਤ ਕੁਸ਼ਲਤਾ (Marginal Efficiency of Capital) ਅਤੇ ਵਿਆਜ ਦੀ ਦਰ (Rate of Interest) ਦੀ ਤੁਲਨਾ ਕਰਦਾ ਹੈ। ਉਹ ਉਸ ਸਮੇਂ ਤੱਕ ਨਿਵੇਸ਼ ਕਰਦਾ ਰਹੇਗਾ, ਜਦੋਂ ਤੱਕ ਲਾਭ ਦੀ ਦਰ ਅਤੇ ਵਿਆਜ ਦੀ ਦਰ ਬਰਾਬਰ ਨਹੀਂ ਹੋ ਜਾਂਦੀਆਂ। ਜੇਕਰ ਅਨੁਮਾਨਿਤ ਲਾਭ, ਵਿਆਜ ਦੀ ਦਰ ਤੋਂ ਵਧੇਰੇ ਹੈ ਤਾਂ ਉੱਦਮੀ ਨਿਵੇਸ਼ ਵਿੱਚ ਵਾਧਾ ਕਰੇਗਾ। ਇਸ ਦੇ ਉਲਟ, ਜੇਕਰ ਵਿਆਜ ਦੀ ਦਰ ਅਨੁਮਾਨਤ ਲਾਭ ਤੋਂ ਵਧੇਰੇ ਪ੍ਰਤੀਤ ਹੁੰਦੀ ਹੈ ਤਾਂ ਨਿਵੇਸ਼ ਕਰਨ ਦੀ ਪ੍ਰੇਰਣਾ ਨਹੀਂ ਹੋਵੇਗੀ।

### 5.4 ਨਿਵੇਸ਼ ਦੇ ਪ੍ਰਕਾਰ (Types of Investment)

ਨਿਵੇਸ਼ ਮੁੱਖ ਰੂਪ ਨਾਲ ਦੋ ਪ੍ਰਕਾਰ ਦਾ ਹੁੰਦਾ ਹੈ :— (i) ਪ੍ਰੇਰਿਤ ਨਿਵੇਸ਼ (ii) ਸਵੈ-ਚਲਤ ਨਿਵੇਸ਼।

**(i) ਪ੍ਰੇਰਿਤ ਨਿਵੇਸ਼** (Induced Investment) :—ਪ੍ਰੇਰਿਤ ਨਿਵੇਸ਼ ਉਹ ਨਿਵੇਸ਼ ਹੈ ਜੋ ਆਮਦਨ ਅਤੇ ਲਾਭ ਦੀ ਮਾਤਰਾ ਤੇ ਨਿਰਭਰ ਕਰਦਾ ਹੈ। ਆਮਦਨ ਅਤੇ ਲਾਭ ਦੇ ਵੱਧਣ ਦੀ ਸੰਭਾਵਨਾ ਨਾਲ ਇਹ ਵੱਧਦਾ ਹੈ ਅਤੇ ਇਸ ਵਿੱਚ ਹੋਣ ਵਾਲੀ ਕਮੀ ਦੀ ਸੰਭਾਵਨਾ ਨਾਲ ਇਹ ਘੱਟ ਜਾਂਦਾ ਹੈ।

**(ii) ਸਵੈ-ਚਲਤ ਨਿਵੇਸ਼** (Autonomous Investment) :—ਸਵੈ-ਚਲਤ ਨਿਵੇਸ਼ ਉਹ ਨਿਵੇਸ਼ ਹੈ ਜੋ ਆਮਦਨ ਦੇ ਪੱਧਰਾਂ ਵਿੱਚ ਹੋਣ ਵਾਲੇ ਪਰਿਵਰਤਨਾਂ ਤੋਂ ਸੁਤੰਤਰ ਹੁੰਦਾ ਹੈ। ਉਸ ਉੱਤੇ ਲਾਭ ਦੀ ਸੰਭਾਵਿਤ ਦਰ ਦਾ ਵੀ ਪ੍ਰਭਾਵ ਨਹੀਂ ਪੈਂਦਾ। ਅਸਲ ਵਿੱਚ, "ਸਵੈ-ਚਲਤ, ਨਿਵੇਸ਼ ਉਹ ਨਿਵੇਸ਼ ਹੈ ਜੋ ਸਰਕਾਰ ਰਾਹੀਂ ਅਰਥਵਿਵਸਥਾ ਵਿੱਚ ਕੁੱਲ ਮੰਗ ਨੂੰ ਵਧਾਉਣ ਲਈ ਕੀਤਾ ਜਾਂਦਾ ਹੈ।" ਜਦੋਂ ਕੁੱਲ ਮੰਗ ਦਾ ਪੱਧਰ ਕੁੱਲ ਪੂਰਤੀ ਦੇ ਪੱਧਰ ਤੋਂ ਘੱਟ ਹੋ ਜਾਂਦਾ ਹੈ (ਸਿੱਟੇ ਵਜੋਂ ਜਦੋਂ ਕੀਮਤ ਪੱਧਰ ਘੱਟ ਜਾਂਦਾ ਹੈ, ਤਾਂ ਲਾਭ ਦੀ ਦਰ ਵੀ ਘੱਟ ਹੋ ਜਾਂਦੀ ਹੈ ਅਤੇ ਬੇਰੁਜ਼ਗਾਰੀ ਵੱਧਦੀ ਹੈ) ਤਾਂ ਸਰਕਾਰ ਆਪਣੇ ਨਿਵੇਸ਼ ਖਰਚਿਆਂ ਰਾਹੀਂ ਕੁੱਲ ਮੰਗ ਪੱਧਰ ਨੂੰ ਵਧਾਉਣ ਦੀ ਕੋਸ਼ਿਸ਼ ਕਰਦੀ ਹੈ। ਇਸ ਲਈ ਸਵੈ-ਚਲਤ ਨਿਵੇਸ਼ ਲਾਭਦਾਇਕਤਾ ਦੀ ਸੰਭਾਵਨਾ ਅਤੇ ਆਮਦਨ ਦੇ ਪੱਧਰ ਤੋਂ ਸੁਤੰਤਰ ਹੁੰਦਾ ਹੈ।

ਇਸ ਤੋਂ ਇਲਾਵਾ ਹੋਰ ਦੋ ਤਰ੍ਹਾਂ ਦੇ ਨਿਵੇਸ਼ ਜਿਵੇਂ ਕੁੱਲ ਨਿਵੇਸ਼ ਅਤੇ ਸ਼ੁੱਧ ਨਿਵੇਸ਼ ਵੀ ਹੁੰਦੇ ਹਨ ਜਿਵੇਂ —

**(iii) ਕੁੱਲ ਨਿਵੇਸ਼** (Gross Investment) :—ਕਿਸੇ ਅਰਥਵਿਵਸਥਾ ਵਿੱਚ ਇੱਕ ਵਰ੍ਹੇ ਦੌਰਾਨ ਪੂੰਜੀਗਤ ਪਦਾਰਥਾਂ ਦੇ ਕੁੱਲ ਉਤਪਾਦਨ ਨੂੰ ਕੁੱਲ ਨਿਵੇਸ਼ ਕਿਹਾ ਜਾਂਦਾ ਹੈ। ਇਸ ਵਿੱਚ ਦੋ ਪ੍ਰਕਾਰ ਦੇ ਨਿਵੇਸ਼ ਸ਼ਾਮਿਲ ਹੁੰਦੇ ਹਨ। ਇੱਕ, ਸ਼ੁੱਧ ਨਿਵੇਸ਼ ਅਤੇ ਦੂਜਾ, ਪ੍ਰਤੀ ਸਥਾਪਨ ਨਿਵੇਸ਼। ਪ੍ਰਤੀ ਸਥਾਪਨ ਨਿਵੇਸ਼ ਉਹ ਨਿਵੇਸ਼ ਹੈ ਜੋ ਪੂੰਜੀ ਦੀ ਘਿਸਾਵਟ ਦੇ ਕਾਰਣ ਨਸ਼ਟ ਹੋ ਜਾਣ ਵਜੋਂ ਉਸਦੇ ਨਵੀਨੀਕਰਣ ਜਾਂ ਪ੍ਰਤੀਸਥਾਪਨ (Modernisation or Replacement) ਦੇ ਲਈ ਕੀਤਾ ਜਾਂਦਾ ਹੈ। ਇਹ ਨਿਵੇਸ਼ ਪੂੰਜੀ ਦੇ ਵਰਤਮਾਨ ਪੱਧਰ ਨੂੰ ਬਣਾਈ ਰੱਖਦਾ ਹੈ। ਅਰਥਾਤ

ਕੁੱਲ ਨਿਵੇਸ਼ = ਸ਼ੁੱਧ ਨਿਵੇਸ਼ + ਪ੍ਰਤੀਸਥਾਪਨ ਨਿਵੇਸ਼

**(iv) ਸ਼ੁੱਧ ਨਿਵੇਸ਼** (Net Investment) :—ਸ਼ੁੱਧ ਨਿਵੇਸ਼ ਉਹ ਨਿਵੇਸ਼ ਹੈ ਜਿਸਦੇ ਸਿੱਟੇ ਵਜੋਂ ਪੂੰਜੀ ਦੇ ਸਟਾਕ ਵਿੱਚ ਵਾਧਾ ਹੁੰਦਾ ਹੈ। ਕੁੱਲ ਨਿਵੇਸ਼ ਵਿਚੋਂ ਘਿਸਾਵਟ ਖਰਚ ਜਾਂ ਪ੍ਰਤੀਸਥਾਪਨ ਨਿਵੇਸ਼ ਨੂੰ ਘਟਾ ਕੇ ਸ਼ੁੱਧ ਨਿਵੇਸ਼ ਗਿਆਤ ਕੀਤਾ ਜਾ ਸਕਦਾ ਹੈ। ਭਾਵ :

ਸ਼ੁੱਧ ਨਿਵੇਸ਼ = ਕੁੱਲ ਨਿਵੇਸ਼ – ਘਿਸਾਵਟ ਖਰਚੇ

ਵਾਸਤਵ ਵਿੱਚ ਸ਼ੁੱਧ ਨਿਵੇਸ਼ ਦੇ ਸਿੱਟੇ ਵਜੋਂ ਹੀ ਪੂੰਜੀ ਨਿਰਮਾਣ ਹੁੰਦਾ ਹੈ।

## 6. ਪੂੰਜੀ ਨਿਰਮਾਣ (Capital Formation)

ਅਰਥਸ਼ਾਸਤਰ ਵਿੱਚ ਆਮਦਨ ਦੇ ਉਸ ਭਾਗ ਨੂੰ ਪੂੰਜੀ ਕਹਿੰਦੇ ਹਨ ਜਿਸਦੇ ਰਾਹੀਂ ਪਹਿਲਾਂ ਨਾਲੋਂ ਵਧਰੇ ਉਤਪਾਦਨ ਕੀਤਾ ਜਾ ਸਕਦਾ ਹੈ। ਆਮਦਨ ਦੇ ਜਿਸ ਭਾਗ ਨੂੰ ਉਪਭੋਗ ਉੱਤੇ ਖਰਚ ਨਹੀਂ ਕੀਤਾ ਜਾਂਦਾ ਉਸਨੂੰ

ਬੱਚਤ ਕਿਹਾ ਜਾਂਦਾ ਹੈ। ਜੇਕਰ ਅਸੀਂ ਆਪਣੀ ਬੱਚਤ ਨੂੰ ਪੂੰਜੀਗਤ ਪਦਾਰਥਾਂ (Capital Goods) ਜਿਵੇਂ ਮਸ਼ੀਨਾਂ, ਯੰਤਰ, ਕਾਰਖ਼ਾਨੇ, ਕੱਚੇ ਜਾਂ ਤਿਆਰ ਮਾਲ ਦੇ ਸਟਾਕ ਆਦਿ ਦੀ ਮਾਤਰਾ ਵਿੱਚ ਵਾਧਾ ਕਰਨ ਉੱਤੇ ਖਰਚ ਕਰ ਦਿੰਦੇ ਹਾਂ ਤਾਂ ਇਸਨੂੰ ਨਿਵੇਸ਼ ਕਿਹਾ ਜਾਂਦਾ ਹੈ। ਨਿਵੇਸ਼ ਦੇ ਫਲਸਰੂਪ ਪੂੰਜੀਗਤ ਪਦਾਰਥਾਂ ਦਾ ਨਿਰਮਾਣ ਹੁੰਦਾ ਹੈ। ਪੂੰਜੀ ਵਿੱਚ ਹੋਣ ਵਾਲੇ ਵਾਧੇ ਨੂੰ ਪੂੰਜੀ ਨਿਰਮਾਣ ਕਿਹਾ ਜਾਂਦਾ ਹੈ।

**ਅਰਥ (Meaning) :** ਅੱਜਕੱਲ੍ਹ ਪੂੰਜੀ ਨਿਰਮਾਣ ਸ਼ਬਦ ਦਾ ਪ੍ਰਯੋਗ ਦੋ ਅਰਥਾਂ ਵਿੱਚ ਕੀਤਾ ਜਾਂਦਾ ਹੈ :—

**(i) ਪੂੰਜੀ ਨਿਰਮਾਣ ਦਾ ਸੀਮਤ ਅਰਥ** (Limited Meaning of Capital Formation) :—ਪੂੰਜੀ ਨਿਰਮਾਣ ਦੇ ਸੀਮਤ ਅਰਥ ਅਨੁਸਾਰ ਕੇਵਲ ਭੌਤਿਕ ਪੂੰਜੀ ਜਿਵੇਂ ਮਸ਼ੀਨਾਂ, ਇਮਾਰਤਾਂ, ਫੈਕਟਰੀਆਂ, ਕੱਚਾ-ਮਾਲ ਆਦਿ ਦੇ ਸਟਾਕ ਵਿੱਚ ਹੋਣ ਵਾਲੇ ਵਾਧੇ ਨੂੰ ਪੂੰਜੀ ਨਿਰਮਾਣ ਕਿਹਾ ਜਾਂਦਾ ਹੈ।

**(ii) ਪੂੰਜੀ ਨਿਰਮਾਣ ਦਾ ਵਿਸਤ੍ਰਿਤ ਅਰਥ** (Broader Meaning of Capital Formation) :—ਇਸ ਧਾਰਨਾ ਦੇ ਅਨੁਸਾਰ ਕੇਵਲ ਭੌਤਿਕ ਪੂੰਜੀ ਦੇ ਸਟਾਕ ਵਿੱਚ ਹੋਣ ਵਾਲੇ ਵਾਧੇ ਨੂੰ ਹੀ ਪੂੰਜੀ ਨਹੀਂ ਕਹਿੰਦੇ, ਬਲਕਿ ਸਮਾਜਿਕ ਉੱਪਰੀ ਲਾਗਤ (Social overhead cost) ਜਿਵੇਂ ਸੜਕਾਂ, ਪੁਲ, ਰੇਲਾਂ, ਨਹਿਰਾਂ ਆਦਿ ਦਾ ਨਿਰਮਾਣ ਜਾਂ ਮਨੁੱਖੀ ਯੋਗਤਾਵਾਂ ਵਿੱਚ ਵਾਧੇ ਨੂੰ ਵੀ ਪੂੰਜੀ ਨਿਰਮਾਣ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ। ਅੰਤ ਵਿੱਚ ਪੂੰਜੀ ਨਿਰਮਾਣ ਦੇ ਅਰਥ ਹਨ ਭੌਤਿਕ ਅਤੇ ਮਨੁੱਖੀ ਪੂੰਜੀ ਦੇ ਸਟਾਕ ਵਿੱਚ ਵਾਧਾ।

### 6.1 ਪਰਿਭਾਸ਼ਾ (Definition)

ਟੋਡਾਰੋ (Todaro) ਦੇ ਅਨੁਸਾਰ, "ਪੂੰਜੀ ਨਿਰਮਾਣ ਉਸ ਸਮੇਂ ਹੁੰਦਾ ਹੈ ਜਦੋਂ ਵਰਤਮਾਨ ਆਮਦਨ ਦਾ ਕੁੱਝ ਹਿੱਸਾ ਬਚਾਇਆ ਜਾਂਦਾ ਹੈ ਅਤੇ ਉਸਨੂੰ ਭਵਿੱਖ ਵਿੱਚ ਆਮਦਨ ਅਤੇ ਉਤਪਾਦਨ ਨੂੰ ਵਧਾਉਣ ਲਈ ਨਿਵੇਸ਼ ਕੀਤਾ ਜਾਂਦਾ ਹੈ। ਜਿਵੇਂ ਨਵੀਆਂ ਫੈਕਟਰੀਆਂ, ਮਸ਼ੀਨਾਂ, ਔਜ਼ਾਰਾਂ ਤੇ ਕੱਚਾ ਮਾਲ ਆਦਿ ਕਿਸੇ ਰਾਸ਼ਟਰ ਦੀ ਭੌਤਿਕ ਪੂੰਜੀ ਨੂੰ ਵਧਾਉਂਦੇ ਹਨ। ਇਸੇ ਤਰ੍ਹਾਂ ਹੀ ਮਨੁੱਖੀ ਸਾਧਨਾਂ ਵਿੱਚ ਕੀਤਾ ਗਿਆ ਨਿਵੇਸ਼ ਉਹਨਾਂ ਦੀ ਕਾਰਜਕੁਸ਼ਲਤਾ ਵਿੱਚ ਵਾਧਾ ਕਰ ਸਕਦਾ ਹੈ।"

### 6.2 ਪੂੰਜੀ ਨਿਰਮਾਣ ਦੇ ਪ੍ਰਕਾਰ (Types of Capital Formation)

ਪੂੰਜੀ ਨਿਰਮਾਣ ਦੋ ਪ੍ਰਕਾਰ ਦਾ ਹੋ ਸਕਦਾ ਹੈ : (i) ਕੁੱਲ ਪੂੰਜੀ ਨਿਰਮਾਣ ਅਤੇ (ii) ਸ਼ੁੱਧ ਪੂੰਜੀ ਨਿਰਮਾਣ।

(i) ਕੁੱਲ ਪੂੰਜੀ ਨਿਰਮਾਣ ਤੋਂ ਅਰਥ ਕੁੱਲ ਨਿਵੇਸ਼ ਤੋਂ ਹੈ। ਇਸਦੇ ਅੰਤਰਗਤ ਘਿਸਾਈ ਦੇ ਲਈ ਕੀਤਾ ਗਿਆ ਨਿਵੇਸ਼ ਅਤੇ ਸ਼ੁੱਧ ਨਿਵੇਸ਼ ਦੋਵੇਂ ਸ਼ਾਮਿਲ ਹੁੰਦੇ ਹਨ। (ii) ਇਸਦੇ ਉਲਟ ਸ਼ੁੱਧ ਪੂੰਜੀ ਨਿਰਮਾਣ ਤੋਂ ਅਰਥ ਸ਼ੁੱਧ ਨਿਵੇਸ਼ ਵਿੱਚ ਕੀਤੇ ਜਾਣ ਵਾਲੇ ਵਾਧੇ ਤੋਂ ਹੈ। ਸ਼ੁੱਧ ਨਿਵੇਸ਼ ਕੱਢਣ ਲਈ ਘਿਸਾਵਟ ਆਦਿ ਨੂੰ ਕੁੱਲ ਨਿਵੇਸ਼ ਵਿੱਚੋਂ ਘਟਾਇਆ ਜਾਂਦਾ ਹੈ। ਅਸਲ ਵਿੱਚ ਪੂੰਜੀ ਨਿਰਮਾਣ ਦਾ ਅਰਥ ਸ਼ੁੱਧ ਨਿਵੇਸ਼ ਵਿੱਚ ਵਾਧਾ ਹੈ।

## 7. ਛੁਪੀ ਹੋਈ ਬੇਰੁਜ਼ਗਾਰੀ (Disguised Unemployment)

ਸੰਸਾਰ ਦੇ ਕਈ ਅਲਪਵਿਕਸਿਤ ਦੇਸ਼ਾਂ ਵਿੱਚ ਜਨਸੰਖਿਆ ਵਧੇਰੇ ਹੁੰਦੀ ਹੈ ਪਰੰਤੂ ਰੁਜ਼ਗਾਰ ਦੇ ਮੌਕੇ ਘੱਟ ਹੁੰਦੇ ਹਨ। ਇਸ ਲਈ ਇਹਨਾਂ ਦੇਸ਼ਾਂ ਦੇ ਜ਼ਿਆਦਾਤਰ ਲੋਕ ਬੇਰੁਜ਼ਗਾਰ ਰਹਿ ਜਾਂਦੇ ਹਨ। ਇਹਨਾਂ ਦੇਸ਼ਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਇਹੀ ਇੱਕ ਕਿੱਤਾ ਹੈ ਜਿਸ ਉਪਰ ਨਿਰਭਰ ਲੋਕਾਂ ਨੂੰ ਥੋੜ੍ਹਾ ਜਿੰਨਾ ਕੰਮ ਮਿਲ ਜਾਂਦਾ ਹੈ। ਇਸੇ ਕਾਰਣ ਹੀ ਇੱਕ ਪਰਿਵਾਰ ਦੇ ਸਾਰੇ ਲੋਕ ਰੋਜ਼ਗਾਰ ਦੇ ਹੋਰ ਮੌਕੇ ਨਾ ਹੋਣ ਕਾਰਣ ਵੀ ਖੇਤੀ ਦੇ ਕੰਮ ਵਿੱਚ ਹੀ ਲੱਗੇ ਰਹਿੰਦੇ ਹਨ। ਇਸਦਾ ਨਤੀਜਾ ਇਹ ਹੁੰਦਾ ਹੈ ਕਿ ਜੋ ਕੰਮ ਸਿਰਫ਼ ਕੁੱਝ ਲੋਕਾਂ ਦੁਆਰਾ ਹੋ ਸਕਦਾ ਹੈ ਉਸ ਨੂੰ ਵਧੇਰੇ ਲੋਕ ਕਰਦੇ ਹਨ। ਇਸ ਤਰ੍ਹਾਂ ਬੇਰੁਜ਼ਗਾਰੀ ਇਸ ਢੰਗ ਨਾਲ ਛੁਪ ਜਾਂਦੀ ਹੈ।

### 7.1 ਪਰਿਭਾਸ਼ਾ (Definition)

ਜਦੋਂ ਕਿਸੇ ਕੰਮ ਉੱਤੇ ਜਿੰਨੇ ਕਿਰਤੀਆਂ ਦੀ ਅਸਲ ਵਿੱਚ ਲੋੜ ਹੁੰਦੀ ਹੈ ਜੇਕਰ ਉਸ ਤੋਂ ਵਧੇਰੇ ਕਿਰਤੀ ਲੱਗੇ ਹੋਏ ਹਨ ਤਾਂ ਵੱਧ ਕਿਰਤੀਆਂ ਦੀ ਬੇਰੁਜ਼ਗਾਰੀ ਨੂੰ ਛੁਪੀ ਹੋਈ ਬੇਰੁਜ਼ਗਾਰੀ ਕਿਹਾ ਜਾਂਦਾ ਹੈ। ਅਜਿਹੀ ਹਾਲਤ ਵਿੱਚ ਜਿੰਨੇ ਵਿਅਕਤੀ ਕੰਮ ਤੇ ਲੱਗੇ ਹੋਏ ਹੁੰਦੇ ਹਨ ਉਸ ਤੋਂ ਘੱਟ ਵਿਅਕਤੀਆਂ ਦੀ ਲੋੜ ਹੁੰਦੀ ਹੈ ਭਾਵ ਕੁੱਝ ਵਿਅਕਤੀ ਫਾਲਤੂ ਕੰਮ ਤੇ ਲੱਗੇ ਹੁੰਦੇ ਹਨ।

### 7.2 ਉਦਾਹਰਣ (Example)

ਅਲਪ-ਵਿਕਸਤ ਦੇਸ਼ਾਂ ਵਿੱਚ ਵਧੇਰੇ ਲੋਕ ਉਦਯੋਗ ਅਤੇ ਦੂਜੇ ਖੇਤਰਾਂ ਵਿੱਚ ਰੁਜ਼ਗਾਰ ਦੀ ਘਾਟ ਕਾਰਣ ਆਪਣੇ ਪਰਿਵਾਰ ਦੇ ਖੇਤਾਂ ਵਿੱਚ ਹੀ ਕੰਮ ਕਰਦੇ ਰਹਿੰਦੇ ਹਨ। ਜੇਕਰ ਇਹਨਾਂ ਵਿੱਚੋਂ ਕੁਝ ਲੋਕਾਂ ਨੂੰ ਕੰਮ ਤੋਂ ਹਟਾ ਵੀ ਲਿਆ ਜਾਵੇ ਤਾਂ ਉਤਪਾਦਨ ਵਿੱਚ ਅੰਤਰ ਨਹੀਂ ਆਉਂਦਾ। ਇਸ ਲਈ ਉਹ ਲੋਕ ਵੇਖਣ ਵਿੱਚ ਤਾਂ ਰੁਜ਼ਗਾਰ ਵਿੱਚ ਲੱਗੇ ਹੋਏ ਨਜ਼ਰ ਆਉਂਦੇ ਹਨ, ਪਰੰਤੂ ਉਹਨਾਂ ਦੀ ਬੇਰੁਜ਼ਗਾਰੀ ਛੁਪੀ ਹੋਈ ਹੁੰਦੀ ਹੈ। ਇਸ ਨੂੰ ਇੱਕ ਉਦਾਹਰਨ ਰਾਹੀਂ ਸਪੱਸ਼ਟ ਕੀਤਾ ਜਾ ਸਕਦਾ ਹੈ। ਮੰਨ ਲਓ, ਇੱਕ ਪਰਿਵਾਰ ਕੋਲ 4 ਏਕੜ ਦਾ ਖੇਤ ਹੈ। ਖੇਤੀ ਕਰਨ ਦੇ ਵਰਤਮਾਨ ਢੰਗ ਨਾਲ ਜੇਕਰ 4 ਆਦਮੀ ਹੀ ਉਸ ਖੇਤ ਤੇ ਕੰਮ ਕਰ ਰਹੇ ਹਨ ਤਾਂ ਉਹ ਚੰਗੇ ਢੰਗ ਨਾਲ ਖੇਤੀ ਕਰ ਸਕਣਗੇ। ਪਰੰਤੂ ਜੇਕਰ ਉਸ ਪਰਿਵਾਰ ਵਿੱਚ 8 ਵਿਅਕਤੀ ਹਨ ਅਤੇ ਹੋਰ ਕਿਤੇ ਰੁਜ਼ਗਾਰ ਨਾ ਮਿਲਣ ਕਾਰਣ ਸਾਰੇ ਖੇਤੀ ਹੀ ਕਰਨ ਲੱਗ ਪੈਣ ਤਾਂ ਇਹ ਕਿਹਾ ਜਾਵੇਗਾ ਕਿ ਇਹਨਾਂ ਵਿਚੋਂ ਚਾਰ ਵਿਅਕਤੀ ਅਸਲ ਰੂਪ ਵਿੱਚ ਬੇਰੁਜ਼ਗਾਰ ਹਨ। ਪਰੰਤੂ ਇਨ੍ਹਾਂ ਵਿਚੋਂ ਕੋਈ ਵੀ ਵਿਅਕਤੀ ਆਪਣੇ ਆਪ ਨੂੰ ਬੇਰੁਜ਼ਗਾਰ ਮਨਜ਼ੂਰ ਨਹੀਂ ਕਰੇਗਾ, ਕਿਉਂਕਿ ਸਾਰੇ ਹੀ ਵਿਅਕਤੀ ਕੁਝ ਨਾ ਕੁਝ ਕੰਮ ਤਾਂ ਕਰਦੇ ਹੀ ਹਨ। ਅਸਲੀਅਤ ਵਿੱਚ ਉਹ ਦੂਜਿਆਂ ਦੇ ਕੰਮ ਦਾ ਕੁੱਝ ਹਿੱਸਾ ਹੀ ਕਰ ਰਹੇ ਹੁੰਦੇ ਹਨ। ਜੇਕਰ ਇਹਨਾਂ ਚਾਰ ਵਿਅਕਤੀਆਂ ਨੂੰ ਕੰਮ ਤੋਂ ਹਟਾ ਵੀ ਲਿਆ ਜਾਵੇ ਤਾਂ ਵੀ ਕੁੱਲ ਉਤਪਾਦਨ ਵਿੱਚ ਕੋਈ ਅੰਤਰ ਨਹੀਂ ਆਉਂਦਾ। ਇਸ ਲਈ ਇਹਨਾਂ ਦੀ ਬੇਰੁਜ਼ਗਾਰੀ ਨੂੰ ਛੁਪੀ ਹੋਈ ਬੇਰੁਜ਼ਗਾਰੀ ਜਾਂ ਅਣ-ਡਿੱਠੀ ਬੇਰੁਜ਼ਗਾਰੀ (Disguised Unemployment) ਕਿਹਾ ਜਾਂਦਾ ਹੈ।

## 8. ਪੂਰਨ ਰੁਜ਼ਗਾਰ (Full Employment)

ਆਮਤੌਰ ਤੇ ਪੂਰਨ ਰੋਜ਼ਗਾਰ ਸ਼ਬਦ ਤੋਂ ਭਾਵ ਉਸ ਹਾਲਤ ਤੋਂ ਹੁੰਦਾ ਹੈ ਜਿਸ ਵਿੱਚ ਕੋਈ ਵੀ ਮਨੁੱਖ ਬੇਰੁਜ਼ਗਾਰ ਨਹੀਂ ਹੁੰਦਾ। ਪਰ ਅਸਲ ਵਿੱਚ ਇਹ ਧਾਰਨਾ ਉੱਚਿਤ ਨਹੀਂ ਹੈ। ਪੂਰਨ ਰੁਜ਼ਗਾਰ ਦੀ ਹਾਲਤ ਵਿੱਚ ਵੀ ਕਈ ਕਿਸਮਾਂ ਦੀਆਂ ਬੇਰੁਜ਼ਗਾਰੀਆਂ ਪਾਈਆਂ ਜਾਂਦੀਆਂ ਹਨ। ਅਰਥਸ਼ਾਸਤਰੀ ਪੂਰਨ ਰੁਜ਼ਗਾਰ ਸ਼ਬਦ ਦੀ ਵਰਤੋਂ ਇੱਕ ਅਜਿਹੀ ਹਾਲਤ ਲਈ ਕਰਦੇ ਹਨ ਜਿਸ ਵਿੱਚ ਆਮ ਤੌਰ ਤੇ ਉਹਨਾਂ ਸਾਰੇ ਵਿਅਕਤੀਆਂ ਨੂੰ ਰੁਜ਼ਗਾਰ ਮਿਲ ਜਾਂਦਾ ਹੈ ਜੋ ਮਜ਼ਦੂਰੀ ਦੀ ਵਰਤਮਾਨ ਦਰ ਤੇ ਕੰਮ ਕਰਨ ਲਈ ਤਿਆਰ ਹੁੰਦੇ ਹਨ।

### 8.1 ਪਰਿਭਾਸ਼ਾ (Definition)

ਪ੍ਰੋ. ਲਰਨਰ (Prof. Lerner) ਦੇ ਸ਼ਬਦਾਂ ਵਿੱਚ "ਪੂਰਨ ਰੁਜ਼ਗਾਰ ਉਹ ਹਾਲਤ ਹੈ ਜਿਸ ਵਿੱਚ ਉਹ ਸਾਰੇ ਲੋਕ ਜੋ ਮਜ਼ਦੂਰੀ ਦੀਆਂ ਵਰਤਮਾਨ ਦਰਾਂ ਤੇ ਕੰਮ ਕਰਨ ਦੇ ਇੱਛੁਕ ਹੋਣ ਅਤੇ ਉਨ੍ਹਾਂ ਨੂੰ ਬਿਨਾਂ ਕਿਸੇ ਔਕੜ ਦੇ ਕੰਮ ਮਿਲ ਜਾਵੇ।"

ਪ੍ਰੋ: ਹੈਨਸਨ (Prof. Hansen) ਦੇ ਸ਼ਬਦਾਂ ਵਿੱਚ, "ਪੂਰਨ ਰੋਜ਼ਗਾਰ ਤੋਂ ਭਾਵ ਅਣ-ਇੱਛੁਕ ਬੇਰੁਜ਼ਗਾਰੀ ਦੀ ਅਣਹੋਂਦ ਹੋਣਾ ਹੈ।" ਅਣ-ਇੱਛੁਕ ਬੇਰੁਜ਼ਗਾਰੀ (Involuntary Unemployment) ਉਹ ਹਾਲਤ ਹੈ ਜਿਸ ਵਿੱਚ ਕਿਰਤੀ ਮਜ਼ਦੂਰੀ ਦੀ ਵਰਤਮਾਨ ਦਰ ਤੇ ਕੰਮ ਕਰਨ ਲਈ ਤਿਆਰ ਹੋਣ, ਪਰ ਉਹਨਾਂ ਨੂੰ ਕੰਮ ਨਾ ਮਿਲੇ। ਪਰੰਪਰਾਵਾਦੀ ਅਰਥਸ਼ਾਸਤਰੀ ਇਹ ਮੰਨਦੇ ਹਨ ਕਿ ਅਜਿਹੀ ਹਾਲਤ ਆਮ ਤੌਰ ਤੇ ਸੰਭਵ ਨਹੀਂ ਹੁੰਦੀ। ਪਰ ਉਹ ਇਹ ਵੀ ਮੰਨਦੇ ਹਨ ਕਿ ਜੇਕਰ ਅਰਥਵਿਵਸਥਾ ਵਿੱਚ ਅਣ-ਇੱਛੁਕ ਬੇਰੁਜ਼ਗਾਰੀ (Involuntary Unemployment) ਆ ਜਾਵੇ ਅਤੇ ਹੋਰਨਾਂ ਕਿਸਮਾਂ ਦੀਆਂ ਬੇਰੁਜ਼ਗਾਰੀਆਂ ਪਾਈਆਂ ਜਾਣ ਤਾਂ ਵੀ ਅਜਿਹੀ ਹਾਲਤ ਨੂੰ ਪੂਰਨ ਰੋਜ਼ਗਾਰ ਕਿਹਾ ਜਾਵੇਗਾ।

**8.2 ਪੂਰਨ ਰੁਜ਼ਗਾਰ ਦੀ ਸਥਿਤੀ ਵਿੱਚ ਵੱਖ-ਵੱਖ ਬੇਰੁਜ਼ਗਾਰੀਆਂ (Different Types of Unemployment Under Full Employment Situation)**

ਪਰੰਪਰਾਵਾਦੀ ਅਰਥਸ਼ਾਸਤਰੀਆਂ ਅਨੁਸਾਰ ਕਿਸੇ ਅਰਥਵਿਵਸਥਾ ਵਿੱਚ ਪੂਰਨ ਰੁਜ਼ਗਾਰ ਦੀ ਹਾਲਤ ਵਿੱਚ ਹੇਠ ਲਿਖੀਆਂ ਕਿਸਮਾਂ ਦੀਆਂ ਬੇਰੁਜ਼ਗਾਰੀਆਂ ਪਾਈਆਂ ਜਾ ਸਕਦੀਆਂ ਹਨ :—

(i) **ਇੱਛੁਕ ਬੇਰੁਜ਼ਗਾਰੀ** (Voluntary Unemployment) :—ਜਦੋਂ ਕਿਰਤੀ ਮਜ਼ਦੂਰੀ ਦੀ ਵਰਤਮਾਨ ਦਰ ਤੇ ਕੰਮ ਕਰਨ ਲਈ ਤਿਆਰ ਨਾ ਹੋਣ ਜਾਂ ਕੰਮ ਹੋਣ ਦੇ ਬਾਵਜੂਦ ਵੀ ਉਹ ਆਪਣੀ ਸਵੈ-ਇੱਛਾ ਨਾਲ ਕੰਮ ਨਾ ਕਰਨਾ ਚਾਹੁੰਦੇ ਹੋਣ, ਤਾਂ ਅਜਿਹੀ ਬੇਰੁਜ਼ਗਾਰੀ ਇੱਛੁਕ ਬੇਰੁਜ਼ਗਾਰੀ ਅਖਵਾਏਗੀ।

(ii) **ਸੰਘਰਸ਼ਾਤਮਿਕ ਬੇਰੁਜ਼ਗਾਰੀ** (Frictional Unemployment) :—ਇਹ ਬੇਰੁਜ਼ਗਾਰੀ ਕੱਚੇ ਮਾਲ ਦੀ ਘਾਟ, ਮਜ਼ਦੂਰਾਂ ਦੀ ਗਤੀਹੀਨਤਾ, ਵਿਸ਼ੇਸ਼ ਕਿਸਮਾਂ ਦੇ ਰੁਜ਼ਗਾਰ ਸੰਬੰਧੀ ਮੌਕਿਆਂ ਦੀ ਘਾਟ ਹੋਣ ਕਾਰਣ ਜਾਂ ਮਸ਼ੀਨਾਂ ਦੀ ਟੁੱਟ-ਭੱਜ ਹੋਣ ਕਾਰਣ ਪਾਈ ਜਾਂਦੀ ਹੈ।

(iii) **ਮੌਸਮੀ ਬੇਰੁਜ਼ਗਾਰੀ** (Seasonal Unemployment) :—ਇਹ ਬੇਰੁਜ਼ਗਾਰੀ ਮੌਸਮ, ਫੈਸ਼ਨ ਅਤੇ ਰੁਚੀ ਸੰਬੰਧੀ, ਪਰਿਵਰਤਨਾਂ ਕਾਰਣ ਪੈਦਾ ਹੁੰਦੀ ਹੈ। ਜਿਵੇਂ ਬਰਫ ਦੇ ਕਾਰਖ਼ਾਨੇ ਸਰਦੀਆਂ ਵਿੱਚ ਬੰਦ ਕਰ ਦਿੱਤੇ ਜਾਂਦੇ ਹਨ।

(iv) **ਸੰਰਚਨਾਤਮਕ ਬੇਰੁਜ਼ਗਾਰੀ** (Structural Unemployment) :—ਇਹ ਬੇਰੁਜ਼ਗਾਰੀ ਅਰਥਵਿਵਸਥਾ ਵਿੱਚ ਹੋਣ ਵਾਲੇ ਸੰਰਚਨਾਤਮਕ ਪਰਿਵਰਤਨਾਂ ਦੇ ਕਾਰਣ ਪੈਦਾ ਹੁੰਦੀ ਹੈ, ਜਿਵੇਂ ਦੇਸ਼ ਦੇ ਨਿਰਯਾਤ ਵਪਾਰ ਵਿੱਚ ਹੋਣ ਵਾਲੇ ਪਰਿਵਰਤਨ ਆਦਿ।

(v) **ਤਕਨੀਕੀ ਬੇਰੁਜ਼ਗਾਰੀ** (Technical Unemployment) :—ਇਹ ਬੇਰੁਜ਼ਗਾਰੀ ਉਤਪਾਦਨ ਦੀਆਂ ਤਕਨੀਕਾਂ ਵਿੱਚ ਹੋਣ ਵਾਲੇ ਪਰਿਵਰਤਨਾਂ ਦੇ ਕਾਰਣ ਪੈਦਾ ਹੁੰਦੀ ਹੈ। ਜਿਵੇਂ ਮਜ਼ਦੂਰਾਂ ਨੂੰ ਨਵੀਆਂ ਮਸ਼ੀਨਾਂ ਨੂੰ ਚਲਾਉਣਾ ਨਹੀਂ ਆਉਂਦਾ ਆਦਿ।

ਉਪਰਲੀਆਂ ਬੇਰੁਜ਼ਗਾਰੀਆਂ ਦੇ ਹੁੰਦਿਆਂ ਹੋਇਆ ਵੀ ਜੇਕਰ ਅਰਥਵਿਵਸਥਾ ਵਿੱਚ ਅਣ-ਇੱਛੁਕ ਬੇਰੁਜ਼ਗਾਰੀ ਨਹੀਂ ਹੈ ਤਾਂ ਅਜਿਹੀ ਸਥਿਤੀ ਨੂੰ ਪੂਰਨ ਰੋਜ਼ਗਾਰ ਦੀ ਹਾਲਤ ਹੀ ਕਿਹਾ ਜਾਵੇਗਾ।

**9. ਮੁਦਰਾ ਸਫੀਤੀ (Inflation)**

ਸ਼ਬਦ ਕੋਸ਼ ਦੇ ਅਨੁਸਾਰ, ਅੰਗ੍ਰੇਜ਼ੀ ਭਾਸ਼ਾ ਦੇ 'Inflation' ਸ਼ਬਦ ਦਾ ਅਰਥ ਹੈ "ਫੈਲਾਵ ਜਾ ਵਾਧਾ"। ਜਦੋਂ ਫੁਟਬਾਲ ਦੇ ਬਲੈਡਰ ਵਿੱਚ ਹਵਾ ਭਰੀ ਜਾਂਦੀ ਹੈ ਤਾਂ ਉਸ ਵਿੱਚ ਫੈਲਾਵ ਆ ਜਾਂਦਾ ਹੈ। ਇਸੇ ਤਰ੍ਹਾਂ ਹੀ ਕੀਮਤ ਪੱਧਰ ਦੇ ਸੰਬੰਧ ਵਿੱਚ 'ਇਨਫਲੇਸ਼ਨ' ਦਾ ਅਰਥ ਹੈ ਕੀਮਤਾਂ ਵਿੱਚ ਹੋਣ ਵਾਲਾ ਲਗਾਤਾਰ ਵਾਧਾ। ਅਰਥਸ਼ਾਸਤਰ ਵਿੱਚ ਕੀਮਤ ਪੱਧਰ ਵਿੱਚ ਹੋਣ ਵਾਲੇ ਲਗਾਤਾਰ ਵਾਧੇ ਨੂੰ ਮੁਦਰਾ ਸਫੀਤੀ (Inflation) ਕਿਹਾ ਜਾਂਦਾ ਹੈ।

**9.1 ਪਰਿਭਾਸ਼ਾਵਾਂ (Definitions)**

(i) ਸ਼ੇਪੀਰੋ (Shapiro) ਦੇ ਅਨੁਸਾਰ, "ਮੁਦਰਾ ਸਫੀਤੀ ਸਾਧਾਰਣ ਕੀਮਤ ਪੱਧਰ ਵਿੱਚ ਹੋਣ ਵਾਲਾ ਨਿਰੰਤਰ ਅਤੇ ਬਹੁਤ ਜ਼ਿਆਦਾ ਵਾਧਾ ਹੈ।"

(ii) ਪ੍ਰੋ: ਪੀਟਰਸਨ (Prof. Peterson) ਦੇ ਅਨੁਸਾਰ, "ਵਿਸਤ੍ਰਿਤ ਅਰਥਾਂ ਵਿੱਚ ਮੁਦਰਾ ਸਫੀਤੀ ਤੋਂ ਭਾਵ ਸਾਧਾਰਣ ਕੀਮਤ ਪੱਧਰ ਵਿੱਚ ਹੋਣ ਵਾਲੇ ਸਥਾਈ ਅਤੇ ਨਿਰੰਤਰ ਵਾਧੇ ਤੋਂ ਹੈ।"

**9.2 ਉਦਾਹਰਨ (Example)**

ਭਾਰਤ ਵਿੱਚ ਪਹਿਲੀ ਪੰਜ ਸਾਲਾ ਯੋਜਨਾ ਦੇ ਅੰਤ (1956) ਤੋਂ ਹੀ ਕੀਮਤ ਪੱਧਰ ਲਗਾਤਾਰ ਵੱਧਦਾ ਜਾ ਰਿਹਾ ਹੈ। ਉਦਾਹਰਣ ਵਜੋਂ, 1956 ਵਿੱਚ ਪੈਟਰੋਲ ਇੱਕ ਰੁਪਏ ਪ੍ਰਤੀ ਲੀਟਰ ਸੀ ਜੋ 1997 ਵਿੱਚ ਵੱਧਕੇ 23 ਰੁਪਏ ਪ੍ਰਤੀ ਲੀਟਰ ਅਤੇ 2012 ਵਿਚ ਲਗਭਗ 69 ਰੁਪਏ ਪ੍ਰਤੀ ਲੀਟਰ ਹੋ ਗਿਆ। ਸੋਨੇ ਦੀ ਕੀਮਤ 1956 ਵਿੱਚ 100 ਰੁਪਏ

ਪ੍ਰਤੀ 10 ਗ੍ਰਾਮ ਸੀ। ਜਿਹੜੀ 2012 ਵਿੱਚ ਵਧਕੇ ਲਗਭਗ 33,000 ਰੁਪਏ ਪ੍ਰਤੀ 10 ਗ੍ਰਾਮ ਹੋ ਗਈ। ਸਾਲ 2011 ਵਿੱਚ ਮੁਦਰਾ ਸਫੀਤੀ ਦੀ ਦਰ 9 ਪ੍ਰਤੀਸ਼ਤ ਸੀ ਅਤੇ ਜਨਵਰੀ 2012 ਵਿੱਚ ਇਹ 6.6 ਪ੍ਰਤੀਸ਼ਤ ਸੀ।

ਮੁਦਰਾ ਸਫੀਤੀ ਨੂੰ ਕੀਮਤ ਸੂਚਕ ਰਾਹੀਂ ਵੀ ਦਿਖਾਇਆ ਜਾ ਸਕਦਾ ਹੈ। ਕੀਮਤ ਸੂਚਕ ਉਹ ਸੰਖਿਆ ਹੈ ਜਿਸ ਰਾਹੀਂ ਇਹ ਪਤਾ ਲਗਦਾ ਹੈ ਕਿ ਕਿਸੇ ਖਾਸ ਵਰ੍ਹੇ (ਜਿਸ ਨੂੰ ਆਧਾਰ ਸਾਲ ਕਿਹਾ ਜਾਂਦਾ ਹੈ) ਦੀ ਤੁਲਨਾ ਵਿੱਚ ਚਾਲੂ ਸਾਲ ਦੀਆਂ ਔਸਤ ਕੀਮਤਾਂ ਵਿੱਚ ਕਿੰਨੇ ਪ੍ਰਤੀਸ਼ਤ ਪਰਿਵਰਤਨ ਹੋਇਆ ਹੈ।

ਮੁਦਰਾ ਸਫੀਤੀ ਦੇ ਕਈ ਕਾਰਨ ਹੋ ਸਕਦੇ ਹਨ, ਪਰੰਤੂ ਇਸਦਾ ਮੁੱਖ ਕਾਰਣ ਵਸਤੂਆਂ ਦੀ ਮੰਗ ਦਾ ਵਸਤੂਆਂ ਦੀ ਪੂਰਤੀ ਦੇ ਮੁਕਾਬਲੇ ਵਧੇਰੇ ਹੋਣਾ ਹੈ। ਜਦੋਂ ਮੰਗ ਪੂਰਤੀ ਨਾਲੋਂ ਵਧੇਰੇ ਹੋ ਜਾਂਦੀ ਹੈ ਤਾਂ ਕੀਮਤਾਂ ਵੱਧਣ ਲਗਦੀਆਂ ਹਨ ਅਤੇ ਮੁਦਰਾ ਸਫੀਤੀ ਪੈਦਾ ਹੋ ਜਾਂਦੀ ਹੈ।

## 10. ਮੁਦਰਾ ਦੀ ਪੂਰਤੀ (Supply of Money)

ਆਮ ਤੌਰ ਤੇ ਮੁਦਰਾ ਪੂਰਤੀ ਤੋਂ ਭਾਵ ਜਨਤਾ ਕੋਲ ਕਰੰਸੀ ਅਤੇ ਬੈਂਕਾਂ ਦੀ ਜਮਾਂ ਰਾਸ਼ੀ ਤੋਂ ਲਿਆ ਜਾਂਦਾ ਹੈ।

### 10.1 ਪਰਿਭਾਸ਼ਾ (Definition)

ਮੁਦਰਾ ਦੀ ਪੂਰਤੀ ਦੀਆਂ ਕੁੱਝ ਪਰਿਭਾਸ਼ਾਵਾਂ ਹੇਠਾਂ ਦਿੱਤੀਆਂ ਗਈਆਂ ਹਨ :—

(i) ਐਮ. ਆਰ. ਏਜਮੰਡ ਦੇ ਅਨੁਸਾਰ, "ਮੁਦਰਾ ਦੀ ਪੂਰਤੀ ਤੋਂ ਭਾਵ ਗੈਰ-ਬੈਂਕਿੰਗ ਜਨਤਾ ਕੋਲ ਪਾਈ ਜਾਣ ਵਾਲੀ ਕਰੰਸੀ ਅਤੇ ਮੰਗ ਜਮ੍ਹਾਂ ਹੈ।"

(ii) ਰਿਜਰਵ ਬੈਂਕ ਨੇ ਮੁਦਰਾ ਦੀ ਪੂਰਤੀ ਦੀਆਂ ਹੇਠਾਂ ਲਿਖੀਆਂ ਧਾਰਨਾਵਾਂ ਦਿੱਤੀਆਂ ਹਨ :—

1. $M_1$ = ਜਨਤਾ ਕੋਲ ਕਰੰਸੀ + ਬੈਂਕਾਂ ਦੀ ਮੰਗ ਜਮ੍ਹਾਂ + ਰਿਜਰਵ ਬੈਂਕ ਕੋਲ ਹੋਰ ਜਮ੍ਹਾਂ
2. $M_2$ = ਜਨਤਾ ਕੋਲ ਕਰੰਸੀ + ਬੈਂਕਾਂ ਦੀ ਮੰਗ ਜਮ੍ਹਾਂ + ਰਿਜ਼ਰਵ ਬੈਂਕ ਕੋਲ ਹੋਰ ਜਮ੍ਹਾਂ + ਡਾਕਖਾਨਿਆਂ ਦੇ ਬੱਚਤ ਬੈਂਕਾਂ ਵਿੱਚ ਜਮ੍ਹਾਂ
3. $M_3$ = ਜਨਤਾ ਕੋਲ ਕਰੰਸੀ + ਬੈਂਕਾਂ ਦੀ ਮੰਗ ਜਮ੍ਹਾਂ + ਰਿਜ਼ਰਵ ਬੈਂਕ ਕੋਲ ਹੋਰ ਜਮ੍ਹਾਂ + ਬੈਂਕਾਂ ਦੀ ਮਿਆਦੀ ਜਮ੍ਹਾਂ (Time Deposits)
4. $M_4$ = ਜਨਤਾ ਕੋਲ ਕਰੰਸੀ + ਬੈਂਕਾਂ ਦੀ ਮੰਗ ਜਮ੍ਹਾਂ + ਰਿਜ਼ਰਵ ਬੈਂਕ ਕੋਲ ਹੋਰ ਜਮ੍ਹਾਂ + ਬੈਂਕਾਂ ਦੀ ਮਿਆਦੀ ਜਮ੍ਹਾਂ + ਡਾਕਖ਼ਾਨਿਆਂ ਦੀ ਕੁੱਲ ਜਮ੍ਹਾਂ

### 10.2 ਭਾਰਤ ਵਿੱਚ ਮੁਦਰਾ ਦੀ ਪੂਰਤੀ (Supply of Money in India)

ਭਾਰਤ ਵਿੱਚ ਮੁਦਰਾ ਪੂਰਤੀ ਵਿੱਚ ਹੇਠਾਂ ਲਿਖੇ ਤੱਤ ਸ਼ਾਮਿਲ ਕੀਤੇ ਜਾਂਦੇ ਹਨ :—

1. ਜਨਤਾ ਕੋਲ ਕਰੰਸੀ ਨੋਟ ਅਤੇ ਸਿੱਕੇ (ਸਰਕਾਰੀ ਖਜ਼ਾਨੇ ਵਿੱਚ ਜਮਾਂ ਰਾਸ਼ੀ, ਬੈਂਕਾਂ ਅਤੇ ਰਾਜ ਸਹਿਕਾਰੀ ਬੈਂਕਾਂ ਦੀ ਕਰੰਸੀ ਨੂੰ ਕੱਢਕੇ)
2. ਬੈਂਕਾਂ ਅਤੇ ਰਾਜ ਸਰਕਾਰੀ ਬੈਂਕਾਂ ਦੀ ਮੰਗ ਜਮਾਂ (ਅੰਤਰ ਬੈਂਕ ਮੰਗ ਜਮ੍ਹਾਂ ਨੂੰ ਕੱਢਕੇ)
3. ਰਿਜ਼ਰਵ ਬੈਂਕ ਦੇ ਹੋਰਨਾਂ ਜਮ੍ਹਾਂ ਖਾਤਿਆਂ ਦੀ ਰਾਸ਼ੀ (ਅੰਤਰ-ਰਾਸ਼ਟਰੀ ਮੁਦਰਾ ਕੋਸ਼ ਦੇ ਖਾਤਾ ਸੰਖਿਆ ਵਿੱਚ ਜਮ੍ਹਾਂ ਰਾਸ਼ੀ ਨੂੰ ਛੱਡਕੇ)

### 10.3 ਮੁਦਰਾ ਦੀ ਪੂਰਤੀ ਦੇ ਅੰਸ਼ (Elements of Supply of Money)

ਮੁਦਰਾ ਦੀ ਪੂਰਤੀ ਦੇ ਦੋ ਮੁੱਖ ਅੰਸ਼ ਹੇਠਾਂ ਲਿਖੇ ਹਨ :—

**1. ਕਰੰਸੀ (Currency) :—** ਕਰੰਸੀ ਵਿੱਚ ਉਹਨਾਂ ਨੋਟਾਂ ਅਤੇ ਸਿੱਕਿਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਜੋ ਪ੍ਰਚਲਨ ਵਿੱਚ ਹਨ। ਭਾਰਤ ਵਿੱਚ ਸਿੱਕੇ ਭਾਰਤ ਸਰਕਾਰ ਰਾਹੀਂ ਜਾਰੀ ਕੀਤੇ ਜਾਂਦੇ ਹਨ। ਭਾਰਤ ਵਿੱਚ ਹੁਣ 10 ਰੁਪਏ, 5 ਰੁਪਏ, 2 ਰੁਪਏ, 1 ਰੁਪਏ, 50 ਪੈਸੇ ਅਤੇ 25 ਪੈਸੇ, ਦੇ ਸਿੱਕੇ ਚਲ ਰਹੇ ਹਨ। ਸਾਡੇ ਦੇਸ਼ ਵਿੱਚ ਇੱਕ ਰੁਪਏ

ਦਾ ਨੋਟ ਭਾਰਤ ਸਰਕਾਰ ਦੇ ਵਿੱਤ ਮੰਤਰਾਲਿਆ ਰਾਹੀਂ ਅਤੇ ਬਾਕੀ ਨੋਟ ਭਾਰਤੀ ਰਿਜ਼ਰਵ ਬੈਂਕ ਰਾਹੀਂ ਜਾਰੀ ਕੀਤੇ ਜਾਂਦੇ ਹਨ। ਰਿਜਰਵ ਬੈਂਕ 1000 ਰੁਪਏ, 500 ਰੁਪਏ, 100 ਰੁਪਏ, 50 ਰੁਪਏ, 20 ਰੁਪਏ, 10 ਰੁਪਏ ਅਤੇ 5 ਰੁਪਏ ਦੇ ਨੋਟ ਜਾਰੀ ਕਰਦਾ ਹੈ। ਰਿਜ਼ਰਵ ਬੈਂਕ 200 ਕਰੋੜ ਰੁਪਏ ਦਾ ਸੋਨਾ ਅਤੇ ਵਿਦੇਸ਼ੀ ਮੁਦਰਾ ਰਿਜ਼ਰਵ ਵਿੱਚ ਰੱਖਕੇ ਕਿੰਨੇ ਵੀ ਮੁੱਲ ਦੇ ਨੋਟ ਜਾਰੀ ਕਰ ਸਕਦਾ ਹੈ।

2. **ਬੈਂਕ ਜਮ੍ਹਾਂ (Bank Deposits) :—** ਬੈਂਕਾਂ ਦੀ ਜਮ੍ਹਾਂ ਦੋ ਪ੍ਰਕਾਰ ਦੀ ਹੁੰਦੀ ਹੈ : ਮਿਆਦੀ ਜਮ੍ਹਾਂ (Time Deposits) ਅਤੇ ਮੰਗ ਜਮ੍ਹਾਂ (Demand Deposits) ਮਿਆਦੀ ਜਮ੍ਹਾਂ ਇੱਕ ਨਿਸ਼ਚਤ ਸਮੇਂ ਲਈ ਜਮ੍ਹਾਂ ਕੀਤੀ ਜਾਂਦੀ ਹੈ। ਇਸ ਪ੍ਰਕਾਰ ਮਿਆਦੀ ਜਮ੍ਹਾਂ ਨੂੰ ਚੈੱਕ ਰਾਹੀਂ ਨਹੀਂ ਕਢਿਆ ਜਾ ਸਕਦਾ ਜਦੋਂ ਕਿ ਮੰਗ ਜਮ੍ਹਾਂ ਦੇ ਰੂਪ ਵਿੱਚ ਰੱਖੀ ਗਈ ਰਕਮ ਇੱਕ ਖਾਤੇਦਾਰ ਆਪਣੀ ਇੱਛਾ ਅਨੁਸਾਰ ਕਿਸੇ ਸਮੇਂ ਦੀ ਨਿਕਲਵਾ ਸਕਦਾ ਹੈ। ਮੁਦਰਾ ਦੀ ਪੂਰਤੀ ਵਿੱਚ ਆਮਤੌਰ ਤੇ ਮੰਗ ਜਮ੍ਹਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ।

## 11. ਸਰਕਾਰੀ ਬਜਟ (Government Budget)

ਹਰੇਕ ਦੇਸ਼ ਦੀ ਸਰਕਾਰ ਹਰ ਸਾਲ ਆਪਣੀ ਪ੍ਰਸਤਾਵਿਤ ਆਮਦਨ ਅਤੇ ਖਰਚ ਦਾ ਬਿਓਰਾ ਤਿਆਰ ਕਰਦੀ ਹੈ। ਇਸ ਨੂੰ ਸਰਕਾਰੀ ਬਜਟ ਕਿਹਾ ਜਾਂਦਾ ਹੈ। ਭਾਰਤ ਸਰਕਾਰ ਆਮ ਤੌਰ ਤੇ ਹਰ ਸਾਲ 28 ਫਰਵਰੀ ਨੂੰ ਆਪਣਾ ਬਜਟ ਲੋਕ ਸਭਾ ਵਿੱਚ ਪੇਸ਼ ਕਰਦੀ ਹੈ।

### 11.1 ਪਰਿਭਾਸ਼ਾ (Definition)

ਸਰਕਾਰੀ ਬਜਟ ਸਰਕਾਰ ਰਾਹੀਂ ਪ੍ਰਸਤਾਵਿਤ ਆਮਦਨ ਅਤੇ ਖਰਚਿਆਂ ਦਾ ਬਿਓਰਾ ਹੁੰਦਾ ਹੈ।

### 11.2 ਬਜਟ ਦੀਆਂ ਕਿਸਮਾਂ (Types of Budget)

ਸਰਕਾਰ ਦਾ ਬਜਟ ਤਿੰਨ ਕਿਸਮਾਂ ਦਾ ਹੋ ਸਕਦਾ ਹੈ :—

**(i) ਸੰਤੁਲਿਤ ਬਜਟ** (Balanced Budget) :—ਸੰਤੁਲਿਤ ਬਜਟ ਉਹ ਬਜਟ ਹੈ ਜਿਸ ਵਿੱਚ ਸਰਕਾਰ ਦੀ ਆਮਦਨ ਅਤੇ ਖਰਚ ਬਰਾਬਰ ਹੁੰਦੇ ਹਨ।

**(ii) ਬੱਚਤ ਦਾ ਬਜਟ** (Surplus Budget) :—ਬੱਚਤ ਦਾ ਬਜਟ ਉਹ ਬਜਟ ਹੈ ਜਿਸ ਵਿੱਚ ਸਰਕਾਰ ਦੀ ਆਮਦਨ ਉਸਦੇ ਖਰਚਿਆਂ ਤੋਂ ਜ਼ਿਆਦਾ ਹੈ। ਇਸਦੇ ਫਲਸਰੂਪ ਕੁੱਲ ਮੰਗ ਵਿੱਚ ਘਾਟਾ ਹੋ ਜਾਂਦਾ ਹੈ। ਇਸ ਪ੍ਰਕਾਰ ਦਾ ਬਜਟ ਕੁੱਲ ਮੰਗ ਵਿੱਚ ਵਾਧੇ ਦੀ ਸਥਿਤੀ ਲਈ ਉਚਿੱਤ ਹੁੰਦਾ ਹੈ।

**(iii) ਘਾਟੇ ਦਾ ਬਜਟ** (Deficit Budget) :—ਘਾਟੇ ਦਾ ਬਜਟ ਉਹ ਬਜਟ ਹੈ ਜਿਸ ਵਿੱਚ ਸਰਕਾਰ ਦਾ ਖਰਚ ਉਸਦੀ ਆਮਦਨ ਤੋਂ ਜ਼ਿਆਦਾ ਹੁੰਦਾ ਹੈ। ਇਸਦੇ ਸਿੱਟੇ ਵਜੋਂ ਕੁੱਲ ਮੰਗ ਵਿੱਚ ਵਾਧਾ ਹੁੰਦਾ ਹੈ। ਇਸ ਤਰ੍ਹਾਂ ਦਾ ਬਜਟ ਕੁੱਲ ਮੰਗ ਵਿੱਚ ਕਮੀ ਦੀ ਹਾਲਤ ਵਿੱਚ ਉਚਿੱਤ ਹੁੰਦਾ ਹੈ।

### 11.3 ਉਦਾਹਰਣ (Example)

ਭਾਰਤ ਸਰਕਾਰ ਦੇ ਬਜਟ ਦੀਆਂ ਮੁੱਖ ਮੱਦਾਂ ਹੇਠਾਂ ਲਿਖੀਆਂ ਹਨ : (ੳ) ਆਮਦਨ ਦੀਆਂ ਮੱਦਾਂ :— ਨਿਗਮ ਕਰ, ਆਮਦਨ ਕਰ, ਆਯਾਤ-ਨਿਰਯਾਤ ਕਰ, ਉਤਪਾਦਨ ਕਰ, ਕੇਂਦਰੀ ਵਿਕਰੀ ਕਰ, ਉਪਹਾਰ ਕਰ, ਵਿਆਜ ਅਤੇ ਸਰਕਾਰੀ ਉੱਦਮਾਂ ਤੋਂ ਆਮਦਨ (ਅ) ਖਰਚ ਦੀਆਂ ਮੁੱਖ ਮੱਦਾਂ :— ਸੁਰੱਖਿਆ, ਪੁਲਿਸ, ਪ੍ਰਸ਼ਾਸਨ, ਸਿੱਖਿਆ, ਸਿਹਤ, ਸਮਾਜ ਕਲਿਆਣ, ਉਦਯੋਗ, ਖੇਤੀਬਾੜੀ, ਨਿਯੋਜਨ, ਪੇਂਡੂ ਵਿਕਾਸ ਆਦਿ। ਸੰਨ 2011-12 ਦੇ ਪ੍ਰਸਤਾਵਿਤ ਬਜਟ ਦੇ ਅਨੁਸਾਰ ਭਾਰਤ ਸਰਕਾਰ ਨੂੰ 2011-12 ਵਿੱਚ 7,89,892 ਕਰੋੜ ਰੁਪਏ ਦੀ ਆਮਦਨ ਅਤੇ 12,57,729 ਕਰੋੜ ਰੁਪਏ ਦੇ ਖਰਚਾ ਹੋਣ ਦੀ ਸੰਭਾਵਨਾ ਸੀ।

**12. ਘਾਟੇ ਦੀ ਵਿੱਤ-ਵਿਵਸਥਾ (Deficit Financing)**

ਘਾਟੇ ਦੀ ਵਿੱਤ-ਵਿਵਸਥਾ ਉਹ ਵਿਧੀ ਹੈ ਜਿਸਦੇ ਰਾਹੀਂ ਸਰਕਾਰ ਆਪਣੇ ਘਾਟੇ ਨੂੰ ਕੇਂਦਰੀ ਬੈਂਕ (Central Bank) ਤੋਂ ਕਰਜ਼ਾ ਲੈ ਕੇ ਪੂਰਾ ਕਰਦੀ ਹੈ। ਕੇਂਦਰੀ ਬੈਂਕ ਇਸ ਕਰਜ਼ੇ ਨੂੰ ਨਵੇਂ ਨੋਟ ਛਾਪਕੇ ਪੂਰਾ ਕਰਦਾ ਹੈ। ਇਸਦੇ ਸਿੱਟੇ ਵਜੋਂ ਮੁਦਰਾ-ਪੂਰਤੀ ਵਿੱਚ ਵਾਧਾ ਹੁੰਦਾ ਹੈ ਅਤੇ ਕੀਮਤਾਂ ਦੇ ਵੱਧਣ ਦੀ ਸੰਭਾਵਨਾ ਹੋ ਜਾਂਦੀ ਹੈ। ਘਾਟੇ ਦੀ ਵਿੱਤ ਵਿਵਸਥਾ, ਸਰਕਾਰੀ ਬਜਟ ਨੂੰ ਪੂਰਾ ਕਰਨ ਲਈ ਇੱਕ ਉਪਾਅ ਹੈ। ਜਦੋਂ ਸਰਕਾਰ ਦਾ ਕੁੱਲ ਖਰਚਾ ਸਰਕਾਰ ਦੀ ਆਮਦਨ ਤੋਂ ਵਧੇਰੇ ਹੁੰਦਾ ਹੈ ਤਾਂ ਸਰਕਾਰ ਨੂੰ ਘਾਟਾ ਹੁੰਦਾ ਹੈ।

ਇਸ ਘਾਟੇ ਨੂੰ ਪੂਰਾ ਕਰਨ ਲਈ ਜਦੋਂ ਹੇਠਾਂ ਲਿਖੇ ਤਰੀਕਿਆਂ ਵਿੱਚੋਂ ਕੋਈ ਵੀ ਤਰੀਕਾ ਅਪਣਾਇਆ ਜਾਂਦਾ ਹੈ ਤਾਂ ਉਸਨੂੰ ਘਾਟੇ ਦੀ ਵਿੱਤ-ਵਿਵਸਥਾ ਕਿਹਾ ਜਾਂਦਾ ਹੈ :— (i) ਸਰਕਾਰ ਰਾਹੀਂ ਆਪਣੇ ਘਾਟੇ ਨੂੰ ਪੂਰਾ ਕਰਨ ਲਈ ਕੇਂਦਰੀ ਬੈਂਕ ਤੋਂ ਕਰਜ਼ਾ ਲੈਣਾ। ਕੇਂਦਰੀ ਬੈਂਕ ਇਹ ਕਰਜ਼ਾ ਨਵੇਂ ਨੋਟ ਛਾਪਕੇ ਦਿੰਦਾ ਹੈ। (ii) ਸਰਕਾਰੀ ਖਜ਼ਾਨੇ ਵਿੱਚ ਪਈ ਹੋਈ ਨਕਦੀ-ਜਮ੍ਹਾਂ (Cash Balance) ਕੱਢਵਾ ਕੇ ਘਾਟੇ ਨੂੰ ਪੂਰਾ ਕਰਨਾ। (iii) ਸਰਕਾਰ ਦੁਆਰਾ ਰਿਜ਼ਰਵ ਬੈਂਕ ਰਾਹੀਂ ਜਾਰੀ ਕੀਤੀ ਗਈ ਮੁਦਰਾ ਤੋਂ ਬਿਨ੍ਹਾਂ ਹੋਰ ਨਵੀਂ ਮੁਦਰਾ ਜਾਰੀ ਕਰਨਾ।

ਉਪਰੋਕਤ ਤਿੰਨਾਂ ਤਰੀਕਿਆਂ ਨਾਲ ਦੇਸ਼ ਵਿੱਚ ਮੁਦਰਾ ਦੀ ਪੂਰਤੀ ਵਿੱਚ ਵਾਧਾ ਹੁੰਦਾ ਹੈ। ਭਾਰਤ ਵਿੱਚ ਘਾਟੇ ਦੀ ਵਿੱਤ-ਵਿਵਸਥਾ ਦਾ ਜ਼ਿਆਦਾਤਰ ਹਿੱਸਾ ਰਿਜ਼ਰਵ ਬੈਂਕ ਤੋਂ ਰੁਪਇਆ ਉਧਾਰ ਲੈ ਕੇ ਪੂਰਾ ਕੀਤਾ ਜਾਂਦਾ ਹੈ। ਰਿਜ਼ਰਵ ਬੈਂਕ ਨੂੰ ਸਰਕਾਰ ਕਰਜ਼ੇ ਦੇ ਬਦਲੇ ਵਿੱਚ ਸਰਕਾਰੀ ਪ੍ਰਤੀਭੂਤੀਆਂ (Govt. Securities) ਦੇ ਦਿੰਦੀ ਹੈ। ਰਿਜ਼ਰਵ ਬੈਂਕ ਸਰਕਾਰੀ ਪ੍ਰਤੀਭੂਤੀਆਂ ਨੂੰ ਸੰਚਿਤ ਕੋਸ਼ (Reserve Fund) ਵਿੱਚ ਰੱਖਕੇ ਨਵੇਂ ਨੋਟ ਛਾਪ ਦਿੰਦਾ ਹੈ ਅਤੇ ਸਰਕਾਰ ਨੂੰ ਕਰਜ਼ਾ ਦੇ ਦਿੰਦਾ ਹੈ। ਇਸ ਤਰ੍ਹਾਂ ਮੁਦਰਾ ਦੀ ਪੂਰਤੀ ਵੱਧ ਜਾਂਦੀ ਹੈ ਜਿਸ ਕਾਰਣ ਕੀਮਤਾਂ ਦਾ ਪੱਧਰ ਉੱਚਾ ਉਠ ਜਾਂਦਾ ਹੈ।

**12.1 ਪਰਿਭਾਸ਼ਾ (Definition)**

ਡਾ. ਵੀ. ਕੇ. ਆਰ. ਵੀ. ਰਾਓ (Dr. V. K. R. V. Rao) ਦੇ ਅਨੁਸਾਰ, "ਜਦੋਂ ਸਰਕਾਰ ਜਾਣ ਬੁੱਝ ਕੇ ਸਰਵਜਨਕ ਆਮਦਨ ਅਤੇ ਖਰਚਿਆਂ ਵਿੱਚ ਅੰਤਰ ਅਤੇ ਬਜਟ ਵਿੱਚ ਘਾਟਾ ਪੈਦਾ ਕਰੇ ਅਤੇ ਘਾਟੇ ਦੀ ਪੂਰਤੀ ਕਿਸੇ ਅਜਿਹੀ ਵਿਧੀ ਰਾਹੀਂ ਕਰੇ ਜਿਸ ਨਾਲ ਮੁਦਰਾ ਦੀ ਪੂਰਤੀ ਵੱਧ ਜਾਵੇ, ਤਾਂ ਇਸ ਨੂੰ ਘਾਟੇ ਦੀ ਵਿੱਤ-ਵਿਵਸਥਾ ਕਹਿੰਦੇ ਹਨ।"

**13. ਸਰਵਜਨਕ ਵਿੱਤ (Public Finance)**

ਸਰਵਜਨਕ ਵਿੱਤ (Public Finance) ਸ਼ਬਦ ਦੋ ਸ਼ਬਦਾਂ ਨਾਲ ਮਿਲਕੇ ਬਣਿਆ ਹੈ। ਸਰਵਜਨਕ + ਵਿੱਤ। ਸਰਵਜਨਕ ਸ਼ਬਦ ਦਾ ਅਰਥ ਹੈ ਜਨਤਾ ਦਾ ਸਮੂਹ ਜਿਸਦੀ ਪ੍ਰਤੀਨਿਧਤਾ ਸਰਕਾਰ ਕਰਦੀ ਹੈ ਅਤੇ ਵਿੱਤ ਦਾ ਅਰਥ ਹੈ ਮੋਦਰਿਕ ਸਾਧਨ। ਇਸ ਲਈ ਸਰਵਜਨਕ ਵਿੱਤ ਤੋਂ ਭਾਵ ਕਿਸੇ ਦੇਸ਼ ਦੀ ਸਰਕਾਰ ਦੀ ਵਿੱਤੀ ਸਾਧਨਾਂ ਭਾਵ ਆਮਦਨ ਅਤੇ ਖਰਚ ਤੋਂ ਹੈ। ਅਰਥਸ਼ਾਸਤਰ ਦੇ ਜਿਸ ਭਾਗ ਵਿੱਚ ਸਰਕਾਰ ਦੀ ਆਮਦਨ ਅਤੇ ਖਰਚ ਸੰਬੰਧੀ ਸਮੱਸਿਆਵਾਂ ਦ ਅਧਿਐਨ ਕੀਤਾ ਜਾਂਦਾ ਹੈ ਉਸਨੂੰ ਸਰਵਜਨਕ ਵਿੱਤ (Public Finance) ਕਿਹਾ ਜਾਂਦਾ ਹੈ। ਇਸ ਲਈ ਸਰਵਜਨਕ ਵਿੱਤ ਸਰਕਾਰੀ ਸੰਸਥਾਵਾਂ ਜਿਵੇਂ ਕੇਂਦਰੀ, ਰਾਜ ਅਤੇ ਸਥਾਨਿਕ ਸਰਕਾਰਾਂ ਦੇ ਮਸਲਿਆਂ ਦਾ ਅਧਿਐਨ ਹੈ। ਸਰਵਜਨਕ ਵਿੱਤ ਵਿੱਚ ਸਰਕਾਰ ਦੀ ਆਮਦਨ ਭਾਵ ਕਰ, ਵਿਆਜ, ਲਾਭ ਆਦਿ ਆਉਂਦੇ ਹਨ। ਸਰਵਜਨਕ ਖਰਚ ਜਿਵੇਂ ਸੁਰੱਖਿਆ, ਪ੍ਰਸ਼ਾਸਨ, ਸਿੱਖਿਆ, ਸਿਹਤ, ਉਦਯੋਗ, ਖੇਤੀਬਾੜੀ ਆਦਿ ਉੱਤੇ ਕੀਤੇ ਜਾਂਦੇ ਹਨ। ਇਸ ਦੇ ਨਾਲ ਹੀ ਸਰਵਜਨਕ ਕਰਜ਼ਿਆਂ ਦਾ ਅਧਿਐਨ ਵੀ ਕੀਤਾ ਜਾਂਦਾ ਹੈ।

ਸਮੇਂ ਦੇ ਨਾਲ-ਨਾਲ ਹਰੇਕ ਦੇਸ਼ ਦੀ ਸਰਕਾਰ ਰਾਹੀਂ ਕੀਤੀਆਂ ਜਾਣ ਵਾਲੀਆਂ ਆਰਥਿਕ ਕਿਰਿਆਵਾਂ ਵਿੱਚ ਵੀ ਬਹੁਤ ਵਾਧਾ ਹੋਇਆ ਹੈ। ਇਸ ਦੇ ਨਾਲ ਹੀ ਸਰਵਜਨਕ ਵਿੱਤ ਦਾ ਖੇਤਰ ਵੀ ਬਹੁਤ ਵੱਧ ਗਿਆ ਹੈ। ਇਸ ਦੇ ਹੇਠਾਂ

ਸਿਰਫ ਸਰਕਾਰ ਦੀ ਆਮਦਨ, ਖਰਚ ਦਾ ਹੀ ਅਧਿਐਨ ਨਹੀਂ ਕੀਤਾ ਜਾਂਦਾ ਬਲਕਿ ਵਿਸ਼ੇਸ਼ ਆਰਥਿਕ, ਉਦੇਸ਼ਾਂ ਜਿਵੇਂ ਪੂਰਨ-ਰੁਜ਼ਗਾਰ, ਆਰਥਿਕ-ਵਿਕਾਸ, ਆਮਦਨ ਅਤੇ ਧਨ ਦਾ ਸਮਾਨ ਵਿਤਰਣ, ਕੀਮਤ-ਸਥਿਰਤਾ ਆਦਿ ਸੰਬੰਧੀ ਸਰਕਾਰ ਦੀਆਂ ਸਾਰੀਆਂ ਆਰਥਿਕ ਕਿਰਿਆਵਾਂ ਦਾ ਅਧਿਐਨ ਕੀਤਾ ਜਾਂਦਾ ਹੈ।

### 13.1 ਪਰਿਭਾਸ਼ਾ (Definition)

ਬੈਸਟੇਬਲ ਦੇ ਅਨੁਸਾਰ, "ਸਰਵਜਨਕ ਵਿੱਤ ਹੇਠਾਂ ਸਰਕਾਰੀ ਪ੍ਰਸ਼ਾਸਨ ਦੀ ਆਮਦਨ ਅਤੇ ਖਰਚਿਆਂ ਦੇ ਅਧਿਐਨ ਦੇ ਨਾਲ-ਨਾਲ ਉਹਨਾਂ ਦੇ ਆਪਸੀ ਸੰਬੰਧਾਂ ਅਤੇ ਵਿੱਤੀ ਨਿਯੰਤਰਣ ਅਤੇ ਪ੍ਰਬੰਧਾਂ ਦਾ ਵੀ ਅਧਿਐਨ ਕੀਤਾ ਜਾਂਦਾ ਹੈ।"

### 13.2 ਸਰਕਾਰ ਦੀ ਆਮਦਨ ਦੇ ਸਾਧਨ (Sources of Income of Govt.)

**ਸਰਕਾਰ ਦੀ ਆਮਦਨ ਦੇ ਮੁੱਖ ਸਾਧਨ ਕਰ (tax) ਹਨ ਜੋ ਦੋ ਪ੍ਰਕਾਰ ਦੇ ਹੁੰਦੇ ਹਨ : (i) ਪ੍ਰਤੱਖ ਕਰ, (ii) ਅਪ੍ਰਤੱਖ ਕਰ।**

**(i) ਪ੍ਰਤੱਖ ਕਰ** (Direct Taxes) :—ਪ੍ਰੋ. ਡਾਲਟਨ (Prof. Dalton) ਦੇ ਅਨੁਸਾਰ, "ਪ੍ਰਤੱਖ ਕਰ ਉਹ ਕਰ ਹੈ ਜੋ ਉਸ ਹੀ ਵਿਅਕਤੀ ਰਾਹੀਂ ਦਿੱਤਾ ਜਾਂਦਾ ਹੈ ਜਿਸ ਉਪਰ ਇਹ ਕਾਨੂੰਨੀ ਤੌਰ ਤੇ ਲਗਾਇਆ ਜਾਂਦਾ ਹੈ।" ਉਦਾਹਰਣ ਵਜੋਂ, ਆਮਦਨ ਕਰ, ਉਪਹਾਰ ਕਰ, ਨਿਗਮ ਕਰ, ਸੰਪਤੀ ਕਰ, ਜਾਇਦਾਦ ਕਰ ਆਦਿ ਪ੍ਰਤੱਖ ਕਰ ਹਨ।

**(ii) ਅਪ੍ਰਤੱਖ ਕਰ** (Indirect Taxes) :—ਅਪ੍ਰਤੱਖ ਕਰ ਦੀ ਪਰਿਭਾਸ਼ਾ ਉਹਨਾਂ ਕਰਾਂ ਦੇ ਰੂਪ ਵਿੱਚ ਕੀਤੀ ਜਾਂਦੀ ਹੈ ਜੋ ਵਸਤਾਂ ਅਤੇ ਸੇਵਾਵਾਂ ਉਪਰ ਲਗਾਏ ਜਾਂਦੇ ਹਨ। ਲੋਕਾਂ ਉੱਤੇ ਇਹ ਕਰ ਅਪ੍ਰਤੱਖ ਰੂਪ ਵਿੱਚ ਲਗਾਏ ਜਾਂਦੇ ਹਨ।

ਪ੍ਰੋ. ਡਾਲਟਨ (Prof. Dalton) ਦੇ ਅਨੁਸਾਰ, "ਅਪ੍ਰਤੱਖ ਕਰ ਉਹ ਕਰ ਹਨ ਜੋ ਲਗਾਏ ਤਾਂ ਕਿਸੇ ਇੱਕ ਵਿਅਕਤੀ ਉੱਤੇ ਹੁੰਦੇ ਹਨ ਪਰ ਉਹਨਾਂ ਦਾ ਅੰਸ਼ਿਕ ਜਾਂ ਪੂਰਣ ਰੂਪ ਨਾਲ ਭੁਗਤਾਨ ਕਿਸੇ ਹੋਰ ਵਿਅਕਤੀ ਨੂੰ ਕਰਨਾ ਪੈਂਦਾ ਹੈ। ਉਦਾਹਰਣ ਵਜੋਂ, ਵਿਕਰੀ ਕਰ ਇੱਕ ਅਪ੍ਰਤੱਖ ਕਰ ਹੈ। ਇਸ ਕਰ ਦਾ ਸਰਕਾਰ ਨੂੰ ਭੁਗਤਾਨ ਦੁਕਾਨਦਾਰ ਰਾਹੀਂ ਕੀਤਾ ਜਾਂਦਾ ਹੈ, ਪਰ ਇਸ ਦਾ ਸਾਰਾ ਭਾਰ ਗਾਹਕ ਉੱਤੇ ਪੈਂਦਾ ਹੈ ਕਿਉਂਕਿ ਦੁਕਾਨਦਾਰ ਵਿਕਰੀ ਕਰ ਨੂੰ ਗਾਹਕ ਤੋਂ ਵਸੂਲ ਕਰ ਲੈਂਦਾ ਹੈ। ਅਪ੍ਰਤੱਖ ਕਰ ਦੇ ਉਦਾਹਰਣ ਹਨ :— ਵਿਕਰੀ ਕਰ, ਉਤਪਾਦਨ ਕਰ, ਮਨੋਰੰਜਨ ਕਰ, ਆਯਾਤ ਨਿਰਯਾਤ ਕਰ ਆਦਿ।

## 14. ਸਰਵਜਨਕ ਕਰਜ਼ੇ (Public Debt)

ਹਰ ਇੱਕ ਸਰਕਾਰ ਆਪਣੇ ਖਰਚਿਆਂ ਨੂੰ ਪੂਰਾ ਕਰਨ ਲਈ ਕਈ ਪ੍ਰਕਾਰ ਦੇ ਕਰਜ਼ੇ ਲੈਂਦੀ ਹੈ। ਇਹਨਾਂ ਕਰਜ਼ਿਆਂ ਨੂੰ ਸਰਵਜਨਕ ਕਰਜ਼ੇ ਕਿਹਾ ਜਾਂਦਾ ਹੈ। ਸਰਵਜਨਕ ਕਰਜ਼ਿਆਂ ਦਾ ਅਰਥ ਸਰਕਾਰ ਰਾਹੀਂ ਲਏ ਗਏ ਸਾਰੇ ਕਿਸਮਾਂ ਦੇ ਕਰਜ਼ਿਆਂ ਤੋਂ ਹੈ। ਇਸ ਵਿੱਚ ਦੇਸ਼ ਦੇ ਆਂਤਰਿਕ ਸਾਧਨਾਂ ਤੋਂ ਅਤੇ ਵਿਦੇਸ਼ਾਂ ਤੋਂ ਲਏ ਗਏ ਦੋਨੋਂ ਪ੍ਰਕਾਰ ਦੇ ਕਰਜ਼ੇ ਸ਼ਾਮਲ ਕੀਤੇ ਜਾਂਦੇ ਹਨ।

### 14.1 ਪਰਿਭਾਸ਼ਾ (Definition)

ਪ੍ਰੋ. ਟੇਲਰ (Prof. Taylor) ਦੇ ਅਨੁਸਾਰ, "ਸਰਵਜਨਕ ਕਰਜ਼ਾ ਸਰਕਾਰ ਰਾਹੀਂ ਬੈਂਕਾਂ, ਵਪਾਰਿਕ ਸੰਸਥਾਵਾਂ ਅਤੇ ਵਿਅਕਤੀਆਂ ਤੋਂ ਲਿਆ ਗਿਆ ਕਰਜ਼ਾ ਹੈ।"

### 14.2 ਕਿਸਮਾਂ ਸਹਿਤ ਉਦਾਹਰਨਾਂ (Types with Examples)

ਸਰਵਜਨਕ ਕਰਜ਼ਾ ਮੁੱਖ ਰੂਪ ਨਾਲ ਦੋ ਪ੍ਰਕਾਰ ਦਾ ਹੁੰਦਾ ਹੈ :—

**(i) ਆਂਤਰਿਕ ਕਰਜ਼ਾ** (Internal Debt) :—ਆਂਤਰਿਕ ਕਰਜ਼ੇ ਉਹ ਕਰਜ਼ੇ ਹਨ ਜੋ ਕਿਸੇ ਦੇਸ਼ ਦੇ ਅੰਦਰ ਉਸ ਦੇਸ਼ ਦੀ ਜਨਤਾ ਅਤੇ ਬੈਂਕਾਂ ਆਦਿ ਵਿੱਤੀ ਸੰਸਥਾਵਾਂ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ। ਇਹ ਦੇਸ਼ ਦੀ ਮੁਦਰਾ ਵਿੱਚ ਪ੍ਰਾਪਤ ਹੁੰਦੇ ਹਨ। ਇਹਨਾਂ ਦੇ ਮੂਲਧਨ ਅਤੇ ਵਿਆਜ਼ ਦਾ ਭੁਗਤਾਨ ਵੀ ਦੇਸ਼ ਦੀ ਮਦਰਾ ਵਿੱਚ ਹੀ ਕੀਤਾ ਜਾਂਦਾ ਹੈ।

ਭਾਰਤ ਸਰਕਾਰ ਆਂਤਰਿਕ ਕਰਜ਼ੇ ਨੂੰ ਕਈ ਪ੍ਰਕਾਰ ਦੇ ਬਾਂਡ ਪੱਤਰਾਂ ਨੂੰ ਜਾਰੀ ਕਰਕੇ ਵੀ ਇਕੱਠਾ ਕਰਦੀ ਹੈ ਜਿਵੇਂ ਕਿ- ਇੰਦਰਾ ਵਿਕਾਸ ਪੱਤਰ, ਨੈਸ਼ਨਲ ਬੱਚਤ ਸਰਟੀਫਿਕੇਟ, ਨੈਸ਼ਨਲ ਬੱਚਤ ਸਕੀਮ ਆਦਿ।

**(ii) ਵਿਦੇਸ਼ੀ ਕਰਜ਼ਾ** (External Debt) :—ਵਿਦੇਸ਼ੀ ਅਤੇ ਅੰਤਰਰਾਸ਼ਟਰੀ ਸੰਸਥਾਵਾਂ, ਵਿਦੇਸ਼ੀ ਬੈਂਕਾਂ ਆਦਿ ਤੋਂ ਜੋ ਕਰਜ਼ੇ ਪ੍ਰਾਪਤ ਕੀਤੇ ਜਾਂਦੇ ਹਨ ਉਹਨਾਂ ਨੂੰ ਵਿਦੇਸ਼ੀ ਕਰਜ਼ੇ ਕਿਹਾ ਜਾਂਦਾ ਹੈ। ਇਹ ਕਰਜ਼ੇ ਵਿਦੇਸ਼ੀ ਮੁਦਰਾ ਵਿੱਚ ਲਏ ਜਾਂਦੇ ਹਨ। ਆਮ ਤੌਰ ਤੇ ਇਹਨਾਂ ਦੇ ਮੂਲਧਨ ਅਤੇ ਵਿਆਜ ਦਾ ਵਿਦੇਸ਼ੀ ਮੁਦਰਾ ਵਿੱਚ ਹੀ ਭੁਗਤਾਨ ਕੀਤਾ ਜਾਂਦਾ ਹੈ।

**15. ਗਰੀਬੀ ਰੇਖਾ (Poverty Line)**

ਕਿਸੇ ਦੇਸ਼ ਵਿੱਚ ਗਰੀਬੀ ਨੂੰ ਮਾਪਣ ਦਾ ਇੱਕ ਉਪਾਅ ਗਰੀਬੀ ਰੇਖਾ ਦੀ ਧਾਰਣਾ ਹੈ। ਗਰੀਬੀ ਰੇਖਾ ਤੋਂ ਹੇਠਾਂ ਜਿੰਨੇ ਵੀ ਵਿਅਕਤੀ ਹੁੰਦੇ ਹਨ ਉਹਨਾਂ ਨੂੰ ਗਰੀਬ ਮੰਨਿਆ ਜਾਂਦਾ ਹੈ।

**15.1 ਪਰਿਭਾਸ਼ਾ (Definition)**

ਗਰੀਬੀ ਰੇਖਾ ਦਾ ਅਰਥ ਉਸ ਧਨ ਤੋਂ ਹੈ ਜੋ ਇੱਕ ਵਿਅਕਤੀ ਨੂੰ ਪ੍ਰਤੀ ਮਹੀਨੇ ਘੱਟੋ-ਘੱਟ ਉਪਭੋਗ ਕਰਨ ਲਈ ਜ਼ਰੂਰੀ ਹੈ। ਗਰੀਬੀ ਰੇਖਾ ਦਾ ਪੱਧਰ ਉਸ ਰਕਮ ਦੇ ਬਰਾਬਰ ਮੰਨਿਆ ਜਾਂਦਾ ਹੈ ਜੋ ਇੱਕ ਵਿਅਕਤੀ ਨੂੰ ਜਿਉਂਦਾ ਰਹਿਣ ਲਈ ਪ੍ਰਤੀ ਮਹੀਨਾ ਆਪਣੀਆਂ ਘੱਟੋ-ਘੱਟ ਲੋੜਾਂ ਨੂੰ ਪੂਰਾ ਕਰਨ ਲਈ ਜ਼ਰੂਰੀ ਹੈ। ਘੱਟੋ-ਘੱਟ ਲੋੜਾਂ ਵਿੱਚ ਭੋਜਨ, ਕਪੜੇ, ਮਕਾਨ, ਸਿੱਖਿਆ ਅਤੇ ਸਿਹਤ ਸੰਬੰਧੀ ਨਿਊਨਤਮ ਮਨੁੱਖੀ ਲੋੜਾਂ ਸ਼ਾਮਲ ਹੁੰਦੀਆਂ ਹਨ। ਇਹਨਾਂ ਨਿਊਨਤਮ ਮਨੁੱਖੀ ਲੋੜਾਂ ਦੇ ਪੂਰਾ ਨਾ ਹੋਣ ਕਰਕੇ ਮਨੁੱਖਾਂ ਨੂੰ ਕਸ਼ਟ ਹੁੰਦਾ ਹੈ ਅਤੇ ਉਹਨਾਂ ਦੀ ਸਿਹਤ ਅਤੇ ਕਾਰਜਕੁਸ਼ਲਤਾ ਦੀ ਹਾਨੀ ਹੁੰਦੀ ਹੈ। ਇਸਦੇ ਸਿੱਟੇ ਵਜੋਂ ਉਤਪਾਦਨ ਵਿੱਚ ਵਾਧਾ ਕਰਨ ਅਤੇ ਭਵਿੱਖ ਵਿੱਚ ਗਰੀਬੀ ਤੋਂ ਛੁਟਕਾਰਾ ਪਾਉਣਾ ਮੁਸ਼ਕਲ ਹੋ ਜਾਂਦਾ ਹੈ। ਇਸ ਪ੍ਰਕਾਰ ਗਰੀਬੀ ਅਤੇ ਉਤਪਾਦਕਤਾ ਵਿੱਚ ਹੋਣ ਵਾਲੀ ਕਮੀ ਆਪਸ ਵਿੱਚ ਨਿਰਭਰ ਹੋ ਜਾਂਦੀਆਂ ਹੈ।

**15.2 ਭਾਰਤ ਵਿੱਚ ਗਰੀਬੀ ਰੇਖਾ ਦਾ ਵਿਸਥਾਰ (Extent of Poverty Line in India)**

ਭਾਰਤ ਵਿੱਚ ਕੀਮਤ ਪੱਧਰ ਵਿੱਚ ਪਰਿਵਰਤਨ ਆਉਣ ਦੇ ਨਾਲ-ਨਾਲ ਗਰੀਬੀ ਰੇਖਾ ਦੀ ਸੀਮਾ ਵਿੱਚ ਵੀ ਪਰਿਵਰਤਨ ਆਉਂਦਾ ਰਹਿੰਦਾ ਹੈ। ਯੋਜਨਾ ਆਯੋਗ ਦੁਆਰਾ 1962 ਵਿੱਚ ਨਿਯੁਕਤ ਮਾਹਿਰ ਸਮਿਤੀ (Expert Committee) ਨੇ ਗਰੀਬੀ ਰੇਖਾ ਨੂੰ ਨਿਰਧਾਰਿਤ ਕਰਨ ਲਈ ਨਿਊਨਤਮ ਉਪਭੋਗ ਮਾਪਦੰਡ ਨੂੰ ਅਪਣਾਇਆ ਸੀ। ਇਸ ਕਮੇਟੀ ਦੇ ਅਨੁਸਾਰ ਗਰੀਬੀ ਰੇਖਾ ਤੋਂ ਹੇਠਾਂ ਉਹ ਵਿਅਕਤੀ ਮੰਨੇ ਜਾਣਗੇ ਜਿਹਨਾਂ ਦਾ ਪ੍ਰਤੀ ਮਹੀਨਾ ਉਪਭੋਗ 1960-61 ਦੀਆਂ ਕੀਮਤਾਂ ਤੇ 20 ਰੁਪਏ ਤੋਂ ਘੱਟ ਹੈ ਜਦੋਂ ਕਿ 1968-69 ਵਿੱਚ ਇਹ ਰਾਸ਼ੀ 40 ਰੁਪਏ ਤੋਂ ਘੱਟ ਉਪਭੋਗ ਵਾਲੇ ਲੋਕਾਂ ਨੂੰ ਗਰੀਬੀ ਰੇਖਾ ਤੋਂ ਹੇਠਾਂ ਮੰਨਿਆ ਗਿਆ। ਉਪਰ ਦਿੱਤੇ ਹੋਏ ਮਾਪਦੰਡਾਂ ਦੇ ਅਨੁਸਾਰ ਸੰਨ 1960-61 ਅਤੇ 1968-69 ਵਿੱਚ ਗਰੀਬੀ ਰੇਖਾ ਤੋਂ ਹੇਠਾਂ ਆਉਣ ਵਾਲੀ ਜਨਸੰਖਿਆ ਕ੍ਰਮਵਾਰ 17.67 ਕਰੋੜ ਅਤੇ 21.6 ਕਰੋੜ ਸੀ। ਸੰਨ 1976-77 ਵਿੱਚ ਜੀਵਨ-ਨਿਰਵਾਹ ਦਾ ਸੂਚਾਂਕ ਵੱਧ ਜਾਣ ਕਰਕੇ ਉਨ੍ਹਾਂ ਲੋਕਾਂ ਨੂੰ ਗਰੀਬੀ ਰੇਖਾਂ ਤੋਂ ਨੀਵਾਂ ਮੰਨਿਆ ਗਿਆ ਜਿਨ੍ਹਾਂ ਦੀ ਆਮਦਨ ਪੇਂਡੂ ਇਲਾਕਿਆਂ ਵਿੱਚ 62 ਰੁਪਏ ਅਤੇ ਸ਼ਹਿਰੀ ਇਲਾਕੇ ਵਿੱਚ 71 ਰੁਪਏ ਮਹੀਨੇ ਤੋਂ ਘੱਟ ਸੀ। ਅਜਿਹੇ ਲੋਕਾਂ ਦੀ ਸੰਖਿਆ 1977-78 ਵਿੱਚ ਪੇਂਡੂ ਇਲਾਕੇ ਵਿੱਚ 23.9 ਕਰੋੜ ਅਤੇ ਸ਼ਹਿਰੀ ਇਲਾਕੇ ਵਿੱਚ 5.5 ਕਰੋੜ ਸੀ।

ਛੇਵੀਂ ਯੋਜਨਾ ਦੀ ਰੂਪ ਰੇਖਾ ਦੇ ਅਨੁਸਾਰ ਗਰੀਬੀ ਰੇਖਾ ਤੋਂ ਨੀਵੇਂ ਉਹ ਵਿਅਕਤੀ ਮੰਨੇ ਜਾਣਗੇ ਜਿਹਨਾਂ ਦਾ ਪ੍ਰਤੀ ਮਹੀਨਾ ਉਪਭੋਗ ਖਰਚਾ 1979-80 ਦੀਆਂ ਕੀਮਤਾਂ ਤੇ ਪੇਂਡੂ ਖੇਤਰ ਵਿੱਚ 76 ਰੁਪਏ ਅਤੇ ਸ਼ਹਿਰੀ ਖੇਤਰ ਵਿੱਚ 88 ਰੁਪਏ ਤੋਂ ਘੱਟ ਸੀ। ਅਜਿਹੇ ਲੋਕਾਂ ਦੀ ਪੇਂਡੂ ਖੇਤਰ ਵਿੱਚ ਜਨਸੰਖਿਆ 26 ਕਰੋੜ ਅਤੇ ਸ਼ਹਿਰੀ ਜਨਸੰਖਿਆ 5.7 ਕਰੋੜ ਸੀ। ਇਸ ਪ੍ਰਕਾਰ ਪੂਰੇ ਦੇਸ਼ ਵਿੱਚ 31.7 ਕਰੋੜ ਜਨਸੰਖਿਆ ਗਰੀਬੀ ਰੇਖਾ ਤੋਂ ਨੀਵੀਂ ਰਹਿ ਰਹੀ ਸੀ।

ਛੇਵੀਂ ਪੰਜ ਸਾਲਾ ਯੋਜਨਾ ਲਈ ਸੰਗਠਿਤ ਦਲ ਦੇ ਅਨੁਸਾਰ 1984-85 ਦੀਆਂ ਕੀਮਤਾਂ ਤੇ ਪੇਂਡੂ ਖੇਤਰ ਵਿੱਚ 107 ਰੁਪਏ ਪ੍ਰਤੀ ਵਿਅਕਤੀ ਖਰਚ ਅਤੇ ਸ਼ਹਿਰੀ ਖੇਤਰਾਂ ਵਿੱਚ 122 ਰੁਪਏ ਪ੍ਰਤੀ ਮਹੀਨਾਂ ਦੇ ਖਰਚੇ ਨੂੰ ਗਰੀਬੀ ਰੇਖਾ ਤੋਂ ਹੇਠਾਂ ਮੰਨਿਆ ਗਿਆ।

ਸੱਤਵੀਂ ਯੋਜਨਾ ਦੇ ਅਨੁਸਾਰ 1988-89 ਦੀਆਂ ਕੀਮਤਾਂ ਉੱਤੇ ਭਾਰਤ ਵਿੱਚ ਸ਼ਹਿਰੀ ਖੇਤਰ ਵਿੱਚ 152 ਰੁਪਏ ਅਤੇ ਪੇਂਡੂ ਖੇਤਰ ਵਿੱਚ 132 ਰੁਪਏ ਪ੍ਰਤੀ ਮਹੀਨਾ ਉਪਭੋਗ ਨੂੰ ਗਰੀਬੀ ਰੇਖਾ ਤੋਂ ਹੇਠਾਂ ਮੰਨਿਆ ਗਿਆ। ਰਾਸ਼ਟਰੀ ਸੈਂਪਲ ਸਰਵੇ (National Sample Survey) ਦੇ ਅਨੁਸਾਰ 1993-94 ਦੀਆਂ ਕੀਮਤਾਂ ਉੱਤੇ 229 ਰੁਪਏ ਪੇਂਡੂ ਖੇਤਰ ਵਿੱਚ ਅਤੇ 264 ਰੁਪਏ ਸ਼ਹਿਰੀ ਖੇਤਰ ਵਿੱਚ ਪ੍ਰਤੀ ਮਹੀਨਾ ਉਪਭੋਗ ਕਰਨ ਵਾਲੇ ਲੋਕਾਂ ਨੂੰ ਗਰੀਬੀ ਰੇਖਾ ਤੋਂ ਹੇਠਾਂ ਮੰਨਿਆ ਜਾਵੇਗਾ। 2009-10 ਵਿੱਚ ਗਰੀਬੀ ਰੇਖਾ ਤੋਂ ਹੇਠਾਂ ਉਹ ਲੋਕ ਮੰਨੇ ਗਏ ਜਿਨ੍ਹਾਂ ਦਾ ਪ੍ਰਤੀ ਦਿਨ ਉਪਭੋਗ ਸ਼ਹਿਰਾਂ ਵਿੱਚ 28.65 ਰੁ. ਹੋਵੇ ਅਤੇ ਪੇਂਡੂ ਇਲਾਕਿਆਂ ਵਿੱਚ 22.42 ਰੁਪਏ ਹੋਣ।

ਰਾਸ਼ਟਰੀ ਆਮਦਨ ਸਰਵੇਖਣ ਦੇ ਅਨੁਸਾਰ ਭਾਰਤ ਵਿੱਚ ਗਰੀਬੀ ਰੇਖਾ ਤੋਂ ਹੇਠਾਂ ਲੋਕਾਂ ਦੀ ਸੰਖਿਆ 1987-88 ਵਿੱਚ 20 ਕਰੋੜ ਸੀ। 1993-94 ਵਿੱਚ ਦੇਸ਼ ਦੇ ਕੁੱਲ 32 ਕਰੋੜ ਵਿਅਕਤੀ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਸਨ। ਇਹ ਕੁੱਲ ਜਨਸੰਖਿਆ ਦੇ 36% ਸਨ। 1993-94 ਵਿੱਚ ਗਰੀਬੀ ਰੇਖਾ ਤੋਂ ਹੇਠਾਂ ਪੇਂਡੂ ਖੇਤਰ ਵਿੱਚ 35% ਸ਼ਹਿਰੀ ਖੇਤਰ ਵਿੱਚ 41% ਲੋਕ ਰਹਿੰਦੇ ਹਨ। ਇਸ ਪ੍ਰਕਾਰ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਦੀ ਸੰਖਿਆ ਲਗਾਤਾਰ ਵੱਧਦੀ ਹੀ ਜਾ ਰਹੀ ਹੈ। ਸਾਲ 1996-97 ਵਿੱਚ ਕੁੱਲ ਆਬਾਦੀ ਦਾ ਲਗਪਗ 30% ਹਿੱਸਾ ਗਰੀਬੀ ਰੇਖਾ ਤੋਂ ਹੇਠਾਂ ਸੀ। ਆਰਥਿਕ ਸਰਵੇਖਣ 2007-08 ਦੇ ਅਨੁਸਾਰ ਭਾਰਤ ਵਿੱਚ 26 ਕਰੋੜ ਲੋਕ ਗਰੀਬੀ ਵਿੱਚ ਜਿਉਂਦੇ ਹਨ। ਸੰਸਾਰ ਦੇ 1/5 ਹਿੱਸੇ ਦੇ ਜ਼ਿਆਦਾ ਗਰੀਬ ਭਾਰਤ ਵਿੱਚ ਰਹਿੰਦੇ ਹਨ।

ਭਾਰਤ ਵਿੱਚ ਵੱਖ-ਵੱਖ ਰਾਜਾਂ ਵਿੱਚ ਗਰੀਬਾਂ ਦੀ ਸੰਖਿਆ ਵੱਖ-ਵੱਖ ਹੈ। ਇਹ ਅਨੁਮਾਨ ਲਗਾਇਆ ਗਿਆ ਹੈ ਕਿ ਉੱਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼ ਅਤੇ ਉੜੀਸਾ ਵਿੱਚ ਗਰੀਬਾਂ ਦੀ ਸੰਖਿਆ ਸਭ ਤੋਂ ਵੱਧ ਹੈ। ਸਾਲ 2009-10 ਵਿੱਚ ਉੱਤਰ ਪ੍ਰਦੇਸ਼ ਦੀ 37.7%, ਬਿਹਾਰ ਦੀ 53.5%, ਉੜੀਸਾ ਦੀ 37% ਅਤੇ ਤਾਮਿਲਨਾਡੂ ਦੀ 17.1% ਜਨਸੰਖਿਆ ਗਰੀਬੀ ਰੇਖਾ ਤੋਂ ਹੇਠਾਂ ਹੈ। ਪੰਜਾਬ ਵਿੱਚ 15.9% ਜਨਸੰਖਿਆ ਗਰੀਬੀ ਰੇਖਾ ਤੋਂ ਹੇਠਾ ਰਹਿ ਰਹੀ ਹੈ। ਹਰਿਆਣਾ ਵਿੱਚ 20.1% ਅਤੇ ਹਿਮਾਚਲ ਪ੍ਰਦੇਸ਼ ਵਿੱਚ 9.5% ਜਨਸੰਖਿਆ ਗਰੀਬੀ ਰੇਖਾ ਤੋਂ ਹੇਠਾਂ ਹੈ।

### 16. ਵਿਕਾਸ ਦਰ (Growth Rate)

ਹਰੇਕ ਅਰਥਵਿਵਸਥਾ ਦੀ ਆਰਥਿਕ ਉੱਨਤੀ ਨੂੰ ਵਿਕਾਸ ਦਰ ਰਾਹੀਂ ਦਰਸਾਇਆ ਜਾਂਦਾ ਹੈ। ਵਿਕਾਸ ਦਰ ਤੋਂ ਪਤਾ ਚਲਦਾ ਹੈ ਕਿ ਇੱਕ ਨਿਸ਼ਚਤ ਸਾਲ ਦੀ ਤੁਲਨਾ ਵਿੱਚ ਕਿਸੇ ਹੋਰ ਸਾਲ ਵਿੱਚ ਕਿਸੇ ਆਰਥਿਕ ਤੱਤ ਜਿਵੇਂ ਰਾਸ਼ਟਰੀ ਆਮਦਨ, ਪ੍ਰਤੀ ਵਿਅਕਤੀ ਆਮਦਨ ਆਦਿ ਵਿੱਚ ਕਿੰਨੇ ਪ੍ਰਤੀਸ਼ਤ ਪਰਿਵਰਤਨ ਹੋਇਆ ਹੈ। ਵਿਕਾਸ ਦਰ ਨੂੰ ਹਮੇਸ਼ਾ ਪ੍ਰਤੀਸ਼ਤ ਰੂਪ ਵਿੱਚ ਦਰਸਾਇਆ ਜਾਂਦਾ ਹੈ।

### 16.1 ਪਰਿਭਾਸ਼ਾ (Definition)

ਵਿਕਾਸ ਦਰ ਉਹ ਪ੍ਰਤੀਸ਼ਤ ਦਰ ਹੈ ਜਿਸ ਤੋਂ ਇਹ ਪਤਾ ਲਗਦਾ ਹੈ ਕਿ ਕਿਸੇ ਇਕ ਸਾਲ ਦੀ ਤੁਲਨਾ ਵਿੱਚ ਕਿਸੇ ਦੂਜੇ ਸਾਲ ਵਿੱਚ ਰਾਸ਼ਟਰੀ ਆਮਦਨ ਜਾਂ ਪ੍ਰਤੀ ਵਿਅਕਤੀ ਆਮਦਨ ਵਿੱਚ ਕਿੰਨੇ ਪ੍ਰਤੀਸ਼ਤ ਪਰਿਵਰਤਨ ਹੋਇਆ ਹੈ।

### 16.2 ਉਦਾਹਰਣ (Example)

ਵਿਕਾਸ ਦਰ ਦੀ ਗਣਨਾ ਨੂੰ ਇੱਕ ਉਦਾਹਰਣ ਰਾਹੀਂ ਸਪਸ਼ਟ ਕੀਤਾ ਜਾ ਸਕਦਾ ਹੈ। ਮੰਨ ਲਓ 1996 ਵਿੱਚ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ 8,000 ਰੁਪਏ ਸੀ। ਉਹ 1997 ਵਿੱਚ ਵੱਧ ਕੇ 10,000 ਹੋ ਗਈ ਹੈ। ਪ੍ਰਤੀ ਵਿਅਕਤੀ ਆਮਦਨ ਦੀ ਵਿਕਾਸ ਦਰ ਨੂੰ ਹੇਠਾਂ ਲਿਖੇ ਢੰਗ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ :—

1997 ਵਿੱਚ 1996 ਦੇ ਮੁਕਾਬਲੇ ਪ੍ਰਤੀ ਵਿਅਕਤੀ ਆਮਦਨ ਵਿੱਚ ਪਰਿਵਰਤਨ

= 10,000 ਰੁਪਏ − 8,000 ਰੁਪਏ

= 2,000 ਰੁਪਏ

ਆਰੰਭਕ ਪ੍ਰਤੀ ਵਿਅਕਤੀ ਆਮਦਨ = 8,000 ਰੁਪਏ

$$\text{ਪ੍ਰਤੀ ਵਿਅਕਤੀ ਆਮਦਨ ਵਿਕਾਸ ਦਰ} = \frac{\text{ਪ੍ਰਤੀ ਵਿਅਕਤੀ ਆਮਦਨ ਵਿੱਚ ਪਰਿਵਰਤਨ}}{\text{ਆਰੰਭਕ ਪ੍ਰਤੀ ਵਿਅਕਤੀ ਆਮਦਨ}} \times 100$$

$$= \frac{2000}{8000} \times 100 = 25\%$$

$\therefore$ ਪ੍ਰਤੀ ਵਿਅਕਤੀ ਆਮਦਨ ਦੀ ਵਿਕਾਸ ਦਰ $= 25\%$

## 17. ਵਿਦੇਸ਼ੀ ਸਹਾਇਤਾ (Foreign Aid)

ਅਰਥਸ਼ਾਸਤਰ ਵਿੱਚ ਵਿਦੇਸ਼ੀ ਸਹਾਇਤਾ ਸ਼ਬਦ ਦਾ ਪ੍ਰਯੋਗ ਵਿਸਤ੍ਰਿਤ ਅਰਥਾਂ ਵਿੱਚ ਕੀਤਾ ਜਾਂਦਾ ਹੈ। ਇਸ ਤੋਂ ਭਾਵ ਹੈ ਵਿਦੇਸ਼ੀ ਪੂੰਜੀ, ਵਿਦੇਸ਼ੀ ਕਰਜ਼ਾ ਅਤੇ ਵਿਦੇਸ਼ੀ ਅਨੁਦਾਨ।

### 17.1 ਪਰਿਭਾਸ਼ਾ (Definition)

ਵਿਦੇਸ਼ੀ ਸਹਾਇਤਾ ਤੋਂ ਭਾਵ ਕਿਸੇ ਦੇਸ਼ ਵਿੱਚ ਵਿਦੇਸ਼ੀ ਸਰਕਾਰਾਂ, ਵਿਦੇਸ਼ਾਂ ਦੇ ਨਿੱਜੀ ਵਿਅਕਤੀਆਂ, ਵਿਦੇਸ਼ੀ ਵਪਾਰਿਕ ਸੰਗਠਨਾਂ, ਵਿਦੇਸ਼ੀ ਬੈਂਕਾਂ ਅਤੇ ਅੰਤਰ-ਰਾਸ਼ਟਰੀ ਸੰਸਥਾਵਾਂ ਦੁਆਰਾ ਪੂੰਜੀ ਦੇ ਨਿਵੇਸ਼ ਜਾਂ ਕਰਜ਼ਿਆਂ ਅਤੇ ਅਨੁਦਾਨਾਂ ਤੋਂ ਹੈ।

### 17.2 ਵਿਦੇਸ਼ੀ ਸਹਾਇਤਾ ਦੀਆਂ ਕਿਸਮਾਂ (Types of Foreign Aid)

ਵਿਦੇਸ਼ੀ ਸਹਾਇਤਾ ਹੇਠ ਲਿਖੀਆਂ ਕਿਸਮਾਂ ਦੇ ਰੂਪ ਵਿੱਚ ਪ੍ਰਾਪਤ ਹੋ ਸਕਦੀ ਹੈ ਜਿਵੇਂ :—

**(i) ਵਿਦੇਸ਼ੀ ਪੂੰਜੀ** (Foreign Capital) :—ਵਿਦੇਸ਼ੀ ਪੂੰਜੀ ਤੋਂ ਭਾਵ ਵਿਦੇਸ਼ੀਆਂ ਰਾਹੀਂ ਕਿਸੇ ਦੇਸ਼ ਦੀਆਂ ਉਤਪਾਦਕ ਕਿਰਿਆਵਾਂ ਵਿੱਚ ਕੀਤੇ ਗਏ ਨਿਵੇਸ਼ ਤੋਂ ਹੈ। ਵਿਦੇਸ਼ੀ ਪੂੰਜੀ ਤਿੰਨ ਤਰ੍ਹਾਂ ਨਾਲ ਲਗਾਈ ਜਾ ਸਕਦੀ ਹੈ : (ੳ) ਪਹਿਲੇ ਰੂਪ ਵਿੱਚ ਵਿਦੇਸ਼ੀ ਪੂੰਜੀ ਪ੍ਰਤੱਖ ਵਿਦੇਸ਼ੀ ਨਿਵੇਸ਼ (Direct Foreign Investment) ਦੇ ਰੂਪ ਵਿੱਚ ਲਗਾਈ ਜਾ ਸਕਦੀ ਹੈ ਭਾਵ ਵਿਦੇਸ਼ੀ ਕੰਪਨੀਆਂ ਰਾਹੀਂ ਕਿਸੇ ਦੇਸ਼ ਵਿੱਚ ਕੰਪਨੀਆਂ ਸਥਾਪਤ ਕੀਤੀਆਂ ਜਾਂਦੀਆਂ ਹਨ ਅਤੇ ਉਹਨਾਂ ਦਾ ਪ੍ਰਬੰਧ ਚਲਾਇਆ ਜਾਂਦਾ ਹੈ। (ਅ) ਵਿਦੇਸ਼ੀ ਪੂੰਜੀ ਦਾ ਦੂਜਾ ਰੂਪ ਵਿਦੇਸ਼ੀ ਸਹਿਯੋਗ ਹੈ। ਇਸ ਦੇ ਅਧੀਨ ਵਿਦੇਸ਼ੀ ਅਤੇ ਸਵਦੇਸ਼ੀ ਉੱਦਮੀ ਸੰਯੁਕਤ ਰੂਪ ਨਾਲ ਉੱਦਮ ਸਥਾਪਤ ਕਰਦੇ ਹਨ। (ੲ) ਵਿਦੇਸ਼ੀ ਪੂੰਜੀ ਦਾ ਤੀਜਾ ਰੂਪ ਪੋਰਟਫੋਲੀਓ ਨਿਵੇਸ਼ ਹੈ। ਇਹ ਨਿਵੇਸ਼ ਵਿਦੇਸ਼ੀ ਕੰਪਨੀਆਂ ਦੁਆਰਾ ਕਿਸੇ ਦੇਸ਼ ਦੀ ਕੰਪਨੀਆਂ ਦੀ ਸ਼ੇਅਰ ਪੂੰਜੀ ਜਾਂ ਰਿਣ-ਪੱਤਰ (Debentures) ਆਦਿ ਵਿੱਚ ਕੀਤਾ ਜਾਂਦਾ ਹੈ।

**(ii) ਵਿਦੇਸ਼ੀ ਕਰਜ਼ੇ** (Foreign Loans) :—ਵਿਦੇਸ਼ੀ ਕਰਜ਼ੇ ਵਿਦੇਸ਼ੀ ਸਰਕਾਰਾਂ ਤੋਂ, ਵਪਾਰ ਸੰਸਥਾਵਾਂ ਤੋਂ ਅਤੇ ਅੰਤਰ-ਰਾਸ਼ਟਰੀ ਸੰਸਥਾਵਾਂ ਤੋਂ ਪ੍ਰਾਪਤ ਕੀਤੇ ਜਾਂਦੇ ਹਨ। ਜੋ ਵਿਦੇਸ਼ੀ ਕਰਜ਼ੇ ਲੰਬੇ ਸਮੇਂ ਲਈ ਘੱਟ ਵਿਆਜ ਦੀ ਦਰ ਤੇ ਲਏ ਜਾਂਦੇ ਹਨ ਉਹਨਾਂ ਨੂੰ ਨਰਮ ਕਰਜ਼ੇ (Soft Loans) ਕਿਹਾ ਜਾਂਦਾ ਹੈ। ਇਸ ਦੇ ਉਲਟ ਜੋ ਕਰਜ਼ੇ ਅਲਪ ਸਮੇਂ ਲਈ ਪ੍ਰਾਪਤ ਕੀਤੇ ਜਾਂਦੇ ਹਨ ਅਤੇ ਵਿਆਜ ਦੀ ਦਰ ਉੱਚੀ ਹੁੰਦੀ ਹੈ ਉਹਨਾਂ ਨੂੰ ਸਖ਼ਤ ਕਰਜ਼ੇ (Hard Loans) ਕਿਹਾ ਜਾਂਦਾ ਹੈ।

**(iii) ਵਿਦੇਸ਼ੀ ਅਨੁਦਾਨ** (Foreign Grants) :—ਵਿਦੇਸ਼ੀ ਅਨੁਦਾਨ ਵਿਦੇਸ਼ੀ ਸਹਾਇਤਾ ਦਾ ਉਹ ਹਿੱਸਾ ਹੈ ਜੋ ਵਿਦੇਸ਼ੀ ਸਰਕਾਰਾਂ ਅਤੇ ਸੰਸਥਾਵਾਂ ਤੋਂ ਸਹਾਇਤਾ ਦੇ ਰੂਪ ਵਿੱਚ ਪ੍ਰਾਪਤ ਹੁੰਦੇ ਹਨ ਅਤੇ ਜਿਸ ਨੂੰ ਵਾਪਿਸ ਨਹੀਂ ਕਰਨਾ ਪੈਂਦਾ। ਇਸ ਉਪਰ ਕੋਈ ਵਿਆਜ ਵੀ ਨਹੀਂ ਦੇਣਾ ਪੈਂਦਾ।

**18. ਭੁਗਤਾਨ ਸੰਤੁਲਨ (Balance of Payment)**

ਸੰਸਾਰ ਦੇ ਵੱਖ-ਵੱਖ ਦੇਸ਼ ਇੱਕ ਦੂਜੇ ਨਾਲ ਵਪਾਰ ਕਰਦੇ ਹਨ ਉਹਨਾਂ ਵਿਚਕਾਰ ਵਸਤਾਂ, ਸੇਵਾਵਾਂ ਅਤੇ ਪੂੰਜੀ ਦਾ ਲੈਣ-ਦੇਣ ਹੁੰਦਾ ਹੈ। ਇੱਕ ਦੇਸ਼ ਦੂਜੇ ਦੇਸ਼ਾਂ ਤੋਂ ਜੋ ਵਸਤਾਂ ਅਤੇ ਸੇਵਾਵਾਂ ਮੰਗਵਾਉਂਦਾ ਹੈ ਉਸ ਨੂੰ ਆਯਾਤ ਕਿਹਾ ਜਾਂਦਾ ਹੈ, ਜਿਵੇਂ ਭਾਰਤ, ਈਰਾਨ ਤੋਂ ਪੈਟਰੋਲ ਦਾ ਆਯਾਤ ਕਰਦਾ ਹੈ। ਇਸ ਦੇ ਉਲਟ ਇੱਕ ਦੇਸ਼ ਦੂਜੇ ਦੇਸ਼ਾਂ ਨੂੰ ਜੋ ਵਸਤਾਂ ਅਤੇ ਸੇਵਾਵਾਂ ਭੇਜਦਾ ਹੈ ਉਸ ਨੂੰ ਨਿਰਯਾਤ ਕਿਹਾ ਜਾਂਦਾ ਹੈ। ਉਦਾਹਰਣ ਵਜੋਂ, ਭਾਰਤ ਈਰਾਕ ਨੂੰ ਚਾਹ ਭੇਜਦਾ ਹੈ ਭਾਵ ਨਿਰਯਾਤ ਕਰਦਾ ਹੈ। ਇੱਕ ਦੇਸ਼ ਨੂੰ ਦੂਜੇ ਦੇਸ਼ਾਂ ਤੋਂ ਆਯਾਤ ਬਦਲੇ ਭੁਗਤਾਨ ਕਰਨਾ ਪੈਂਦਾ ਹੈ ਅਤੇ ਦੂਜੇ ਦੇਸ਼ਾਂ ਨੂੰ ਨਿਰਯਾਤ ਬਦਲੇ ਧਨ ਪ੍ਰਾਪਤ ਹੁੰਦਾ ਹੈ। ਇੱਕ ਦੇਸ਼ ਦੀ ਸਰਕਾਰ ਦੇ ਹੋਰਨਾਂ ਦੇਸ਼ਾਂ ਤੋਂ ਇੱਕ ਸਾਲ ਦੇ ਸਮੇਂ ਦੌਰਾਨ ਜੋ ਲੈਣਦਾਰੀ ਹੁੰਦੀ ਹੈ ਅਤੇ ਜੋ ਦੇਣਦਾਰੀ ਹੁੰਦੀ ਹੈ ਉਸਦੇ ਲੇਖੇ ਨੂੰ ਭੁਗਤਾਨ ਸੰਤੁਲਨ ਕਿਹਾ ਜਾਂਦਾ ਹੈ।

**18.1 ਪਰਿਭਾਸ਼ਾ (Definition)**

ਕਿੰਡਲ ਬਰਗਰ ਦੇ ਸ਼ਬਦਾਂ ਵਿੱਚ "ਇੱਕ ਦੇਸ਼ ਦਾ ਭੁਗਤਾਨ ਸੰਤੁਲਨ ਉਸ ਦੇਸ਼ ਦੇ ਨਿਵਾਸੀਆਂ ਅਤੇ ਵਿਦੇਸ਼ੀਆਂ ਵਿਚਕਾਰ ਕੀਤੇ ਗਏ ਸਾਰੇ ਆਰਥਿਕ ਸੌਦਿਆਂ ਦਾ ਕ੍ਰਮਵਾਰ ਲੇਖਾ ਹੈ।"

**18.2 ਭੁਗਤਾਨ ਸੰਤੁਲਨ ਦੀਆਂ ਮੱਦਾਂ (Items of Balance of Payment)**

ਭੁਗਤਾਨ ਸੰਤੁਲਨ ਦੀਆਂ ਮੱਦਾਂ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ :

1. **ਚਾਲੂ ਖਾਤੇ ਦੀਆਂ ਮੱਦਾਂ (Items of Current Account) :**—ਚਾਲੂ ਖਾਤੇ ਦੀਆਂ ਮੁੱਖ ਮੱਦਾਂ ਹੇਠ ਲਿਖੀਆਂ ਹਨ : (i) ਦ੍ਰਿਸ਼ ਵਸਤਾਂ ਦਾ ਆਯਾਤ ਅਤੇ ਨਿਰਯਾਤ। ਜਿਵੇਂ ਕਪੜਾ, ਮਸ਼ੀਨਾਂ, ਚਾਹ ਆਦਿ ਪ੍ਰਤੱਖ ਵਸਤਾਂ ਹਨ ਜੋ ਸਪੱਸ਼ਟ ਦਿਖਾਈ ਦਿੰਦੀਆਂ ਹਨ ਇਹਨਾਂ ਦੇ ਆਯਾਤ ਅਤੇ ਨਿਰਯਾਤ ਦੇ ਅੰਤਰ ਨੂੰ ਵਪਾਰ ਬਾਕੀ ਕਿਹਾ ਜਾਂਦਾ ਹੈ। (ii) ਅਪ੍ਰੱਤਖ ਜਾਂ ਅਦ੍ਰਿਸ਼ ਵਸਤਾਂ ਜਿਵੇਂ ਬੀਮਾ ਕੰਪਨੀਆਂ, ਬੈਂਕਾਂ, ਜਹਾਜ਼ਰਾਨੀ, ਡਾਕਟਰਾਂ, ਇੰਜੀਨੀਅਰਾਂ ਦੀਆਂ ਸੇਵਾਵਾਂ, ਵਿਦੇਸ਼ੀ ਯਾਤਰਾਵਾਂ, ਸਰਕਾਰੀ ਲੈਣ-ਦੇਣ, ਨਿਵੇਸ਼, ਆਮਦਨ, ਦਾਨ ਅਤੇ ਉਪਹਾਰ ਕਰ, ਵਿਗਿਆਨਕ ਆਦਿ ਨੂੰ ਆਯਾਤ ਅਤੇ ਨਿਰਯਾਤ ਦੀਆਂ ਚਾਲੂ ਖਾਤੇ ਦੀਆਂ ਮੱਦਾਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

2. **ਪੂੰਜੀ ਖਾਤੇ ਦੀਆਂ ਮੱਦਾਂ (Items of Capital Account) :**—ਪੂੰਜੀ ਖਾਤੇ ਦੀਆਂ ਮੁੱਖ ਮੱਦਾਂ ਹਨ : ਨਿੱਜੀ ਕਰਜ਼ੇ, ਬੈਂਕ ਪੂੰਜੀ, ਸਰਕਾਰੀ ਪੂੰਜੀ, ਸੋਨੇ ਦਾ ਆਯਾਤ-ਨਿਰਯਾਤ ਆਦਿ।

ਜੇਕਰ ਚਾਲੂ ਖਾਤੇ ਦੇ ਆਯਾਤ, ਨਿਰਯਾਤ ਨਾਲੋਂ ਵੱਧ ਹਨ ਤਾਂ ਭੁਗਤਾਨ ਸੰਤੁਲਨ ਘਾਟੇ ਦਾ ਜਾਂ ਪ੍ਰਤੀਕੂਲ ਹੁੰਦਾ ਹੈ। ਜਿਵੇਂ ਭਾਰਤ ਦਾ ਭੁਗਤਾਨ ਸੰਤੁਲਨ ਘਾਟੇ ਦਾ ਜਾਂ ਪ੍ਰਤੀਕੂਲ ਹੈ। ਇਸ ਘਾਟੇ ਨੂੰ ਪੂੰਜੀ ਖਾਤੇ ਦੁਆਰਾ ਪੂਰਾ ਕੀਤਾ ਜਾਂਦਾ ਹੈ। ਇਸ ਘਾਟੇ ਨੂੰ ਦੇਸ਼ ਤੋਂ ਸੋਨਾ ਜਾਂ ਵਿਦੇਸ਼ੀ ਮੁਦਰਾ ਭੇਜਕੇ ਜਾਂ ਵਿਦੇਸਾਂ ਤੋਂ ਕਰਜ਼ੇ ਲੈ ਕੇ ਪੂਰਾ ਕੀਤਾ ਜਾਂਦਾ ਹੈ। ਜੇਕਰ ਨਿਰਯਾਤ, ਆਯਾਤ ਤੋਂ ਵੱਧ ਹੁੰਦੇ ਹਨ ਤਾਂ ਚਾਲੂ ਖਾਤੇ ਦਾ ਭੁਗਤਾਨ ਸੰਤੁਲਨ ਅਨੁਕੂਲ ਹੋ ਜਾਂਦਾ ਹੈ। ਇਸ ਦੇ ਫਲਸਰੂਪ ਸੋਨਾ ਜਾਂ ਵਿਦੇਸ਼ੀ ਮੁਦਰਾ ਦਾ ਪ੍ਰਵਾਹ ਹੁੰਦਾ ਹੈ। ਜੇਕਰ ਆਯਾਤ ਅਤੇ ਨਿਰਯਾਤ ਇੱਕ ਦੂਜੇ ਦੇ ਬਰਾਬਰ ਹੋਣ ਤਾਂ ਚਾਲੂ ਖਾਤੇ ਦਾ ਭੁਗਤਾਨ ਸੰਤੁਲਨ, ਸੰਤੁਲਿਤ ਹੁੰਦਾ ਹੈ। ਅਸਲ ਵਿੱਚ ਚਾਲੂ ਖਾਤੇ ਦੇ ਭੁਗਤਾਨ ਸੰਤੁਲਨ ਦੇ ਘਾਟੇ ਜਾਂ ਲਾਭ ਨੂੰ ਪੂੰਜੀ ਖਾਤੇ ਰਾਹੀਂ ਸੰਤੁਲਿਤ ਕਰ ਦਿੱਤਾ ਜਾਂਦਾ ਹੈ। ਇਸ ਲਈ ਇਹ ਕਿਹਾ ਜਾਂਦਾ ਹੈ ਕਿ ਭੁਗਤਾਨ ਸੰਤੁਲਨ ਹਮੇਸ਼ਾ ਸੰਤੁਲਨ ਵਿੱਚ ਰਹਿੰਦਾ ਹੈ।

**19. ਮੌਦਰਿਕ ਨੀਤੀ (Monetary Policy)**

ਮੌਦਰਿਕ ਨੀਤੀ ਉਹ ਨੀਤੀ ਹੈ ਜਿਸ ਰਾਹੀਂ ਕਿਸੇ ਦੇਸ਼ ਦੀ ਸਰਕਾਰ ਜਾਂ ਕੇਂਦਰੀ ਬੈਂਕ ਦੁਆਰਾ ਵਿਸ਼ੇਸ਼ ਟੀਚਿਆਂ ਦੀ ਪ੍ਰਾਪਤੀ ਲਈ (i) ਮੁਦਰਾ ਦੀ ਪੂਰਤੀ (ii) ਮੁਦਰਾ ਦੀ ਲਾਗਤ ਜਾਂ ਵਿਆਜ ਦੀ ਦਰ ਅਤੇ (iii) ਮੁਦਰਾ ਦੀ ਉਪਲਬਧੀ ਨੂੰ ਕੰਟਰੋਲ ਕੀਤਾ ਜਾਂਦਾ ਹੈ।

**ਮੌਦਰਿਕ ਨੀਤੀ ਦੇ ਮੁੱਖ ਉਦੇਸ਼ ਹਨ :—** (1) ਕੀਮਤ ਸਥਿਰਤਾ (2) ਪੂਰਣ ਰੁਜ਼ਗਾਰ (3) ਆਰਥਿਕ ਵਿਕਾਸ (4) ਵਟਾਂਦਰਾ ਸਥਿਰਤਾ (5) ਆਰਥਿਕ ਅਸਮਾਨਤਾ ਵਿੱਚ ਕਮੀ।

**19.1 ਪਰਿਭਾਸ਼ਾ (Definition)**

ਡੀ. ਸੀ. ਆਸਟਨ ਦੇ ਅਨੁਸਾਰ, "ਮੌਦਰਿਕ ਨੀਤੀ ਦਾ ਸੰਬੰਧ ਵਿਆਜ ਦੀ ਦਰ ਅਤੇ ਸਾਖ ਦੀ ਉਪਲਬਧੀ ਨੂੰ ਨਿਯੰਤਰਣ ਕਰਕੇ ਕੁੱਲ ਮੰਗ ਦੇ ਪੱਧਰ ਅਤੇ ਸੰਰਚਨਾ ਨੂੰ ਪ੍ਰਭਾਵਿਤ ਕਰਨ ਨਾਲ ਹੈ।"

**19.2 ਮੌਦਰਿਕ ਨੀਤੀ ਦੀਆਂ ਵਿਧੀਆਂ (Methods of Monetary Policy)**

ਮੌਦਰਿਕ ਨੀਤੀ ਦੀਆਂ ਮੁੱਖ ਵਿਧੀਆਂ ਹੇਠਾਂ ਲਿਖੀਆਂ ਹਨ ਜਿਹੜੀਆਂ ਕਿ ਸਾਖ ਨੂੰ ਕੰਟਰੋਲ ਕਰਨ ਲਈ ਕੇਂਦਰੀ ਬੈਂਕ ਭਾਵ ਰਿਜ਼ਰਵ ਬੈਂਕ ਵੱਲੋਂ ਅਪਣਾਈਆਂ ਜਾਂਦੀਆਂ ਹਨ :—

**(i) ਬੈਂਕ ਦਰ** (Bank Rate) :—ਬੈਂਕ ਦਰ ਸਾਖ ਨਿਯੰਤਰਣ (Credit Control) ਦੀ ਮਹੱਤਵਪੂਰਣ ਵਿਧੀ ਹੈ। ਬੈਂਕ ਦਰ ਵਿਆਜ ਦੀ ਉਹ ਦਰ ਹੈ ਜਿਸ ਤੇ ਕਿਸੇ ਦੇਸ਼ ਦਾ ਕੇਂਦਰੀ ਬੈਂਕ ਦੂਜੇ ਬੈਂਕ ਨੂੰ ਕਰਜ਼ਾ ਦੇਣ ਲਈ ਤਿਆਰ ਹੁੰਦਾ ਹੈ। ਬੈਂਕ ਦਰ ਦੇ ਵੱਧਣ ਤੇ ਵਿਆਜ ਦੀ ਦਰ ਵਧਦੀ ਹੈ ਅਤੇ ਕਰਜ਼ਾ ਮਹਿੰਗਾ ਹੁੰਦਾ ਹੈ। ਇਸਦੇ ਉਲਟ ਜੇਕਰ ਬੈਂਕ ਦਰ ਘੱਟ ਹੋ ਜਾਂਦੀ ਹੈ ਤਾਂ ਕਰਜ਼ਾ ਸਸਤਾ ਹੋ ਜਾਂਦਾ ਹੈ। ਮੰਦੀ ਨੂੰ ਠੀਕ ਕਰਨ ਲਈ ਬੈਂਕ ਦੀ ਦਰ ਨੂੰ ਘਟਾ ਦਿੱਤਾ ਜਾਂਦਾ ਹੈ। ਇਸਦੇ ਸਿੱਟੇ ਵਜੋਂ ਸ਼ਾਖ ਦਾ ਵਿਸਥਾਰ (Credit Creation) ਹੁੰਦਾ ਹੈ ਅਤੇ ਮੰਗ ਵਧਦੀ ਹੈ। ਤੇਜ਼ੀ ਨੂੰ ਠੀਕ ਕਰਨ ਲਈ ਬੈਂਕ ਦਰ ਨੂੰ ਵਧਾ ਦਿੱਤਾ ਜਾਂਦਾ ਹੈ, ਜਿਸ ਦੇ ਫਲਸਰੂਪ ਸਾਖ ਦਾ ਸੰਕੁਚਨ (Credit Contraction) ਹੁੰਦਾ ਹੈ ਅਤੇ ਮੰਗ ਘੱਟਦੀ ਹੈ।

**(ii) ਖੁੱਲ੍ਹੇ ਬਾਜ਼ਾਰ ਦੀਆਂ ਕਿਰਿਆਵਾਂ** (Open Market Operations) : ਖੁੱਲੇ ਬਾਜ਼ਾਰ ਦੀ ਕਿਰਿਆ ਤੋਂ ਭਾਵ ਹੈ ਕੇਂਦਰੀ ਬੈਂਕ ਰਾਹੀਂ ਖੁੱਲ੍ਹੇ ਬਾਜ਼ਾਰ ਵਿੱਚ ਪ੍ਰਤੀਭੂਤੀਆਂ (Securities) ਨੂੰ ਖਰੀਦਣਾ ਅਤੇ ਵੇਚਣਾ। ਮੰਦੀ ਦੀ ਸਥਿਤੀ ਵਿੱਚ ਕੇਂਦਰੀ ਬੈਂਕ ਪ੍ਰਤੀਭੂਤੀਆਂ ਨੂੰ ਖਰੀਦਦਾ ਹੈ। ਇਸ ਦੇ ਸਿੱਟੇ ਵਜੋਂ ਬੈਂਕਾਂ ਕੋਲ ਪ੍ਰਤੱਖ ਅਤੇ ਅਪ੍ਰਤੱਖ ਦੋਨਾਂ ਪ੍ਰਕਾਰ ਦੇ ਨਕਦੀ ਰਿਜ਼ਰਵ (Cash Reserve) ਵੱਧ ਜਾਂਦੇ ਹਨ। ਨਕਦੀ ਰਿਜ਼ਰਵ ਵੱਧ ਜਾਣ ਨਾਲ ਜਮਾਂ ਰਾਸ਼ੀ ਕਈ ਗੁਣਾ ਵੱਧ ਜਾਂਦੀ ਹੈ। ਇਸਦੇ ਸਿੱਟੇ ਵਜੋਂ ਸਾਖ ਦਾ ਵਿਸਥਾਰ ਹੁੰਦਾ ਹੈ ਅਤੇ ਮੰਗ ਵੱਧਦੀ ਹੈ। ਤੇਜ਼ੀ ਦੀ ਸਥਿਤੀ ਵਿੱਚ ਕੇਂਦਰੀ ਬੈਂਕ ਪ੍ਰਤੀਭੂਤੀਆਂ ਨੂੰ ਵੇਚਦਾ ਹੈ ਜਿਸ ਕਾਰਣ ਬੈਂਕਾਂ ਦੇ ਕੋਲ ਨਕਦੀ ਰਿਜ਼ਰਵ ਘੱਟ ਜਾਂਦੇ ਹਨ। ਨਕਦੀ ਰਿਜ਼ਰਵ ਘੱਟ ਹੋਣ ਦੇ ਕਾਰਣ ਜਮ੍ਹਾਂ ਰਾਸ਼ੀ ਕਈ ਗੁਣਾ ਘੱਟ ਜਾਂਦੀ ਹੈ, ਜਿਸ ਕਾਰਣ ਸਾਖ ਦਾ ਸੰਕੁਚਨ ਹੁੰਦਾ ਹੈ ਅਤੇ ਮੰਗ ਘੱਟ ਹੋ ਜਾਂਦੀ ਹੈ।

**(iii) ਨਿਊਨਤਮ ਨਕਦ ਨਿੱਧੀ ਅਨੁਪਾਤ ਵਿੱਚ ਪਰਿਵਰਤਨ** (Change in Minimum Reserve Ratio) :— ਸਾਰੇ ਬੈਂਕਾਂ ਨੂੰ ਆਪਣੀ ਜਮ੍ਹਾਂ ਰਾਸ਼ੀ ਦਾ ਇੱਕ ਨਿਸ਼ਚਿਤ ਪ੍ਰਤੀਸ਼ਤ ਨਕਦ ਨਿਧੀ ਦੇ ਰੂਪ ਵਿੱਚ ਕੇਂਦਰੀ ਬੈਂਕ ਦੇ ਕੋਲ ਰੱਖਣਾ ਪੈਂਦਾ ਹੈ। ਉਦਾਹਰਣ ਵੱਜੋਂ, ਜੇਕਰ ਨਿਊਨਤਮ ਨਿਧੀ 10 ਪ੍ਰਤੀਸ਼ਤ ਹੈ ਅਤੇ ਕਿਸੇ ਬੈਂਕ ਦੀ ਜਮ੍ਹਾਂ ਰਾਸ਼ੀ 100 ਕਰੋੜ ਰੁਪਏ ਹੈ ਤਾਂ ਉਸ ਨੂੰ 10 ਕਰੋੜ ਰੁਪਏ ਕੇਂਦਰੀ ਬੈਂਕ ਕੋਲ ਜਮ੍ਹਾਂ ਕਰਾਉਣਾ ਪਵੇਗਾ ਅਤੇ ਉਹ ਬਾਕੀ 90 ਕਰੋੜ ਰੁਪਏ ਦੇ ਅਧਾਰ ਤੇ ਸਾਖ ਦਾ ਨਿਰਮਾਣ ਕਰ ਸਕੇਗਾ। ਜੇਕਰ ਨਕਦ ਨਿੱਧੀ ਦਾ ਅਨੁਪਾਤ ਘੱਟ ਕਰ ਦਿੱਤਾ ਜਾਵੇ ਤਾਂ ਬੈਂਕ ਸਾਖ ਦਾ ਜ਼ਿਆਦਾ ਨਿਰਮਾਣ ਕਰ ਸਕਣਗੇ ਭਾਵ ਅਧਿਕ ਕਰਜ਼ਾ ਦੇ ਸਕਣਗੇ। ਮੰਦੀ ਦੀ ਸਥਿਤੀ ਵਿੱਚ ਨਿਊਨਤਮ ਨਕਦ ਨਿਧੀ ਅਨੁਪਾਤ ਨੂੰ ਘੱਟ ਕਰ ਦਿੱਤਾ ਜਾਂਦਾ ਹੈ ਅਤੇ ਤੇਜ਼ੀ ਦੇ ਸਥਿਤੀ ਵਿੱਚ ਇਸ ਨੂੰ ਵਧਾ ਦਿੱਤਾ ਜਾਂਦਾ ਹੈ।

**(iv) ਤਰਲਤਾ ਅਨੁਪਾਤ ਵਿੱਚ ਪਰਿਵਰਤਨ** (Change in Liquidity Ratio) :—ਇਸ ਵਿਧੀ ਅਨੁਸਾਰ ਹਰੇਕ ਬੈਂਕ ਨੂੰ ਆਪਣੀ ਜਮ੍ਹਾਂ ਰਾਸ਼ੀ ਦਾ ਇੱਕ ਨਿਸ਼ਚਿਤ ਅਨੁਪਾਤ ਆਪਣੇ ਪਾਸ ਹੀ ਨਕਦ ਰਾਸ਼ੀ ਦੇ ਰੂਪ ਵਿੱਚ ਰੱਖਣਾ ਪੈਂਦਾ ਹੈ। ਇਸ ਨੂੰ ਤਰਲਤਾ ਅਨੁਪਾਤ ਕਹਿੰਦੇ ਹਨ ਅਰਥਾਤ ਬੈਂਕ ਇਸ ਰਾਸ਼ੀ ਨੂੰ ਉਧਾਰ ਨਹੀਂ ਦੇ ਸਕਦਾ। ਮੰਦੀ ਦੀ ਸਥਿਤੀ ਵਿੱਚ ਕੇਂਦਰੀ ਬੈਂਕ ਤਰਲਤਾ ਅਨੁਪਾਤ ਨੂੰ ਘੱਟ ਕਰ ਦਿੰਦਾ ਹੈ ਜਿਸਦੇ ਨਤੀਜੇ ਵਜੋਂ ਬੈਂਕ ਵਧੇਰੇ ਕਰਜ਼ਾ ਦੇ ਸਕਦੇ ਹਨ। ਇਸ ਪ੍ਰਕਾਰ ਸਾਖ ਦਾ ਵਿਸਥਾਰ ਹੁੰਦਾ ਹੈ ਜਿਸ ਕਾਰਣ ਮੰਗ ਵੱਧਦੀ ਹੈ। ਤੇਜ਼ੀ ਦੀ ਸਥਿਤੀ ਵਿੱਚ ਕੇਂਦਰੀ ਬੈਂਕ ਤਰਲਤਾ ਅਨੁਪਾਤ ਨੂੰ ਵਧਾ ਦਿੰਦਾ ਹੈ। ਜਿਸ ਨਾਲ ਬੈਂਕ ਘੱਟ ਕਰਜ਼ਾ ਦਿੰਦੇ ਹਨ, ਇਸ ਤਰ੍ਹਾਂ ਸਾਖ ਦਾ ਸੰਕੁਚਨ ਹੁੰਦਾ ਹੈ।

**(v) ਕਰਜ਼ਿਆਂ ਦੀ ਸੀਮਾਂਤ ਲੋੜ ਵਿੱਚ ਪਰਿਵਰਤਨ** (Change in Marginal Requirement of Loans) :— ਕਰਜ਼ਿਆਂ ਦੀ ਸੀਮਾਂਤ ਲੋੜ ਤੋਂ ਭਾਵ ਹੈ ਕਰਜ਼ਿਆਂ ਲਈ ਦਿੱਤੀ ਜਾਣ ਵਾਲੀ ਜਮਾਨਤ ਦਾ ਚਾਲੂ ਕੀਮਤ ਅਤੇ ਦਿੱਤੇ ਜਾਣ ਵਾਲੇ ਕਰਜ਼ੇ ਦੀ ਮਾਤਰਾ ਵਿੱਚ ਅੰਤਰ। ਉਦਾਹਰਣ ਵਜੋਂ, ਜੇਕਰ ਕਿਸੇ ਵਿਅਕਤੀ ਨੇ 100 ਰੁਪਏ ਦਾ ਮਾਲ ਬੈਂਕ ਦੇ ਕੋਲ ਜਮਾਨਤੀ ਰੱਖਿਆ ਹੈ, ਬੈਂਕ ਉਸ ਨੂੰ 20 ਰੁਪਏ ਸੀਮਾਂਤ ਲੋੜ ਵੱਜੋਂ ਘੱਟ ਕਰਕੇ ਭਾਵ 80 ਰੁਪਏ ਦਾ ਕਰਜ਼ਾ ਦਿੰਦਾ ਹੈ ਤਾਂ ਸੀਮਾਂਤ ਲੋੜ 20% ਹੋਵੇਗੀ। ਜੇਕਰ ਬੈਂਕ ਇਸ ਨੂੰ ਵਧਾ ਦਿੰਦਾ ਹੈ ਤਾਂ ਲੋਕਾਂ ਨੂੰ ਇਸ ਮਾਲ ਤੇ ਘੱਟ ਕਰਜ਼ਾ ਮਿਲੇਗਾ ਅਤੇ ਸਾਖ ਦਾ ਸੰਕੁਚਨ ਹੋਵੇਗਾ। ਉਸਦੇ ਉਲਟ, ਜੇਕਰ ਬੈਂਕ ਸੀਮਾਂਤ ਲੋੜ ਨੂੰ ਘੱਟ ਕਰ ਦਿੰਦਾ ਹੈ ਤਾਂ ਸਾਖ ਦਾ ਵਿਸਥਾਰ ਹੋ ਸਕੇਗਾ। ਸੰਖੇਪ ਵਿੱਚ, ਮੰਦੀ ਦੀ ਸਥਿਤੀ ਵਿਚ ਕਰਜ਼ਿਆਂ ਦੀ ਸੀਮਾਂਤ ਲੋੜ ਨੂੰ ਘੱਟ ਕਰ ਦਿੱਤਾ ਜਾਂਦਾ ਹੈ ਅਤੇ ਤੇਜ਼ੀ ਦੀ ਸਥਿਤੀ ਵਿੱਚ ਇਸ ਨੂੰ ਵਧਾ ਦਿੱਤਾ ਜਾਂਦਾ ਹੈ।

## 20. ਰਾਜਕੋਸ਼ੀ ਨੀਤੀ (Fiscal Policy)

ਆਧੁਨਿਕ ਯੁਗ ਵਿੱਚ ਸਰਕਾਰ ਦੀਆਂ ਆਰਥਿਕ ਕਿਰਿਆਵਾਂ ਬਹੁਤ ਵੱਧ ਗਈਆਂ ਹਨ। ਸਰਕਾਰ ਆਪਣੀ ਆਮਦਨ ਅਤੇ ਖਰਚਿਆਂ ਵਿੱਚ ਪਰਿਵਰਤਨ ਕਰਕੇ ਕੁੱਲ ਮੰਗ ਨੂੰ ਕਾਫ਼ੀ ਹੱਦ ਤੱਕ ਪ੍ਰਭਾਵਿਤ ਕਰ ਸਕਦੀ ਹੈ। ਸਰਕਾਰ ਦੀ ਆਮਦਨ ਅਤੇ ਖਰਚਿਆਂ ਸੰਬੰਧੀ ਨੀਤੀ ਨੂੰ ਰਾਜਕੋਸ਼ੀ ਨੀਤੀ ਕਿਹਾ ਜਾਂਦਾ ਹੈ। ਰਾਜਕੋਸ਼ੀ ਨੀਤੀ ਦੇ ਉਦੇਸ਼ ਹਨ (i) ਆਰਥਿਕ ਵਿਕਾਸ (ii) ਕੀਮਤ ਸਥਿਰਤਾ (iii) ਵਟਾਂਦਰਾ ਸਥਿਰਤਾ (iv) ਪੂਰਨ ਰੋਜ਼ਗਾਰ ਅਤੇ (v) ਆਰਥਿਕ ਸਮਾਨਤਾ।

### 20.1 ਪਰਿਭਾਸ਼ਾ (Definition)

ਡਾਲਟਨ (Dalton) ਦੇ ਸ਼ਬਦਾਂ ਵਿੱਚ, "ਸਰਕਾਰ ਦੀ ਨਿਸ਼ਚਿਤ ਉਦੇਸ਼ਾਂ ਦੀ ਪ੍ਰਾਪਤੀ ਕਰਨ ਲਈ ਆਮਦਨ, ਖਰਚ ਅਤੇ ਕਰਜ਼ਿਆਂ ਸੰਬੰਧੀ ਨੀਤੀ ਨੂੰ ਰਾਜਕੋਸ਼ੀ ਨੀਤੀ ਕਹਿੰਦੇ ਹਨ।"

### 20.2 ਰਾਜਕੋਸ਼ੀ ਨੀਤੀ ਦੀਆਂ ਵਿਧੀਆਂ (Methods of Fiscal Policy)

**1. ਸਰਵਜਨਕ ਆਮਦਨ (Public Income) :**—ਰਾਜਕੋਸ਼ੀ ਨੀਤੀ ਅਧੀਨ ਸਰਵਜਨਕ ਆਮਦਨ ਦੇ ਤਿੰਨ ਮੁੱਖ ਢੰਗ ਹਨ :—

**(i) ਕਰ** (Taxes) :— ਕਰ ਇੱਕ ਅਜਿਹਾ ਜ਼ਰੂਰੀ ਭੁਗਤਾਨ ਹੈ ਜੋ ਸਰਕਾਰ ਨੂੰ ਕਾਨੂੰਨ ਦੇ ਅਨੁਸਾਰ ਦਿੱਤਾ ਜਾਂਦਾ ਹੈ। ਕਰ ਦੋ ਪ੍ਰਕਾਰ ਦੇ ਹੁੰਦੇ ਹਨ :— (ੳ) ਪ੍ਰਤੱਖ ਕਰ (Direct Taxes) ਅਤੇ (ਅ) ਅਪ੍ਰਤੱਖ ਕਰ (Indirect Taxes)। ਪ੍ਰਤੱਖ ਕਰ ਉਹ ਕਰ ਹਨ ਜੋ ਵਿਅਕਤੀਆਂ ਦੀ ਆਮਦਨ ਅਤੇ ਧਨ ਤੇ ਲਗਾਏ ਜਾਂਦੇ ਹਨ। ਜਿਵੇਂ — ਆਮਦਨ ਕਰ, ਉਪਹਾਰ ਕਰ, ਸੰਪਤੀ ਕਰ ਆਦਿ। ਇਸਦੇ ਉਲਟ ਅਪ੍ਰਤੱਖ ਕਰ ਉਹ ਕਰ ਹਨ ਜੋ ਵਸਤਾਂ ਤੇ ਲਗਾਏ ਜਾਂਦੇ ਹਨ ਅਤੇ ਇਹਨਾਂ ਦਾ ਬੋਝ ਕਿਸੇ ਹੋਰ ਵਿਅਕਤੀ ਤੇ ਪਾ ਦਿੱਤਾ ਜਾਂਦਾ ਹੈ। ਜਿਵੇਂ :— ਵਿਕਰੀ ਕਰ, ਉਤਪਾਦਨ ਕਰ, ਮਨੋਰੰਜਨ ਕਰ ਆਦਿ।

**(ii) ਸਰਵਜਨਕ ਕਰਜ਼ੇ** (Public Debt) :—ਸਰਕਾਰ ਜਨਤਾ ਕੋਲੋਂ ਕਰਜ਼ਿਆਂ ਦੇ ਰੂਪ ਵਿੱਚ ਜੋ ਰਕਮ ਇੱਕਠੀ ਕਰਦੀ ਹੈ, ਉਸਨੂੰ ਸਰਵਜਨਿਕ ਕਰਜ਼ੇ ਕਿਹਾ ਜਾਂਦਾ ਹੈ।

**(iii) ਘਾਟੇ ਦੀ ਵਿੱਤ-ਵਿਵਸਥਾ** (Deficit Financing) :— ਘਾਟੇ ਦੀ ਵਿੱਤ-ਵਿਵਸਥਾ ਉਹ ਵਿਧੀ ਹੈ ਜਿਸ ਰਾਹੀਂ ਸਰਕਾਰ ਆਪਣੇ ਘਾਟੇ ਨੂੰ ਕੇਂਦਰੀ ਬੈਂਕ ਤੋਂ ਕਰਜ਼ੇ ਲੈ ਕੇ ਪੂਰਾ ਕਰਦੀ ਹੈ। ਕੇਂਦਰੀ ਬੈਂਕ ਇਹ ਕਰਜ਼ੇ ਨਵੇਂ ਨੋਟ ਛਾਪ ਕੇ ਦਿੰਦਾ ਹੈ। ਇਸਦੇ ਸਿੱਟੇ ਵਜੋਂ ਮੁਦਰਾ ਦੀ ਪੂਰਤੀ ਵਧਦੀ ਹੈ।

**2. ਸਰਵਜਨਕ ਖਰਚੇ (Public Expenditure) :**—ਸਰਕਾਰ ਦੁਆਰਾ ਕੀਤੇ ਖਰਚਿਆਂ ਨੂੰ ਸਰਵਜਨਕ ਖਰਚੇ (Public Expenditure) ਕਿਹਾ ਜਾਂਦਾ ਹੈ। ਇਹ ਚਾਰ ਪ੍ਰਕਾਰ ਦੇ ਹੋ ਸਕਦੇ ਹਨ :—

(i) ਸਰਵਜਨਕ ਕੰਮ :— ਜਿਵੇਂ ਸੜਕਾਂ, ਡੈਮ, ਪੁਲ ਆਦਿ ਉੱਤੇ ਕੀਤੇ ਜਾਣ ਵਾਲੇ ਖਰਚੇ ਆਦਿ।

(ii) ਸਰਵਜਨਕ ਕਲਿਆਣ ਦੇ ਕੰਮ :— ਜਿਵੇਂ ਸਿੱਖਿਆ, ਜਨ-ਸਿਹਤ ਆਦਿ ਉੱਤੇ ਕੀਤੇ ਜਾਣ ਵਾਲੇ ਖਰਚੇ ਆਦਿ।

(iii) ਦੇਸ਼ ਦੀ ਸੁਰੱਖਿਆ ਅਤੇ ਕਾਨੂੰਨ ਵਿਵਸਥਾ :—ਜਿਵੇਂ ਪੁਲਿਸ, ਜੇਲਾਂ ਆਦਿ ਉਪਰ ਖਰਚੇ।

(iv) ਉਤਪਾਦਕਾਂ ਨੂੰ ਉਤਪਾਦਨ ਅਤੇ ਨਿਰਯਾਤ ਵਧਾਉਣ ਲਈ ਦਿੱਤੀ ਜਾਣ ਵਾਲੀ ਆਰਥਿਕ ਸਹਾਇਤਾ ਅਤੇ ਲੋਕਾਂ ਨੂੰ ਹਸਤਾਂਤਰਣ ਭੁਗਤਾਨ (Transfer Payment) ਕਰਨ ਲਈ ਕੀਤੇ ਗਏ ਖਰਚੇ ਆਦਿ।

ਇਸ ਤਰ੍ਹਾਂ ਸਰਕਾਰ ਸਰਵਜਨਕ ਖਰਚਿਆਂ ਅਤੇ ਆਮਦਨ ਵਿੱਚ ਪਰਿਵਰਤਨ ਕਰਕੇ ਮੰਦੀ ਅਤੇ ਤੇਜ਼ੀ ਨੂੰ ਨਿਯਮਤ ਕਰ ਸਕਦੀ ਹੈ।

## ਅਭਿਆਸ

**I. ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਇਹਨਾਂ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ ਦਿਓ)**

**(Very Short Answer Type Questions)**

1. ਰਾਸ਼ਟਰੀ ਆਮਦਨ ਦੀ ਪਰਿਭਾਸ਼ਾ ਦਿਓ।
2. ਪ੍ਰਤੀ ਵਿਅਕਤੀ ਆਮਦਨ ਦੀ ਪਰਿਭਾਸ਼ਾ ਦਿਓ।
3. ਉਪਭੋਗ ਤੋਂ ਕੀ ਭਾਵ ਹੈ ?
4. ਨਿਵੇਸ਼ ਦੀ ਪਰਿਭਾਸ਼ਾ ਦਿਓ।
5. ਪ੍ਰੇਰਿਤ ਨਿਵੇਸ਼ ਦਾ ਕੀ ਅਰਥ ਹੈ ?
6. ਸਵੈ-ਚਲਿਤ ਨਿਵੇਸ਼ ਦਾ ਕੀ ਅਰਥ ਹੈ ?
7. ਪੂੰਜੀ ਨਿਰਮਾਣ ਕਿਸ ਨੂੰ ਕਹਿੰਦੇ ਹਨ ?
8. ਛੁਪੀ ਹੋਈ ਬੇਰੁਜ਼ਗਾਰੀ ਤੋਂ ਕੀ ਭਾਵ ਹੈ ?
9. ਪੂਰਣ ਰੁਜ਼ਗਾਰ ਦੀ ਪਰਿਭਾਸ਼ਾ ਦਿਓ।
10. ਮੁਦਰਾ ਸਫੀਤੀ ਤੋਂ ਕੀ ਭਾਵ ਹੈ ?
11. ਮੁਦਰਾ ਦੀ ਪੂਰਤੀ ਤੋਂ ਕੀ ਭਾਵ ਹੈ ?
12. ਘਾਟੇ ਦੀ ਵਿੱਤ-ਵਿਵਸਥਾ ਤੋਂ ਕੀ ਭਾਵ ਹੈ ?

13. ਭਾਰਤ ਵਿੱਚ ਗਰੀਬੀ ਰੇਖਾ ਤੋਂ ਹੇਠਾਂ ਕਿਹੜੇ ਲੋਕਾਂ ਨੂੰ ਮੰਨਿਆ ਜਾਂਦਾ ਹੈ ?
14. ਵਿਦੇਸ਼ੀ ਸਹਾਇਤਾ ਤੋਂ ਕੀ ਭਾਵ ਹੈ ?
15. ਭੁਗਤਾਨ ਸੰਤੁਲਨ ਦੀ ਪਰਿਭਾਸ਼ਾ ਦਿਓ।
16. ਰਾਜਕੋਸ਼ੀ ਨੀਤੀ ਤੋਂ ਕੀ ਭਾਵ ਹੈ ?

**II. ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਇਹਨਾਂ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ।**

**(Short Answer Type Questions)**

1. ਰਾਸ਼ਟਰੀ ਆਮਦਨ ਦੀ ਪਰਿਭਾਸ਼ਾ ਦਿਓ। ਰਾਸ਼ਟਰੀ ਆਮਦਨ ਅਤੇ ਘਰੇਲੂ ਆਮਦਨ ਵਿੱਚ ਕੀ ਅੰਤਰ ਹੈ ?
2. ਪ੍ਰਤੀ ਵਿਅਕਤੀ ਆਮਦਨ ਤੋਂ ਕੀ ਭਾਵ ਹੈ ? ਪ੍ਰਤੀ ਵਿਅਕਤੀ ਆਮਦਨ ਦਾ ਅਨੁਮਾਨ ਕਿਸ ਤਰ੍ਹਾਂ ਲਗਾਇਆ ਜਾ ਸਕਦਾ ਹੈ ?
3. ਉਪਭੋਗ ਤੋਂ ਕੀ ਭਾਵ ਹੈ ? ਔਸਤ ਉਪਭੋਗ ਪ੍ਰਵਿਰਤੀ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ ਦੀ ਪਰਿਭਾਸ਼ਾ ਦਿਓ।
4. ਬੱਚਤ ਤੋਂ ਕੀ ਭਾਵ ਹੈ ? ਔਸਤ ਬੱਚਤ ਪ੍ਰਵਿਰਤੀ ਅਤੇ ਸੀਮਾਂਤ ਬੱਚਤ ਪ੍ਰਵਿਰਤੀ ਦੀ ਪਰਿਭਾਸ਼ਾ ਦਿਓ।
5. ਨਿਵੇਸ਼ ਦੀ ਪਰਿਭਾਸ਼ਾ ਦਿਉ। ਨਿਵੇਸ਼ ਨੂੰ ਨਿਰਧਾਰਣ ਕਰਨ ਵਾਲੇ ਤੱਤ ਕਿਹੜੇ ਹਨ ?
6. ਪੂੰਜੀ ਨਿਰਮਾਣ ਤੋਂ ਕੀ ਭਾਵ ਹੈ ? ਕੁੱਲ ਪੂੰਜੀ ਨਿਰਮਾਣ ਅਤੇ ਸ਼ੁੱਧ ਪੂੰਜੀ ਨਿਰਮਾਣ ਵਿੱਚ ਕੀ ਅੰਤਰ ਹੈ ?
7. ਛੁਪੀ ਬੇਰੁਜ਼ਗਾਰੀ ਦੀ ਪਰਿਭਾਸ਼ਾ ਦਿਓ। ਇਸ ਨੂੰ ਇੱਕ ਉਦਾਹਰਣ ਰਾਹੀਂ ਸਪਸ਼ਟ ਕਰੋ।
8. ਪੂਰਨ ਰੋਜ਼ਗਾਰ ਤੋਂ ਕੀ ਭਾਵ ਹੈ ? ਸੰਰਚਨਾਤਮਕ ਬੇਰੁਜ਼ਗਾਰੀ ਅਤੇ ਤਕਨੀਕੀ ਬੇਰੁਜ਼ਗਾਰੀ ਦੇ ਕੀ ਅਰਥ ਹਨ ?
9. ਮੁਦਰਾ-ਸਫੀਤੀ ਤੋਂ ਕੀ ਭਾਵ ਹੈ ? ਇਸ ਦੀ ਵਿਆਖਿਆ ਕਰੋ।
10. ਬਜਟ ਕਿਸ ਨੂੰ ਕਹਿੰਦੇ ਹਨ ? ਭਾਰਤ ਸਰਕਾਰ ਦੇ ਬਜਟ ਵਿੱਚ ਆਮਦਨ ਅਤੇ ਖਰਚਿਆਂ ਦੀਆਂ ਮੁੱਖ ਮੱਦਾਂ ਕਿਹੜੀਆਂ ਹਨ ?
11. ਘਾਟੇ ਦੀ ਵਿੱਤ-ਵਿਵਸਥਾ ਦੀ ਪਰਿਭਾਸ਼ਾ ਦਿਓ। ਇਸਦੇ ਅਧੀਨ ਕਿਹੜੇ ਤਰੀਕਿਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ।
12. ਸਰਵਜਨਕ ਵਿੱਤ ਤੋਂ ਕੀ ਭਾਵ ਹੈ ? ਪ੍ਰਤੱਖ ਅਤੇ ਅਪ੍ਰਤੱਖ ਕਰਾਂ ਦੀਆਂ ਉਦਾਹਰਣ-ਸਹਿਤ ਵਿਆਖਿਆ ਕਰੋ।
13. ਸਰਵਜਨਕ ਖਰਚੇ ਦਾ ਕੀ ਅਰਥ ਹੈ ? ਸਰਵਜਨਕ ਖਰਚੇ ਕਿੰਨੇ ਤਰ੍ਹਾਂ ਦੇ ਹਨ ?
14. ਗਰੀਬੀ-ਰੇਖਾ ਦੀ ਧਾਰਣਾ ਦੀ ਵਿਆਖਿਆ ਕਰੋ। ਭਾਰਤ ਵਿੱਚ ਗਰੀਬੀ ਰੇਖਾ ਦੀਆਂ ਕੀ ਸੀਮਾਵਾਂ ਹਨ ?
15. ਵਿਕਾਸ ਦਰ ਦੀ ਪਰਿਭਾਸ਼ਾ ਦਿਓ। ਇਸ ਦੀ ਗਣਨਾ ਕਿਵੇਂ ਕੀਤੀ ਜਾ ਸਕਦੀ ਹੈ ?
16. ਵਿਦੇਸ਼ੀ ਸਹਾਇਤਾ ਤੋਂ ਕੀ ਮੰਤਵ ਹੈ ? ਇਸ ਦੇ ਮੁੱਖ ਰੂਪ ਕਿਹੜੇ ਹਨ ?

## ਪਾਠ 2
# ਭਾਰਤੀ ਅਰਥਵਿਵਸਥਾ ਦੀ ਅਧਾਰਿਕ ਸੰਰਚਨਾ
## (INFRASTRUCTURE OF THE INDIAN ECONOMY)

### 1. ਭੂਮਿਕਾ (Introduction)

ਹਰ ਇੱਕ ਮਨੁੱਖ ਇੱਕ ਉਪਭੋਗਤਾ ਅਤੇ ਉਤਪਾਦਕ ਦੇ ਰੂਪ ਵਿੱਚ ਆਪਣੀਆਂ ਲੋੜਾਂ ਦੀ ਸੰਤੁਸ਼ਟੀ ਕਰਨ ਲਈ ਕੇਵਲ ਵਸਤੂਆਂ ਦੀ ਮੰਗ ਹੀ ਨਹੀਂ ਕਰਦਾ ਬਲਕਿ ਸੇਵਾਵਾਂ ਦੀ ਮੰਗ ਵੀ ਕਰਦਾ ਹੈ। ਉਦਾਹਰਨ ਵੱਜੋਂ, ਇੱਕ ਉਪਭੋਗਤਾ ਸਿਰਫ ਰੋਟੀ, ਕਪੜਾ, ਮਕਾਨ, ਰੇਡੀਓ ਜਾਂ ਫ੍ਰਿਜ਼ ਦੀ ਹੀ ਮੰਗ ਨਹੀਂ ਕਰਦਾ ਬਲਕਿ ਉਹ ਸਿੱਖਿਆ ਅਤੇ ਸਿਹਤ ਸੰਬੰਧੀ ਸੇਵਾਵਾਂ, ਆਵਾਜਾਈ ਦੀਆਂ ਸੇਵਾਵਾਂ ਦੀ ਮੰਗ ਵੀ ਕਰਦਾ ਹੈ। ਇਹਨਾਂ ਨੂੰ ਉਪਭੋਗਤਾ ਸੇਵਾਵਾਂ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਇੱਕ ਉਤਪਾਦਕ ਨੂੰ ਕੱਚਾ ਮਾਲ ਕਾਰਖਾਨੇ ਤੱਕ ਪਹੁੰਚਾਉਣ ਲਈ ਅਤੇ ਤਿਆਰ ਮਾਲ ਨੂੰ ਕਾਰਖ਼ਾਨੇ ਤੋਂ ਬਾਜ਼ਾਰ ਤੱਕ ਪਹੁੰਚਾਉਣ ਲਈ ਢੋਆ-ਢੁਆਈ ਦੀਆਂ ਸੇਵਾਵਾਂ, ਮਸ਼ੀਨਾਂ ਚਲਾਉਣ ਲਈ ਬਿਜਲੀ, ਖੇਤਾਂ ਨੂੰ ਪਾਣੀ ਦੇਣ ਲਈ ਸਿੰਚਾਈ, ਮਜ਼ਦੂਰਾਂ ਦੀ ਕਾਰਜ਼ਕੁਸ਼ਲਤਾ ਵਧਾਉਣ ਲਈ ਸਿੱਖਿਆ ਅਤੇ ਸਿਹਤ ਨਾਲ ਸੰਬੰਧਿਤ ਸੇਵਾਵਾਂ ਦੀ ਲੋੜ ਹੁੰਦੀ ਹੈ। ਇਹਨਾਂ ਸੇਵਾਵਾਂ ਨੂੰ ਉਤਪਾਦਕ ਸੇਵਾਵਾਂ ਜਾਂ ਇਨਪੁਟ (Producer Services or Inputs) ਕਿਹਾ ਜਾਂਦਾ ਹੈ। ਉਤਪਾਦਕ ਸੇਵਾਵਾਂ ਅਤੇ ਉਪਭੋਗਤਾ ਸੇਵਾਵਾਂ ਨੂੰ ਪ੍ਰਦਾਨ ਕਰਨ ਲਈ ਕੁੱਝ ਸਹੂਲਤਾਂ ਜਿਵੇਂ ਬਿਜਲੀ-ਘਰ, ਸੜਕਾਂ, ਬੱਸਾਂ, ਹਸਪਤਾਲਾਂ ਅਤੇ ਸਕੂਲਾਂ ਦਾ ਨਿਰਮਾਣ ਕਰਨਾ ਪੈਂਦਾ ਹੈ। ਸੇਵਾਵਾਂ ਦਾ ਉਤਪਾਦਨ ਕਰਨ ਵਾਲੀਆਂ ਇਹ ਸਹੂਲਤਾਂ ਵੀ ਪੂੰਜੀ ਸਟਾਕ ਦਾ ਉਸੇ ਤਰ੍ਹਾਂ ਇੱਕ ਹਿੱਸਾ ਹੈ, ਜਿਸ ਤਰ੍ਹਾਂ ਵਸਤੂਆਂ ਦਾ ਨਿਰਮਾਣ ਕਰਨ ਵਾਲੀਆਂ ਫੈਕਟਰੀਆਂ, ਮਸ਼ੀਨਾਂ ਅਤੇ ਕੱਚਾ ਮਾਲ ਹੁੰਦਾ ਹੈ।

ਪੂੰਜੀ ਸਟਾਕ ਦੋ ਪ੍ਰਕਾਰ ਦਾ ਹੁੰਦਾ ਹੈ, ਇੱਕ ਉਹ ਜੋ ਵਸਤਾਂ ਦਾ ਉਤਪਾਦਨ ਕਰਦਾ ਹੈ ਜਿਵੇਂ ਫੈਕਟਰੀਆਂ ਜਾਂ ਮਸ਼ੀਨਾਂ, ਦੂਜਾ ਉਹ ਜੋ ਸੇਵਾਵਾਂ ਦਾ ਉਤਪਾਦਨ ਕਰਦਾ ਹੈ ਜਿਵੇਂ ਸੜਕਾਂ, ਬਿਜਲੀਘਰ, ਨਹਿਰਾਂ, ਹਸਪਤਾਲ ਜਾਂ ਸਕੂਲ ਆਦਿ।

### 2. ਅਧਾਰਿਕ ਸੰਰਚਨਾ ਦਾ ਅਰਥ (Meaning of Infrastructure)

ਕਿਸੇ ਅਰਥਵਿਵਸਥਾ ਦੇ ਪੂੰਜੀ ਸਟਾਕ ਦਾ ਉਹ ਹਿੱਸਾ ਜੋ ਵੱਖ-ਵੱਖ ਪ੍ਰਕਾਰ ਦੀਆਂ ਸੇਵਾਵਾਂ ਪ੍ਰਦਾਨ ਕਰਨ ਦੀ ਦ੍ਰਿਸ਼ਟੀ ਤੋਂ ਜ਼ਰੂਰੀ ਹੈ, ਨੂੰ ਅਧਾਰਿਕ ਸੰਰਚਨਾ ਕਿਹਾ ਜਾਂਦਾ ਹੈ। ਸੰਖੇਪ ਵਿੱਚ, ਅਧਾਰਿਕ ਸੰਰਚਨਾ ਤੋਂ ਭਾਵ ਉਹਨਾਂ ਸੁਵਿਧਾਵਾਂ, ਕਿਰਿਆਵਾਂ ਅਤੇ ਸੇਵਾਵਾਂ ਤੋਂ ਹੈ ਜੋ ਹੋਰਨਾ ਖੇਤਰਾਂ ਦੇ ਸੰਚਾਲਨ ਅਤੇ ਵਿਕਾਸ ਵਿੱਚ ਸਹਾਇਕ ਹੁੰਦੀਆਂ ਹਨ। ਉਦਾਹਰਣ ਵਜੋਂ, ਆਵਾਜਾਈ ਦੀਆਂ ਸਹੂਲਤਾਂ ਪ੍ਰਦਾਨ ਕਰਨ ਵਾਲੀਆਂ ਸੜਕਾਂ, ਬੱਸਾਂ, ਰੇਲਵੇ, ਸਿਹਤ ਸੇਵਾਵਾਂ ਦੇਣ ਵਾਲੀਆਂ ਸੰਸਥਾਵਾਂ ਜਿਵੇਂ ਹਸਪਤਾਲ, ਸਿੰਚਾਈ ਦੀਆਂ ਸਹੂਲਤਾਂ ਦੇਣ ਵਾਲੀਆਂ ਨਹਿਰਾਂ, ਖੂਹ ਆਦਿ ਪੂੰਜੀ ਸਟਾਕ ਅਧਾਰਿਕ ਸੰਰਚਨਾ ਕਹਿਲਾਉਂਦੀਆਂ ਹਨ।

### 2.1 ਅਧਾਰਿਕ ਸੰਰਚਨਾ ਦਾ ਮਹੱਤਵ (Importance of Infrastructure)

ਹਰੇਕ ਦੇਸ਼ ਦੇ ਵਿਕਾਸ ਲਈ ਅਧਾਰਿਕ ਸੰਰਚਨਾ ਜਿਵੇਂ — ਬਿਜਲੀ, ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਆਦਿ ਦਾ ਬਹੁਤ ਅਧਿਕ ਮਹੱਤਵ ਹੁੰਦਾ ਹੈ। ਇਹ ਆਰਥਿਕ ਵਿਕਾਸ ਦੀ ਆਰੰਭਿਕ-ਦਿਸ਼ਾ ਹੈ। ਇਹਨਾਂ ਦਾ ਉਚਿੱਤ ਮਾਤਰਾ ਵਿੱਚ ਹੋਣਾ ਵਿਕਾਸ ਦਾ ਅਧਾਰ ਹੈ ਅਤੇ ਇਹਨਾਂ ਦਾ ਥੋੜ੍ਹੀ ਮਾਤਰਾ ਵਿੱਚ ਹੋਣਾ ਆਰਥਿਕ ਵਿਕਾਸ ਵਿੱਚ ਸਭ ਤੋਂ ਵੱਡੀ ਰੁਕਾਵਟ ਹੈ।

ਹਰੇਕ ਅਲਪਵਿਕਸਿਤ ਦੇਸ਼ ਵਿੱਚ ਉਦਯੋਗਾਂ ਅਤੇ ਖੇਤੀਬਾੜੀ ਦੇ ਵਿਕਾਸ ਲਈ ਅਧਾਰਿਕ ਸੰਰਚਨਾ ਦੀ ਕਾਫੀ ਮਾਤਰਾ ਵਿੱਚ ਉਪਲੱਬਧ ਹੋਣ ਦੀ ਲੋੜ ਹੁੰਦੀ ਹੈ। ਅਧਾਰਿਕ ਸੰਰਚਨਾ ਦੀ ਕਮੀ ਕਾਰਣ ਉਦਯੋਗਾਂ, ਖੇਤੀਬਾੜੀ ਆਦਿ ਖੇਤਰਾਂ ਦੇ ਵਿਕਾਸ ਵਿੱਚ ਰੁਕਾਵਟਾਂ ਪੈਦਾ ਹੋ ਜਾਂਦੀਆਂ ਹਨ ਅਤੇ ਉਹਨਾਂ ਦੀ ਵਿਕਾਸ ਦਰ ਘੱਟ ਜਾਂਦੀ ਹੈ। ਉਦਾਹਰਣ ਵਜੋਂ, ਅਸੀਂ ਹਰ ਰੋਜ਼ ਇਹ ਮਹਿਸੂਸ ਕਰਦੇ ਹਾਂ ਕਿ ਬਿਜਲੀ ਦੀ ਕਮੀ ਹੋਣ ਕਰਕੇ ਉਦਯੋਗਾਂ ਅਤੇ ਖੇਤੀਬਾੜੀ ਨੂੰ ਹਾਨੀ ਉਠਾਉਣੀ ਪੈਂਦੀ ਹੈ। ਇਸੇ ਤਰ੍ਹਾਂ ਦੀ ਜੇਕਰ ਆਵਾਜਾਈ ਦੇ ਸਾਧਨ ਘੱਟ ਹੋਣ ਤਾਂ ਉਦਯੋਗਾਂ ਨੂੰ ਕੱਚਾ ਮਾਲ ਨਹੀਂ ਮਿਲ ਸਕੇਗਾ ਅਤੇ ਉਹਨਾਂ ਦਾ ਤਿਆਰ ਮਾਲ ਬਾਜ਼ਾਰ ਤੱਕ ਨਹੀਂ ਪਹੁੰਚ ਸਕੇਗਾ। ਇਸ ਤਰ੍ਹਾਂ ਅਧਾਰਿਕ ਸੰਰਚਨਾ ਦੀ ਘਾਟ ਉਦਯੋਗਾਂ ਅਤੇ ਖੇਤੀਬਾੜੀ ਆਦਿ ਦੇ ਉਤਪਾਦਕ ਖੇਤਰਾਂ ਦੇ ਵਿਕਾਸ ਦੀ ਦਰ ਨੂੰ ਘੱਟ ਕਰ ਦਿੰਦੀ ਹੈ। ਇਸ ਦੇ ਉਲਟ ਅਧਾਰਿਕ ਸੰਰਚਨਾ ਦੀ ਉਚਿੱਤ ਉਪਲੱਬਧੀ ਇਹਨਾਂ ਦੇ ਵਿਕਾਸ ਦੀ ਦਰ ਨੂੰ ਤੇਜ਼ੀ ਨਾਲ ਵਧਾਉਣ ਵਿੱਚ ਸਹਾਇਕ ਹੋ ਸਕਦੀ ਹੈ।

ਵਿਸ਼ਵ ਵਿਕਾਸ ਰਿਪੋਰਟ 1994 ਦੇ ਅਨੁਸਾਰ, "ਅਧਾਰਿਕ ਸੰਰਚਨਾ ਦੀ ਉਚਿਤ ਉਪਲੱਬਧੀ ਉਤਪਾਦਨ ਦੇ ਵਿਵਧੀਕਰਣ, ਵਪਾਰ ਵਿੱਚ ਵਿਸਥਾਰ, ਜਨਸੰਖਿਆ ਵਾਧੇ ਕਾਰਣ ਉਤਪੰਨ ਸਮੱਸਿਆਵਾਂ ਦੇ ਉਪਾਅ, ਗਰੀਬੀ ਨੂੰ ਘੱਟ ਕਰਨ ਅਤੇ ਵਾਤਾਵਰਣ ਵਿੱਚ ਸੁਧਾਰ ਕਰਨ ਵਿੱਚ ਇੱਕ ਦੇਸ਼ ਦੀ ਸਫਲਤਾ ਅਤੇ ਦੂਜੇ ਦੇਸ਼ ਦੀ ਅਸਫਲਤਾ ਨਿਰਧਾਰਿਤ ਕਰਨ ਵਿੱਚ ਸਹਾਇਕ ਹੁੰਦੀ ਹੈ।"

ਚੰਗੀ ਅਧਾਰਿਕ ਸੰਰਚਨਾ ਉਤਪਾਦਨਾਂ ਨੂੰ ਵਧਾਉਂਦੀ ਹੈ ਅਤੇ ਉਤਪਾਦਨ ਲਾਗਤ ਨੂੰ ਘੱਟ ਕਰਦੀ ਹੈ। ਪਰ ਇਸ ਦਾ ਵਿਕਾਸ ਤੇਜ਼ ਗਤੀ ਨਾਲ ਅਤੇ ਹੋਰਨਾਂ ਖੇਤਰਾਂ ਦੇ ਵਿਕਾਸ ਤੋਂ ਪਹਿਲਾਂ ਕੀਤਾ ਜਾਣਾ ਚਾਹੀਦਾ ਹੈ। ਵਿਸ਼ਵ ਬੈਂਕ ਦੇ ਅਨੁਸਾਰ ਵਿਕਾਸ ਅਤੇ ਅਧਾਰਿਕ ਸੰਰਚਨਾ ਦਾ ਪ੍ਰਤੱਖ ਅਤੇ ਅਨੁਪਾਤਕ ਸੰਬੰਧ ਹੈ। ਭਾਵ ਅਧਾਰਿਕ ਸੰਰਚਨਾ ਵਿੱਚ ਇੱਕ ਪ੍ਰਤੀਸ਼ਤ ਵਾਧਾ ਹੋਣ ਨਾਲ ਉਤਪਾਦਨ ਵਿੱਚ ਇੱਕ ਪ੍ਰਤੀਸ਼ਤ ਵਾਧਾ ਹੋਵੇਗਾ। ਕੁੱਝ ਅਰਥਸ਼ਾਸਤਰੀ ਜਿਵੇਂ – ਨਰਕਸੇ, ਹਿਰਸ਼ਮੈਨ (Nurkse, Hirschman) ਆਦਿ ਅਧਾਰਿਕ ਸੰਰਚਨਾ ਨੂੰ ਸਮਾਜਿਕ ਉਪਰੀ ਲਾਗਤ (Social Overhead Cost) ਵੀ ਕਹਿੰਦੇ ਹਨ।

### 3. ਆਰਥਿਕ ਅਧਾਰਿਕ ਸੰਰਚਨਾ (Economic Infrastructure)

ਆਰਥਿਕ ਅਧਾਰਿਕ ਸੰਰਚਨਾ ਤੋਂ ਭਾਵ ਉਸ ਪੂੰਜੀ ਸਟਾਕ ਤੋਂ ਹੈ ਜੋ ਉਤਪਾਦਨ ਪ੍ਰਣਾਲੀ ਨੂੰ ਪ੍ਰਤੱਖ ਸੇਵਾਵਾਂ ਪ੍ਰਦਾਨ ਕਰਦਾ ਹੈ। ਉਦਾਹਰਣ ਵਜੋਂ ਦੇਸ਼ ਦੀ ਆਵਾਜਾਈ ਪ੍ਰਣਾਲੀ, ਰੇਲਵੇ, ਸੜਕਾਂ, ਹਵਾਈ ਸੇਵਾਵਾਂ, ਉਤਪਾਦਨ ਅਤੇ ਵਿਤਰਣ ਪ੍ਰਣਾਲੀ ਦੇ ਇੱਕ ਹਿੱਸੇ ਦੇ ਰੂਪ ਵਿੱਚ ਹੀ ਸੇਵਾਵਾਂ ਪ੍ਰਧਾਨ ਕਰਦੀਆਂ ਹਨ। ਇਸੇ ਤਰ੍ਹਾਂ ਹੀ ਬੈਂਕਿੰਗ ਪ੍ਰਣਾਲੀ, ਮੁਦਰਾ ਅਤੇ ਪੂੰਜੀ ਬਾਜ਼ਾਰ ਦੇ ਹਿੱਸੇ ਦੇ ਰੂਪ ਵਿੱਚ ਉਦਯੋਗਾਂ ਅਤੇ ਖੇਤੀਬਾੜੀ ਨੂੰ ਵਿੱਤ ਪ੍ਰਦਾਨ ਕਰਦੀਆਂ ਹਨ। ਮਹੱਤਵਪੂਰਣ ਆਰਥਿਕ ਸੰਰਚਨਾਵਾਂ ਹੇਠ ਲਿਖੀਆਂ ਹਨ :–

(i) ਆਵਾਜਾਈ ਅਤੇ ਸੰਚਾਰ (Transport and Communication)

(ii) ਬਿਜਲੀ ਅਤੇ ਸ਼ਕਤੀ (Electricity and Power)

(iii) ਸਿੰਚਾਈ (Irrigation)

(iv) ਬੈਂਕਿੰਗ ਅਤੇ ਦੂਜੀਆਂ ਵਿੱਤੀ ਸੰਸਥਾਵਾਂ (Banking and other Financial Institutions)

ਇਹਨਾਂ ਦਾ ਵਿਸਤ੍ਰਿਤ ਵਿਵਰਣ ਹੇਠਾਂ ਲਿਖੇ ਢੰਗ ਨਾਲ ਕੀਤਾ ਜਾ ਸਕਦਾ ਹੈ :–

### 3.1 ਆਵਾਜਾਈ ਅਤੇ ਸੰਚਾਰ (Transport and Communication)

"ਕਿਸੇ ਦੇਸ਼ ਦੀ ਆਵਾਜਾਈ ਪ੍ਰਣਾਲੀ ਤੋਂ ਭਾਵ ਉਹਨਾਂ ਵੱਖ-ਵੱਖ ਸਾਧਨਾਂ ਤੋਂ ਹੈ ਜੋ ਇੱਕ ਸਥਾਨ ਤੋਂ ਦੂਜੇ ਸਥਾਨ ਤੱਕ ਲੋਕਾਂ ਅਤੇ ਵਸਤਾਂ ਨੂੰ ਲਿਆਉਣ ਅਤੇ ਲੈ ਜਾਣ ਲਈ ਵਰਤੋਂ ਵਿੱਚ ਆਉਂਦੇ ਹਨ। ਇਹਨਾਂ ਸਾਧਨਾਂ

ਵਿੱਚ ਰੇਲਾਂ, ਸੜਕਾਂ, ਜਲ ਅਤੇ ਹਵਾਈ ਆਵਾਜਾਈ ਨੂੰ ਸ਼ਾਮਲ ਕੀਤਾ ਜਾਂਦਾ ਹੈ।" ਸੰਚਾਰ ਦੇ ਸਾਧਨਾਂ ਵਿੱਚ ਡਾਕ ਸੇਵਾਵਾਂ, ਤਾਰ, ਟੈਲੀਫੂਨ, ਰੇਡਿਓ, ਟੈਲੀਵਿਜ਼ਨ ਆਦਿ ਸ਼ਾਮਿਲ ਹਨ।

### 3.2 ਆਵਾਜਾਈ ਦੇ ਸਾਧਨ (Means of Transport)

ਆਵਾਜਾਈ ਦੇ ਸਾਧਨਾਂ ਦੀ ਲੋੜ ਵਸਤਾਂ ਅਤੇ ਲੋਕਾਂ ਨੂੰ ਇੱਕ ਥਾਂ ਤੋਂ ਦੂਜੇ ਥਾਂ ਤੱਕ ਲੈ ਜਾਣ ਲਈ ਹੁੰਦੀ ਹੈ। ਇੱਕ ਅਰਥਵਿਵਸਥਾ ਵਿੱਚ ਆਵਾਜਾਈ ਦਾ ਕਿਹੜਾ ਸਾਧਨ ਜ਼ਿਆਦਾ ਠੀਕ ਹੋਵੇਗਾ। ਇਹ ਮੁੱਖ ਰੂਪ ਨਾਲ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਦੇਸ਼ ਦੇ ਭਿੰਨ-ਭਿੰਨ ਇਲਾਕਿਆਂ ਵਿੱਚ ਕਿੰਨੀ ਆਰਥਿਕ ਨਿਰਭਰਤਾ ਹੈ। ਜੇਕਰ ਕਿਸੇ ਅਰਥਵਿਵਸਥਾ ਦੇ ਭਿੰਨ-ਭਿੰਨ ਖੇਤਰ ਆਰਥਿਕ ਦ੍ਰਿਸ਼ਟੀ ਤੋਂ ਆਤਮਨਿਰਭਰ ਹਨ ਜਿਵੇਂ ਭਾਰਤ ਦੇ ਪਿੰਡ ਹਨ ਤਾਂ ਅਜਿਹੀ ਅਰਥਵਿਵਸਥਾ ਲਈ ਆਵਾਜਾਈ ਦੇ ਉਹ ਸਾਧਨ ਜ਼ਿਆਦਾ ਠੀਕ ਰਹਿਣਗੇ ਜੋ ਘੱਟ ਦੂਰੀ ਤੇ ਆਵਾਜਾਈ ਲਈ ਸਭ ਤੋਂ ਜ਼ਿਆਦਾ ਸਸਤੇ ਹੋਣ। ਇਸ ਲਈ ਭਾਰਤ ਵਿੱਚ ਬੈਲ-ਗੱਡੀਆਂ, ਘੋੜਾ-ਗੱਡੀਆਂ, ਊਠਾਂ, ਖੱਚਰਾਂ, ਦੇਸੀ ਕਿਸ਼ਤੀਆਂ ਆਦਿ ਦਾ ਆਵਾਜਾਈ ਦੇ ਸਾਧਨਾਂ ਦੇ ਰੂਪ ਵਿੱਚ ਜ਼ਿਆਦਾ ਇਸਤੇਮਾਲ ਕੀਤਾ ਜਾਂਦਾ ਹੈ। ਇਸਦੇ ਉਲਟ ਜੇਕਰ ਅਰਥ ਵਿਵਸਥਾ ਦੇ ਵਿਭਿੰਨ ਇਲਾਕਿਆਂ ਵਿੱਚ ਆਪਸੀ ਨਿਰਭਰਤਾ ਪਾਈ ਜਾਂਦੀ ਹੈ ਤਾਂ ਆਵਾਜਾਈ ਦੇ ਉਹ ਸਾਧਨ ਜ਼ਿਆਦਾ ਠੀਕ ਸਾਬਤ ਹੋਣਗੇ ਜੋ ਲੰਬੀ ਦੂਰੀ ਅਤੇ ਭਾਰੀ ਮਾਲ ਲਈ ਸਭ ਤੋਂ ਜ਼ਿਆਦਾ ਸਸਤੇ ਅਤੇ ਤੇਜ਼ ਹੋਣ। ਇਸਦੇ ਉਦਾਹਰਣ ਹਨ : ਰੇਲਵੇ, ਟਰੱਕ, ਬੱਸਾਂ, ਪਾਣੀ ਦੇ ਜਹਾਜ਼ ਅਤੇ ਹਵਾਈ ਜਹਾਜ਼ ਆਦਿ। ਭਾਰਤ ਵਿੱਚ ਉਦਯੋਗੀਕਰਣ ਅਤੇ ਖੇਤਰੀ ਆਰਥਿਕ ਵਿਕਾਸ ਵਿੱਚ ਸਮਾਨਤਾ ਲਿਆਉਣ ਦੀ ਪ੍ਰਵਿਰਤੀ ਵੱਧਣ ਕਾਰਣ ਭਿੰਨ-ਭਿੰਨ ਇਲਾਕਿਆਂ ਵਿੱਚ ਆਪਸੀ ਨਿਰਭਰਤਾ ਵੱਧ ਗਈ ਹੈ। ਵੱਡੇ-ਵੱਡੇ ਕਾਰਖਾਨਿਆਂ ਨੂੰ ਆਪਣਾ ਕੱਚਾ ਮਾਲ ਦੇਸ਼ ਦੇ ਦੂਰ-ਦੁਰਾਡੇ ਇਲਾਕਿਆਂ ਤੋਂ ਮੰਗਵਾਉਣਾ ਪੈਂਦਾ ਹੈ ਅਤੇ ਤਿਆਰ ਮਾਲ ਦੂਰ-ਦੂਰ ਇਲਾਕਿਆਂ ਵਿੱਚ ਭੇਜਣਾ ਪੈਂਦਾ ਹੈ। ਇਸੇ ਤਰ੍ਹਾਂ ਹੀ ਵਪਾਰਕ ਕੰਮਾਂ ਅਤੇ ਰੋਜ਼ਗਾਰ ਸੰਬੰਧੀ ਲੋਕਾਂ ਨੂੰ ਲੰਬੀਆਂ ਯਾਤਰਾਵਾਂ ਕਰਨੀਆਂ ਪੈਂਦੀਆਂ ਹਨ। ਇਸੇ ਤਰ੍ਹਾਂ ਹੀ ਵਪਾਰਕ ਕੰਮਾਂ ਅਤੇ ਰੋਜ਼ਗਾਰ ਸੰਬੰਧੀ ਲੋਕਾਂ ਨੂੰ ਲੰਬੀਆਂ ਯਾਤਰਾਵਾਂ ਕਰਨੀਆਂ ਪੈਂਦੀਆਂ ਹਨ। ਇਸ ਲਈ ਭਾਰਤ ਵਿੱਚ ਆਵਾਜਾਈ ਦੇ ਆਧੁਨਿਕ ਸਾਧਨ ਜਿਵੇਂ ਰੇਲਵੇ, ਬੱਸਾਂ, ਟਰੱਕ, ਸਮੁੰਦਰੀ ਜਹਾਜ਼ਾਂ, ਹਵਾਈ ਜਹਾਜ਼ਾਂ ਦਾ ਮਹੱਤਵ ਕਾਫੀ ਵੱਧ ਗਿਆ ਹੈ। ਭਾਰਤ ਵਿੱਚ ਆਵਾਜਾਈ ਦੇ ਮੁੱਖ ਸਾਧਨ ਹੇਠ ਲਿਖੇ ਹਨ :—

1. **ਰੇਲਵੇ (Railway) :**—ਰੇਲਵੇ ਲੰਬੀ ਦੂਰੀ ਦੇ ਭਾਰੀ ਮਾਲ ਲਈ ਅਤੇ ਯਾਤਰੀਆਂ ਦੇ ਆਉਣ-ਜਾਣ ਲਈ ਸਭ ਤੋਂ ਜ਼ਿਆਦਾ ਸਸਤਾ ਆਵਾਜਾਈ ਦਾ ਸਾਧਨ ਹੈ। ਭਾਰਤ ਵਿੱਚ 16 ਅਪ੍ਰੈਲ 1853 ਨੂੰ ਪਹਿਲੀ ਰੇਲਵੇ ਲਾਈਨ ਬੰਬਈ ਅਤੇ ਥਾਨਾ ਦਰਮਿਆਨ ਬਣਾਈ ਗਈ। ਭਾਰਤੀ ਰੇਲਵੇ ਵਿਵਸਥਾ ਏਸ਼ੀਆਂ ਵਿੱਚ ਸਭ ਤੋਂ ਵੱਡੀ ਅਤੇ ਸੰਸਾਰ ਵਿੱਚ ਚੌਥੀ ਮੰਨੀ ਜਾਂਦੀ ਹੈ। ਇਸ ਸਮੇਂ ਭਾਰਤ ਵਿੱਚ ਰੇਲਵੇ ਲਾਈਨਾਂ ਦੀ ਕੁੱਲ ਲੰਬਾਈ 1,15,000 ਕਿਲੋਮੀਟਰ ਹੈ। ਭਾਰਤ ਵਿੱਚ ਹਰ ਰੋਜ਼ 7,500 ਸਟੇਸ਼ਨਾਂ ਵਿਚਕਾਰ ਲਗਭਗ 20 ਹਜ਼ਾਰ ਗੱਡੀਆਂ ਚਲਦੀਆਂ ਹਨ ਜੋ ਕਿ ਪ੍ਰਤੀ ਦਿਨ ਔਸਤਨ 20 ਮੀਲੀਅਨ (Million) ਸਵਾਰੀਆਂ ਅਤੇ 2.8 ਮੀਲੀਅਨ (Million) ਟਨ ਸਮਾਨ ਢੋਂਹਦੀਆਂ ਹਨ।

2. **ਸੜਕ ਆਵਾਜਾਈ (Road Transport) :**—ਭਾਰਤ ਵਿੱਚ ਆਵਾਜਾਈ ਦਾ ਇੱਕ ਮੁੱਖ ਸਾਧਨ ਸੜਕ ਆਵਾਜਾਈ ਹੈ। ਆਜ਼ਾਦੀ ਪਿਛੋਂ ਸੜਕਾਂ ਦੇ ਨਿਰਮਾਣ ਵਿੱਚ ਕਾਫੀ ਸੁਧਾਰ ਕੀਤਾ ਗਿਆ ਹੈ। ਇਸ ਆਵਾਜਾਈ ਦੇ ਮੁੱਖ ਸਾਧਨ ਟਰੱਕ, ਬੱਸ, ਕਾਰ, ਸਕੂਟਰ, ਮੋਟਰ ਸਾਈਕਲ, ਸਾਈਕਲ, ਬੈਲਗੱਡੀ ਆਦਿ ਹਨ। ਭਾਰਤ ਵਿੱਚ ਕਈ ਪ੍ਰਕਾਰ ਦੀਆਂ ਸੜਕਾਂ ਜਿਵੇਂ ਰਾਸ਼ਟਰੀ ਸੜਕਾਂ, ਪ੍ਰਾਂਤੀ ਸੜਕਾਂ, ਜ਼ਿਲ੍ਹਾ ਸੜਕਾਂ, ਪੇਂਡੂ ਸੜਕਾਂ ਅਤੇ ਸੀਮਾ ਸੜਕਾਂ ਹਨ। ਸਵਾਰੀ ਆਵਾਜਾਈ ਲਈ ਭਿੰਨ-ਭਿੰਨ ਰਾਜਾਂ ਦੇ ਸੜਕ ਪਰਿਵਹਨ ਨਿਗਮਾਂ ਦਾ ਵਿਸ਼ੇਸ਼ ਯੋਗਦਾਨ ਹੈ। ਉਹਨਾਂ ਨੇ ਯਾਤਰੀ ਪਰਿਵਹਨ ਨੂੰ ਸੁਵਿਧਾਜਨਕ ਅਤੇ ਆਰਾਮਦਾਇਕ ਬਣਾਉਣ ਲਈ ਵਧੀਆ ਬੱਸਾਂ, ਬੱਸ ਡਿਪੂਆਂ, ਬੱਸ ਅੱਡਿਆਂ ਅਤੇ ਯਾਤਰੀ ਵਿਕਾਸ ਲਈ ਕਾਫੀ ਧਨ ਖਰਚ ਕੀਤਾ ਹੈ। ਇਸ ਤਰ੍ਹਾਂ ਇੰਡੀਆ ਭਾਰਤੀ ਸੜਕਾਂ ਵਿੱਚ ਆਵਾਜਾਈ ਦਾ ਮਹੱਤਵ ਦਿਨ ਪ੍ਰਤੀਦਿਨ ਵੱਧਦਾ ਜਾ ਰਿਹਾ ਹੈ।

3. **ਜਲ ਆਵਾਜਾਈ (Water Transport) :**—ਭਾਰਤ ਦਾ ਤੀਜਾ ਮਹੱਤਵਪੂਰਣ ਸਾਧਨ ਜਲ ਆਵਾਜਾਈ ਹੈ। ਵਿਕਾਸਸ਼ੀਲ ਦੇਸ਼ਾਂ ਵਿੱਚ ਭਾਰਤੀ ਜਹਾਜ਼ਰਾਨੀ ਦਾ ਪਹਿਲਾ ਸਥਾਨ ਹੈ, ਏਸ਼ੀਆ ਵਿੱਚ ਦੂਜਾ ਅਤੇ ਸੰਸਾਰ ਵਿੱਚ 16ਵਾਂ ਸਥਾਨ ਹੈ। ਜਲ ਆਵਾਜਾਈ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ :— (i) ਆਂਤਰਿਕ ਜਲ ਆਵਾਜਾਈ (ii) ਤੱਟੀ ਜਲ ਆਵਾਜਾਈ (iii) ਸਮੁੰਦਰੀ ਆਵਾਜਾਈ ਜਾਂ ਅੰਤਰ-ਰਾਸ਼ਟਰੀ ਜਲ ਆਵਾਜਾਈ। ਭਾਰਤੀ ਵਿੱਚ ਜਲ ਆਵਾਜਾਈ ਕਈ ਬੰਦਰਗਾਹਾਂ ਜਿਵੇਂ ਮੁੰਬਈ, ਕੋਲਕਾਤਾ, ਹਲਦੀਆ, ਚੇਨੱਈ, ਬੇਂਗਲੂਰ, ਵਿਸ਼ਾਖਾਪਟਨਮ ਆਦਿ ਰਾਹੀਂ ਕੀਤਾ ਜਾਂਦਾ ਹੈ। ਭਾਰਤ ਵਿੱਚ ਸਮੁੰਦਰੀ ਆਵਾਜਾਈ ਲਈ ਸਰਵਜਨਕ ਖੇਤਰ ਦੀਆਂ ਦੋ ਵੱਡੀਆਂ ਕੰਪਨੀਆਂ ਭਾਰਤੀ ਸ਼ਿਪਿੰਗ ਨਿਗਮ ਅਤੇ ਮੁਗਲਲਾਈਨ ਹਨ। ਇਸ ਤੋਂ ਇਲਾਵਾ ਨਿੱਜੀ ਖੇਤਰ ਵਿੱਚ ਵੀ ਕਈ ਕੰਪਨੀਆਂ ਹਨ।

4. **ਹਵਾਈ ਆਵਾਜਾਈ (Air Transport) :**—ਆਵਾਜਾਈ ਦਾ ਸਭ ਤੋਂ ਜ਼ਿਆਦਾ ਤੇਜ਼ ਅਤੇ ਮਹਿੰਗਾ ਸਾਧਨ ਹਵਾਈ ਆਵਾਜਾਈ ਹੈ। ਭਾਰਤ ਵਿੱਚ ਹਵਾਈ ਆਵਾਜਾਈ ਲਈ ਸਰਵਜਨਕ ਖੇਤਰ ਦੀਆਂ ਤਿੰਨ ਕੰਪਨੀਆਂ (i) ਇੰਡੀਅਨ ਏਅਰ ਲਾਈਨਜ਼ ਕਾਰਪੋਰੇਸ਼ਨ (ii) ਏਅਰ ਇੰਡੀਆ ਇੰਟਰਨੈਸ਼ਨਲ ਅਤੇ (iii) ਵਾਯੂਦੂਤ ਹਨ।27 ਫਰਵਰੀ 2011 ਨੂੰ ਇੰਡੀਅਨ ਏਅਰ ਲਾਇਨਜ਼ ਸਰਕਾਰੀ ਤੌਰ ਤੇ ਏਅਰ ਇੰਡੀਆ ਨਾਲ ਇਕ ਹੋ ਗਿਆ। ਪਹਿਲੀ ਅਪ੍ਰੈਲ 1997 ਤੋਂ ਵਾਯੂਦੂਤ ਦੀਆਂ ਉਡਾਨ ਪ੍ਰਕਿਰਿਆ ਇੰਡੀਅਨ ਏਅਰ ਲਾਈਨਜ਼ ਨੂੰ ਸੌਂਪ ਦਿੱਤੀਆਂ ਗਈਆਂ ਸੀ ਜੋ ਕਿ ਬਾਅਦ ਵਿੱਚ ਏਅਰ ਇੰਡੀਆ ਨਾਲ ਇਕ ਹੋ ਗਿਆ। ਸੰਨ 1992 ਪਿੱਛੋਂ ਕਈ ਨਿੱਜੀ ਕੰਪਨੀਆਂ ਵੀ ਸਥਾਪਤ ਕੀਤੀਆਂ ਗਈਆਂ ਹਨ। ਭਾਰਤ ਵਿੱਚ 17 ਅੰਤਰਰਾਸ਼ਟਰੀ ਹਵਾਈ ਅੱਡੇ ਹਨ ਜਿਨ੍ਹਾਂ ਦਾ ਸੰਚਾਲਨ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਅਧਿਕਾਰ ਰਾਹੀਂ ਕੀਤਾ ਜਾਂਦਾ ਹੈ।

### 3.3 ਸੰਚਾਰ ਦੇ ਸਾਧਨ (Means of Communication)

ਸੰਚਾਰ ਦੇ ਸਾਧਨਾਂ ਨੂੰ ਆਰਥਿਕ ਅਤੇ ਸਮਾਜਿਕ ਸੰਰਚਨਾ ਦੋਨਾਂ ਦਾ ਹੀ ਹਿੱਸਾ ਮੰਨਿਆ ਜਾ ਸਕਦਾ ਹੈ। ਭਾਰਤ ਵਿੱਚ ਸੰਚਾਰ ਦੇ ਮੁੱਖ ਸਾਧਨ ਡਾਕ, ਟੈਲੀਫੋਨ, ਰੇਡਿਓ, ਟੈਲੀਵਿਜ਼ਨ, ਫੈਕਸ, ਸਿਨੇਮਾ, ਅਖਬਾਰ, ਰਸਾਲੇ ਆਦਿ ਹਨ। ਆਰਥਿਕ ਅਧਾਰਿਕ ਸੰਰਚਨਾ ਦੇ ਰੂਪ ਵਿੱਚ ਸੰਚਾਰ ਪ੍ਰਣਾਲੀ ਬਾਜ਼ਾਰ ਵਿੱਚ ਹੋ ਰਹੇ ਪਰਿਵਰਤਨਾਂ, ਮੰਗ ਅਤੇ ਪੂਰਤੀ ਬਾਰੇ ਸੂਚਨਾ ਦਿੰਦੀ ਹੈ। ਇਹਨਾਂ ਦੇ ਅਧਾਰ ਤੇ ਹੀ ਉਤਪਾਦਕ, ਨਿਵੇਸ਼ਕਰਤਾ ਅਤੇ ਉਪਭੋਗਤਾ ਮਹੱਤਵਪੂਰਣ ਆਰਥਿਕ ਨਿਰਣੇ ਲੈਂਦੇ ਹਨ। ਮੰਗ ਅਤੇ ਪੂਰਤੀ ਦੇ ਸੰਬੰਧ ਵਿੱਚ ਸੂਚਨਾ ਦੀ ਕਮੀ ਕਾਰਣ ਉਤਪਾਦਨ ਅਤੇ ਵਿਤਰਣ ਸੰਬੰਧੀ ਨਿਰਣੇ ਲੈਣੇ ਕਠਿਨ ਹੋ ਜਾਂਦੇ ਹਨ।

ਸਮਾਜਿਕ ਅਧਾਰਿਕ ਸੰਰਚਨਾ ਦੇ ਰੂਪ ਵਿੱਚ ਰੇਡਿਓ, ਟੈਲੀਵਿਜ਼ਨ, ਅਖਬਾਰ ਅਤੇ ਰਸਾਲੇ ਸਿੱਖਿਆ ਪ੍ਰਸਾਰ ਅਤੇ ਲੋਕਾਂ ਦੇ ਗਿਆਨ ਵਾਧੇ ਵਿੱਚ ਮਹੱਤਵਪੂਰਣ ਯੋਗਦਾਨ ਦਿੰਦੀਆਂ ਹਨ। ਇਸ ਲਈ ਹਰੇਕ ਅਰਥਵਿਵਸਥਾ ਲਈ ਸੰਚਾਰ ਦੇ ਸਾਧਨਾਂ ਦਾ ਬਹੁਤ ਮਹੱਤਵ ਹੈ।

### 4. ਬਿਜਲੀ ਅਤੇ ਸ਼ਕਤੀ (Electricity and Power)

ਹਰੇਕ ਅਰਥਵਿਵਸਥਾ ਦੀ ਆਰਥਿਕ ਸੰਰਚਨਾ ਵਿੱਚ ਬਿਜਲੀ-ਸ਼ਕਤੀ ਜਾਂ ਬਿਜਲੀ ਦਾ ਬਹੁਤ ਮਹੱਤਵਪੂਰਣ ਸਥਾਨ ਹੈ। ਕਿਸੇ ਦੇਸ਼ ਵਿੱਚ ਉਪਭੋਗ ਕੀਤੀ ਜਾਣ ਵਾਲੀ ਬਿਜਲੀ ਦੀ ਮਾਤਰਾ ਨੂੰ ਉਸਦੇ ਉਦਯੋਗੀਕਰਣ ਅਤੇ ਆਰਥਿਕ ਵਿਕਾਸ ਦਾ ਸੂਚਕ ਮੰਨਿਆ ਜਾਂਦਾ ਹੈ। ਆਜ਼ਾਦੀ ਤੋਂ ਪਹਿਲਾਂ ਭਾਰਤ ਵਿੱਚ ਪ੍ਰਤੀ ਵਿਅਕਤੀ ਬਿਜਲੀ ਦਾ ਉਪਭੋਗ ਬਹੁਤ ਘੱਟ ਸੀ ਪਰ ਆਜ਼ਾਦੀ ਪਿੱਛੋਂ ਇਸ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਦੇਸ਼ ਵਿੱਚ ਬਿਜਲੀ ਦਾ ਵੱਧਦਾ ਹੋਇਆ ਉਪਭੋਗ ਇਸ ਗੱਲ ਦਾ ਪ੍ਰਤੀਕ ਹੈ ਕਿ ਆਧੁਨਿਕ ਉਦਯੋਗਾਂ ਦੀ ਜ਼ਿਆਦਾ ਸਥਾਪਨਾ ਹੋ ਰਹੀ ਹੈ ਅਤੇ ਅਰਥਵਿਵਸਥਾ ਵਿਕਸਤ ਹੋ ਰਹੀ ਹੈ।

ਭਾਰਤ ਵਿੱਚ ਬਿਜਲੀ ਦੇ ਤਿੰਨ ਮੁੱਖ ਸਾਧਨ ਹਨ :— (i) ਤਾਪ ਬਿਜਲੀ (ii) ਜਲ ਬਿਜਲੀ ਅਤੇ (iii) ਪਰਮਾਣੂ ਬਿਜਲੀ।

**(i) ਤਾਪ ਬਿਜਲੀ** (Thermal Power) :— ਇਹ ਬਿਜਲੀ ਤਾਪ ਬਿਜਲੀ ਸਟੇਸ਼ਨਾਂ ਵਿੱਚ ਕੋਇਲੇ ਤੋਂ ਪੈਦਾ ਕੀਤੀ ਜਾਂਦੀ ਹੈ। ਭਾਰਤ ਵਿੱਚ ਬਿਜਲੀ ਪੈਦਾ ਕਰਨ ਦਾ ਇਹ ਸਭ ਤੋਂ ਵੱਡਾ ਸਾਧਨ ਹੈ।

**(ii) ਜਲ ਬਿਜਲੀ** (Hydro-Electric Power) :— ਇਹ ਬਿਜਲੀ ਤੇਜ਼ੀ ਨਾਲ ਵਹਿ ਰਹੀਆਂ ਨਦੀਆਂ ਉੱਤੇ ਉੱਚੇ ਡੈਮ ਬਣਾਕੇ ਉਹਨਾਂ ਦੇ ਪਾਣੀ ਨਾਲ ਮਸ਼ੀਨਾਂ ਚਲਾਕੇ ਪੈਦਾ ਕੀਤੀ ਜਾਂਦੀ ਹੈ। ਭਾਰਤ ਵਿੱਚ ਬਹੁ-ਮੁੱਖੀ ਨਦੀ ਘਾਟੀ ਯੋਜਨਾਵਾਂ ਦੇ ਵਿਕਾਸ ਨਾਲ ਬਿਜਲੀ ਦਾ ਉਤਪਾਦਨ ਵੱਧਦਾ ਜਾ ਰਿਹਾ ਹੈ।

**(iii) ਪਰਮਾਣੂ ਬਿਜਲੀ** (Nuclear Power) :— ਭਾਰਤ ਸੰਸਾਰ ਦੇ ਉਹਨਾਂ ਥੋੜ੍ਹੇ ਜਿੰਨੇ ਦੇਸ਼ਾਂ ਵਿਚੋਂ ਹੈ ਜੋ ਪਰਮਾਣੂ ਸ਼ਕਤੀ ਦੇ ਉਤਪਾਦਨ ਦੀ ਸ਼ਕਤੀ ਰੱਖਦੇ ਹਨ। ਭਾਰਤ ਵਿੱਚ ਪਰਮਾਣੂ ਸ਼ਕਤੀ ਨੂੰ ਪੈਦਾ ਕਰਨ ਲਈ ਕਾਫ਼ੀ ਮਾਤਰਾ ਵਿੱਚ ਖਣਿਜ ਮਿਲਦੇ ਹਨ, ਪਰੰਤੂ ਫਿਰ ਵੀ ਪਰਮਾਣੂ ਬਿਜਲੀ ਦਾ ਉਤਪਾਦਨ ਬਹੁਤ ਘੱਟ ਮਾਤਰਾ ਵਿੱਚ ਕੀਤਾ ਜਾਂਦਾ ਹੈ।

ਯੋਜਨਾਕਾਲ ਵਿੱਚ ਪੇਂਡੂ ਬਿਜਲੀਕਰਣ ਦੀ ਪ੍ਰਵਿਰਤੀ ਵਿੱਚ ਕਾਫੀ ਵਾਧਾ ਹੋਇਆ ਹੈ। ਕਈ ਰਾਜਾਂ ਜਿਵੇਂ— ਪੰਜਾਬ, ਹਰਿਆਣਾ, ਗੁਜਰਾਤ, ਮਹਾਂਰਾਸ਼ਟਰ, ਹਿਮਾਚਲ ਪ੍ਰਦੇਸ਼ ਆਦਿ ਦੇ ਸਾਰੇ ਪਿੰਡਾਂ ਵਿੱਚ ਬਿਜਲੀਕਰਣ ਕਰ ਦਿੱਤਾ ਗਿਆ ਹੈ ਪਰ ਫਿਰ ਵੀ ਹੁਣ ਤੱਕ ਭਾਰਤ ਦੇ 16% ਪਿੰਡ ਅਜਿਹੇ ਹਨ ਜਿੱਥੇ ਬਿਜਲੀ ਦੀ ਵਿਵਸਥਾ ਨਹੀਂ ਕੀਤੀ ਗਈ। ਪਿੰਡਾਂ ਵਿੱਚ ਬਿਜਲੀ ਦਾ ਪ੍ਰਯੋਗ ਲਘੂ ਸਿੰਚਾਈ ਲਈ ਪੰਪਸੈਟਾਂ ਨੂੰ ਚਲਾਉਣ ਲਈ ਕਾਫੀ ਮਾਤਰਾ ਵਿੱਚ ਕੀਤਾ ਜਾ ਰਿਹਾ ਹੈ।

### 4.1 ਸਿੰਚਾਈ (Irrigation)

ਖੇਤੀਬਾੜੀ ਨੂੰ ਪਾਣੀ ਦੋ ਢੰਗਾਂ ਨਾਲ ਮਿਲਦਾ ਹੈ — ਇੱਕ ਕੁਦਰਤੀ ਸਾਧਨਾਂ ਜਿਵੇਂ ਵਰਖਾ ਰਾਹੀਂ ਅਤੇ ਦੂਜੇ ਬਨਾਵਟੀ ਸਾਧਨਾਂ ਜਿਵੇਂ - ਖੂਹਾਂ, ਟਿਊਬਵੈਲਾਂ, ਤਲਾਬਾਂ, ਨਹਿਰਾਂ ਆਦਿ ਰਾਹੀਂ। ਖੇਤੀਬਾੜੀ ਲਈ ਸਿੰਚਾਈ ਦਾ ਮਹੱਤਵ ਕਈ ਗੱਲਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਜਿਵੇਂ —

1. **ਵਰਖਾ ਦੀ ਅਨਿਸ਼ਚਿਤਤਾ :**— ਭਾਰਤ ਵਿੱਚ ਵਰਖਾ ਮਾਨਸੂਨ ਤੇ ਨਿਰਭਰ ਕਰਦੀ ਹੈ। ਮਾਨਸੂਨ ਅਨਿਸ਼ਚਿਤ ਹੁੰਦਾ ਹੈ। ਹਰੇਕ ਚਾਰ ਜਾਂ ਪੰਜ ਸਾਲਾਂ ਵਿੱਚ ਇੱਕ ਵਾਰ ਸੋਕਾ ਪੈ ਜਾਂਦਾ ਹੈ। ਕਈ ਵਾਰ ਬਹੁਤ ਅਧਿਕ ਵਰਖਾ ਹੋ ਜਾਂਦੀ ਹੈ। ਇਸ ਤੋਂ ਇਲਾਵਾ ਵਰਖਾ ਦਾ ਸਮਾਂ ਵੀ ਅਨਿਸ਼ਚਿਤ ਹੁੰਦਾ ਹੈ। ਕਈ ਵਾਰ ਤਾਂ ਵਰਖਾ ਬਹੁਤ ਪਹਿਲਾਂ ਹੀ ਸ਼ੁਰੂ ਹੋ ਜਾਂਦੀ ਹੈ ਅਤੇ ਕਈ ਵਾਰ ਦੇਰੀ ਨਾਲ ਸ਼ੁਰੂ ਹੁੰਦੀ ਹੈ। ਇਸ ਲਈ ਕਿਹਾ ਜਾਂਦਾ ਹੈ ਕਿ "ਭਾਰਤੀ ਖੇਤੀ ਮਾਨਸੂਨ ਦਾ ਜੂਆ ਹੈ।" (Indian Agriculture is a Gamble of Monsoons)

2. **ਵਰਖਾ ਦੀ ਅਸਮਾਨ ਵੰਡ :**— ਭਾਰਤ ਦੇ ਭਿੰਨ-ਭਿੰਨ ਪ੍ਰਦੇਸ਼ਾਂ ਵਿੱਚ ਵਰਖਾ ਦੀ ਵੰਡ ਬਹੁਤ ਅਸਮਾਨ ਹੈ। ਇੱਕ ਪਾਸੇ ਬਹੁਤ ਅਧਿਕ ਵਰਖਾ ਹੁੰਦੀ ਹੈ ਅਤੇ ਦੂਜੇ ਪਾਸੇ ਬਹੁਤ ਹੀ ਘੱਟ । ਇਸ ਲਈ ਘੱਟ ਵਰਖਾ ਵਾਲੇ ਪ੍ਰਦੇਸ਼ਾਂ ਲਈ ਸਿੰਚਾਈ ਦਾ ਬਹੁਤ ਅਧਿਕ ਮਹੱਤਵ ਹੈ।

3. **ਵਰਖਾ ਦਾ ਸਮਾਂ :**—ਭਾਰਤ ਵਿੱਚ ਮਾਨਸੂਨ ਤੋਂ ਹੋਣ ਵਾਲੀ ਵਰਖਾ ਵੀ ਸਾਲ ਦੇ ਬਹੁਤ ਘੱਟ ਸਮੇਂ ਲਈ ਹੀ ਸੀਮਿਤ ਰਹਿੰਦੀ ਹੈ। ਜ਼ਿਆਦਾਤਰ ਵਰਖਾ ਜੁਲਾਈ ਤੋਂ ਸਤੰਬਰ ਤੱਕ ਹੀ ਹੁੰਦੀ ਹੈ। ਸਰਦੀਆਂ ਵਿੱਚ ਵਰਖਾ ਪੰਜਾਬ, ਹਰਿਆਣਾ ਅਤੇ ਤਾਮਿਲਨਾਡੂ ਤੋਂ ਬਿਨਾਂ ਹੋਰ ਕਿਤੇ ਨਹੀਂ ਹੁੰਦੀ। ਇਸ ਲਈ ਸਾਲ ਵਿੱਚ ਦੋ ਫਸਲਾਂ ਪੈਦਾ ਕਰਨ ਲਈ ਸਿੰਚਾਈ ਦੀ ਬਹੁਤ ਲੋੜ ਹੈ।

ਭਾਰਤ ਵਿੱਚ ਸਿੰਚਾਈ ਦੀਆਂ ਯੋਜਨਾਵਾਂ ਮੁੱਖ ਰੂਪ ਵਿੱਚ ਦੋ ਪ੍ਰਕਾਰ ਦੀਆਂ ਹਨ :—

**(i) ਸਿੰਚਾਈ ਦੀਆਂ ਵੱਡੀਆਂ ਜਾਂ ਬਹੁ-ਮੁੱਖੀ ਯੋਜਨਾਵਾਂ :**—ਬਹੁ-ਮੁੱਖੀ ਯੋਜਨਾਵਾਂ ਉਹ ਯੋਜਨਾਵਾਂ ਹਨ ਜਿਨ੍ਹਾਂ ਦੀ ਸਥਾਪਨਾ ਸਿੰਚਾਈ, ਹੜ੍ਹਾਂ ਤੇ ਕੰਟਰੋਲ, ਬਿਜਲੀ ਉਤਪਾਦਨ ਆਦਿ ਕਈ ਉਦੇਸ਼ਾਂ ਲਈ ਕੀਤੀ ਜਾਂਦੀ ਹੈ। ਇਹਨਾਂ ਯੋਜਨਾਵਾਂ ਵਿੱਚ ਨਦੀ ਉੱਤੇ ਬੰਧ ਬਣਾਇਆ ਜਾਂਦਾ ਹੈ ਅਤੇ ਵਰਖਾ ਦੇ ਮੌਸਮ ਵਿੱਚ ਨਦੀਆਂ ਵਿੱਚ ਹੜ੍ਹ ਆ ਜਾਣ ਨਾਲ ਪਾਣੀ ਇਕੱਠਾ ਕਰ ਲਿਆ ਜਾਂਦਾ ਹੈ। ਇਸ ਪ੍ਰਕਾਰ ਇਕੱਠੇ ਕੀਤੇ ਗਏ ਪਾਣੀ ਦੇ ਸੋਮਿਆਂ ਤੋਂ ਕਈ ਉਦੇਸ਼ ਪੂਰੇ ਕੀਤੇ ਜਾਂਦੇ ਹਨ। ਜਿਵੇਂ — (1) ਇਸ ਸ੍ਰੋਤ ਵਿੱਚ ਇਕੱਠਾ ਕੀਤਾ ਹੋਇਆ ਪਾਣੀ ਸਾਰਾ ਸਾਲ ਨਹਿਰਾਂ ਅਤੇ ਨਾਲਿਆਂ ਦੁਆਰਾ ਸਿੰਚਾਈ ਲਈ ਖੇਤਾਂ ਵਿੱਚ ਲਿਜਾਇਆ ਜਾਂਦਾ ਹੈ। ਇਸ ਪ੍ਰਕਾਰ ਸਾਲ ਭਰ ਸਿੰਚਾਈ ਕਰਨਾ ਸੰਭਵ ਹੁੰਦਾ ਹੈ। (2) ਬੰਨ੍ਹ ਦੇ ਪਾਣੀ ਨੂੰ ਉੱਚਾਈ ਤੋਂ ਸੁੱਟ ਕੇ ਬਿਜਲੀ ਦਾ ਉਤਪਾਦਨ ਕੀਤਾ ਜਾਂਦਾ ਹੈ। ਬਿਜਲੀ ਦਾ ਪ੍ਰਯੋਗ ਸਿਰਫ਼ ਉਦਯੋਗਾਂ, ਰੇਲਾਂ, ਵਪਾਰ ਅਤੇ ਘਰਾਂ ਵਿੱਚ ਹੀ ਨਹੀਂ ਕੀਤਾ ਜਾਂਦਾ ਬਲਕਿ ਉਸਦਾ ਪ੍ਰਯੋਗ ਪਿੰਡਾਂ ਵਿੱਚ ਪੰਪਸੈਟ ਅਤੇ ਟਿਊਬਵੈੱਲ ਚਲਾ ਕੇ ਖੇਤਾਂ ਦੀ ਸਿੰਚਾਈ ਲਈ ਵੀ ਕੀਤਾ ਜਾਂਦਾ ਹੈ। (3) ਨਦੀਆਂ ਉੱਤੇ ਚੈੱਕ ਬੰਨ੍ਹ ਲਗਾਕੇ ਹੜ੍ਹਾਂ ਨੂੰ ਰੋਕਿਆ ਜਾ ਸਕਦਾ ਹੈ। ਭਾਰਤ ਵਿੱਚ ਭਾਖੜਾ ਨੰਗਲ, ਦਮੋਦਰ ਘਾਟੀ ਯੋਜਨਾਵਾਂ ਬਹੁ-ਮੁੱਖੀ ਸਿੰਚਾਈ ਦੀਆਂ ਯੋਜਨਾਵਾਂ ਦੇ ਉਦਾਹਰਣ ਹਨ।

**(ii) ਸਿੰਚਾਈ ਦੀਆਂ ਛੋਟੀਆਂ ਯੋਜਨਾਵਾਂ :**— ਛੋਟੀਆਂ ਸਿੰਚਾਈ ਯੋਜਨਾਵਾਂ ਵਿੱਚ ਮੁੱਖ ਰੂਪ ਨਾਲ ਟਿਊਬਵੈਲਾਂ, ਖੂਹਾਂ, ਬਿਜਲੀ ਨਾਲ ਚਲਣ ਵਾਲੇ ਪੰਪਸੈਟਾਂ ਅਤੇ ਤਾਲਾਬਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਪਾਣੀ ਦੀ ਘਾਟ ਵਾਲੇ ਖੇਤਰਾਂ ਲਈ ਸਿੰਚਾਈ ਦੀਆਂ ਇਹਨਾਂ ਯੋਜਨਾਵਾਂ ਦਾ ਬਹੁਤ ਅਧਿਕ ਮਹੱਤਵ ਹੈ।

**5. ਬੈਂਕਿੰਗ ਅਤੇ ਹੋਰ ਵਿੱਤੀ ਸੰਸਥਾਵਾਂ (Banking and Other Financial Institutions)**

ਭਾਰਤੀ ਅਰਥਵਿਵਸਥਾ ਦੀ ਮੌਦ੍ਰਿਕ ਆਰਥਿਕ ਸੰਰਚਨਾ ਤੋਂ ਭਾਵ ਹੈ, ਬੈਂਕਿੰਗ ਪ੍ਰਣਾਲੀ, ਗੈਰ-ਬੈਂਕਿੰਗ ਵਿੱਤੀ ਸੰਸਥਾਵਾਂ, ਪੂੰਜੀ ਬਾਜ਼ਾਰ ਅਤੇ ਇਹਨਾਂ ਸਾਰਿਆਂ ਨੂੰ ਨਿਯੰਤਰਣ ਕਰਨ ਵਾਲਾ ਭਾਰਤੀ ਰਿਜ਼ਰਵ ਬੈਂਕ। ਇਹਨਾਂ ਮੌਦਰਿਕ ਸੰਸਥਾਵਾਂ ਦੀ ਵਿਆਖਿਆ ਹੇਠਾਂ ਲਿਖੇ ਢੰਗਾਂ ਨਾਲ ਕੀਤੀ ਜਾਂਦੀ ਹੈ :—

**(i) ਸ਼ਾਹੂਕਾਰ** (Money Lender) :— ਭਾਰਤ ਵਿੱਚ ਪੁਰਾਣੇ ਸਮੇਂ ਤੋਂ ਹੀ ਦੇਸੀ ਬੈਂਕਰ ਜਾਂ ਸ਼ਾਹੂਕਾਰ ਰੁਪਿਆ ਉਧਾਰ ਦੇਣ ਜਾਂ ਜਮ੍ਹਾਂ ਕਰਨ ਦਾ ਕੰਮ ਕਰਦੇ ਆ ਰਹੇ ਹਨ। ਇਹ ਬਹੁਤ ਉੱਚਾ ਵਿਆਜ ਲੈਂਦੇ ਹਨ।

**(ii) ਭਾਰਤੀ ਰਿਜ਼ਰਵ ਬੈਂਕ** (Reserve Bank of India) :— ਇਹ ਭਾਰਤ ਦਾ ਕੇਂਦਰੀ ਬੈਂਕ ਹੈ। ਇਸ ਦੀ ਸਥਾਪਨਾ 1935 ਵਿੱਚ ਕੀਤੀ ਗਈ ਸੀ। ਇਸ ਦਾ ਮੁੱਖ ਕੰਮ ਨੋਟ ਜਾਰੀ ਕਰਨਾ, ਸਰਕਾਰੀ ਬੈਂਕਾਂ ਦਾ ਬੈਂਕਰ ਹੋਣਾ, ਬੈਂਕਿੰਗ ਪ੍ਰਣਾਲੀ ਨੂੰ ਨਿਯਮਿਤ ਕਰਨਾ ਅਤੇ ਸਾਖ ਦਾ ਨਿਯੰਤਰਣ ਕਰਨਾ ਆਦਿ ਹੈ।

**(iii) ਵਪਾਰਿਕ ਬੈਂਕ** (Commercial Banks) :— ਭਾਰਤ ਦੀ ਬੈਂਕਿੰਗ ਪ੍ਰਣਾਲੀ ਵਿੱਚ ਵਪਾਰਿਕ ਬੈਂਕਾਂ ਦਾ ਵਿਸ਼ੇਸ਼ ਮਹੱਤਵ ਹੈ। ਇਹ ਬੈਂਕ ਅਕਸਰ ਅਲਪਕਾਲੀਨ ਕਰਜ਼ੇ ਦਿੰਦੇ ਹਨ। ਸੰਨ 1969 ਵਿੱਚ 14 ਅਤੇ ਸੰਨ 1980 ਵਿੱਚ 7 ਅਰਥਾਤ ਕੁੱਲ 21 ਬੈਂਕਾਂ ਦਾ ਰਾਸ਼ਟਰੀਕਰਣ ਕਰ ਦਿੱਤਾ ਗਿਆ ਹੈ। ਰਾਸ਼ਟਰੀਕਰਣ ਦਾ ਅਰਥ ਹੈ ਕਿ ਦੇਸ਼ ਦੀ ਸਰਕਾਰ ਇਹਨਾਂ ਬੈਂਕਾਂ ਦੀ ਮਾਲਕ ਬਣ ਗਈ ਹੈ। ਹੁਣ ਇਹ ਬੈਂਕ ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਵਿੱਚ ਵੀ ਆਪਣੀ ਸ਼ਾਖਾਵਾਂ ਖੋਲ੍ਹਣ ਲੱਗੇ ਹਨ। ਰਾਸ਼ਟਰੀਕ੍ਰਿਤ ਬੈਂਕ ਲਾਭਦਾਇਕਤਾ ਦੇ ਨਾਲ ਨਾਲ ਸਮਾਜਿਕ ਕਲਿਆਣ ਨੂੰ ਵਧੇਰੇ ਮਹੱਤਵ ਦੇਣ ਲੱਗੇ ਹਨ। ਇਹ ਬੈਂਕ ਸਮਾਜ ਦੇ ਗਰੀਬ ਅਤੇ ਪਿਛੜੇ ਹੋਏ ਵਰਗਾਂ ਨੂੰ ਘੱਟ ਵਿਆਜ ਤੇ ਰੁਪਇਆ ਉਧਾਰ ਦਿੰਦੇ ਹਨ।

**(iv) ਵਿਸ਼ਿਸ਼ਟ ਬੈਂਕਿੰਗ ਸੰਸਥਾਵਾਂ** (Specific Banking Institutions) :—ਆਜ਼ਾਦੀ ਪਿਛੋਂ ਦੇਸ਼ ਵਿੱਚ ਉਦਯੋਗਾਂ, ਖੇਤੀਬਾੜੀ, ਵਿਦੇਸ਼ੀ ਵਪਾਰ ਨੂੰ ਲੰਬੇ ਸਮੇਂ ਲਈ ਕਰਜ਼ੇ ਦੇਣ ਲਈ ਕਈ ਵਿਸ਼ਿਸ਼ਟ ਸੰਸਥਾਵਾਂ ਦੀ ਸਥਾਪਨਾ ਕੀਤੀ

ਗਈ ਹੈ। ਉਦਾਹਰਣ ਵਜੋਂ ਉਦਯੋਗਾਂ ਨੂੰ ਕਰਜੇ ਦੇਣ ਲਈ ਭਾਰਤੀ ਉਦਯੋਗਿਕ ਵਿਕਾਸ ਬੈਂਕ, ਭਾਰਤੀ ਉਦਯੋਗਿਕ ਵਿੱਤ ਨਿਗਮ, ਲਘੂ ਉਦਯੋਗ ਵਿਕਾਸ ਬੈਂਕ ਆਦਿ ਦੀ ਸਥਾਪਨਾ ਕੀਤੀ ਗਈ ਹੈ। ਖੇਤੀਬਾੜੀ ਲਈ ਕਰਜ਼ਿਆਂ ਦੀ ਵਿਵਸਥਾ ਸਹਿਕਾਰੀ ਸਮਿਤੀਆਂ, ਪੇਂਡੂ ਖੇਤੀ ਬੈਂਕ, ਭੂਮੀ ਵਿਕਾਸ ਬੈਂਕਾਂ, ਰਾਸ਼ਟਰੀ ਖੇਤੀ ਅਤੇ ਪੇਂਡੂ ਵਿਕਾਸ ਬੈਂਕ (NABARD) ਰਾਹੀਂ ਕੀਤੀ ਜਾਂਦੀ ਹੈ। ਆਯਾਤ-ਨਿਰਯਾਤ ਬੈਂਕ ਦੀ ਸਥਾਪਨਾ ਵਿਦੇਸ਼ੀ ਵਪਾਰ ਨੂੰ ਵਿੱਤੀ ਸਹੂਲਤਾਂ ਦੇਣ ਲਈ ਕੀਤੀ ਗਈ ਹੈ।

**(v) ਗੈਰ-ਬੈਂਕਿੰਗ ਵਿੱਤੀ ਸੰਸਥਾਵਾਂ** (Non-banking Financial Institutions) :— ਗੈਰ ਬੈਂਕਿੰਗ ਵਿੱਤੀ ਸੰਸਥਾਵਾਂ ਉਹ ਸੰਸਥਾਵਾਂ ਹਨ ਜੋ ਜਨਤਾ ਅਤੇ ਹੋਰਨਾਂ ਖੇਤਰਾਂ ਪਾਸੋਂ ਧਨ ਪ੍ਰਾਪਤ ਕਰਦੀਆਂ ਹਨ ਅਤੇ ਉਸ ਧਨ ਨੂੰ ਉਧਾਰ ਦਿੰਦੀਆਂ ਹਨ ਜਾਂ ਉਹਨਾਂ ਦਾ ਨਿਵੇਸ਼ ਕਰਦੀਆਂ ਹਨ। ਪਰ ਇਹ ਸੰਸਥਾਵਾਂ ਬੈਂਕ ਦੇ ਹੋਰਨਾਂ ਕੰਮਾਂ ਜਿਵੇਂ ਚੈੱਕ ਰਾਹੀਂ ਰੁਪਇਆ ਕਢਾਉਣ ਦੀਆਂ ਸਹੂਲਤਾਂ ਦੇਣੀਆਂ, ਡਰਾਫਟ ਜਾਰੀ ਕਰਨਾ, ਹੁੰਡੀਆਂ ਦੀ ਕਟੌਤੀ ਕਰਨਾ ਆਦਿ ਕੰਮ ਨਹੀਂ ਕਰਦੀਆਂ ਹਨ। ਭਾਰਤ ਦੀਆਂ ਮੁੱਖ ਗੈਰ-ਬੈਂਕਿੰਗ ਸੰਸਥਾਵਾਂ ਯੂਨਿਟ ਟਰੱਸਟ ਅਤੇ ਜੀਵਨ ਬੀਮਾ ਨਿਗਮ ਹਨ।

**(vi) ਸਟਾਕ ਐਕਸਚੇਂਜ** (Stock Exchange) :— ਸਟਾਕ ਐਕਸਚੇਂਜ ਉਹ ਸੰਸਥਾਵਾਂ ਹਨ ਜਿੱਥੇ ਕੰਪਨੀਆਂ ਦੇ ਸ਼ੇਅਰ ਜਾਂ ਡਿਬੈਂਚਰ (ਸਾਖਪੱਤਰ) ਖਰੀਦੇ ਅਤੇ ਵੇਚੇ ਜਾਂਦੇ ਹਨ। ਇਹਨਾ ਨੂੰ ਸ਼ੇਅਰ ਬਾਜ਼ਾਰ (Share Market) ਵੀ ਕਿਹਾ ਜਾਂਦਾ ਹੈ।

ਸੰਖੇਪ ਵਿੱਚ, ਭਾਰਤੀ ਅਰਥਵਿਵਸਥਾ ਦੇ ਆਰਥਿਕ ਵਿਕਾਸ ਵਿੱਚ ਸਮਾਜਿਕ ਅਧਾਰਿਕ ਸੰਰਚਨਾ ਜਿਵੇਂ — ਸਿੱਖਿਆ, ਸਿਹਤ, ਅਵਾਸ ਅਤੇ ਆਰਥਿਕ ਅਧਾਰਿਕ ਸੰਰਚਨਾ ਜਿਵੇਂ — ਆਵਾਜਾਈ, ਸਿੰਚਾਈ, ਬਿਜਲੀ, ਬੈਂਕਿੰਗ ਆਦਿ ਦਾ ਬਹੁਤ ਜ਼ਿਆਦਾ ਯੋਗਦਾਨ ਹੈ।

## 6. ਉਪਭੋਗਤਾ ਸ਼ੋਸ਼ਣ ਅਤੇ ਸੰਰਖਣ (Consumer Exploitation and Protection)

ਆਧੁਨਿਕ ਯੁਗ ਉਪਭੋਗਤਾਵਾਦ ਦਾ ਯੁਗ ਹੈ। ਉਪਭੋਗਤਾਵਾਂ ਦੇ ਉਪਯੋਗ ਅਤੇ ਸਹੂਲਤਾਂ ਲਈ ਰੋਜ਼ਾਨਾ ਨਵੇਂ-ਨਵੇਂ ਪਦਾਰਥਾਂ ਦੀ ਪੂਰਤੀ ਕੀਤੀ ਜਾ ਰਹੀ ਹੈ। ਨਵੇਂ ਪ੍ਰਕਾਰ ਦੇ ਖਾਦ-ਪਦਾਰਥਾਂ, ਨਵੇਂ ਫੈਸ਼ਨ ਦੇ ਕੱਪੜੇ, ਸਜਾਵਟ ਦਾ ਸਮਾਨ, ਘਰੇਲੂ ਉਪਕਰਨਾਂ, ਆਵਾਜਾਈ ਦੇ ਨਵੇਂ ਸਾਧਨਾਂ, ਮੰਨੋਰੰਜਨ ਦੇ ਨਵੇਂ-ਨਵੇਂ ਯੰਤਰਾਂ ਜਿਵੇਂ — ਰੰਗੀਨ ਟੈਲੀਵਿਜ਼ਨ ਵੀਡੀਓ ਆਦਿ ਦੀਆਂ ਲਗਾਤਾਰ ਖੋਜਾਂ ਅਤੇ ਉਤਪਾਦਨ ਕੀਤਾ ਜਾ ਰਿਹਾ ਹੈ। ਇਹਨਾਂ ਵਸਤੂਆਂ ਨੂੰ ਉਪਭੋਗਤਾਵਾਂ ਤੱਕ ਪਹੁੰਚਾਉਣ ਲਈ ਵਿਗਿਆਪਨ ਅਤੇ ਪ੍ਰਚਾਰ ਦਾ ਵੱਡੇ ਪੈਮਾਨੇ ਤੇ ਪ੍ਰਯੋਗ ਕੀਤਾ ਜਾ ਰਿਹਾ ਹੈ। ਅੱਜ ਦਾ ਉਪਭੋਗਤਾ ਅਕਰਸ਼ਕ ਵਿਗਿਆਪਨਾਂ ਅਤੇ ਅਨੇਕਾਂ ਉਤਪਾਦਕਾਂ ਦੇ ਪ੍ਰਚਾਰ ਦੇ ਆਧਾਰ ਤੇ ਆਪਣੇ ਉਪਭੋਗ ਦੀ ਸਮੱਗਰੀ ਦੀ ਚੋਣ ਕਰਦਾ ਹੈ। ਇਸ ਸੰਬੰਧ ਵਿੱਚ ਉਸਦਾ ਕਈ ਢੰਗਾਂ ਨਾਲ ਸ਼ੋਸ਼ਣ ਕੀਤਾ ਜਾਂਦਾ ਹੈ। ਉਪਭੋਗਤਾਵਾਂ ਨੂੰ ਇਸ ਤਰ੍ਹਾਂ ਦੇ ਸ਼ੋਸ਼ਣ ਤੋਂ ਸੰਰਖਣ ਦੇਣ ਲਈ ਉਪਭੋਗਤਾ ਸੰਰਖਣ (Consumer Protection) ਦੀ ਵਿਧੀ ਆਰੰਭ ਕੀਤੀ ਗਈ ਹੈ।

### 6.1 ਉਪਭੋਗਤਾ ਸ਼ੋਸ਼ਣ (Consumer Exploitation)

ਆਧੁਨਿਕ ਭਾਰਤ ਅਰਥਵਿਵਸਥਾ ਵਿੱਚ ਉਪਭੋਗਤਾ ਉਲਝਿਆ ਹੋਇਆ ਅਤੇ ਅਸੰਗਠਿਤ ਵਿਅਕਤੀ ਹੈ। ਵਪਾਰੀ ਵਰਗ ਵੱਲੋਂ ਉਪਭੋਗਤਾਵਾਂ ਦਾ ਸ਼ੋਸ਼ਣ ਕਰਨ ਲਈ ਵਿਆਪਕ ਯਤਨ ਕੀਤੇ ਜਾ ਰਹੇ ਹਨ। ਮਿਲਾਵਟ (Adultration), ਵਸਤੂਆਂ ਦੇ ਪੈਕਟਾਂ ਵਿੱਚ ਘਟੀਆ ਕਿਸਮ ਦਾ ਮਾਲ, ਧੋਖੇ ਵਾਲੇ ਜਾਂ ਘੱਟ ਵਜ਼ਨ ਵਾਲੇ ਵੱਟਿਆਂ (Weights) ਜਾਂ ਗੁੰਮਰਾਹ ਕਰਨ ਵਾਲੇ ਜਾਂ ਬੇਈਮਾਨੀ ਭਰੇ ਵਿਗਿਆਪਨਾਂ ਅਤੇ ਅਨੁਚਿਤ ਏਕਾਧਿਕਾਰ ਅਤੇ ਪ੍ਰਤੀਬੰਧਿਤ ਵਪਾਰ ਵਰਗੀਆਂ ਅਜਿਹੀਆਂ ਕਿਰਿਆਵਾਂ (MRTP Activities) ਹਨ ਜਿਨ੍ਹਾਂ ਰਾਹੀਂ ਉਪਭੋਗਤਾਵਾਂ ਦਾ

ਕਾਫੀ ਹੱਦ ਤੱਕ ਸ਼ੋਸ਼ਣ ਕੀਤਾ ਜਾਂਦਾ ਹੈ। ਫ੍ਰਿਜ, ਟੈਲੀਵਿਜ਼ਨ, ਏਅਰ ਕੂਲਰ, ਕਪੜੇ ਧੋਣ ਦੀ ਮਸ਼ੀਨ, ਆਵਾਜਾਈ ਸਾਧਨਾਂ ਜਿਵੇਂ ਕੁੱਝ ਟਿਕਾਊ ਪਦਾਰਥਾਂ ਦੀ ਗਰੰਟੀ ਅਤੇ ਵਿਕਰੀ ਪਿੱਛੋਂ ਮੁਫ਼ਤ ਮੁਰੰਮਤ ਵੀ ਇੱਕ ਪਰਿਕਲਪਨਾ ਜਿਹੀ ਦਿਖਦੀ ਹੈ। ਵਿਉਪਾਰੀ ਵਰਗ ਆਪਣੇ ਵਾਅਦਿਆਂ ਅਤੇ ਗਰੰਟੀਆਂ ਦੀ ਪਰਵਾਹ ਨਹੀਂ ਕਰਦਾ ਬਲਕਿ ਆਪਣੀ ਜ਼ਿੰਮੇਵਾਰੀ ਤੋਂ ਦੂਰ ਹਟਣ ਦਾ ਯਤਨ ਕਰਦਾ ਹੈ। ਮਦਰਾਸ ਹਾਈ ਕੋਰਟ ਦੇ ਇੱਕ ਜੱਜ ਦੇ ਅਨੁਸਾਰ, "ਉਪਭੋਗਤਾਵਾਂ ਨੂੰ ਗੰਦੇ ਰੇਲ ਦੇ ਡੱਬਿਆਂ ਅਤੇ ਗੰਦੇ ਪਖਾਨਿਆਂ ਲਈ ਉੱਚਾ ਭਾੜਾ ਜਾਂ ਕਿਰਾਇਆ ਦੇਣਾ ਪੈਂਦਾ ਹੈ। ਉਹਨਾਂ ਨੂੰ ਟੈਲੀਫ਼ੂਨ ਦਾ ਕਿਰਾਇਆ ਦੇਣਾ ਪੈਂਦਾ ਹੈ ਜਦੋਂ ਕਿ ਉਹਨਾਂ ਨੂੰ ਟੈਲੀਫੋਨ ਤੋਂ ਕੋਈ ਸੇਵਾ ਪ੍ਰਾਪਤ ਨਹੀਂ ਹੁੰਦੀ। ਉਹਨਾਂ ਨੂੰ ਖਤਰਿਆਂ-ਭਰੀਆਂ ਸੜਕਾਂ ਉੱਤੇ ਮੋਟਰ ਗੱਡੀਆਂ ਚਲਾਉਣੀਆਂ ਪੈਂਦੀਆਂ ਹਨ। ਪੈਦਲ ਚਲਣ ਲਈ ਉਹਨਾਂ ਨੂੰ ਪਗਡੰਡੀ ਨਹੀਂ ਮਿਲਦੀ। ਡਾਕ ਉਹਨਾਂ ਕੋਲ ਠੀਕ ਸਮੇਂ ਨਹੀਂ ਪੁੱਜਦੀ। ਉਹਨਾਂ ਨੂੰ ਅਜਿਹਾ ਭੋਜਨ ਖਾਣਾ ਪੈਂਦਾ ਹੈ ਜਿਸ ਵਿੱਚ ਮਿਲਾਵਟ ਹੈ ਉਹਨਾਂ ਨੂੰ ਪ੍ਰਦੂਸ਼ਿਤ ਪਾਣੀ ਪੀਣਾ ਪੈਂਦਾ ਹੈ ਅਤੇ ਜ਼ਹਿਰੀਲੀ ਹਵਾ ਵਿੱਚ ਸਾਹ ਲੈਣਾ ਪੈਂਦਾ ਹੈ।" ਵਸਤੂਆਂ ਅਤੇ ਸੇਵਾਵਾਂ ਉਪਰ ਸਰਕਾਰ ਦਾ ਏਕਾਧਿਕਾਰ ਹੋਣ ਦੇ ਬਾਵਜੂਦ ਵੀ ਜ਼ਰੂਰੀ ਵਸਤੂਆਂ ਅਤੇ ਸਰਵਜਨਕ ਸੇਵਾਵਾਂ ਜਿਵੇਂ ਬਿਜਲੀ, ਆਵਾਜਾਈ, ਸੰਚਾਰ ਅਤੇ ਬੈਂਕਿੰਗ ਸੇਵਾਵਾਂ ਦੀ ਅਪੂਰਤੀ ਵਰਗੇ ਅਣਗਿਣਤ ਉਦਾਹਰਣ ਹਨ ਜੋ ਉਪਭੋਗਤਾਵਾਂ ਦੀ ਦੁੱਖਭਰੀ ਕਹਾਣੀ ਨੂੰ ਬਿਆਨ ਕਰਦੇ ਹਨ।

ਉਤਪਾਦਕ ਅਤੇ ਵਪਾਰੀ ਵਰਗ ਉਪਭੋਗਤਾਵਾਂ ਦਾ ਕਈ ਢੰਗਾਂ ਨਾਲ ਸ਼ੋਸ਼ਣ ਕਰਦੇ ਹਨ ਜਿਵੇਂ (i) ਉਤਪਾਦਨ ਦੇ ਗੁਣਾਂ ਬਾਰੇ ਝੂਠੀਆਂ ਸੂਚਨਾਵਾਂ ਦੇਣਾ (ii) ਮਿਲਾਵਟ ਕਰਨਾ (iii) ਘੱਟ ਵਜ਼ਨ ਜਾਂ ਗਲਤ ਵੱਟਿਆਂ ਦਾ ਪ੍ਰਯੋਗ ਕਰਨਾ। (iv) ਘਟੀਆ ਕਿਸਮ ਦੀਆਂ ਵਸਤੂਆਂ ਦੀ ਪੂਰਤੀ (v) ਗਰੰਟੀ ਦੀਆਂ ਸ਼ਰਤਾਂ ਦਾ ਪਾਲਨ ਨਾ ਕਰਨਾ। (vi) ਐਡਵਾਂਸ ਲੈ ਕੇ ਵੀ ਵਸਤੂ ਦੀ ਸਮੇਂ ਸਿਰ ਪੂਰਤੀ ਨਾ ਕਰਨਾ ਆਦਿ।

### 6.2 ਉਪਭੋਗਤਾ ਸੰਰਖਣ ਦਾ ਅਰਥ (Meaning of Consumer Protection)

ਉਪਭੋਗਤਾ ਸੰਰਖਣ ਦਾ ਭਾਵ ਹੈ ਉਪਭੋਗਤਾ ਵਸਤੂਆਂ ਦੇ ਖਰੀਦਦਾਰਾਂ ਦੀ ਉਤਪਾਦਕਾਂ ਦੇ ਅਨੁਚਿਤ ਵਪਾਰ ਵਿਹਾਰਾਂ ਦੇ ਸਿੱਟੇ ਵਜੋਂ ਹੋਣ ਵਾਲੇ ਸੋਸ਼ਣ ਤੋਂ ਸੁਰੱਖਿਆ ਕਰਨਾ।

### 6.3 ਉਪਭੋਗਤਾ ਸੰਰਖਣ ਦੇ ਢੰਗ (Methods of Consumer Protection)

ਭਾਰਤ ਵਿੱਚ ਵੱਡੇ ਉਤਪਾਦਕਾਂ ਅਤੇ ਵਪਾਰੀਆਂ ਤੋਂ ਉਪਭੋਗਤਾਵਾਂ ਅਤੇ ਛੋਟੇ ਉਤਪਾਦਾਂ ਨੂੰ ਸੰਰਖਣ ਦੇਣ ਲਈ 1969 ਵਿੱਚ "ਏਕਾਧਿਕਾਰ ਅਤੇ ਪ੍ਰਤੀਬੰਧਾਤਮਕ ਵਪਾਰ ਵਿਵਹਾਰ ਐਕਟ" (Monopoly and Restrictive Trade Practices Act, 1969) ਲਾਗੂ ਕੀਤਾ ਗਿਆ। ਇਸ ਕਾਨੂੰਨ ਵਿੱਚ "ਏਕਾਧਿਕਾਰ ਅਤੇ ਪ੍ਰਤੀਬੰਧਾਤਮਕ ਵਪਾਰ ਵਿਵਹਾਰ ਆਯੋਗ" ਦੀ ਸਥਾਪਨਾ ਕੀਤੀ ਗਈ ਹੈ। ਇਹ ਆਯੋਗ ਵੱਡੇ ਉਦਯੋਗਾਂ ਦੀਆਂ ਕਈ ਕ੍ਰਿਆਵਾਂ ਜਿਵੇਂ ਕੀਮਤਾਂ ਵਧਾਉਣ ਲਈ ਬਾਜ਼ਾਰ ਵਿੱਚ ਵਸਤੂ ਦੀ ਕਮੀ ਪੈਦਾ ਕਰਨਾ, ਵਸਤੂਆਂ ਦੀ ਕੁਆਲਟੀ ਘਟਾ ਦੇਣਾ, ਪ੍ਰਤੀਯੋਗਤਾ ਨੂੰ ਬੰਦ ਕਰਨਾ ਆਦਿ ਨੂੰ ਨਿਯੰਤਰਣ ਕਰਦਾ ਹੈ। ਸੰਨ 1991 ਵਿੱਚ ਇਸ ਕਾਨੂੰਨ ਵਿੱਚ ਪਰਿਵਰਤਨ ਕਰਕੇ ਵਪਾਰ ਵਿੱਚ ਅਨੁਚਿਤ ਵਿਵਹਾਰ ਉੱਤੇ ਰੋਕ ਲਗਾਉਣ ਲਈ ਇਸਨੂੰ ਪਹਿਲਾਂ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਬਣਾਇਆ ਗਿਆ ਹੈ। ਇਸ ਕਾਨੂੰਨ ਦੀ ਮੁੱਖ ਸੀਮਾ ਇਹ ਹੈ ਕਿ ਇਹ ਕਾਨੂੰਨ ਦਰਮਿਆਨੇ ਅਤੇ ਛੋਟੇ ਵਰਗ ਦੇ ਉਦਯੋਗਾਂ ਅਤੇ ਵਪਾਰੀਆਂ ਦੁਆਰਾ ਉਪਭੋਗਤਾਵਾਂ ਦੇ ਸ਼ੋਸ਼ਣ ਤੋਂ ਸੰਰਖਣ ਨਹੀਂ ਕਰਦਾ।

ਉਪਭੋਗਤਾਵਾਂ ਦਾ ਸਾਰੇ ਪੱਧਰਾਂ ਦੇ ਉਤਪਾਦਕਾਂ ਤੋਂ ਸੰਰਖਣ ਕਰਨ ਲਈ 1986 ਵਿੱਚ ਉਪਭੋਗਤਾ ਸੰਰਖਣ ਐਕਟ (Consumer Protection Act, 1986) ਪਾਸ ਕੀਤਾ ਗਿਆ ਅਤੇ ਇਹ ਐਕਟ 1987 ਵਿੱਚ ਲਾਗੂ ਕੀਤਾ ਗਿਆ ਹੈ। ਇਹ ਕਾਨੂੰਨ ਕੇਂਦਰੀ ਸਰਕਾਰ ਦੁਆਰਾ ਵਿਸ਼ੇਸ਼ ਰੂਪ ਨਾਲ ਮੁਕਤ ਰੱਖੀਆਂ ਗਈਆਂ ਵਸਤੂਆਂ ਅਤੇ

ਸੇਵਾਵਾਂ ਨੂੰ ਛੱਡ ਕੇ ਬਾਕੀ ਸਭ ਸੇਵਾਵਾਂ ਅਤੇ ਵਸਤੂਆਂ ਤੇ ਲਾਗੂ ਹੁੰਦਾ ਹੈ। ਇਸ ਦੇ ਅਧੀਨ ਸਾਰੇ ਸਰਵਜਨਕ, ਨਿੱਜੀ, ਸੰਯੁਕਤ ਅਤੇ ਸਹਿਕਾਰੀ ਖੇਤਰ ਆ ਜਾਂਦੇ ਹਨ। ਇਸ ਵਿੱਚ ਉਪਭੋਗਤਾਵਾਂ ਦੀਆਂ ਸ਼ਿਕਾਇਤਾਂ ਨੂੰ ਬਹੁਤ ਘੱਟ ਖਰਚ ਉੱਤੇ ਅਤੇ ਜਲਦੀ ਨਿਪਟਾਉਣ ਲਈ (i) ਜ਼ਿਲ੍ਹਾ (ii) ਰਾਜ ਅਤੇ (iii) ਰਾਸ਼ਟਰੀ ਪੱਧਰ ਤੇ ਉਪਭੋਗਤਾ ਝਗੜੇ ਨਿਵਾਰਣ ਫੋਰਮ (Consumer Dispute Redressal Forum) ਸਥਾਪਿਤ ਕੀਤੇ ਗਏ ਹਨ। ਇਹਨਾਂ ਦੇ ਨਾਲ ਹੀ ਉਪਭੋਗਤਾਵਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਲਈ ਕੇਂਦਰ ਅਤੇ ਰਾਜਾਂ ਵਿੱਚ ਉਪਭੋਗਤਾ ਸੰਰਖਣ ਪਰਿਸ਼ਦਾਂ (Consumer Protection Councils) ਦੀ ਸਥਾਪਨਾ ਕਰਨ ਦੀ ਵਿਵਸਥਾ ਵੀ ਕੀਤੀ ਗਈ ਹੈ।

### 6.4 ਉਪਭੋਗਤਾ ਸੰਰਖਣ ਕਾਨੂੰਨ 1986 ਦੀਆਂ ਮੁੱਖ ਵਿਸ਼ੇਸ਼ਤਾਵਾਂ (Main Features of Consumer Protection Act, 1986)

ਉਪਭੋਗਤਾ ਸੰਰਖਣ ਅਧਿਨਿਯਮ, 1986 ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੀਆਂ ਹਨ :—

1. **ਖੇਤਰ** (Scope) :— ਨਿੱਜੀ, ਸਰਵਜਨਕ ਅਤੇ ਸਹਿਕਾਰੀ ਖੇਤਰ ਦੇ ਸਾਰੇ ਵੇਚਣ ਵਾਲਿਆਂ ਤੇ ਇਹ ਕਾਨੂੰਨ ਲਾਗੂ ਹੁੰਦਾ ਹੈ।

2. **ਸਰਲ ਅਤੇ ਸਸਤਾ ਹੱਲ** (Simple and Inexpensive Redresses) :— ਇਹ ਕਾਨੂੰਨ ਉਪਭੋਗਤਾਵਾਂ ਦੀਆਂ ਸ਼ਿਕਾਇਤਾਂ ਦਾ ਸਰਲ ਅਤੇ ਸਸਤਾ ਹੱਲ ਕਰਦਾ ਹੈ। ਸ਼ਿਕਾਇਤ ਕਰਨ ਵਾਲੇ ਨੂੰ ਕਿਸੇ ਵਕੀਲ ਨੂੰ ਕਰਨ ਦੀ ਜ਼ਰੂਰਤ ਨਹੀਂ ਹੁੰਦੀ। ਉਸ ਨੂੰ ਆਪਣੀ ਸ਼ਿਕਾਇਤ ਲਿਖਿਤ ਰੂਪ ਵਿੱਚ ਕਰਨੀ ਹੁੰਦੀ ਹੈ ਅਤੇ ਉਸ ਪਾਰਟੀ ਦਾ ਨਾਮ ਅਤੇ ਪਤਾ ਦੇਣਾ ਹੁੰਦਾ ਹੈ ਜਿਸ ਦੇ ਵਿਰੁੱਧ ਸ਼ਿਕਾਇਤ ਕੀਤੀ ਗਈ ਹੈ।

3. **ਤਿੰਨ ਪੱਧਰੀ ਸ਼ਿਕਾਇਤ ਨਿਵਾਰਣ ਮਸ਼ੀਨਰੀ** (Three-Tier Grievances Redressal Machinery) :— ਉਪਭੋਗਤਾਵਾ ਦੀਆਂ ਸ਼ਿਕਾਇਤਾਂ ਦਾ ਹੱਲ ਕਰਨ ਲਈ ਇਸ ਕਾਨੂੰਨ ਦੇ ਅਨੁਸਾਰ ਤਿੰਨ ਪੱਧਰੀ ਅਦਾਲਤਾਂ ਸਥਾਪਿਤ ਕੀਤੀਆਂ ਗਈਆਂ ਹਨ :— (i) ਜ਼ਿਲ੍ਹਾ ਫੋਰਮ (District Form) :— ਇਹ 5 ਲੱਖ ਰੁਪਏ ਮੁੱਲ ਤੋਂ ਘੱਟ ਦੀਆਂ ਸ਼ਿਕਾਇਤਾਂ ਦਾ ਫੈਸਲਾ ਕਰਦੇ ਹਨ। (ii) ਰਾਜ ਆਯੋਗ (State Form) :— ਇਹ 5 ਲੱਖ ਤੋਂ 20 ਲੱਖ ਰੁਪਏ ਤੱਕ ਦੀਆਂ ਸ਼ਿਕਾਇਤਾਂ ਦਾ ਫੈਸਲਾ ਕਰਦੇ ਹਨ। (iii) ਰਾਸ਼ਟਰੀ ਆਯੋਗ (National Forum) :— ਇਹ 20 ਲੱਖ ਰੁਪਏ ਤੋਂ ਜ਼ਿਆਦਾ ਦੀਆਂ ਸ਼ਿਕਾਇਤਾਂ ਦਾ ਫੈਸਲਾ ਕਰਦੇ ਹਨ।

4. **ਸ਼ਿਕਾਇਤ** (Complaint) :— ਉਪਭੋਗਤਾ ਹੇਠ ਲਿਖੀ ਤਰ੍ਹਾਂ ਦੀ ਸ਼ਿਕਾਇਤ ਸੌਦੇ ਦੇ ਖਰੀਦਣ ਦੇ ਦੋ ਸਾਲ ਤੱਕ ਕਰ ਸਕਦਾ ਹੈ ਜੇਕਰ (i) ਉਪਭੋਗਤਾ ਨੂੰ ਵਪਾਰੀ ਦੇ ਕਿਸੇ ਅਨੁਚਿਤ ਵਿਵਹਾਰ ਦੇ ਕਾਰਣ ਉਸ ਨੂੰ ਹਾਨੀ ਉਠਾਉਣੀ ਪੈਂਦੀ ਹੋਵੇ। (ii) ਉਸਦੇ ਰਾਹੀਂ ਖਰੀਦੀ ਗਈ ਵਸਤੂਆਂ ਜਾਂ ਸੇਵਾਵਾਂ ਵਿੱਚ ਕੋਈ ਤਰੁੱਟੀ ਹੋਵੇ। (iii) ਵਪਾਰੀ ਨੇ ਲਿਖਿਤ ਜਾਂ ਸਰਕਾਰ ਰਾਹੀਂ ਨਿਸ਼ਚਿਤ ਕੀਮਤ ਤੋਂ ਜ਼ਿਆਦਾ ਕੀਮਤ ਲਈ ਹੋਵੇ।

### 6.5 ਉਪਭੋਗਤਾ ਦੀ ਸਿੱਖਿਆ (Consumer's Education)

ਉਪਭੋਗਤਾ ਦੇ ਹਿੱਤਾਂ ਦੀ ਸੁਰੱਖਿਆ ਕਰਨ ਲਈ ਉਹਨਾਂ ਨੂੰ ਇਸ ਬਾਰੇ ਗਿਆਨ ਅਤੇ ਜਾਣਕਾਰੀ ਦੇਣਾ ਬਹੁਤ ਜ਼ਰੂਰੀ ਹੈ। ਉਸ ਉਦੇਸ਼ ਦੀ ਪੂਰਤੀ ਲਈ ਹਰ ਸਾਲ ਦੇਸ਼ ਵਿੱਚ 15 ਮਾਰਚ ਤੋਂ 21 ਮਾਰਚ ਤੱਕ ਉਪਭੋਗਤਾ ਹਫ਼ਤਾ (Consumer's Week) ਮਨਾਇਆ ਜਾਂਦਾ ਹੈ। ਇਹਨਾਂ ਦਿਨਾਂ ਵਿੱਚ ਉਪਭੋਗਤਾਵਾਂ ਵਿੱਚ ਉਹਨਾਂ ਦੇ ਅਧਿਕਾਰਾਂ ਬਾਰੇ ਜਾਗ੍ਰਤੀ ਦੇਣ ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਹੈ। ਅਜਿਹੇ ਮੌਕਿਆਂ ਤੇ ਪ੍ਰਦਰਸ਼ਨੀਆਂ, ਗੋਸ਼ਠੀਆਂ ਅਤੇ ਨੁਕੜ ਸਭਾਵਾਂ ਦਾ ਆਯੋਜਨ ਕੀਤਾ ਜਾਂਦਾ ਹੈ। ਇਹਨਾਂ ਵਿੱਚ ਦੱਸਿਆ ਜਾਂਦਾ ਹੈ ਕਿ ਉਪਭੋਗਤਾ ਨੂੰ ਮਿਲਾਵਟ, ਘੱਟ ਤੋਲਣ ਵਰਗੀਆਂ ਅਨੁਚਿਤ ਵਪਾਰਿਕ ਗਤੀਵਿਧੀਆਂ ਬਾਰੇ ਕੀ ਕਰਨਾ ਚਾਹੀਦਾ ਹੈ ਅਤੇ ਉਹਨਾਂ ਨੂੰ ਇਸ ਸੰਬੰਧ ਵਿੱਚ ਕਿਹੜੀ-ਕਿਹੜੀ ਕਾਨੂੰਨੀ ਸੁਵਿਧਾ ਹਾਸਿਲ ਹੈ। ਮਾਰਚ 1991 ਤੋਂ ਉਪਭੋਗਤਾਵਾਂ ਨੂੰ ਜਾਣਕਾਰੀ ਦੇਣ ਲਈ

ਇੱਕ ਤਿਮਾਹੀ ਪ੍ਰੱਤਿਕਾ "ਉਪਭੋਗਤਾ ਜਾਗਰਣ" (Consumer Awareness) ਦਾ ਪ੍ਰਕਾਸ਼ਨ ਕੀਤਾ ਜਾ ਰਿਹਾ ਹੈ। ਕੇਂਦਰੀ ਸਰਕਾਰ ਨੇ ਉਪਭੋਗਤਾਵਾਂ ਨੂੰ ਸੰਰਖਣ ਦੇਣ ਲਈ "ਕੇਂਦਰੀ ਉਪਭੋਗਤਾ ਸੰਰਖਣ ਪਰਿਸ਼ਦ" (Central Consumers Protection Council) ਦੀ ਸਥਾਪਨਾ ਕੀਤੀ ਹੈ। ਇਸੇ ਤਰ੍ਹਾਂ ਹੀ ਰਾਜਾਂ ਵਿੱਚ ਵੀ, ਰਾਜ ਪੱਧਰ ਉੱਤੇ "ਰਾਜ ਉਪਭੋਗਤਾ ਸੰਰਖਣ ਪਰਿਸ਼ਦਾਂ" (State Consumers Protection Council) ਦੀ ਸਥਾਪਨਾ ਕੀਤੀ ਗਈ ਹੈ। ਅਸਲ ਵਿੱਚ ਉਪਭੋਗਤਾਵਾਂ ਨੂੰ ਦਿੱਤੇ ਜਾਣ ਵਾਲੇ ਸੰਰਖਣ ਦਾ ਮਹੱਤਵ ਆਰਥਿਕ ਵਿਕਾਸ ਵੱਲ ਮਹੱਤਵਪੂਰਣ ਸੰਕੇਤ ਹੈ।

### 6.6 ਉਪਭੋਗਤਾ ਸੰਗਠਨ (Consumer Organisation)

ਇਸ ਸਮੇਂ ਲਗਭਗ 500 ਉਪਭੋਗਤਾ ਸੰਗਠਨ ਹਨ। ਦੇਸ਼ ਵਿੱਚ ਇਹਨਾਂ ਨੇ ਉਪਭੋਗਤਾਵਾਂ ਦੇ ਹਿੱਤਾਂ ਦੀ ਸੁਰੱਖਿਆ ਅਤੇ ਫੈਲਾਵ ਵਿੱਚ ਕਾਫੀ ਯੋਗਦਾਨ ਦਿੱਤਾ ਹੈ। ਇਹਨਾਂ ਵਿੱਚੋਂ ਕੁੱਝ ਦੇ ਨਾਮ ਹੇਠਾਂ ਲਿਖੇ ਹਨ :—

(1) ਉਪਭੋਗਤਾ ਨਿਰਦੇਸ਼ਨ ਸਮਿਤੀ, ਮੁੰਬਈ, (2) ਉਪਭੋਗਤਾ ਐਕਸ਼ਨ ਫੋਰਮ, ਕੋਲਕਾਤਾ, (3)ਨਾਗਰਿਕਫੋਰਮ, (4) ਵਾਯਸ (Voice), ਨਵੀਂ ਦਿੱਲੀ, (5) ਮੁੰਬਈ ਗ੍ਰਾਹਕ ਪੰਚਾਇਤ ਪ੍ਰਣਾਲੀ ਆਦਿ।

## 7. ਸਰਵਜਨਕ ਵਿਤਰਣ ਪ੍ਰਣਾਲੀ (Public Distributin System)

ਭਾਰਤ ਸਰਕਾਰ ਦੇਸ਼ ਦੀ ਗਰੀਬ ਜਨਤਾ ਲਈ ਜੀਵਨ ਦੀਆਂ ਜ਼ਰੂਰੀ ਵਸਤੂਆਂ ਜਿਵੇਂ ਕਣਕ, ਚਾਵਲ, ਚੀਨੀ, ਮਿੱਟੀ ਦਾ ਤੇਲ ਅਤੇ ਕੱਪੜੇ ਨੂੰ ਘੱਟ ਕੀਮਤਾਂ ਤੇ ਵਿਤਰਣ ਕਰਾਉਣ ਲਈ ਕੋਸ਼ਿਸ਼ ਕਰਦੀ ਹੈ। ਇਸ ਲਈ ਦੇਸ਼ ਵਿੱਚ ਸਰਵਜਨਕ ਵਿਤਰਣ ਪ੍ਰਣਾਲੀ ਅਪਣਾਈ ਗਈ ਹੈ।

### 7.1 ਪਰਿਭਾਸ਼ਾ (Definition)

ਸਰਵਜਨਕ ਵਿਤਰਣ ਪ੍ਰਣਾਲੀ ਦੁਆਰਾ ਸਰਕਾਰ ਦੇਸ਼ ਦੀ ਜਨਤਾ, ਖਾਸ ਤੌਰ ਤੇ ਗਰੀਬ ਵਰਗ ਨੂੰ ਉਚਿੱਤ ਕੀਮਤਾਂ ਦੀਆਂ ਦੁਕਾਨਾਂ ਰਾਹੀਂ ਜੀਵਨ ਦੀਆਂ ਜ਼ਰੂਰੀ ਵਸਤੂਆਂ ਜਿਵੇਂ ਅਨਾਜ, ਚੀਨੀ, ਮਿੱਟੀ ਦਾ ਤੇਲ, ਮੋਟੇ ਕਪੜੇ ਆਦਿ ਦਾ ਰਿਆਇਤੀ ਮੁੱਲਾਂ ਤੇ ਨਿਸ਼ਚਿਤ ਮਾਤਰਾ ਵਿੱਚ ਵਿਤਰਣ ਕਰਦੀ ਹੈ।

### 7.2 ਲੋੜ (Necessity)

ਸਰਵਜਨਕ ਵਿਤਰਣ ਪ੍ਰਣਾਲੀ ਦੀ ਲੋੜ ਇਸ ਲਈ ਮਹਿਸੂਸ ਕੀਤੀ ਗਈ ਕਿਉਂਕਿ ਮੰਗ ਅਤੇ ਪੂਰਤੀ ਦੀਆਂ ਬਾਜ਼ਾਰ ਸ਼ਕਤੀਆਂ ਜੀਵਨ ਦੀਆਂ ਜ਼ਰੂਰੀ ਵਸਤੂਆਂ ਜਿਵੇਂ—ਅਨਾਜ, ਚੀਨੀ, ਮਿੱਟੀ ਦਾ ਤੇਲ, ਮੋਟੇ ਕਪੜੇ ਆਦਿ ਦਾ ਸਮਾਜਿਕ ਦ੍ਰਿਸ਼ਟੀ ਤੋਂ ਉਚਿੱਤ ਵਿਤਰਣ ਨਹੀਂ ਕਰ ਸਕੀਆਂ। ਇਸ ਲਈ ਪੂਰਤੀ ਅਤੇ ਮੰਗ ਦੋਨਾਂ ਦੀਆਂ ਪ੍ਰਭਾਵਿਤ ਕਰਨ ਵਾਲੀਆਂ ਸ਼ਕਤੀਆਂ ਹੇਠਾਂ ਲਿਖੇ ਕਾਰਣਾਂ ਲਈ ਜ਼ਿੰਮੇਵਾਰ ਹਨ :—

**1. ਘੱਟ ਉਤਪਾਦਨ (Inadequate Production) :—** ਭਾਰਤ ਵਿੱਚ ਜੀਵਨ ਦੀਆਂ ਜ਼ਰੂਰੀ ਵਸਤੂਆਂ ਦੀ ਪੂਰਤੀ ਤਿੰਨ ਕਾਰਨਾਂ ਕਰਕੇ ਮੰਗ ਦੀ ਤੁਲਨਾ ਵਿੱਚ ਘੱਟ ਹੈ ਜਿਵੇਂ : (ੳ) ਘੱਟ ਉਤਪਾਦਨ (ਅ) ਉਤਪਾਦਨ ਦੇ ਭੰਡਾਰਾਂ ਅਤੇ ਵਿਕਰੀ ਦੀਆਂ ਸਹੂਲਤਾਂ ਦੀ ਘਾਟ (ੲ) ਜਮ੍ਹਾਂਖੋਰੀ ਜਿਸ ਦੇ ਸਿੱਟੇ ਵਜੋਂ ਸੱਟਾ ਅਤੇ ਕਾਲਾ ਬਾਜ਼ਾਰੀ ਦੀਆਂ ਬੁਰਾਈਆਂ ਪੈਦਾ ਹੁੰਦੀਆਂ ਹਨ।

**2. ਗਰੀਬੀ (Poverty) :—** ਭਾਰਤ ਵਿੱਚ ਜ਼ਿਆਦਾਤਰ ਉਪਭੋਗਤਾਵਾਂ ਦੇ ਗਰੀਬ ਹੋਣ ਕਰਕੇ ਉਹਨਾਂ ਰਾਹੀਂ ਬਾਜ਼ਾਰੀ ਕੀਮਤਾਂ ਤੇ ਜ਼ਰੂਰੀ ਵਸਤੂਆਂ ਖਰੀਦਣ ਦੀ ਸੰਭਾਵਨਾ ਘੱਟ ਹੁੰਦੀ ਹੈ। ਇਸਦੇ ਸਿੱਟੇ ਵਜੋਂ ਭੁੱਖ ਮਰੀ ਅਤੇ ਕੁ-ਪੋਸ਼ਣ ਆਦਿ ਜਿਹੀਆਂ ਬੁਰਾਈਆਂ ਪੈਦਾ ਹੋਣ ਦੀਆਂ ਸੰਭਾਵਨਾਵਾਂ ਹਨ।

### 7.3 ਸਰਵਜਨਕ ਵਿਤਰਣ ਪ੍ਰਣਾਲੀ ਦੇ ਅੰਗ (Constituents of Public Distribution System)

ਭਾਰਤ ਵਿੱਚ ਸਰਵਜਨਕ ਵਿਤਰਣ ਪ੍ਰਣਾਲੀ ਦੇ ਤਿੰਨ ਮੁੱਖ ਅੰਗ ਹਨ :—

**(i) ਨਿਊਨਤਮ ਕੀਮਤਾਂ ਤੇ ਵਸੂਲੀ** (Procurement at Minimum Prices) : ਭਾਰਤ ਸਰਕਾਰ ਖੇਤੀ ਕੀਮਤ ਅਤੇ ਲਾਗਤ ਆਯੋਗ ਦੀਆਂ ਸਿਫਾਰਸ਼ਾਂ ਤੇ ਕਣਕ, ਚਾਵਲ, ਛੋਟੇ ਆਦਿ ਅਨਾਜ ਦੀਆਂ ਘੱਟੋ-ਘੱਟ ਕੀਮਤਾਂ ਦਾ

ਨਿਰਧਾਰਣ ਕਰਦੀ ਹੈ। ਜੇਕਰ ਬਾਜ਼ਾਰ ਕੀਮਤ ਇਸ ਤੋਂ ਘੱਟ ਹੋ ਜਾਂਦੀ ਹੈ ਤਾਂ ਸਰਕਾਰ ਕਿਸਾਨਾਂ ਦੇ ਉਤਪਾਦਨ ਨੂੰ ਨਿਰਧਾਰਿਤ ਕੀਮਤਾਂ ਤੇ ਖੁੱਦ ਖਰੀਦ ਲੈਂਦੀ ਹੈ। ਇਸ ਕਿਰਿਆ ਨੂੰ ਹੀ ਅਨਾਜ ਦੀ ਵਸੂਲੀ ਕਿਹਾ ਜਾਂਦਾ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਕਿਸਾਨ ਨੂੰ ਆਪਣੇ ਉਤਪਾਦਨ ਦੀਆਂ ਕੀਮਤਾਂ ਬਾਰੇ ਪੂਰਨ ਵਿਸ਼ਵਾਸ ਰਹਿੰਦਾ ਹੈ ਅਤੇ ਕੀਮਤਾਂ ਦੇ ਘੱਟ ਹੋਣ ਦੇ ਡਰ ਨਾਲ ਉਹ ਉਤਪਾਦਨ ਘੱਟ ਨਹੀਂ ਕਰਦਾ। ਸੰਨ 1988 ਵਿੱਚ ਸਰਕਾਰ ਵੱਲੋਂ 140 ਲੱਖ ਟਨ ਅਨਾਜ ਦੀ ਵਸੂਲੀ ਨਿਰਧਾਰਿਤ ਕੀਮਤਾਂ ਤੇ ਕੀਤੀ ਗਈ ਸੀ। ਸੰਨ 1996-97 ਵਿੱਚ ਇਹ ਵਸੂਲੀ ਵੱਧ ਕੇ 167 ਲੱਖ ਟਨ ਹੋ ਗਈ ਅਤੇ 2009-10 ਵਿੱਚ ਵਸੂਲੀ ਵੱਧ ਕੇ 555.08 ਲੱਖ ਟਨ ਹੋ ਗਈ।

**(ii) ਬੱਫਰ ਸਟਾਕ** (Buffer Stock) :— ਸਰਵਜਨਕ ਵਿਤਰਣ ਪ੍ਰਣਾਲੀ ਦਾ ਦੂਜਾ ਢੰਗ ਸਰਕਾਰ ਦੁਆਰਾ ਅਨਾਜ, ਚੀਨੀ ਆਦਿ ਲੋੜੀਂਦੀਆਂ ਵਸਤੂਆਂ ਦਾ ਸਟਾਕ ਰੱਖਣਾ ਹੈ। ਇਸ ਸਟਾਕ ਨੂੰ ਬਫਰ ਸਟਾਕ ਕਿਹਾ ਜਾਂਦਾ ਹੈ। ਇਸ ਸਟਾਕ ਦੇ ਸੁਰੱਖਿਅਤ ਭੰਡਾਰਾਂ ਲਈ ਗੋਦਾਮ ਆਦਿ ਦੀ ਕਾਫੀ ਵਿਵਸਥਾ ਕੀਤੀ ਗਈ ਹੈ। ਜਦੋਂ ਅਨਾਜ ਦੀ ਕਮੀ ਹੁੰਦੀ ਹੈ ਤਾਂ ਸਰਕਾਰ ਇਸ ਬਫਰ ਸਟਾਕ ਨਾਲ ਅਨਾਜ ਦੀ ਪੂਰਤੀ ਕਰਕੇ ਕੀਮਤਾਂ ਨੂੰ ਵਧਣ ਤੋਂ ਰੋਕ ਸਕਦੀ ਹੈ।

**(iii) ਉਚਿੱਤ ਮੁੱਲ ਦੁਕਾਨਾਂ** (Fair Price Shop) :— ਸਰਕਾਰ ਨੇ ਜ਼ਰੂਰੀ ਵਸਤੂਆਂ ਦਾ ਘੱਟ ਕੀਮਤਾਂ ਤੇ ਰਾਸ਼ਨਕਾਰਡਾਂ ਦੁਆਰਾ ਵਿਤਰਣ ਲਈ ਲਗਭਗ 5 ਲੱਖ ਉਚਿੱਤ ਕੀਮਤਾਂ ਦੀਆਂ ਦੁਕਾਨਾਂ ਖੋਲ੍ਹੀਆਂ ਹਨ। ਇਹਨਾਂ ਦੁਕਾਨਾਂ ਤੇ ਸਰਕਾਰ ਰਾਹੀਂ ਨਿਰਧਾਰਤ ਰਿਆਇਤੀ ਕੀਮਤਾਂ ਤੇ ਜਨਤਾ ਨੂੰ ਮਿਲਣ ਵਾਲੇ ਸਮਾਨ ਦਾ ਕੋਟਾ ਨਿਰਧਾਰਤ ਕਰ ਦਿੱਤਾ ਗਿਆ ਹੈ ਭਾਵ ਰਾਸ਼ਨਿੰਗ ਕਰ ਦਿੱਤੀ ਗਈ ਹੈ। 1988 ਵਿੱਚ 180 ਲੱਖ ਟਨ ਅਤੇ 1996-97 ਵਿੱਚ 190 ਲੱਖ ਟਨ ਅਨਾਜ ਇਹਨਾਂ ਦੁਕਾਨਾਂ ਰਾਹੀਂ ਵਿਤਰਣ ਕੀਤਾ ਗਿਆ ਸੀ। ਇਹਨਾਂ ਦੁਕਾਨਾਂ ਰਾਹੀਂ ਅਨਾਜ ਦੇ ਇਲਾਵਾ ਚੀਨੀ, ਮਿੱਟੀ ਦਾ ਤੇਲ, ਕੋਇਲਾ ਅਤੇ ਮੋਟੇ ਕੱਪੜੇ ਦਾ ਵਿਤਰਣ ਵੀ ਕੀਤਾ ਜਾਂਦਾ ਹੈ। ਹਰੇਕ ਉਚਿੱਤ ਦਰ ਦੁਕਾਨ 2000 ਤੱਕ ਜਨਸੰਖਿਆ ਦੀ ਸੇਵਾ ਲਈ ਹੁੰਦੀ ਹੈ। ਪਹਾੜੀ ਅਤੇ ਸੁੱਕੇ ਖੇਤਰਾਂ ਦੀ ਆਬਾਦੀ ਵਾਸਤੇ ਚਾਹ, ਸਾਬਣ, ਦਾਲਾਂ ਅਤੇ ਆਈਓਡਾਈਜ਼ਡ ਨਮਕ ਵਰਗੀਆਂ ਵਸਤੂਆਂ ਦਾ ਵਿਤਰਣ ਕਰਨ ਲਈ ਇੱਕ ਨਵੀਂ ਸਕੀਮ ਚਾਲੂ ਕੀਤੀ ਗਈ ਹੈ। ਇਸ ਨੂੰ ਸੰਸ਼ੋਧਿਤ ਸਰਵਜਨਕ ਵਿਤਰਣ ਪ੍ਰਣਾਲੀ ਕਿਹਾ ਜਾਂਦਾ ਹੈ। ਇਸ ਪ੍ਰਣਾਲੀ ਦੇ ਅਧੀਨ ਭਾਰਤੀ ਖਾਦ ਨਿਗਮ ਦੁਆਰਾ ਭਿੰਨ-ਭਿਨ ਰਾਜਾਂ ਅਤੇ ਕੇਂਦਰ ਅਧੀਨ ਪ੍ਰਦੇਸ਼ਾਂ ਨੂੰ ਵਿਸ਼ੇਸ਼ ਰਿਆਇਤੀ ਦਰਾਂ ਤੇ ਅਨਾਜ ਦੀ ਪੂਰਤੀ ਕੀਤੀ ਜਾਂਦੀ ਹੈ। ਇਸ ਸਰਵਜਨਕ ਵਿਤਰਣ ਪ੍ਰਣਾਲੀ ਅਧੀਨ ਨਿਰਧਾਰਿਤ ਮੁੱਲ ਤੋਂ 50 ਪੈਸੇ ਪ੍ਰਤੀ ਕਿਲੋਗ੍ਰਾਮ ਘੱਟ ਕੀਮਤ ਹੁੰਦੀ ਹੈ।

## ਅਭਿਆਸ

**I. ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਇਹਨਾਂ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ ਦਿਓ)**

**(Very Short Answer Type Questions)**

1. ਅਧਾਰਿਕ ਸੰਰਚਨਾ ਤੋਂ ਕੀ ਭਾਵ ਹੈ ?
2. ਭਾਰਤ ਦੀਆਂ ਕੋਈ ਦੋ ਮੁੱਖ ਆਰਥਿਕ ਅਧਾਰਿਕ ਸੰਰਚਨਾਵਾਂ ਕਿਹੜੀਆਂ ਹਨ ?
3. ਭਾਰਤ ਵਿੱਚ ਆਵਾਜਾਈ ਦੇ ਕੋਈ ਦੋ ਮੁੱਖ ਸਾਧਨ ਕਿਹੜੇ ਹਨ ?
4. ਸਿੰਚਾਈ ਤੋਂ ਕੀ ਭਾਵ ਹੈ ?
5. ਭਾਰਤ ਵਿੱਚ ਸਿੰਚਾਈ ਦੇ ਮੁੱਖ ਸਾਧਨ ਕਿਹੜੇ ਹਨ ?
6. ਕਿੰਨੇ ਵਪਾਰਿਕ ਬੈਂਕ ਰਾਸ਼ਟਰੀਕਰਣ ਕੀਤੇ ਗਏ ਹਨ ?

7. ਭਾਰਤ ਦੇ ਕੇਂਦਰੀ ਬੈਂਕ ਦਾ ਨਾਂ ਲਿਖੋ।

8. ਭਾਰਤ ਦੀਆਂ ਵਿਸ਼ਿਸ਼ਟ ਬੈਂਕਿੰਗ ਸੰਸਥਾਵਾਂ ਕਿਹੜੀਆਂ ਹਨ ?

9. ਉਪਭੋਗਤਾ ਸੰਰਖਣ ਤੋਂ ਕੀ ਭਾਵ ਹੈ ?

**II. ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਇਹਨਾਂ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ)**

**(Short Answer Type Questions)**

1. ਅਧਾਰਿਕ ਸੰਰਚਨਾ ਤੋਂ ਕੀ ਭਾਵ ਹੈ ? ਇਸ ਦੀ ਕੀ ਲੋੜ ਹੈ ?
2. ਭਾਰਤ ਦੀਆਂ ਮੁੱਖ ਆਰਥਿਕ ਸੰਰਚਨਾਵਾਂ ਕਿਹੜੀਆਂ ਹਨ ?
3. ਭਾਰਤ ਦੀਆਂ ਮੁੱਖ ਮੌਦਰਿਕ ਸੰਸਥਾਵਾਂ ਕਿਹੜੀਆਂ ਹਨ ?
4. ਉਪਭੋਗਤਾ ਦੇ ਸ਼ੋਸ਼ਣ ਤੋਂ ਕੀ ਭਾਵ ਹੈ ? ਉਪਭੋਗਤਾ ਸੰਰਖਣ ਦੇ ਮੁੱਖ ਉਪਾਅ ਦਸੋ।
5. ਸਰਵਜਨਕ ਵਿਤਰਣ ਪ੍ਰਣਾਲੀ ਤੋਂ ਕੀ ਭਾਵ ਹੈ ? ਭਾਰਤ ਵਿੱਚ ਸਰਵਜਨਕ ਵਿਤਰਣ ਪ੍ਰਣਾਲੀ ਦੀ ਵਰਤਮਾਨ ਸਥਿਤੀ ਦਾ ਵਰਣਨ ਕਰੋ।

ਪਾਠ 3

# ਭਾਰਤ ਵਿੱਚ ਖੇਤੀਬਾੜੀ ਦਾ ਵਿਕਾਸ
# (AGRICULTURE DEVELOPMENT IN INDIA)

### 1. ਭੂਮਿਕਾ (Introduction)

ਭਾਰਤ ਇੱਕ ਖੇਤੀ ਪ੍ਰਧਾਨ ਦੇਸ਼ ਮੰਨਿਆ ਜਾਂਦਾ ਹੈ ਕਿਉਂਕਿ ਭਾਰਤ ਵਿੱਚ ਅੱਜ ਵੀ 68 ਪ੍ਰਤੀਸ਼ਤ ਜਨਸੰਖਿਆ ਖੇਤੀ ਖੇਤਰ ਵਿੱਚੋਂ ਰੋਜ਼ਗਾਰ ਪ੍ਰਾਪਤ ਕਰ ਰਹੀ ਹੈ। ਆਜ਼ਾਦੀ ਪਿੱਛੋਂ ਭਾਰਤਵਾਸੀਆਂ ਨੂੰ ਅੰਗ੍ਰੇਜ਼ਾਂ ਕੋਲੋਂ ਪਿਛੜੀ ਹੋਈ ਖੇਤੀ ਅਰਥਵਿਵਸਥਾ ਹੀ ਵਿਰਾਸਤ ਵਿੱਚ ਮਿਲੀ ਸੀ। ਮਹਾਤਮਾ ਗਾਂਧੀ ਵੀ ਖੇਤੀ ਨੂੰ "ਭਾਰਤ ਦੀ ਆਤਮਾ" ਮੰਨਦੇ ਸਨ। ਨਹਿਰੂ ਜੀ ਨੇ ਵੀ ਇਸ ਲਈ ਕਿਹਾ ਸੀ "ਖੇਤੀ ਨੂੰ ਸਭ ਤੋਂ ਵੱਧ ਪ੍ਰਾਥਮਿਕਤਾ ਦੇਣ ਦੀ ਲੋੜ ਹੈ।" ਡਾ. ਵੀ. ਕੇ. ਆਰ. ਵੀ ਰਾਓ ਨੇ ਖੇਤੀ ਦੇ ਮਹੱਤਵ ਉਤੇ ਰੋਸ਼ਨੀ ਪਾਉਂਦੇ ਹੋਏ ਕਿਹਾ ਸੀ, "ਜੇਕਰ ਪੰਜ ਸਾਲਾ ਯੋਜਨਾਵਾਂ ਦੇ ਅਧੀਨ ਵਿਕਾਸ ਦੇ ਵਿਸ਼ਾਲ ਪਹਾੜ ਨੂੰ ਲੰਘਣਾ ਹੈ ਤਾਂ ਖੇਤੀ ਲਈ ਨਿਰਧਾਰਿਤ ਟੀਚਿਆਂ ਨੂੰ ਪੂਰਾ ਕਰਨਾ ਜ਼ਰੂਰੀ ਹੈ।" ਪ੍ਰਸਿੱਧ ਭਾਰਤੀ ਵਿਦਵਾਨ ਦਾਂਤੇਵਾਲਾ ਦੇ ਅਨੁਸਾਰ, "ਭਾਰਤੀ ਅਰਥਵਿਵਸਥਾ ਦੇ ਆਰਥਿਕ ਵਿਕਾਸ ਵਿੱਚ ਖੇਤੀ ਖੇਤਰ ਦੀ ਸਫਲਤਾ ਦੇਸ਼ ਨੂੰ ਆਰਥਿਕ ਉੱਨਤੀ ਦੇ ਮਾਰਗ ਤੇ ਲੈ ਜਾਂਦੀ ਹੈ।"

### 2. ਖੇਤੀ ਦਾ ਅਰਥ (Meaning of Agriculture)

ਅੰਗ੍ਰੇਜ਼ੀ ਭਾਸ਼ਾ ਦਾ "ਐਗਰੀਕਲਚਰਲ" ਸ਼ਬਦ ਲੇਟਿਨ ਭਾਸ਼ਾ ਦੇ ਦੋ ਸ਼ਬਦਾਂ ਐਗਰੀ (Agri) ਖੇਤ (Fields) ਅਤੇ ਕਲਚਰ (Culture) ਖੇਤੀ ਤੋਂ ਲਿਆ ਗਿਆ ਹੈ। ਵੈਬਸਟਰ ਸ਼ਬਦਕੋਸ਼ (Webster Dictionary) ਦੇ ਅਨੁਸਾਰ, "ਇਕ ਖੇਤ ਵਿੱਚ ਪਸ਼ੂਆਂ ਅਤੇ ਫਸਲਾਂ ਦੇ ਉਤਪਾਦਨ ਸੰਬੰਧੀ ਕਲਾ ਜਾਂ ਵਿਗਿਆਨ ਨੂੰ ਖੇਤੀ ਕਹਿੰਦੇ ਹਨ।"

### 3. ਭਾਰਤੀ ਅਰਥਵਿਵਸਥਾ ਵਿੱਚ ਖੇਤੀ ਦਾ ਮਹੱਤਵ (Importance of Agriculture in Indian Economy)

ਯੋਜਨਾ ਆਯੋਗ ਨੇ ਠੀਕ ਹੀ ਕਿਹਾ ਹੈ ਕਿ, "ਯੋਜਨਾਵਾਂ ਦੀ ਸਫਲਤਾ ਲਈ ਖੇਤੀ ਦਾ ਵਿਕਾਸ ਸਭ ਤੋਂ ਵੱਧ ਜ਼ਰੂਰੀ ਹੈ। ਭਾਰਤ ਦੀ ਵੱਧਦੀ ਹੋਈ ਜਨਸੰਖਿਆ, ਭੋਜਨ ਲਈ ਖੇਤੀ ਤੇ ਨਿਰਭਰ ਕਰਦੀ ਹੈ। ਭਾਰਤੀ ਖੇਤੀ ਉੱਤੇ ਹੀ ਦੇਸ਼ ਦੇ ਉਦਯੋਗ, ਵਿਉਪਾਰ, ਵਿਦੇਸ਼ੀ ਵਪਾਰ ਅਤੇ ਯਾਤਾਯਾਤ ਨਿਰਭਰ ਕਰਦੇ ਹਨ।" ਦੇਸ਼ ਦੀ ਅਰਥਵਿਵਸਥਾ ਵਿੱਚ ਖੇਤੀ ਦਾ ਮਹੱਤਵ ਹੇਠਾਂ ਲਿਖੀਆਂ ਗੱਲਾਂ ਤੇ ਨਿਰਭਰ ਕਰਦਾ ਹੈ।

**1. ਰਾਸ਼ਟਰੀ ਆਮਦਨ ਵਿੱਚ ਯੋਗਦਾਨ (Contribution in National Income) :—** ਭਾਰਤ ਦੀ ਰਾਸ਼ਟਰੀ ਆਮਦਨ ਦਾ ਲਗਭਗ 40 ਪ੍ਰਤੀਸ਼ਤ ਖੇਤੀ ਅਤੇ ਵਣਾਂ ਆਦਿ ਪ੍ਰਾਥਮਿਕ ਕ੍ਰਿਆਵਾਂ ਤੋਂ ਪ੍ਰਾਪਤ ਹੁੰਦਾ ਹੈ। ਯੋਜਨਾਕਾਲ ਦੌਰਾਨ ਰਾਸ਼ਟਰੀ ਆਮਦਨ ਵਿੱਚ ਖੇਤੀ ਖੇਤਰ ਦਾ ਯੋਗਦਾਨ ਵੱਖ-ਵੱਖ ਵਰ੍ਹਿਆਂ ਵਿੱਚ ਲਗਭਗ 51% ਤੋਂ 29% ਤੱਕ ਰਿਹਾ ਹੈ। ਭਾਰਤ ਦੀ ਰਾਸ਼ਟਰੀ ਆਮਦਨ ਵਿੱਚ ਖੇਤੀ ਖੇਤਰ ਦਾ ਯੋਗਦਾਨ ਹੋਰਨਾਂ ਖੇਤਰਾਂ ਜਿਵੇਂ ਉਦਯੋਗ, ਰੁਜ਼ਗਾਰ ਆਦਿ ਦੀ ਤੁਲਨਾ ਵਿੱਚ ਬਹੁਤ ਵਧੇਰੇ ਹੈ ਪਰੰਤੂ ਹੁਣ ਇਹ ਹੌਲੀ-ਹੌਲੀ ਘੱਟ ਹੁੰਦਾ ਜਾ ਰਿਹਾ ਹੈ। ਸੰਸਾਰ ਦੇ ਵਿਕਸਤ ਭਾਵ ਧਨੀ ਦੇਸ਼ਾਂ ਵਿੱਚ ਖੇਤੀ ਕਾਫੀ ਵਿਕਸਤ ਹੈ ਪਰੰਤੂ ਉਹਨਾਂ ਦੀ ਰਾਸ਼ਟਰੀ ਆਮਦਨ ਵਿੱਚ ਇਸਦਾ ਯੋਗਦਾਨ ਕਾਫੀ ਘੱਟ ਹੈ।

**2. ਅਨਾਜ ਪੂਰਤੀ ਦਾ ਸਾਧਨ (Source of Food Supply) :—** ਖੇਤੀ ਤੋਂ ਭਾਰਤ ਦੀ ਜਨਸੰਖਿਆ ਨੂੰ ਭੋਜਨ ਅਤੇ ਪਸ਼ੂਆਂ ਨੂੰ ਚਾਰਾ ਪ੍ਰਾਪਤ ਹੁੰਦਾ ਹੈ। ਇਸ ਲਈ ਖੇਤੀ ਮਨੁੱਖਾਂ ਅਤੇ ਪਸ਼ੂਆਂ ਲਈ ਜੀਵਨ ਦਾ ਸਾਧਨ ਹੈ। ਖੇਤੀ ਦੇ ਵਿਕਾਸ ਨਾਲ ਦੇਸ਼ ਦੀ ਅੰਨ ਸਮੱਸਿਆ ਕਾਫ਼ੀ ਹੱਦ ਤੱਕ ਹੱਲ ਹੋ ਗਈ ਹੈ। ਭਾਰਤ ਵਿੱਚ ਪ੍ਰਤੀ ਵਿਅਕਤੀ ਅਨਾਜ

ਦੀ ਪ੍ਰਾਪਤੀ 1956 ਵਿੱਚ 430 ਗ੍ਰਾਮ ਸੀ ਜਿਹੜੀ ਕਿ ਸੰਨ 1997 ਵਿੱਚ ਵੱਧ ਕੇ 498 ਗ੍ਰਾਮ ਹੋ ਗਈ ਹੈ। ਇੱਕ ਤੰਦਰੁਸਤ ਵਿਅਕਤੀ ਨੂੰ 750 ਗ੍ਰਾਮ ਭੋਜਨ ਰੋਜ਼ਾਨਾ ਮਿਲਣਾ ਚਾਹੀਦਾ ਹੈ। ਭਾਰਤ ਵਿੱਚ ਮੱਛੀ, ਦੁੱਧ, ਅੰਡੇ ਆਦਿ ਦੀ ਪ੍ਰਾਪਤੀ ਬਹੁਤ ਹੀ ਘੱਟ ਹੈ। ਇਸ ਲਈ ਅਨਾਜ ਦੀ ਜ਼ਰੂਰਤ ਵਧੇਰੇ ਰਹਿੰਦੀ ਹੈ। ਭਾਰਤ ਵਿੱਚ ਲੋਕਾਂ ਨੂੰ ਸਬਜ਼ੀਆਂ, ਦਾਲਾਂ ਆਦਿ ਖਾਣ ਵਾਲੇ ਤੇਲਾਂ ਦੀ ਮਾਤਰਾ ਘੱਟ ਮਿਲਦੀ ਹੈ। ਜਿਹੜੀ ਕਿ ਇਕ ਵਿਅਕਤੀ ਨੂੰ ਔਸਤਨ 25.5 ਗ੍ਰਾਮ ਮਾਤਰਾ ਮਿਲਣੀ ਚਾਹੀਦੀ ਹੈ ਪਰੰਤੂ 14.6 ਗ੍ਰਾਮ ਹੀ ਮਿਲਦੀ ਹੈ। ਇਸ ਵਿਸ਼ੇ ਵਿੱਚ ਫਰੀਮੈਨ (Freeman) ਨੇ ਠੀਕ ਹੀ ਕਿਹਾ ਹੈ ਕਿ "ਕਿਤੇ ਅਜਿਹਾ ਨਾ ਹੋਵੇ ਕਿ ਸਾਡੀ ਸੰਤਾਨ ਸਾਡੇ ਉਪਰ ਵਿਅੰਗ ਕਸੇ ਕਿ 20ਵੀਂ ਸ਼ਤਾਬਦੀ ਦੇ ਲੋਕਾਂ ਨੇ ਚੰਦ ਸੂਰਜ ਤੱਕ ਤਾਂ ਆਪਣੇ ਆਪ ਨੂੰ ਪਹੁੰਚਾ ਲਿਆ ਹੈ ਪਰੰਤੂ ਬੱਚਿਆਂ ਨੂੰ ਰੋਟੀ ਅਤੇ ਦੁੱਧ ਨਾ ਦੇ ਸਕਦੇ।"

3. **ਖੇਤੀ ਅਤੇ ਰੋਜ਼ਗਾਰ (Agriculture and Empolyment) :—** ਭਾਰਤੀ ਅਰਥਵਿਵਸਥਾ ਵਿੱਚ ਸਭ ਤੋਂ ਜ਼ਿਆਦਾ ਰੋਜ਼ਗਾਰ ਦੇ ਮੌਕੇ ਖੇਤੀ ਖੇਤਰ ਵਿੱਚ ਹੀ ਮਿਲਦੇ ਹਨ। 1951 ਦੀ ਜਨਗਣਨਾ ਦੇ ਅਨੁਸਾਰ, ਭਾਰਤ ਵਿੱਚ ਕੰਮ ਕਰਨ ਵਾਲੀ ਜਨਸੰਖਿਆ ਵਿੱਚ ਪੇਂਡੂ ਮਜ਼ਦੂਰਾਂ ਦਾ ਹਿੱਸਾ 80% ਸੀ। ਇਹਨਾਂ ਵਿਚੋਂ ਲਗਪਗ 82% ਪੇਂਡੂ ਮਜ਼ਦੂਰਾਂ ਨੂੰ ਖੇਤੀ ਖੇਤਰ ਵਿੱਚ ਰੋਜ਼ਗਾਰ ਮਿਲ ਰਿਹਾ ਸੀ। ਇਹ ਕਿਹਾ ਜਾ ਸਕਦਾ ਹੈ ਕਿ 1901 ਦੀ ਜਨਗਣਨਾ ਦੇ ਅਨੁਸਾਰ 60% ਜਨਸੰਖਿਆ ਖੇਤੀ ਖੇਤਰ ਵਿੱਚ ਰੋਜ਼ਗਾਰ ਪ੍ਰਾਪਤ ਕਰ ਰਹੀ ਸੀ ਜਦੋਂ ਕਿ 1996-97 ਵਿੱਚ 64% ਜਨਸੰਖਿਆ ਖੇਤੀ ਖਤਰ ਵਿੱਚ ਰੋਜ਼ਗਾਰ ਪ੍ਰਾਪਤ ਕਰ ਰਹੀ ਸੀ ਜਦੋਂ ਕਿ 1996-97 ਵਿੱਚ 64% ਜਨਸੰਖਿਆ ਖੇਤੀ ਵਿੱਚ ਰੋਜ਼ਗਾਰ ਪ੍ਰਾਪਤ ਕਰ ਰਹੀ ਹੈ। ਭਾਰਤ ਦੀ ਦੋ-ਤਿਹਾਈ ਜਨਸੰਖਿਆ ਰੋਜ਼ਗਾਰ ਲਈ ਖੇਤੀ ਖੇਤਰ ਉੱਤੇ ਨਿਰਭਰ ਹੈ। ਪੰਜਾਬ ਵਿੱਚ 1991 ਦੀ ਜਨਗਣਨਾ ਦੇ ਅਨੁਸਾਰ ਲਗਪਗ 22 ਲੱਖ ਵਿਅਕਤੀ ਕਾਸ਼ਤਕਾਰ ਦੇ ਰੂਪ ਵਿੱਚ ਅਤੇ 12 ਲੱਖ ਵਿਅਕਤੀ ਭੂਮੀਹਨ ਖੇਤੀ-ਕਿਰਤੀਆਂ ਦੇ ਰੂਪ ਵਿੱਚ ਕਾਰਜ ਕਰ ਰਹੇ ਸਨ। ਇਸ ਲਈ ਖੇਤੀ ਖੇਤਰ ਦੇ ਪਿਛੜੇਪਨ ਅਤੇ ਪੇਂਡੂ ਖੇਤਰ ਦੀ ਗਰੀਬੀ ਦੇ ਬਾਵਜੂਦ ਵੀ ਭਾਰਤ ਵਿੱਚ ਰੋਜ਼ਗਾਰ ਦਾ ਮੁੱਖ ਸਾਧਨ ਖੇਤੀ ਖੇਤਰ ਹੀ ਹੈ। ਅਰਥਸ਼ਾਸਤਰੀਆਂ ਦੇ ਅਨੁਸਾਰ ਭਾਰਤ ਵਿੱਚ ਉਦਯੋਗਾਂ ਖਾਸ ਕਰਕੇ ਵੱਡੇ ਪੈਮਾਨੇ ਦੇ ਉਦਯੋਗਾਂ ਵਿੱਚ ਰੋਜ਼ਗਾਰ ਵਧੇਰੀ ਮਾਤਰਾ ਵਿੱਚ ਪ੍ਰਾਪਤ ਹੋਣ ਦੀ ਨਜ਼ਦੀਕੀ ਭਵਿੱਖ ਵਿੱਚ ਕੋਈ ਸੰਭਾਵਨਾ ਨਹੀਂ ਹੈ। ਇਸ ਤਰ੍ਹਾਂ ਭਾਰਤ ਵਿੱਚ ਖੇਤੀ ਕੇਵਲ ਵਰਤਮਾਨ ਸਮੇਂ ਵਿੱਚ ਹੀ ਨਹੀਂ ਬਲਕਿ ਭਵਿੱਖ ਵਿੱਚ ਵੀ ਰੋਜ਼ਗਾਰ ਦਾ ਸਾਧਨ ਬਣੀ ਰਹੇਗੀ।

4. **ਖੇਤੀ ਅਤੇ ਉਦਯੋਗ (Agriculture and Industry) :—** ਭਾਰਤ ਵਰਗੇ ਅਲਪਵਿਕਸਿਤ ਦੇਸ਼ ਵਿੱਚ ਆਰਥਿਕ ਵਿਕਾਸ ਦੀ ਮੁੱਢਲੀ ਅਵਸਥਾ ਵਿੱਚ ਉਦਯੋਗਿਕ ਵਿਕਾਸ ਲਈ ਖੇਤੀ ਦਾ ਕਈ ਕਾਰਣਾਂ ਕਰਕੇ ਮਹੱਤਵਪੂਰਣ ਯੋਗਦਾਨ ਹੁੰਦਾ ਹੈ ਜਿਵੇਂ :—

(i) ਉਦਯੋਗਾਂ ਨੂੰ ਕੱਚਾ ਮਾਲ ਜਿਵੇਂ ਕਪਾਹ, ਪਟਸਨ, ਗੰਨਾ, ਤਿਲ, ਰਬੜ, ਅਨਾਜ ਆਦਿ ਖੇਤੀ ਖੇਤਰ ਵਿੱਚੋਂ ਹੀ ਪ੍ਰਾਪਤ ਹੁੰਦਾ ਹੈ।

(ii) ਖੇਤੀ ਵਿੱਚ ਉਤਪਾਦਕਤਾ ਵਧਣ ਨਾਲ ਲੋਕਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ ਅਤੇ ਉਹ ਉਦਯੋਗਾਂ ਰਾਹੀਂ ਬਣਾਈਆਂ ਗਈਆਂ ਵਸਤਾਂ ਦੀ ਵਧੇਰੀ ਮੰਗ ਕਰਨਗੇ।

(iii) ਖੇਤੀ ਵਿੱਚ ਉਤਪਾਦਕਤਾ ਵਧਣ ਕਾਰਣ ਖੇਤੀ ਖੇਤਰ ਵਿੱਚ ਮਜ਼ਦੂਰਾਂ ਦੀ ਮੰਗ ਘੱਟ ਹੋ ਜਾਵੇਗੀ, ਉਹ ਮਜ਼ਦੂਰ ਉਦਯੋਗਾਂ ਵਿੱਚ ਕੰਮ ਕਰ ਸਕਣਗੇ।

(iv) ਉਦਯੋਗਿਕ ਵਿਕਾਸ ਦੇ ਕਾਰਣ ਆਮਦਨ ਵਿੱਚ ਵਾਧਾ ਹੋਵੇਗਾ ਅਤੇ ਅਨਾਜ ਦੀ ਮੰਗ ਵਧੇਰੇ ਹੋਣ ਨਾਲ ਖੇਤੀ ਦਾ ਵਿਕਾਸ ਵੀ ਹੋਵੇਗਾ।

(v) ਕਈ ਕੁਟੀਰ ਉਦਯੋਗਾਂ ਜਿਵੇਂ ਤੇਲ ਕੱਢਣਾ, ਹੱਥ ਖੱਡੀ ਵਰਗੇ ਉਦਯੋਗਾਂ ਨੂੰ ਕੱਚੇ ਮਾਲ ਲਈ ਖੇਤੀ ਉਪਰ ਨਿਰਭਰ ਰਹਿਣਾ ਪੈਂਦਾ ਹੈ।

5. **ਜੀਵ ਨਿਰਵਾਹ ਦਾ ਸਾਧਨ (Source of Livelihood) :—** ਭਾਰਤੀ ਕਿਸਾਨਾਂ ਲਈ ਖੇਤੀ ਜੀਵਨ ਨਿਰਵਾਹ ਦਾ ਮੁੱਖ ਸਾਧਨ ਹੈ। ਭਾਰਤ ਵਿੱਚ ਗੈਰ-ਖੇਤੀ ਪੇਂਡੂ ਪਰਿਵਾਰ ਜਿਵੇਂ ਜੁਲਾਹੇ, ਦਸਤਕਾਰ, ਨਾਈ, ਧੋਬੀ ਆਦਿ ਦਾ ਆਮਦਨ ਦਾ ਵੀ ਮਹੱਤਵਪੂਰਨ ਸਾਧਨ ਖੇਤੀ ਹੈ। ਜ਼ਿਆਦਾਤਰ ਪੇਂਡੂ ਪਰਿਵਾਰ ਆਪਣੇ ਸਹਾਇਕ ਰੋਜ਼ਗਾਰ ਲਈ ਖੇਤੀ ਉਪਰ ਹੀ ਨਿਰਭਰ ਕਰਦੇ ਹਨ।

6. **ਖੇਤੀ ਅਤੇ ਵਿਦੇਸ਼ੀ ਵਪਾਰ (Agriculture and Foreign Trade) :—** ਭਾਰਤ ਦੇ ਵਿਦੇਸ਼ੀ ਵਪਾਰ ਵਿੱਚ ਖੇਤੀ ਦਾ ਬਹੁਤ ਮਹੱਤਵ ਹੈ। ਦੇਸ਼ ਦੇ ਕੁੱਲ ਨਿਰਯਾਤ ਵਿੱਚ ਖੇਤੀ ਪਦਾਰਥਾਂ ਦਾ ਯੋਗਦਾਨ ਬਹੁਤ ਜ਼ਿਆਦਾ ਹੈ। ਭਾਰਤ ਤੋਂ ਚਾਹ, ਪਟਸਨ, ਕਾਜੂ, ਤੰਬਾਕੂ, ਕਾਫੀ, ਮਸਾਲੇ ਆਦਿ ਵਧੇਰੀ ਮਾਤਰਾ ਵਿੱਚ ਨਿਰਯਾਤ ਕੀਤੇ ਜਾਂਦੇ ਹਨ।

7. **ਆਂਤਰਿਕ ਵਪਾਰ (Internal Trade) :—** ਭਾਰਤ ਦੇ ਜ਼ਿਆਦਾਤਰ ਲੋਕ ਆਪਣੀ ਆਮਦਨ ਦਾ 80 ਪ੍ਰਤੀਸ਼ਤ ਤੋਂ ਵੀ ਵੱਧ ਹਿੱਸਾ ਅਨਾਜ, ਚਾਹ, ਖੰਡ, ਦੁੱਧ ਆਦਿ ਉੱਤੇ ਖਰਚ ਕਰਦੇ ਹਨ ਇਸ ਲਈ ਦੇਸ਼ ਦੇ ਆਂਤਰਿਕ ਵਪਾਰ ਵਿੱਚ ਵੀ ਖੇਤੀ ਦਾ ਬਹੁਤ ਵਧੇਰੇ ਮਹੱਤਵ ਹੈ। ਅਨਾਜ ਦੇ ਵਪਾਰ ਤੋਂ ਬਹੁਤ ਸਾਰੇ ਲੋਕਾਂ ਨੂੰ ਰੋਜ਼ਗਾਰ ਅਤੇ ਸਰਕਾਰ ਨੂੰ ਟੈਕਸ ਦੇ ਰੂਪ ਵਿੱਚ ਕਾਫੀ ਆਮਦਨ ਪ੍ਰਾਪਤ ਹੁੰਦੀ ਹੈ।

8. **ਯਾਤਾਯਾਤ (Transport) :—** ਰੇਲਾਂ, ਮੋਟਰਾਂ, ਬੈਲਗੱਡੀਆਂ ਦੀ ਆਮਦਨ ਦਾ ਇੱਕ ਮੁੱਖ ਸਾਧਨ ਅਨਾਜ ਅਤੇ ਹੋਰਨਾਂ ਖੇਤੀ ਪਦਾਰਥਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਤੱਕ ਪਹੁੰਚਣ ਤੋਂ ਪ੍ਰਾਪਤ ਹੁੰਦਾ ਹੈ।

9. **ਸਰਕਾਰੀ ਆਮਦਨ (Government Income) :—** ਰਾਜ ਸਰਕਾਰਾਂ ਆਪਣੀ ਆਮਦਨ ਦਾ ਇੱਕ ਵੱਡਾ ਹਿੱਸਾ ਖੇਤੀ ਤੋਂ ਪ੍ਰਾਪਤ ਕਰਦੀਆਂ ਹਨ। ਖੇਤੀ ਤੇ ਕਈ ਪ੍ਰਕਾਰ ਦੇ ਟੈਕਸ ਲਗਾਏ ਜਾਂਦੇ ਹਨ ਜਿਵੇਂ ਮਾਲਗੁਜਾਰੀ (Land Revenue) ਸਿੰਚਾਈ ਕਰ, ਖੇਤੀ ਆਮਦਨ ਕਰ ਆਦਿ। ਕੇਂਦਰੀ ਸਰਕਾਰ ਵੀ ਖੇਤੀ ਉਤਪਾਦਨ ਕਰ, ਨਿਰਯਾਤ ਕਰ ਆਦਿ ਤੋਂ ਕਾਫੀ ਆਮਦਨ ਪ੍ਰਾਪਤ ਕਰਦੀ ਹੈ।


10. **ਪੂੰਜੀ ਨਿਰਮਾਣ (Capital Formation) :—** ਸਾਡੇ ਦੇਸ਼ ਦੀ ਜ਼ਿਆਦਾਤਰ ਪੂੰਜੀ ਖੇਤੀ ਵਿੱਚ ਲੱਗੀ ਹੋਈ ਹੈ। ਸਥਾਈ ਪੂੰਜੀ ਦੀ ਦ੍ਰਿਸ਼ਟੀ ਤੋਂ ਖੇਤੀ ਦਾ ਦਰਜਾ ਦੇਸ਼ ਵਿੱਚ ਸਭ ਤੋਂ ਉੱਚਾ ਹੈ। ਦੇਸ਼ ਦੀ ਕਰੋੜਾਂ ਰੁਪਏ ਦੀ ਪੂੰਜੀ ਸਿੰਚਾਈ ਦੇ ਸਾਧਨਾਂ, ਪਸ਼ੂ-ਧਨ ਅਤੇ ਔਜ਼ਾਰਾਂ, ਟ੍ਰੈਕਟਰਾਂ ਵਿੱਚ ਲਗੀ ਹੋਈ ਹੈ।

ਇਸ ਤਰ੍ਹਾਂ ਉਪਰਲੇ ਵਿਵਰਣ ਤੋਂ ਸਿੱਧ ਹੁੰਦਾ ਹੈ ਕਿ "ਕਿਸਾਨਾਂ ਦੀ ਖ਼ੁਸ਼ਹਾਲੀ ਭਾਰਤ ਦੀ ਖ਼ੁਸ਼ਹਾਲੀ ਹੈ।" ਆਰਥਿਕ ਨਿਯੋਜਨ ਦੀ ਸਫਲਤਾ ਲਈ ਵੀ ਖੇਤੀ ਦਾ ਵਿਕਾਸ ਬਹੁਤ ਜ਼ਰੂਰੀ ਹੈ।

### 4. ਭਾਰਤੀ ਖੇਤੀਬਾੜੀ ਦੀਆਂ ਮੁੱਖ ਸਮੱਸਿਆਵਾਂ (Main Problems of Indian Agriculture)

ਭਾਰਤੀ ਖੇਤੀ ਕਾਫੀ ਪਿਛੜੀ ਹੋਈ ਹੈ, ਇਸ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਹਨ। ਭਾਰਤੀ ਖੇਤੀ ਦੀਆਂ ਮੁੱਖ ਸਮੱਸਿਆਵਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ :— (1) ਮਨੁੱਖੀ ਸਮੱਸਿਆਵਾਂ (2) ਸੰਸਥਾਗਤ ਸਮੱਸਿਆਵਾਂ ਅਤੇ (3) ਤਕਨੀਕੀ ਸਮੱਸਿਆਵਾਂ।

**ਭਾਰਤੀ ਖੇਤੀ ਦੀਆਂ ਸਮੱਸਿਆਵਾਂ**



### 4.1 ਮਨੁੱਖੀ ਸਮੱਸਿਆਵਾਂ (Human Problems)

1. **ਭੂਮੀ ਉੱਤੇ ਜਨਸੰਖਿਆ ਦਾ ਦਬਾਅ** (Pressure of Population on Land) :— ਭਾਰਤੀ ਖੇਤੀ ਦੇ ਪਿਛੜੇਪਨ ਦਾ ਮੁੱਖ ਕਾਰਣ ਇਹ ਹੈ ਕਿ ਸਾਡੇ ਦੇਸ਼ ਵਿੱਚ ਵਧੇਰੇ ਲੋਕ ਖੇਤੀ ਉੱਤੇ ਨਿਰਭਰ ਕਰਦੇ ਹਨ। 1901 ਵਿੱਚ ਖੇਤੀ ਉੱਤੇ ਨਿਰਭਰ ਲੋਕਾਂ ਦੀ ਸੰਖਿਆ 16 ਕਰੋੜ 30 ਲੱਖ ਸੀ। ਹੁਣ ਇਹ ਵੱਧ ਕੇ 38 ਕਰੋੜ 30 ਲੱਖ ਹੋ ਗਈ ਹੈ। ਇਸ ਦਾ ਪ੍ਰਭਾਵ ਇਹ ਹੋਇਆ ਕਿ ਦੇਸ਼ ਵਿੱਚ ਪ੍ਰਤੀ ਵਿਅਕਤੀ ਖੇਤੀ ਭੂਮੀ ਦਾ ਖੇਤਰਫਲ ਜੋ ਪਹਿਲਾਂ 1901 ਵਿੱਚ 0.43 ਹੈਕਟੇਅਰ ਸੀ ਹੁਣ ਉਹ ਘੱਟ ਹੋ ਕੇ 0.23 ਹੈਕਟੇਅਰ ਰਹਿ ਗਿਆ ਹੈ। ਹੁਣ ਭੂਮੀ ਉੱਤੇ ਜਨਸੰਖਿਆ ਦਾ ਵਧੇਰੇ ਦਬਾਅ ਹੋਣ ਕਾਰਣ ਉਪਵਿਭਾਜਨ ਅਤੇ ਉਪਖੰਡਾਂ ਦੀ ਸਮੱਸਿਆ ਪੈਦਾ ਹੋ ਗਈ ਹੈ। ਇਸ ਨਾਲ ਛੁਪੀ ਹੋਈ ਬੇਰੁਜ਼ਗਾਰੀ ਵੱਧੀ ਹੈ।

2. **ਸਮਾਜਿਕ ਵਾਤਾਵਰਣ (Social Atmosphere) :—** ਭਾਰਤ ਦੇ ਪਿੰਡਾਂ ਦਾ ਵਾਤਾਵਰਣ ਵੀ ਖੇਤੀ ਵਿਕਾਸ ਵਿੱਚ ਰੁਕਾਵਟ ਰਿਹਾ ਹੈ। ਭਾਰਤੀ ਕਿਸਾਨ ਅਨਪੜ੍ਹ ਹਨ ਇਸ ਕਰਕੇ ਉਹ ਖੇਤੀ ਦੀਆਂ ਨਵੀਆਂ ਤਕਨੀਕਾਂ ਦਾ ਗਿਆਨ ਆਸਾਨੀ ਨਾਲ ਨਹੀਂ ਪ੍ਰਾਪਤ ਕਰ ਸਕਦੇ। ਭਾਰਤੀ ਕਿਸਾਨ ਕਿਸਮਤਵਾਦੀ (Fatalist), ਰੂੜੀਵਾਦੀ (Superstitions) ਅਤੇ ਅੰਧਵਿਸ਼ਵਾਸੀ (Conservative) ਹਨ। ਉਹ ਜਾਤੀ ਪ੍ਰਥਾ ਦੇ ਬੰਧਨਾਂ ਵਿੱਚ ਜਕੜਿਆ ਹੋਇਆ ਹੈ। ਅਗਿਆਨਤਾ ਅਤੇ ਜਾਤੀਪ੍ਰਥਾ ਦੇ ਕਾਰਣ ਭਾਰਤੀ ਕਿਸਾਨ ਛੋਟੀਆਂ-ਛੋਟੀਆਂ ਗੱਲਾਂ ਤੇ ਝਗੜੇ ਕਰਦੇ ਹਨ, ਮੁਕੱਦਮਿਆਂ ਵਿੱਚ ਲੱਗੇ ਰਹਿੰਦੇ ਹਨ ਜਿਸ ਨਾਲ ਧਨ ਅਤੇ ਸਮਾਂ ਨਸ਼ਟ ਹੁੰਦਾ ਹੈ। ਭਾਰਤੀ ਪਿੰਡਾਂ ਦਾ ਇਹ ਸਮਾਜਿਕ ਵਾਤਾਵਰਣ ਖੇਤੀ ਵਿਕਾਸ ਵਿੱਚ ਰੁਕਾਵਟ ਸਿੱਧ ਹੁੰਦਾ ਹੈ।

### 4.2 ਸੰਸਥਾਗਤ ਸਮੱਸਿਆਵਾਂ (Institutional Problems)

**(i) ਖੇਤਾਂ ਦਾ ਛੋਟਾ ਆਕਾਰ** (Small Size of Holdings) :— ਭਾਰਤ ਵਿੱਚ ਜ਼ਿਆਦਾਤਰ ਖੇਤ ਬਹੁਤ ਛੋਟੇ-ਛੋਟੇ ਹਨ। ਭਾਰਤ ਵਿੱਚ ਖੇਤਾਂ ਦਾ ਔਸਤਨ ਆਕਾਰ 2.3 ਹੈਕਟੇਅਰ ਹੈ। ਪੰਜਾਬ ਵਿੱਚ ਜੋਤਾਂ ਦਾ ਔਸਤ ਆਕਾਰ 3.77 ਹੈਕਟੇਅਰ ਹੈ। 70% ਖੇਤ, 2 ਹੈਕਟੇਅਰ ਤੋਂ ਵੀ ਘੱਟ ਆਕਾਰ ਦੇ ਹਨ ਜਦੋਂ ਕਿ ਅਮਰੀਕਾ ਵਿੱਚ ਖੇਤਾਂ ਦਾ ਔਸਤਨ ਆਕਾਰ 122 ਹੈਕਟੇਅਰ ਹੈ। ਭਾਰਤ ਵਿੱਚ ਖੇਤ ਸਿਰਫ ਛੋਟੇ ਹੀ ਨਹੀਂ ਹਨ ਬਲਕਿ ਉਪਖੰਡਨ ਦੇ ਕਾਰਣ ਇੱਕ ਕਿਸਾਨ ਦੇ ਖੇਤ ਕਈ ਥਾਂ ਤੇ ਵਿਖਰੇ ਹੁੰਦੇ ਹਨ। ਖੇਤਾਂ ਦਾ ਆਕਾਰ ਛੋਟਾ ਹੋਣ ਕਰਕੇ ਉਹਨਾਂ ਤੇ ਵਿਗਿਆਨਕ ਢੰਗਾਂ ਨਾਲ ਖੇਤੀ ਕਰਨਾ ਮੁਸ਼ਕਲ ਹੋ ਜਾਂਦਾ ਹੈ। ਇਸ ਨਾਲ ਪਸ਼ੂ, ਔਜ਼ਾਰ ਅਤੇ ਸਿੰਚਾਈ ਦੇ ਸਾਧਨ ਬੇਕਾਰ ਹੋ ਜਾਂਦੇ ਹਨ।

**(ii) ਭੂ-ਸੁਵਾਮੀ ਪ੍ਰਣਾਲੀ** (Land Tenure System) :— ਭਾਰਤੀ ਖੇਤੀ ਦੇ ਪਿਛੜੇਪਨ ਦਾ ਮੁੱਖ ਕਾਰਣ ਜ਼ਿਮੀਦਾਰੀ ਪ੍ਰਥਾ ਰਹੀ ਹੈ। ਜਦੋਂ ਕਿ ਆਜ਼ਾਦੀ ਪਿਛੋਂ ਜ਼ਿਮੀਦਾਰੀ ਪ੍ਰਥਾ ਨੂੰ ਕਾਨੂੰਨੀ ਤੌਰ ਤੇ ਖਤਮ ਕਰ ਦਿੱਤਾ ਗਿਆ ਹੈ, ਫਿਰ ਵੀ ਕਾਸ਼ਤਕਾਰ ਦੀ ਹਾਲਤ ਸੰਤੋਖਜਨਕ ਨਹੀਂ ਹੈ। ਉਹਨਾਂ ਨੂੰ ਭਾਰੀ ਲਗਾਨ ਦੇਣਾ ਪੈਂਦਾ ਹੈ। ਭੂ-ਸੁਆਮੀ ਅੱਜ ਵੀ ਆਪਣੀ ਮਨਮਾਨੀ ਕਰਦੇ ਹਨ। ਉਹ ਆਪਣੀ ਇੱਛਾ ਨਾਲ ਕਾਸ਼ਤਕਾਰ ਨੂੰ ਬੇਦਖਲ ਕਰ ਦਿੰਦੇ ਹਨ। ਇਸ ਤਰ੍ਹਾਂ ਅਜਿਹੀਆਂ ਹਲਾਤਾਂ ਵਿੱਚ ਕਾਸ਼ਤਕਾਰਾਂ ਤੋਂ ਉਤਪਾਦਕਤਾ ਵਿੱਚ ਵਾਧੇ ਦੀ ਆਸ ਨਹੀਂ ਕੀਤੀ ਜਾ ਸਕਦੀ।

### 4.3 ਤਕਨੀਕੀ ਸਮੱਸਿਆਵਾਂ (Technical Problems)

**(i) ਸਿੰਚਾਈ ਦੀਆਂ ਘੱਟ ਸਹੂਲਤਾਂ** (Inadequate Irrigational Facilities) :— ਭਾਰਤ ਦੀ ਖੇਤੀ ਪਾਣੀ ਲਈ ਜ਼ਿਆਦਾਤਰ ਵਰਖਾ ਉੱਤੇ ਹੀ ਨਿਰਭਰ ਕਰਦੀ ਹੈ। ਵਰਖਾ ਦੇ ਅਨਿਸ਼ਚਿਤ ਹੋਣ ਕਾਰਣ ਖੇਤੀ ਉਤਪਾਦਨ ਵੀ ਅਨਿਸ਼ਚਿਤ ਹੋ ਜਾਂਦਾ ਹੈ। ਇਸ ਲਈ ਭਾਰਤੀ ਖੇਤੀ ਨੂੰ ਮਾਨਸੂਨ ਦਾ ਜੂਆ ਕਹਿੰਦੇ ਹਨ। ਯੋਜਨਾ ਕਾਲ ਦੌਰਾਨ ਕੇਵਲ 34% ਭੂਮੀ ਉੱਤੇ ਸਿੰਚਾਈ ਦੇ ਸਾਧਨਾਂ ਦਾ ਪ੍ਰਬੰਧ ਹੋ ਸਕਿਆ ਹੈ। ਸਿੰਚਾਈ ਦੀ ਘਾਟ ਦੇ ਕਾਰਣ ਕਿਸਾਨ ਸਾਲ ਵਿੱਚ ਇੱਕ ਹੀ ਫਸਲ ਪੈਦਾ ਕਰ ਪਾਉਂਦੇ ਹਨ।

**(ii) ਪੁਰਾਣੇ ਖੇਤੀ ਔਜ਼ਾਰ** (Old Agricultural Implements) :— ਭਾਰਤੀ ਖੇਤੀ ਵਿੱਚ ਅਜੇ ਤੱਕ ਵੀ ਪੁਰਾਣੇ ਖੇਤੀ ਔਜ਼ਾਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਵਿਗਿਆਨਕ ਯੁੱਗ ਵਿੱਚ ਵੀ ਭਾਰਤ ਦੇ ਕਿਸਾਨ ਖੇਤੀ ਔਜ਼ਾਰਾਂ ਦੇ ਰੂਪ ਵਿੱਚ ਹੁਣ ਤੱਕ ਲਕੜੀ ਦੇ ਹੱਲ, ਪਟੇਲਾਂ, ਕਹੀ, ਦਾਤਰੀ ਆਦਿ ਦਾ ਪ੍ਰਯੋਗ ਕਰਦੇ ਹਨ। ਟ੍ਰੈਕਟਰ ਅਤੇ ਹੋਰ ਵੱਡੀਆਂ ਮਸ਼ੀਨਾਂ ਦਾ ਪ੍ਰਯੋਗ ਨਾ-ਮਾਤਰ ਹੁੰਦਾ ਹੈ। ਖੇਤੀ ਵਿੱਚ ਪੁਰਾਣੇ ਔਜ਼ਾਰਾਂ ਦਾ ਪ੍ਰਯੋਗ ਕਰਨ ਨਾਲ ਭੂਮੀ ਦੀ ਉਤਪਾਦਕਤਾ ਨਹੀਂ ਵੱਧਦੀ ਜਿਸ ਨਾਲ ਖੇਤੀ ਉਤਪਾਦਨ ਘੱਟ ਹੋ ਜਾਂਦਾ ਹੈ।

**(iii) ਕਾਸ਼ਤ ਦੇ ਪੁਰਾਣੇ ਤਰੀਕੇ** (Traditional Techniques of Cultivation) **:—** ਭਾਰਤ ਵਿੱਚ ਖੇਤੀ ਕਰਨ ਦੇ ਢੰਗ ਵੀ ਪੁਰਾਣੇ ਹਨ। ਫਸਲਾਂ ਦੇ ਹੇਰ-ਫੇਰ ਨੂੰ ਠੀਕ ਤਰ੍ਹਾਂ ਨਾਲ ਅਮਲ ਵਿੱਚ ਨਹੀਂ ਲਿਆਇਆ ਜਾਂਦਾ। ਇਸ ਕਾਰਣ ਅਤੇ ਹੋਰਨਾਂ ਕਾਰਣਾਂ ਕਰਕੇ ਖੇਤੀ ਦਾ ਉਤਪਾਦਨ ਕਾਫੀ ਘੱਟ ਜਾਂਦਾ ਹੈ।

**(iv) ਉੱਨਤ ਬੀਜਾਂ ਦੀ ਕਮੀ** (Lack of Improved Seeds) :— ਭਾਰਤ ਦੇ ਕਿਸਾਨ ਚੰਗੇ ਬੀਜਾਂ ਦਾ ਪ੍ਰਯੋਗ ਨਹੀਂ ਕਰ ਪਾਉਂਦੇ। ਇਸ ਦਾ ਕਾਰਣ ਇਹ ਹੈ ਕਿ ਉਹ ਇਸ ਦਾ ਮਹੱਤਵ ਨਹੀਂ ਸਮਝਦੇ। ਦੂਜਾ, ਇਹਨਾਂ ਦੀ ਪੂਰਤੀ ਦਾ ਦੇਸ਼ ਵਿੱਚ ਕੋਈ ਉਚਿੱਤ ਪ੍ਰਬੰਧ ਨਹੀਂ ਹੈ। ਤੀਜਾ, ਵਧੀਆ ਬੀਜ ਮਹਿੰਗੇ ਹੋਣ ਕਾਰਣ ਭਾਰਤ ਦੇ ਗਰੀਬ ਕਿਸਾਨ ਇਹਨਾਂ ਨੂੰ ਖਰੀਦ ਨਹੀਂ ਸਕਦੇ। ਇਹਨਾਂ ਕਾਰਣਾਂ ਕਰਕੇ ਪ੍ਰਤੀ ਹੈਕਟਰ ਉਪਜ ਘੱਟ ਹੁੰਦੀ ਹੈ।

**(v) ਖਾਦ ਦੀ ਘਾਟ** (Lack of Manure) :— ਵਧੀਆ ਖੇਤੀ ਲਈ ਖਾਦ ਦਾ ਬਹੁਤ ਮਹੱਤਵ ਹੈ। ਭਾਰਤੀ ਕਿਸਾਨ ਉਚਿੱਤ ਮਾਤਰਾ ਵਿੱਚ ਖਾਦ ਦਾ ਪ੍ਰਯੋਗ ਨਹੀਂ ਕਰਦੇ ਹਨ। ਗੋਬਰ ਦੀ ਖਾਦ ਜੋ ਬਹੁਤ ਲਾਭਦਾਇਕ ਅਤੇ ਸਸਤੀ ਹੈ ਉਸਦਾ 60% ਹਿੱਸਾ ਜਲਾ ਦਿੱਤਾ ਜਾਂਦਾ ਹੈ। ਰਸਾਇਣਕ ਖਾਦ ਮਹਿੰਗੀ ਹੁੰਦੀ ਹੈ, ਜਿਸਨੂੰ ਸਾਨੂੰ ਵਿਦੇਸ਼ਾਂ ਤੋਂ ਮੰਗਵਾਉਣਾ ਪੈਂਦਾ ਹੈ। ਇਸ ਲਈ ਇਸ ਦੀ ਘਾਟ ਰਹਿੰਦੀ ਹੈ।

**(vi) ਦੋਸ਼ਪੂਰਣ ਖੇਤੀ ਵਿਕਰੀ ਪ੍ਰਥਾ** (Defective Agricultural Marketing System) :— ਭਾਰਤ ਵਿੱਚ ਖੇਤੀ ਉਤਪਾਦਨ ਦੀ ਵਿਕਰੀ ਵਿਵਸਥਾ ਠੀਕ ਨਹੀਂ ਹੈ ਜਿਸ ਕਾਰਣ ਕਿਸਾਨਾਂ ਨੂੰ ਉਹਨਾਂ ਦੀ ਫਸਲ ਦੀ ਉਚਿੱਤ ਕੀਮਤ ਨਹੀਂ ਮਿਲਦੀ। ਯਾਤਾਯਾਤ ਦੇ ਸਾਧਨ ਠੀਕ ਨਾ ਹੋਣ ਕਰਕੇ ਕਿਸਾਨਾਂ ਨੂੰ ਆਪਣੀ ਫਸਲ ਪਿੰਡ ਦੇ ਸਾਹੂਕਾਰ ਨੂੰ ਹੀ ਵੇਚਣੀ ਪੈਂਦੀ ਹੈ ਜੋ ਉਹਨਾਂ ਨੂੰ ਘੱਟ ਮੁੱਲ ਦਿੰਦਾ ਹੈ। ਗੋਦਾਮਾਂ ਦੀ ਘਾਟ ਕਰਕੇ ਕਿਸਾਨਾਂ ਨੂੰ ਫਸਲ ਕੱਟਣ ਪਿਛੋਂ ਜਲਦੀ ਵੇਚਣੀ ਪੈਂਦੀ ਹੈ ਜਦੋਂ ਕਿ ਉਸ ਸਮੇਂ ਅਨਾਜ ਦਾ ਮੁੱਲ ਘੱਟ ਹੁੰਦਾ ਹੈ, ਇਹ ਇਸ ਲਈ ਕਰਨਾ ਪੈਂਦਾ ਹੈ ਕਿ ਕਿਸਾਨਾਂ ਪਾਸ ਅਨਾਜ ਦੇ ਭੰਡਾਰੀਕਰਣ ਲਈ ਗੋਦਾਮ ਨਹੀਂ ਹੁੰਦੇ।

**(vii) ਫਸਲਾਂ ਦੀਆਂ ਬਿਮਾਰੀਆਂ ਅਤੇ ਟਿੱਡੀਆਂ ਦੇ ਹਮਲੇ** (Diseases of Crops and Attacks of Pests) :— ਭਾਰਤੀ ਫਸਲਾਂ ਬਿਮਾਰੀ, ਬੰਦਰਾਂ ਅਤੇ ਚੂਹਿਆਂ ਆਦਿ ਦੇ ਕਾਰਣ ਕਾਫੀ ਨਸ਼ਟ ਹੋ ਜਾਂਦੀਆਂ ਹਨ। ਟਿੱਡੇ ਅਤੇ ਟਿੱਡੀਆਂ ਫਸਲਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਭਾਰਤ ਸਰਕਾਰ ਦੇ ਭੂਮੀ ਸੰਰਖਣ ਦੇ ਸਲਾਹਕਾਰ ਸ੍ਰੀ ਐਨ. ਸਿੰਘ ਦੇ ਅਨੁਸਾਰ, "ਭਾਰਤ ਵਿੱਚ ਹਰ ਸਾਲ 100 ਕਰੋੜ ਰੁਪਏ ਦੀਆਂ ਫਸਲਾਂ ਕੀੜਿਆਂ ਰਾਹੀਂ ਨਸ਼ਟ ਹੋ ਜਾਂਦੀਆਂ ਹਨ।"

**(viii) ਸਾਖ ਸੁਵਿਧਾਵਾਂ ਦੀ ਕਮੀ** (Lack of credit Facilities) :— ਭਾਰਤ ਦੇ ਗਰੀਬ ਕਿਸਾਨਾਂ ਨੂੰ ਹੁਣ ਵੀ ਕਰਜ਼ੇ ਪ੍ਰਾਪਤ ਕਰਨ ਵਿੱਚ ਮੁਸ਼ਕਲ ਉਠਾਉਣੀ ਪੈਂਦੀ ਹੈ। ਉਹਨਾਂ ਨੂੰ ਬੈਂਕਾਂ ਅਤੇ ਸਹਿਕਾਰੀ ਸਮਿਤੀਆਂ ਤੋਂ ਉਚਿੱਤ ਮਾਤਰਾ ਵਿੱਚ ਅਤੇ ਉਚਿੱਤ ਸਮੇਂ ਤੇ ਕਰਜ਼ਾ ਨਹੀਂ ਮਿਲਦਾ। ਉਹਨਾਂ ਨੂੰ ਹੁਣ ਵੀ ਕਰਜ਼ਿਆ ਲਈ ਖਾਸ ਕਰਕੇ ਉਪਭੋਗ ਮਹਾਜਨਾਂ ਅਤੇ ਸ਼ਾਹੂਕਾਰਾਂ ਉੱਤੇ ਨਿਰਭਰ ਰਹਿਣਾ ਪੈਂਦਾ ਹੈ। ਕਿਸਾਨ ਨੂੰ ਆਪਣੀ ਆਮਦਨ ਦਾ ਕਾਫੀ ਹਿੱਸਾ ਵਿਆਜ ਦੇ ਰੂਪ ਵਿੱਚ ਮਹਾਜਨ ਨੂੰ ਦੇਣਾ ਪੈਂਦਾ ਹੈ। ਕਿਸਾਨ ਆਪਣੀ ਫਸਲ ਵੀ ਘੱਟ ਮੁੱਲ ਤੇ ਮਹਾਜਨ ਨੂੰ ਵੇਚਣ ਲਈ ਮਜਬੂਰ ਹੋ ਜਾਂਦਾ ਹੈ।

**(ix) ਕਮਜ਼ੋਰ ਪਸ਼ੂ** (Weak Cattle) :— ਭਾਰਤੀ ਖੇਤੀ ਵਿੱਚ ਮਸ਼ੀਨਾਂ ਦੀ ਕਮੀ ਹੋਣ ਕਰਕੇ ਪਸ਼ੂਆਂ ਦਾ ਵਧੇਰੇ ਮਹੱਤਵ ਹੈ। ਪਰ ਭਾਰਤੀ ਪਸ਼ੂ ਕਮਜ਼ੋਰ ਹਨ ਅਤੇ ਉਹਨਾਂ ਦੀ ਮੌਤ-ਦਰ ਵੀ ਵਧੇਰੇ ਹੈ। ਕਿਸਾਨਾਂ ਨੂੰ ਕਾਫੀ ਪਸ਼ੂ ਰਖਣੇ ਪੈਂਦੇ ਹਨ। ਇਸ ਨਾਲ ਇਕ ਤਾਂ ਵਧੇਰੇ ਖਰਚ ਕਰਨਾ ਪੈਂਦਾ ਹੈ ਅਤੇ ਦੂਜਾ ਉਹਨਾਂ ਨੂੰ ਪਾਲਨ ਵਿੱਚ ਕਾਫੀ ਖਰਚ ਹੁੰਦਾ ਹੈ। ਇਸ ਲਈ ਖੇਤੀ ਉਤਪਾਦਕ ਲਾਗਤ ਵੱਧ ਜਾਂਦੀ ਹੈ।

ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਭਾਰਤੀ ਖੇਤੀ ਦੀ ਉਤਪਾਦਕਤਾ ਦੇ ਨੀਵੇਂ ਪੱਧਰ ਅਤੇ ਪਿਛੜੇਪਨ ਲਈ ਮਨੁੱਖੀ, ਸੰਸਥਾਗਤ ਅਤੇ ਤਕਨੀਕੀ ਤਿਨ੍ਹਾਂ ਕਿਸਮਾਂ ਦੇ ਤੱਤ ਜ਼ਿੰਮੇਵਾਰ ਹਨ।

**5. ਖੇਤੀ ਉਤਪਾਦਨ ਦੇ ਵਿਕਾਸ ਵਿੱਚ ਸਰਕਾਰ ਦਾ ਯੋਗਦਾਨ (Role of Government in Agricultural Growth)**

ਖੇਤੀ ਦੇ ਵਿਕਾਸ ਵਿੱਚ ਭਾਰਤ ਸਰਕਾਰ ਦਾ ਹੇਠ ਲਿਖਿਆ ਮਹੱਤਵਪੂਰਣ ਯੋਗਦਾਨ ਰਿਹਾ ਹੈ :—

**1. ਭੂਮੀ ਸੁਧਾਰ (Land Reforms) :—** ਆਜ਼ਾਦੀ ਪਿੱਛੋਂ ਸਰਕਾਰ ਨੇ ਭੂਮੀ ਸੁਧਾਰ ਸੰਬੰਧੀ ਕਈ ਮਹੱਤਵਪੂਰਣ ਕਦਮ ਚੁੱਕੇ ਹਨ ਜਿਵੇਂ :- (i) ਜ਼ਿਮੀਦਾਰੀ ਪ੍ਰਥਾ ਦਾ ਖਾਤਮਾ (ii) ਕਾਸ਼ਤਕਾਰਾਂ ਦੀ ਮਲਕੀਅਤ ਅਤੇ ਕਾਸ਼ਤਕਾਰੀ ਪ੍ਰਥਾ ਵਿੱਚ ਸੁਧਾਰ ਕਰਨ ਲਈ ਵੱਖ-ਵੱਖ ਰਾਜਾਂ ਵਿੱਚ ਕਾਨੂੰਨ ਪਾਸ ਕੀਤੇ ਗਏ ਹਨ। (iii) ਭੂਮੀ ਦੀਆਂ ਜੋਤਾਂ ਦੀ ਉੱਚਤਮ ਸੀਮਾ ਨਿਰਧਾਰਤ ਕਰ ਦਿੱਤੀ ਗਈ ਹੈ। (iv) ਸੰਨ 1996 ਤੱਕ ਲਗਪਗ 619 ਲੱਖ ਹੈਕਟੇਅਰ ਭੂਮੀ ਦੀ ਪੂਰੇ ਦੇਸ਼ ਵਿੱਚ ਚੱਕਬੰਦੀ ਕਰ ਦਿੱਤੀ ਗਈ ਹੈ। "ਚੱਕਬੰਦੀ ਉਹ ਕਿਰਿਆ ਜਿਸ ਰਾਹੀਂ ਕਿਸਾਨਾਂ ਨੂੰ ਇਸ ਗੱਲ ਤੇ ਮਨਾਇਆ ਜਾਂਦਾ ਹੈ ਕਿ ਉਹ ਆਪਣੇ ਇੱਧਰ-ਉੱਧਰ ਬਿਖਰੇ ਹੋਏ ਖੇਤਾਂ ਦੇ ਬਦਲੇ ਵਿੱਚ ਉਸ ਦੀ ਕਿਸਮ ਅਤੇ ਕੁਲ ਉਤਨੇ ਹੀ ਆਕਾਰ ਦੇ ਇੱਕ ਜਾਂ ਦੋ ਖੇਤ ਲੈ ਲਵੇ।" (v) ਸਹਿਕਾਰੀ ਖੇਤੀ ਦਾ ਵੀ ਵਿਕਾਸ ਕੀਤਾ ਗਿਆ ਹੈ। (vi) ਅਚਾਰੀਆ ਵਿਨੋਬਾ ਭਾਵੇਂ ਨੇ ਭੂਮੀ-ਹੀਨ ਕਿਸਾਨਾਂ ਦੀ ਅਵਸਥਾ ਸੁਧਾਰਣ ਲਈ 'ਭੂਦਾਨ ਯੱਗ' ਆਰੰਭ ਕੀਤਾ ਸੀ। ਖੇਤੀ ਸੁਧਾਰਾਂ ਨਾਲ ਖੇਤੀ ਦੇ ਵਿਕਾਸ ਵਿੱਚ ਮਹੱਤਵਪੂਰਣ ਯੋਗਦਾਨ ਹੋਇਆ ਹੈ।

**2. ਫਸਲ ਅਧੀਨ ਖੇਤਰ ਵਿੱਚ ਵਾਧਾ (Increase in Area under Cultivation) :—** ਪੰਜ ਸਾਲਾ ਯੋਜਨਾਵਾਂ ਵਿੱਚ ਖੇਤੀ ਖੇਤਰ ਦਾ ਵਿਕਾਸ ਕਰਨ ਦਾ ਯਤਨ ਕੀਤਾ ਗਿਆ ਹੈ। ਯੋਜਨਾਕਾਲ ਵਿੱਚ ਫਸਲਾਂ ਦੇ ਖੇਤਰ ਵਿੱਚ 38% ਦਾ ਵਾਧਾ ਹੋਇਆ ਹੈ। ਸੰਨ 1950-51 ਵਿੱਚ ਕੁੱਲ ਬੀਜਿਆ ਗਿਆ ਖੇਤਰ 13 ਕਰੋੜ ਹੈਕਟੇਅਰ ਸੀ, ਹੁਣ ਇਹ ਵੱਧਕੇ 18.5 ਕਰੋੜ ਹੈਕਟੇਅਰ ਦੇ ਲਗਪਗ ਹੋ ਗਿਆ ਹੈ। ਪੰਜਾਬ ਵਿੱਚ ਕੁੱਲ ਬੀਜੇ ਗਏ ਖੇਤਰ ਵਿੱਚ ਵਾਧਾ ਕਰਨ ਲਈ ਬੰਜਰ ਅਤੇ ਬੇਕਾਰ ਭੂਮੀ ਨੂੰ ਖੇਤੀ-ਯੋਗ ਬਣਾਇਆ ਗਿਆ ਹੈ। ਖਾਲੀ ਛੱਡੀ ਜਾਣ ਵਾਲੀ ਭਾਵ ਸਾਰਾ ਸਾਲ ਨਾ ਬੀਜੀ ਜਾਣ ਵਾਲੀ ਭੂਮੀ ਨੂੰ ਘੱਟ ਕੀਤਾ ਗਿਆ ਹੈ। ਭੂਮੀ-ਕਟਾਅ ਨਾਲ ਬੇਕਾਰ ਹੋਈ ਭੂਮੀ ਨੂੰ ਵੀ ਖੇਤੀ ਯੋਗ ਬਣਾਉਣ ਦੇ ਯਤਨ ਕੀਤੇ ਗਏ ਹਨ। ਲਗਪਗ 4.2 ਕਰੋੜ ਹੈਕਟੇਅਰ ਖੇਤਰਫਲ ਉਪਰ ਇੱਕ ਸਾਲ ਵਿੱਚ ਇੱਕ ਤੋਂ ਵੱਧ ਫਸਲਾਂ ਉਗਾਈਆਂ ਜਾਂਦੀਆਂ ਹਨ।

**3. ਸਿੰਚਾਈ ਦਾ ਵਿਸਥਾਰ (More Irrigational Facilities) :—** ਖੇਤੀ ਦੀ ਉਤਪਾਦਿਕਤਾ ਵਧਾਉਣ ਲਈ ਸਿੰਚਾਈ ਦਾ ਕਾਫੀ ਵਧੇਰੇ ਵਿਸਥਾਰ ਕੀਤਾ ਗਿਆ ਹੈ। ਦੇਸ਼ ਵਿੱਚ ਸਿੰਚਾਈ ਦੀਆਂ ਛੋਟੀਆਂ ਅਤੇ ਵੱਡੀਆਂ ਕਈ ਯੋਜਨਾਵਾਂ ਆਰੰਭ ਕੀਤੀਆਂ ਗਈਆਂ ਹਨ। 1951 ਵਿੱਚ ਸਿਰਫ 17% ਭੂਮੀ ਉੱਤੇ ਸਿੰਚਾਈ ਵਿਵਸਥਾ ਸੀ, ਹੁਣ ਇਹ ਵੱਧ ਕੇ 34% ਹੋ ਗਈ ਹੈ। ਪੰਜਾਬ ਵਿੱਚ ਖੇਤੀ ਦੇ ਅਧੀਨ ਕੁੱਲ ਖੇਤਰਫਲ ਦੇ 95% ਭਾਗ ਵਿੱਚ ਸਿੰਚਾਈ ਦੀ ਵਿਵਸਥਾ ਹੈ। ਬਹੁ-ਪੱਖੀ ਯੋਜਨਾਵਾਂ (Multi-purpose projects) ਅਤੇ ਟਿਊਬਵੈਲਾਂ ਦੇ ਨਿਰਮਾਣ ਨਾਲ ਸਿੰਚਾਈ ਵਾਲੇ ਖੇਤਰ ਵਿੱਚ ਕਾਫੀ ਵਾਧਾ ਹੋਇਆ ਹੈ। ਜਿਨ੍ਹਾਂ ਖੇਤਰਾਂ ਵਿੱਚ ਸਿੰਚਾਈ ਦੀ ਵਿਵਸਥਾ ਸੰਭਵ ਨਹੀਂ ਹੈ, ਉੱਥੇ ਸੁੱਕੀ ਖੇਤੀ (Dry Farming) ਸੰਭਵ ਕੀਤੀ ਗਈ ਹੈ। ਸੰਨ 1995-96 ਵਿੱਚ ਸਿੰਚਾਈ 876 ਲੱਖ ਹੈਕਟੇਅਰ

ਭੂਮੀ ਲਈ ਕੀਤੀ ਜਾ ਸਕਦੀ ਹੈ। ਪੰਜਾਬ ਵਿੱਚ 73 ਲੱਖ ਹੈਕਟੇਅਰ ਭੂਮੀ ਤੇ ਸਿੰਚਾਈ ਦੀ ਵਿਵਸਥਾ ਹੈ। ਸਤਵੀਂ ਯੋਜਨਾ ਵਿੱਚ ਸਿੰਚਾਈ ਤੇ 16,590 ਕਰੋੜ ਰੁਪਏ ਖਰਚ ਕੀਤੇ ਗਏ। ਅੱਠਵੀ ਯੋਜਨਾ ਵਿੱਚ ਸਿੰਚਾਈ ਤੇ 32,280 ਕਰੋੜ ਰੁਪਏ ਖਰਚ ਕੀਤੇ ਗਏ ਅਤੇ ਸਿੰਚਾਈ ਦਾ ਖੇਤਰ ਵੱਧ ਕੇ 894 ਲੱਖ ਹੈਕਟੇਅਰ ਹੋ ਗਿਆ ਹੈ।

**4. ਵੰਡ ਪ੍ਰਣਾਲੀ ਵਿੱਚ ਸੁਧਾਰ (Reforms in Delivery System) :—** ਖੇਤੀ ਆਗਤਾਂ ਅਤੇ ਖੇਤੀ ਉਤਪਾਦਨ ਦੇ ਵਿਤਰਣ ਅਤੇ ਵਿਕਰੀ ਸੰਬੰਧੀ ਸਰਕਾਰ ਨੇ ਕਈ ਸੁਧਾਰ ਕੀਤੇ ਹਨ। ਕਿਸਾਨਾਂ ਨੂੰ ਖੇਤੀ ਮੱਧਵਰਤੀ ਵਸਤਾਂ ਜਿਵੇਂ —ਉੱਨਤ ਬੀਜ, ਖਾਦਾਂ ਆਦਿ ਨੂੰ ਉਪਲਬੱਧ ਕਰਾਉਣ ਲਈ ਸਹਿਕਾਰੀ ਸਮਿਤੀਆਂ ਦੀ ਸਥਾਪਨਾ ਉੱਪਰ ਜ਼ੋਰ ਦਿੱਤਾ ਗਿਆ ਹੈ। ਇਸ ਸੰਬੰਧ ਵਿੱਚ ਕਿਸਾਨਾਂ ਨੂੰ ਜ਼ਰੂਰੀ ਸਾਖ ਦੀ ਉਪਲੱਬਧਤਾ ਸਹਿਕਾਰੀ ਸਮਿਤੀਆਂ, ਖੇਤਰੀ ਪੇਂਡੂ ਬੈਂਕਾਂ, ਵਪਾਰਿਕ ਬੈਂਕਾਂ ਆਦਿ ਸੰਗਠਿਤ ਖੇਤਰ ਰਾਹੀਂ ਉਪਲਬੱਧ ਕਰਾਈ ਗਈ ਹੈ। ਇਸ ਦੇ ਉਦੇਸ਼ ਕਿਸਾਨਾਂ ਨੂੰ ਮਹਾਜਨਾਂ ਦੇ ਸ਼ੋਸ਼ਣ ਤੋਂ ਬਚਾਉਣਾ ਹੈ। ਖੇਤੀ ਉਤਪਾਦਨ ਦੀ ਵਿਕਰੀ ਨਾਲ ਕਿਸਾਨਾਂ ਨੂੰ ਉੱਚਿਤ ਮੁੱਲ ਦਿਵਾਉਣ ਦੇ ਉਦੇਸ਼ ਨਾਲ ਅਤੇ ਉਹਨਾਂ ਨੂੰ ਵਪਾਰੀਆਂ, ਮਹਾਜਨਾਂ ਦੇ ਸ਼ੋਸ਼ਣ ਤੋਂ ਮੁਕਤ ਕਰਾਉਣ ਸੰਬੰਧੀ ਖੇਤੀ ਨੀਤੀ ਵਿੱਚ ਸੁਧਾਰ ਲਿਆ ਕੇ ਨਿਯਮਿਤ ਮੰਡੀਆਂ, ਸਹਿਕਾਰੀ ਵਿਕਰੀ ਸਮਿਤੀਆਂ, ਸਰਕਾਰੀ ਸੰਗਠਨਾਂ ਜਿਵੇਂ- ਭਾਰਤੀ ਖਾਦ ਨਿਗਮ, NAFED, MARKED, HAFED ਆਦਿ ਦੀ ਸਥਾਪਨਾ ਕੀਤੀ ਗਈ ਹੈ। ਇਹ ਸੰਸਥਾਵਾਂ ਖੇਤੀ ਵਿਕਰੀ ਅਤੇ ਖੇਤੀ ਪਦਾਰਥਾਂ ਦੀ ਪ੍ਰਕਿਰਿਆ ਦਾ ਕੰਮ ਕਿਸਾਨਾਂ ਦੇ ਕਲਿਆਣ ਨੂੰ ਮੁੱਖ ਰਖਦਿਆਂ ਹੋਇਆ ਕਰਦੀਆਂ ਹਨ।

**5. ਖੇਤੀ ਸੰਬੰਧੀ ਖੋਜ ਅਤੇ ਵਿਕਾਸ (Agricultural Research and Development) :—** ਭਾਰਤ ਸਰਕਾਰ ਵਲੋਂ ਖੇਤੀ ਸੰਬੰਧੀ ਅਨੁਸੰਧਾਨ ਅਤੇ ਵਿਕਾਸ ਲਈ ਕਈ ਸੰਸਥਾਵਾਂ, ਸਕੂਲ ਆਦਿ ਸਥਾਪਿਤ ਕੀਤੇ ਗਏ ਹਨ। ਭਾਰਤੀ ਖੇਤੀ ਅਨੁਸੰਧਾਨ ਪਰਿਸ਼ਦ (ICAR) ਦੇਸ਼ ਦੀ ਖੇਤੀ ਅਨੁਸੰਧਾਨ ਸੰਬੰਧੀ ਸਾਰਿਆਂ ਤੋਂ ਉੱਚੀ ਸੰਸਥਾ ਹੈ, ਇਸ ਦੀਆਂ ਸ਼ਾਖਾਵਾਂ ਲਗਪਗ ਸਾਰੇ ਦੇਸ਼ ਵਿੱਚ ਹਨ। ਭਾਰਤ ਵਿੱਚ 27 ਖੇਤੀ ਯੂਨੀਵਰਸਿਟੀਆਂ ਹਨ। ਇਹਨਾਂ ਸੰਸਥਾਵਾਂ ਨੇ ਕਣਕ, ਚਾਵਲ ਅਤੇ ਕਈ ਹੋਰ ਫਲਾਂ ਦੇ ਉੱਨਤ ਬੀਜਾਂ ਦੀ ਖੋਜ ਕੀਤੀ ਹੈ। ਖੇਤੀ ਦੀਆਂ ਉੱਨਤ ਵਿਧੀਆਂ ਦੇ ਸੰਬੰਧ ਵਿੱਚ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ। ਸੁੱਕੇ ਖੇਤਰਾਂ ਵਿੱਚ ਖੇਤੀ ਕਰਨ ਲਈ ਵਿਗਿਆਨਕ ਵਿਧੀਆਂ ਦੀ ਖੋਜ ਕੀਤੀ ਗਈ ਹੈ।

**6. ਖੇਤੀ ਦਾ ਵਿਕਾਸ (Development of Agricultural Land) :—** ਪੰਜ ਸਾਲਾਂ ਯੋਜਨਾਵਾਂ ਦੌਰਾਨ ਖੇਤੀ ਭੂਮੀ ਦੇ ਵਿਕਾਸ ਲਈ ਕਾਫੀ ਯਤਨ ਕੀਤੇ ਗਏ ਹਨ। ਭੂਮੀ ਨੂੰ ਸਮਤਲ ਬਣਾਉਣ, ਉਸ ਨੂੰ ਢਲਾਨ ਦੇਣ, ਕੰਟੂਰ ਬੰਧਨ, ਪੌੜੀਦਾਰ ਖੇਤੀ ਬਣਾਉਣ ਦੇ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਭੂਮੀ ਦਾ ਸੰਰਖਣ ਕੀਤਾ ਜਾ ਰਿਹਾ ਹੈ।

**7. ਪਸ਼ੂਪਾਲਨ ਵਿੱਚ ਸੁਧਾਰ (Improvement of Animal Husbandry) :—** ਪੰਜ ਸਾਲਾਂ ਯੋਜਨਾ ਦੌਰਾਨ ਪਸ਼ੂਆਂ ਦੀ ਨਸਲ ਸੁਧਾਰਨ ਲਈ ਆਧਾਰ ਪਿੰਡ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਹਨ। ਪਸ਼ੂਆਂ ਦੀ ਬਿਮਾਰੀ ਦਾ ਇਲਾਜ ਕਰਨ ਲਈ ਹਸਪਤਾਲ ਖੋਲ੍ਹੇ ਗਏ ਹਨ। ਦੇਸ਼ ਦੇ ਪਸ਼ੂ ਧਨ ਦਾ ਵਿਕਾਸ ਕਰਨ ਲਈ 86 ਗਹਿਣ ਪਸ਼ੂ ਵਿਕਾਸ ਯੋਜਨਾਵਾਂ ਸਥਾਪਤ ਕੀਤੀਆਂ ਗਈਆਂ ਹਨ। ਇਹਨਾਂ ਵਿੱਚ ਪਸ਼ੂਆਂ ਦੇ ਵਿਕਾਸ ਸੰਬੰਧੀ ਉਪਾਆਂ ਨੂੰ ਅਪਣਾਇਆ ਜਾਂਦਾ ਹੈ।

**8. ਖੇਤੀ ਵਸਤਾਂ ਦੀ ਵਿਕਰੀ ਵਿੱਚ ਸੁਧਾਰ (Improvement in Agricultural Marketing) :—** ਖੇਤੀ ਵਸਤੂਆਂ ਦੀ ਵਿਕਰੀ ਵਿੱਚ ਸੁਧਾਰ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਉਹਨਾਂ ਦੀ ਉਪਜ ਦਾ ਉਚਿੱਤ ਮੁੱਲ ਦਵਾਉਣਾ ਹੁੰਦਾ ਹੈ। ਇਸ ਸੰਬੰਧ ਵਿੱਚ ਖਾਸ ਕਰਕੇ ਦੋ ਦਿਸ਼ਾਵਾਂ ਵਿੱਚ ਪ੍ਰਯਤਨ ਕੀਤਾ ਗਿਆ ਹੈ। (i) ਨਿਯਮਿਤ ਮੰਡੀਆਂ ਦਾ ਪ੍ਰਬੰਧ ਸਰਕਾਰ ਰਾਹੀਂ ਨਿਯੁਕਤ ਬਾਜ਼ਾਰ ਸਮਿਤੀ ਕਰਦੀ ਹੈ। ਇਹਨਾਂ ਦਾ ਉਦੇਸ਼ ਕਿਸਾਨਾਂ ਨੂੰ ਵਿਚੋਲਿਆਂ ਦੇ ਸ਼ੋਸ਼ਣ ਤੋਂ ਬਚਾਉਣਾ ਹੈ। ਇਹਨਾਂ ਮੰਡੀਆਂ ਵਿੱਚ ਵੱਟਿਆਂ ਦੀ ਮੀਟ੍ਰਕ ਪ੍ਰਣਾਲੀ ਪ੍ਰਯੋਗ ਕੀਤੀ ਜਾਂਦੀ ਹੈ। 1996 ਤੱਕ ਲੱਗਪਗ 6969 ਮੰਡੀਆਂ ਨੂੰ ਨਿਯਮਤ (Regulate) ਕਰ ਦਿੱਤਾ ਗਿਆ ਹੈ। ਪੰਜਾਬ ਵਿੱਚ 144 ਨਿਯਮਿਤ ਮੰਡੀਆਂ ਹਨ। (ii) ਸਹਿਕਾਰੀ ਵਿਕਰੀ ਸਮਿਤੀਆਂ ਦੀ ਸਥਾਪਨਾ ਵੀ ਖੇਤੀ ਵਿੱਚ ਸੁਧਾਰ ਕਰਨ ਲਈ ਕੀਤੀ ਗਈ ਹੈ। ਇਹ ਸਮਿਤੀਆਂ ਆਪਣੇ ਮੈਂਬਰਾਂ ਦੀ ਉਪਜ ਨੂੰ ਉੱਚਿਤ ਕੀਮਤਾਂ ਉੱਪਰ ਵੇਚਦੀਆਂ ਹਨ। ਇਹ ਤੇਜ਼ ਅਤੇ ਸਸਤੇ ਯਾਤਾਯਾਤ ਅਤੇ ਉਪਜ ਦੀ ਗ੍ਰੇਡਿੰਗ ਦਾ ਪ੍ਰਬੰਧ ਵੀ ਕਰਦੀਆਂ ਹਨ। ਇਹ ਸਮਿਤੀਆਂ ਭੰਡਾਰਣ ਅਤੇ ਗੋਦਾਮਾਂ

ਦੀਆ ਸੁਵਿਧਾਵਾਂ ਦਿੰਦੀਆਂ ਹਨ। ਸਹਿਕਾਰੀ ਸਮਿਤੀਆਂ ਨੇ 1996-97 ਵਿੱਚ 9503 ਕਰੋੜ ਰੁਪਏ ਮੁੱਲ ਦੀ ਖੇਤੀ ਉਪਜ ਦੀ ਵਿਕਰੀ ਕੀਤੀ ਹੈ।

**9. ਉਚਿੱਤ ਖੇਤੀ ਮੁੱਲ ਨੀਤੀ (Proper Agricultured Price Policy) :—** ਸਰਕਾਰ ਨੇ ਖੇਤੀ ਉਪਜ ਦੀ ਮੁੱਲ ਸੰਬੰਧੀ ਉਚਿੱਤ ਖੇਤੀ ਮੁੱਲ ਨੀਤੀ ਅਪਣਾ ਕੇ ਖੇਤੀ ਦੇ ਵਿਕਾਸ ਵਿੱਚ ਮਹੱਤਵਪੂਰਣ ਯੋਗਦਾਨ ਦਿੱਤਾ ਹੈ। ਕਿਸਾਨਾਂ ਨੂੰ ਉਹਨਾਂ ਦੇ ਉਤਪਾਦਨ ਦਾ ਲਾਭਦਾਇਕ ਅਤੇ ਸਥਿਰ ਮੁੱਲ ਦਿਲਵਾਉਣ ਵਾਸਤੇ ਉਹਨਾਂ ਨੂੰ ਗਰੰਟੀ ਖੇਤੀ ਮੁੱਲ ਨੀਤੀ ਲਾਗੂ ਕਰਨ ਲਈ ਸਰਕਾਰ ਨੇ ਕਈ ਸੰਸਥਾਵਾਂ ਦੀ ਸਥਾਪਨਾ ਕੀਤੀ ਹੈ ਜਿਵੇਂ :— ਖੇਤੀ ਲਾਗਤ ਅਤੇ ਮੁੱਲ ਕਮੀਸ਼ਨ (Agricultural Cosis and Price Commission) । ਇਹ ਆਯੋਗ ਖੇਤੀ ਮੁੱਲ ਨੀਤੀ ਦੇ ਸੰਬੰਧ ਵਿੱਚ ਸਰਕਾਰ ਨੂੰ ਸਲਾਹ ਦਿੰਦਾ ਹੈ। ਖੇਤੀ ਪਦਾਰਥਾਂ ਦੀ ਨਿਊਨਤਮ ਸਮਰਥਨ ਕੀਮਤਾਂ ਅਤੇ ਖਰੀਦ ਮੁੱਲ ਵੀ ਇਸੇ ਆਯੋਗ ਰਾਹੀਂ ਨਿਰਧਾਰਤ ਕੀਤਾ ਜਾਂਦਾ ਹੈ। ਸਰਕਾਰ ਦੀ ਖੇਤੀ ਮੁੱਲ ਨੀਤੀ ਦਾ ਦੂਜਾ ਪਹਿਲੂ ਇਹ ਹੈ ਕਿ ਉਪਭੋਗਤਾਵਾਂ ਦੇ ਹਿੱਤਾਂ ਦੀ ਰੱਖਿਆ ਕਰਨ ਲਈ ਭਾਰਤੀ ਖਾਦ ਨਿਗਮ ਦੀ ਸਥਾਪਨਾ ਕੀਤੀ ਗਈ ਹੈ। ਇਹ ਨਿਗਮ ਸਰਕਾਰ ਰਾਹੀਂ ਨਿਰਧਾਰਤ ਨਿਊਨਤਮ ਸਮਰਥਨ ਕੀਮਤਾਂ ਤੇ ਅਨਾਜ ਖਰੀਦ ਕੇ ਬਫਰ ਸਟਾਕ ਰੱਖਦਾ ਹੈ। ਜਦੋਂ ਅਨਾਜ ਦੀਆਂ ਕੀਮਤਾਂ ਵੱਧਣ ਲੱਗਦੀਆਂ ਹਨ ਤਾਂ ਸਰਕਾਰ ਬਫਰ ਸਟਾਕ ਵਿਚੋਂ ਇੱਕ ਨਿਸ਼ਚਿਤ ਕੀਮਤ ਉੱਤੇ ਅਨਾਜ ਵੇਚਣਾ ਸ਼ੁਰੂ ਕਰ ਦਿੰਦੀ ਹੈ। ਇਸਦੇ ਸਿੱਟੇ ਵਜੋਂ ਕੀਮਤਾਂ ਵਿੱਚ ਹੋਣ ਵਾਲਾ ਵਾਧਾ ਨਿਯਮਤ ਹੋ ਜਾਂਦਾ ਹੈ। ਸਰਕਾਰ ਕਈ ਖੇਤੀ ਪਦਾਰਥਾਂ ਦੇ ਵਧੇਰੇ ਮੁੱਲ ਦੀ ਨਿਰਧਾਰਤ ਕਰ ਦਿੰਦੀ ਹੈ। ਸਰਕਾਰ ਸਵਰਜਨਕ ਵੰਡ ਪ੍ਰਣਾਲੀ ਹੇਠਾਂ ਉੱਚਿਤ ਮੁੱਲ ਦੁਕਾਨਾਂ ਰਾਹੀਂ ਕਈ ਪ੍ਰਕਾਰ ਦੇ ਖੇਤੀ ਪਦਾਰਥਾਂ ਜਿਵੇਂ- ਅਨਾਜ, ਖੰਡ, ਤੇਲ ਆਦਿ ਦੀ ਵਿਕਰੀ ਕਰਦੀ ਹੈ।

**10. ਖੇਤੀ ਵਪਾਰ ਨੀਤੀ (Agricultural Trade Policy) :—** ਭਾਰਤ ਸਰਕਾਰ ਦੀ ਖੇਤੀ ਵਪਾਰ ਨੀਤੀ ਦੇ ਪ੍ਰਮੁੱਖ ਦੋ ਪਹਿਲੂ ਹਨ :— (i) ਅਨਾਜ ਦੇ ਸੰਬੰਧ ਵਿੱਚ ਖੇਤ ਵਪਾਰ ਨੀਤੀ ਆਯਾਤ ਪ੍ਰਤੀਸਥਾਪਨ (Import Substitution) ਦੀ ਨੀਤੀ ਹੈ। ਇਸ ਤੋਂ ਭਾਵ ਇਹ ਹੈ ਕਿ ਸਰਕਾਰ ਦੀ ਨੀਤੀ ਅਨਾਜ ਦੇ ਆਯਾਤ ਕਰਨ ਦੀ ਬਜਾਏ ਉਹਨਾਂ ਦਾ ਆਪਣੇ ਹੀ ਦੇਸ਼ ਵਿੱਚ ਉਤਪਾਦਨ ਕਰਨਾ, (ii) ਵਪਾਰਿਕ ਫਸਲਾਂ ਜਿਵੇਂ — ਕਪਾਹ, ਪਟਸਨ, ਚਾਹ, ਕਾਫੀ ਆਦਿ ਦੇ ਸੰਬੰਧ ਵਿੱਚ ਖੇਤੀ ਵਪਾਰ ਨੀਤੀ ਨਿਰਯਾਤ ਪ੍ਰੋਤਸਾਹਨ (Export Promotion) ਦੀ ਨੀਤੀ ਹੈ। ਸਰਕਾਰ ਵਪਾਰਿਕ ਫਸਲਾਂ ਦੇ ਨਿਰਯਾਤ ਨੂੰ ਬਹੁਤ ਵੱਧ ਪ੍ਰੋਤਸਾਹਨ ਦੇ ਰਹੀ ਹੈ। ਖੇਤੀ ਵਪਾਰ ਨੀਤੀ ਦਾ ਖੇਤੀ ਦੇ ਵਿਕਾਸ ਉਪਰ ਬਹੁਤ ਗਹਿਰਾ ਪ੍ਰਭਾਵ ਪਿਆ ਹੈ।

**11. ਸਾਖ ਸੰਬੰਧੀ ਸੁਵਿਧਾਵਾਂ (Credit Facilities) :—** ਖੇਤੀ ਦੇ ਵਿਕਾਸ ਲਈ ਕਿਸਾਨਾਂ ਨੂੰ ਘੱਟ ਵਿਆਜ਼ ਤੇ ਉਚਿੱਤ ਮਾਤਰਾ ਵਿੱਚ ਕਰਜ਼ੇ ਦੇਣ ਲਈ ਸਹਿਕਾਰੀ ਸਾਖ ਸਮਿਤੀਆਂ ਦੀ ਵਿਕਾਸ ਕੀਤਾ ਗਿਆ ਹੈ। ਭੂਮੀ ਵਿਕਾਸ ਬੈਂਕਾਂ ਦੀ ਸੰਖਿਆ ਵਧੀ ਹੈ। ਇਸ ਸਮੇਂ ਸਾਰੇ ਦੇਸ਼ ਵਿੱਚ ਲਗਪਗ 82 ਹਜ਼ਾਰ ਪ੍ਰਾਥਮਿਕ ਸਾਖ ਸੰਮਤੀਆਂ ਅਤੇ 1,440 ਪ੍ਰਾਥਮਿਕ ਭੂਮੀ ਵਿਕਾਸ ਬੈਂਕ ਹਨ। ਰਾਸ਼ਟਰੀਕਰਣ ਪਿਛੋਂ ਵਪਾਰਿਕ ਬੈਂਕ ਵੀ ਖੇਤੀ ਲਈ ਬਹੁਤ ਵੱਧ ਕਰਜ਼ੇ ਦੇ ਰਹੇ ਹਨ। ਗ੍ਰਾਮੀਣ ਖੇਤੀ ਬੈਂਕ ਅਤੇ ਕਿਸਾਨ ਸੇਵਾ ਸਮਿਤੀਆਂ ਦੀ ਸਥਾਪਨਾ ਵੀ ਖੇਤੀ ਲਈ ਬਹੁਤ ਕਰਜ਼ੇ ਦੇ ਰਹੀਆਂ ਹਨ। ਖੇਤੀ ਵਿਕਾਸ ਸੰਬੰਧੀ ਵੱਡੇ ਕਰਜ਼ਿਆਂ ਲਈ 12 ਜੁਲਾਈ 1982 ਨੂੰ ਰਾਸ਼ਟਰੀ ਖੇਤੀ ਅਤੇ ਗ੍ਰਾਮੀਣ ਵਿਕਾਸ ਬੈਂਕ (NABARD) ਦੀ ਸਥਾਪਨਾ ਕੀਤੀ ਗਈ ਸੀ। ਸੰਨ 1996-97 ਵਿੱਚ ਵੱਖ-ਵੱਖ ਸੰਸਥਾਵਾਂ ਵੱਲੋਂ ਖੇਤੀ ਖੇਤਰ ਨੂੰ 28,817 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਗਏ। ਪੰਜਾਬ ਵਿੱਚ 4,205 ਖੇਤੀ ਸਹਿਕਾਰੀ ਸੰਮਤੀਆਂ ਹਨ ਜਿਨ੍ਹਾਂ ਨੂੰ 852 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਹਨ।

**12. ਖੇਤੀ ਅਤੇ ਪੰਜਸਾਲਾ ਯੋਜਨਾਵਾਂ (Agriculture and Five Year Plans) :—** ਦੇਸ਼ ਦੀਆਂ ਪੰਜ ਸਾਲਾਂ ਯੋਜਨਾਵਾਂ ਦੌਰਾਨ ਖੇਤੀ ਵਿਕਾਸ ਲਈ ਲਗਪਗ 23,500 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ ਜਿਸ ਨਾਲ ਅਨਾਜ ਦਾ ਉਤਪਾਦਨ ਵੱਧ ਕੇ ਪਹਿਲਾਂ ਨਾਲੋਂ ਦੋ ਗੁਣਾ ਹੋ ਗਿਆ ਹੈ। ਵੱਖ-ਵੱਖ ਪੰਜ ਸਾਲਾਂ ਯੋਜਨਾਵਾਂ ਵਿੱਚ ਖੇਤੀ ਦੇ ਖੇਤਰ ਵਿੱਚ ਹੋਣ ਵਾਲੀ ਪ੍ਰਗਤੀ ਹੇਠਾਂ ਲਿਖੇ ਢੰਗ ਰਾਹੀਂ ਵਰਣਨ ਕੀਤੀ ਜਾ ਸਕਦੀ ਹੈ :—

(i) **ਪਹਿਲੀ ਯੋਜਨਾ (1951-56) :** ਪਹਿਲੀ ਯੋਜਨਾ ਦੌਰਾਨ ਖੇਤੀ ਦੇ ਵਿਕਾਸ ਉੱਤੇ 290 ਕਰੋੜ ਰੁਪਏ ਖਰਚ ਕੀਤੇ ਗਏ ਅਤੇ ਅਨਾਜ ਦਾ ਉਤਪਾਦਨ ਵੱਧ ਕੇ 693 ਲੱਖ ਟਨ ਹੋ ਗਿਆ।

(ii) **ਦੂਜੀ ਯੋਜਨਾ (1956-61) :** ਦੂਜੀ ਯੋਜਨਾ ਦੌਰਾਨ ਖੇਤੀ ਦੇ ਵਿਕਾਸ ਉਪਰ 549 ਕਰੋੜ ਰੁਪਏ ਖਰਚ ਕੀਤੇ ਗਏ ਅਤੇ ਅਨਾਜ ਦਾ ਉਤਪਾਦਨ ਵੱਧ ਕੇ 823 ਲੱਖ ਟਨ ਹੋ ਗਿਆ।

(iii) **ਤੀਜੀ ਯੋਜਨਾ (1961-65) :** ਤੀਜੀ ਯੋਜਨਾ ਦੌਰਾਨ ਖੇਤੀ ਦੇ ਵਿਕਾਸ ਉੱਤੇ 1,089 ਖਰਚ ਕੀਤੇ ਗਏ। ਪਰੰਤੂ ਕਈ ਕਾਰਨਾਂ ਕਰਕੇ ਅਨਾਜ ਦਾ ਉਤਪਾਦਨ ਘੱਟ ਕੇ 723 ਲੱਖ ਟਨ ਰਹਿ ਗਿਆ।

(iv) **ਚੌਥੀ ਯੋਜਨਾ (1969-74) :** ਚੌਥੀ ਯੋਜਨਾ ਦੌਰਾਨ ਖੇਤੀ ਦੇ ਵਿਕਾਸ ਉੱਤੇ 2,320 ਕਰੋੜ ਰੁਪਏ ਖਰਚ ਕੀਤੇ ਗਏ। ਅਨਾਜ ਦਾ ਉਤਪਾਦਨ ਵੱਧ ਕੇ 1,047 ਲੱਖ ਟਨ ਹੋ ਗਿਆ।

(v) **ਪੰਜਵੀਂ ਯੋਜਨਾ (1974-78) :** ਪੰਜਵੀ ਯੋਜਨਾ ਵਿੱਚ ਖੇਤੀ ਦੇ ਵਿਕਾਸ ਉੱਤੇ 4,865 ਕਰੋੜ ਰੁਪਏ ਖਰਚ ਕੀਤੇ ਗਏ। ਅਨਾਜ ਦਾ ਉਤਪਾਦਨ ਵੱਧ ਕੇ 1,320 ਲੱਖ ਟਨ ਹੋ ਗਿਆ।

(vi) **ਛੇਵੀਂ ਯੋਜਨਾ (1980-85) :** ਛੇਵੀਂ ਯੋਜਨਾ ਵਿੱਚ ਖੇਤੀ ਦੇ ਵਿਕਾਸ ਉੱਤੇ 6,623 ਕਰੋੜ ਰੁਪਏ ਖਰਚ ਕੀਤੇ ਗਏ। ਅਨਾਜ ਦਾ ਉਤਪਾਦਨ ਵੱਧ ਕੇ 1,465 ਲੱਖ ਟਨ ਹੋ ਗਿਆ।

(vii) **ਸੱਤਵੀਂ ਯੋਜਨਾ (1985-90) :** ਸੱਤਵੀਂ ਯੋਜਨਾ ਵਿੱਚ ਖੇਤੀ ਵਿਕਾਸ ਉੱਤੇ 12,792 ਕਰੋੜ ਰੁਪਏ ਖਰਚ ਕੀਤੇ ਗਏ। ਅਨਾਜ ਦਾ ਉਤਪਾਦਨ 1,760 ਲੱਖ ਟਨ ਹੋ ਗਿਆ।

(viii) **ਅੱਠਵੀਂ ਯੋਜਨਾ (1992-97) :** ਅੱਠਵੀਂ ਯੋਜਨਾ ਦੌਰਾਨ ਖੇਤੀ ਵਿਕਾਸ ਉੱਤੇ 22,280 ਕਰੋੜ ਰੁਪਏ, ਪੇਂਡੂ ਵਿਕਾਸ ਉੱਤੇ 35,263 ਕਰੋੜ ਰੁਪਏ, ਵਿਸ਼ੇਸ਼ ਖੇਤਰੀ ਪ੍ਰੋਗਰਾਮ ਉੱਪਰ 6,837 ਕਰੋੜ ਰੁਪਏ ਅਤੇ ਸਿੰਚਾਈ ਅਤੇ ਹੜ੍ਹਾਂ ਤੇ ਕੰਟਰੋਲ ਉੱਤੇ 33,280 ਕਰੋੜ ਰੁਪਏ ਖਰਚ ਕਰਨ ਦੀ ਵਿਵਸਥਾ ਕੀਤੀ ਗਈ ਸੀ। ਇਸ ਤਰ੍ਹਾਂ ਖੇਤੀ ਖੇਤਰ ਉੱਤੇ ਯੋਜਨਾ ਖਰਚ ਦਾ 22% ਹਿੱਸਾ ਖਰਚ ਕਰਨ ਦਾ ਟੀਚਾ ਸੀ। ਇਸ ਯੋਜਨਾ ਦਾ ਮੁੱਖ ਉਦੇਸ਼ ਖਾਦ ਪਦਾਰਥਾਂ ਵਿੱਚ ਆਤਮ ਨਿਰਭਰਤਾ ਪ੍ਰਾਪਤ ਕਰਨ ਅਤੇ ਖੇਤੀ ਪਦਾਰਥਾਂ ਦਾ ਨਿਰਯਾਤ ਕਰਨ ਲਈ ਵਧੇਰੇ ਉਤਪਾਦਨ ਕਰਨ ਵਾਸਤੇ ਖੇਤੀ ਵਿਕਾਸ ਅਤੇ ਵਿਵਧੀਕਰਣ (Diversification) ਕਰਨਾ ਹੈ।

(ix) **ਨੌਵੀਂ ਯੋਜਨਾ (1997-2002) :** ਨੌਵੀਂ ਯੋਜਨਾ ਵਿਚ ਖੇਤੀ ਖੇਤਰ ਜਿਸ ਵਿੱਚ ਖੇਤੀ ਦਾ ਵਿਕਾਸ ਸਿੰਚਾਈ ਅਤੇ ਪੇਂਡੂ ਵਿਕਾਸ ਆਉਂਦੇ ਹਨ, ਉਪਰ 1,55,392 ਕਰੋੜ ਰੁਪਏ ਖਰਚ ਕਰਨ ਦਾ ਟੀਚਾ ਰੱਖਿਆ ਗਿਆ ਹੈ।

(x) **ਦਸਵੀਂ ਯੋਜਨਾ (2002-07) :** ਇਸ ਯੋਜਨਾ ਵਿਚ ਖੇਤੀ ਦੇ ਵਿਕਾਸ ਲਈ 58,933 ਕਰੋੜ ਰੁਪਏ ਖਰਚ ਕਰਨ ਦਾ ਟੀਚਾ ਰੱਖਿਆ ਗਿਆ ਸੀ।

(xi) **ਗਿਆਰਵੀਂ ਯੋਜਨਾ (2007-12)** ਗਿਆਰਵੀਂ ਯੋਜਨਾ ਦੌਰਾਨ ਖੇਤੀ ਖੇਤਰ ਵਿੱਚ ਔਸਤ ਸਲਾਨਾ ਵਾਧਾ 3.5 ਪ੍ਰਤੀਸ਼ਤ ਪ੍ਰਾਪਤ ਹੋਇਆ ਜਦ ਕਿ 4 ਪ੍ਰਤੀਸ਼ਤ ਦਾ ਟੀਚਾ ਰੱਖਿਆ ਗਿਆ ਸੀ।

### 6. ਹਰੀ ਕ੍ਰਾਂਤੀ (Green Revolution)

ਹਰੀ ਕ੍ਰਾਂਤੀ ਸ਼ਬਦ ਦੋ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ—ਹਰੀ + ਕ੍ਰਾਂਤੀ। ਹਰੀ ਸ਼ਬਦ ਦਾ ਅਰਥ ਹੈ ਹਰਿਆਲੀ। ਕ੍ਰਾਂਤੀ ਸ਼ਬਦ ਦਾ ਅਰਥ ਹੈ ਇਤਨੀ ਤੇਜ਼ੀ ਨਾਲ ਹੋਣ ਵਾਲਾ ਪਰਿਵਰਤਨ ਕਿ ਸਾਰੇ ਉਸਨੂੰ ਹੈਰਾਨੀ ਨਾਲ ਦੇਖਦੇ ਰਹਿ ਜਾਣ। ਇਸ ਸ਼ਬਦ ਦਾ ਪ੍ਰਯੋਗ ਖੇਤੀ ਦੇ ਉਤਪਾਦਨ ਵਿੱਚ ਹੋਣ ਵਾਲੀ ਉੱਨਤੀ ਲਈ ਕੀਤਾ ਗਿਆ ਹੈ। ਭਾਰਤ ਵਿੱਚ ਯੋਜਨਾਵਾਂ ਦੀ ਅਵਧੀ ਦੌਰਾਨ ਅਪਣਾਏ ਗਏ ਖੇਤੀ ਸੁਧਾਰਾਂ ਦੇ ਕਾਰਣ 1967-68 ਵਿੱਚ ਅਨਾਜ ਦੇ ਉਤਪਾਦਨ ਵਿੱਚ 1966-67 ਦੀ ਤੁਲਨਾ ਵਿੱਚ ਲਗਪਗ 25% ਵਾਧਾ ਹੋਇਆ। ਕਿਸੇ ਇੱਕ ਸਾਲ ਵਿੱਚ ਅਨਾਜ ਉਤਪਾਦਨ ਵਿੱਚ ਇਤਨਾ ਵਧੇਰੇ ਵਾਧਾ ਹੋਣਾ ਇੱਕ ਕ੍ਰਾਂਤੀ ਦੇ ਸਮਾਨ ਸੀ। ਇਸ ਕਾਰਣ ਅਰਥ-ਸ਼ਾਸਤਰੀਆਂ ਨੇ ਅਨਾਜ ਦੇ ਉਤਪਾਦਨ ਵਿੱਚ ਹੋਣ ਵਾਲੇ ਇਸ ਵਾਧੇ ਨੂੰ ਹਰੀ ਕ੍ਰਾਂਤੀ ਦਾ ਨਾਮ ਦੇ ਦਿੱਤਾ ਹੈ।

## 6.1 ਪਰਿਭਾਸ਼ਾ (Definition)

"ਹਰੀ ਕ੍ਰਾਂਤੀ ਤੋਂ ਭਾਵ ਖੇਤੀ ਉਤਪਾਦਨ ਵਿਸ਼ੇਸ਼ ਕਰਕੇ ਕਣਕ, ਚਾਵਲ ਦੇ ਉਤਪਾਦਨ ਵਿੱਚ ਹੋਣ ਵਾਲੇ ਉਸ ਭਾਰੀ ਵਾਧੇ ਤੋਂ ਹੈ ਜੋ ਖੇਤੀ ਵਿੱਚ ਵਧੇਰੇ ਉਪਜ ਵਾਲੇ ਬੀਜਾਂ ਦੇ ਪ੍ਰਯੋਗ ਦੀਆਂ ਨਵੀਆਂ ਤਕਨੀਕਾਂ ਨੂੰ ਅਪਣਾਉਣ ਕਾਰਣ ਸੰਭਵ ਹੋਇਆ ਹੈ।"

ਸ਼੍ਰੀ ਜੇ. ਜੀ. ਹਰਾਰ (J.G. Harrar) ਦੇ ਅਨੁਸਾਰ, "ਹਰੀ ਕ੍ਰਾਂਤੀ ਸ਼ਬਦ 1968 ਵਿੱਚ ਹੋਣ ਵਾਲੇ ਉਸ ਹੈਰਾਨ ਕਰਨ ਵਾਲੇ ਪਰਿਵਰਤਨ ਦੇ ਲਈ ਪ੍ਰਯੋਗ ਵਿੱਚ ਲਿਆਂਦਾ ਜਾਂਦਾ ਹੈ ਜੋ ਭਾਰਤ ਦੇ ਅੰਨ ਪਦਾਰਥਾਂ ਦੇ ਉਤਪਾਦਨ ਵਿੱਚ ਹੋਇਆ ਸੀ ਅਤੇ ਜੋ ਹੁਣ ਵੀ ਜਾਰੀ ਹੈ।"

## 6.2 ਹਰੀ ਕ੍ਰਾਂਤੀ ਦੀਆਂ ਵਿਸ਼ੇਸ਼ਤਾਵਾਂ (Features of Green Revolution)

(i) ਭਾਰਤ ਵਿੱਚ 1968 ਦਾ ਸਾਲ ਹਰੀ ਕ੍ਰਾਂਤੀ ਦੀ ਸ਼ੁਰੂਆਤ ਦਾ ਸਾਲ ਸੀ।

(ii) ਇਸ ਵਿੱਚ ਪੰਤ ਖੇਤੀ ਯੂਨੀਵਰਸਿਟੀ, ਪੰਤਨਗਰ ਨੇ ਨਵੀਆਂ ਕਿਸਮਾਂ ਦੇ ਬੀਜਾਂ ਰਾਹੀਂ ਇੱਕ ਸ਼ਲਾਘਾਯੋਗ ਸਹਿਯੋਗ ਦਿੱਤਾ।

(iii) ਹਰੀ ਕ੍ਰਾਂਤੀ ਲਿਆਉਣ ਵਿੱਚ ਭਾਰਤੀ ਖੇਤੀ ਅਨੁਸੰਧਾਨ ਸੰਸਥਾ (I.A.R.I.) ਨਵੀਂ ਦਿੱਲੀ ਦਾ ਵੀ ਸਹਿਯੋਗ ਪ੍ਰਸ਼ੰਸਾਯੋਗ ਹੈ।

(iv) ਭਾਰਤ ਵਿੱਚ ਇਸ ਕ੍ਰਾਂਤੀ ਨੂੰ ਲਿਆਉਣ ਦਾ ਸਿਹਰਾ ਡਾ. ਨੋਰਮਾਨ ਵਰਲੌਗ ਅਤੇ ਡਾ. ਐਮ. ਐਨ. ਸਵਾਮੀਨਾਥਨ ਦੇ ਸਿਰ ਹੈ।

## 6.3 ਹਰੀ ਕ੍ਰਾਂਤੀ ਦੀ ਸਫਲਤਾ ਦੇ ਮੁੱਖ ਤੱਤ (Main Elements of the Success of Green Revolution)

ਭਾਰਤ ਵਿੱਚ ਖੇਤੀ ਵਿੱਚ ਹੋਣ ਵਾਲੀ ਇਸ ਕ੍ਰਾਂਤੀ ਬਾਰੇ ਬਹੁਤ ਸਾਰੇ ਤੱਤ ਜ਼ਿੰਮੇਵਾਰ ਹਨ। ਇਹਨਾਂ ਵਿੱਚੋਂ ਕੁੱਝ ਮਹੱਤਵਪੂਰਣ ਤੱਤ ਹੇਠ ਲਿਖੇ ਹਨ :—

**(i) ਉੱਨਤ ਬੀਜ** (High yielding varieties of seeds) :— ਭਾਰਤ ਦੀ ਹਰੀ ਕ੍ਰਾਂਤੀ ਦੀ ਸਫਲਤਾ ਵਿੱਚ ਉੱਨਤ ਬੀਜਾਂ ਦਾ ਪ੍ਰਯੋਗ ਬਹੁਤ ਵਧੇਰੇ ਮਹੱਤਵਪੂਰਣ ਹੈ। ਇਹ ਪ੍ਰਯੋਗ 1966 ਵਿੱਚ ਕੀਤਾ ਗਿਆ ਸੀ। ਇਹਨਾਂ ਬੀਜਾਂ ਦੇ ਪ੍ਰਯੋਗ ਭਾਰਤ ਵਿੱਚ ਕਰਨ ਲਈ ਡਾ. ਨਾਰਮਨ ਈ. ਵਰਲੌਗ ਦਾ ਕਾਫੀ ਮਹੱਤਵਪੂਰਣ ਯੋਗਦਾਨ ਹੈ। ਇਹਨਾਂ ਉੱਨਤ ਬੀਜਾਂ ਦੀ ਖੋਜ ਵਿੱਚ ਭਾਰਤੀ ਖੇਤੀ ਅਨੁਸੰਧਾਨ ਸੰਸਥਾ ਅਤੇ ਖੇਤੀ ਯੂਨੀਵਰਸਿਟੀ ਨੇ ਮਹੱਤਵਪੂਰਣ ਭੂਮਿਕਾ ਨਿਭਾਈ ਹੈ। ਅੱਠਵੀਂ ਯੋਜਨਾ ਦੇ ਅੰਤ ਤੱਕ ਵਧੇਰੇ ਉਪਜ ਦੇਣ ਵਾਲੇ ਬੀਜਾਂ ਦਾ ਪ੍ਰਯੋਗ 750 ਲੱਖ ਹੈਕਟੇਅਰ ਖੇਤਰਫਲ ਵਿੱਚ ਕੀਤਾ ਗਿਆ ਹੈ। ਪੰਜਾਬ ਵਿੱਚ ਲਗਪਗ 55 ਲੱਖ ਹੈਕਟੇਅਰ ਭੂਮੀ ਉੱਤੇ ਉੱਨਤ ਬੀਜਾਂ ਨਾਲ ਖੇਤੀ ਕੀਤੀ ਜਾਂਦੀ ਹੈ।

**(ii) ਰਸਾਇਣਿਕ ਖਾਦਾਂ ਦਾ ਵਧੇਰੇ ਪ੍ਰਯੋਗ** (More use of chemical fertilizers) :— ਹਰੀ ਕ੍ਰਾਂਤੀ ਲਿਆਉਣ ਵਿੱਚ ਰਸਾਇਣਿਕ ਖਾਦਾਂ ਦੇ ਵਧੇਰੇ ਪ੍ਰਯੋਗ ਵਜੋਂ ਵੀ ਅਨਾਜ ਉਤਪਾਦਨ ਵਿੱਚ ਕਾਫ਼ੀ ਵਾਧਾ ਹੋਇਆ ਹੈ। ਸੰਨ 1967-68 ਵਿੱਚ 11 ਲੱਖ ਟਨ ਰਸਾਇਣਿਕ ਖਾਦਾਂ ਦਾ ਪ੍ਰਯੋਗ ਕੀਤਾ ਜਾਂਦਾ ਸੀ ਜਿਹੜਾ ਕਿ 1996-97 ਵਿੱਚ ਵੱਧ ਕੇ 139 ਲੱਖ ਟਨ ਹੋ ਗਿਆ ਹੈ। ਅੱਠਵੀਂ ਯੋਜਨਾ ਦੇ ਅੰਤ ਤੱਕ ਰਸਾਇਣਿਕ ਖਾਦਾਂ ਦਾ ਉਪਭੋਗ 183 ਲੱਖ ਟਨ ਹੋ ਜਾਣ ਦਾ ਅਨੁਮਾਨ ਸੀ। ਪੰਜਾਬ ਵਿੱਚ 1,285 ਹਜ਼ਾਰ ਟਨ ਰਸਾਇਣਿਕ ਖਾਦ ਦਾ ਪ੍ਰਯੋਗ ਕੀਤਾ ਗਿਆ ਹੈ।

**(iii) ਸਿੰਚਾਈ ਦੀਆਂ ਵੱਧ ਸਹੂਲਤਾਂ** (More Irrigational Facilities) :— ਸਿੰਚਾਈ ਦੇ ਖੇਤਰ ਵਿੱਚ ਹੋਣ ਵਾਲੇ ਵਾਧੇ ਦਾ ਵੀ ਹਰੀ ਕ੍ਰਾਂਤੀ ਉੱਤੇ ਬਹੁਤ ਵਧੇਰੇ ਪ੍ਰਭਾਵ ਪਿਆ। 1965-66 ਵਿੱਚ ਸਿਰਫ 320 ਲੱਖ ਹੈਕਟੇਅਰ ਭੂਮੀ

ਉੱਤੇ ਸਿੰਚਾਈ ਕੀਤੀ ਜਾਂਦੀ ਸੀ ਜਦੋਂ ਕਿ 1995-96 ਵਿੱਚ 894 ਲੱਖ ਹੈਕਟੇਅਰ ਭੂਮੀ ਨੂੰ ਸਿੰਚਾਈ ਕਰਨ ਦੀ ਵਿਵਸਥਾ ਹੋ ਗਈ। ਪੰਜਾਬ ਵਿੱਚ 73 ਲੱਖ ਹੈਕਟੇਅਰ ਭੂਮੀ ਉੱਤੇ ਸਿੰਚਾਈ ਵਿਵਸਥਾ ਹੈ। ਅੱਠਵੀਂ ਯੋਜਨਾ ਵਿੱਚ ਸਿੰਚਾਈ ਉੱਤੇ 33,280 ਕਰੋੜ ਰੁਪਏ ਖਰਚ ਕਰਨ ਦੀ ਵਿਵਸਥਾ ਕੀਤੀ ਗਈ ਸੀ।

**(iv) ਆਧੁਨਿਕ ਖੇਤੀ ਮਸ਼ੀਨਰੀ ਦਾ ਪ੍ਰਯੋਗ** (Use of Modern Agricultural Machinery) :— ਭਾਰਤ ਵਿੱਚ ਖੇਤੀ ਯੰਤਰਾਂ ਦਾ ਤੇਜ਼ੀ ਨਾਲ ਵਾਧਾ ਹੋਇਆ ਹੈ। ਜਿਸ ਨਾਲ ਹਰੀ ਕ੍ਰਾਂਤੀ ਨੂੰ ਬਲ ਮਿਲਿਆ ਹੈ। ਕਿਸਾਨਾਂ ਨੇ ਟ੍ਰੈਕਟਰਾਂ, ਟਿਊਬਵੈੱਲਾਂ, ਥ੍ਰੈਸ਼ਰਾਂ, ਡੀਜ਼ਲ ਇੰਜਣਾਂ ਦਾ ਵੱਧ ਤੋਂ ਵੱਧ ਪ੍ਰਯੋਗ ਕਰਨਾ ਸ਼ੁਰੂ ਕਰ ਦਿੱਤਾ ਹੈ।

**(v) ਵੱਧ ਸਾਖ ਸਹੂਲਤਾਂ** (More Credit Facilities) :— ਕਿਸਾਨਾਂ ਨੂੰ ਆਸਾਨੀ ਨਾਲ ਵਧੇਰੇ ਸਾਖ ਸਹੂਲਤਾਂ ਮਿਲਣ ਕਾਰਣ ਉਹ ਲੋੜ ਅਨੁਸਾਰ ਉੱਨਤ ਬੀਜਾਂ, ਖਾਦਾਂ ਅਤੇ ਮਸ਼ੀਨਰੀ ਨੂੰ ਖਰੀਦ ਕੇ ਪ੍ਰਯੋਗ ਕਰਨ ਲੱਗ ਪਏ ਹਨ। 1967-68 ਵਿੱਚ ਸਹਿਕਾਰੀ ਸਮਿਤੀਆਂ ਰਾਹੀਂ 400 ਕਰੋੜ ਰੁਪਏ ਦੀ ਸਾਖ ਦਿੱਤੀ ਗਈ। 1996-97 ਵਿੱਚ ਖੇਤੀ ਖੇਤਰ ਨੂੰ 28,827 ਕਰੋੜ ਰੁਪਏ ਦੇ ਸੰਸਥਾਗਤ ਕਰਜ਼ੇ ਦਿੱਤੇ ਗਏ। ਪੰਜਾਬ ਵਿੱਚ ਖੇਤੀ ਸਹਿਕਾਰੀ ਸਮਿਤੀਆਂ ਨੇ 852 ਕਰੋੜ ਰੁਪਏ ਦੇ ਕਰਜ਼ੇ ਦਿੱਤੇ।

**(vi) ਖੇਤੀ ਦੇ ਨਵੀਂ ਤਕਨੀਕ** (New Technique of Agriculture) :— ਗਹਿਨ ਖੇਤੀ ਜ਼ਿਲ੍ਹਾ ਪ੍ਰੋਗਰਾਮ (I.A.D.P.) ਦੇ ਫਲਸਰੂਪ ਅਤੇ ਅਖਿਲ ਭਾਰਤੀ ਖੇਤੀ ਅਨੁਸੰਧਾਨ (I.A.R.I) ਦੀਆਂ ਨਵੀਆਂ ਤੋਂ ਨਵੀਆਂ ਖੋਜਾਂ ਕਾਰਣ ਖੇਤੀ ਦੀਆਂ ਨਵੀਆਂ ਵਿਧੀਆਂ, ਫਸਲਾਂ ਵਿੱਚ ਫੇਰਬਦਲ, ਖਾਦ, ਪਾਣੀ ਅਤੇ ਬੀਜਾਂ ਦੇ ਪ੍ਰਯੋਗ ਉੱਤੇ ਕਾਫ਼ੀ ਧਿਆਨ ਦਿੱਤਾ ਗਿਆ।

**(vii) ਪੌਦਿਆਂ ਦਾ ਸੰਰਖਣ** (Plant protection measures) :— ਭਾਰਤ ਵਿੱਚ ਪਹਿਲਾਂ ਫਸਲਾਂ ਨੂੰ ਲਗਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਦਾ ਕੋਈ ਖਾਸ ਪ੍ਰਬੰਧ ਨਹੀਂ ਸੀ। ਹਰੀ ਕ੍ਰਾਂਤੀ ਲਿਆਉਣ ਵਿੱਚ ਪੌਦਿਆਂ ਦੇ ਸੰਰਖਣ ਦਾ ਵੀ ਕਾਫੀ ਮਹੱਤਵਪੂਰਣ ਯੋਗਦਾਨ ਰਿਹਾ ਹੈ। ਇਸ ਦੇ ਅਧੀਨ ਭੂਮੀ ਅਤੇ ਫਸਲਾਂ ਵਿੱਚ ਕੀੜੇਮਾਰ ਦਵਾਈਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

**(viii) ਕੀਮਤ ਪ੍ਰੇਰਣਾ** (Price Incentives) :— ਖੇਤੀ ਦਾ ਉਤਪਾਦਨ ਬਹੁਤ ਵੱਧ ਜਾਣ ਕਾਰਣ ਖੇਤੀ ਉਪਜ ਦੇ ਮੁੱਲ ਘੱਟ ਜਾਣ ਦਾ ਡਰ ਪੈਦਾ ਹੋ ਗਿਆ ਸੀ। ਇਸ ਲਈ ਸਰਕਾਰ ਨੇ ਨਿਊਨਤਮ ਕੀਮਤਾਂ ਨਿਰਧਾਰਿਤ ਕਰਨ ਲਈ ਖੇਤੀ ਲਾਗਤ ਅਤੇ ਮੁੱਲ ਆਯੋਗ (Agricultural costs and price commission) ਦੀ ਸਥਾਪਨਾ ਕੀਤੀ। ਇਹਨਾਂ ਕੀਮਤਾਂ ਤੇ ਸਰਕਾਰ ਖ਼ੁੱਦ ਫਸਲ ਖਰੀਦ ਕਰਦੀ ਹੈ ਤਾਂ ਜੋ ਕਿਸਾਨਾਂ ਨੂੰ ਆਪਣੀ ਫਸਲ ਦੀ ਉਚਿਤ ਕੀਮਤ ਮਿਲ ਸਕੇ।

**(ix) ਪੇਂਡੂ ਬਿਜਲੀਕਰਣ** (Rural Electrification) :— ਹਰੀ ਕ੍ਰਾਂਤੀ ਦੇ ਵਿਸਥਾਰ ਲਈ ਪੇਂਡੂ ਬਿਜਲੀਕਰਣ ਦਾ ਕਾਫੀ ਯੋਗਦਾਨ ਹੈ। ਪੇਂਡੂ ਜਨਜੀਵਨ ਦਾ ਪੱਧਰ ਉੱਚਾ ਉਠਾਉਣ ਅਤੇ ਖੇਤੀ ਯੰਤਰ ਲਈ ਸ਼ਕਤੀ ਉਪਲੱਬਧ ਕਰਾਉਣ ਦੇ ਉਦੇਸ਼ ਨਾਲ ਪੇਂਡੂ ਬਿਜਲੀਕਰਣ ਦੀ ਯੋਜਨਾ ਲਾਗੂ ਕੀਤੀ ਗਈ।

**(x) ਭੂਮੀ-ਸੰਰਖਣ** (Soil Conservation) :— ਹਰੀ ਕ੍ਰਾਂਤੀ ਦਾ ਵਿਸਥਾਰ ਕਰਨ ਲਈ ਭੂਮੀ ਸੰਰਖਣ ਪ੍ਰੋਗਰਾਮ ਲਾਗੂ ਕੀਤਾ ਗਿਆ। ਇਸ ਦੇ ਦੋ ਉਦੇਸ਼ ਹਨ ਇਕ ਤਾਂ ਭੂਮੀ ਦੇ ਕਟਾਅ ਨੂੰ ਰੋਕਣਾ ਅਤੇ ਦੂਜਾ ਭੂਮੀ ਨੂੰ ਖੇਤੀ ਯੋਗ ਬਣਾਉਣਾ। ਇਸਦੇ ਫਲਸਰੂਪ ਖੇਤੀ ਦਾ ਖੇਤਰਫਲ ਵਧਿਆ ਹੈ।

**(xi) ਵਿਕਰੀ ਸੰਬੰਧੀ ਸਹੂਲਤਾਂ** (Marketing Facilities) :— ਕਿਸਾਨਾਂ ਨੂੰ ਪਹਿਲਾਂ ਆਪਣੀ ਫਸਲ ਦੀਆਂ ਉਚਿੱਤ ਕੀਮਤਾਂ ਨਹੀਂ ਮਿਲਦੀਆਂ ਸਨ। ਇਸ ਕਾਰਣ ਉਹ ਖੇਤੀ ਵਿਕਾਸ ਉੱਤੇ ਵਧੇਰੇ ਖਰਚ ਨਹੀਂ ਕਰਦੇ ਸਨ। ਪਰੰਤੂ ਹੁਣ ਖੇਤੀ ਉਤਪਾਦਨ ਦੀ ਵਿਕਰੀ ਵਿੱਚ ਕਾਫੀ ਸੁਧਾਰ ਹੋ ਗਿਆ ਹੈ। ਇਸ ਲਈ ਕਿਸਾਨਾਂ ਵੱਲੋਂ ਖੇਤੀ ਤੇ ਪਹਿਲਾਂ ਨਾਲੋਂ ਵੱਧ ਧਿਆਨ ਅਤੇ ਖਰਚ ਕਰਨ ਨਾਲ ਖੇਤੀ ਦਾ ਉਪਜ ਵਿੱਚ ਵਾਧਾ ਹੋਣ ਨਾਲ ਹਰੀ ਕ੍ਰਾਂਤੀ ਆ ਗਈ ਹੈ।

### 7. ਹਰੀ ਕ੍ਰਾਂਤੀ ਦੇ ਮੁੱਖ ਪ੍ਰਭਾਵ (Main Effects of Green Revolution)

ਭਾਰਤ ਦੀ ਅਰਥਵਿਵਸਥਾ ਉੱਤੇ ਹਰੀ ਕ੍ਰਾਂਤੀ ਦੇ ਵੱਧ ਪ੍ਰਭਾਵ ਪਏ ਹਨ। ਸਾਡੇ ਦੇਸ਼ ਦੀ ਅਰਥਵਿਵਸਥਾ ਨੂੰ ਇੱਕ ਨਵਾਂ ਆਧਾਰ ਮਿਲਿਆ ਹੈ। ਇਸ ਦੇ ਮੁੱਖ ਪ੍ਰਭਾਵ ਹੇਠ ਲਿਖੇ ਹਨ :—

**(i) ਅੰਨ ਸਮੱਸਿਆ ਦਾ ਹੱਲ** (Solution of food problem) :— ਹਰੀ ਕ੍ਰਾਂਤੀ ਦੇ ਸਿੱਟੇ ਵਜੋਂ 1967-68 ਅਤੇ ਉਸਦੇ ਪਿੱਛੋਂ ਫਸਲਾਂ ਦੇ ਉਤਪਾਦਨ ਵਿੱਚ ਬਹੁਤ ਤੇਜ਼ੀ ਨਾਲ ਵਾਧਾ ਹੋਇਆ ਹੈ। ਸੰਨ 1967-68 ਨੂੰ ਹਰੀ ਕ੍ਰਾਂਤੀ ਦਾ ਸਾਲ ਕਿਹਾ ਜਾਂਦਾ ਹੈ। ਭਾਰਤ ਵਿੱਚ ਅਨਾਜ ਦਾ ਉਤਪਾਦਨ ਵੱਧ ਕੇ 950 ਲੱਖ ਟਨ ਹੋ ਗਿਆ ਸੀ ਅਤੇ ਪੰਜਾਬ ਵਿੱਚ ਅਨਾਜ ਦਾ ਉਤਪਾਦਨ ਵੱਧ ਕੇ 119 ਲੱਖ ਟਨ ਹੋ ਗਿਆ ਸੀ। ਇਸਦੇ ਸਿੱਟੇ ਵਜੋਂ, ਪ੍ਰਤੀ ਵਿਅਕਤੀ ਅਨਾਜ ਦੀ ਉਪਲੱਬਧਤਾ ਵਿੱਚ ਵਾਧਾ ਹੋਇਆ ਹੈ। ਅਨਾਜ ਦੇ ਆਯਾਤ ਵਿੱਚ ਕਮੀ ਹੋਈ ਹੈ। ਇਸ ਪ੍ਰਕਾਰ ਹਰੀ ਕ੍ਰਾਂਤੀ ਕਾਫੀ ਸੀਮਾ ਤੱਕ ਅਨਾਜ ਦੀ ਸਮੱਸਿਆ ਨੂੰ ਹੱਲ ਕਰਨ ਵਿੱਚ ਸਹਾਇਕ ਸਿੱਧ ਹੋਈ ਹੈ।

**(ii) ਪੇਂਡੂ ਰੋਜ਼ਗਾਰ ਉੱਤੇ ਪ੍ਰਭਾਵ** (Effect on Rural Employment) :— ਹਰੀ ਕ੍ਰਾਂਤੀ ਦੇ ਫਲਸਰੂਪ ਮਸ਼ੀਨਾਂ ਦਾ ਪ੍ਰਯੋਗ ਵੱਧ ਗਿਆ ਹੈ ਅਤੇ ਦੂਜੇ ਪਾਸੇ ਖੇਤੀ ਦੇ ਕੰਮ ਵੀ ਵਧੇ ਹਨ। ਮਸ਼ੀਨਾਂ ਦੇ ਪ੍ਰਯੋਗ ਨਾਲ ਇਹ ਡਰ ਸੀ ਕਿ ਬੇਰੁਜ਼ਗਾਰੀ ਵੱਧ ਜਾਵੇਗੀ। ਪਰੰਤੂ ਇਕ ਸਾਲ ਵਿੱਚ ਵਧੇਰੇ ਫਸਲਾਂ ਪੈਦਾ ਹੋਣ ਕਰਕੇ ਮਜ਼ਦੂਰਾਂ ਦੀ ਮੰਗ ਵਧੀ ਹੈ। ਜਿਸ ਨਾਲ ਪੇਂਡੂ ਲੋਕਾਂ ਨੂੰ ਰੋਜ਼ਗਾਰ ਮਿਲ ਗਿਆ ਹੈ।

**(iii) ਅਨਾਜ ਦੇ ਆਯਾਤ ਵਿੱਚ ਕਮੀ** (Reduction in Import of Foodgrains) :— ਹਰੀ ਕ੍ਰਾਂਤੀ ਦੇ ਸਿੱਟੇ ਵਜੋਂ ਭਾਰਤ ਦੇ ਅਨਾਜ ਦੇ ਆਯਾਤ ਪਹਿਲਾਂ ਨਾਲੋਂ ਘੱਟ ਹੋਣ ਲੱਗੇ ਹਨ। ਪ੍ਰੋ. ਦਾਂਤਾਵਾਲਾ ਦੇ ਅਨੁਸਾਰ, "ਹਰੀ ਕ੍ਰਾਂਤੀ ਦੇ ਸਾਹ ਲੈਣ ਦਾ ਸਮਾਂ ਦਿੱਤਾ ਹੈ ਅਤੇ ਨਿਯੋਜਕਾਂ ਦਾ ਧਿਆਨ ਭਾਰਤੀ ਯੋਜਨਾਵਾਂ ਵੱਲ ਲਗੇਗਾ।"

**(iv) ਉਦਯੋਗਾਂ ਦਾ ਵਿਕਾਸ** (Development of Industries) :— ਹਰੀ ਕ੍ਰਾਂਤੀ ਦੇ ਕਾਰਣ ਉਦਯੋਗਾਂ ਦੇ ਵਿਕਾਸ ਉਤੇ ਕਾਫੀ ਉਚਿੱਤ ਪ੍ਰਭਾਵ ਪਿਆ ਹੈ। ਰਸਾਇਣਕ ਖਾਦਾਂ, ਟ੍ਰੈਕਟਰਾਂ ਅਤੇ ਡੀਜ਼ਲ ਇੰਜਣਾਂ ਆਦਿ ਦੇ ਕਾਰਖ਼ਾਨਿਆਂ ਦੀ ਸਥਾਪਨਾ ਵਿੱਚ ਵਾਧਾ ਹੋਇਆ ਹੈ।

**(v) ਕੀਮਤਾਂ ਤੇ ਪ੍ਰਭਾਵ** (Effect on Prices) :— ਤੀਜੀ ਯੋਜਨਾ ਦੌਰਾਨ ਕੀਮਤਾਂ ਵਿੱਚ ਖਾਸਤੌਰ ਤੇ ਖੇਤੀ ਪਦਾਰਥਾਂ ਦੀਆਂ ਕੀਮਤਾਂ ਵਿੱਚ ਬਹੁਤ ਜ਼ਿਆਦਾ ਵਾਧਾ ਹੋਇਆ ਸੀ, ਪਰੰਤੂ ਹਰੀ ਕ੍ਰਾਂਤੀ ਦੇ ਸਿੱਟੇ ਵਜੋਂ ਇਸ ਵਾਧੇ ਦੀ ਰਫਤਾਰ ਘੱਟ ਹੋ ਗਈ ਹੈ।

**(vi) ਕਿਸਾਨਾਂ ਦੀ ਖੁਸ਼ਹਾਲੀ** (Prosperity of Farmers) :— ਹਰੀ ਕ੍ਰਾਂਤੀ ਦੇ ਸਿੱਟੇ ਵਜੋਂ ਕਿਸਾਨਾਂ ਦੀ ਹਾਲਤ ਕਾਫੀ ਸੁਧਰੀ ਹੈ। ਉਹਨਾਂ ਦਾ ਜੀਵਨ-ਪੱਧਰ ਪਹਿਲਾਂ ਨਾਲੋਂ ਉੱਪਰ ਉਠਿਆ ਹੈ।

**(vii) ਲਾਭ ਦਾ ਪੁਨਰ-ਨਿਵੇਸ਼** (Ploughing back of Profits) :— ਹਰੀ ਕ੍ਰਾਂਤੀ ਦਾ ਇੱਕ ਇਹ ਵੀ ਪ੍ਰਭਾਵ ਪਿਆ ਹੈ ਕਿ ਕਿਸਾਨ ਆਪਣੀ ਵਧਦੀ ਹੋਈ ਆਮਦਨ ਨੂੰ ਖੇਤੀ ਸੁਧਾਰ ਕੰਮਾਂ ਵਿੱਚ ਹੀ ਲਗਾਉਣ ਲੱਗ ਪਏ ਹਨ।

**(viii) ਵਿਚਾਰਧਾਰਾ ਵਿੱਚ ਪਰਿਵਰਤਨ** (Change in Thinking) :— ਹਰੀ ਕ੍ਰਾਂਤੀ ਨੇ ਭਾਰਤੀ ਪਿੰਡਾਂ ਦੇ ਲੋਕਾਂ ਦੇ ਵਿਚਾਰਾਂ ਵਿੱਚ ਵੀ ਕ੍ਰਾਂਤੀ ਲਿਆਂਦੀ ਹੈ। ਹੁਣ ਉਹ ਇਹ ਸੋਚਣ ਲੱਗ ਪਏ ਹਨ ਕਿ ਵਿਗਿਆਨ ਦੀ ਸਹਾਇਤਾ ਨਾਲ ਉਹ ਆਪਣੇ ਦੁਰਭਾਗਾਂ ਨੂੰ ਸੁਭਾਗਾਂ ਵਿੱਚ ਬਦਲ ਸਕਦੇ ਹਨ।

**(ix) ਉਪਭੋਗਤਾਵਾਂ ਤੇ ਪ੍ਰਭਾਵ** (Effect of Consumers) :— ਭਾਰਤ ਦੀ ਗਰੀਬ ਜਨਤਾ ਲਗਪਗ 80 ਪ੍ਰਤੀਸ਼ਤ ਆਮਦਨ ਨੂੰ ਖੇਤੀ ਪਦਾਰਥਾਂ ਉੱਤੇ ਖਰਚ ਕਰਦੀ ਹੈ। ਹਰੀ ਕ੍ਰਾਂਤੀ ਉਹਨਾਂ ਦੇ ਬਜਟ ਨੂੰ ਸੰਤੁਲਨ ਕਰਨ ਅਤੇ ਜੀਵਨ ਪੱਧਰ ਨੂੰ ਉੱਚਾ ਉਠਾਉਣ ਵਿੱਚ ਸਹਾਇਕ ਸਿੱਧ ਹੋਈ ਹੈ।

ਸੰਖੇਪ ਵਿੱਚ, ਹਰੀ ਕ੍ਰਾਂਤੀ ਦਾ ਮੁੱਖ ਉਦੇਸ਼ ਭਾਰਤ ਵਿੱਚ ਭੁੱਖ ਨਾਲ ਮਰ ਰਹੇ ਲੋਕਾਂ ਦੀ ਭੁੱਖ ਨੂੰ ਮਿਟਾਉਣਾ ਅਤੇ ਵਿਕਾਸ ਦੀ ਗਤੀ ਨੂੰ ਤੇਜ਼ ਕਰਨਾ ਹੈ। ਹਰੀ ਕ੍ਰਾਂਤੀ ਇਸ ਟੀਚੇ ਵੱਲ ਵੱਧ ਰਹੀ ਹੈ।

## ਅਭਿਆਸ

**I. ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਇਹਨਾਂ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ ਦਿਓ)**

**(Very Short Answer Type Questions)**

1. "ਭਾਰਤ ਵਿੱਚ ਖੇਤੀ ਰੋਜ਼ਗਾਰ ਦਾ ਮੁੱਖ ਸਾਧਨ ਹੈ।" ਇਸ ਉੱਤੇ ਨੋਟ ਲਿਖੋ।
2. ਭਾਰਤ ਦੇ ਮੁੱਖ ਭੂਮੀ ਸੁਧਾਰ ਕਿਹੜੇ ਹਨ ? ਕੋਈ ਇੱਕ ਲਿਖੋ।
3. ਹਰੀ ਕ੍ਰਾਂਤੀ ਤੋਂ ਕੀ ਭਾਵ ਹੈ ?
4. ਹਰੀ ਕ੍ਰਾਂਤੀ ਭਾਰਤ ਦੀ ਅੰਨ-ਸਮੱਸਿਆ ਦੇ ਹੱਲ ਵਿੱਚ ਕਿਸ ਤਰ੍ਹਾਂ ਸਹਾਇਕ ਹੋਈ ਹੈ ?

**II. ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਇਹਨਾਂ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ)**

**(Short Answer Type Questions)**

1. ਭਾਰਤੀ ਅਰਥਵਿਵਸਥਾ ਵਿੱਚ ਖੇਤੀ ਦਾ ਮਹੱਤਵ ਬਿਆਨ ਕਰੋ।
2. ਭਾਰਤੀ ਖੇਤੀ ਦੀਆਂ ਮੁੱਖ ਸਮੱਸਿਆਵਾਂ ਦਾ ਵਰਣਨ ਕਰੋ।
3. ਭਾਰਤੀ ਖੇਤੀ ਦੇ ਵਿਕਾਸ ਵਿੱਚ ਸਰਕਾਰ ਦੇ ਯੋਗਦਾਨ ਦਾ ਵਰਣਨ ਕਰੋ।
4. ਹਰੀ ਕ੍ਰਾਂਤੀ ਦੀ ਸਫਲਤਾ ਲਈ ਮੁੱਖ ਤੱਤਾਂ ਬਾਰੇ ਲਿਖੋ।

ਪਾਠ 4

# ਭਾਰਤ ਵਿੱਚ ਉਦਯੋਗਿਕ ਵਿਕਾਸ

# (INDUSTRIAL DEVELOPMENT IN INDIA)

**1. ਭੂਮਿਕਾ (Introduction)**

ਭਾਰਤ ਜਿਹੇ ਅਲਪਵਿਕਸਿਤ ਦੇਸ਼ਾਂ ਦੀ ਆਰਥਿਕ ਪ੍ਰਗਤੀ ਲਈ ਉਦਯੋਗੀਕਰਣ ਇੱਕ ਮਹੱਤਵਪੂਰਣ ਸਥਾਨ ਰੱਖਦਾ ਹੈ। ਉਦਯੋਗਾਂ ਦੇ ਵਿਕਾਸ ਰਾਹੀਂ ਹੀ ਆਮਦਨ, ਉਤਪਾਦਨ ਅਤੇ ਰੁਜ਼ਗਾਰ ਦੀ ਮਾਤਰਾ ਨੂੰ ਵਧਾਕੇ ਭਾਰਤੀ ਅਰਥਵਿਵਸਥਾ ਦੀ ਵਿਕਾਸ ਦਰ (Rate of Growth) ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਆਜ਼ਾਦੀ ਤੋਂ ਪਹਿਲਾਂ ਭਾਰਤ ਵਿੱਚ ਉਦਯੋਗਾਂ ਦਾ ਬਹੁਤ ਹੀ ਘੱਟ ਵਿਕਾਸ ਹੋਇਆ ਸੀ, ਪਰ ਆਜ਼ਾਦੀ ਤੋਂ ਪਿੱਛੋਂ ਸਰਕਾਰ ਨੇ ਦੇਸ਼ ਦੇ ਉਦਯੋਗਿਕ ਵਿਕਾਸ ਨੂੰ ਬਹੁਤ ਜ਼ਿਆਦਾ ਮਹੱਤਵ ਦਿੱਤਾ। ਇਸ ਦੇ ਫਲਸਰੂਪ ਦੇਸ਼ ਵਿੱਚ ਕਈ ਨਵੇਂ ਉਦਯੋਗ ਸਥਾਪਿਤ ਕੀਤੇ ਗਏ ਅਤੇ ਪੁਰਾਣੇ ਉਦਯੋਗਾਂ ਦੀ ਉਤਪਾਦਨ ਸ਼ਕਤੀ ਅਤੇ ਕੁਸ਼ਲਤਾ ਨੂੰ ਵੀ ਵਧਾਇਆ ਗਿਆ। ਭਾਰਤੀ ਪੰਜ ਸਾਲਾਂ ਯੋਜਨਾਵਾਂ ਵਿੱਚ ਵੀ ਉਦਯੋਗਾਂ ਦੇ ਵਿਕਾਸ ਨੂੰ ਕਾਫ਼ੀ ਮਹੱਤਵ ਦਿੱਤਾ ਗਿਆ ਹੈ।

**1.1 ਤੇਜ਼ ਉਦਯੋਗੀਕਰਣ ਦੀ ਲੋੜ (Need for Rapid Industrialisation)**

ਭਾਰਤ ਵਿੱਚ ਆਰਥਿਕ ਦ੍ਰਿਸ਼ਟੀ ਪੱਖੋਂ ਉਦਯੋਗੀਕਰਨ ਦਾ ਬਹੁਤ ਜ਼ਿਆਦਾ ਮਹੱਤਵ ਹੈ। ਉਦਯੋਗੀਕਰਣ ਦੇ ਤੇਜ਼ ਅਤੇ ਸੰਤੁਲਿਤ ਵਿਕਾਸ ਦੀ ਲੋੜ ਕਈ ਕਾਰਣਾਂ ਕਰਕੇ ਹੈ ਜੋ ਹੇਠਾਂ ਲਿਖੇ ਹਨ :—

1. **ਸੰਤੁਲਿਤ ਅਰਥਵਿਵਸਥਾ (Balanced Economy) :—** ਭਾਰਤ ਦੀ ਅਰਥਵਿਵਸਥਾ ਅਸੰਤੁਲਿਤ ਹੈ ਕਿਉਂਕਿ ਦੇਸ਼ ਦੀ ਜ਼ਿਆਦਾਤਰ ਜਨਸੰਖਿਆ ਅਤੇ ਪੂੰਜੀ ਖੇਤੀਬਾੜੀ ਵਿੱਚ ਲੱਗੀ ਹੋਈ ਹੈ। ਖੇਤੀਬਾੜੀ ਵਿੱਚ ਅਨਿਸ਼ਚਿਤਤਾ ਹੈ। ਉਦਯੋਗੀਕਰਣ ਨਾਲ ਅਰਥਵਿਵਸਥਾ ਸੰਤੁਲਿਤ ਹੋਵੇਗੀ ਅਤੇ ਖੇਤੀਬਾੜੀ ਤੇ ਨਿਰਭਰਤਾ ਘੱਟ ਜਾਵੇਗੀ।

2. **ਰੁਜ਼ਗਾਰ ਵਿੱਚ ਵਾਧਾ (Increase in Employment) :—** ਉਦਯੋਗੀਕਰਣ ਨਾਲ ਨਵੇਂ-ਨਵੇਂ ਉਦਯੋਗ ਲਗਦੇ ਹਨ, ਜਿਸਦੇ ਸਿੱਟੇ ਵਜੋਂ ਦੇਸ਼ ਦੇ ਲੱਖਾਂ ਬੇਰੁਜ਼ਗਾਰ ਲੋਕਾਂ ਨੂੰ ਰੁਜ਼ਗਾਰ ਮਿਲਣ ਲਗਦਾ ਹੈ। ਇਸ ਨਾਲ ਬੇਰੁਜ਼ਗਾਰੀ ਦੀ ਸਮੱਸਿਆ ਹੱਲ ਹੁੰਦੀ ਹੈ। ਸਾਲ 2009-10 ਵਿੱਚ ਕੁੱਲ ਰੋਜ਼ਗਾਰ ਵਿੱਚ ਉਦਯੋਗਾਂ ਦਾ ਹਿੱਸਾ 21.9 ਪ੍ਰਤੀਸ਼ਤ ਸੀ।

3. **ਰਾਸ਼ਟਰੀ ਆਮਦਨ ਵਿੱਚ ਵਾਧਾ (Increase in National Income) :—** ਭਾਰਤ ਵਿੱਚ ਉਦਯੋਗੀਕਰਣ ਨਾਲ ਕੁਦਰਤੀ ਸਾਧਨਾਂ ਦਾ ਵਧੇਰੇ ਅਤੇ ਉੱਚਿਤ ਪ੍ਰਯੋਗ ਹੋਵੇਗਾ। ਇਸ ਨਾਲ ਕੁੱਲ ਉਤਪਾਦਨ ਰੁਜ਼ਗਾਰ, ਰਾਸ਼ਟਰੀ ਆਮਦਨ ਅਤੇ ਪ੍ਰਤੀ ਵਿਅਕਤੀ ਆਮਦਨ ਵਿੱਚ ਵਾਧਾ ਹੋਵੇਗਾ। ਭਾਰਤ ਦੀ ਰਾਸ਼ਟਰੀ ਆਮਦਨ ਵਿੱਚ ਉਦਯੋਗਾਂ ਦਾ ਹਿੱਸਾ 28 ਪ੍ਰਤੀਸ਼ਤ ਹੈ।

4. **ਭੂਮੀ ਉੱਤੇ ਜਨਸੰਖਿਆ ਦੇ ਦਬਾਅ ਵਿੱਚ ਕਮੀ (Less pressure of Population on Land) :—** ਭਾਰਤ ਦੀ 70% ਜਨਸੰਖਿਆ ਖੇਤੀ ਤੇ ਨਿਰਭਰ ਕਰਦੀ ਹੈ। ਭਾਰਤੀ ਖੇਤੀ ਬਹੁਤ ਪਛੜੀ ਹੋਈ ਹੈ। ਉਦਯੋਗਾ ਦੇ ਵਿਕਾਸ ਨਾਲ ਖੇਤੀ ਤੋਂ ਜਨਸੰਖਿਆ ਦਾ ਦਬਾਅ ਘਟੇਗਾ, ਜੋਤਾਂ ਦਾ ਆਕਾਰ ਵਧੇਗਾ, ਜਿਸ ਨਾਲ ਖੇਤੀ ਦਾ ਵਿਕਾਸ ਹੋਵੇਗਾ।

5. **ਦੇਸ਼ ਦੀ ਸੁਰੱਖਿਆ ਲਈ ਜ਼ਰੂਰੀ (Essential for National Defence) :—** ਉਦਯੋਗੀਕਰਣ ਨਾਲ ਦੇਸ਼ ਵਿੱਚ ਲੋਹਾ, ਇਸਪਾਤ, ਹਵਾਈ ਜਹਾਜ਼ ਅਤੇ ਸੁਰੱਖਿਆ ਸੰਬੰਧੀ ਕਈ ਉਦਯੋਗਾਂ ਦੀ ਸਥਾਪਨਾ ਕੀਤੀ ਜਾ ਸਕਦੀ ਹੈ ਜਿਨ੍ਹਾਂ ਦਾ ਦੇਸ਼ ਦੀ ਸੁਰੱਖਿਆ ਲਈ ਬਹੁਤ ਮਹੱਤਵ ਹੁੰਦਾ ਹੈ ਕਿਉਂਕਿ ਇਹਨਾਂ ਉਦਯੋਗਾਂ ਰਾਹੀਂ ਯੁੱਧ ਦਾ ਸਮਾਨ ਤਿਆਰ ਕੀਤਾ ਜਾਂਦਾ ਹੈ।

6. **ਆਤਮ-ਨਿਰਭਰਤਾ (Self-dependence) :—** ਉਦਯੋਗਾਂ ਦੇ ਵਿਕਾਸ ਹੋਣ ਨਾਲ ਜ਼ਰੂਰੀ ਵਸਤੂਆਂ ਦੇਸ਼ ਵਿੱਚ ਹੀ ਉਤਪੰਨ ਹੋਣ ਲਗਦੀਆਂ ਹਨ। ਇਸ ਨਾਲ ਵਿਦੇਸ਼ਾਂ ਉੱਤੇ ਨਿਰਭਰਤਾ ਘੱਟ ਜਾਂਦੀ ਹੈ ਅਤੇ ਦੇਸ਼ ਕਈ ਵਸਤੂਆਂ ਲਈ ਆਤਮ-ਨਿਰਭਰ ਹੋ ਜਾਂਦਾ ਹੈ।

7. **ਸਮਾਜਿਕ ਉਪਯੋਗੀ ਪਦਾਰਥਾਂ ਦਾ ਉਤਪਾਦਨ (Production of Socially Useful Goods) :—** ਉਦਯੋਗਾਂ ਰਾਹੀਂ ਸਮਾਜ ਲਈ ਲੋੜੀਂਦੀਆਂ ਵਸਤੂਆਂ ਜਿਵੇਂ ਕਪੜਾ, ਸਾਈਕਲਾਂ, ਬਿਜਲੀ ਦਾ ਸਮਾਨ, ਕਾਗਜ਼, ਤੇਲ ਆਦਿ ਦਾ ਉਤਪਾਦਨ ਸੰਭਵ ਹੋ ਗਿਆ ਹੈ।

**2. ਭਾਰਤ ਵਿੱਚ ਉਦਯੋਗੀਕਰਣ ਦਾ ਵਿਕਾਸ (Growth of Industrialisation in India)**

ਆਜ਼ਾਦੀ ਤੋਂ ਪਹਿਲਾਂ ਭਾਰਤ ਵਿੱਚ ਉਦਯੋਗਾਂ ਦਾ ਬਹੁਤ ਹੀ ਘੱਟ ਵਿਕਾਸ ਹੋਇਆ ਸੀ। ਦੇਸ਼ ਵਿੱਚ ਮੁੱਢਲੇ ਵੱਡੇ ਉਦਯੋਗਾਂ ਜਿਵੇਂ ਮਸ਼ੀਨਾਂ, ਲੋਹਾ ਅਤੇ ਇਸਪਾਤ, ਬਿਜਲੀ ਦਾ ਸਮਾਨ, ਯਾਤਾਯਾਤ ਦਾ ਸਾਧਨ ਆਦਿ ਸੰਬੰਧੀ ਉਦਯੋਗਾਂ ਦਾ ਨਾਂ-ਮਾਤਰ ਪ੍ਰਭਾਵ ਸੀ। ਦੇਸ਼ ਵਿੱਚ ਸਿਰਫ ਉਪਭੋਗਤਾ ਵਸਤਾਂ ਜਿਵੇਂ ਕਪੜਾ ਪਟਸਨ, ਖੰਡ, ਮਾਚਿਸ ਆਦਿ ਦੇ ਉਦਯੋਗ ਸਨ। ਛੋਟੇ ਅਤੇ ਕੁਟੀਰ ਉਦਯੋਗ ਵੀ ਜ਼ਿਆਦਾ ਵਿਕਸਿਤ ਨਹੀਂ ਸਨ। ਪਰੰਤੂ ਆਜ਼ਾਦੀ ਪਿਛੋਂ ਦੇਸ਼ ਦਾ ਕਾਫੀ ਹੱਦ ਤਕ ਉਦਯੋਗੀਕਰਣ ਕੀਤਾ ਗਿਆ ਹੈ। ਇਸ ਦੇ ਸਿੱਟੇ ਵਜੋਂ ਭਾਰਤ ਦਾ ਸੰਸਾਰ ਵਿੱਚ ਉਦਯੋਗਿਕ ਦੇਸ਼ਾਂ ਵਿੱਚ 10ਵਾਂ ਸਥਾਨ ਹੋ ਗਿਆ ਹੈ। ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੀਆਂ ਹਨ :—

**(i) ਮਜ਼ਬੂਤ ਉਦਯੋਗਿਕ ਢਾਂਚਾ** (Strong Industrial Base) :— ਆਰਥਿਕ ਆਯੋਜਨ ਕਰਨ ਨਾਲ ਭਾਰਤ ਦਾ ਉਦਯੋਗਿਕ ਢਾਂਚਾ ਪਹਿਲਾਂ ਤੋਂ ਮਜ਼ਬੂਤ ਹੋ ਗਿਆ ਹੈ। ਜਿਥੇ 1951 ਵਿੱਚ ਉਦਯੋਗਿਕ ਖੇਤਰ ਵਿੱਚ ਉਤਪਾਦਿਤ ਰਾਸ਼ਟਰੀ ਆਮਦਨ ਵਿੱਚ ਉਪਭੋਗ ਪਦਾਰਥਾਂ ਦਾ ਉਤਪਾਦਨ ਕਰਨ ਵਾਲੇ ਉਦਯੋਗਾਂ ਦਾ ਭਾਗ 70% ਸੀ, ਉਥੇ ਹੁਣ ਇਸ ਦਾ ਹਿੱਸਾ ਸਿਰਫ 30% ਰਹਿ ਗਿਆ ਹੈ। ਯੋਜਨਾ ਕਾਲ ਵਿੱਚ ਮੁੱਢਲੇ ਉਦਯੋਗਾਂ (Basic Industries) ਜਿਵੇਂ- ਇਸਪਾਤ, ਮਸ਼ੀਨਾਂ, ਬਿਜਲੀ ਦਾ ਸਮਾਨ, ਇੰਜੀਨੀਅਰਿੰਗ ਦੇ ਸਮਾਨ ਦੇ ਵਿਕਾਸ ਨਾਲ ਉਤਪਾਦਨ ਵਿੱਚ ਵਿਵਿਧਤਾ ਵੱਧ ਗਈ ਹੈ। ਦੇਸ਼ ਵਿੱਚ ਕਈ ਨਵੀਆਂ ਅਤੇ ਮਹੱਤਵਪੂਰਣ ਵਸਤੂਆਂ ਦਾ ਉਤਪਾਦਨ ਕੀਤਾ ਜਾਣ ਲੱਗ ਪਿਆ ਹੈ। ਇਸ ਦੇ ਸਿੱਟੇ ਵਜੋਂ ਉਦਯੋਗਿਕ ਵਿਕਾਸ ਸੰਤੁਲਿਤ ਹੋ ਗਿਆ ਹੈ।

**(ii) ਆਧੁਨਿਕੀਕਰਣ** (Modernisation) :— ਅਨੇਕ ਉਦਯੋਗਾਂ ਦੇ ਆਧੁਨਿਕੀਕਰਣ (Modernisation) ਰਾਹੀਂ ਉਤਪਾਦਨ ਤਕਨੀਕਾਂ ਨੂੰ ਸੁਧਾਰਿਆ ਗਿਆ ਹੈ। ਨਵੇਂ ਉਦਯੋਗਾਂ ਦੇ ਉਤਪਾਦਨ ਤਕਨੀਕ ਨੂੰ ਜਿਥੇ ਤੱਕ ਸੰਭਵ ਹੋ ਸਕੇ ਆਧੁਨਿਕ ਰੱਖਣ ਦਾ ਯਤਨ ਕੀਤਾ ਗਿਆ ਹੈ ਜਿਸਦੇ ਲਈ ਵਿਦੇਸ਼ੀ ਤਕਨੀਕੀ ਸਹਿਯੋਗ ਵੀ ਪ੍ਰਾਪਤ ਕੀਤਾ ਗਿਆ ਹੈ। ਇਸਦੇ ਸਿੱਟੇ ਵਜੋਂ ਉਦਯੋਗਿਕ ਉਤਪਾਦਨ ਦੀ ਗੁਣਵੱਤਾ ਵੱਧ ਗਈ ਹੈ।

**(iii) ਸਰਵਜਨਕ ਖੇਤਰ ਦਾ ਵਿਕਾਸ** (Development of Public Sector) :— ਸਰਵਜਨਕ ਖੇਤਰ ਵਿੱਚ ਵੱਖ-ਵੱਖ ਉਦਯੋਗਾਂ ਵਿੱਚ ਭਾਰੀ ਨਿਵੇਸ਼ ਰਾਹੀਂ ਉਹਨਾਂ ਕਈ ਉਦਯੋਗਾਂ ਦੀ ਸਥਾਪਨਾ ਹੋਈ ਹੈ ਜੋ ਆਰਥਿਕ ਵਿਕਾਸ ਦੀ ਗਤੀ ਨੂੰ ਤੇਜ਼ ਕਰਨ ਲਈ ਜ਼ਰੂਰੀ ਸਨ ਅਤੇ ਉਹਨਾਂ ਦੀ ਸਥਾਪਨਾ ਕਰਨ ਵਿੱਚ ਨਿੱਜੀ ਖੇਤਰ ਦੀ ਰੁਚੀ ਨਹੀਂ ਸੀ। ਸੰਨ 1951 ਵਿੱਚ ਸਰਵਜਨਕ ਖੇਤਰ ਦਾ ਕੁੱਲ ਨਿਵੇਸ਼ 29 ਕਰੋੜ ਰੁਪਏ ਦਾ ਸੀ ਜੋ 1998 ਵਿੱਚ ਇਹ ਵੱਧ ਕੇ 2,02,020 ਕਰੋੜ ਰੁਪਿਆ ਹੋ ਗਿਆ ਹੈ।

**(iv) ਅਧੋਸੰਰਚਨਾ ਦਾ ਨਿਰਮਾਣ** (Building up of Infrastructure) :— ਉਦਯੋਗਿਕ ਵਿਕਾਸ ਲਈ ਅਧੋਸੰਰਚਨਾ (Infrastructure) ਜਿਵੇਂ—ਬਿਜਲੀ, ਸੜਕਾਂ, ਰੇਲਵੇ, ਸੰਚਾਰ ਦੇ ਸਾਧਨ ਆਦਿ ਦੀ ਵਧੇਰੇ ਜ਼ਰੂਰਤ ਹੁੰਦੀ ਹੈ। ਭਾਰਤ ਦੀਆਂ ਪੰਜ ਸਾਲਾਂ ਯੋਜਨਾਵਾਂ ਵਿੱਚ ਅਧੋਸੰਰਚਨਾ ਦਾ ਕਾਫੀ ਨਿਰਮਾਣ ਕੀਤਾ ਗਿਆ ਹੈ ਜਿਵੇਂ : ਬਿਜਲੀ ਦੇ ਉਪਕਰਣ ਬਣਾਉਣੇ, ਰੇਲਾਂ ਦੇ ਇੰਜਣ ਅਤੇ ਡਿੱਬੇ ਬਣਾਉਣੇ, ਟੈਲੀਫੋਨ ਆਦਿ ਦੇ ਕਈ ਨਵੇਂ ਉਦਯੋਗ ਵੀ ਸਥਾਪਿਤ ਕੀਤੇ ਗਏ ਹਨ ਅਤੇ ਕਈ ਨਵੀਆਂ ਉਦਯੋਗਿਕ ਵਿੱਤ ਸੰਸਥਾਵਾਂ ਵੀ ਸਥਾਪਿਤ ਹੋ ਗਈਆਂ ਹਨ।

**(v) ਰਾਸ਼ਟਰੀ ਆਮਦਨ ਅਤੇ ਨਿਰਯਾਤ ਵਿੱਚ ਉਦਯੋਗਾਂ ਦਾ ਵੱਧਦਾ ਹੋਇਆ ਹਿੱਸਾ** (Increasing share of Industries in National Income and Exports) :— ਭਾਰਤ ਦਾ ਰਾਸ਼ਟਰੀ ਆਮਦਨ ਵਿੱਚ ਉਦਯੋਗਾਂ ਦਾ ਪ੍ਰਤੀਸ਼ਤ ਯੋਗਦਾਨ ਵੱਧਦਾ ਜਾ ਰਿਹਾ ਹੈ। ਪਹਿਲੀ ਪੰਜਸਾਲਾ ਯੋਜਨਾ ਵਿੱਚ ਰਾਸ਼ਟਰੀ ਆਮਦਨ ਦਾ 16% ਭਾਗ ਉਦਯੋਗਾਂ ਤੋਂ ਪ੍ਰਾਪਤ ਹੁੰਦਾ ਹੈ, ਪਰੰਤੂ ਪੰਜਸਾਲਾ ਯੋਜਨਾਵਾਂ ਦੌਰਾਨ, ਉਦਯੋਗਾਂ ਦਾ ਵਿਕਾਸ ਹੋਣ ਕਾਰਣ ਹੁਣ ਰਾਸ਼ਟਰੀ ਆਮਦਨ ਦਾ ਲਗਭਗ 28 ਪ੍ਰਤੀਸ਼ਤ ਹਿੱਸਾ ਉਦਯੋਗਿਕ ਖੇਤਰ ਤੋਂ ਪ੍ਰਾਪਤ ਹੁੰਦਾ ਹੈ। ਭਾਰਤ ਦੇ ਨਿਰਯਾਤ ਵਿੱਚ ਉਦਯੋਗਾਂ ਦਾ ਯੋਗਦਾਨ 45% ਦੇ ਲਗਪਗ ਹੈ।

**(vi) ਵਿਦੇਸ਼ੀ ਸਹਿਯੋਗ ਵਿੱਚ ਵਾਧਾ** (Increase in foreign collaborations) :— ਯੋਜਨਾਵਾਂ ਦੀ ਅਵਧੀ ਵਿੱਚ ਵਿਦੇਸ਼ੀ ਸਹਿਯੋਗ ਨਾਲ ਸਥਾਪਿਤ ਉਦਯੋਗਾਂ ਦੀ ਸੰਖਿਆ ਵਿੱਚ ਕਾਫੀ ਵਾਧਾ ਹੋਇਆ ਹੈ। ਨਵੀਂ ਉਦਯੋਗਿਕ ਨੀਤੀ ਦੇ ਸਿੱਟੇ ਵਜੋਂ ਇਸ ਵਿੱਚ ਹੋਰ ਵੀ ਤੇਜ਼ੀ ਨਾਲ ਵਾਧਾ ਹੋਣ ਦੀ ਆਸ ਹੈ। ਹੁਣ ਭਾਰਤੀਆਂ ਨੂੰ ਵਿਦੇਸ਼ਾਂ ਜਿਵੇਂ ਮਲੇਸ਼ੀਆਂ, ਇੰਡੋਨੇਸ਼ੀਆ, ਨੇਪਾਲ ਆਦਿ ਕਈਦੇਸ਼ਾਂ ਵਿੱਚ ਭਿੰਨ-ਭਿੰਨ ਪ੍ਰਕਾਰ ਦੇ ਉਦਯੋਗ ਸਥਾਪਿਤ ਕੀਤੇ ਹਨ।

**(vii) ਉਦਯੋਗਿਕ ਉਤਪਾਦਨ ਵਿੱਚ ਵਾਧਾ** (Increase in Industrial Production) :—ਪੰਜਸਾਲਾ ਯੋਜਨਾਵਾਂ ਦੇ ਕਾਰਣ ਦੇਸ਼ ਦੇ ਉਦਯੋਗਿਕ ਉਤਪਾਦਨ ਵਿੱਚ ਕਾਫੀ ਵਾਧਾ ਹੋਇਆ ਹੈ। ਕਈ ਨਵੀਆਂ ਵਸਤੂਆਂ ਦਾ ਉਤਪਾਦਨ ਹੋਣ ਲੱਗ ਪਿਆ ਹੈ। ਯੋਜਨਾਵਾਂ ਦੀ ਅਵਧੀ ਵਿੱਚ ਉਦਯੋਗਿਕ ਉਤਪਾਦਨ ਵਿੱਚ ਹੋਣ ਵਾਲੇ ਵਾਧੇ ਦਾ ਅਨੁਮਾਨ ਦਿੱਤੀ ਤਾਲਿਕਾ-1 ਤੋਂ ਲਗਾਇਆ ਜਾ ਸਕਦਾ ਹੈ :—

**ਤਾਲਿਕਾ-1 : ਮਹੱਤਵਪੂਰਨ ਉਦਯੋਗਾਂ ਦਾ ਉਤਪਾਦਨ**

| | ਉਦਯੋਗ | ਇਕਾਈ | 1950-51 | 2006-07 |
|---|---|---|---|---|
| 1. | ਤਿਆਰ ਇਸਪਾਤ | ਲੱਖ ਟਨ | 10 | 5,020 |
| 2. | ਕੋਇਲਾ | ਲੱਖ ਟਨ | 328 | 4,620 |
| 3. | ਪੈਟਰੋਲ | ਲੱਖ ਟਨ | .03 | 340 |
| 4. | ਸ਼ੁੱਧ ਤਾਂਬਾ | ਹਜ਼ਾਰ ਟਨ | 7.1 | 39 |
| 5. | ਕਾਗਜ਼ | ਹਜ਼ਾਰ ਟਨ | 116 | 4,139 |
| 6. | ਸੀਮਿੰਟ | ਲੱਖ ਟਨ | 27 | 1,547 |
| 7. | ਸਾਈਕਲ | ਹਜ਼ਾਰ | 99 | 10,598 |
| 8. | ਟ੍ਰੈਕਟਰ | ਹਜ਼ਾਰ | Nil | 311 |
| 9. | ਸਕੂਟਰ, ਮੋਟਰ ਸਾਈਕਲ | ਹਜ਼ਾਰ | Nil | 8,436 |

Source : Economic Survey 2007-08

ਉਪਰ ਦਿੱਤੀ ਤਾਲਿਕਾ ਤੋਂ ਪਤਾ ਚਲਦਾ ਹੈ ਕਿ ਯੋਜਨਾਵਾਂ ਦੇ ਲਾਗੂ ਹੋਣ ਤੋਂ ਪਹਿਲਾਂ ਭਾਵ 1951 ਵਿੱਚ ਦੇਸ਼ ਵਿੱਚ ਕਈ ਵਸਤੂਆਂ ਜਿਵੇਂ ਮਸ਼ੀਨਰੀ, ਟਰੈਕਟਰਾਂ, ਸਕੂਟਰਾਂ ਆਦਿ ਦਾ ਬਿਲਕੁਲ ਵੀ ਉਤਪਾਦਨ ਨਹੀਂ ਹੁੰਦਾ ਸੀ। ਪਰ ਹੁਣ ਇਹਨਾਂ ਸਾਰੀਆਂ ਵਸਤੂਆਂ ਦਾ ਉਤਪਾਦਨ ਦੇਸ਼ ਵਿੱਚ ਕਾਫੀ ਮਾਤਰਾ ਵਿੱਚ ਕੀਤਾ ਜਾਣ ਲੱਗਾ ਹੈ। ਯੋਜਨਾਵਾਂ ਦੀ ਅਵਧੀ ਵਿੱਚ ਹੋਣ ਵਾਲੇ ਉਦਯੋਗਿਕ ਵਿਕਾਸ ਦੇ ਫਲਸਰੂਪ ਸੰਸਾਰ ਦੇ ਉਦਯੋਗਿਕ ਉਤਪਾਦਨ ਵਿੱਚ ਭਾਰਤ ਦਾ ਸਥਾਨ 10ਵਾਂ ਹੈ।

### 3. ਵਰਤਮਾਨ ਉਦਯੋਗਿਕ ਢਾਂਚਾ (Present Industrial Structure)

ਭਾਰਤ ਵਿੱਚ ਵਰਤਮਾਨ ਉਦਯੋਗਿਕ ਢਾਂਚੇ ਵਿੱਚ ਹੇਠਾਂ ਲਿਖੇ ਉਦਯੋਗ ਸ਼ਾਮਲ ਹਨ :—

**1. ਸਰਵਜਨਕ ਉੱਦਮ, ਸੰਯੁਕਤ ਉੱਦਮ ਅਤੇ ਨਿੱਜੀ ਉੱਦਮ :**— ਭਾਰਤ ਵਿੱਚ ਸਰਵਜਨਕ, ਸੰਯੁਕਤ ਅਤੇ

ਨਿੱਜੀ ਉੱਦਮ ਪਾਏ ਜਾਂਦੇ ਹਨ। ਸਰਵਜਨਕ ਉੱਦਮ ਉਹ ਉੱਦਮ ਹਨ ਜਿਨ੍ਹਾਂ ਦੀ ਮਲਕੀਅਤ ਸਰਕਾਰ ਦੀ ਹੁੰਦੀ ਹੈ। ਸੰਯੁਕਤ ਉੱਦਮ ਉਹ ਉੱਦਮ ਹਨ ਜਿਨ੍ਹਾਂ ਉੱਤੇ ਸਰਕਾਰ ਅਤੇ ਨਿੱਜੀ ਖੇਤਰ ਦੋਨਾਂ ਦੀ ਹੀ ਸਾਂਝੀ ਮਲਕੀਅਤ ਹੁੰਦੀ ਹੈ। ਨਿੱਜੀ ਉੱਦਮ ਉਹ ਉੱਦਮ ਹਨ ਜਿਨ੍ਹਾਂ ਦੇ ਸਵਾਮੀ ਨਿੱਜੀ ਵਿਅਕਤੀ ਹੁੰਦੇ ਹਨ।

2. **ਗੈਰ-ਕਾਰਖਾਨਾ ਨਿਰਮਾਣ ਇਕਾਈਆਂ** (Non-Factory Manufacturing Units) :— ਗ਼ੈਰ-ਕਾਰਖਾਨਾ ਨਿਰਮਾਣ ਇਕਾਈਆਂ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ: (ੳ) ਕੁਟੀਰ ਉਦਯੋਗ (ਅ) ਲਘੂ ਉਦਯੋਗ

3. **ਕਾਰਖਾਨਾ ਨਿਰਮਾਣ ਇਕਾਈਆਂ** (Factory Manufacturing Units) :-ਕਾਰਖਾਨਾ ਨਿਰਮਾਣ ਇਕਾਈਆਂ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ।

(ੳ) ਫੇਰਾ ਕੰਪਨੀਆਂ (FERA Companies) : ਇਹ ਕੰਪਨੀਆਂ ਵੱਡੇ ਪੈਮਾਨੇ ਉੱਤੇ ਉਤਪਾਦਨ ਕਰਦੀਆਂ ਹਨ ਅਤੇ ਵਿਦੇਸ਼ੀ ਮੁਦਰਾ ਦਾ ਬਹੁਤ ਅਧਿਕ ਪ੍ਰਯੋਗ ਕਰਦੀਆਂ ਹਨ।

(ਅ) ਐਮ. ਆਰ. ਟੀ. ਪੀ. ਕੰਪਨੀਆਂ (MRTP Companies) : ਇਹ ਕੰਪਨੀਆਂ ਏਕਾਧਿਕਾਰ ਅਤੇ ਪ੍ਰਤੀਬੰਧਾਤਮਕ ਵਪਾਰ ਵਿਹਾਰ ਅਧਿਨਿਯਮ (MRTP-Act) ਦੇ ਅਧੀਨ ਕੰਮ ਕਰਦੀਆਂ ਹਨ ਅਤੇ ਬਹੁਤ ਵੱਡੇ ਪੈਮਾਨੇ ਉੱਤੇ ਉਤਪਾਦਨ ਕਰਦੀਆਂ ਹਨ।

ਭਾਰਤ ਦੇ ਉਦਯੋਗਿਕ ਉਤਪਾਦਨ ਵਿੱਚ ਸਰਵਜਨਕ ਖੇਤਰਾਂ ਦੇ ਉਦਮਾਂ ਨੂੰ ਛੱਡਕੇ ਲਘੂ ਅਤੇ ਕੁਟੀਰ ਉਦਯੋਗਾਂ ਦਾ ਮਹੱਤਵ ਹੋਰਨਾਂ ਉਦਮਾਂ ਦੀ ਤੁਲਨਾ ਵਿੱਚ ਵਧੇਰੇ ਹੈ। ਦੇਸ਼ ਦੇ ਕੁੱਲ ਉਤਪਾਦਨ ਦਾ 40 ਪ੍ਰਤੀਸ਼ਤ ਹਿੱਸਾ ਇਹਨਾਂ ਉਦਮਾਂ ਦੁਆਰਾ ਪ੍ਰਾਪਤ ਹੁੰਦਾ ਹੈ।

ਦੇਸ਼ ਦੀਆਂ ਫੇਰਾ ਕੰਪਨੀਆਂ (FERA Companies), ਐਮ. ਆਰ. ਟੀ.ਪੀ. (MRTP Companies) ਅਤੇ ਨਿੱਜੀ ਕੰਪਨੀਆਂ ਦਾ ਕੁੱਲ ਉਤਪਾਦਨ ਵਿੱਚ ਪ੍ਰਤੀਸ਼ਤ ਹਿੱਸਾ ਲਘੂ ਅਤੇ ਕੁਟੀਰ ਉਦਯੋਗ ਨਾਲੋਂ ਘੱਟ ਹੈ।

### 4. ਕੁਟੀਰ ਉਦਯੋਗ (Cottage Industries)

**ਅਰਥ** (Meaning) :— "ਕੁਟੀਰ ਉਦਯੋਗ ਉਹ ਉਦਯੋਗ ਹੈ ਜੋ ਪੂਰਣ ਰੂਪ ਨਾਲ ਜਾਂ ਆਂਸ਼ਿਕ ਰੂਪ ਨਾਲ ਪਰਿਵਾਰ ਦੇ ਮੈਂਬਰਾਂ ਦੀ ਸਹਾਇਤਾ ਨਾਲ ਇੱਕ ਪੂਰਣਕਾਲੀਨ ਜਾਂ ਅੰਸ਼ਕਾਲੀਨ ਕਿੱਤੇ ਦੇ ਰੂਪ ਵਿੱਚ ਚਲਾਇਆ ਜਾ ਸਕਦਾ ਹੈ।" ਇਸ ਤਰ੍ਹਾਂ ਦੇ ਕਾਰੋਬਾਰ ਬਹੁਤਾ ਕਰਕੇ ਕਾਰੀਗਰ ਆਪਣੇ ਘਰਾਂ ਵਿੱਚ ਹੀ ਚਲਾਉਂਦੇ ਹਨ। ਮਸ਼ੀਨਾਂ ਦਾ ਪ੍ਰਯੋਗ ਬਹੁਤ ਘੱਟ ਕੀਤਾ ਜਾਂਦਾ ਹੈ। ਇਹ ਉਦਯੋਗ ਆਮ ਤੌਰ ਤੇ ਸਥਾਨਕ ਲੋੜਾਂ ਨੂੰ ਪੂਰਾ ਕਰਦੇ ਹਨ। ਇਹਨਾਂ ਉਦਯੋਗਾਂ ਨੂੰ ਪਰਿਵਾਰ ਦੇ ਮੈਂਬਰ ਹੀ ਚਲਾਉਂਦੇ ਹਨ। ਮਜ਼ਦੂਰੀ ਦੇ ਲਗਾਏ ਗਏ ਕਿਰਤੀਆਂ ਦਾ ਪ੍ਰਯੋਗ ਬਹੁਤ ਘੱਟ ਹੁੰਦਾ ਹੈ। ਇਹਨਾਂ ਵਿੱਚ ਪੂੰਜੀ ਬਹੁਤ ਘੱਟ ਲਗਦੀ ਹੈ। ਪਿੰਡਾਂ ਵਿੱਚ ਸਥਿਤ ਉਦਯੋਗਾਂ ਨੂੰ ਪੇਂਡੂ ਉਦਯੋਗ (Village or Rural Industries) ਵੀ ਕਿਹਾ ਜਾਂਦਾ ਹੈ।

**ਮਹੱਤਵ** (Importance) : ਇਹਨਾਂ ਉਦਯੋਗਾਂ ਦੇ ਮੁੱਖ ਲਾਭ ਹੇਠਾਂ ਲਿਖੇ ਹਨ : (i) ਕੁਟੀਰ ਉਦਯੋਗਾਂ ਦੇ ਫਲਸਰੂਪ ਪਿੰਡਾਂ ਵਿੱਚ ਰੋਜ਼ਗਾਰ ਦੇ ਮੌਕੇ ਵੱਧਦੇ ਹਨ। (ii) ਇਹਨਾਂ ਦੁਆਰਾ ਕਲਾਤਮਕ ਮਹਿੰਗੀਆਂ ਵਸਤੂਆਂ ਦਾ ਵੀ ਉਤਪਾਦਨ ਹੁੰਦਾ ਹੈ। (iii) ਇਹਨਾਂ ਕਰਕੇ ਲੋਕਾਂ ਦੀ ਪਿੰਡਾਂ ਤੋਂ ਸ਼ਹਿਰ ਵੱਲ ਜਾ ਕੇ ਵੱਸਣ ਦੀ ਪ੍ਰਵਿਰਤੀ ਘੱਟ ਜਾਂਦੀ ਹੈ।

**ਪਤਨ ਦੇ ਕਾਰਣ** (Causes of Decline) : ਭਾਰਤ ਦੇ ਕੁਟੀਰ ਉਦਯੋਗਾਂ ਦੇ ਪਤਨ ਦੇ ਮੁੱਖ ਕਾਰਣ ਹੇਠ ਲਿਖੇ ਹਨ : (i) ਆਧੁਨਿਕ ਉਦਯੋਗਾਂ ਦੇ ਸਸਤੇ ਉਤਪਾਦਨ ਦਾ ਕੁਟੀਰ ਉਦੋਯਗਾਂ ਦਾ ਉਤਪਾਦਨ ਮੁਕਾਬਲਾ ਨਹੀਂ ਕਰ ਸਕਦਾ। (ii) ਇਹਨਾਂ ਨੂੰ ਉਚਿਤ ਮਾਤਰਾ ਵਿੱਚ ਸਸਤਾ ਵਿੱਤ ਨਹੀਂ ਮਿਲ ਸਕਦਾ। (iii) ਪੇਂਡੂ ਦਸਤਕਾਰਾਂ ਨੂੰ ਆਧੁਨਿਕ ਵਪਾਰਕ ਉੱਨਤੀਆਂ, ਖੋਜਾਂ, ਡਿਜ਼ਾਈਨਾਂ, ਵਿਕਰੀ ਅਤੇ ਵਿਗਿਆਪਨ ਤਕਨੀਕਾਂ ਦਾ ਗਿਆਨ ਨਹੀਂ ਹੁੰਦਾ।

**ਉਪਾਅ** (Measures) :— ਕੁਟੀਰ ਉਦਯੋਗਾਂ ਦੇ ਵਿਕਾਸ ਲਈ ਕਈ ਉਪਾਅ ਕੀਤੇ ਗਏ ਹਨ ਜਿਵੇਂ :— (i) ਖਾਦੀ ਅਤੇ ਗ੍ਰਾਮ ਉਦਯੋਗ ਕਮੀਸ਼ਨ ਦੀ ਸਥਾਪਨਾ ਕੀਤੀ ਗਈ ਹੈ ਜੋ ਇਹਨਾਂ ਉਦਯੋਗਾਂ ਦੀਆਂ ਵਿਸ਼ੇਸ਼ ਲੋੜਾਂ ਦੀ ਦੇਖਭਾਲ ਕਰਦਾ ਹੈ। (ii) ਇਹਨਾਂ ਦੀ ਵਿੱਕਰੀ ਨੂੰ ਉਤਸ਼ਾਹ ਦਿੱਤਾ ਜਾਂਦਾ ਹੈ ਅਤੇ ਆਰਥਿਕ ਸਹਾਇਤਾ ਦਿੱਤੀ

ਜਾਂਦੀ ਹੈ। (iii) ਇਹਨਾਂ ਨੂੰ ਡਿਜ਼ਾਈਨਾਂ, ਉਤਪਾਦਨ ਅਤੇ ਵਿਕਰੀ ਸੰਬੰਧੀ ਸਲਾਹ ਦੇਣ ਲਈ ਕਈ ਸੰਸਥਾਵਾਂ ਸਥਾਪਿਤ ਕੀਤੀਆਂ ਗਈਆਂ ਹਨ।

### 4.1 ਲਘੂ ਜਾਂ ਛੋਟੇ ਆਕਾਰ ਦੇ ਉਦਯੋਗ (Small Scale Industries)

**ਅਰਥ** (Meaning) :— ਛੋਟੇ ਉਦਯੋਗਾਂ ਦੀਆਂ ਪਰਿਭਾਸ਼ਾਵਾਂ ਵੱਖ-ਵੱਖ ਆਧਾਰਾਂ ਤੇ ਕੀਤੀਆਂ ਗਈਆਂ ਹਨ। ਪਰ ਜੂਨ 1997 ਤੋਂ ਛੋਟੇ ਉਦਯੋਗਾਂ ਵਿੱਚ ਉਹਨਾਂ ਸਭ ਕਾਰਖਾਨਿਆਂ ਨੂੰ ਸ਼ਾਮਿਲ ਕੀਤਾ ਗਿਆ ਹੈ ਜਿਨ੍ਹਾਂ ਵਿੱਚ 3 ਕਰੋੜ ਰੁਪਏ ਬੱਧੀ ਪੂੰਜੀ (Fixed Capital) ਦਾ ਨਿਵੇਸ਼ ਹੋਇਆ ਹੋਵੇ। ਸਹਾਇਕ ਉਦਯੋਗ (Ancilliary Industries) ਵਿੱਚ ਪੂੰਜੀ ਦੀ ਸੀਮਾ 3 ਕਰੋੜ ਰੁਪਏ ਹੈ ਅਤੇ ਬਹੁਤ ਛੋਟੇ ਉਦਯੋਗ (Small Industries) ਵਿੱਚ ਪੂੰਜੀ ਦੀ ਸੀਮਾ 25 ਲੱਖ ਰੁਪਏ ਨਿਰਧਾਰਿਤ ਕੀਤੀ ਗਈ ਹੈ। ਭਾਰਤ ਵਿੱਚ ਸੰਨ 1996-97 ਵਿੱਚ 27 ਲੱਖ 24 ਹਜ਼ਾਰ ਲਘੂ ਉਦਯੋਗ ਸਨ ਅਤੇ 2003-04 ਵਿੱਚ 115.22 ਲੱਖ ਸਨ, ਜਦੋਂ ਕਿ ਪੰਜਾਬ ਵਿੱਚ 1 ਲੱਖ 88 ਹਜ਼ਾਰ ਲਘੂ ਉਦਯੋਗ ਅਤੇ 415 ਵੱਡੇ ਅਤੇ ਮੱਧਮ ਪੱਧਰ ਦੇ ਉਦਯੋਗ ਹਨ।

### 4.2 ਕੁਟੀਰ ਅਤੇ ਲਘੂ ਉਦਯੋਗਾਂ ਵਿੱਚ ਅੰਤਰ (Difference between Cottage and Small Scale Industries)

ਰਾਜਕੋਸ਼ੀ ਆਯੋਗ (Fiscal Commission) ਨੇ ਕੁਟੀਰ ਅਤੇ ਛੋਟੇ ਉਦਯੋਗ ਦੇ ਅੰਤਰ ਨੂੰ ਸਪੱਸ਼ਟ ਕਰਦੇ ਹੋਏ ਲਿਖਿਆ ਹੈ ਕਿ, "ਕੁਟੀਰ ਉਦਯੋਗ ਸਾਧਾਰਣ ਤੌਰ ਤੇ ਪੇਂਡੂ ਖੇਤਰ ਵਿੱਚ ਖੇਤੀ ਨਾਲ ਸੰਬੰਧਤ ਹੁੰਦੇ ਹਨ ਅਤੇ ਲੋਕਾਂ ਨੂੰ ਪੂਰੇ ਸਮੇਂ ਦੇ ਲਈ ਰੁਜ਼ਗਾਰ ਪ੍ਰਦਾਨ ਕਰਦੇ ਹਨ। ਜਦੋਂ ਕਿ ਲਘੂ ਉਦਯੋਗ ਸ਼ਹਿਰੀ ਅਤੇ ਅਰਧ-ਸ਼ਹਿਰੀ ਖੇਤਰਾਂ ਵਿੱਚ ਸਥਾਪਤ ਕੀਤੇ ਜਾਂਦੇ ਹਨ ਅਤੇ ਕਿਰਤੀਆਂ ਨੂੰ ਪੂਰਣਕਾਲ ਰੁਜ਼ਗਾਰ ਪ੍ਰਦਾਨ ਕਰਦੇ ਹਨ।" ਕੁਟੀਰ ਉਦਯੋਗ ਅਤੇ ਛੋਟੇ ਉਦਯੋਗਾਂ ਵਿੱਚ ਹੇਠ ਲਿਖੇ ਅੰਤਰ ਹਨ :—

(i) ਕੁਟੀਰ ਉਦਯੋਗ ਜ਼ਿਆਦਾਤਰ ਪਿੰਡਾਂ ਵਿੱਚ ਹੁੰਦੇ ਹਨ ਅਤੇ ਸਾਰੇ ਦੇਸ਼ ਵਿੱਚ ਫੈਲੇ ਹੁੰਦੇ ਹਨ, ਪਰੰਤੂ ਛੋਟੇ ਉਦਯੋਗ ਜ਼ਿਆਦਾਤਰ ਸ਼ਹਿਰਾਂ ਵਿੱਚ ਹੁੰਦੇ ਹਨ।

(ii) ਕੁਟੀਰ ਉਦਯੋਗਾਂ ਵਿੱਚ ਪਰਿਵਾਰ ਦੇ ਮੈਂਬਰ ਹੀ ਕੰਮ ਕਰ ਲੈਂਦੇ ਹਨ, ਪਰੰਤੂ ਲਘੂ ਉਦਯੋਗਾਂ ਵਿੱਚ ਭਾੜੇ ਦੇ ਮਜ਼ਦੂਰ ਲਾਏ ਹੁੰਦੇ ਹਨ।

(iii) ਕੁਟੀਰ ਉਦਯੋਗ ਆਮਤੌਰ ਤੇ ਸਥਾਨਿਕ ਮੰਗ ਦੀ ਪੂਰਤੀ ਕਰਦੇ ਹਨ, ਜਦੋਂ ਕਿ ਲਘੂ ਉਦਯੋਗ ਸ਼ਹਿਰੀ ਅਤੇ ਅਰਧ-ਸ਼ਹਿਰੀ ਖੇਤਰਾਂ ਲਈ ਮਾਲ ਪੈਦਾ ਕਰਦੇ ਹਨ। ਇਸ ਤਰ੍ਹਾਂ ਉਤਪਾਦਨ ਦਾ ਬਾਜ਼ਾਰ ਵਿਸਤ੍ਰਿਤ ਹੁੰਦਾ ਹੈ।

(iv) ਕੁਟੀਰ ਉਦਯੋਗਾਂ ਵਿੱਚ ਆਮ ਔਜ਼ਾਰਾਂ ਨਾਲ ਉਤਪਾਦਨ ਹੁੰਦਾ ਹੈ ਅਤੇ ਪੂੰਜੀ ਬਹੁਤ ਘੱਟ ਲਗਦੀ ਹੈ ਜਦੋਂ ਕਿ ਲਘੂ ਉਦਯੋਗ ਸ਼ਕਤੀ ਨਾਲ ਚਲਦੇ ਹਨ ਅਤੇ ਨਿਯੋਜਿਤ ਪੂੰਜੀ ਵੀ ਵੱਧ ਲਗਦੀ ਹੈ।

(v) ਕੁਟੀਰ ਉਦਯੋਗਾਂ ਵਿੱਚ ਪਰੰਪਰਾਗਤ (Traditional) ਵਸਤੂਆਂ ਜਿਵੇਂ ਖਾਦੀ, ਚਟਾਈ, ਜੁੱਤੇ ਆਦਿ ਹੀ ਬਣਾਏ ਜਾਂਦੇ ਹਨ ਜਦੋਂ ਕਿ ਛੋਟੇ ਉਦਯੋਗਾਂ ਵਿੱਚ ਕਈ ਆਧੁਨਿਕ ਵਸਤੂਆਂ ਜਿਵੇਂ ਰੇਡੀਓ, ਟੈਲੀਵੀਜ਼ਨ ਅਤੇ ਇਲੈਕਟਰੌਨਿਕਸ ਦਾ ਸਮਾਨ ਆਦਿ ਬਣਾਏ ਜਾਂਦੇ ਹਨ।

### 4.3 ਲਘੂ ਅਤੇ ਕੁਟੀਰ ਉਦਯੋਗਾਂ ਦਾ ਮਹੱਤਵ (Importance of small scale and cottage Industries)

ਕੁਟੀਰ ਅਤੇ ਲਘੂ ਉਦਯੋਗਾਂ ਦਾ ਮਹੱਤਵ ਹੇਠਾਂ ਲਿਖੇ ਤੱਤਾਂ ਤੋਂ ਸਪੱਸ਼ਟ ਹੋ ਜਾਂਦਾ ਹੈ :—

**(i) ਰੋਜ਼ਗਾਰ ਵਿੱਚ ਵਾਧਾ** (More Employment) :— ਕੁਟੀਰ ਅਤੇ ਲਘੂ ਉਦਯੋਗਾਂ ਵਿੱਚ ਘੱਟ ਪੂੰਜੀ ਦਾ ਨਿਵੇਸ਼ ਕਰਕੇ ਵਧੇਰੇ ਲੋਕਾਂ ਨੂੰ ਰੋਜ਼ਗਾਰ ਦਿੱਤਾ ਜਾ ਸਕਦਾ ਹੈ। ਇਹ ਉਦਯੋਗ ਮਜ਼ਦੂਰ ਪ੍ਰਧਾਨ ਹੁੰਦੇ ਹਨ ਇਸ ਲਈ ਇਹਨਾਂ ਦਾ ਵਿਕਾਸ ਨਾਲ ਰੋਜ਼ਗਾਰ ਵੱਧਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ।

**(ii) ਧਨ ਦੀ ਸਮਾਨ ਵੰਡ** (Equal Distribution of Wealth) :— ਇਹਨਾਂ ਉਦਯੋਗਾਂ ਦੇ ਕਾਰਣ ਆਮਦਨ ਅਤੇ ਧਨ ਦੀ ਵੰਡ ਵਧੇਰੇ ਸਮਾਨ ਹੁੰਦੀ ਹੈ। ਇਸਦਾ ਕਾਰਣ ਇਹ ਹੈ ਕਿ ਇਹਨਾਂ ਉਦਯੋਗਾਂ ਵਿੱਚ ਪੂੰਜੀ ਕੁੱਝ ਲੋਕਾਂ ਦੇ

ਪਾਸ ਹੀ ਕੇਂਦਰਿਤ ਨਹੀਂ ਹੁੰਦੀ ਸਗੋਂ ਥੋੜ੍ਹੀ-ਥੋੜ੍ਹੀ ਮਾਤਰਾ ਵਿੱਚ ਵੰਡੀ ਹੋਈ ਹੁੰਦੀ ਹੈ। ਇਸ ਲਈ ਇਹਨਾਂ ਉਦਯੋਗਾਂ ਤੋਂ ਜੋ ਆਮਦਨ ਹੁੰਦੀ ਹੈ, ਉਸਦਾ ਲਾਭ ਬਹੁਤ ਜ਼ਿਆਦਾ ਲੋਕਾਂ ਨੂੰ ਮਿਲਦਾ ਹੈ।

**(iii) ਵਿਕੇਂਦਰੀਕਰਣ** (Decentralisation) :— ਵੱਡੇ ਉਦਯੋਗ ਜ਼ਿਆਦਾਤਰ ਕੇਵਲ ਇੱਕ ਹੀ ਸਥਾਨ ਤੇ ਕੇਂਦਰਿਤ ਹੋਣ ਦੀ ਪ੍ਰਵਿਰਤੀ ਪ੍ਰਗਟ ਕਰਦੇ ਹਨ। ਇਸ ਨਾਲ ਦੇਸ਼ ਦਾ ਆਰਥਿਕ ਵਿਕਾਸ ਅਸੰਤੁਲਿਤ ਹੋ ਜਾਂਦਾ ਹੈ ਅਤੇ ਯੁੱਧ ਦੇ ਦਿਨਾਂ ਵਿੱਚ ਇਹਨਾਂ ਦੇ ਨਸ਼ਟ ਹੋਣ ਦਾ ਡਰ ਵੀ ਬਣਿਆ ਰਹਿੰਦਾ ਹੈ। ਜਦੋਂ ਕਿ ਕੁਟੀਰ ਉਦਯੋਗ ਸਾਰੇ ਦੇਸ਼ ਵਿੱਚ ਫੈਲੇ ਹੁੰਦੇ ਹਨ, ਯੁੱਧ ਦੇ ਦਿਨਾਂ ਵਿੱਚ ਇਨ੍ਹਾਂ ਦੇ ਨਸ਼ਟ ਹੋਣ ਦਾ ਡਰ ਵੀ ਨਹੀਂ ਰਹਿੰਦਾ। ਇਸਦੇ ਸਿੱਟੇ ਵਜੋਂ ਸ਼ਹਿਰੀਕਰਣ ਦੇ ਦੋਸ਼ਾਂ ਜਿਵੇਂ ਸ਼ਹਿਰਾਂ ਵਿੱਚ ਮਕਾਨਾਂ ਦੀ ਕਮੀ, ਕੀਮਤਾਂ ਦਾ ਵੱਧ ਹੋਣਾ, ਇਸਤਰੀਆਂ ਅਤੇ ਬੱਚਿਆਂ ਦਾ ਸ਼ੋਸ਼ਣ ਆਦਿ ਤੋਂ ਬਚਾਅ ਹੋ ਜਾਂਦਾ ਹੈ।

**(iv) ਉਤਪਾਦਨ ਵਿੱਚ ਵਾਧਾ** (Increase in Production) :— ਇਹਨਾਂ ਉਦਯੋਗਾਂ ਰਾਹੀਂ ਉਤਪਾਦਨ ਵਿੱਚ ਵਾਧਾ ਕੀਤੇ ਜਾਣ ਦੀ ਵਿਸ਼ੇਸ਼ ਸੰਭਾਵਨਾ ਹੈ। ਉਦਯੋਗਿਕ ਖੇਤਰ ਵਿੱਚ ਹੋਣ ਵਾਲੇ ਉਤਪਾਦਨ ਦਾ 60% ਭਾਗ ਵੱਡੇ ਉਦਯੋਗਾਂ ਅਤੇ 40% ਭਾਗ ਛੋਟੇ ਅਤੇ ਕੁਟੀਰ ਉਦਯੋਗਾਂ ਤੋਂ ਪ੍ਰਾਪਤ ਹੁੰਦਾ ਹੈ।

**(v) ਨਿਰਯਾਤ** (Exports) :— ਇਹਨਾਂ ਉਦਯੋਗਾਂ ਦਾ ਦੇਸ਼ ਦੇ ਨਿਰਯਾਤ ਵਪਾਰ ਵਿੱਚ ਕਾਫੀ ਮਹੱਤਵ ਹੈ। 1996-97 ਵਿੱਚ ਦੇਸ਼ ਦੇ ਕੁੱਲ ਨਿਰਯਾਤ ਵਿੱਚ ਲਘੂ ਖੇਤਰ ਦਾ ਯੋਗਦਾਨ 34% ਸੀ। ਗੈਰ-ਪਰੰਪਰਾਗਤ ਵਸਤਾਂ ਜਿਵੇਂ ਬਿਜਲੀ ਦਾ ਸਮਾਨ, ਇਲੈਕਟਰੋਨਿਕਸ ਯੰਤਰ ਆਦਿ ਦੇ ਨਿਰਯਾਤ ਵਿੱਚ ਲਘੂ ਖੇਤਰ ਦਾ 38% ਹਿੱਸਾ ਹੈ।

**(vi) ਸਥਾਨਿਕ ਸਾਧਨਾਂ ਦਾ ਪ੍ਰਯੋਗ** (Use of Local Resources) :— ਲਘੂ ਉਦਯੋਗ ਉਹਨਾਂ ਸਾਧਨਾਂ ਦਾ ਪ੍ਰਯੋਗ ਕਰਦੇ ਹਨ ਜੋ ਉਹਨਾਂ ਨੂੰ ਸਥਾਨਿਕ ਹੀ ਮਿਲ ਜਾਂਦੇ ਹਨ। ਇਹਨਾਂ ਸਾਧਨਾਂ ਦੀ ਮੰਗ ਵੱਡੇ ਉਦਯੋਗਾਂ ਦੁਆਰਾ ਨਹੀਂ ਕੀਤੀ ਜਾਂਦੀ ਹੈ।

**(vii) ਖੇਤੀ ਉੱਤੇ ਜਨਸੰਖਿਆ ਦਾ ਘੱਟ ਦਬਾਅ** (Less Pressure of Population on Agriculture) :— ਖੇਤੀ ਉੱਤੇ ਵਧੇਰੇ ਜਨਸੰਖਿਆ ਨਿਰਭਰ ਹੋਣ ਕਰਕੇ ਭੂਮੀ ਛੋਟੇ-ਛੋਟੇ ਟੁਕੜਿਆਂ ਵਿੱਚ ਵੰਡ ਗਈ ਹੈ। ਹਰ ਸਾਲ 30 ਲੱਖ ਲੋਕ ਖੇਤੀ ਤੇ ਹੋਰ ਨਿਰਭਰ ਹੋਣ ਲਈ ਵੱਧ ਜਾਂਦੇ। ਭੂਮੀ ਉੱਤੇ ਭਾਰ ਘੱਟ ਕਰਨ ਲਈ ਕੁਟੀਰ ਉਦਯੋਗਾਂ ਦੀ ਸਥਾਪਨਾ ਬਹੁਤ ਜ਼ਰੂਰੀ ਹੈ।

**(viii) ਭਾਰਤ ਵਰਗੇ ਅਲਪਵਿਕਸਿਤ ਦੇਸ਼ ਲਈ ਉਪਯੋਗੀ** (Suitable for underdeveloped country like India) :— ਭਾਰਤ ਵਿੱਚ ਪੂੰਜੀ ਦੀ ਘਾਟ ਹੈ ਅਤੇ ਮਜ਼ਦੂਰ ਵਧੇਰੇ ਹਨ। ਇਸ ਤਰ੍ਹਾਂ ਉਨ੍ਹਾਂ ਦੇ ਉਦਯੋਗ ਮਜ਼ਦੂਰ ਪ੍ਰਧਾਨ (Labour-Intensive) ਹੁੰਦੇ ਹਨ। ਇਸ ਲਈ ਭਾਰਤ ਵਰਗੇ ਅਲਪਵਿਕਸਿਤ ਦੇਸ਼ ਲਈ ਇਹ ਉਦਯੋਗ ਹੋਰ ਵੀ ਬਹੁਤ ਲਾਭਦਾਇਕ ਹਨ।

**(ix) ਕਲਾਤਮਕ ਵਸਤੂਆਂ** (Artistic Goods) :— ਕਲਾਤਮਕ ਵਸਤੂਆਂ ਦਾ ਉਤਪਾਦਨ ਇਹਨਾਂ ਉਦਯੋਗਾਂ ਦੁਆਰਾ ਹੀ ਸੰਭਵ ਹੈ। ਭਾਰਤ ਵਿੱਚ ਇਸ ਤਰ੍ਹਾਂ ਦੀਆਂ ਵਸਤਾਂ ਇਹਨਾਂ ਉਦਯੋਗਾਂ ਰਾਹੀਂ ਬਣਾਈਆਂ ਜਾਂਦੀਆਂ ਹਨ- ਜਿਵੇਂ ਬਨਾਰਸੀ ਸਾੜੀਆਂ, ਗਹਿਣੇ, ਹਾਥੀ ਦੰਦ ਦਾ ਕੰਮ ਆਦਿ।

**(x) ਵਿਅਕਤੀਗਤ ਰੁਚੀ** (Individual Taste) :— ਇਹ ਉਦਯੋਗ ਹਰੇਕ ਗ੍ਰਾਹਕ ਦੀ ਰੁਚੀ ਦੇ ਅਨੁਸਾਰ ਉਤਪਾਦਨ ਕਰ ਸਕਦੇ ਹਨ। ਇਸ ਲਈ ਵਿਅਕਤੀਗਤ ਰੁਚੀ ਨੂੰ ਪੂਰਾ ਕਰਨ ਵਿੱਚ ਇਹਨਾਂ ਉਦਯੋਗਾਂ ਦਾ ਵਿਸ਼ੇਸ਼ ਮਹੱਤਵ ਹੈ।

**(xi) ਵੱਡੇ ਉਦਯੋਗਾਂ ਦੇ ਪੂਰਕ** (Complementary of Large Industries) :— ਇਹ ਉਦਯੋਗ ਵੱਡੇ ਉਦਯੋਗਾਂ ਦੇ ਪੂਰਕ ਹੁੰਦੇ ਹਨ ਭਾਵ ਇਹਨਾਂ ਵਿੱਚ ਉਹ ਸਮਾਨ ਤਿਆਰ ਕੀਤਾ ਜਾ ਸਕਦਾ ਹੈ, ਜਿਨ੍ਹਾਂ ਦਾ ਵੱਡੇ ਉਦਯੋਗਾਂ ਵਿੱਚ ਵੀ ਉਪਯੋਗ ਹੁੰਦਾ ਹੈ ਜਿਵੇਂ ਸਾਈਕਲਾਂ, ਮੋਟਰਾਂ, ਮਸ਼ੀਨਾਂ ਆਦਿ ਦੇ ਛੋਟੇ-ਛੋਟੇ ਪੁਰਜੇ ਲਘੂ ਉਦਯੋਗਾਂ ਵਿੱਚ ਸਸਤੇ ਬਣਾਏ ਜਾ ਸਕਦੇ ਹਨ।

**(xii) ਵਿਦੇਸ਼ਾਂ ਦਾ ਅਨੁਭਵ** (Experience from Foreign Countries) :— ਜਾਪਾਨ, ਅਮਰੀਕਾ ਅਤੇ ਇੰਗਲੈਂਡ ਵਰਗੇ ਦੇਸ਼ਾਂ ਦੇ ਵਿਕਾਸ ਵਿੱਚ ਇਸ ਪ੍ਰਕਾਰ ਦੇ ਉਦਯੋਗਾਂ ਦਾ ਮਹੱਤਵਪੂਰਣ ਥਾਂ ਹੈ। ਅਮਰੀਕਾ ਵਿੱਚ ਛੋਟੇ ਕਾਰਖਾਨੇ 65% ਮਜ਼ਦੂਰਾਂ ਨੂੰ ਕੰਮ ਦਿੰਦੇ ਹਨ। ਇੰਗਲੈਂਡ ਵਿੱਚ ਇਹਨਾਂ ਕਾਰਖਾਨਿਆਂ ਵਿੱਚ 30 ਲੱਖ ਮਨੁੱਖ ਕੰਮ ਕਰਦੇ ਹਨ ਜਾਪਾਨ ਵਿੱਚ 83% ਜਨਸੰਖਿਆ ਇਹਨਾਂ ਉਦਯੋਗਾਂ ਤੇ ਨਿਰਭਰ ਹੈ।

### 4.4 ਕੁਟੀਰ ਅਤੇ ਲਘੂ ਉਦਯੋਗਾਂ ਦੀਆਂ ਸਮੱਸਿਆਵਾਂ (Problems of Cottage and Small Scale Industries)

ਕੁਟੀਰ ਅਤੇ ਲਘੂ ਉਦਯੋਗਾਂ ਨੂੰ ਹੇਠ ਲਿਖੀਆਂ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

**(i) ਕੱਚੇ ਮਾਲ ਅਤੇ ਸ਼ਕਤੀ ਦੀ ਸਮੱਸਿਆ** (Problem of Raw Material and Power) :— ਕੁਟੀਰ ਅਤੇ ਲਘੂ ਉਦਯੋਗਾਂ ਨੂੰ ਕੱਚਾ ਮਾਲ ਉੱਚਿਤ ਮਾਤਰਾ ਵਿੱਚ ਨਹੀਂ ਮਿਲਦਾ। ਜੇ ਮਿਲਦਾ ਹੈ ਉਸਦੀ ਕਿਸਮ ਬਹੁਤ ਘਟੀਆ ਹੁੰਦੀ ਹੈ ਅਤੇ ਉਸਦਾ ਮੁੱਲ ਵੀ ਬਹੁਤ ਜ਼ਿਆਦਾ ਦੇਣਾ ਪੈਂਦਾ ਹੈ। ਇਸ ਨਾਲ ਉਤਪਾਦਨ ਲਾਗਤ ਵੱਧ ਜਾਂਦੀ ਹੈ। ਇਹਨਾਂ ਉਦਯੋਗਾਂ ਨੂੰ ਬਿਜਲੀ ਅਤੇ ਕੋਇਲੇ ਦੀ ਵੀ ਕਮੀ ਦਾ ਸਾਹਮਣਾ ਕਰਨਾ ਪੈਂਦਾ ਹੈ।

**(ii) ਵਿੱਤ ਦੀ ਸਮੱਸਿਆ** (Problem of Finance) :— ਭਾਰਤ ਵਿੱਚ ਇਹਨਾਂ ਉਦਯੋਗਾਂ ਨੂੰ ਕਰਜ਼ਾ ਉੱਚਿਤ ਮਾਤਰਾ ਵਿੱਚ ਨਹੀਂ ਮਿਲਦਾ। ਇਸ ਲਈ ਇਹਨਾਂ ਨੂੰ ਵਿੱਤ ਦੇ ਲਈ ਸ਼ਾਹੂਕਾਰਾਂ ਤੇ ਨਿਰਭਰ ਰਹਿਣਾ ਪੈਂਦਾ ਹੈ ਜੋ ਕਿ ਵਿਆਜ ਦੀ ਉੱਚੀ ਦਰ ਲੈਂਦੇ ਹਨ।

**(iii) ਉਤਪਾਦਨ ਦੇ ਪੁਰਾਣੇ ਤਰੀਕੇ** (Old Methods of Production) :— ਇਹਨਾਂ ਉਦਯੋਗਾਂ ਵਿੱਚ ਵਧੇਰੇ ਕਰਕੇ ਉਤਪਾਦਨ ਦੇ ਪੁਰਾਣੇ ਢੰਗ ਹੀ ਅਪਣਾਏ ਜਾਂਦੇ ਹਨ। ਪੁਰਾਣੇ ਔਜ਼ਾਰ ਜਿਵੇਂ ਤੇਲ ਕੱਢਣ ਦੀਆਂ ਘਾਣੀਆਂ ਜਾਂ ਕਪੜਾ ਬੁਨਣ ਦੇ ਲਈ ਹੱਥਕਰਘਾ ਹੀ ਪ੍ਰਯੋਗ ਵਿੱਚ ਲਿਆਇਆ ਜਾਂਦਾ ਹੈ। ਇਸਦੇ ਸਿੱਟੇ ਵਜੋਂ ਉਤਪਾਦਨ ਦੀ ਮਾਤਰਾ ਵਿੱਚ ਕਮੀ ਹੁੰਦੀ ਹੈ ਅਤੇ ਵਸਤੂਆਂ ਦੀਆਂ ਘਟੀਆਂ ਕਿਸਮਾਂ ਤਿਆਰ ਹੁੰਦੀਆਂ ਹਨ। ਇਹਨਾਂ ਦੀ ਮੰਡੀ ਵਿੱਚ ਮੰਗ ਘੱਟ ਹੋ ਜਾਂਦੀ ਹੈ।

**(iv) ਵਿਕਰੀ ਸੰਬੰਧੀ ਕਠਿਨਾਈਆਂ** (Problems of Marketing) :— ਇਹਨਾਂ ਉੱਦਮੀਆਂ ਨੂੰ ਆਪਣਾ ਮਾਲ ਉੱਚਿਤ ਮੁੱਲ ਅਤੇ ਮਾਤਰਾ ਵਿੱਚ ਵੇਚਣ ਲਈ ਕਾਫੀ ਕਠਿਨਾਈਆਂ ਉਠਾਣੀਆਂ ਪੈਂਦੀਆਂ ਹਨ ਜਿਵੇਂ—ਇਨ੍ਹਾਂ ਉਦਯੋਗਾਂ ਰਾਹੀਂ ਉਤਪਾਦਿਤ ਵਸਤੂਆਂ ਦੀ ਬਾਹਰਲੀ ਦਿਖਾਵਟ ਚੰਗੀ ਨਹੀਂ ਹੁੰਦੀ।

**(v) ਵੱਡੇ ਉਦਯੋਗਾਂ ਨਾਲ ਪ੍ਰਤੀਯੋਗਤਾ** (Competition with Large Scale Industries) :— ਇਨ੍ਹਾਂ ਉਦਯੋਗਾਂ ਦੀ ਇਕ ਮੁੱਖ ਸਮੱਸਿਆ ਇਹ ਹੈ ਕਿ ਇਹਨਾਂ ਨੂੰ ਵੱਡੇ ਉਦਯੋਗਾਂ ਦੇ ਮਾਲ ਨਾਲ ਮੁਕਾਬਲਾ ਕਰਨਾ ਪੈਂਦਾ ਹੈ। ਵੱਡੇ ਉਦਯੋਗਾਂ ਰਾਹੀਂ ਤਿਆਰ ਕੀਤਾ ਮਾਲ ਸਸਤਾ ਅਤੇ ਚੰਗੀ ਕਿਸਮ ਦਾ ਹੁੰਦਾ ਹੈ। ਇਸ ਲਈ ਇਹ ਵੱਡੇ ਉਦਯੋਗਾਂ ਨਾਲ ਪ੍ਰਤੀਯੋਗਤਾ ਨਹੀਂ ਕਰ ਸਕਦੇ।

### 4.5 ਸੁਧਾਰ ਦੇ ਉਪਾਅ (Measures for Improvement)

ਲਘੂ ਉਦਯੋਗਾਂ ਦੇ ਸੁਧਾਰ ਲਈ ਹੇਠਾਂ ਲਿਖੇ ਉਪਾਅ ਕੀਤੇ ਗਏ ਹਨ :—

**(i) ਸੁਰੱਖਿਅਤ ਉਤਪਾਦਨ ਪ੍ਰੋਗਰਾਮ** (Reserved Production Programme) :— ਇਸ ਪ੍ਰੋਗਰਾਮ ਦੇ ਅਨੁਸਾਰ ਕੁਝ ਵਸਤਾਂ ਦਾ ਉਤਪਾਦਨ ਕੇਵਲ ਲਘੂ ਉਦਯੋਗਾਂ ਲਈ ਹੀ ਸੁਰੱਖਿਅਤ ਰੱਖਿਆ ਜਾਂਦਾ ਹੈ ਅਤੇ ਵੱਡੇ ਉਦਯੋਗਾਂ ਦੇ ਵਿਸਥਾਰ ਉੱਤੇ ਰੋਕ ਲਗਾਈ ਜਾਂਦੀ ਹੈ । ਲਘੂ ਖੇਤਰ ਦੇ ਉਦਯੋਗਾਂ ਲਈ 836 ਵਸਤੂਆਂ ਦਾ ਉਤਪਾਦਨ ਸੁਰੱਖਿਅਤ ਕੀਤਾ ਗਿਆ ਹੈ।

**(ii) ਸਰਕਾਰ ਰਾਹੀਂ ਖਰੀਦ** (Purchase by Government) :— ਸਰਕਾਰ ਦੀ ਲਘੂ ਉਦਯੋਗਾਂ ਦੁਆਰਾ ਬਣਾਇਆ ਗਿਆ ਬਹੁਤ ਸਾਰਾ ਸਮਾਨ ਖਰੀਦਦੀ ਹੈ। ਸਰਕਾਰ ਨੂੰ ਸਮਾਨ ਵੇਚਣ ਵਿੱਚ ਰਾਸ਼ਟਰੀ ਲਘੂ ਉਦਯੋਗ ਨਿਗਮ ਇਹਨਾਂ ਉਦਯੋਗਾਂ ਦੀ ਕਾਫ਼ੀ ਮਦਦ ਕਰਦਾ ਹੈ।

**(iii) ਵਿੱਤੀ ਸਹਾਇਤਾ** (Financial Help) :— ਲਘੂ ਉਦਯੋਗਾਂ ਨੂੰ ਸਰਕਾਰ, ਬੈਂਕ ਅਤੇ ਰਾਜ ਵਿੱਤ ਨਿਗਮ ਘੱਟ ਵਿਆਜ ਦੀ ਦਰ ਉੱਤੇ ਉਚਿਤ ਮਾਤਰਾ ਵਿੱਚ ਕਰਜ਼ੇ ਦਿੰਦੇ ਹਨ। ਇਹਨਾਂ ਲਈ ਲਘੂ ਵਿਕਾਸ ਬੈਂਕ ਦੀ ਸਥਾਪਨਾ ਵੀ ਕੀਤੀ ਗਈ ਹੈ।

**(iv) ਵਿਕਰੀ ਸੰਬੰਧੀ ਸਹੂਲਤਾਂ** (Marketing Facilities) :— ਇਹਨਾਂ ਉਦਯੋਗਾਂ ਦੁਆਰਾ ਬਣੀਆਂ ਵਸਤਾਂ ਦੀ ਵਿਕਰੀ ਲਈ ਵਿਸ਼ੇਸ਼ ਯਤਨ ਕੀਤੇ ਗਏ ਹਨ। ਦੇਸ਼ ਦੇ ਭਿੰਨ-ਭਿੰਨ ਭਾਗਾਂ ਵਿੱਚ ਇਹਨਾਂ ਉਦਯੋਗਾਂ ਦੁਆਰਾ ਤਿਆਰ ਮਾਲ ਨੂੰ ਵੇਚਣ ਲਈ ਭੰਡਾਰ ਅਤੇ ਦੁਕਾਨਾਂ ਖੋਲ੍ਹੀਆਂ ਗਈਆਂ ਹਨ। ਵਿਦੇਸ਼ਾਂ ਵਿੱਚ ਇਹਨਾਂ ਵਸਤੂਆਂ ਦੀ ਵਿਕਰੀ ਲਈ ਵਿਗਿਆਪਨਾਂ, ਨੁਮਾਇਸ਼ਾਂ, ਮੇਲਿਆਂ ਆਦਿ ਰਾਹੀਂ ਪ੍ਰਚਾਰ ਕੀਤਾ ਜਾਂਦਾ ਹੈ।

**(v) ਤਕਨੀਕੀ ਸਹਾਇਤਾ** (Technical Assistance) :— ਲਘੂ ਉਦਯੋਗਾਂ ਨੂੰ ਤਕਨੀਕੀ ਸਹਾਇਤਾ ਦੇਣ ਲਈ ਲਘੂ ਵਿਕਾਸ ਸੰਗਠਨ ਰਾਹੀਂ ਸਾਰੇ ਰਾਜਾਂ ਵਿੱਚ ਲਘੂ ਉਦਯੋਗ ਸੇਵਾ ਸੰਸਥਾਵਾਂ (Small Industries Service Institution) ਸਥਾਪਿਤ ਕੀਤੀਆਂ ਗਈਆਂ ਹਨ।

**(vi) ਜ਼ਿਲ੍ਹਾ ਉਦਯੋਗ ਕੇਂਦਰ** (District Industries Centre) :— ਲਘੂ ਅਤੇ ਕੁਟੀਰ ਉਦਯੋਗਾਂ ਦੀਆਂ ਸਾਰੀਆਂ ਲੋੜਾਂ ਨੂੰ ਪੂਰਾ ਕਰਨ ਲਈ ਹਰੇਕ ਜ਼ਿਲ੍ਹੇ ਵਿੱਚ ਜ਼ਿਲਾ ਉਦਯੋਗ ਕੇਂਦਰ (DIC) ਸਥਾਪਿਤ ਕੀਤੇ ਗਏ ਹਨ।

**(vii) ਉਦਯੋਗਿਕ ਬਸਤੀਆਂ** (Industrial Estates) :— ਇਹਨਾਂ ਉਦਯੋਗਾਂ ਦੇ ਵਿਕਾਸ ਲਈ ਸਰਕਾਰ ਨੇ ਉਦਯੋਗਿਕ ਬਸਤੀਆਂ ਸਥਾਪਿਤ ਕੀਤੀਆਂ ਹਨ। ਇਹਨਾਂ ਬਸਤੀਆਂ ਵਿੱਚ ਸਰਕਾਰ ਜ਼ਮੀਨ ਲੈ ਕੇ ਉਸਦਾ ਵਿਕਾਸ ਕਰਦੀ ਹੈ। ਕਾਰਖਾਨਿਆਂ ਲਈ ਇਮਾਰਤਾਂ ਬਣਾਉਂਦੀ ਹੈ। ਪਾਣੀ, ਬਿਜਲੀ, ਗੈਸ, ਰੇਲ ਅਤੇ ਸੁਰਖਿਆ ਦਾ ਪ੍ਰਬੰਧ ਕਰਦੀ ਹੈ। ਇਸ ਪਿੱਛੋਂ ਇਹਨਾਂ ਸ਼ੈਡਾਂ ਨੂੰ ਕਾਰਖਾਨੇਦਾਰਾਂ ਨੂੰ ਕਾਰਖਾਨਿਆਂ ਲਈ ਘੱਟ ਕੀਮਤ ਤੇ ਵੇਚ ਦਿੰਦੀ ਹੈ ਜਾਂ ਇਹਨਾਂ ਨੂੰ ਕਿਰਾਏ ਉੱਤੇ ਦਿੰਦੀ ਹੈ।

**(viii) ਦੂਜੀਆਂ ਰਿਆਇਤਾਂ** (Other Concessions) :— ਲਘੂ ਉਦਯੋਗਾਂ ਨੂੰ ਕਈ ਕਿਸਮਾਂ ਦੀ ਦਰ ਅਤੇ ਸ਼ੁਲਕ ਰਿਆਇਤਾਂ ਅਤੇ ਹੋਰ ਵਿੱਤੀ ਪ੍ਰੇਰਣਾਵਾਂ ਦਿੱਤੀਆਂ ਜਾਂਦੀਆਂ ਹਨ ਜੋ ਵੱਡੇ ਪੈਮਾਨੇ ਦੀਆਂ ਇਕਾਈਆਂ ਨੂੰ ਨਹੀਂ ਮਿਲਦੀਆਂ।

### 5. ਵੱਡੇ ਪੈਮਾਨੇ ਦੇ ਉਦਯੋਗ (Large Scale Industries)

ਭਾਰਤ ਦੇ ਆਰਥਿਕ ਵਿਕਾਸ ਵਿੱਚ ਵੱਡੇ ਪੈਮਾਨੇ ਦੇ ਉਦਯੋਗਾਂ ਦਾ ਬਹੁਤ ਮਹੱਤਵ ਹੈ। ਉਦਯੋਗਾਂ ਵਿੱਚ ਨਿਵੇਸ਼ ਕੀਤੀ ਗਈ ਸਥਾਈ ਪੂੰਜੀ ਦਾ ਵੱਡਾ ਹਿੱਸਾ ਵੱਡੇ ਉਦਯੋਗਾਂ ਵਿੱਚ ਹੀ ਨਿਵੇਸ਼ ਕੀਤਾ ਗਿਆ ਹੈ। ਦੇਸ਼ ਦੇ ਉਦਯੋਗਿਕ ਉਤਪਾਦਨ ਦਾ ਵੱਡਾ ਹਿੱਸਾ ਵੀ ਇਹਨਾਂ ਉਦਯੋਗਾਂ ਤੋਂ ਹੀ ਪ੍ਰਾਪਤ ਹੁੰਦਾ ਹੈ।

### 5.1 ਵੱਡੇ ਉਦਯੋਗਾਂ ਦਾ ਵਰਗੀਕਰਣ (Classification of Large Scale Industries)

ਭਾਰਤ ਵਿੱਚ ਵੱਡੇ ਉਦਯੋਗਾਂ ਦਾ ਚਾਰ ਹਿੱਸਿਆਂ ਵਿੱਚ ਵਰਗੀਕਰਣ ਕੀਤਾ ਗਿਆ ਹੈ :—

**(i) ਮੁੱਢਲੇ ਉਦਯੋਗ** (Basic Industries) :— ਮੁੱਢਲੇ ਉਦਯੋਗ ਉਹ ਉਦਯੋਗ ਹਨ ਜੋ ਖੇਤੀ ਅਤੇ ਉਦਯੋਗਾਂ ਨੂੰ ਲੋੜੀਂਦਾ ਇੰਨਪੁਟ (Input) ਪ੍ਰਦਾਨ ਕਰਦੇ ਹਨ। ਇਹਨਾਂ ਦੇ ਉਦਾਹਰਣ ਹਨ : ਇਸਪਾਤ, ਲੋਹਾ, ਕੋਇਲਾ, ਰਸਾਇਣਿਕ ਖਾਦ, ਅਲਮੀਨੀਅਮ ਅਤੇ ਬਿਜਲੀ।

**(ii) ਪੂੰਜੀਗਤ ਵਸਤੂ ਉਦਯੋਗ** (Capital goods Industries) :— ਪੂੰਜੀਗਤ ਵਸਤੂ ਉਦਯੋਗ ਉਹ ਉਦਯੋਗ ਹਨ ਜੋ ਖੇਤੀ ਅਤੇ ਉਦਯੋਗਾਂ ਲਈ ਮਸ਼ੀਨਰੀ ਅਤੇ ਯੰਤਰਾਂ ਦਾ ਉਤਪਾਦਨ ਕਰਦੇ ਹਨ। ਇਹਨਾਂ ਵਿੱਚ ਮਸ਼ੀਨਰੀ, ਮਸ਼ੀਨੀ ਔਜ਼ਾਰ, ਟ੍ਰੈਕਟਰ, ਟਰੱਕ ਆਦਿ ਸ਼ਾਮਿਲ ਕੀਤੇ ਜਾਂਦੇ ਹਨ।

**(iii) ਮੱਧਵਰਤੀ ਵਸਤੂ ਉਦਯੋਗ** (Intermediate goods Industries) :— ਮੱਧਵਰਤੀ ਵਸਤੂ ਉਦਯੋਗ ਉਹ ਉਦਯੋਗ ਹਨ ਜੋ ਉਹਨਾਂ ਵਸਤੂਆਂ ਦਾ ਉਤਪਾਦਨ ਕਰਦੇ ਹਨ ਜਿਨ੍ਹਾਂ ਦਾ ਹੋਰਨਾਂ ਵਸਤਾਂ ਦੇ ਉਤਪਾਦਨ ਲਈ ਪ੍ਰਯੋਗ ਕੀਤਾ ਜਾਂਦਾ ਹੈ, ਜਿਵੇਂ ਟਾਇਰ, ਮੋਬਿਲ ਆਇਲ ਆਦਿ।

**(iv) ਉਪਭੋਗਤਾ ਵਸਤੂ ਉਦਯੋਗ** (Consumer Goods Industries) :— ਉਪਭੋਗਤਾ ਵਸਤੂ ਉਦਯੋਗ ਉਹ ਉਦਯੋਗ ਹਨ ਜੋ ਉਪਭੋਗਤਾ ਵਸਤਾਂ ਦਾ ਉਤਪਾਦਨ ਕਰਦੇ ਹਨ। ਇਹਨਾਂ ਵਿੱਚ ਖੰਡ, ਕੱਪੜਾ, ਕਾਗਜ਼ ਉਦਯੋਗ ਆਦਿ ਸ਼ਾਮਲ ਹਨ।

## 5.2 ਵੱਡੇ ਉਦਯੋਗਾਂ ਦਾ ਦੇਸ਼ ਦੇ ਉਦਯੋਗੀਕਰਣ ਵਿੱਚ ਮਹੱਤਵ (Importance of Large Scale Industries in the Industrial Development of India)

ਦੇਸ਼ ਦੇ ਉਦਯੋਗੀਕਰਣ ਵਿੱਚ ਵੱਡੇ ਪੈਮਾਨੇ ਦੇ ਉਦਯੋਗਾਂ ਦਾ ਮਹੱਤਵ ਹੇਠਾਂ ਲਿਖੇ ਤੱਤਾਂ ਤੋਂ ਸਪਸ਼ਟ ਹੋ ਜਾਂਦਾ ਹੈ —

**(i) ਪੂੰਜੀਗਤ ਅਤੇ ਮੁੱਢਲੀਆਂ ਵਸਤਾਂ ਦਾ ਉਤਪਾਦਨ** (Production of capitalistic and basic goods) :— ਦੇਸ਼ ਦੇ ਉਦਯੋਗੀਕਰਣ ਲਈ ਪੂੰਜੀਗਤ ਵਸਤਾਂ ਜਿਵੇਂ ਮਸ਼ੀਨਾਂ, ਯੰਤਰਾਂ ਅਤੇ ਮੁੱਢਲੀਆਂ ਵਸਤਾਂ ਜਿਵੇਂ ਇਸਪਾਤ, ਲੋਹਾ, ਰਸਾਇਣਿਕ ਪਦਾਰਥਾਂ ਆਦਿ ਦਾ ਬਹੁਤ ਜ਼ਿਆਦਾ ਮਹੱਤਵ ਹੈ। ਇਹਨਾਂ ਪੂੰਜੀਗਤ ਅਤੇ ਮੁੱਢਲੀਆਂ ਵਸਤਾਂ ਦਾ ਉਤਪਾਦਨ ਵੱਡੇ ਉਦਯੋਗਾਂ ਰਾਹੀਂ ਹੀ ਸੰਭਵ ਹੈ। ਇਸਦਾ ਉਤਪਾਦਨ ਕਰਨ ਲਈ ਬਹੁਤ ਜ਼ਿਆਦਾ ਮਾਤਰਾ ਵਿੱਚ ਪੂੰਜੀ ਅਤੇ ਨਵੀਨਤਮ ਤਕਨੀਕ ਦੀ ਲੋੜ ਹੁੰਦੀ ਹੈ। ਇਸਦਾ ਪ੍ਰਬੰਧ ਵੱਡੇ ਪੈਮਾਨੇ ਦੇ ਉਦਯੋਗਾਂ ਰਾਹੀਂ ਹੀ ਸੰਭਵ ਹੈ। ਪੰਜਾਬ ਵਿੱਚ 1994-95 ਵਿੱਚ ਵੱਡੇ ਉਦਯੋਗਾਂ ਨੇ 13,500 ਕਰੋੜ ਰੁਪਏ ਦਾ ਉਤਪਾਦਨ ਕੀਤਾ ਸੀ।

**(ii) ਆਰਥਿਕ ਅਧਾਰਿਕ ਸੰਰਚਨਾ** (Economic Infrastructure) :— ਉਦਯੋਗੀਕਰਣ ਦੇ ਲਈ ਆਰਥਿਕ ਅਧਾਰਿਕ ਸੰਰਚਨਾ ਭਾਵ ਪਰਿਵਹਨ ਦੇ ਸਾਧਨ, ਬਿਜਲੀ, ਸੰਚਾਰ ਦੀ ਵਿਵਸਥਾ ਆਦਿ ਦੀ ਬਹੁਤ ਜ਼ਿਆਦਾ ਲੋੜ ਹੁੰਦੀ ਹੈ। ਪਰਿਵਹਨ ਦੇ ਸਾਧਨਾਂ ਜਿਵੇਂ ਰੇਲਵੇ ਦੇ ਇੰਜਣਾਂ ਅਤੇ ਡੱਬਿਆਂ, ਟਰੱਕਾਂ, ਮੋਟਰਾਂ, ਜਹਾਜ਼ਾਂ ਆਦਿ ਦਾ ਉਤਪਾਦਨ ਵੱਡੇ ਪੈਮਾਨੇ ਦੇ ਉਦਯੋਗਾਂ ਦੁਆਰਾ ਹੀ ਕੀਤਾ ਜਾ ਸਕਦਾ ਹੈ। ਬਿਜਲੀ ਦੇ ਵੱਡੇ-ਵੱਡੇ ਯੰਤਰਾਂ, ਟ੍ਰਾਂਸਫਾਰਮਰਾਂ, ਸੰਚਾਰ ਦੇ ਸਾਧਨਾਂ ਜਿਵੇਂ ਟੈਲੀਫੂਨ, ਰੇਡਿਓ ਆਦਿ ਦਾ ਉਤਪਾਦਨ ਵੀ ਸਿਰਫ ਵੱਡੇ ਪੈਮਾਨੇ ਦੇ ਉਦਯੋਗਾਂ ਵਿੱਚ ਹੀ ਸੰਭਵ ਹੈ। ਇਸ ਤਰ੍ਹਾਂ ਵੱਡੇ ਪੈਮਾਨੇ ਦੇ ਉਦਯੋਗ ਆਰਥਿਕ ਅਧਾਰਿਕ ਸੰਰਚਨਾ ਦੇ ਸਾਧਨਾਂ ਦਾ ਉਤਪਾਦਨ ਕਰਕੇ ਦੇਸ਼ ਦਾ ਉਦਯੋਗੀਕਰਣ ਦੀ ਗਤੀ ਨੂੰ ਤੇਜ਼ ਕਰ ਸਕਦੇ ਹਨ।

**(iii) ਖੋਜ ਅਤੇ ਉੱਚੀ ਤਕਨੀਕ** (Research and High Techniques) :— ਕਿਸੇ ਦੇਸ਼ ਦੇ ਉਦਯੋਗੀਕਰਣ ਲਈ ਖੋਜ ਅਤੇ ਉੱਚੀ ਤਕਨੀਕ ਦਾ ਬਹੁਤ ਮਹੱਤਵ ਹੁੰਦਾ ਹੈ। ਇਹਨਾਂ ਲਈ ਬਹੁਤ ਜ਼ਿਆਦਾ ਮਾਤਰਾ ਵਿੱਚ ਧਨ ਅਤੇ ਯੋਗ ਖੋਜੀਆਂ ਦੀ ਲੋੜ ਹੁੰਦੀ ਹੈ। ਵੱਡੇ ਪੈਮਾਨੇ ਦੇ ਉਦਯੋਗ ਹੀ ਖੋਜ ਅਤੇ ਯੋਗ ਖੋਜੀਆਂ ਲਈ ਜ਼ਰੂਰੀ ਲੋੜੀਂਦੇ ਧਨ ਦਾ ਪ੍ਰਬੰਧ ਕਰ ਸਕਦੇ ਹਨ।

**(iv) ਉਤਪਾਦਕਤਾ ਵਿੱਚ ਵਾਧਾ** (Increase in Productivity) :— ਵੱਡੇ ਪੈਮਾਨੇ ਦੇ ਉਦਯੋਗਾਂ ਵਿੱਚ ਨਿਵੇਸ਼ ਬਹੁਤ ਵੱਡੀ ਮਾਤਰਾ ਵਿੱਚ ਹੋਣ ਦੇ ਕਾਰਣ ਪ੍ਰਤੀ ਇਕਾਈ ਪੂੰਜੀ ਬਹੁਤ ਜ਼ਿਆਦਾ ਹੁੰਦੀ ਹੈ। ਇਸ ਨਾਲ ਪ੍ਰਤੀ ਇਕਾਈ ਉਤਪਾਦਕਤਾ ਵਿੱਚ ਭਾਰੀ ਵਾਧਾ ਹੁੰਦਾ ਹੈ। ਉਤਪਾਦਕਤਾ ਵਿੱਚ ਵਾਧਾ ਹੋਣ ਕਾਰਣ ਕੀਮਤਾਂ ਘੱਟ ਜਾਂਦੀਆਂ ਹਨ ਅਤੇ ਮੰਗ ਵੱਧ ਜਾਂਦੀ ਹੈ। ਉਦਯੋਗਿਕ ਦੀ ਮਾਤਰਾ ਵੱਧ ਜਾਣ ਕਾਰਣ ਨਵੇਂ ਉਦਯੋਗਾਂ ਦੀ ਸਥਾਪਨਾ ਦੇ ਮੌਕੇ ਵੱਧ ਜਾਂਦੇ ਹਨ ਜਿਸ ਕਰਕੇ ਲਘੂ ਅਤੇ ਕੁਟੀਰ ਉਦਯੋਗਾਂ ਦਾ ਵੀ ਵਿਕਾਸ ਹੁੰਦਾ ਹੈ। ਇਸ ਤਰ੍ਹਾਂ ਦੇਸ਼ ਵਿੱਚ ਉਦਯੋਗੀਕਰਣ ਦੀ ਪ੍ਰਵ੍ਰਿਤੀ ਵੱਧ ਜਾਂਦੀ ਹੈ।

**(v) ਬੱਚਤਾਂ ਦੀ ਉਪਲੱਭਤਾ** (Availability of Economies) :— ਵੱਡੇ ਪੈਮਾਨੇ ਦੇ ਉਦਯੋਗਾਂ ਕਾਰਣ ਵਸਤਾਂ ਦਾ ਉਤਪਾਦਨ ਵਿਸ਼ਾਲ ਪੈਮਾਨੇ ਅਤੇ ਘੱਟ ਲਾਗਤ ਤੇ ਹੋਣ ਲੱਗਦਾ ਹੈ। ਇਸ ਦੇ ਸਿੱਟੇ ਵਜੋਂ ਉਦਯੋਗਾਂ ਨੂੰ ਕਈ ਪ੍ਰਕਾਰ ਦੀਆਂ ਬੱਚਤਾਂ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਨਾਲ ਉਹਨਾਂ ਦੀ ਲਾਗਤ ਘੱਟ ਹੋ ਜਾਂਦੀ ਹੈ। ਉਹਨਾਂ ਦੀ ਆਂਤਰਿਕ ਅਤੇ ਨਿਰਯਾਤ ਮੰਡੀ ਵਿੱਚ ਪ੍ਰਤੀਯੋਗਤਾ ਵੱਧ ਜਾਂਦੀ ਹੈ। ਇਸਦੇ ਸਿੱਟੇ ਵਜੋਂ ਕਈ ਪ੍ਰਕਾਰ ਦੇ ਨਵੇਂ ਅਤੇ ਨਿਰਯਾਤ ਪ੍ਰੇਰਕ ਉਦਯੋਗਾਂ ਦੀ ਸਥਾਪਨਾ ਸੰਭਵ ਹੋ ਜਾਂਦੀ ਹੈ।

**(vi) ਸਹਾਇਕ ਉਦਯੋਗਾਂ ਦੀ ਸਥਾਪਨਾ** (Establishment of Ancillary Industries) :— ਕੁਝ ਵਿਸ਼ੇਸ਼ ਵਸਤੂਆਂ ਜਿਵੇਂ ਅਲਮੀਨਿਅਮ, ਇਸਪਾਤ, ਕਾਰਾਂ ਆਦਿ ਦਾ ਉਤਪਾਦਨ ਸਿਰਫ ਵੱਡੇ ਪੈਮਾਨੇ ਉੱਤੇ ਹੀ ਸੰਭਵ ਹੁੰਦਾ ਹੈ। ਇਹਨਾਂ ਉਦਯੋਗਾਂ ਦੀ ਸਥਾਪਨਾ ਕਾਰਣ ਹੀ ਸਹਾਇਕ ਉਦਯੋਗਾਂ ਦੀ ਸਥਾਪਨਾ ਨੂੰ ਪ੍ਰੋਤਸਾਹਨ ਮਿਲਦਾ ਹੈ। ਉਦਾਹਰਣ ਵਜੋਂ, ਮਾਰੂਤੀ ਉਦਯੋਗ ਦੀ ਸਥਾਪਨਾ ਸੰਭਵ ਹੋ ਸਕੀ ਹੈ ਦੇ ਸਿੱਟੇ ਵਜੋਂ ਕਈ ਸਹਾਇਕ ਉਦਯੋਗ ਜਿਵੇਂ ਰਬੜ ਪਲਾਸਟਿਕ ਬਿਜਲੀ ਆਦਿ ਦੀ ਸਥਾਪਨਾ ਸੰਭਵ ਹੋ ਸਕੀ ਹੈ। ਇਹ ਉਦਯੋਗ ਮਾਰੂਤੀ ਉਦਯੋਗ ਲਈ ਕੱਚਾ ਮਾਲ ਦਾ ਉਤਪਾਦਨ ਕਰਦੇ ਹਨ। ਇਸ ਪ੍ਰਕਾਰ ਉਦਯੋਗੀਕਰਣ ਦਾ ਵਿਕਾਸ ਹੁੰਦਾ ਹੈ।

### 6. ਦੇਸ਼ ਦੇ ਉਦਯੋਗਿਕ ਵਿਕਾਸ ਦੀ ਧੀਮੀ ਗਤੀ ਦੇ ਕਾਰਣ (Causes of Slow Progress of Industrial Development of the Country)

ਭਾਰਤ ਦਾ ਸੰਚਾਰ ਦੇ ਉਦਯੋਗਿਕ ਦੇਸ਼ਾਂ ਵਿੱਚ ਬੇਸ਼ਕ 10ਵਾਂ ਸਥਾਨ ਹੈ ਫਿਰ ਵੀ ਭਾਰਤ ਦਾ ਉਦਯੋਗਿਕ ਵਿਕਾਸ ਬਹੁਤ ਧੀਮੀ ਗਤੀ ਅਤੇ ਬਹੁਤ ਘੱਟ ਮਾਤਰਾ ਵਿੱਚ ਹੋਇਆ ਹੈ। ਭਾਰਤ ਦਾ ਉਦਯੋਗਿਕ ਇਤਿਹਾਸ ਇਹ ਦੱਸਦਾ ਹੈ ਕਿ ਆਜ਼ਾਦੀ ਤੋਂ ਪਹਿਲਾਂ ਉਦਯੋਗਾਂ ਦੇ ਵਿਕਾਸ ਲਈ ਕੋਈ ਖਾਸ ਧਿਆਨ ਨਹੀਂ ਦਿੱਤਾ ਗਿਆ ਸੀ। ਆਜ਼ਾਦੀ ਪਿਛੋਂ, ਖਾਸ ਕਰਕੇ 1951 ਤੋਂ ਯੋਜਨਾਵਾਂ ਦੀ ਅਵਧੀ ਵਿੱਚ ਉਦਯੋਗਾਂ ਦੀ ਸਥਾਪਨਾ ਵੱਲ ਵਿਸ਼ੇਸ਼ ਕਦਮ ਉਠਾਏ ਗਏ ਹਨ ਅਤੇ ਇਹਨਾਂ ਕਰਕੇ ਹੀ ਆਰਥਿਕ ਹਲਾਤਾਂ ਵਿੱਚ ਥੋੜ੍ਹਾ ਜਿੰਨਾ ਸੁਧਾਰ ਹੋਇਆ ਹੈ। ਭਾਰਤ ਵਿੱਚ ਧੀਮੀ ਉਦਯੋਗਿਕ ਵਿਕਾਸ ਦੀ ਗਤੀ ਦੇ ਕਾਰਣ ਹੇਠ ਲਿਖੇ ਹਨ :—

**(i) ਵਿਦੇਸ਼ੀ ਰਾਜ** (Foreign Rule) :— ਭਾਰਤ ਵਿੱਚ ਅੰਗ੍ਰੇਜ਼ਾਂ ਦਾ ਰਾਜ ਲਗਪਗ 150 ਸਾਲ ਤੱਕ ਰਿਹਾ। ਇਸ ਸਮੇਂ ਦੌਰਾਨ ਉਨ੍ਹਾਂ ਨੇ ਭਾਰਤ ਦੇ ਕੁਟੀਰ ਅਤੇ ਲਘੂ ਉਦਯੋਗਾਂ ਨੂੰ ਨਸ਼ਟ ਕਰਕੇ ਭਾਰਤ ਨੂੰ ਕੱਚਾ ਮਾਲ ਵੇਚਣ ਦੀ ਇੱਕ ਮੰਡੀ ਬਣਾ ਦਿੱਤਾ। ਜਿਹੜੇ ਵੀ ਥੋੜ੍ਹੇ ਜਿੰਨੇ ਉਦਯੋਗ ਭਾਰਤ ਵਿੱਚ ਬਚੇ ਹਨ ਉਹ ਨਿੱਜੀ ਖੇਤਰ ਵਿੱਚ ਲੋਕਾਂ ਦੀ ਮਿਹਨਤ ਦਾ ਸਿੱਟਾ ਸੀ। ਅੰਗ੍ਰੇਜ਼ੀ ਸਰਕਾਰ ਨੇ ਉਦਯੋਗਾਂ ਸੰਬੰਧੀ ਭੇਦਭਰੀ ਸੰਰਖਣ ਨੀਤੀ (Discriminating Protection Policy) ਅਪਣਾਈ ਜਿਸ ਦਾ ਲਾਭ ਕੁਝ ਹੀ ਉਦਯੋਗਾਂ ਨੂੰ ਮਿਲਿਆ।

**(ii) ਪੂੰਜੀ ਦੀ ਕਮੀ** (Scarcity of Capital) :— ਉਦਯੋਗਾਂ ਦੇ ਵਿਕਾਸ ਲਈ ਪੂੰਜੀ ਦੀ ਬਹੁਤ ਜ਼ਰੂਰਤ ਹੁੰਦੀ ਹੈ। ਭਾਰਤ ਦੇ ਲੋਕ ਜ਼ਿਆਦਾਤਰ ਗਰੀਬ ਹਨ ਉਹ ਪੂੰਜੀ ਜਮ੍ਹਾਂ ਨਹੀਂ ਕਰ ਸਕਦੇ। ਜਿਨ੍ਹਾਂ ਲੋਕਾਂ ਕੋਲ ਪੂੰਜੀ ਹੁੰਦੀ ਹੈ, ਉਹ ਪੂੰਜੀ ਨੂੰ ਸੁਰੱਖਿਅਤ ਕੰਮਾਂ ਵਿੱਚ ਜਿਵੇਂ— ਜਾਇਦਾਦ, ਸਰਕਾਰੀ ਬਾਂਡ, ਵਪਾਰ, ਸੋਨਾ ਜਾਂ ਮਕਾਨ ਬਣਾਉਣਾ ਆਦਿ ਵਿੱਚ ਲਗਾਉਣਾ ਪਸੰਦ ਕਰਦੇ ਹਨ ਅਤੇ ਉਦਯੋਗਾਂ ਵਿੱਚ ਲਗਾਉਣ ਦਾ ਜੋਖਿਮ ਨਹੀਂ ਉਠਾਉਣਾ ਚਾਹੁੰਦੇ।

**(iii) ਕੁਸ਼ਲ ਮਜ਼ਦੂਰਾਂ ਦੀ ਘਾਟ** (Shortage of Skilled Workers) :— ਆਧੁਨਿਕ ਉਦਯੋਗਾਂ ਨੂੰ ਠੀਕ ਢੰਗ ਨਾਲ ਚਲਾਉਣ ਲਈ ਕੁਸ਼ਲ, ਮਿਹਨਤੀ ਅਤੇ ਇਮਾਨਦਾਰ ਮਜ਼ਦੂਰਾਂ ਦੀ ਬਹੁਤ ਲੋੜ ਹੈ। ਭਾਰਤ ਵਿੱਚ ਅਜਿਹੇ ਮਜ਼ਦੂਰਾਂ ਦੀ ਘਾਟ ਹੈ। ਇਥੋਂ ਦੇ ਜ਼ਿਆਦਾਤਰ ਮਜ਼ਦੂਰ ਖੇਤੀ ਕਰਨ ਵਾਲੇ ਕਿਸਾਨ ਹਨ। ਇਹ ਲੋਕ ਕੁੱਝ ਸਮੇਂ ਲਈ ਸ਼ਹਿਰਾਂ ਵਿੱਚ ਆ ਜਾਂਦੇ ਹਨ। ਇਹ ਮਜ਼ਦੂਰ ਉਦਯੋਗਾਂ ਦੀ ਜ਼ਰੂਰੀ ਸਿਖਲਾਈ ਲੈਣ ਦੀ ਕੋਸ਼ਿਸ਼ ਨਹੀਂ ਕਰਦੇ। ਇਸ ਲਈ ਇਹਨਾਂ ਦੁਆਰਾ ਤਿਆਰ ਕੀਤ ਉਤਪਾਦਨ ਘਟੀਆਂ ਅਤੇ ਮਹਿੰਗਾ ਪੈਂਦਾ ਹੈ।

**(iv) ਸਸਤੇ ਸ਼ਕਤੀ ਸਾਧਨਾਂ ਦੀ ਘਾਟ** (Shortage of Cheap Energy Resources) :— ਉਦਯੋਗਾਂ ਨੂੰ ਚਲਾਉਣ ਲਈ ਸਸਤੀ ਸ਼ਕਤੀ (Energy) ਦੀ ਜ਼ਰੂਰਤ ਹੁੰਦੀ ਹੈ। ਭਾਰਤ ਵਿੱਚ ਸ਼ਕਤੀ ਦੇ ਮੁੱਖ ਸਾਧਨ ਹਨ। ਕੋਇਲਾ, ਤੇਲ ਅਤੇ ਬਿਜਲੀ। ਭਾਰਤ ਵਿੱਚ ਕੋਇਲਾ ਘਟੀਆ ਕਿਸਮ ਦਾ ਮਿਲਦਾ ਹੈ ਅਤੇ ਕੋਇਲੇ ਦੀਆਂ ਖਾਨਾਂ ਦੇਸ਼ ਦੇ ਕੁੱਝ ਹਿੱਸਿਆਂ ਜਿਵੇਂ- ਬਿਹਾਰ, ਪੱਛਮੀ ਬੰਗਾਲ ਆਦਿ ਵਿੱਚ ਹੀ ਕੇਂਦਰਿਤ ਹਨ। ਦੇਸ਼ ਦੇ ਹੋਰਨਾਂ ਖੇਤਰਾਂ ਨੂੰ ਕੋਇਲਾ ਭੇਜਣ ਵਿੱਚ ਬਹੁਤ ਖਰਚ ਆਉਂਦਾ ਹੈ। ਸਾਡੇ ਦੇਸ਼ ਵਿੱਚ ਬਿਜਲੀ ਕਾਫੀ ਪੈਦਾ ਕੀਤੀ ਜਾ ਸਕਦੀ ਹੈ ਪਰ ਇਸ ਦਾ ਪੂਰਣ ਵਿਕਾਸ ਨਹੀਂ ਹੋ ਸਕਿਆ। ਤੇਲ ਲਈ ਸਾਨੂੰ ਵਿਦੇਸ਼ਾਂ ਤੇ ਨਿਰਭਰ ਰਹਿਣਾ ਪੈਂਦਾ ਹੈ। 1973 ਤੋਂ ਬਾਅਦ ਤੇਲ ਦੀਆਂ ਕੀਮਤਾਂ ਵਿੱਚ ਕਈ ਗੁਣਾ ਵਾਧਾ ਕੀਤਾ ਗਿਆ ਹੈ।

(v) **ਕੁਸ਼ਲ ਪ੍ਰਬੰਧਕਾਂ ਦੀ ਘਾਟ** (Shortage of Efficient Managers) :— ਭਾਰਤ ਵਿੱਚ ਯੋਗ, ਕੁਸ਼ਲ ਅਤੇ ਮਿਹਨਤੀ ਪ੍ਰਬੰਧਕਾਂ ਅਤੇ ਉਦਯੋਗਪਤੀਆਂ ਦੀ ਬਹੁਤ ਕਮੀ ਹੈ। ਦੇਸ਼ ਦੇ ਸਮਾਜਿਕ ਵਾਤਾਵਰਣ, ਲੋਕਾਂ ਦੀ ਰੂੜੀਵਾਦੀ ਵਿਚਾਰਧਾਰਾ ਅਤੇ ਸਿੱਖਿਆ ਦੀ ਘਾਟ ਕਾਰਣ ਭਾਰਤ ਹਮੇਸ਼ਾਂ ਇਕ ਖੇਤੀ ਪ੍ਰਧਾਨ ਦੇਸ਼ ਤੱਕ ਹੀ ਸੀਮਿਤ ਰਿਹਾ ਹੈ। ਪੜ੍ਹੇ ਲਿਖੇ ਲੋਕ ਵੀ ਉਦਯੋਗਾਂ ਵਿੱਚ ਕੰਮ ਕਰਨ ਦੀ ਬਜਾਏ ਨੌਕਰੀ ਜਾਂ ਕਲਰਕੀ ਕਰਨਾ ਵਧੇਰੇ ਪਸੰਦ ਕਰਦੇ ਹਨ।

(vi) **ਗਰੀਬੀ** (Poverty) :— ਭਾਰਤ ਇੱਕ ਗਰੀਬ ਦੇਸ਼ ਹੈ, ਲੋਕ ਜ਼ਿਆਦਾ ਗਰੀਬ ਹਨ ਇਸ ਕਾਰਣ ਉਦਯੋਗਾਂ ਦੇ ਬਣੇ ਹੋਏ ਮਾਲ ਦੀ ਮੰਡੀ ਬਹੁਤ ਸੀਮਤ ਰਹਿੰਦੀ ਹੈ। ਘੱਟ ਮੰਗ ਹੋਣ ਕਰਕੇ ਉਦਯੋਗਿਕ ਵਿਕਾਸ ਦੀ ਦਰ ਧੀਮੀ ਹੈ। ਗਰੀਬੀ ਕਾਰਣ ਬੱਚਤਾਂ ਘੱਟ ਹਨ ਇਸੇ ਲਈ ਨਿਵੇਸ਼ ਘੱਟ ਹੈ।

(vii) **ਕੱਚੇ ਮਾਲ ਦੀ ਕਮੀ** (Shortage of Raw Material) :— ਭਾਰਤ ਵਿੱਚ ਉਦਯੋਗਾਂ ਲਈ ਕੱਚਾ ਮਾਲ ਬਹੁਤ ਘੱਟ ਮਾਤਰਾ ਵਿੱਚ ਅਤੇ ਘਟੀਆ ਕਿਸਮ ਦਾ ਮਿਲਦਾ ਹੈ। ਦੇਸ਼ ਦੀ ਵੰਡ ਪਿਛੋਂ ਪਟਸਨ, ਕਪਾਹ ਆਦਿ ਦੀ ਕਮੀ ਹੋ ਗਈ। ਇਹਨਾਂ ਵਸਤਾਂ ਨੂੰ ਵਿਦੇਸ਼ਾਂ ਤੋਂ ਮੰਗਵਾਉਣ ਲਈ ਬਹੁਤ ਜ਼ਿਆਦਾ ਖ਼ਰਚ ਕਰਨਾ ਪਿਆ ਜਿਸ ਕਾਰਣ ਲਾਗਤ-ਮੁੱਲ ਵੱਧ ਗਿਆ। ਕੱਚਾ ਮਾਲ ਘਟੀਆ ਹੋਣ ਕਰਕੇ ਉਤਪਾਦਨ ਮਾਲ ਘਟੀਆ ਬਣਦਾ ਰਿਹਾ। ਕੁੱਝ ਖਣਿਜ ਪਦਾਰਥ ਜਿਵੇਂ : ਟਿਨ, ਸ਼ੀਸ਼ਾ, ਗੰਧਕ, ਜਿਸਤ ਆਦਿ ਦੀ ਘਾਟ ਸਾਡੇ ਉਦਯੋਗੀਕਰਣ ਵਿੱਚ ਬਹੁਤ ਘਾਤਕ ਸਿੱਧ ਹੋਈ ਹੈ।

(viii) **ਵਿੱਤ ਸੰਬੰਧੀ ਸੰਗਠਨਾਂ ਦੀ ਘਾਟ** (Shortage of Financial Organisations) :— ਹਰੇਕ ਉਦਯੋਗ ਨੂੰ ਸਮੇਂ-ਸਮੇਂ ਸਿਰ ਧਨ ਦੀ ਲੋੜ ਪੈਂਦੀ ਹੈ। ਜੇਕਰ ਇਹ ਧਨ ਘੱਟ ਵਿਆਜ ਉੱਤੇ ਅਤੇ ਉਚਿੱਤ ਮਾਤਰਾ ਵਿੱਚ ਮਿਲ ਜਾਵੇ ਤਾਂ ਉਦਯੋਗ ਕਾਫੀ ਉੱਨਤੀ ਕਰ ਸਕਦੇ ਹਨ। ਭਾਰਤ ਵਿੱਚ ਉਦਯੋਗਾਂ ਨੂੰ ਲੰਬੇ ਸਮੇਂ ਲਈ ਘੱਟ ਵਿਆਜ ਉੱਤੇ ਕਰਜ਼ੇ ਦੇਣ ਲਈ ਵਿੱਤ-ਸੰਬੰਧੀ ਸੰਗਠਨਾਂ ਜਿਵੇਂ-ਉਦਯੋਗਿਕ ਬੈਂਕਾਂ ਦੀ ਬਹੁਤ ਘਾਟ ਹੈ। ਆਜ਼ਾਦੀ ਤੋਂ ਪਹਿਲਾਂ ਤਾਂ ਕੋਈ ਉਦਯੋਗਿਕ ਬੈਂਕ ਹੀ ਨਹੀਂ ਸੀ। ਹੁਣ ਕੁੱਝ ਵਿੱਤੀ-ਸੰਗਠਨ ਸਥਾਪਿਤ ਕੀਤੇ ਗਏ ਹਨ ਪਰ ਇਹ ਵੀ ਉਦਯੋਗਾਂ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰਦੇ।

(ix) **ਯੋਜਨਾ ਰਹਿਤ ਵਿਕਾਸ** (Unplanned Development) :— ਭਾਰਤ ਵਿੱਚ ਉਦਯੋਗਾਂ ਦੀ ਸਥਾਪਨਾ ਕਿਸੇ ਯੋਜਨਾਬੱਧ ਢੰਗ ਨਾਲ ਨਹੀਂ ਹੋਈ। ਦੇਸ਼ ਦੇ ਕੁੱਝ ਸ਼ਹਿਰ ਜਿਵੇਂ ਮੁੰਬਈ, ਕੋਲਕਾਤਾ, ਚੇਨੱਈ, ਅਹਿਮਦਾਬਾਦ, ਦਿੱਲੀ, ਬੇਂਗਲੋਰ ਆਦਿ ਵਿੱਚ ਜ਼ਿਆਦਾਤਰ ਉਦਯੋਗ ਸਥਾਪਿਤ ਹੋ ਗਏ ਜਦੋਂ ਕਿ ਦੂਜੇ ਇਲਾਕੇ ਉਦਯੋਗਾਂ ਪੱਖੋਂ ਪਿਛੜ ਗਏ। ਉਦਯੋਗਾਂ ਦੀ ਇਸ ਪ੍ਰਕਾਰ ਦੀ ਸਥਾਪਨਾ ਆਰਥਿਕ ਦ੍ਰਿਸ਼ਟੀ ਤੋਂ ਹਾਨੀਕਾਰਕ ਹੈ, ਯੁੱਧ ਪੱਖੋਂ ਅਨੁਚਿਤ ਹੈ ਅਤੇ ਸਮਾਜਿਕ ਨਜ਼ਰੀਏ ਤੋਂ ਬੇਲੋੜੀ ਹੈ।

(x) **ਆਵਾਜਾਈ ਅਤੇ ਸੰਚਾਰ ਦਾ ਘੱਟ ਵਿਕਾਸ** (Less Development of Transport and Communication) :— ਉਦਯੋਗਾਂ ਦੇ ਵਿਕਾਸ ਲਈ ਇਹ ਜ਼ਰੂਰੀ ਹੈ ਕਿ ਆਵਾਜਾਈ ਅਤੇ ਸੰਚਾਰ ਦੇ ਸਾਧਨ ਕਾਫੀ ਵਿਕਸਤ ਹੋਣ ਜਿਸ ਨਾਲ ਕੱਚਾ ਮਾਲ ਕਾਰਖਾਨਿਆਂ ਵਿੱਚ ਅਤੇ ਤਿਆਰ ਮਾਲ ਕਾਰਖਾਨਿਆਂ ਤੋਂ ਮੰਡੀਆਂ ਤੱਕ ਆਸਾਨੀ ਨਾਲ ਪਹੁੰਚਾਇਆ ਜਾ ਸਕੇ ਪਰ ਭਾਰਤ ਵਿੱਚ ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਦਾ ਬਹੁਤ ਘੱਟ ਵਿਕਾਸ ਹੋ ਪਾਇਆ ਹੈ। ਟੈਲੀਫ਼ੂਨ, ਤਾਰ, ਡਾਕ ਆਦਿ ਦਾ ਵੀ 1991 ਤੋਂ ਪਹਿਲਾਂ ਕੋਈ ਤਸੱਲੀਬਖਸ਼ ਵਿਕਾਸ ਨਹੀਂ ਹੋ ਸਕਿਆ। ਵਿਦੇਸ਼ੀ ਵਪਾਰ ਲਈ ਸਾਨੂੰ ਵਿਦੇਸ਼ੀ ਜਹਾਜ਼ਾਂ ਤੇ ਹੀ ਨਿਰਭਰ ਰਹਿਣਾ ਪਿਆ।

(xi) **ਸਰਕਾਰੀ ਦਖਲ-ਅੰਦਾਜ਼ੀ** (Government Interference) :— ਸੰਨ 1991 ਤੋਂ ਪਹਿਲਾਂ ਉਦਯੋਗਾਂ ਉੱਤੇ ਕਈ ਪ੍ਰਕਾਰ ਦੇ ਸਰਕਾਰੀ ਪ੍ਰਤੀਬੰਧ ਸਨ। ਕਈ ਉਦਯੋਗਾਂ ਨੂੰ ਨਿੱਜੀ ਖੇਤਰ ਵਿੱਚ ਸਥਾਪਿਤ ਹੀ ਨਹੀਂ ਕੀਤਾ ਜਾ ਸਕਦਾ ਸੀ। ਵੱਡੇ-ਵੱਡੇ ਉਦਯੋਗਾਂ ਦੇ ਵਿਸਥਾਰ ਉਪਰ ਵੀ ਕਈ ਪ੍ਰਕਾਰ ਦੀਆਂ ਰੁਕਾਵਟਾਂ ਸਨ। ਉਦਯੋਗ ਦੀ ਸਥਾਪਨਾ ਲਈ ਸਰਕਾਰ ਤੋਂ ਮਨਜ਼ੂਰੀ ਲੈਣ ਵਿੱਚ ਕਾਫ਼ੀ ਸਮਾਂ ਲਗਦਾ ਸੀ। ਇਸ ਲਈ ਸਰਕਾਰੀ ਦਖਲਅੰਦਾਜ਼ੀ ਕਾਰਣ ਵੀ ਉਦਯੋਗਾਂ ਦਾ ਵਿਕਾਸ ਧੀਮਾ ਰਿਹਾ ਹੈ। ਪਰੰਤੂ ਹੁਣ ਨਵੀਂ ਉਦਾਰਵਾਦੀ ਉਦਯੋਗਿਕ ਨੀਤੀ ਦੇ ਕਾਰਣ ਇਹ ਸਮੱਸਿਆ ਕਾਫ਼ੀ ਹੱਦ ਤੱਕ ਹੱਲ ਹੋ ਚੁੱਕੀ ਹੈ।

**7. ਭਾਰਤ ਵਿੱਚ ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਦਾ ਯੋਗਦਾਨ (Role of Government for Ecouragement of Industrial Development in India)**

ਭਾਰਤੀ ਅਰਥ-ਵਿਵਸਥਾ ਦੀ ਆਰਥਿਕ ਗਤੀ ਨੂੰ ਤੇਜ਼ ਕਰਨ ਲਈ, ਆਤਮ-ਨਿਰਭਰਤਾ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਰੋਜ਼ਗਾਰ ਅਤੇ ਆਮਦਨ ਦੇ ਸਾਧਨਾਂ ਵਿੱਚ ਵਾਧਾ ਕਰਨ ਲਈ ਭਾਰਤ ਸਰਕਾਰ ਨੇ ਪੰਜਸਾਲਾ ਯੋਜਨਾਵਾਂ ਅਧੀਨ ਉਦਯੋਗਾਂ ਦੇ ਵਿਕਾਸ ਨੂੰ ਮਹੱਤਵਪੂਰਣ ਸਥਾਨ ਦਿੱਤਾ ਹੈ, ਜਿਸ ਦੇ ਸਿੱਟੇ ਵਜੋਂ ਉਦਯੋਗਾਂ ਦਾ ਵਿਕਾਸ ਬਹੁਤ ਤੇਜ਼ੀ ਨਾਲ ਹੋਇਆ ਹੈ ਜਿਹੜਾ ਕਿ ਹੇਠ ਲਿਖੇ ਤੋਂ ਸਪੱਸ਼ਟ ਹੋ ਜਾਂਦਾ ਹੈ :—

**(i) ਪੰਜਸਾਲਾ ਯੋਜਨਾਵਾਂ ਅਧੀਨ ਉਦਯੋਗਾਂ ਤੇ ਸਰਵਜਨਕ ਖੇਤਰ ਦਾ ਖਰਚ ਅਤੇ ਉਦਯੋਗਿਕ ਵਿਕਾਸ ਦਰ ਵਿੱਚ ਵਾਧਾ** (Public Sector outlay during five year plans and increase in Industrial production growth) :— ਸੰਨ 1951 ਤੋਂ ਦੇਸ਼ ਵਿੱਚ ਪੰਜ ਸਾਲਾਂ ਯੋਜਨਾਵਾਂ ਨੂੰ ਸ਼ੁਰੂ ਕੀਤਾ ਗਿਆ ਸੀ। ਪਹਿਲੀ ਯੋਜਨਾ ਤੋਂ ਲੈ ਕੇ ਅੱਠਵੀਂ ਯੋਜਨਾ ਤੱਕ ਉਦਯੋਗਾਂ ਦੇ ਵਿਕਾਸ ਲਈ ਬਹੁਤ ਵੱਡੀ ਰਕਮ ਸਰਵਜਨਕ ਖੇਤਰ ਵਿੱਚ ਖਰਚ ਕੀਤੀ ਗਈ ਹੈ, ਜਿਸ ਨਾਲ ਦੇਸ਼ ਵਿੱਚ ਉਦਯੋਗਿਕ ਵਿਕਾਸ ਦਰ ਵਿੱਚ ਵਾਧਾ ਹੋਇਆ ਹੈ। ਪਹਿਲੀ ਯੋਜਨਾ ਤੋਂ ਅੱਠਵੀ ਯੋਜਨਾ ਤੱਕ ਸਰਵਜਨਕ ਖੇਤਰ ਵਿੱਚ ਖਰਚ ਵਧਦਾ ਜਾ ਰਿਹਾ ਹੈ। ਇਸਦੇ ਸਿੱਟੇ ਵਜੋਂ ਉਦਯੋਗਿਕ ਉਤਪਾਦਨ ਵਿਕਾਸ ਦਰ ਵਿੱਚ ਵੀ ਲਗਾਤਾਰ ਵਾਧਾ ਹੋਇਆ ਹੈ।

**(ii) ਕਰਜ਼ੇ ਦੀਆਂ ਵੱਧ ਸਹੂਲਤਾਂ** (More Credit Facilities) :— ਦੇਸ਼ ਵਿੱਚ ਉਦਯੋਗਿਕ ਵਿਕਾਸ ਨੂੰ ਤੇਜ਼ ਕਰਨ ਲਈ ਸਰਕਾਰ ਵੱਲੋਂ ਕਈ ਤਰ੍ਹਾਂ ਦੀਆਂ ਕਰਜ਼ਾ ਦੇਣ ਵਾਲੀਆਂ ਸੰਸਥਾਵਾਂ ਸਥਾਪਿਤ ਕੀਤੀਆਂ ਗਈਆਂ ਹਨ ਜਿਵੇਂ ਕਿ 1948 ਵਿੱਚ ਉਦਯੋਗਿਕ ਵਿੱਤ ਨਿਗਮ, 1954 ਵਿੱਚ ਰਾਸ਼ਟਰੀ ਉਦਯੋਗਿਕ ਵਿਕਾਸ ਨਿਗਮ, 1958 ਵਿੱਚ ਪੁਨਰ ਵਿੱਤ ਨਿਗਮ, (Refinance Corporation) 1955 ਵਿੱਚ Industrial Credit and Investment Corporation in India (ICICI), 1964 ਵਿੱਚ Industrial Development Bank of India (IDBI), ਯੂਨਿਟ ਟਰਸਟ (Unit Trust of India) ਅਤੇ Small Industries and Development Corporation of India ਅਜਿਹੀਆਂ ਕਈ ਵਿੱਤੀ ਸੰਸਥਾਵਾਂ ਸਥਾਪਿਤ ਕੀਤੀਆਂ ਗਈਆਂ ਹਨ, ਜਿਹਨਾਂ ਦੁਆਰਾ ਉਦਯੋਗਾਂ ਦੀਆਂ ਵਿੱਤ ਸੰਬੰਧੀ ਲੋੜਾਂ ਨੂੰ ਪੂਰਾ ਕੀਤਾ ਜਾਂਦਾ ਹੈ।

**(iii) ਬੁਨਿਆਦੀ ਉਦਯੋਗਾਂ ਦੀ ਸਥਾਪਨਾ** (Establishment of Basic Industries) :— ਦੇਸ਼ ਵਿੱਚ ਆਰਥਿਕ ਵਿਕਾਸ ਦੀ ਗਤੀ ਨੂੰ ਤੇਜ਼ ਕਰਨ ਲਈ ਭਾਰਤ ਸਰਕਾਰ ਨੇ ਬੁਨਿਆਦੀ ਉਦਯੋਗਾਂ ਦੀ ਸਥਾਪਨਾ ਤੇ ਬਹੁਤ ਜ਼ੋਰ ਦਿੱਤਾ ਹੈ। ਸਰਵਜਨਕ ਖੇਤਰ ਵਿੱਚ 1951 ਵਿੱਚ ਕੁੱਲ 5 ਇਕਾਈਆਂ ਸਨ, ਜਿਹੜੀਆਂ ਕਿ 1996 ਵਿੱਚ ਵੱਧ ਕੇ 264 ਹੋ ਗਈਆਂ ਹਨ। ਇਸੇ ਤਰ੍ਹਾਂ ਪੂੰਜੀ ਨਿਵੇਸ਼ 29 ਕਰੋੜ ਤੋਂ ਵੱਧ ਕੇ 118492 ਕਰੋੜ ਰੁਪਏ ਹੋ ਗਿਆ ਹੈ। ਨਿਜੀ ਖੇਤਰ ਦਾ ਵਿਕਾਸ ਵੀ ਨਾਲੋਂ ਨਾਲ ਵੱਧ ਰਿਹਾ ਹੈ। ਇਸ ਤਰ੍ਹਾਂ ਭਾਰਤ ਉਦਯੋਗਿਕ ਉਪਭੋਗੀ ਵਸਤਾਂ ਵਿੱਚ ਆਤਮ ਨਿਰਭਰ ਹੋ ਗਿਆ ਹੈ।

**(iv) ਆਵਾਜਾਈ ਦੇ ਸਾਧਨਾਂ ਦਾ ਵਿਕਾਸ** (Development of means of transport) :— ਉਦਯੋਗਿਕ ਵਿਕਾਸ ਲਈ ਆਵਾਜਾਈ ਦੇ ਸਾਧਨਾਂ ਦਾ ਬਹੁਤ ਜ਼ਿਆਦਾ ਮਹੱਤਵ ਹੁੰਦਾ ਹੈ। ਇਸ ਲਈ ਦੇਸ਼ ਵਿੱਚ ਆਵਾਜਾਈ ਦੇ ਸਾਧਨਾਂ ਦਾ ਬਹੁਤ ਜ਼ਿਆਦਾ ਵਿਕਾਸ ਕੀਤਾ ਗਿਆ ਹੈ ਤਾਂ ਜੋ ਉਦਯੋਗਾਂ ਦਾ ਵਿਕੇਂਦਰੀਕਰਣ ਕੀਤਾ ਜਾ ਸਕੇ ਅਤੇ ਉਹਨਾਂ ਦਾ ਮਾਲ ਦੂਰ ਦੁਰਾਡੇ ਸਥਾਨਾਂ ਵਿੱਚ ਪਹੁੰਚ ਸਕੇ।

**(v) ਬਿਜਲੀ ਖੇਤਰ ਦਾ ਵਿਕਾਸ** (Development of power sector) :— ਉਦਯੋਗਾਂ ਦੇ ਵਿਕਾਸ ਲਈ ਸਸਤੀ ਬਿਜਲੀ ਸ਼ਕਤੀ ਦਾ ਹੋਣਾ ਜ਼ਰੂਰੀ ਹੈ। ਇਸ ਮੰਤਵ ਲਈ ਪੰਜਸਾਲਾ ਯੋਜਨਾਵਾਂ ਅਧੀਨ ਬਿਜਲੀ ਦਾ ਉਤਪਾਦਨ ਵਧਾਉਣ ਲਈ ਬਹੁਪੱਖੀ ਯੋਜਨਾਵਾਂ ਅਤੇ ਤਾਪ-ਬਿਜਲੀ ਘਰਾਂ ਦੀ ਸਥਾਪਨਾ ਕੀਤੀ ਗਈ ਹੈ। ਬਿਜਲੀ ਦਾ ਉਤਪਾਦਨ

1951 ਵਿੱਚ 5.1 ਬਿਲਿਅਨ ਕਿਲੋਵਾਟ ਤੋਂ ਵਧਾ ਕੇ ਸੰਨ 1996 ਵਿੱਚ 296.7 ਬਿਲੀਅਨ ਕਿਲੋਵਾਟ ਹੋ ਗਿਆ ਹੈ। ਬਿਜਲੀ ਦੇ ਉਤਪਾਦਨ ਦੇ ਵਧਣ ਨਾਲ ਉਦਯੋਗਾਂ ਵਿੱਚ ਬਿਜਲੀ ਸ਼ਕਤੀ ਦੀਆਂ ਲੋੜਾਂ ਪੂਰੀਆਂ ਹੋਣ ਨਾਲ ਉਦਯੋਗਾਂ ਦਾ ਉਤਪਾਦਨ ਕਈ ਗੁਣਾ ਵਧਿਆ ਹੈ ।

**(vi) ਅਵਿਸ਼ਕਾਰਾਂ ਦੀ ਉਨਤੀ ਅਤੇ ਆਯਾਤ ਪ੍ਰਤੀਸਥਾਪਨ** (Invention Promotion and Import Substitution) :— ਦੇਸ਼ ਵਿੱਚ ਅਵਿਸ਼ਕਾਰਾਂ ਦੀ ਉਨਤੀ ਲਈ 1960 ਵਿੱਚ ਅਵਿਸ਼ਕਾਰ ਉਨਤੀ ਬੋਰਡ (Invention promotion board) ਦੀ ਸਥਾਪਨਾ ਕੀਤੀ ਗਈ ਜਿਸਦਾ ਮੁੱਖ ਉਦੇਸ਼ ਅਵਿਸ਼ਕਾਰਾਂ ਨੂੰ ਵਿੱਤੀ ਅਤੇ ਤਕਨੀਕੀ ਸਹਾਇਤਾ ਦੇਣਾ ਹੈ। ਇਸ ਤਰ੍ਹਾਂ ਵਿਦੇਸ਼ਾਂ ਤੋਂ ਕੱਚਾ-ਮਾਲ ਅਤੇ ਤਕਨੀਕ ਦੇ ਖੇਤਰ ਵਿੱਚ ਆਤਮ-ਨਿਰਭਰਤਾ ਲਈ 1996 ਵਿੱਚ ਆਯਾਤ ਪ੍ਰਤੀਸਥਾਪਨਾ ਬੋਰਡ (Import substitution board) ਦੀ ਸਥਾਪਨਾ ਕੀਤੀ ਗਈ ਜਿਸ ਦਾ ਮੁੱਖ ਕੰਮ ਆਯਾਤ ਪ੍ਰਤੀਸਥਾਪਨਾ ਨੂੰ ਉਤਸ਼ਾਹਿਤ ਕਰਨਾ ਹੈ।

**(vii) ਪਿਛੜੇ ਖੇਤਰਾਂ ਦਾ ਉਦਯੋਗੀਕਰਣ** (Industrialisation of Backward Areas) :— ਪਿਛੜੇ ਖੇਤਰਾਂ ਦੇ ਵਿਕਾਸ ਲਈ ਉਹਨਾਂ ਖੇਤਰਾਂ ਦੇ ਉਦਯੋਗੀਕਰਣ ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਇਸੇ ਤਰ੍ਹਾਂ ਦੇਸ਼ ਦੇ ਉਦਯੋਗਿਕ ਪੱਖੋਂ ਪਿਛੜੇ ਖੇਤਰਾਂ ਦੀ ਪਛਾਣ ਕਰਕੇ ਉਹਨਾਂ ਖੇਤਰਾਂ ਦੇ ਵਿਕਾਸ ਲਈ ਉਥੇ ਉਦਯੋਗ ਸਥਾਪਿਤ ਕਰਨ ਲਈ ਉਤਸ਼ਾਹ ਦੇਣ ਲਈ ਬਹੁਤ ਸਹੂਲਤਾਂ ਜਿਵੇਂ—ਸਬਸਿਡੀ, ਰਿਆਇਤੀ ਦਰਾਂ ਤੇ ਕਰਜ਼ਾ, ਕਰਾਂ ਦੀ ਛੋਟ, ਬਿਜਲੀ ਦੀ ਪੂਰਤੀ ਅਤੇ ਕੱਚਾ-ਮਾਲ ਸਪਲਾਈ ਆਦਿ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ।

**(viii) ਬੀਮਾਰ ਉਦਯੋਗਿਕ ਇਕਾਈਆਂ ਨੂੰ ਮੁੜ ਬਹਾਲ ਕਰਨਾ** (Renewal of Sick Industrial Units) :— ਬੀਮਾਰ ਉਦਯੋਗਿਕ ਇਕਾਈਆਂ ਨੂੰ ਮੁੜ ਬਹਾਲ ਕਰਨ ਲਈ ਉਦਯੋਗਿਕ ਵਿੱਤ ਅਤੇ ਪੁਨਰ ਨਿਰਮਾਣ ਬੋਰਡ (Board of Industrial Finance and Reconstruction) ਅਤੇ ਰਾਸ਼ਟਰੀ ਬਹਾਲ ਫੰਡ (National Renewal Fund) ਸਥਾਪਿਤ ਕੀਤੇ ਗਏ ਹਨ। ਉਦਾਹਰਣ ਵਜੋਂ ਸੂਤੀ ਕਪੜੇ ਦੀਆਂ 125 ਬੀਮਾਰ ਮਿਲਾਂ ਦੇ ਪ੍ਰਬੰਧ ਨੂੰ ਸਰਕਾਰ ਨੇ ਆਪਣੇ ਹੱਥ ਵਿੱਚ ਲੈ ਲਿਆ ਹੈ ਅਤੇ ਇਹਨਾਂ ਦਾ ਪ੍ਰਬੰਧ ਕਰਨ ਲਈ ਰਾਸ਼ਟਰੀ ਟੈਕਸਟਾਈਲ ਨਿਗਮ (National Textile Corporation) ਸਥਾਪਿਤ ਕੀਤੀ ਗਈ ਹੈ। ਇਸੇ ਤਰ੍ਹਾਂ ਸਰਵਜਨਕ ਖੇਤਰ ਦੀਆਂ 58 ਉਦਯੋਗਿਕ ਇਕਾਈਆਂ ਜੋ ਘਾਟੇ ਵਿੱਚ ਜਾ ਰਹੀਆਂ ਹਨ, ਨੂੰ ਮੁੜ ਬਹਾਲ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ। 1992-93 ਵਿੱਚ National Renewal Fund ਨੂੰ ਅੰਤਰਰਾਸ਼ਟਰੀ ਵਿਕਾਸ ਏਜੰਸੀ ਵਲੋਂ 500 ਕਰੋੜ ਰੁਪਏ ਦਾ ਕਰਜ਼ਾ ਰਿਆਇਤੀ ਦਰਾਂ ਤੇ ਦਿੱਤਾ ਗਿਆ।

**(ix) ਤਕਨੀਕੀ ਵਿਕਾਸ ਬੋਰਡ ਦੀ ਸਥਾਪਨਾ** (Establishment of Technical Development Board) :— ਸੰਨ 1976 ਵਿੱਚ ਤਕਨੀਕੀ ਵਿਕਾਸ ਬੋਰਡ ਦੀ ਸਥਾਪਨਾ ਕੀਤੀ ਗਈ। ਇਸ ਦਾ ਮੁੱਖ ਮੰਤਵ ਉਦਯੋਗਿਕ ਇਕਾਈਆਂ ਨੂੰ ਆਧੁਨਿਕੀਕਰਨ (Modernisation) ਅਤੇ ਉੱਚ-ਪੱਧਰੀ ਤਕਨੀਕ (Upgradation of Technology) ਅਪਨਾਉਣ ਦੇ ਯੋਗ ਬਨਾਉਣ ਲਈ ਵਿਦੇਸ਼ਾਂ ਤੋਂ ਪੂੰਜੀਗਤ ਵਸਤਾਂ, ਤਕਨੀਕੀ ਜਾਣਕਾਰੀ, ਡਰਾਇੰਗ ਅਤੇ ਡਿਜ਼ਾਈਨ (Drawing & Designs) ਅਤੇ ਸਲਾਹਕਾਰ ਸੇਵਾਵਾਂ (Consultancy services) ਸੰਬੰਧੀ ਸਹਾਇਤਾ ਲੈਣ ਲਈ ਖੁੱਲ੍ਹ ਦੇ ਦਿੱਤੀ ਹੈ। ਹਰ ਉਦਯੋਗਿਕ ਇਕਾਈ ਨੂੰ 2 ਕਰੋੜ ਰੁਪਏ ਪ੍ਰਤੀ ਸਾਲ ਉੱਚ-ਤਕਨੀਕ ਸੰਬੰਧੀ ਲੋੜੀਂਦੀਆਂ ਵਸਤਾਂ ਦਰਾਮਦ ਕਰਨ ਦੀ ਸੀਮਾ ਨਿਸ਼ਚਿਤ ਕੀਤੀ ਗਈ ਹੈ। ਇਕਾਈਆਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਇਸ ਸੀਮਾ ਤੋਂ ਵੱਧ ਪੂੰਜੀਗਤ ਵਸਤਾਂ ਦਰਾਮਦ ਕਰਨ ਦੀ ਆਗਿਆ ਵੀ ਦਿੱਤੀ ਜਾ ਸਕਦੀ ਹੈ।

**(x) ਨਵੀਂ ਉਦਯੋਗਿਕ ਨੀਤੀ ਅਤੇ ਉਦਯੋਗਿਕ ਵਿਕਾਸ** (New Industrial policy and Industrial Development) :— ਜੁਲਾਈ, 1991 ਵਿੱਚ ਉਦਯੋਗਿਕ ਨੀਤੀ ਦੁਆਰਾ ਉਦਯੋਗਿਕ ਢਾਂਚੇ ਵਿੱਚ ਕਈ ਕ੍ਰਾਂਤੀਕਾਰੀ ਤਬਦੀਲੀਆਂ ਕੀਤੀਆਂ ਗਈਆਂ। ਕੇਵਲ 15 ਉਦਯੋਗਾਂ ਨੂੰ ਛੱਡ ਕੇ ਬਾਕੀ ਉਦਯੋਗਾਂ ਲਈ ਲਾਈਸੈਂਸ ਲੈਣ ਦੀ ਲੋੜ ਨਹੀਂ ਹੈ। ਸਾਲ 1999 ਵਿੱਚ ਕੇਵਲ 6 ਉਦਯੋਗਾਂ ਨੂੰ ਲਾਈਸੈਂਸ ਲੈਣ ਦੀ ਲੋੜ ਸੀ। ਇਸ ਨਵੀਂ ਨੀਤੀ ਦੁਆਰਾ

ਵਿਦੇਸ਼ੀ ਨਿਵੇਸ਼ ਨੂੰ ਵੀ ਉਤਸ਼ਾਹਿਤ ਕਰਨ ਦੇ ਜਤਨ ਕੀਤੇ ਗਏ ਹਨ। ਇਸ ਵਿੱਚ ਨਿਜੀਕਰਣ (Privatisation) ਨੂੰ ਉਤਸ਼ਾਹਿਤ ਕਰਨ ਅਤੇ ਅਰਥ-ਵਿਵਸਥਾ ਨੂੰ ਖੁੱਲੇ ਬਾਜ਼ਾਰੀ ਅਰਥ-ਵਿਵਸਥਾ (Free Market Economy) ਵੱਲ ਵਧਣ ਲਈ ਜਤਨ ਕੀਤੇ ਜਾ ਰਹੇ ਹਨ। ਇਸ ਦੇ ਨਾਲ ਸਰਵਜਨਕ ਖੇਤਰ (Public Sector) ਨੂੰ ਸੁਧਾਰਨ ਦੇ ਹਰ ਸੰਭਵ ਜਤਨ ਕੀਤੇ ਜਾ ਰਹੇ ਹਨ।

ਇਸ ਤਰ੍ਹਾਂ ਸਰਕਾਰ ਦੁਆਰਾ ਉਪਰੋਕਤ ਕਦਮ ਚੁੱਕਣ ਨਾਲ ਭਾਰਤ ਵਿੱਚ ਉਦਯੋਗਿਕ ਵਿਕਾਸ ਨੂੰ ਕਾਫੀ ਜ਼ਿਆਦਾ ਉਤਸ਼ਾਹਿਤ ਕੀਤਾ ਗਿਆ ਹੈ ਜਿਸ ਨਾਲ ਦੇਸ਼ ਉਦਯੋਗਿਕ ਵਸਤਾਂ ਵਿੱਚ ਲਗਪਗ ਆਤਮ-ਨਿਰਭਰ ਹੋ ਗਿਆ ਹੈ।

## ਅਭਿਆਸ

### I. ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

**(Very Short Answer Types Questions)**

1. ਮੁੱਢਲੇ ਉਦਯੋਗਾਂ ਦੇ ਕੋਈ ਦੋ ਉਦਾਹਰਣ ਦਿਓ।
3. ਕੁਟੀਰ ਉਦਯੋਗਾਂ ਤੋਂ ਕੀ ਭਾਵ ਹੈ ?
4. ਲਘੂ ਉਦਯੋਗਾਂ ਤੋਂ ਕੀ ਭਾਵ ਹੈ ?
5. ਲਘੂ ਉਦਯੋਗ ਦੀ ਇਕ ਸਮੱਸਿਆ ਲਿਖੋ।

### II. ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਇਹਨਾਂ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ)

**(Short Answer Type Questions)**

1. ਭਾਰਤ ਵਿੱਚ ਤੇਜ਼ ਅਤੇ ਸੰਤੁਲਿਤ ਉਦਯੋਗੀਕਰਣ ਦੀ ਲੋੜ ਦੇ ਕਾਰਣਾਂ ਦਾ ਵਰਨਣ ਕਰੋ।
2. ਭਾਰਤ ਵਿੱਚ ਲਘੂ ਅਤੇ ਕੁਟੀਰ ਉਦਯੋਗਾਂ ਤੋਂ ਕੀ ਭਾਵ ਹੈ ? ਇਹਨਾਂ ਦੀਆਂ ਸਮੱਸਿਆਵਾਂ ਦਾ ਵਰਣਨ ਕਰੋ।
3. ਭਾਰਤ ਵਿੱਚ ਲਘੂ ਅਤੇ ਕੁਟੀਰ ਉਦਯੋਗਾਂ ਦਾ ਕੀ ਮਹੱਤਵ ਹੈ ?
4. ਭਾਰਤ ਵਿੱਚ ਲਘੂ ਅਤੇ ਕੁਟੀਰ ਉਦਯੋਗਾਂ ਵਿੱਚ ਅੰਤਰ ਦਸੋ ਅਤੇ ਇਹਨਾਂ ਦੀਆਂ ਸਮੱਸਿਆਵਾਂ ਦੇ ਹੱਲ ਕੱਢਣ ਬਾਰੇ ਸੁਝਾਅ ਦਿਓ।
5. ਵੱਡੇ ਉਦਯੋਗਾਂ ਦੇ ਮਹੱਤਵ ਦੀ ਵਿਆਖਿਆ ਕਰੋ।
6. ਭਾਰਤ ਦੇ ਉਦਯੋਗੀਕਰਣ ਦੀ ਧੀਮੀ ਗਤੀ ਦੇ ਕੀ ਕਾਰਣ ਹਨ ?
7. ਭਾਰਤ ਵਿੱਚ ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਦੇ ਯੋਗਦਾਨ ਬਾਰੇ ਸੰਖੇਪ ਨੋਟ ਲਿਖੋ।